# ਪੰਜਾਬ ਦਾ ਸਮਾਜਕ ਇਤਿਹਾਸ

## (ਖ਼ਾਲਸਾ ਰਾਜ-ਕਾਲ ਵਿਖੇ)

ਕਰਤਾ
ਬਾਬਾ ਪ੍ਰੇਮ ਸਿੰਘ ਹੋਤੀ
ਸੰਪਾਦਕ
ਡਾ. ਫ਼ੌਜਾ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

WWW.SIKHBOOKCLUB.COM

# ਪੰਜਾਬ ਦਾ ਸਮਾਜਕ ਇਤਿਹਾਸ

## (ਖ਼ਾਲਸਾ ਰਾਜ-ਕਾਲ ਵਿਖੇ)

ਕਰਤਾ
ਬਾਬਾ ਪ੍ਰੇਮ ਸਿੰਘ ਹੋਤੀ
ਸੰਪਾਦਕ
ਡਾ. ਫ਼ੌਜਾ ਸਿੰਘ

SIKHBOOKCLUB.COM

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਯੂਨੀਵਰਸਿਟੀ, ਪਟਿਆਲਾ

PUNJAB DA SAMAJAK ITIHAS *(Punjabi)*
*by*
BABA PREM SINGH HOTI

ISBN 81-7380-776-x

2001
ਕਾਪੀਆਂ : 550
ਮੁੱਲ : 200/- ਰੁਪਏ

ਪ੍ਰੋਡਕਸ਼ਨ ਅਤੇ ਪਲੈਨਿੰਗ
ਡਾ. ਸੁਖਦਿਆਲ ਸਿੰਘ
ਮੁਖੀ, ਪਬਲੀਕੇਸ਼ਨ ਬਿਊਰੋ

ਲੇ-ਆਊਟ ਅਤੇ ਡੀਜ਼ਾਈਨ
ਸ. ਹਰਜੀਤ ਸਿੰਘ
ਆਰਟ ਐਗਜ਼ੀਕਿਊਟਿਵ

ਪਰੂਫ ਰੀਡਿੰਗ
ਮਿਸਿਜ਼ ਪਰਮਜੀਤ ਕੌਰ
ਐਮ. ਏ., ਐਮ. ਫਿਲ.

ਖਰਚਾ ਅਧਿਕਾਰਤ : ਪੰਜਾਬੀ ਭਾਸ਼ਾ ਵਿਕਾਸ ਵਿਭਾਗ

*ਲੇਜ਼ਰ ਸੈਟਿੰਗ* : ਜੈਸਮੀਨ ਗ੍ਰਾਫਿਕਸ, ਜੰਡ ਸਟਰੀਟ, ਪਟਿਆਲਾ

ਡਾ. ਬਲਬੀਰ ਸਿੰਘ ਭਾਟੀਆ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ
ਕੀਤੀ ਅਤੇ ਆਨੰਦ ਸੰਨਜ਼, ਦਿੱਲੀ ਵਿਖੇ ਛਪੀ

# ਮੁਖ ਬੰਧ

ਇਸ ਪੁਸਤਕ ਦਾ ਖਰੜਾ ਸਾਨੂੰ ਇਸ ਦੇ ਕਰਤਾ ਬਾਬਾ ਪ੍ਰੇਮ ਸਿੰਘ ਹੋਤੀ ਦੇ ਸੁਰਗਵਾਸ ਹੋ ਜਾਣ ਤੋਂ ਬਾਅਦ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਖ਼ਾਵਾ ਮਨਮੋਹਣ ਸਿੰਘ ਤੋਂ ਪ੍ਰਾਪਤ ਹੋਇਆ ਸੀ। ਬਾਬਾ ਪ੍ਰੇਮ ਸਿੰਘ ਜੀ ਦੀ ਸਾਰੀ ਰੁਚੀ ਸ਼ੁਰੂ ਵਿਚ ਖ਼ਾਲਸਾ ਰਾਜ ਦੇ ਮੁਖ ਪਾਤਰਾਂ ਸਬੰਧੀ ਕਿਤਾਬਾਂ ਲਿਖਣ ਵੱਲ ਸੀ। ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲਵਾ, ਅਕਾਲੀ ਫੂਲਾ ਸਿੰਘ, ਕੰਵਰ ਨੌਨਿਹਾਲ ਸਿੰਘ, ਮਹਾਰਾਜਾ ਸ਼ੇਰ ਸਿੰਘ, ਖ਼ਾਲਸਾ ਰਾਜ ਦੇ ਬਦੇਸ਼ੀ ਉਮਰਾਈਏ ਇਸ ਲੜੀ ਦੀਆਂ ਵਿਸ਼ੇਸ਼ ਰਚਨਾਵਾਂ ਹਨ ਜੋ ਸਿੱਖ ਇਤਿਹਾਸ ਦੇ ਪ੍ਰੇਮੀਆਂ ਵਿਚ ਬੜੀਆ ਮਕਬੂਲ ਹੋਈਆਂ ਅਤੇ ਅਜੇ ਵੀ ਹਨ, ਭਾਵੇਂ ਕਿ ਇਨ੍ਹਾਂ ਦੇ ਲਿਖਿਆਂ ਨੂੰ ਇਕ ਮੁਦਤ ਗੁਜ਼ਰ ਗਈ ਹੈ। ਜਦੋਂ ਇਹ ਸਾਰਾ ਕੰਮ ਨੇਪਰੇ ਚੜ੍ਹ ਗਿਆ ਤਾਂ ਉਨ੍ਹਾਂ ਦਾ ਖ਼ਿਆਲ ਬਣਿਆ ਕਿ ਸਮੁੱਚੇ ਖਾਲਸਾ ਰਾਜ ਬਾਰੇ ਇਕ ਅਜਿਹੀ ਪੁਸਤਕ ਤਿਆਰ ਕੀਤੀ ਜਾਏ ਜਿਸ ਵਿਚੋਂ ਉਸ ਸਮੇਂ ਦੇ ਪ੍ਰਸ਼ਾਸਨਕ, ਆਰਥਿਕ, ਸਮਾਜਕ ਤੇ ਸਭਿਆਚਾਰਕ ਜੀਵਨ ਸਬੰਧੀ ਜਾਣਕਾਰੀ ਪ੍ਰਾਪਤ ਹੋਵੇ। ਇਹ ਖਰੜਾ ਉਨ੍ਹਾਂ ਦੇ ਇਸ ਜਤਨ ਦਾ ਨਤੀਜਾ ਸੀ।

ਜਿਸ ਹਾਲਤ ਵਿਚ ਇਹ ਖਰੜਾ ਸਾਡੇ ਪਾਸ ਪੁੱਜਿਆ, ਉਸ ਤੋਂ ਅੰਦਾਜ਼ਾ ਲਗਦਾ ਸੀ ਕਿ ਬਾਬਾ ਜੀ ਜੀਊਂਦੇ ਜੀ ਇਸ ਨੂੰ ਅੰਤਿਮ ਰੂਪ ਨਹੀਂ ਦੇ ਸਕੇ ਸਨ। ਇਸ ਦੀ ਵਿਊਂਤਬੰਦੀ ਵਿਚ ਕਈ ਊਣਤਾਈਆਂ ਸਨ, ਕਈ ਥਾਵਾਂ ਤੇ ਸਪਸ਼ਟਤਾ ਦੀ ਅਣਹੋਂਦ ਸੀ, ਕਿਤੇ-ਕਿਤੇ ਭਾਸ਼ਾ ਦੇ ਪੱਖੋਂ ਕਈ ਲੋੜੀਂਦੀਆਂ ਚੀਜ਼ਾਂ ਰਹਿ ਗਈਆਂ ਸਨ। ਪਰ ਮੇਰੇ ਲਈ ਇਹ ਯੋਗ ਨਹੀਂ ਸੀ ਕਿ ਲੇਖਕ ਦੀ ਮੁੱਢਲੀ ਵਿਊਂਤਬੰਦੀ ਵਿਚ ਕੋਈ ਵੱਡੀ ਤਬਦੀਲੀ ਕੀਤੀ ਜਾਏ। ਇਸ ਲਈ ਇਸ ਪੁਸਤਕ ਵਿਚ ਵਿਸ਼ਾ-ਵੰਡ ਤੇ ਵਿਸ਼ਾ-ਤਰਤੀਬ ਮੁੱਖ ਤੌਰ ਤੇ ਬਾਬਾ ਜੀ ਦੀਆਂ ਆਪਣੀਆਂ ਹਨ। ਪਰ ਜੇ ਕਿਸੇ ਥਾਂ ਤੇ ਕੋਈ ਛੋਟੀ ਮੋਟੀ ਤਬਦੀਲੀ ਮੁੱਖ ਵਿਊਂਤਬੰਦੀ ਨੂੰ ਹਿਲਾਏ ਜੁਲਾਏ ਬਗ਼ੈਰ ਹੋ ਸਕਦੀ ਸੀ ਤਾਂ ਉਹ ਕਰ ਦਿੱਤੀ ਗਈ ਹੈ। ਇਸੇ ਤਰ੍ਹਾਂ ਜਿਹੜੀ-ਜਿਹੜੀ ਥਾਂ ਤੇ ਸਪਸ਼ਟਤਾ ਦੀ ਅਣਹੋਂਦ ਸੀ, ਉੱਥੇ ਕੁਝ ਥੋੜ੍ਹਾ ਬਹੁਤ ਹੋਰ ਲਿਖ ਕੇ ਸਪਸ਼ਟਤਾ ਲੈ ਆਂਦੀ ਗਈ ਹੈ, ਜਾਂ ਅਸਪਸ਼ਟ ਚੀਜ਼ਾਂ ਨੂੰ ਛੱਡ ਦਿੱਤਾ ਗਿਆ ਹੈ।

ਦੋ ਸ਼ਬਦ ਇਸ ਪੁਸਤਕ ਦੇ ਨਾਂ ਬਾਰੇ ਵੀ ਕਹਿਣੇ ਬਣਦੇ ਹਨ। ਲੇਖਕ ਨੇ ਇਸ ਦਾ ਕੋਈ ਪੱਕਾ ਨਾਂ ਨਿਯਤ ਨਹੀਂ ਕੀਤਾ ਸੀ। ਮੇਰੇ ਲਈ ਇਹ ਵੱਡੀ ਸਮੱਸਿਆ ਸੀ ਕਿ ਇਸ ਦਾ ਨਾਂ ਕੀ ਰੱਖਿਆ ਜਾਵੇ। ਇਸ ਦੇ ਵਿਸ਼ਾ-ਵਸਤੂ ਦਾ ਘੇਰਾ ਇੰਨਾ ਚੌੜਾ ਹੈ ਕਿ ਇਸ

ਵਿਚ ਰਾਜਨੀਤਕ ਘਟਨਾਵਾਂ ਦਾ ਵੇਰਵਾ ਛੱਡ ਕੇ ਸਭ ਪ੍ਰਕਾਰ ਦੀ ਜਾਣਕਾਰੀ ਦਿੱਤੀ ਗਈ ਹੈ—ਆਰਥਿਕ, ਸਮਾਜਕ, ਧਾਰਮਕ, ਸਭਿਆਚਾਰਕ, ਪ੍ਰਸ਼ਾਸਨਕ ਤੇ ਡਿਪਲੋਮੈਟਿਕ। ਕਾਫ਼ੀ ਦੇਰ ਤਕ ਇਸ ਬਾਰੇ ਵਿਚਾਰ ਕਰਨ ਉਪਰੰਤ ਮੈਂ ਇਸ ਨਤੀਜੇ ਤੇ ਪੁੱਜਿਆ ਕਿ ਕਿਉਂਕਿ ਇਹ ਸਾਰੀ ਜਾਣਕਾਰੀ ਉਸ ਸਮੇਂ ਦੇ ਪੰਜਾਬ ਦੇ ਸਮਾਜ ਨਾਲ ਸੰਬੰਧਿਤ ਹੈ, ਇਸ ਲਈ ਇਸ ਦਾ ਨਾਂ 'ਪੰਜਾਬ ਦਾ ਸਮਾਜਕ ਇਤਿਹਾਸ : ਖ਼ਾਲਸਾ ਰਾਜ ਸਮੇਂ' ਠੀਕ ਰਹੇਗਾ। ਮੈਨੂੰ ਇਹ ਨਾਂ ਵੀ ਸੌ ਫ਼ੀ ਸਦੀ ਠੀਕ ਨਹੀਂ ਲਗਦਾ ਪਰ ਜੇ ਸਮਾਜ ਨੂੰ ਇਸ ਦੇ ਵਿਸ਼ਾਲ ਅਰਥਾਂ ਵਿਚ ਲਿਆ ਜਾਏ ਤਾਂ ਇਹ ਇੰਨਾ ਅਯੋਗ ਵੀ ਨਹੀਂ ਜਾਪਦਾ।

ਅੰਤ ਵਿਚ ਮੈਂ ਬਾਵਾ ਮਨਮੋਹਣ ਸਿੰਘ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਦੀ ਸ਼ੁਰੂ ਤੋਂ ਬੜੀ ਕੋਸ਼ਿਸ਼ ਰਹੀ ਹੈ ਕਿ ਇਹ ਕਿਤਾਬ ਛਪ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚੇ। ਮੈਂ ਸਰਦਾਰ ਅਮਰਜੀਤ ਸਿੰਘ ਢਿਲੋਂ, ਅਧਿਅਕਸ਼ ਪੰਜਾਬੀ ਯੋਜਨਾ ਤੇ ਵਿਕਾਸ ਵਿਭਾਗ, ਦਾ ਵੀ ਬਹੁਤ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਇਸ ਦੇ ਪ੍ਰਕਾਸ਼ਨ ਦਾ ਸਾਰਾ ਖਰਚ ਆਪਣੇ ਵਿਭਾਗ ਦੇ ਵਿੱਤੀ ਵਸੀਲਿਆਂ ਵਿਚੋਂ ਦੇਣਾ ਮਨਜ਼ੂਰ ਕੀਤਾ ਹੈ। ਮੈਂ ਆਪਣੇ ਵਿਭਾਗ ਦੇ ਸ੍ਰੀ ਰਾਜ ਕ੍ਰਿਸ਼ਨ ਘਈ ਦਾ ਧੰਨਵਾਦ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਜਿਨ੍ਹਾਂ ਨੇ ਪੁਸਤਕ ਦੇ ਪਰੂਫ਼ ਪੜ੍ਹਨ ਵਿਚ ਮੇਰੀ ਲਗਨ ਸਹਿਤ ਸਹਾਇਤਾ ਕੀਤੀ ਹੈ।

16 ਮਾਰਚ, 1979 ਭਗਤ ਸਿੰਘ

# ਤਤਕਰਾ

| | | |
|---|---|---|
| ਮੁਖਬੰਧ | : ਡਾ. ਫ਼ੌਜਾ ਸਿੰਘ | (iii) |
| ਖ਼ਾਲਸਾ ਰਾਜ ਵਿਚ ਸਮਾਜਕ ਸਥਿਤੀ ਬਾਰੇ ਇਕ ਦ੍ਰਿਸ਼ਟੀਕੋਣ | : ਡਾ. ਫ਼ੌਜਾ ਸਿੰਘ | 1 |
| ਬਾਬਾ ਪ੍ਰੇਮ ਸਿੰਘ ਹੋਤੀ ਦੀ ਇਤਿਹਾਸਕਾਰੀ 'ਤੇ ਇਕ ਪੜਚੋਲਵੀਂ ਨਜ਼ਰ | : ਡਾ. ਫ਼ੌਜਾ ਸਿੰਘ | 19 |
| ਪੰਜਾਬ ਦਾ ਸਮਾਜਕ ਇਤਿਹਾਸ | | 31 |

ਖ਼ਾਲਸਾ ਰਾਜ ਦੀਆਂ ਹੱਦਾਂ (31); ਖ਼ਾਲਸਾ ਰਾਜ ਦਾ ਖਿਲਾਰ (31); ਸਿੰਧ ਸਾਗਰ ਦਾ ਦੁਆਬਾ (32); ਖ਼ਾਲਸਾ ਰਾਜ ਦਾ ਪਵਣ ਪਾਣੀ (32); ਉਪਜ (33); ਜੰਗਲੀ ਪਸ਼ੂ ਤੇ ਦਰਿੰਦੇ (36); ਖ਼ਾਲਸਾ ਰਾਜ ਦੇ ਪਹਾੜ ਤੇ ਉਨ੍ਹਾਂ ਦੀ ਉਚਾਈ (37); ਖ਼ਾਲਸਾ ਰਾਜ ਦੇ ਦਰਿਆ (38); ਖ਼ਾਲਸਾ ਰਾਜ ਦੀਆਂ ਨਹਿਰਾਂ ਬਾਰੇ (43); ਖ਼ਾਲਸਾ ਰਾਜ ਸਮੇਂ ਖੇਤੀਬਾੜੀ ਲਈ ਨਹਿਰਾਂ ਦਾ ਪ੍ਰਬੰਧ (43); ਖ਼ਾਲਸਾ ਰਾਜ ਦੇ ਪ੍ਰਸਿੱਧ ਸ਼ਹਿਰ (49); ਖ਼ਾਲਸਾ ਰਾਜ ਸਮੇਂ ਕੁਝ ਸ਼ਹਿਰਾਂ ਦੀ ਵਸੋਂ (71); ਗਿਣਤੀ ਖ਼ਾਲਸਾ ਰਾਜ ਦੀ ਸਾਰੀ ਵਸੋਂ ਦੀ (71); ਖ਼ਾਲਸਾ ਰਾਜ ਵਿਚ ਚਿੱਤਰਕਾਰੀ, ਨਕਾਸ਼ੀ, ਜੜਤਕਾਰੀ ਤੇ ਦਸਤਕਾਰੀ (71); ਖ਼ਾਲਸਾ ਰਾਜ ਦੇ ਤੋਪਾਂ ਢਾਲਣ ਦੇ ਕਾਰਖਾਨੇ (78); ਖ਼ਾਲਸਾ ਰਾਜ ਦੇ ਕਾਰਖਾਨਿਆਂ ਵਿਚ ਢਲੀਆਂ ਤੋਪਾਂ ਬਾਰੇ ਖ਼ਾਸ ਵਾਕਫ਼ੀ (79); ਖ਼ਾਲਸਾ ਰਾਜ ਦੇ ਤੋਪਾਂ ਦੇ ਕਾਰਖਾਨੇ ਵਿਚ ਇਕ ਢਲੀ ਹੋਈ ਤੋਪ ਦੀ ਲਾਗਤ ਦਾ ਵੇਰਵਾ (82); ਖ਼ਾਲਸਾ ਰਾਜ ਸਮੇਂ ਤੋਪਾਂ ਦੀ ਢਲਾਈ ਦਾ ਹੁਨਰ (83); ਖ਼ਾਲਸਾ ਰਾਜ ਦੇ ਹਥਿਆਰਾਂ ਦੇ ਕਾਰਖਾਨੇ (85); ਹੋਰ ਕਾਰਖਾਨੇ (85); ਸ਼ਾਲਾਂ ਦੀ ਬਣਤਰ ਦਾ ਤਰੀਕਾ (86); ਘੋੜੀਆਂ ਬਣਾਉਣ ਦੀ ਦਸਤਕਾਰੀ (87); ਇਕ ਥੇੜੀ ਦੀ ਤਿਆਰੀ ਦਾ ਖਰਚ (88); ਵੇਰਵਾ ਦਰਿਆ ਸਿੰਧ (ਅਟਕ) ਦੇ ਪੁਲ ਦੇ ਖਰਚ ਦਾ (89); ਖ਼ਾਲਸਾ ਰਾਜ ਵਿਚ ਵਪਾਰ (89); ਖ਼ਾਲਸਾ ਰਾਜ ਦੇ ਵਿਉਪਾਰੀਆਂ ਦੀ ਰੱਖਿਆ (91); ਖ਼ਾਲਸਾ ਰਾਜ ਦੇ ਗੁਪਤ ਖਜ਼ਾਨੇ (91); ਖ਼ਾਲਸਾ ਰਾਜ ਸਮੇਂ ਹਕੂਮਤ ਦਾ ਢੰਗ (95); ਖ਼ਾਲਸਾ ਰਾਜ ਦਾ ਦਫ਼ਤਰੀ ਪ੍ਰਬੰਧ (104); ਫ਼ੌਜੀ ਪ੍ਰਬੰਧ (106); ਖ਼ਾਲਸਾ ਰਾਜ ਦੇ ਖਿਤਾਬ (118); ਮਹਾਰਾਜਾ ਰਣਜੀਤ ਸਿੰਘ ਦੀ ਆਪਣੇ ਗੁਆਂਢੀਆਂ ਬਾਰੇ ਨੀਤੀ (120); ਖ਼ਾਲਸਾ ਰਾਜ ਦੀ ਸ਼ਾਨ (130); ਰੂਸ ਦਾ ਖਤ (131); ਸ਼ਹਿਨਸ਼ਾਹ ਅੰਗਰੇਜ਼ੀ ਦਾ ਸ਼ੇਰੇ-ਪੰਜਾਬ ਨੂੰ ਸੁਗਾਤਾਂ ਭੇਟਾ ਕਰਨਾ (135); ਸ਼ਹਿਨਸ਼ਾਹ ਇੰਗਲਿਸਤਾਨ ਵੱਲੋਂ ਮਹਾਰਾਜਾ ਲਈ ਸੋਗਾਤਾਂ (138); ਮਹਾਰਾਜੇ ਲਈ ਫ਼ਰਾਂਸ ਦੇ

ਸ਼ਹਿਨਸ਼ਾਹ ਦਾ ਖਤ (140); ਮਾਲੀਆ (145); ਖ਼ਾਲਸਾ ਰਾਜ ਵਿਚ ਜ਼ਮੀਨਾਂ ਦਾ ਪ੍ਰਬੰਧ ਤੇ ਸਰਕਾਰੀ ਮਾਲੀਆ (146); ਖ਼ਾਲਸਾ ਰਾਜ ਵਿਚ ਜ਼ਿਮੀਂਦਾਰਾਂ ਦੀ ਰੱਖਿਆ (151); ਖ਼ਾਲਸਾ ਰਾਜ ਵਿਚ ਮੁਸਲਿਮ ਹੱਕਾਂ ਦੀ ਰੱਖਿਆ (152); ਖ਼ਾਲਸਾ ਰਾਜ ਵਿਚ ਮੁਸਲਮਾਨ ਪਰਜਾ (153); ਖ਼ਾਲਸਾ ਰਾਜ ਵਿਚ ਹਿੰਦੂਆਂ ਦੇ ਅਧਿਕਾਰ (159); ਖ਼ਾਲਸਾ ਰਾਜ ਵਿਚ ਹਿੰਦੂਆਂ ਦਾ ਮਰਤਬਾ (160); ਖ਼ਾਲਸਾ ਰਾਜ ਵਿਚ ਈਸਾਈਆਂ ਦੀ ਰੱਖਿਆ (163); ਵੈਨਤੂਰਾ ਦਾ ਵਿਆਹ (165); ਅਲਾਰਡ (165); ਅਵੀਤਬੇਲਾ (168); ਕੋਰਟ (168); ਹੋਰ ਬਿਦੇਸੀ ਅਫ਼ਸਰ (169); ਖ਼ਾਲਸਾ ਰਾਜ ਦਾ ਇੱਕ ਵਿਸ਼ੇਸ਼ ਵਾਧਾ (171); ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ (173); ਪੰਜਾਬੀਆਂ ਦਾ ਸਾਂਝਾ ਰਾਜ (175); ਖਾਣ ਦੀਆਂ ਜਿਨਸਾਂ ਸਸਤੀਆਂ ਸਨ (176); ਕੁਝ ਪਸ਼ੂਆਂ ਦੇ ਨਿਰਖ (177); ਪੰਜਾਬ ਦੇ ਮਨੁੱਖ (178); ਸਿੱਖਾਂ ਬਾਰੇ ਬਰਨਜ਼ ਦੀ ਰਾਏ (180); ਖ਼ਾਲਸੇ ਦੀ ਸ਼ਕਤੀ ਦਾ ਵੈਰੀਆਂ ਦੇ ਮੂੰਹੋਂ ਇਕਰਾਰ (181); ਖ਼ਾਲਸਾ ਰਾਜ ਵਿਚ ਸੂਰਮਿਆਂ ਦੀ ਕਦਰ (181); ਖ਼ਾਲਸਾ ਰਾਜ ਸਮੇਂ ਵਿਦਿਆ ਦਾ ਪ੍ਰਬੰਧ (182); ਖ਼ਾਲਸਾ ਰਾਜ ਦੇ ਜਵਾਹਰਾਤ (184); ਕੋਹਨੂਰ ਬਾਰੇ ਕਪਤਾਨ ਵੇਡ ਦੀ ਰਾਇ (186); ਕੋਹਨੂਰ ਹੀਰੇ ਦਾ ਪਹਿਲਾ ਇਤਿਹਾਸ (188); ਕੋਹਨੂਰ ਦੀ ਵਲਾਇਤ ਰਵਾਨਗੀ (190); ਖ਼ਾਲਸਾ ਰਾਜ ਵਿਚ ਇਤਿਹਾਸਕ ਇਮਾਰਤਾਂ ਦੀ ਰੱਖਿਆ (191)

ਅੰਤਕਾ 1 : ਪੰਜਾਬ ਦੇ ਮਾਲੀਏ ਦਾ ਨਕਸ਼ਾ ਸੰਨ 1850, 1851, 1852 (206)

ਅੰਤਕਾ 2 : ਕੋਹਨੂਰ ਬਾਰੇ ਲੇਖ (207)

# ਖ਼ਾਲਸਾ ਰਾਜ ਵਿਚ ਸਮਾਜਕ ਸਥਿਤੀ ਬਾਰੇ ਇਕ ਦ੍ਰਿਸ਼ਟੀਕੋਣ

ਸੰਨ 1765 ਤੀਕ ਸਿੱਖਾਂ ਨੇ ਆਪਣੇ ਵੈਰੀਆਂ, ਮੁਗ਼ਲਾਂ ਤੇ ਪਠਾਣਾਂ, ਨੂੰ ਮੁਕੰਮਲ ਤੌਰ ਤੇ ਪਛਾੜ ਦਿੱਤਾ ਸੀ। ਇਹ ਸੰਘਰਸ਼ ਅੱਧੀ ਸ਼ਤਾਬਦੀ ਤੋਂ ਵੀ ਵੱਧ ਸਮੇਂ ਤੋਂ ਬਰਾਬਰ ਲੜਿਆ ਜਾ ਰਿਹਾ ਸੀ ਅਤੇ ਇਸ ਵਿਚ ਸਿੱਖਾਂ ਨੂੰ ਓੜਕਾਂ ਦਾ ਨੁਕਸਾਨ ਵੀ ਉਠਾਉਣਾ ਪਿਆ ਸੀ। ਫਿਰ ਵੀ ਦੁਸ਼ਮਣ, ਜਿਹੜੇ ਨਫਰੀ ਤੇ ਹਥਿਆਰਾਂ ਦੇ ਪੱਖੋਂ ਸਿੱਖਾਂ ਨਾਲੋਂ ਕਈ ਗੁਣਾਂ ਵਧੇਰੇ ਸ਼ਕਤੀਸ਼ਾਲੀ ਸਨ, ਉਨ੍ਹਾਂ ਦਾ ਟਾਕਰਾ ਨਾ ਕਰ ਸਕੇ। ਸੰਨ 1765 ਵਿਚ ਅੰਤਿਮ ਜਿੱਤ ਪ੍ਰਾਪਤ ਕਰਨ ਉਪਰੰਤ ਕੁਝ ਹੀ ਸਮੇਂ ਵਿਚ ਸਿੱਖ ਸਰਦਾਰਾਂ ਨੇ ਲਗਭਗ ਸਾਰੇ ਪੰਜਾਬ ਵਿਚ, ਜਮਨਾ ਤੋਂ ਅਟਕ ਤਕ, ਕਈ ਛੋਟੇ-ਛੋਟੇ ਸੁਤੰਤਰ ਰਾਜ ਸਥਾਪਿਤ ਕਰ ਲਏ। ਇਨ੍ਹਾਂ ਲਘੂ ਰਾਜਾਂ ਨੇ ਜਦ ਪਰਸਪਰ ਫੁੱਟ ਦੇ ਕਾਰਨ ਆਪੋ ਵਿਚ ਲੜ-ਲੜ ਕੇ ਆਪਣੀ ਸ਼ਕਤੀ ਨੂੰ ਭੰਗ ਦੇ ਭਾੜੇ ਨਸ਼ਟ ਕਰਨਾ ਸ਼ੁਰੂ ਕਰ ਦਿੱਤਾ ਅਤੇ ਜਦ ਇਸ ਖ਼ਤਰਨਾਕ ਸਥਿਤੀ ਦੇ ਫਲਸਰੂਪ ਅਫ਼ਗ਼ਾਨਿਸਤਾਨ ਤੋਂ ਮੁੜ ਹਮਲੇ ਹੋਣ ਲਗ ਪਏ, ਤਾਂ ਉਨ੍ਹਾਂ ਵਿਚੋਂ ਹੀ ਇਕ ਸਿਰਕੱਢ ਸਰਦਾਰ, ਸ਼ੁਕਰਚੱਕੀਆ ਮਿਸਲ ਦੇ ਮੁਖੀ, ਰਣਜੀਤ ਸਿੰਘ ਨੇ ਹੌਲੇ-ਹੌਲੇ ਦੇ ਰਜਵਾੜੇ ਖ਼ਤਮ ਕਰਨ ਤੇ ਉਨ੍ਹਾਂ ਦੀ ਥਾਂ ਤੇ ਇਕ ਸੰਯੁਕਤ ਤਾਕਤਵਰ ਖ਼ਾਲਸਾ ਰਾਜ ਦੀ ਸਥਾਪਨਾ ਕਰਨ ਦਾ ਨਿਰਣਾ ਕਰ ਲਿਆ। ਤਕਰੀਬਨ ਵੀਹ ਵਰ੍ਹਿਆਂ ਦੇ ਲਗਾਤਾਰ ਜਤਨਾਂ ਦਾ ਨਤੀਜਾ ਇਹ ਨਿਕਲਿਆ ਕਿ ਪੂਰਬ ਵਿਚ ਸਤਲੁਜ ਨਦੀ ਤੋਂ ਪੱਛਮ ਵਿਚ ਸੁਲੇਮਾਨ ਦੀਆਂ ਪਹਾੜੀਆਂ ਤਕ ਤੇ ਉੱਤਰ ਵਿਚ ਲਦਾਖ ਤੋਂ ਦੱਖਣ ਵਿਚ ਸਿੰਧ ਤਕ ਸਾਰਾ ਇਲਾਕਾ ਸਿੱਖ ਹਕੂਮਤ ਹੇਠ ਆ ਗਿਆ। ਸ਼ਾਇਦ ਇਹ ਪੂਰਬ ਵਿਚ ਸਤਲੁਜ ਤੋਂ ਪਾਰ ਜਮਨਾ ਤੀਕ ਵੀ ਫੈਲ ਗਿਆ ਹੁੰਦਾ ਜੇ ਕਿਤੇ ਉਸ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਰਾਹ ਵਿਚ ਅੰਗਰੇਜ਼ਾਂ ਵੱਲੋਂ ਰੁਕਾਵਟ ਨਾ ਪਾ ਦਿੱਤੀ ਜਾਂਦੀ।

ਤਕੜੇ ਤੇ ਵਿਸ਼ਾਲ ਖ਼ਾਲਸਾ ਰਾਜ ਦੀ ਸਥਾਪਨਾ ਦੇ ਫਲਸਰੂਪ ਪੰਜਾਬ ਵਿਚ ਫਿਰ ਤੋਂ ਸਥਿਰਤਾ ਆ ਗਈ। ਅਠਾਰ੍ਹਵੀਂ ਸਦੀ ਦੇ ਪਿਛਲੇ 60-65 ਸਾਲਾਂ ਵਿਚ ਪੰਜਾਬ ਨੂੰ ਕਈ ਸੰਕਟਾਂ ਵਿਚੋਂ ਦੀ ਲੰਘਣਾ ਪਿਆ ਸੀ। ਸੰਨ 1739 ਵਿਚ ਨਾਦਰਸ਼ਾਹ ਦੇ ਆਕਰਮਣ ਨੇ ਮੁਲਕ ਦੇ ਉੱਤਰ-ਪੱਛਮੀ ਭਾਗਾਂ ਵਿਚ ਪਰਲੋ ਵਾਲਾ ਦ੍ਰਿਸ਼ ਪੈਦਾ ਕਰ ਦਿੱਤਾ ਸੀ। ਥੋੜ੍ਹਾ ਚਿਰ ਮਗਰੋਂ ਉਸ ਦੇ ਹੀ ਇਕ ਜਰਨੈਲ ਅਹਿਮਦ ਸ਼ਾਹ ਅਬਦਾਲੀ ਨੇ ਛੋਟੇ-ਛੋਟੇ ਵਕਫੇ ਨਾਲ ਲਗਾਤਾਰ ਅੱਠ ਹਮਲੇ ਕੀਤੇ। ਹਰ ਹਮਲੇ ਵਿਚ ਉਸ ਦੀ ਫ਼ੌਜ ਨੇ ਮੁਲਕ ਨੂੰ ਰੱਜ ਕੇ ਲੁੱਟਿਆ ਤੇ ਬਰਬਾਦ ਕੀਤਾ ਜਿਸ ਕਾਰਨ ਆਮ ਲੋਕਾਂ ਵਿਚ ਇਹ ਕਹਾਵਤ ਬਣ ਕੇ ਪ੍ਰਚਲਤ ਹੋ ਗਈ : 'ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ'। ਅਹਿਮਦ ਸ਼ਾਹ ਦੇ ਹਮਲਿਆਂ ਤੋਂ ਬਾਅਦ ਜੋ ਰਾਜ ਸਿੱਖ ਮਿਸਲਾਂ ਨੇ ਸਥਾਪਿਤ ਕੀਤੇ ਉਹ ਹਰ ਵੇਲੇ ਲੜਾਈਆਂ ਵਿਚ ਰੁੱਝੇ

ਰਹਿਣ ਕਰਕੇ ਦੇਸ਼ ਵਿਚ ਲੋੜੀਂਦੀ ਸਥਿਰਤਾ ਨਾ ਲਿਆ ਸਕੇ। ਅਠਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ ਮੁੜ ਕਾਬਲ ਦੇ ਬਾਦਸ਼ਾਹ ਮਾਨ ਸ਼ਾਹ ਨੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਭਾਵੇਂ ਇਹ ਹਮਲੇ ਆਕਾਰ ਵਿਚ ਇੰਨੇ ਵੱਡੇ ਨਹੀਂ ਸਨ ਜਿੰਨੇ ਕਿ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਦੇ ਹਮਲੇ ਸਨ, ਫਿਰ ਵੀ ਪੰਜਾਬੀਆਂ ਦੇ ਜੀਵਨ ਤੇ ਇਨ੍ਹਾਂ ਦਾ ਬੜਾ ਪ੍ਰਭਾਵ ਪਿਆ ਅਤੇ ਹਾਲਾਤ ਪਹਿਲਾਂ ਨਾਲੋਂ ਹੋਰ ਵਿਗੜ ਗਏ। ਇਹ ਸਾਰਾ ਵਿਗਾੜ ਅੰਤ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਦੂਰ ਹੋਇਆ। ਅਫ਼ਗਾਨਿਸਤਾਨ ਦੇ ਪਠਾਣਾਂ ਦੁਆਰਾ ਨਿੱਤ ਦੇ ਹਮਲਿਆਂ ਦਾ ਜੋ ਖ਼ਤਰਾ ਪੰਜਾਬ ਲਈ ਇੰਨੇ ਲੰਮੇ ਅਰਸੇ ਤੋਂ ਬਣਿਆ ਚਲਿਆ ਆ ਰਿਹਾ ਸੀ, ਹੁਣ ਬਿਲਕੁਲ ਦੂਰ ਹੋ ਗਿਆ। ਸਗੋਂ ਉਲਟਾ ਪਠਾਣ ਆਪ ਡਰਨ ਲਗ ਪਏ ਕਿ ਮਤਾਂ ਪੰਜਾਬ ਉਨ੍ਹਾਂ ਉੱਤੇ ਹਮਲਾ ਨਾ ਕਰ ਦੇਵੇ। ਸੁਲੇਮਾਨ ਪਹਾੜਾਂ ਦੇ ਪੂਰਬ ਵੱਲ ਬਹੁਤ ਸਾਰਾ ਇਲਾਕਾ ਕਾਬਲ ਸਰਕਾਰ ਦਾ ਸੀ ਜੋ ਹੁਣ ਸਿੱਖਾਂ ਦੇ ਅਧਿਕਾਰ ਹੇਠ ਆ ਗਿਆ ਤੇ ਉੱਥੇ ਸਭ ਮਹੱਤਵਪੂਰਨ ਅਸਥਾਨਾਂ ਤੇ ਖ਼ਾਲਸਾ ਸਰਕਾਰ ਨੇ ਆਪਣੀ ਫ਼ੌਜ ਲਈ ਹਮਲੇ ਤੇ ਛਾਉਣੀਆਂ ਬਣਾ ਲਈਆਂ। ਇਸ ਨਾਲ ਕਾਬਲ ਦੇ ਹਮਲਿਆਂ ਦੀ ਲੜੀ ਬਿਲਕੁਲ ਬੰਦ ਹੋ ਗਈ ਅਤੇ ਜੋ ਤਬਾਹੀ ਤੇ ਬਰਬਾਦੀ ਪੰਜਾਬ ਨੂੰ ਇਨ੍ਹਾਂ ਕਾਰਨ ਸਹਿਣੀ ਪਿਆ ਕਰਦੀ ਸੀ, ਉਸ ਤੋਂ ਬਚਾਅ ਦਾ ਪੱਕਾ ਬੰਦੋਬਸਤ ਹੋ ਗਿਆ। ਪਰ ਖਤਰਾ ਕੇਵਲ ਕਾਬਲ ਵੱਲੋਂ ਹੀ ਨਹੀਂ ਸੀ। ਪੂਰਬ ਵਿਚ ਨੇਪਾਲ ਦੇ ਗੋਰਖੇ ਸ਼ਾਸਕ ਬੜੀ ਤੇਜ਼ੀ ਨਾਲ ਪੰਜਾਬ ਵੱਲ ਨੂੰ ਆਪਣੇ ਕਦਮ ਵਧਾਈ ਆ ਰਹੇ ਸਨ। ਉਨ੍ਹਾਂ ਨੇ ਸਤਲੁਜ ਪਾਰ ਕਰ ਕੇ ਕਾਂਗੜੇ ਉੱਤੇ ਹਮਲੇ ਸ਼ੁਰੂ ਕਰ ਦਿੱਤੇ ਸਨ। ਮਹਾਰਾਜਾ ਰਣਜੀਤ ਸਿੰਘ ਨੇ ਗੋਰਖਿਆਂ ਦੇ ਸਾਰੇ ਅਜਿਹੇ ਜਤਨਾਂ ਨੂੰ ਨਿਸਫਲ ਬਣਾ ਦਿੱਤਾ ਅਤੇ ਇਸ ਤਰ੍ਹਾਂ ਪੰਜਾਬ ਇਕ ਹੋਰ ਬਾਹਰਲੇ ਖ਼ਤਰੇ ਤੋਂ ਬਚ ਗਿਆ। ਤੀਜਾ ਬਾਹਰਲਾ ਖ਼ਤਰਾ ਅੰਗਰੇਜ਼ੀ ਸਾਮਰਾਜ ਵੱਲੋਂ ਸੀ। ਅੰਗਰੇਜ਼ ਬੰਗਾਲ, ਮਦਰਾਸ ਤੇ ਬੰਬਈ ਤੋਂ ਚਲ ਕੇ ਹੌਲੀ-ਹੌਲੀ ਦਿੱਲੀ ਤੇ ਉਸ ਦੇ ਆਲੇ-ਦੁਆਲੇ ਤਕ ਪਹੁੰਚ ਗਏ ਸਨ। ਉਨ੍ਹਾਂ ਦੀ ਤਾਕਤ ਇਸ ਵੇਲੇ ਭਾਰਤ ਵਿਚ ਸਭ ਤੋਂ ਜ਼ਿਆਦਾ ਸੀ ਅਤੇ ਸਿਆਣੇ ਆਦਮੀਆਂ ਦਾ ਅਨੁਮਾਨ ਸੀ ਕਿ ਜੋ ਲੋਕ ਇੰਨੀਆਂ ਗੱਲਾਂ ਮਾਰ ਕੇ ਦਿੱਲੀ ਤਕ ਅੱਪੜ ਗਏ ਹਨ, ਉਹ ਜ਼ਰੂਰ ਸਮਾਂ ਪਾ ਕੇ ਅੱਗੇ ਜਾਣਗੇ ਅਤੇ ਮੁਲਕ ਦੇ ਬਾਕੀ ਰਹਿੰਦੇ ਭਾਗਾਂ ਨੂੰ ਵੀ ਆਪਣੀ ਅਧੀਨਤਾ ਵਿਚ ਲਿਆਉਣਗੇ। ਪਰ ਇਹ ਕੋਈ ਤਤਕਾਲੀਨ ਖ਼ਤਰਾ ਨਹੀਂ ਸੀ। ਜੇ ਕੁਝ ਹੈ ਵੀ ਸੀ ਤਾਂ ਉਸ ਤੋਂ ਮਹਾਰਾਜਾ ਰਣਜੀਤ ਸਿੰਘ ਨੇ ਅੰਮ੍ਰਿਤਸਰ ਸੰਧੀ, 1809 ਈ. ਦੁਆਰਾ ਆਪਣੇ ਆਪ ਨੂੰ ਵੇਲੇ ਸਿਰ ਸੁਰੱਖਿਅਤ ਕਰ ਲਿਆ ਅਤੇ ਆਪਣੇ ਮੁਲਕ ਦੀ ਸ਼ਾਂਤੀ ਭੰਗ ਨਾ ਹੋਣ ਦਿੱਤੀ।

ਜਿਵੇਂ ਰਣਜੀਤ ਸਿੰਘ ਨੇ ਪੰਜਾਬ ਨੂੰ ਬਾਹਰਲੇ ਖਤਰਿਆਂ ਤੋਂ ਬਚਾਇਆ, ਤਿਵੇਂ ਹੀ ਉਸ ਨੇ ਅੰਦਰਲੀ ਅਸ਼ਾਂਤੀ ਤੇ ਅਰਾਜਕਤਾ ਨੂੰ ਖਤਮ ਕੀਤਾ। ਪੰਜਾਬ ਉਸ ਵੇਲੇ ਬੁਰੀ ਤਰ੍ਹਾਂ ਛੋਟੇ-ਛੋਟੇ ਰਜਵਾੜਿਆਂ ਵਿਚ ਵੰਡਿਆ ਹੋਇਆ ਸੀ। ਇਨ੍ਹਾਂ ਵਿਚੋਂ ਕੁਝ ਰਾਜ ਸਿੱਖ ਸਰਦਾਰਾਂ ਦੇ ਕਬਜ਼ੇ ਵਿਚ ਸਨ ਅਤੇ ਕੁਝ ਮੁਸਲਮਾਨਾਂ ਦੇ। ਜਿੱਥੇ ਇਕ ਛੋਟੇ ਜਿਹੇ ਮੁਲਕ ਵਿਚ ਇੰਨੇ ਰਾਜ ਹੋਣ, ਉੱਥੇ ਸ਼ਾਂਤੀ ਕਿਵੇਂ ਸੰਭਵ ਹੋ ਸਕਦੀ ਹੈ? ਇਹ ਸਭ ਇਕ ਦੂਸਰੇ ਨਾਲ—ਸਿੱਖ ਸਿੱਖਾਂ ਨਾਲ, ਮੁਸਲਮਾਨ ਮੁਸਲਮਾਨਾਂ ਨਾਲ, ਸਿੱਖ ਮੁਸਲਮਾਨਾਂ ਨਾਲ ਤੇ ਮੁਸਲਮਾਨ ਸਿੱਖਾਂ

WWW.SIKHBOOKCLUB.COM 

ਨਾਲ—ਸਦਾ ਲੜਾਈ ਝਗੜਿਆਂ ਵਿਚ ਉਲਝੇ ਰਹਿੰਦੇ ਸਨ। ਰਣਜੀਤ ਸਿੰਘ ਨੇ ਇਨ੍ਹਾਂ ਸਭਨਾਂ ਨੂੰ ਖ਼ਤਮ ਕਰ ਕੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਅਤੇ ਇੰਜ ਇਨ੍ਹਾਂ ਦੁਆਰਾ ਉਤਪੰਨ ਹੋਣ ਵਾਲੀ ਅਸਥਿਰਤਾ ਦੂਰ ਕੀਤੀ।

ਸ਼ਾਂਤੀ ਆਪਣੇ ਆਪ ਵਿਚ ਇਕ ਬਹੁਤ ਬੜੀ ਨਿਆਮਤ ਹੁੰਦੀ ਹੈ ਕਿਉਂਕਿ ਡਰ ਤੇ ਸਹਿਮ ਦੇ ਵਾਤਾਵਰਨ ਵਿਚ ਕੋਈ ਵਿਅਕਤੀ—ਕਿਸਾਨ, ਵਪਾਰੀ, ਕਾਰੀਗਰ ਜਾਂ ਸਨਅਤਕਾਰ—ਆਪਣੇ ਕਾਰੋਬਾਰ ਨੂੰ ਪੂਰੀ ਰੁਚੀ ਨਾਲ ਉੱਨਤ ਨਹੀਂ ਕਰ ਸਕਦਾ। ਨਾ ਹੀ ਕੋਈ ਮਨੁੱਖ ਸੁਰੱਖਿਅਤਾ ਦੀ ਅਣਹੋਂਦ ਵਿਚ ਆਪਣੇ ਪਰਿਵਾਰਕ ਜੀਵਨ ਦਾ ਸੁਖ ਤੇ ਆਨੰਦ ਮਾਣ ਸਕਦਾ ਹੈ। ਇਸ ਲਈ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਵਿਚ ਸਥਿਰਤਾ ਦੀ ਪੁਨਰ ਸਥਾਪਨਾ ਨਾਲ ਲੋਕਾਂ ਨੂੰ ਸਮਾਜਕ ਤੇ ਆਰਥਕ ਵਿਕਾਸ ਦੇ ਸੁੰਦਰ ਅਵਸਰ ਮਿਲਣੇ ਸ਼ੁਰੂ ਹੋ ਗਏ। ਖ਼ਾਲਸਾ ਸਰਕਾਰ ਦੀਆਂ ਨੀਤੀਆਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਅਤੇ ਸਮਾਜ ਦੇ ਹਰੇਕ ਖੇਤਰ ਵਿਚ ਜੀਵਨ ਵਧਦਾ ਫੁਲਦਾ, ਤਰੱਕੀ ਕਰਦਾ, ਹੱਸਦਾ ਖੇਡਦਾ ਨਜ਼ਰ ਆਉਣ ਲੱਗਾ।

ਸਮਾਜ ਦਾ ਸਭ ਤੋਂ ਵੱਡਾ ਵਰਗ ਕਿਸਾਨਾਂ ਦਾ ਸੀ। ਜਿੰਨਾ ਚਿਰ ਇਨ੍ਹਾਂ ਦੀ ਹਾਲਤ ਵਿਚ ਕੋਈ ਠੋਸ ਸੁਧਾਰ ਨਹੀਂ ਸੀ ਆਉਂਦਾ ਉੱਨਾ ਚਿਰ ਸਮਾਜਕ ਸਥਿਤੀ ਵਿਚ ਕੋਈ ਵੱਡਾ ਸੁਧਾਰ ਹੋਇਆ ਮੰਨਿਆ ਨਹੀਂ ਸੀ ਜਾ ਸਕਦਾ। ਮਹਾਰਾਜਾ ਰਣਜੀਤ ਸਿੰਘ ਇਸ ਤੱਥ ਤੋਂ ਬਿਲਕੁਲ ਜਾਣੂ ਸੀ ਅਤੇ ਉਸ ਨੇ ਕਿਸਾਨਾਂ ਤੋਂ ਇਸ ਢੰਗ ਨਾਲ ਮਾਲੀਆ ਵਸੂਲ ਕਰਨ ਦੀ ਨੀਤੀ ਘੜੀ ਕਿ ਕਿਸੇ ਨੂੰ ਆਪਣੀ ਸ਼ਕਤੀ ਤੋਂ ਵੱਧ ਮਾਲੀਆ ਨਾ ਦੇਣਾ ਪਏ। ਸਭ ਥਾਵਾਂ ਤੇ ਇਕੋ ਜਿਹੀ ਜ਼ਮੀਨ ਨਹੀਂ ਸੀ, ਨਾ ਹੀ ਸਾਰੀਂ ਥਾਈਂ ਸਿੰਜਾਈ ਦੇ ਇਕੋ ਜਿਹੇ ਸਾਧਨ ਮੌਜੂਦ ਸਨ। ਕਿਤੇ ਖੂਹਾਂ ਤੋਂ ਫਸਲਾਂ ਸਿੰਜੀਆਂ ਜਾਂਦੀਆਂ ਸਨ, ਕਿਤੇ ਛੋਟੀਆਂ-ਛੋਟੀਆਂ ਨਹਿਰਾਂ ਤੋਂ ਕੰਮ ਲਿਆ ਜਾਂਦਾ ਸੀ ਅਤੇ ਕਿਤੇ ਸਭ ਕੁਝ ਹੀ ਮੀਂਹ ਤੇ ਨਿਰਭਰ ਸੀ। ਇਸ ਸੂਰਤ ਵਿਚ ਸਭ ਥਾਵਾਂ ਦੇ ਵਾਹੀਕਾਰਾਂ ਤੋਂ ਇਕੋ ਦਰ ਤੇ ਮਾਲੀਆ ਲੈਣਾ ਬੇਇਨਸਾਫੀ ਵਾਲੀ ਗੱਲ ਹੋਣੀ ਸੀ। ਇਸ ਲਈ ਮਾਲੀਏ ਦੀ ਦਰ ਨਿਯੁਕਤ ਕਰਨ ਵੇਲੇ ਇਸ ਗੱਲ ਦਾ ਵਿਸ਼ੇਸ਼ ਤੌਰ ਤੇ ਧਿਆਨ ਰਖਿਆ ਗਿਆ ਕਿ ਜ਼ਮੀਨ ਦੇ ਮਾਲੀਏ ਬਾਰੇ ਨਿਰਣਾ ਕਰਨ ਤੋਂ ਪਹਿਲਾਂ ਇਹ ਵੇਖਿਆ ਜਾਵੇ ਕਿ ਉਥੋਂ ਦੀ ਜ਼ਮੀਨ ਉੱਤਮ ਦਰਜੇ ਦੀ ਜਾਂ ਬੰਜਰ ਹੈ, ਉਥੇ ਖੂਹਾਂ ਨਾਲ ਸਿੰਜਾਈ ਹੁੰਦੀ ਹੈ, ਜਾਂ ਨਹਿਰਾਂ ਨਾਲ, ਜਾਂ ਫਿਰ ਵਾਹੀ ਕੇਵਲ ਮੀਂਹਾਂ ਦੇ ਆਸਰੇ ਤੇ ਹੈ। ਇਹੋ ਕਾਰਨ ਹੈ ਕਿ ਖ਼ਾਲਸਾ ਰਾਜ ਵਿਚ ਮੁਲਕ ਦੇ ਵੱਖ-ਵੱਖ ਭਾਗਾਂ ਵਿਚ ਲਗਾਨ ਦੀਆਂ ਦਰਾਂ ਵੱਖ-ਵੱਖ ਸਨ। ਘੱਟ ਤੋਂ ਘੱਟ ਦਰ ਕੁਲ ਪੈਦਾਵਾਰ ਦਾ ਸਤਵਾਂ ਭਾਗ ਸੀ ਅਤੇ ਵੱਧ ਤੋਂ ਵੱਧ ਪੈਦਾਵਾਰ ਦਾ ਅੱਧਾ ਭਾਗ। ਹੋਰ ਦਰਾਂ ਇਹ ਸਨ : ਪੈਦਾਵਾਰ ਦਾ ਛੇਵਾਂ ਹਿੱਸਾ, ਪੰਜਵਾਂ ਹਿੱਸਾ, ਚੌਥਾ ਹਿੱਸਾ, ਤੀਜਾ ਹਿੱਸਾ ਤੇ ਪੰਜ ਦਵੰਜੀ ਅਰਥਾਤ 40 ਪ੍ਰਤੀਸ਼ਤ। ਮਾਲੀਆ ਆਮ ਤੌਰ ਤੇ ਬਟਾਈ ਤੇ ਕਣਕੂਤ ਦੇ ਤਰੀਕਿਆਂ ਨਾਲ ਜਿਨਸ ਵਿਚ ਵਸੂਲ ਕੀਤਾ ਜਾਂਦਾ ਸੀ। ਇਸ ਤਰ੍ਹਾਂ ਭਾਵੇਂ ਸਰਕਾਰ ਨੂੰ ਚੋਖੀ ਔਖਿਆਈ ਸਹਿਣੀ ਪੈਂਦੀ ਸੀ ਪਰ ਕਿਸਾਨਾਂ ਨੂੰ ਇਸ ਵਿਚ ਬਹੁਤ ਸਹੂਲਤ ਰਹਿੰਦੀ ਸੀ। ਇਕ ਤਾਂ ਉਨ੍ਹਾਂ ਨੂੰ ਕੇਵਲ ਹੋਈ ਪੈਦਾਵਾਰ ਤੇ ਮਾਲੀਆ ਦੇਣਾ ਪੈਂਦਾ ਸੀ ਜਿਸ ਦਾ ਭਾਵ ਇਹ

ਸੀ ਕਿ ਜੇ ਪੈਦਾਵਾਰ ਘੱਟ ਹੋਈ ਹੈ ਤਾਂ ਮਾਲੀਆ ਘੱਟ ਲਗੇਗਾ ਅਤੇ ਜੇ ਬਹੁਤੀ ਹੋਈ ਹੈ ਤਾਂ ਆਪਣੇ ਆਪ ਮਾਲੀਆ ਵਧ ਜਾਏਗਾ। ਕੇਵਲ ਬਹੁਤ ਥੋੜ੍ਹੀਆਂ ਹਾਲਤਾਂ ਵਿਚ ਮਾਲੀਆ ਨਕਦੀ ਵਿਚ ਲਗਾਇਆ ਜਾਂਦਾ ਸੀ ਜਾਂ ਫਿਰ ਜ਼ਮੀਨ ਦੀ ਪੈਦਾਇਸ਼ ਦੇ ਹਿਸਾਬ ਨਾਲ ਨਿਯਤ ਕੀਤਾ ਜਾਂਦਾ ਸੀ। ਕੇਵਲ ਅਜਿਹੀਆਂ ਹਾਲਤਾਂ ਵਿਚ ਹੀ ਡਰ ਹੁੰਦਾ ਸੀ ਕਿ ਫਸਲ ਖਰਾਬ ਜਾਂ ਕਿਸੇ ਕਾਰਨ ਉਕੀ ਬਰਬਾਦ ਹੋ ਜਾਣ ਦੀ ਸੂਰਤ ਵਿਚ ਸਰਕਾਰੀ ਮਾਲੀਆ ਬੋਝਲ ਨਾ ਹੋ ਜਾਏ। ਇਸ ਸਬੰਧ ਵਿਚ ਸਥਾਨਕ ਮਾਲੀਆ ਅਧਿਕਾਰੀਆਂ ਦਾ ਫਰਜ਼ ਹੁੰਦਾ ਸੀ ਕਿ ਸਰਕਾਰ ਨੂੰ ਵੇਲੇ ਸਿਰ ਸਥਿਤੀ ਤੋਂ ਜਾਣੂ ਕਰਵਾਉਣ ਤਾਂ ਜੋ ਸਰਕਾਰ ਉਸ ਤੇ ਵਿਚਾਰ ਕਰ ਕੇ ਲੋੜੀਂਦੀਆਂ ਹਦਾਇਤਾਂ ਜਾਰੀ ਕਰ ਸਕੇ। ਕਈ ਵਾਰ ਫਸਲਾਂ ਦੀ ਖਰਾਬੀ ਜਾਂ ਬਰਬਾਦੀ ਦਾ ਕਾਰਨ ਸੋਕਾ ਜਾਂ ਹੜ ਨਹੀਂ ਸਨ ਹੁੰਦੇ ਸਗੋਂ ਸਰਕਾਰੀ ਫ਼ੌਜ ਇਸ ਲਈ ਜ਼ਿੰਮੇਵਾਰ ਹੁੰਦੀ ਸੀ। ਅਜਿਹੀ ਹਾਲਤ ਵਿਚ ਨੁਕਸਾਨ ਦੇ ਸ਼ਿਕਾਰ ਹੋਏ ਕਿਸਾਨਾਂ ਨੂੰ ਹਰਜਾਨਾ ਦਿੱਤਾ ਜਾਂਦਾ ਸੀ। ਵੈਸੇ, ਇਸ ਲਈ ਕਿ ਹਰਜਾਨਾ ਦੇਣ ਤਕ ਗੱਲ ਅਪੜੇ ਹੀ ਨਾ, ਸਰਕਾਰ ਵੱਲੋਂ ਹਰ ਕੂਚ ਕਰਨ ਵਾਲੀ ਫ਼ੌਜ ਦੇ ਕਮਾਂਡਰ ਨੂੰ ਪੱਕੀ ਹਦਾਇਤ ਦਿੱਤੀ ਜਾਂਦੀ ਸੀ ਕਿ ਸਫ਼ਰ ਦੇ ਦੌਰਾਨ ਕੋਈ ਸੈਨਿਕ, ਵੱਡਾ ਹੋਵੇ ਜਾਂ ਛੋਟਾ, ਕਿਸੇ ਫਸਲ ਨੂੰ ਹਾਨੀ ਨਾ ਪਹੁੰਚਾਏ।

ਜਦੋਂ ਸੰਨ 1849 ਵਿਚ ਪੰਜਾਬ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਕਰ ਲਿਆ ਗਿਆ ਤਾਂ ਕਈ ਅੰਗਰੇਜ਼ ਲੇਖਕਾਂ ਨੇ ਇਹ ਸਾਬਤ ਕਰਨ ਲਈ ਕਿ ਨਵੀਂ ਸਰਕਾਰ ਪੁਰਾਣੀ ਸਰਕਾਰ ਨਾਲੋਂ ਕਿਸਾਨਾਂ ਦੇ ਹਿਤਾਂ ਦਾ ਵਧੇਰੇ ਖਿਆਲ ਰਖਦੀ ਹੈ, ਲਿਖਿਆ ਕਿ ਖ਼ਾਲਸਾ ਰਾਜ ਵਿਚ ਕਿਸਾਨਾਂ ਉੱਤੇ ਮਾਲੀਏ ਦਾ ਬਹੁਤ ਜ਼ਿਆਦਾ ਬੋਝ ਸੀ ਜਿਸ ਕਾਰਨ ਉਹ ਸਦਾ ਔਖੇ ਰਹਿੰਦੇ ਸਨ। ਪਰ ਇੰਜ ਕਰਨ ਦਾ ਮਨੋਰਥ ਪਹਿਲੀ ਸਰਕਾਰ ਦੇ ਵਿਰੁੱਧ ਭੰਡੀ ਪ੍ਰਚਾਰ ਕਰਨਾ ਹੀ ਜਾਪਦਾ ਹੈ ਕਿਉਂਕਿ ਅਜੋਕੀ ਖੋਜ ਨੇ ਸਿੱਧ ਕਰ ਦਿੱਤਾ ਹੈ ਕਿ ਖ਼ਾਲਸਾ ਰਾਜ ਨਾਲੋਂ ਮੁਗ਼ਲ ਰਾਜ ਵਿਚ ਇਸ ਇਲਾਕੇ ਵਿਚੋਂ ਉਗਰਾਹੇ ਮਾਲੀਏ ਦੀ ਕੁਲ ਰਕਮ ਜ਼ਿਆਦਾ ਸੀ। ਉਦਾਹਰਨ ਵਜੋਂ, ਰਣਜੀਤ ਸਿੰਘ ਦੇ ਸਮੇਂ ਜ਼ਮੀਨੀ ਮਾਲੀਏ ਤੋਂ ਇਕ ਸਾਲ ਵਿਚ ਕੁਲ ਆਮਦਨੀ ਲਗਭਗ 2.5 ਕਰੋੜ ਰੁਪਏ ਸੀ। ਇਸ ਦੇ ਉਲਟ ਸ਼ਾਹ ਜਹਾਨ ਦੇ ਸਮੇਂ ਤੋਂ ਮੁਹੰਮਦ ਸ਼ਾਹ ਦੇ ਸਮੇਂ ਤਕ ਇਸੇ ਭਾਗ ਵਿਚੋਂ ਔਸਤਨ ਸਾਲਾਨਾ ਆਮਦਨੀ 3.5 ਕਰੋੜ ਸੀ। ਇਸ ਵਿਚ ਪੂਰੇ ਇਕ ਕਰੋੜ ਦਾ ਅੰਤਰ ਹੈ ਜੋ ਉਸ ਸਮੇਂ ਦੇ ਹਾਲਾਤ ਨੂੰ ਮੁਖ ਰਖਦੇ ਹੋਏ ਵੇਖੀਏ ਤਾਂ ਕੋਈ ਮਾਮੂਲੀ ਅੰਤਰ ਨਹੀਂ ਸਮਝਿਆ ਜਾ ਸਕਦਾ। ਅੰਗਰੇਜ਼ਾਂ ਦਾ ਮਾਲੀਆ ਪ੍ਰਬੰਧ ਵੀ ਸਿੱਖਾਂ ਦੇ ਮਾਲੀਆ ਪ੍ਰਬੰਧ ਨਾਲੋਂ ਵਧੇਰੇ ਸਖ਼ਤ ਨਜ਼ਰ ਆਉਂਦਾ ਹੈ, ਭਾਵੇਂ ਕਿ ਉਨ੍ਹਾਂ ਦੀਆਂ ਲਿਖਤਾਂ ਵਿਚ ਇਸ ਦੇ ਬਿਲਕੁਲ ਉਲਟ ਅੰਕਿਤ ਹੈ। ਅੰਗਰੇਜ਼ਾਂ ਦੇ ਬੰਦੋਬਸਤ ਵਿਚ ਉਹ ਲਚਕ ਨਹੀਂ ਸੀ ਜੋ ਸਿੱਖਾਂ ਦੇ ਬੰਦੋਬਸਤ ਵਿਚ ਮੌਜੂਦ ਸੀ। ਅੰਗਰੇਜ਼ਾਂ ਦਾ ਮਾਲੀਆ ਨਕਦੀ ਵਿਚ ਨਿਯਤ ਕੀਤਾ ਜਾਂਦਾ ਸੀ ਅਤੇ ਨਕਦੀ ਵਿਚ ਹੀ ਵਸੂਲ ਕੀਤਾ ਜਾਂਦਾ ਸੀ। ਫਿਰ, ਵਸੂਲੀ ਵਿਚ ਪੂਰੀ-ਪੂਰੀ ਕਰੜਾਈ ਵਰਤੀ ਜਾਂਦੀ ਸੀ ਤੇ ਕਿਸੇ ਨੂੰ ਕਿਸੇ ਕਿਸਮ ਦੀ ਕੋਈ ਛੋਟ ਨਹੀਂ ਸੀ ਦਿੱਤੀ ਜਾਂਦੀ। ਇਥੋਂ ਤੀਕ ਕਿ ਜੇ ਖਰਾਬਾ ਹੋ ਜਾਏ ਜਾਂ ਕਾਲ ਪੈ ਜਾਏ, ਤਾਂ ਵੀ ਮਾਲੀਏ ਤੋਂ ਮਾਫ਼ੀ ਨਹੀਂ ਸੀ ਦਿੱਤੀ ਜਾਂਦੀ ਅਤੇ ਇਹ ਕਹਿ ਕੇ ਟਾਲ ਦਿੱਤਾ ਜਾਂਦਾ ਸੀ ਕਿ ਮਾਲੀਏ ਵਿਚ

ਮਾਫੀ ਜਾਂ ਛੋਟ ਨਾਲ ਲੋਕਾਂ ਵਿਚ ਮਿਹਨਤ ਤੇ ਬਚਤ ਦੀਆਂ ਆਦਤਾਂ ਕਮਜ਼ੋਰ ਹੋ ਜਾਣਗੀਆਂ। ਇਸ ਦੇ ਟਾਕਰੇ ਵਿਚ ਸਿੱਖਾਂ ਦਾ ਬੰਦੋਬਸਤ ਬਹੁਤ ਲਚਕਦਾਰ ਸੀ। ਅਨਾਜ ਦੀਆਂ ਕੀਮਤਾਂ ਦੇ ਵਧਣ ਘਟਣ ਨਾਲ ਮਾਲੀਏ ਦੀ ਮਾਤਰਾ ਵਿਚ ਕੋਈ ਫਰਕ ਨਹੀ ਸੀ ਪੈਂਦਾ। ਮਾਲੀਆ ਤਿਆਰ ਜਾਂ ਵੱਢੀ ਫਸਲ ਦੇ ਅਨੁਸਾਰ ਲਗਾਇਆ ਜਾਂਦਾ ਸੀ ਜਿਸ ਕਰਕੇ ਉਸ ਦੀ ਮਾਤਰਾ ਕਿਸਾਨਾਂ ਦੀ ਉਪਜ ਦੇ ਅਨੁਸਾਰ ਆਪਣੇ ਆਪ ਵਧਦੀ ਘਟਦੀ ਰਹਿੰਦੀ ਸੀ। ਸਮੁੱਚੇ ਤੌਰ ਤੇ ਸਿੱਖ ਰਾਜ ਵਿਚ ਅੰਗਰੇਜ਼ੀ ਰਾਜ ਨਾਲੋਂ ਕਿਸਾਨਾਂ ਦੀ ਹਾਲਤ ਬਹੁਤ ਬਿਹਤਰ ਸੀ।

ਕਿਸਾਨਾਂ ਉੱਤੇ ਮਾਲੀਏ ਦਾ ਬੋਝ ਇਸ ਕਰਕੇ ਵੀ ਘੱਟ ਸੀ ਕਿਉਂਕਿ ਲਗਭਗ ਹਰ ਪਿੰਡ ਵਿਚੋਂ ਕਈ-ਕਈ ਆਦਮੀ ਖ਼ਾਲਸਾ ਫ਼ੌਜ ਵਿਚ ਨੌਕਰੀ ਕਰਦੇ ਸਨ। ਇਹ ਸਾਰੇ ਲੋਕ ਸਰਕਾਰ ਤੋਂ ਤਨਖ਼ਾਹਾਂ ਲੈਂਦੇ ਸਨ ਤੇ ਬਚਤ ਕਰ ਕੇ ਕਝ ਨਾ ਕੁਝ ਪੈਸਾ ਆਪਣੇ ਘਰੀਂ ਭੇਜਦੇ ਰਹਿੰਦੇ ਸਨ। ਇਸ ਤਰ੍ਹਾਂ ਜੇ ਇਕ ਪਾਸੇ ਮਾਲੀਏ ਰਾਹੀਂ ਪਿੰਡਾਂ ਵਿਚੋਂ ਰੁਪਿਆ ਪੈਸਾ ਸਰਕਾਰ ਦੇ ਖਜ਼ਾਨੇ ਵਿਚ ਜਾਂਦਾ ਰਹਿੰਦਾ ਸੀ ਤਾਂ ਦੂਜੇ ਪਾਸੇ ਸਰਕਾਰੀ ਖਜ਼ਾਨੇ ਦਾ ਰੁਪਿਆ ਪੈਸਾ ਪਿੰਡਾਂ ਵਿਚ ਵਾਪਸ ਆਉਂਦਾ ਰਹਿੰਦਾ ਸੀ।

ਉਸ ਸਮੇਂ ਖ਼ਾਲਸਾ ਰਾਜ ਖ਼ਾਸ ਦੇ ਕਿਸਾਨਾਂ ਪਾਸੋਂ ਮਾਲੀਆ ਇਕੱਠਾ ਕਰਨ ਲਈ ਤਿੰਨ ਮੁੱਖ ਪ੍ਰਣਾਲੀਆਂ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਸਨ। ਪਹਿਲੀ ਪ੍ਰਣਾਲੀ ਸਰਕਾਰ ਦੇ ਆਪਣੇ ਅਧਿਕਾਰੀਆਂ ਦੀ ਸੀ। ਹਰ ਪਰਗਨੇ ਵਿਚ ਇਸ ਦਾ ਇੰਚਾਰਜ ਪਰਗਨੇ ਦਾ ਮੁੱਖ ਅਧਿਕਾਰੀ ਕਾਰਦਾਰ ਹੁੰਦਾ ਸੀ। ਉਸ ਦੇ ਅਧੀਨ ਕਾਨੂੰਗੋ, ਪਟਵਾਰੀ ਤੇ ਮੁਕੱਦਮ ਕੰਮ ਕਰਦੇ ਸਨ। ਦੂਜੀ ਪ੍ਰਣਾਲੀ ਇਜਾਰਾਦਾਰਾਂ ਦੀ ਸੀ ਜਿਨ੍ਹਾਂ ਨੂੰ ਠੇਕੇ ਤੇ ਮਾਲੀਆ ਇਕੱਠਾ ਕਰਨ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਸੀ। ਤੀਜੀ ਪ੍ਰਣਾਲੀ ਜਾਗੀਰਦਾਰਾਂ ਦੀ ਸੀ ਜੋ ਆਪਣੀਆਂ ਜਾਗੀਰਾਂ ਦੇ ਕਿਸਾਨਾਂ ਤੋਂ ਆਪਣੇ ਬੰਦਿਆਂ ਦੁਆਰਾ ਮਾਲੀਆ ਉਗਰਾਹੁੰਦੇ ਸਨ। ਇਨ੍ਹਾਂ ਤਿੰਨਾਂ ਹੀ ਪ੍ਰਣਾਲੀਆਂ ਵਿਚ ਮਾਲੀਏ ਦੀ ਉਗਰਾਹੀ ਕੇਵਲ ਸਰਕਾਰ ਦੁਆਰਾ ਮਿਥੀਆਂ ਦਰਾਂ ਤੇ ਕੀਤੀ ਜਾ ਸਕਦੀ ਸੀ ਅਤੇ ਇਨ੍ਹਾਂ ਦਰਾਂ ਤੋਂ ਵਧੀਕ ਮਾਲੀਆ ਲੈਣਾ ਜੁਰਮ ਸੀ। ਫੇਰ ਵੀ ਇਹ ਸੰਭਾਵਨਾ ਹੋ ਸਕਦੀ ਸੀ ਕਿ ਕੋਈ ਆਦਮੀ ਕਿਸਾਨਾਂ ਕੋਲੋਂ ਵੱਧ ਮਾਲੀਆ ਵਸੂਲ ਕਰਨ ਦਾ ਜਤਨ ਕਰੇ। ਇਸ ਖ਼ਤਰੇ ਤੋਂ ਬਚਣ ਲਈ ਮਹਾਰਾਜਾ ਰਣਜੀਤ ਸਿੰਘ ਮੁਲਕ ਵਿਚ ਬਾਰ-ਬਾਰ ਦੌਰੇ ਕਰਦੇ ਰਹਿੰਦੇ ਸਨ। ਇਨ੍ਹਾਂ ਦੌਰਿਆਂ ਦੌਰਾਨ ਕੋਈ ਵੀ ਆਦਮੀ ਮਹਾਰਾਜ ਸਾਹਿਬ ਦੇ ਦਰਬਾਰ ਵਿਚ ਪਹੁੰਚ ਕੇ ਆਪਣੇ ਨਾਲ ਹੋਏ ਜਾਂ ਹੋ ਰਹੇ ਧੱਕੇ ਵਿਰੁੱਧ ਫਰਯਾਦ ਕਰ ਸਕਦਾ ਸੀ ਅਤੇ ਜੇ ਉਸ ਦੀ ਸ਼ਿਕਾਇਤ ਵਿਚ ਸਚਾਈ ਹੁੰਦੀ ਤਾਂ ਦੋਸ਼ੀ ਨੂੰ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ ਤਾਂ ਜੋ ਦੂਜਿਆਂ ਨੂੰ ਵੀ ਇਬਰਤ ਹਾਸਿਲ ਹੋਵੇ। ਇੱਥੇ ਇਹ ਵੀ ਦਸ ਦੇਣਾ ਜ਼ਰੂਰੀ ਜਾਪਦਾ ਹੈ ਕਿ ਜਿਹੜੇ ਜਾਗੀਰਦਾਰ ਈਮਾਨਦਾਰ ਨਹੀ ਸਨ ਹੁੰਦੇ ਉਨ੍ਹਾਂ ਨੂੰ ਵੱਡੇ-ਵੱਡੇ ਜੁਰਮਾਨੇ ਕਰ ਕੇ ਉਨ੍ਹਾਂ ਦਾ ਜ਼ੁਲਮ ਨਾਲ ਕਮਾਇਆ ਧਨ ਖੋਹ ਲਿਆ ਜਾਂਦਾ ਸੀ। ਕੇਵਲ ਇਹੀ ਨਹੀਂ, ਸਗੋਂ ਜਦੋਂ ਕੋਈ ਜਾਗੀਰਦਾਰ ਮਰਦਾ ਸੀ, ਉਸ ਦੀ ਸਾਰੀ ਜਾਇਦਾਦ ਤੇ ਸਰਕਾਰ ਕਬਜ਼ਾ ਕਰ ਲੈਂਦੀ ਸੀ ਅਤੇ ਉਸ ਵਿਚੋਂ ਉਸ ਦੇ ਪਰਿਵਾਰ ਦੇ ਜੀਆਂ ਦੇ ਗੁਜ਼ਾਰੇ ਲਈ ਯੋਗ ਭਾਗ ਛੱਡ ਕੇ ਬਾਕੀ ਸਾਰੀ ਸਰਕਾਰ ਦੀ ਮਲਕੀਅਤ ਵਿਚ ਰਖ ਲਈ ਜਾਂਦੀ ਸੀ। ਇਸ ਤਰ੍ਹਾਂ ਜਾਗੀਰਦਾਰਾਂ

ਦੀ ਧੱਕੇਸ਼ਾਹੀ ਨੂੰ ਜ਼ਿਆਦਾ ਨੁਕਸਾਨ ਪਹੁੰਚਾਉਣ ਤੋਂ ਰੋਕ ਲਿਆ ਜਾਂਦਾ ਸੀ।

ਜਾਗੀਰਦਾਰੀ ਉਸ ਜ਼ਮਾਨੇ ਦੀ ਇਕ ਮੰਨੀ-ਪਰਮੰਨੀ ਸੰਸਥਾ ਸੀ। ਉਸ ਸਮੇਂ ਜੋ ਪ੍ਰਸ਼ਾਸਨਿਕ ਸਿਲਸਿਲਾ ਚਾਲੂ ਸੀ, ਇਹ ਉਸ ਦਾ ਇਕ ਅਨਿਖੜਵਾਂ ਅੰਗ ਸਮਝੀ ਜਾਂਦੀ ਸੀ। ਪਰੰਤੂ ਸਿੱਖਾਂ ਦੇ ਵੇਲੇ ਮੁਗ਼ਲ ਕਾਲ ਦੇ ਮੁਕਾਬਲੇ ਵਿਚ ਜਾਗੀਰਦਾਰੀ ਦਾ ਪ੍ਰਸਾਰ ਕਾਫ਼ੀ ਘੱਟ ਸੀ। ਰਣਜੀਤ ਸਿੰਘ ਨੇ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਅਮਲੇ ਨੂੰ ਨਕਦ ਤਨਖ਼ਾਹਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸੇ ਤਰ੍ਹਾਂ ਫ਼ੌਜ ਵਿਚ ਨਕਦੀ ਵਿਚ ਤਨਖ਼ਾਹ ਦੇਣ ਦੀ ਪ੍ਰਥਾ ਚਾਲੂ ਕੀਤੀ ਸੀ। ਜਾਗੀਰਾਂ ਆਮ ਤੌਰ ਤੇ ਕੇਵਲ ਵੱਡੇ-ਵੱਡੇ ਅਧਿਕਾਰੀਆਂ ਨੂੰ ਹੀ ਦਿੱਤੀਆਂ ਜਾਂਦੀਆਂ ਸਨ। ਇਸ ਦੇ ਫਲਸਰੂਪ ਰਾਜ ਦਾ ਵਡੇਰਾ ਭਾਗ ਸਿੱਧੇ ਤੌਰ ਤੇ ਸਰਕਾਰ ਦੇ ਅਧਿਕਾਰ ਅਧੀਨ ਸੀ। ਅਨੁਮਾਨ ਲਾਇਆ ਗਿਆ ਹੈ ਕਿ ਜਾਗੀਰਾਂ ਅਧੀਨ ਜ਼ਮੀਨ ਦਾ ਕੁਲ ਖੇਤਰਫਲ ਸਮੁੱਚੇ ਰਾਜ ਦੇ ਤੀਜੇ ਹਿੱਸੇ ਤੋਂ ਵੱਧ ਨਹੀਂ ਸੀ।

ਖੇਤੀਬਾੜੀ ਦਾ ਕੰਮ ਕਰਨ ਵਾਲਿਆਂ ਵਿਚ ਵਡੀ ਬਹੁ-ਗਿਣਤੀ ਛੋਟੇ-ਛੋਟੇ ਮਾਲਿਕ ਕਿਸਾਨਾਂ ਦੀ ਸੀ ਜਿਨ੍ਹਾਂ ਨੂੰ ਆਪਣੀ ਜ਼ਮੀਨ ਵੇਚਣ ਜਾ ਗਹਿਣੇ ਪਾਉਣ ਦੀ ਇਜਾਜ਼ਤ ਸੀ। ਇਸ ਜ਼ਮੀਨ ਤੇ ਉਨ੍ਹਾਂ ਦਾ ਜੱਦੀ ਹੱਕ ਮੰਨਿਆ ਜਾਂਦਾ ਸੀ ਜਿਸ ਕਰਕੇ ਜਦੋਂ ਕੋਈ ਕਿਸਾਨ ਮਰ ਜਾਂਦਾ ਸੀ ਤਾਂ ਉਸ ਦੀ ਜ਼ਮੀਨ ਉਸ ਦੇ ਵਾਰਸਾਂ ਵਿਚ ਵੰਡੀ ਜਾਂਦੀ ਸੀ। ਵੰਡ ਦਾ ਨਿਰਭਰ ਉਨ੍ਹਾਂ ਨਿਯਮਾਂ ਉੱਤੇ ਸੀ ਜੋ ਸਮਾਜ ਦੇ ਆਮ ਰਿਵਾਜ ਅਨੁਸਾਰ ਪਹਿਲਾਂ ਤੋਂ ਪ੍ਰਵਾਨ ਹੋ ਚੁੱਕੇ ਹੋਏ ਸਨ। ਸਰਕਾਰ ਵੱਲੋਂ ਇਨ੍ਹਾਂ ਨਿਯਮਾਂ ਵਿਚ ਕੋਈ ਦਖ਼ਲਅੰਦਾਜ਼ੀ ਨਹੀਂ ਕੀਤੀ ਜਾਂਦੀ ਸੀ।

ਖੇਤੀਬਾੜੀ ਦਾ ਧੰਦਾ ਕਰਨ ਵਾਲਿਆਂ ਵਿਚ ਇਕ ਹੋਰ ਸ਼੍ਰੇਣੀ ਮੁਜ਼ਾਰਿਆਂ ਦੀ ਸੀ। ਇਹ ਲੋਕ ਦੂਜਿਆਂ ਦੀਆਂ ਜ਼ਮੀਨਾਂ ਤੇ ਕੰਮ ਕਰ ਕੇ ਗੁਜ਼ਾਰਾ ਕਰਦੇ ਸਨ। ਇਹ ਅਗਾਂਹ ਦੋ ਭਾਗਾਂ ਵਿਚ ਵੰਡੇ ਹੋਏ ਸਨ : (1) ਮੁਸਤਕਿਲ ਮੁਜ਼ਾਰੇ, (2) ਗ਼ੈਰ-ਮੁਸਤਕਿਲ ਮੁਜ਼ਾਰੇ। ਪਹਿਲੇ ਭਾਗ ਦੇ ਦੂਜੇ ਭਾਗ ਨਾਲੋਂ ਜ਼ਿਆਦਾ ਅਧਿਕਾਰ ਸਨ, ਜਿਵੇਂ ਕਿ ਪਹਿਲੇ ਭਾਗ ਦੇ ਆਦਮੀ ਆਪਣੀ ਜ਼ਮੀਨ ਦੇ ਮੁਜ਼ਾਰਾ ਅਧਿਕਾਰ ਅੱਗੇ ਆਪਣੀ ਸੰਤਾਨ ਨੂੰ ਦੇ ਸਕਦੇ ਸਨ ਪਰ ਇਹ ਹੱਕ ਦੂਜੇ ਭਾਗ ਦੇ ਮੁਜ਼ਾਰਿਆਂ ਨੂੰ ਪ੍ਰਾਪਤ ਨਹੀਂ ਸੀ। ਦੋਹਾਂ ਕਿਸਮਾਂ ਦੇ ਮੁਜ਼ਾਰਿਆਂ ਨੂੰ ਜ਼ਮੀਨ ਤੋਂ ਬੇਦਖ਼ਲ ਕੀਤਾ ਜਾ ਸਕਦਾ ਸੀ ਪਰ ਅਸਲ ਵਿਚ ਇੰਜ ਬਹੁਤ ਘੱਟ ਹੀ ਕੀਤਾ ਜਾਂਦਾ ਸੀ। ਆਮ ਧਾਰਨਾ ਇਹ ਸੀ ਕਿ ਜਿੰਨਾ ਚਿਰ ਕੋਈ ਮੁਜ਼ਾਰਾ ਆਪਣਾ ਮਾਲੀਆ ਬਾਕਾਇਦਾ ਤੌਰ ਤੇ ਦੇਈ ਜਾਂਦਾ ਹੈ, ਉੱਨਾ ਚਿਰ ਤੀਕ ਉਸ ਨੂੰ ਬੇਦਖ਼ਲ ਨਾ ਕੀਤਾ ਜਾਏ। ਕਈ ਹਾਲਤਾਂ ਵਿਚ ਸਰਕਾਰ ਮਾਲਕਾਂ ਦੀ ਥਾਂ ਮੁਜ਼ਾਰਿਆਂ ਕੋਲੋਂ ਮਾਲੀਆ ਪ੍ਰਵਾਨਿਤ ਦਰਾਂ ਤੇ ਸਿਧਾ ਉਗਰਾਹ ਲੈਂਦੀ ਸੀ। ਉਸ ਸੂਰਤ ਵਿਚ ਮੁਜ਼ਾਰਿਆਂ ਨੂੰ ਕੇਵਲ ਕੁਝ ਰਕਮ ਮਾਲਕਾਨਾ ਦੇ ਰੂਪ ਵਿਚ ਆਪਣੇ ਮਾਲਕਾਂ ਨੂੰ ਤਾਰਨੀ ਹੁੰਦੀ ਸੀ।

ਵਪਾਰੀਆਂ ਤੇ ਸਨਅਤਕਾਰਾਂ ਦੀ ਹਾਲਤ ਕਿਸਾਨਾਂ ਨਾਲੋਂ ਵੀ ਚੰਗੀ ਸੀ, ਜਿਵੇਂ ਕਿ ਆਮ ਹੋਇਆ ਕਰਦਾ ਹੈ। ਅਸਲ ਵਿਚ ਖ਼ਾਲਸਾ ਰਾਜ ਵਿਚ ਇਨ੍ਹਾਂ ਦੇ ਪੌਂ ਬਾਰਾਂ ਸਨ। ਸਰਕਾਰ ਨੂੰ ਆਪਣੀ ਫ਼ੌਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਹੁਤ ਬੜੀ ਮਾਤਰਾ ਵਿਚ ਕਪੜੇ ਦਾ ਸਾਮਾਨ, ਚਮੜੇ ਦਾ ਸਾਮਾਨ, ਲੋਹੇ ਦਾ ਸਾਮਾਨ, ਲਕੜੀ ਦਾ ਸਾਮਾਨ, ਗੋਲਾ

WWW.SIKHBOOKCLUB.COM 

ਬਾਰੂਦ, ਅਨਾਜ, ਸਬਜ਼ੀਆਂ, ਦਾਲਾਂ ਆਦਿ ਚਾਹੀਦੀਆਂ ਸਨ। ਇਸ ਮਨੋਰਥ ਲਈ ਜਿੱਥੇ ਜ਼ੋਰਦਾਰ ਖੇਤੀਬਾੜੀ ਦੀ ਲੋੜ ਸੀ, ਉੱਥੇ ਵਿਸਤ੍ਰਿਤ ਉਦਯੋਗ ਤੇ ਪ੍ਰਫੁਲਤ ਵਪਾਰ ਦੀ ਵੀ ਬਹੁਤ ਜ਼ਰੂਰਤ ਸੀ। ਮੁਆਫ਼ਿਕ ਹਾਲਾਤ ਵੇਖ ਕੇ ਮਾਹਰ ਆਦਮੀਆਂ ਨੇ ਲੋੜੀਂਦੀਆਂ ਚੀਜ਼ਾਂ ਵਸਤਾਂ ਤਿਆਰ ਕਰਨ ਲਈ ਕਾਰਖਾਨੇ ਖੋਲ੍ਹਣੇ ਸ਼ੁਰੂ ਕਰ ਦਿੱਤੇ। ਛੇਤੀ ਹੀ ਸਭ ਵੱਡੇ-ਵੱਡੇ ਸ਼ਹਿਰ ਜਿਵੇਂ ਕਿ ਅੰਮ੍ਰਿਤਸਰ, ਲਾਹੌਰ, ਮੁਲਤਾਨ, ਸਿਆਲਕੋਟ, ਪਿਸ਼ਾਵਰ, ਸ੍ਰੀਨਗਰ ਆਦਿ ਪ੍ਰਸਿੱਧ ਉਦਯੋਗਿਕ ਕੇਂਦਰ ਬਣ ਗਏ। ਕਈ ਗੱਲਾਂ ਵਿਚ ਸਰਕਾਰ ਦੂਜਿਆਂ ਉੱਤੇ ਨਿਰਭਰ ਕਰਨਾ ਨਹੀਂ ਚਾਹੁੰਦੀ ਸੀ ਅਤੇ ਉਸ ਨੇ ਆਪਣੇ ਸਰਕਾਰੀ ਕਾਰਖਾਨੇ ਖੋਲ੍ਹ ਦਿੱਤੇ। ਇਹ ਕਾਰਖ਼ਾਨੇ ਗੋਲਾ ਬਾਰੂਦ, ਬੰਦੂਕਾਂ, ਤੋਪਾਂ ਅਤੇ ਹੋਰ ਇਸ ਕਿਸਮ ਦਾ ਜੰਗੀ ਸਾਮਾਨ ਤਿਆਰ ਕਰਨ ਲਈ ਲਾਏ ਜਾਂਦੇ ਸਨ। ਪ੍ਰਾਈਵੇਟ ਕਾਰਖ਼ਾਨਿਆਂ ਵਿਚ ਤਿਆਰ ਹੋਏ ਸਾਮਾਨ ਦੀ ਸਰਕਾਰ ਹੀ ਸਭ ਤੋਂ ਵਡੀ ਗਾਹਕ ਸੀ। ਇਸ ਲਈ ਇਹ ਸਰਕਾਰ ਦੇ ਆਪਣੇ ਹਿਤ ਵਿਚ ਸੀ ਕਿ ਇਹ ਕਾਰਖਾਨੇ ਚੰਗੀ ਤਰ੍ਹਾਂ ਚਲਦੇ ਰਹਿਣ। ਉਦਯੋਗ ਵਾਂਗੂੰ ਵਪਾਰ ਦੀ ਹਾਲਤ ਵੀ ਬੜੀ ਚੰਗੀ ਸੀ ਭਾਵੇਂ ਕਿ ਇਸ ਰਸਤੇ ਵਿਚ ਇਕ ਵੱਡੀ ਰੁਕਾਵਟ ਇਹ ਸੀ ਕਿ ਵਪਾਰ ਦੇ ਸਮਾਨ ਉੱਤੇ ਥਾਂ-ਥਾਂ ਤੇ ਕਸਟਮ ਡਿਊਟੀ ਲਾਈ ਜਾਂਦੀ ਸੀ। ਸਰਕਾਰ ਦੀ ਵਪਾਰ ਵਿਚ ਦਿਲਚਸਪੀ ਦਾ ਇੱਥੋਂ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਕ ਦੋ ਵਾਰ ਮਹਾਰਾਜਾ ਰਣਜੀਤ ਸਿੰਘ ਨੇ ਆਪ ਸਰਕਾਰ ਵੱਲੋਂ ਸਾਮਾਨ ਖਰੀਦ ਕੇ ਬਾਹਰ ਭੇਜਿਆ ਸੀ।

ਸਮੁੱਚੇ ਤੌਰ ਤੇ ਖ਼ਾਲਸਾ ਰਾਜ ਵਿਚ ਹਾਲਾਤ ਇਸ ਪ੍ਰਕਾਰ ਦੇ ਸਨ ਕਿ ਲਗਭਗ ਸਾਰਿਆਂ ਲੋਕਾਂ ਲਈ ਰੁਜ਼ਗਾਰ ਦੇ ਚੰਗੇ ਚੋਖੇ ਅਵਸਰ ਮੌਜੂਦ ਸਨ। ਲੋਕ ਖੇਤੀਬਾੜੀ, ਵਪਾਰ, ਉਦਯੋਗ ਤੇ ਨੌਕਰੀ ਦੇ ਕੰਮਾਂ ਵਿਚ ਜੁਟ ਕੇ ਆਸਾਨੀ ਨਾਲ ਗੁਜ਼ਾਰਾ ਤੋਰ ਸਕਦੇ ਸਨ। ਬੇ-ਰੁਜ਼ਗਾਰੀ ਦੀ ਸਮੱਸਿਆ ਬਿਲਕੁਲ ਨਹੀਂ ਸੀ। ਉਸ ਸਮੇਂ ਜੋ ਬਦੇਸ਼ੀ ਯਾਤਰੂ ਪੰਜਾਬ ਵਿਚ ਆਏ, ਉਨ੍ਹਾਂ ਨੇ ਕਈ ਥਾਵਾਂ ਤੇ ਲਿਖਿਆ ਹੈ ਕਿ ਇੱਥੋਂ ਦੇ ਵਸਨੀਕ ਅੰਗਰੇਜ਼ੀ ਇਲਾਕਿਆਂ ਵਿਚ ਰਹਿਣ ਵਾਲਿਆਂ ਨਾਲੋਂ ਵਧੇਰੇ ਸੁਖੀ ਤੇ ਖ਼ੁਸ਼ਹਾਲ ਸਨ।

ਲੋਕਾਂ ਦੇ ਸੁਖੀ ਜੀਵਨ ਦਾ ਇਕ ਹੋਰ ਵੱਡਾ ਕਾਰਨ ਇਹ ਸੀ ਕਿ ਸਰਕਾਰ ਵੱਲੋਂ ਕਿਸੇ ਨਾਲ ਇਸ ਆਧਾਰ ਤੇ ਵਿਤਕਰਾ ਨਹੀਂ ਸੀ ਕੀਤਾ ਜਾਂਦਾ ਕਿ ਉਸ ਦਾ ਧਰਮ ਰਾਜੇ ਦੇ ਧਰਮ ਨਾਲੋਂ ਵੱਖਰਾ ਹੈ। ਸਭ ਧਰਮਾਂ ਵਾਲਿਆਂ ਨੂੰ ਆਪਣੇ-ਆਪਣੇ ਢੰਗ ਨਾਲ ਪੂਜਾ-ਪਾਠ ਜਾਂ ਇਬਾਦਤ ਕਰਨ ਦੀ ਖੁਲ੍ਹ ਸੀ ਅਤੇ ਸਭ ਧਰਮਾਂ ਦੇ ਪਵਿੱਤਰ ਅਸਥਾਨਾਂ ਨੂੰ ਪੂਰਾ-ਪੂਰਾ ਸਤਿਕਾਰ ਦਿੱਤਾ ਜਾਂਦਾ ਸੀ। ਸਗੋਂ ਉਨ੍ਹਾਂ ਵਿਚੋਂ ਵਧੇਰੇ ਪ੍ਰਸਿੱਧ ਅਸਥਾਨਾਂ ਨੂੰ ਸਰਕਾਰ ਵੱਲੋਂ ਜਾਗੀਰਾਂ ਬਖ਼ਸ਼ੀਆਂ ਹੋਈਆਂ ਸਨ। ਪਾਬੰਦੀ ਕੇਵਲ ਉਨ੍ਹਾਂ ਗੱਲਾਂ ਤੇ ਲਾਈ ਜਾਂਦੀ ਸੀ ਜਿਨ੍ਹਾਂ ਕਾਰਨ ਧਰਮਾਂ ਦੇ ਪਰਸਪਰ ਸੰਬੰਧ ਵਿਗੜਨ ਦਾ ਖਦਸ਼ਾ ਹੋ ਸਕਦਾ ਸੀ। ਜਿਵੇਂ ਕਿ ਗਊ-ਹੱਤਿਆ ਦਾ ਮਾਮਲਾ ਸੀ। ਹਿੰਦੂ ਸਿੱਖ ਇਸ ਦੇ ਸਖ਼ਤ ਵਿਰੋਧੀ ਸਨ। ਮੁਸਲਮਾਨ ਇਸ ਦੇ ਹੱਕ ਵਿਚ ਸਨ ਪਰ ਇਹ ਇਸਲਾਮ ਦਾ ਕੋਈ ਅਨਿੱਖੜਵਾਂ ਅੰਗ ਨਹੀਂ ਸੀ। ਸੋ ਸੰਪਰਦਾਇਕ ਸ਼ਾਂਤੀ ਦੇ ਹਿਤ ਵਿਚ ਗਊ-ਹੱਤਿਆ ਬੰਦ ਕਰ ਦਿੱਤੀ ਗਈ। ਨੌਕਰੀਆਂ ਦੇ ਸੰਬੰਧ ਵਿਚ ਵੀ ਕਿਸੇ ਧਰਮ ਨਾਲ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਜੇ ਕੋਈ ਆਦਮੀ ਲਾਇਕ ਹੈ, ਵਿਸ਼ਵਾਸ-ਯੋਗ

ਹੈ, ਭਾਵੇਂ ਉਹ ਹਿੰਦੂ ਹੈ, ਸਿੱਖ ਹੈ ਜਾਂ ਮੁਸਲਮਾਨ, ਭਾਵੇਂ ਉਹ ਪੰਜਾਬੀ ਹੈ ਜਾਂ ਗ਼ੈਰ-ਪੰਜਾਬੀ, ਹਿੰਦੁਸਤਾਨੀ ਹੈ ਜਾਂ ਗੈਰ-ਹਿੰਦੁਸਤਾਨੀ, ਉਸ ਲਈ ਤਰੱਕੀ ਦੇ ਦਰਵਾਜ਼ੇ ਖੁਲ੍ਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਵੱਡੇ ਵਜ਼ੀਰਾਂ, ਫ਼ੌਜੀ ਅਫ਼ਸਰਾਂ ਤੇ ਪ੍ਰਬੰਧਕਾਂ ਵਿਚ ਸਿੱਖ, ਹਿੰਦੂ ਤੇ ਮੁਸਲਮਾਨ ਸਭ ਸ਼ਾਮਿਲ ਸਨ। ਮਹਾਰਾਜਾ ਸਾਹਿਬ ਸਦਾ ਇਹ ਚਾਹੁੰਦੇ ਸਨ ਕਿ ਉਨ੍ਹਾਂ ਦੇ ਰਾਜ ਦਰਬਾਰ ਵਿਚ ਲਾਇਕ ਤੋਂ ਲਾਇਕ ਬੰਦੇ ਹੋਣ ਅਤੇ ਲਿਆਕਤ ਦੀ ਇਸ ਤਲਾਸ਼ ਵਿਚ ਉਹ ਹਮੇਸ਼ਾ ਧਰਮ ਜਾਂ ਇਲਾਕੇ ਦੇ ਸੌੜੇ ਦ੍ਰਿਸ਼ਟੀਕੋਣ ਤੋਂ ਆਪਣੇ ਆਪ ਨੂੰ ਉੱਪਰ ਰਖਣ ਦਾ ਜਤਨ ਕਰਦੇ ਸਨ।

ਜਿਹੜੇ ਰਸਮ-ਰਿਵਾਜ ਬੀਤੇ ਸਮੇਂ ਵਿਚ ਪ੍ਰਪੱਕ ਹੋ ਚੁੱਕੇ ਸਨ ਅਤੇ ਜਿਨ੍ਹਾਂ ਨੂੰ ਆਮ ਲੋਕਾਂ ਨੇ ਪ੍ਰਵਾਨ ਕਰ ਕੇ ਆਪਣੇ ਜੀਵਨ ਦਾ ਆਧਾਰ ਸਮਝਿਆ ਹੋਇਆ ਸੀ ਜਾਂ ਜਿਨ੍ਹਾਂ ਨੂੰ ਉਹ ਆਪਣੇ ਸਮਾਜਕ ਜੀਵਨ ਵਿਚ ਅਤੀ ਮਹੱਤਤਾ ਦਿੰਦੇ ਸਨ, ਸਿੱਖਾਂ ਨੇ ਉਨ੍ਹਾਂ ਨੂੰ ਪੂਰਾ ਆਦਰ ਸਤਿਕਾਰ ਦਿੱਤਾ ਅਤੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਸਰਕਾਰ ਵੱਲੋਂ ਉਨ੍ਹਾਂ ਦੀਆਂ ਇਨ੍ਹਾਂ ਪ੍ਰਥਾਵਾਂ ਵਿਚ ਕਿਸੇ ਪ੍ਰਕਾਰ ਦਾ ਕੋਈ ਦਖ਼ਲ ਨਹੀਂ ਦਿੱਤਾ ਜਾਏਗਾ। ਇਸੇ ਤਰ੍ਹਾਂ ਹੀ ਜਿਹੜੀਆਂ ਸੰਸਥਾਵਾਂ ਨੂੰ ਲੋਕਾਂ ਨੇ ਆਪਣੇ ਨਿਤ ਦੇ ਜੀਵਨ ਦਾ ਜ਼ਰੂਰੀ ਅੰਗ ਮੰਨਿਆ ਹੋਇਆ ਸੀ, ਸਰਕਾਰ ਨੇ ਨਾ ਕੇਵਲ ਉਨ੍ਹਾਂ ਨੂੰ ਚਾਲੂ ਰਖਣ ਦੀ ਆਗਿਆ ਹੀ ਦਿੱਤੀ ਸਗੋਂ ਉਨ੍ਹਾਂ ਦੀ ਚੰਗੇਰੀ ਕਾਰਜ ਕੁਸ਼ਲਤਾ ਵਾਸਤੇ ਯਥਾਸ਼ਕਤ ਸਹਾਇਤਾ ਵੀ ਦਿੱਤੀ। ਪੇਂਡੂ ਜੀਵਨ ਦਾ ਧੁਰਾ ਪਿੰਡ ਦੀ ਪੰਚਾਇਤ ਹੁੰਦੀ ਸੀ ਜੋ ਪੇਂਡੂਆਂ ਦੇ ਛੋਟੇ-ਮੋਟੇ ਮਾਮਲੇ ਨਜਿੱਠਣ ਦਾ ਜ਼ਰੂਰੀ ਕਰਤੱਵ ਨਿਭਾਉਂਦੀ ਸੀ। ਇਹ ਪੰਚਾਇਤਾਂ ਸਦੀਆਂ ਤੋਂ ਪੇਂਡੂ ਭਾਈਚਾਰਿਆਂ ਨੂੰ ਨਿਯਮਬੱਧ ਕਰਨ ਦਾ ਕੰਮ ਕਰਦੀਆਂ ਰਹੀਆਂ ਸਨ। ਪਿੰਡਾਂ ਦੇ ਵਸਨੀਕਾਂ ਦਾ ਇਨ੍ਹਾਂ ਵਿਚ ਵਿਸ਼ਵਾਸ ਜੰਮ ਚੁੱਕਿਆ ਸੀ। ਇਸ ਲਈ ਇਨ੍ਹਾਂ ਨੂੰ ਚਾਲੂ ਰਖਣਾ ਜਿਥੇ ਜ਼ਰੂਰੀ ਸੀ ਉਥੇ ਨਾਲ-ਨਾਲ ਲਾਭਦਾਇਕ ਵੀ ਸੀ। ਇਕ ਹੋਰ ਕਿਸਮ ਦੀਆਂ ਪੰਚਾਇਤਾਂ ਜਿਹੜੀਆਂ ਪਿੰਡਾਂ ਤੇ ਸ਼ਹਿਰਾਂ ਦੋਹਾਂ ਥਾਵਾਂ ਤੇ ਮਿਲਦੀਆਂ ਸਨ, ਜਾਤ-ਪਾਤ ਦੇ ਆਧਾਰ ਤੇ ਬਣਾਈਆਂ ਗਈਆਂ ਸਨ। ਹਿੰਦੂ ਸਮਾਜ ਵਿਚ ਅਣਗਿਣਤ ਜਾਤ-ਬਰਾਦਰੀਆਂ ਮੌਜੂਦ ਸਨ ਅਤੇ ਲਗਭਗ ਹਰ ਜਾਤ-ਬਰਾਦਰੀ ਦੀ ਪੰਚਾਇਤ ਹੁੰਦੀ ਸੀ ਜੋ ਉਸ ਬਰਾਦਰੀ ਨਾਲ ਸੰਬੰਧਤ ਮਾਮਲਿਆਂ ਦੀ ਦੇਖਭਾਲ ਕਰਦੀ ਸੀ। ਉਸ ਨੇ ਵੇਖਣਾ ਹੁੰਦਾ ਸੀ ਕਿ ਬਰਾਦਰੀ ਵਿਚ ਜਨਮ, ਵਿਆਹ, ਮੌਤ ਆਦਿ ਸੰਬੰਧੀ ਜੋ ਰੀਤਾਂ-ਰਸਮਾਂ ਕੀਤੀਆਂ ਜਾਂਦੀਆਂ ਸਨ, ਕੀ ਉਹ ਉਨ੍ਹਾਂ ਦੇ ਪ੍ਰਵਾਨਿਤ ਨਿਯਮਾਂ ਦੇ ਅਨੁਸਾਰ ਹਨ ਜਾਂ ਨਹੀਂ। ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ ਸੀ ਅਤੇ ਜੇ ਲੋੜ ਪਏ ਤਾਂ ਦੋਸ਼ੀਆਂ ਨੂੰ ਸਖ਼ਤ ਸਜ਼ਾ ਵੀ ਦਿੱਤੀ ਜਾਂਦੀ ਸੀ। ਜੇ ਦੋਸ਼ ਗੰਭੀਰ ਹੋਵੇ ਤਾਂ ਬਰਾਦਰੀ ਵਿਚੋਂ ਖਾਰਜ ਕਰ ਦਿੱਤਾ ਜਾਂਦਾ ਸੀ ਜੋ ਉਸ ਸਮੇਂ ਬੜੀ ਸਖਤ ਸਜ਼ਾ ਸਮਝੀ ਜਾਂਦੀ ਸੀ। ਦੂਸਰੇ ਬੰਨੇ ਜੇ ਬਰਾਦਰੀ ਦਾ ਕੋਈ ਮੈਂਬਰ ਕਦੇ ਤਕਲੀਫ਼ ਵਿਚ ਹੋਵੇ, ਰੁਪਏ ਪੈਸੇ ਕਰਕੇ ਜਾਂ ਬਿਮਾਰੀ ਕਰਕੇ, ਤਾਂ ਪੰਚਾਇਤ ਦਾ ਫਰਜ਼ ਹੁੰਦਾ ਸੀ ਕਿ ਉਸ ਦੀ ਸਹਾਇਤਾ ਕਰੇ।

ਦਸਤਕਾਰਾਂ, ਸਨਅਤਕਾਰਾਂ ਤੇ ਵਪਾਰੀਆਂ, ਜਿਨ੍ਹਾਂ ਦੀ ਵਸੋਂ ਆਮ ਤੌਰ ਤੇ ਸ਼ਹਿਰਾਂ ਜਾਂ ਵੱਡੇ ਨਗਰਾਂ ਵਿਚ ਹੁੰਦੀ ਸੀ, ਨੇ ਆਪਣੇ ਗਿਲਡ ਜਾਂ ਸੰਘ ਬਣਾਏ ਹੋਏ ਹੁੰਦੇ ਸਨ। ਹਰ

WWW.SIKHBOOKCLUB.COM 

ਗਿਲਡ ਆਪਣੇ ਮੈਂਬਰਾਂ ਦੀ ਖੈਰ-ਸੁਖ ਦਾ ਧਿਆਨ ਰਖਦਾ ਸੀ ਅਤੇ ਔਖੇ ਵੇਲੇ ਉਨ੍ਹਾਂ ਦੀ ਸਹਾਇਤਾ ਕਰਦਾ ਸੀ। ਇਸ ਤੋਂ ਇਲਾਵਾ ਇਨ੍ਹਾਂ ਗਿਲਡਾਂ ਦਾ ਇਕ ਵੱਡਾ ਕਰਤੱਵ ਇਹ ਹੁੰਦਾ ਸੀ ਕਿ ਆਪਣੇ-ਆਪਣੇ ਪੇਸ਼ੇ ਦੇ ਮਿਆਰ ਨੂੰ ਡਿਗਣ ਨਾ ਦੇਣ, ਸਗੋਂ ਜੇ ਹੋ ਸਕੇ ਤਾਂ ਇਸ ਨੂੰ ਉੱਚਾ ਕਰਨ ਦਾ ਜਤਨ ਕਰਨ। ਛੋਟੇ ਬੱਚਿਆਂ ਨੂੰ ਕੰਮ ਸਿਖਾਉਣ ਦਾ ਪ੍ਰਬੰਧ ਕਰਨਾ, ਦਸਤਕਾਰੀ ਲਈ ਕੱਚਾ ਮਾਲ ਖਰੀਦਣਾ, ਤਿਆਰ ਹੋਇਆ ਮਾਲ ਵੇਚਣਾ, ਕਾਰੀਗਰਾਂ ਦੀਆਂ ਉਜਰਤਾਂ ਦਾ ਭੁਗਤਾਨ ਕਰਨਾ ਅਤੇ ਮੈਂਬਰਾਂ ਦੇ ਭੇਦਭਾਵ ਤੇ ਝਗੜੇ ਨਿਪਟਾਉਣਾ ਆਦਿ ਗਿਲਡ ਦੇ ਹੋਰ ਵਿਸ਼ੇਸ਼ ਕਰਤੱਵ ਸਨ।

ਜਿਵੇਂ ਸਿੱਖ ਸ਼ਾਸਕਾਂ ਨੇ ਪਿੰਡਾਂ ਦੀਆਂ ਪੰਚਾਇਤਾਂ, ਜਾਤ ਬਰਾਦਰੀਆਂ ਤੇ ਗਿਲਡਾਂ ਨੂੰ ਪ੍ਰਵਾਨ ਕਰ ਕੇ ਸਤਿਕਾਰਿਆ ਤੇ ਉਨ੍ਹਾਂ ਨੂੰ ਬੇ-ਰੋਕ ਟੋਕ ਕੰਮ ਕਰਨ ਦੀ ਆਗਿਆ ਦਿੱਤੀ, ਤਿਵੇਂ ਹੀ ਉਨ੍ਹਾਂ ਨੇ ਜਾਗੀਰਦਾਰੀ ਪ੍ਰਥਾ ਨੂੰ ਸਵੀਕਾਰ ਕੀਤਾ ਤੇ ਉਸ ਨੂੰ ਆਪਣੇ ਮੁਲਕੀ ਤੇ ਫ਼ੌਜੀ ਪ੍ਰਸ਼ਾਸਨ ਦਾ ਮੁੱਖ ਅੰਗ ਬਣਾਇਆ। ਇਹ ਪ੍ਰਥਾ ਬਹੁਤ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਸੀ। ਮੁਗ਼ਲਾਂ ਨੇ ਇਸ ਦਾ ਖੂਬ ਵਿਸਥਾਰ ਕੀਤਾ ਸੀ ਅਤੇ ਇਸ ਨੂੰ ਆਪਣੇ ਸੈਨਿਕ ਤੇ ਮੁਲਕੀ ਪ੍ਰਬੰਧ ਦੀ ਆਧਾਰਸ਼ਿਲਾ ਬਣਾਇਆ ਸੀ। ਉਨ੍ਹਾਂ ਦੇ ਪੈਰ-ਚਿੰਨ੍ਹਾਂ ਤੇ ਚਲਦੇ ਹੋਏ ਮਹਾਰਾਜਾ ਰਣਜੀਤ ਸਿੰਘ ਨੇ ਵੀ ਜਾਗੀਰਦਾਰੀ ਸਿਲਸਿਲੇ ਨੂੰ ਅਪਣਾਇਆ। ਉਸ ਦੀ ਫ਼ੌਜ ਦੇ ਸਭ ਵੱਡੇ ਅਫ਼ਸਰਾਂ ਕੋਲ ਜਾਗੀਰਾਂ ਸਨ। ਇਸੇ ਤਰ੍ਹਾਂ ਉਸ ਦੇ ਸਿਵਲ ਵਿਭਾਗਾਂ ਦੇ ਮੁੱਖ ਅਧਿਕਾਰੀਆਂ ਨੂੰ ਜਾਗੀਰਾਂ ਦਿੱਤੀਆਂ ਹੋਈਆਂ ਸਨ। ਇਨ੍ਹਾਂ ਜਾਗੀਰਾਂ ਦੀਆਂ ਅੱਗੋਂ ਕਈ ਕਿਸਮਾਂ ਸਨ : (1) ਇਨਾਮ ਜਾਗੀਰਾਂ—ਇਹ ਬਹਾਦਰੀ ਜਾਂ ਕਿਸੇ ਹੋਰ ਚੰਗੇ ਕੰਮ ਦੀ ਕਦਰਦਾਨੀ ਵਜੋਂ ਦਿੱਤੀਆਂ ਜਾਂਦੀਆਂ ਸਨ। (2) ਤਨਖ਼ਾਹ ਜਾਗੀਰਾਂ—ਇਹ ਨਕਦ ਤਨਖ਼ਾਹ ਦੀ ਥਾਂ ਦਿੱਤੀਆਂ ਜਾਂਦੀਆਂ ਸਨ। ਇਹ ਜ਼ਰੂਰੀ ਨਹੀਂ ਸੀ ਕਿ ਇਨ੍ਹਾਂ ਦੀ ਆਮਦਨੀ ਵਿਚੋਂ ਜਾਗੀਰਦਾਰਾਂ ਦੇ ਸੈਨਿਕਾਂ ਦੀਆਂ ਤਨਖ਼ਾਹਾਂ ਵੀ ਦਿੱਤੀਆਂ ਜਾਣ। (3) ਸੈਨਿਕ ਜਾਗੀਰਾਂ—ਇਹ ਉਹ ਸਨ ਜੋ ਕਿਸੇ ਜਾਗੀਰਦਾਰ ਨੂੰ ਇਸ ਸ਼ਰਤ ਤੇ ਦਿੱਤੀਆਂ ਜਾਂਦੀਆਂ ਸਨ ਕਿ ਉਹ ਸਰਕਾਰ ਦੇ ਆਦੇਸ਼ ਅਨੁਸਾਰ ਮਿਥੀ ਗਈ ਗਿਣਤੀ ਵਿਚ ਸੈਨਿਕ ਰਖੇਗਾ ਅਤੇ ਲੋੜ ਪੈਣ ਤੇ ਇਨ੍ਹਾਂ ਨਾਲ ਸਰਕਾਰ ਦੀ ਸਹਾਇਤਾ ਕਰੇਗਾ। ਉਸ ਦੀ ਆਪਣੀ ਤਨਖ਼ਾਹ ਵੀ ਇਸ ਜਾਗੀਰ ਦੀ ਆਮਦਨੀ ਵਿਚ ਸ਼ਾਮਿਲ ਕੀਤੀ ਜਾਂਦੀ ਸੀ। (4) ਗੁਜ਼ਾਰਾ ਜਾਗੀਰਾਂ—ਇਹ ਆਮ ਤੌਰ ਤੇ ਪਰਾਜਿਤ ਹੋਏ ਦੁਸ਼ਮਣਾਂ ਨੂੰ ਜਾਂ ਕਿਸੇ ਅਧਿਕਾਰੀ, ਸਰਦਾਰ ਜਾਂ ਫ਼ੌਜੀ ਅਫ਼ਸਰ ਦੇ ਦੇਹਾਂਤ ਤੇ ਉਸ ਦੇ ਪਰਿਵਾਰ ਨੂੰ ਗੁਜ਼ਾਰੇ ਵਜੋਂ ਦਿੱਤੀਆਂ ਜਾਂਦੀਆਂ ਸਨ। (5) ਵਤਨ ਜਾਗੀਰਾਂ—ਇਹ ਪੱਕੀਆਂ ਜਾਂ ਜੱਦੀ ਜਾਗੀਰਾਂ ਹੁੰਦੀਆਂ ਸਨ ਅਤੇ ਇਨ੍ਹਾਂ ਦੇ ਮਾਲਿਕਾਂ ਨੂੰ ਦੂਸਰੇ ਜਾਗੀਰਦਾਰਾਂ ਵਾਂਗੂ ਤਬਦੀਲ ਨਹੀਂ ਸੀ ਕੀਤਾ ਜਾ ਸਕਦਾ। ਇਹ ਮੁਗ਼ਲਾਂ ਦੇ ਜ਼ਿਮੀਦਾਰਾਂ ਦੀਆਂ ਜਾਗੀਰਾਂ ਨਾਲ ਮੇਲ ਖਾਂਦੀਆਂ ਸਨ। ਇਨ੍ਹਾਂ ਪੰਜਾਂ ਤੋਂ ਇਲਾਵਾ ਇਕ ਧਰਮ-ਅਰਥ ਜਾਗੀਰਾਂ ਦੀ ਸ਼੍ਰੇਣੀ ਸੀ। ਇਹ ਜਾਗੀਰਾਂ ਆਮ ਤੌਰ ਤੇ ਛੋਟੀਆਂ-ਛੋਟੀਆਂ ਹੁੰਦੀਆਂ ਸਨ, ਭਾਵੇਂ ਵਿਸ਼ੇਸ਼ ਹਾਲਤਾਂ ਵਿਚ ਇਨ੍ਹਾਂ ਦਾ ਆਕਾਰ ਕਾਫ਼ੀ ਬੜਾ ਵੀ ਹੋ ਸਕਦਾ ਸੀ, ਜਿਵੇਂ ਕਿ ਨਨਕਾਣਾ ਸਾਹਿਬ ਦੀ ਜਾਗੀਰ। ਅਨੁਮਾਨ ਲਾਇਆ ਗਿਆ ਹੈ ਕਿ ਰਾਜ ਦੇ ਕੁਲ ਖੇਤਰਫਲ ਦਾ ਤੀਜੇ ਭਾਗ ਤੋਂ ਕੁਝ ਵੱਧ ਹਿੱਸਾ

ਜਾਗੀਰਦਾਰਾਂ ਦੇ ਅਧੀਨ ਸੀ। ਪਰ ਇਸ ਦਾ ਇਹ ਭਾਵ ਨਹੀਂ ਕਿ ਹਰ ਜਾਗੀਰਦਾਰ ਨੂੰ ਆਪਣੀ ਜਾਗੀਰ ਦੇ ਇਲਾਕੇ ਵਿਚ ਪ੍ਰਸ਼ਾਸਨਕ ਜ਼ਿੰਮੇਵਾਰੀ ਵੀ ਦਿੱਤੀ ਹੋਈ ਸੀ। ਇਹ ਜ਼ਿੰਮੇਵਾਰੀ ਆਮ ਤੌਰ ਤੇ ਕੇਵਲ ਜੱਦੀ ਜਾਂ ਵਤਨ ਜਾਗੀਰਾਂ ਵਾਲੇ ਜਾਗੀਰਦਾਰਾਂ ਨੂੰ ਹੀ ਹਾਸਿਲ ਸੀ। ਬਾਕੀ ਜਾਗੀਰਾਂ ਵਿਚ ਉਨ੍ਹਾਂ ਦਾ ਸੰਬੰਧ ਸਿਰਫ਼ ਮਾਲੀਆ ਉਗਰਾਹੁਣ ਨਾਲ ਹੀ ਹੁੰਦਾ ਸੀ। ਇਹ ਉਗਰਾਹੀ ਵੀ ਵਧੇਰੇ ਕਰਕੇ ਸਰਕਾਰੀ ਅਮਲੇ ਦੇ ਰਾਹੀਂ ਕੀਤੀ ਜਾਂਦੀ ਸੀ। ਜਾਗੀਰਦਾਰ ਆਪਣੇ ਵੱਲੋਂ ਕੋਈ ਕਾਰਮੁਖਤਿਆਰ ਨਿਯੁਕਤ ਕਰ ਦਿੰਦੇ ਸਨ ਜੋ ਮਾਲੀਆ ਇਕੱਤਰ ਕਰਾਉਣ ਤੇ ਇਕੱਤਰ ਕੀਤੇ ਮਾਲੀਏ ਦੀ ਸੰਭਾਲ ਕਰਨ ਦੇ ਕਰਤੱਵ ਨਿਭਾਉਂਦੇ ਸਨ। ਜਾਗੀਰਦਾਰ ਆਪ ਵੀ ਕਦੀ ਕਦਾਈਂ ਆਪਣੇ ਇਲਾਕਿਆਂ ਵਿਚ ਫੇਰੀ ਲਾਉਂਦੇ ਸਨ ਪਰ ਅਕਸਰ ਉਹ ਗੈਰਹਾਜ਼ਰ ਹੀ ਰਹਿੰਦੇ ਸਨ ਅਤੇ ਸਭ ਕੁਝ ਆਪਣੇ ਮੁਖਤਿਆਰਾਂ ਤੇ ਹੀ ਛੱਡ ਦਿੰਦੇ ਸਨ ਜਿਸ ਕਰਕੇ ਮੁਖਤਿਆਰਾਂ ਨੂੰ ਆਪਣੇ ਨਿਜੀ ਹਿਤ ਪਾਲਣ ਦਾ ਖੁਲ੍ਹਾ ਅਵਸਰ ਮਿਲ ਜਾਂਦਾ ਸੀ। ਉਸ ਸਮੇਂ ਦੇ ਸਮਾਜ ਵਿਚ ਜਾਗੀਰਦਾਰਾਂ ਦਾ ਬਹੁਤ ਉੱਚਾ ਅਸਥਾਨ ਸੀ। ਉਨ੍ਹਾਂ ਨੂੰ ਹੀ ਸਭ ਤੋਂ ਉਤਲੀ ਸਮਾਜਕ ਸ਼੍ਰੇਣੀ ਸਮਝਿਆ ਜਾਂਦਾ ਸੀ, ਜਾਂ ਇਹ ਕਹਿ ਲਓ ਕਿ ਸਮਾਜ ਦੀ ਸਭ ਤੋਂ ਵੱਡੀ ਸ਼੍ਰੇਣੀ ਵਿਚ ਜੋ ਲੋਕ ਸ਼ਾਮਿਲ ਸਨ, ਉਹ ਬਹੁਤੇ ਜਾਗੀਰਦਾਰਾਂ ਵਿਚੋਂ ਸਨ। ਛੋਟੇ ਜਾਗੀਰਦਾਰ ਉਨ੍ਹਾਂ ਵਿਚ ਸ਼ਾਮਿਲ ਨਹੀਂ ਸਨ। ਮਾਲੀ ਹਾਲਤ ਵਿਚ ਉਤਲੀ ਸ਼੍ਰੇਣੀ ਦੇ ਜਾਗੀਰਦਾਰਾਂ ਅਤੇ ਦੂਜੀਆਂ ਸ਼੍ਰੇਣੀਆਂ (ਮੱਧ ਵਰਗ ਤੇ ਹੇਠਲਾ ਵਰਗ) ਦੇ ਦਰਮਿਆਨ ਬੜਾ ਵੱਡਾ ਪਾੜਾ ਸੀ। ਉੱਪਰ ਵਾਲਿਆਂ ਦਾ ਜੀਵਨ ਸਤਰ ਥਲੇ ਦੀਆਂ ਦੋਵਾਂ ਸ਼੍ਰੇਣੀਆਂ ਦੇ ਮੁਕਾਬਲੇ ਵਿਚ ਬਹੁਤ ਉੱਚਾ ਸੀ। ਇਹ ਲੋਕ ਕਿਲਿਆਂ ਵਰਗੀਆਂ ਵੱਡੀਆਂ ਪੱਕੀਆਂ ਹਵੇਲੀਆਂ ਵਿਚ ਰਿਹਾਇਸ਼ ਰਖਦੇ ਸਨ ਅਤੇ ਇਨ੍ਹਾਂ ਦੀ ਸੇਵਾ ਵਿਚ ਨੌਕਰਾਂ ਚਾਕਰਾਂ ਦੀ ਭੀੜ ਲਗੀ ਰਹਿੰਦੀ ਸੀ। ਸ਼ਿਕਾਰ ਖੇਡਣਾ, ਸ਼ਰਾਬ ਪੀਣਾ, ਰਖੇਲਾਂ ਰਖਣਾ, ਚੰਗੇ ਘੋੜੇ ਤੇ ਹਥਿਆਰ ਇਕੱਠੇ ਕਰਨਾ ਇਨ੍ਹਾਂ ਦੇ ਆਮ ਸ਼ੁਗਲ ਸਨ।

ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀਆ ਧਾਰਮਕ ਸ਼੍ਰੇਣੀਆਂ ਵੱਲ ਸਿੱਖ ਸ਼ਾਸਕਾਂ ਦਾ ਰਵੱਈਆ ਵਿਸ਼ੇਸ਼ ਕਰਕੇ ਉਦਾਰਤਾਪੂਰਨ ਸੀ। ਇਨ੍ਹਾਂ ਲੋਕਾਂ ਦਾ ਸਮਾਜ ਵਿਚ ਬਹੁਤ ਜ਼ਿਆਦਾ ਪ੍ਰਭਾਵ ਸੀ। ਆਮ ਜਨਤਾ ਅਨਪੜ੍ਹ ਸੀ। ਲੋਕਾਂ ਵਿਚ ਧਾਰਮਕ ਰੁਚੀ ਬਹੁਤ ਸੀ ਪਰ ਗਿਆਨ ਨਾ ਹੋਣ ਕਰਕੇ ਉਹ ਅੰਧ-ਵਿਸ਼ਵਾਸਾਂ ਵਿਚ ਫਸੇ ਹੋਏ ਸਨ। ਕਈ ਮੜ੍ਹੀਆਂ ਤੇ ਕਬਰਾਂ ਦੀ ਪੂਜਾ ਕਰਦੇ ਸਨ, ਕਈ ਸਾਧਾਂ, ਫਕੀਰਾਂ ਜਾਂ ਜੋਗੀਆਂ ਦੇ ਮਗਰ ਲਗੇ ਹੋਏ ਸਨ। ਕਈ ਰੁਖਾਂ, ਸਪਾਂ, ਗਾਲੜਾਂ ਤੇ ਚੂਹਿਆਂ ਦੀ ਪੂਜਾ ਕਰਦੇ ਸਨ। ਕੋਈ ਕਿਸੇ ਦੇਵੀ ਨੂੰ ਧਿਆਉਂਦਾ ਸੀ ਤੇ ਕੋਈ ਕਿਸੇ ਠਾਕਰ ਨੂੰ ਪੂਜਦਾ ਸੀ। ਇਸ ਸਥਿਤੀ ਵਿਚ ਕੁਦਰਤੀ ਤੌਰ ਤੇ ਬ੍ਰਾਹਮਣਾਂ, ਤਪਿਆਂ, ਭਾਈਆਂ, ਬੇਦੀਆਂ, ਸੋਢੀਆਂ, ਨਿਹੰਗਾਂ, ਮੁਲਾਂ ਮੁਲਾਣਿਆਂ, ਸ਼ੇਖਾਂ ਤੇ ਸੱਯਦਾਂ ਦਾ ਉਨ੍ਹਾਂ ਉੱਤੇ ਬਹੁਤ ਪ੍ਰਭਾਵ ਸੀ। ਇਕ ਤਾਂ ਇਹ ਉਨ੍ਹਾਂ ਦੇ ਸਤਿਕਾਰਯੋਗ ਧਾਰਮਕ ਆਗੂ ਅਖਵਾਉਂਦੇ ਸਨ। ਦੂਸਰੇ, ਉਨ੍ਹਾਂ ਨੂੰ ਆਪਣੇ ਹਰ ਸਮਾਗਮ ਵਿਚ ਇਨ੍ਹਾਂ ਦੀ ਸਹਾਇਤਾ ਲੈਣੀ ਪੈਂਦੀ ਸੀ ਅਤੇ ਕਿਉਂਕਿ ਅਜਿਹੇ ਸਮਾਗਮ ਆਮ ਚਲਦੇ ਹੀ ਰਹਿੰਦੇ ਸਨ, ਇਸ ਲਈ ਉਨ੍ਹਾਂ ਦੀ ਇਨ੍ਹਾਂ ਤੇ ਨਿਰਭਰਤਾ ਸਦੀਵੀ ਕਿਸਮ ਦੀ ਬਣ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ

ਇਹ ਵੇਖ ਕੇ ਕਿ ਇਨ੍ਹਾਂ ਧਾਰਮਕ ਸ਼੍ਰੇਣੀਆਂ ਦਾ ਆਮ ਲੋਕਾਂ ਉੱਤੇ ਕਿੰਨਾ ਜ਼ਿਆਦਾ ਪ੍ਰਭਾਵ ਹੈ, ਇਨ੍ਹਾਂ ਨੂੰ ਆਪਣੀ ਮਿਹਰ ਦਾ ਪਾਤਰ ਬਣਾਇਆ, ਧਰਮ ਅਰਥ ਜਾਗੀਰਾਂ ਬਖ਼ਸ਼ੀਆਂ, ਨੌਕਰੀਆਂ ਦਿੱਤੀਆਂ, ਰੁਪਏ ਪੈਸੇ ਦੀ ਮਦਦ ਦਿੱਤੀ ਤੇ ਆਦਰ ਮਾਣ ਦਿੱਤਾ। ਇਸ ਦੇ ਬਦਲੇ ਵਿਚ ਇਨ੍ਹਾਂ ਸਭਨਾਂ ਨੇ ਮਹਾਰਾਜਾ ਸਾਹਿਬ ਦਾ ਜਸ ਗਾਇਆ ਅਤੇ ਉਸ ਦੇ ਰਾਜ ਦੇ ਹੱਕ ਵਿਚ ਪ੍ਰਚਾਰ ਕੀਤਾ ਜਿਸ ਕਾਰਨ ਸਿੱਖ ਰਾਜ ਦੀਆਂ ਜੜ੍ਹਾਂ ਨੂੰ ਮਜ਼ਬੂਤੀ ਮਿਲੀ।

ਪੁਰਾਣੀਆਂ ਸੰਸਥਾਵਾਂ ਨੂੰ ਪ੍ਰਵਾਨ ਕਰਨ ਤੇ ਸਤਿਕਾਰਨ ਤੇ ਧਾਰਮਕ ਸ਼੍ਰੇਣੀਆਂ ਨੂੰ ਨਿਵਾਜਣ ਦੀ ਨੀਤੀ ਦੇ ਕਈ ਮਹੱਤਵਪੂਰਨ ਸਿੱਟੇ ਨਿਕਲੇ। ਸਭ ਸ਼੍ਰੇਣੀਆਂ ਦੇ ਲੋਕ ਸੰਤੁਸ਼ਟ ਸਨ। ਪਿੰਡਾਂ ਵਿਚ ਵਸਣ ਵਾਲੇ ਆਮ ਲੋਕਾਂ ਨੂੰ ਖ਼ੁਸ਼ੀ ਸੀ ਕਿ ਉਨ੍ਹਾਂ ਦੀਆਂ ਪੰਚਾਇਤਾਂ ਤੇ ਉਹਨਾਂ ਦੇ ਪੁਰਾਣੇ ਰਿਵਾਜਾ ਤੇ ਰਸਮਾ ਨੂੰ ਸਰਕਾਰ ਨੇ ਪੂਰੀ ਮਾਣਤਾ ਦਿੱਤੀ ਹੈ। ਮੱਧ-ਸ਼੍ਰੇਣੀ, ਜਿਸ ਵਿਚ ਵਪਰੇ ਵਪਾਰੀ ਤੇ ਸਨਅਤਕਾਰ ਸ਼ਾਮਿਲ ਸਨ, ਪ੍ਰਸੰਨ ਸੀ ਕਿ ਉਸ ਨੂੰ ਆਪਣੇ ਕਾਰੋਬਾਰਾ ਦੇ ਪਸਾਰ ਵਿਚ ਸਰਕਾਰ ਵੱਲੋਂ ਪੂਰੀ ਸਹਾਇਤਾ ਮਿਲ ਰਹੀ ਹੈ ਅਤੇ ਉਨ੍ਹਾਂ ਦੇ ਪੇਸ਼ਾਵਰ ਗਿਰਡਲਾਂ ਨੂੰ ਆਜ਼ਾਦੀ ਨਾਲ ਕੰਮ ਦੀ ਆਗਿਆ ਦਿੱਤੀ ਜਾ ਰਹੀ ਹੈ। ਉਤਲੀ ਸ਼੍ਰੇਣੀ, ਜਿਸ ਵਿਚ ਵੱਡੇ-ਵੱਡੇ ਰਾਜ ਅਧਿਕਾਰੀ ਤੇ ਜਾਗੀਰਦਾਰ ਸ਼ਾਮਿਲ ਸਨ, ਨੂੰ ਤਸੱਲੀ ਸੀ ਕਿ ਸਰਕਾਰ ਨੇ ਜਾਗੀਰਦਾਰੀ ਪ੍ਰਣਾਲੀ ਨੂੰ ਪ੍ਰਸ਼ਾਸਨ ਤੇ ਫ਼ੌਜੀ ਸੰਗਠਨ ਵਿਚ ਇੰਨੀ ਮਹੱਤਤਾ ਦਿੱਤੀ ਹੈ। ਇਸੇ ਤਰ੍ਹਾਂ ਵੱਖ-ਵੱਖ ਧਰਮਾਂ ਦੀਆਂ ਧਾਰਮਕ ਸ਼੍ਰੇਣੀਆਂ ਨੂੰ ਸਰਕਾਰ ਦੀ ਉਦਾਰਤਾਪੂਰਨ ਨੀਤੀ ਬਹੁਤ ਪਸੰਦ ਸੀ। ਸਰਕਾਰ ਲਈ ਵੀ ਇਹ ਗੱਲ ਬੜੀ ਮਹਾਨਤਾ ਰਖਦੀ ਸੀ ਕਿ ਲੋਕ ਉਸ ਦੀਆਂ ਨੀਤੀਆਂ ਨਾਲ ਸੰਤੁਸ਼ਟ ਸਨ। ਇਸ ਦਾ ਰਾਜਨੀਤਕ ਤੌਰ ਤੇ ਸਰਕਾਰ ਨੂੰ ਬੜਾ ਲਾਭ ਪ੍ਰਾਪਤ ਹੋਇਆ। ਖ਼ਾਲਸਾ ਰਾਜ ਜਿਸ ਨੂੰ ਆਰੰਭ ਹੋਇਆਂ ਅਜੇ ਬਹੁਤਾ ਚਿਰ ਨਹੀਂ ਬੀਤਿਆ ਸੀ, ਲੋਕਾਂ ਵਿਚ ਉਸ ਦੀ ਸਾਖ ਬੱਝ ਗਈ, ਉਸ ਨੂੰ ਇੱਜ਼ਤ ਮਾਣ ਦੀ ਨਿਗਾਹ ਨਾਲ ਤੱਕਿਆ ਜਾਣ ਲਗਾ। ਇਸ ਕਾਰਨ ਰਾਜ ਦੀਆਂ ਜੜ੍ਹਾਂ ਪੱਕੀਆਂ ਹੋ ਗਈਆਂ। ਇਸ ਦਾ ਅਨੁਮਾਨ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਸਮੁੱਚੇ ਰਾਜ-ਕਾਲ ਵਿਚ ਸਰਹੱਦੀ ਇਲਾਕਿਆਂ ਨੂੰ ਛੱਡ ਕੇ ਸਾਰੇ ਖ਼ਾਲਸਾ ਰਾਜ ਵਿਚ ਕਿਧਰੇ ਕੋਈ ਵਿਦਰੋਹ ਨਹੀਂ ਹੋਇਆ। ਖ਼ਲੀਫ਼ਾ ਸੱਯਦ ਅਹਿਮਦ ਤੇ ਬਾਰਕਜ਼ਈ ਭਰਾਵਾਂ ਮੁਹੰਮਦ ਆਜ਼ਮ ਤੇ ਦੋਸਤ ਮੁਹੰਮਦ ਨੇ ਕਈ ਵਾਰ ਮਜ਼ਹਬ ਦੇ ਨਾਂ ਤੇ ਮੁਸਲਮਾਨਾਂ ਨੂੰ ਸਿੱਖ ਰਾਜ ਦੇ ਵਿਰੁੱਧ ਭੜਕਾਉਣ ਦੇ ਜਤਨ ਕੀਤੇ, ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਜਾ ਸਕੀ ਕਿਉਂਕਿ ਪੰਜਾਬ ਦੇ ਮੁਸਲਮਾਨਾਂ ਨੇ ਉਨ੍ਹਾਂ ਦਾ ਸਾਥ ਨਾ ਦਿੱਤਾ। ਇੱਥੇ ਤੀਕ ਤਾਂ ਇਹ ਸਭ ਕੁਝ ਠੀਕ ਸੀ ਪਰ ਇਸ ਦਾ ਇਕ ਉਲਟਾ ਪੱਖ ਵੀ ਸੀ ਅਤੇ ਉਹ ਇਹ ਕਿ ਇਨ੍ਹਾਂ ਨੀਤੀਆਂ ਦੇ ਸਿੱਟੇ ਵਜੋਂ ਮੁਲਕ ਵਿਚ ਪਿਛਾਂਹ-ਖਿਚੂ ਤਾਕਤਾਂ ਨੂੰ ਬਲ ਮਿਲਿਆ। ਜਾਤ-ਪਾਤ ਦੀਆਂ ਗੰਢਾਂ ਹੋਰ ਪੀਢੀਆਂ ਹੋ ਗਈਆਂ। ਬ੍ਰਾਹਮਣਵਾਦ ਨੂੰ ਹੋਰ ਸ਼ਹਿ ਮਿਲ ਗਈ। ਜਾਦੂ-ਟੂਣਿਆਂ, ਜੰਤਰਾਂ-ਮੰਤਰਾਂ, ਫੋਕਟ ਰੀਤਾਂ-ਰਸਮਾਂ, ਸਰਾਧਾਂ, ਵਰਤਾਂ, ਪਿਤਰ ਪੂਜਾ, ਤੀਰਥ-ਯਾਤਰਾ ਆਦਿ ਵਿਚ ਵਿਸ਼ਵਾਸ ਹੋਰ ਪੱਕਾ ਹੋ ਗਿਆ। ਔਰਤਾਂ ਦੀ ਦਸ਼ਾ ਵਿਚ ਹੋਰ ਗਿਰਾਵਟ ਆ ਗਈ। ਬਾਲ-ਵਿਆਹ ਵਧੇਰੇ ਪ੍ਰਚਲਤ ਹੋ ਗਿਆ। ਜੰਮਦੀਆਂ ਕੁੜੀਆਂ ਨੂੰ ਮਾਰਨ, ਵਿਧਵਾ ਨੂੰ ਮੁੜ ਵਿਆਹ ਨਾ ਕਰਨ ਦੇਣ, ਪਤਨੀ ਨੂੰ ਪਤੀ ਦੇ ਮਿਰਤਕ ਸਰੀਰ ਨਾਲ

ਸਤੀ ਹੋਣ ਲਈ ਮਜਬੂਰ ਕਰਨ ਤੇ ਔਰਤਾਂ ਨੂੰ ਘਰ ਦੀ ਚਾਰ ਦੀਵਾਰੀ ਵਿਚ ਬੰਦ ਰਖਣ ਤੇ ਬਾਹਰ ਨਿਕਲਣ ਤੇ ਪੂਰਨ ਪਰਦਾ ਕਰਵਾਉਣ ਦੀਆਂ ਪਰੰਪਰਾਵਾਂ ਨੂੰ ਹੋਰ ਸ਼ਕਤੀ ਮਿਲੀ। ਇਕ ਤੋਂ ਵੱਧ ਪਤਨੀਆਂ ਰਖਣ ਦਾ ਰਿਵਾਜ ਵੀ ਵਧਿਆ ਤੇ ਜਾਗੀਰਦਾਰੀ ਪ੍ਰਬੰਧ ਨੇ ਇਸ ਨੂੰ ਹੋਰ ਤਕੜਾ ਕੀਤਾ। ਨੀਵੀਆਂ ਜਾਤਾਂ ਦੀ ਸਮਾਜਕ ਸਥਿਤੀ ਅੱਗੇ ਨਾਲੋਂ ਵਧੇਰੇ ਵਿਗੜ ਗਈ। ਸਿੱਖ ਧਰਮ ਵਿਚ ਬ੍ਰਾਹਮਣਵਾਦ ਦੇ ਕਾਰਨ ਕਈ ਕੁਰੀਤੀਆਂ ਨੇ ਪ੍ਰਵੇਸ਼ ਕੀਤਾ। ਹਿੰਦੂਆਂ ਵਾਂਗ ਸਿੱਖਾਂ ਵਿਚ ਵੀ ਠਾਕਰਾਂ ਦੀ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ, ਹਰਦੁਆਰ, ਪ੍ਰਯਾਗ ਤੇ ਕਾਂਸ਼ੀ ਦੇ ਹਿੰਦੂ ਤੀਰਥਾਂ ਦੀ ਯਾਤਰਾ ਆਦਿ ਵੱਲ ਰੁਚੀ ਪੈਦਾ ਹੋ ਗਈ। ਇਸੇ ਤਰ੍ਹਾਂ ਸਿੱਖਾਂ ਵਿਚ ਹਿੰਦੂਆਂ ਦੀ ਨਿਆਈਂ ਜਾਤ ਪਾਤ ਪ੍ਰਥਾ, ਸਤੀ ਪ੍ਰਥਾ, ਪੜਦਾਦਾਰੀ, ਸ਼ਗਨ, ਅਪਸ਼ਗਨ ਆਦਿ ਦੇ ਰਿਵਾਜ ਚਾਲੂ ਹੋ ਕੇ ਪੱਕੇ ਹੋ ਗਏ। ਨੀਵੀਆਂ ਸਿੱਖ ਜਾਤੀਆਂ ਨਾਲ ਵੀ ਉਸੇ ਤਰ੍ਹਾਂ ਦਾ ਸਲੂਕ ਕੀਤਾ ਜਾਣ ਲਗਾ ਜਿਸ ਤਰ੍ਹਾਂ ਦਾ ਹਿੰਦੂ ਸਮਾਜ ਵਿਚ ਨੀਵੀਆ ਜਾਤੀਆਂ ਨਾਲ ਹੁੰਦਾ ਸੀ। ਗੁਰਦੁਆਰਿਆਂ ਵਿਚ ਬੈਠੇ ਉਦਾਸੀ ਮਹੰਤਾਂ ਨੇ ਉਨ੍ਹਾਂ ਦੇ ਹੱਥੋਂ ਪ੍ਰਸ਼ਾਦ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਸੋਢੀਆਂ ਤੇ ਬੇਦੀਆਂ ਨੂੰ ਗੁਰੂਆਂ ਵਾਂਗੂੰ ਪੂਜਿਆ ਜਾਣ ਲਗ ਪਿਆ ਜਿਸ ਕਾਰਨ ਨਵੇਂ ਗੁਰੂਡੰਮ ਹੋਂਦ ਵਿਚ ਆ ਗਏ। ਮੁਸਲਮਾਨਾਂ ਵਿਚ ਵੀ ਪਿਛਾਂਹ-ਖਿਚੂ ਰੁਚੀਆਂ ਨੇ ਜ਼ੋਰ ਪਕੜਨਾ ਸ਼ੁਰੂ ਕਰ ਦਿੱਤਾ। ਹਿੰਦੂਆਂ ਤੇ ਸਿੱਖਾਂ ਵਾਂਗੂੰ ਉਨ੍ਹਾਂ ਵਿਚ ਵੀ ਜਾਤ-ਪਾਤ ਦੀ ਭਾਵਨਾ ਤਕੜੀ ਹੋ ਗਈ ਅਤੇ ਇਸ ਦੇ ਆਧਾਰ ਤੇ ਵਿਆਹ-ਸ਼ਾਦੀਆਂ ਹੋਣ ਲਗੀਆਂ। ਉਨ੍ਹਾਂ ਵਿਚ ਹੁਣ ਕਬਰਾਂ ਦੀ ਪੂਜਾ ਬਹੁਤ ਜ਼ਿਆਦਾ ਹੋ ਗਈ ਤੇ ਬੁਰਕੇ ਦਾ ਰਿਵਾਜ ਹੋਰ ਸਖਤ ਹੋ ਗਿਆ।

ਨਿਰਸੰਦੇਹ, ਸਿੱਖ ਰਾਜ ਦੀਆਂ ਨੀਤੀਆਂ ਦਾ ਉਦੇਸ਼ ਪੁਰਾਣੀਆਂ, ਸਮੇਂ ਦੇ ਵੇਗ ਵਿਚ ਪਰਪੱਕ ਹੋਈਆਂ ਸੰਸਥਾਵਾਂ ਤੇ ਪਰੰਪਰਾਵਾਂ ਨੂੰ ਸੁਰੱਖਿਅਤ ਕਰਨਾ ਸੀ ਨਾ ਕਿ ਉਨ੍ਹਾਂ ਵਿਚ ਕੋਈ ਪਰਿਵਰਤਨ ਲਿਆਉਣਾ। ਉਸ ਸਮੇਂ ਇਹ ਇਕ ਬੜੀ ਹੀ ਸਾਧਾਰਨ ਤੇ ਸੁਭਾਵਕ ਜਿਹੀ ਗੱਲ ਸੀ ਕਿਉਂਕਿ ਉਸ ਵੇਲੇ ਪੁਰਾਣੀਆਂ ਕਦਰਾਂ-ਕੀਮਤਾਂ, ਪਰੰਪਰਾਵਾਂ ਤੇ ਸੰਸਥਾਵਾਂ ਦੀ ਸੰਭਾਲ ਨੂੰ ਹੀ ਸਭ ਤੋਂ ਵੱਡਾ ਉਦੇਸ਼ ਸਮਝਿਆ ਜਾਂਦਾ ਸੀ। ਵਿਦਿਆ ਪ੍ਰਣਾਲੀ ਜੋ ਉਸ ਸਮੇਂ ਪ੍ਰਚਲਤ ਸੀ, ਉਸ ਦਾ ਮੁੱਖ ਮਨੋਰਥ ਵੀ ਇਹੀ ਸੀ। ਹਿੰਦੂ ਪਾਠਸ਼ਾਲਾ ਹੋਵੇ ਜਾਂ ਸਿੱਖ ਗੁਰਦੁਆਰਾ ਜਾਂ ਮੁਸਲਿਮ ਮਸਜਿਦ, ਸਭ ਥਾਂਈਂ ਵਿਦਿਆਰਥੀਆਂ ਨੂੰ ਬਾਰ-ਬਾਰ ਇਹੀ ਤਕੀਦ ਕੀਤੀ ਜਾਂਦੀ ਸੀ ਕਿ ਉਨ੍ਹਾਂ ਦਾ ਸਭ ਤੋਂ ਸ੍ਰੇਸ਼ਟ ਜੀਵਨ-ਮਨੋਰਥ ਪੁਰਾਣੀ ਮਰਯਾਦਾ ਦੀ ਰੱਖਿਆ ਤੇ ਸੰਭਾਲ ਕਰਨਾ ਹੈ। ਹਿੰਦੂ ਵਿਦਿਆਰਥੀਆਂ ਨੂੰ ਗਊ ਬ੍ਰਾਹਮਣ ਤੇ ਮੁਸਲਮਾਨ ਵਿਦਿਆਰਥੀਆਂ ਨੂੰ ਕੁਰਾਨ ਤੇ ਸ਼ਰ੍ਹਾ ਦੇ ਸਤਿਕਾਰ ਵਿਚ ਪਰਪੱਕ ਕਰਨ ਦਾ ਸਬਕ ਦਿੱਤਾ ਜਾਂਦਾ ਸੀ। ਸਿੱਖ ਵਿਦਿਆਰਥੀਆਂ ਨੂੰ ਵੀ ਇਨ੍ਹਾਂ ਲੀਹਾਂ ਤੇ ਸਿਖਲਾਈ ਕਰਾਈ ਜਾਂਦੀ ਸੀ। ਸਮਾਜਕ ਜੀਵਨ ਦੀ ਇਸ ਸਥਿਤੀ ਵਿਚ ਸਿੱਖ ਸ਼ਾਸਕਾਂ ਪਾਸੋਂ ਕਿਸੇ ਹੋਰ ਉਦੇਸ਼ ਦੀ ਆਸ ਨਹੀਂ ਰਖੀ ਜਾ ਸਕਦੀ। ਇਸ ਲਈ ਕੁਦਰਤੀ ਤੌਰ ਤੇ ਉਸ ਸਮੇਂ ਦੇ ਸਮਾਜ ਦਾ ਸਮੁੱਚਾ ਵਾਤਾਵਰਨ ਮਧ-ਯੁਗੀ ਸੀ।

ਫਿਰ ਵੀ ਸਿੱਖ ਕਾਲ ਦੌਰਾਨ ਸਮਾਜ ਵਿਚ ਕੁਝ ਪਰਿਵਰਤਨ ਹੋਏ ਨਜ਼ਰ ਆਉਂਦੇ ਹਨ। ਇਸ ਦੇ ਕਈ ਕਾਰਨ ਹੋ ਸਕਦੇ ਹਨ। ਇਕ, ਕੁਝ ਨਾ ਕੁਝ ਪਰਿਵਰਤਨ ਸਮੇਂ ਨਾਲ

ਆਪਣੇ ਆਪ ਹੁੰਦਾ ਰਹਿੰਦਾ ਹੈ। ਸਮੇਂ ਨੂੰ ਇੱਕ ਥਾਂ ਤੇ ਖੜਾ ਕਰਕੇ ਰਖਿਆ ਨਹੀਂ ਜਾ ਸਕਦਾ। ਜੇ ਸਮੁੱਚਾ ਸਮਾਜੀ ਚੌਖਟਾ ਜਿਉਂ ਦਾ ਤਿਉਂ ਵੀ ਰਹੇ ਤਾਂ ਵੀ ਉਸ ਚੌਖਟੇ ਦੇ ਅੰਦਰਵਾਰ ਛੋਟੇ-ਛੋਟੇ ਪਰਿਵਰਤਨਾਂ ਦੀ ਸੰਭਾਵਨਾ ਹੋ ਸਕਦੀ ਹੈ। ਇਹੋ ਗੱਲ ਖ਼ਾਲਸਾ ਰਾਜ ਦੇ ਜ਼ਮਾਨੇ ਬਾਰੇ ਵੀ ਠੀਕ ਮੰਨੀ ਜਾ ਸਕਦੀ ਹੈ। ਦੂਸਰੇ, ਖ਼ਾਲਸਾ ਰਾਜ ਦਾ ਸਮਾਂ ਉਨ੍ਹੀਵੀਂ ਸ਼ਤਾਬਦੀ ਦਾ ਪਹਿਲਾ ਅੱਧ ਸੀ। ਇਸ ਸਮੇਂ ਤੀਕ ਹਿੰਦੁਸਤਾਨ ਵਿਚ ਬਰਤਾਨਵੀ ਸਾਮਰਾਜ ਸਥਾਪਿਤ ਹੋ ਚੁੱਕਾ ਸੀ ਅਤੇ ਉਸ ਦੀ ਸਥਾਪਤੀ ਦੇ ਫਲਸਰੂਪ ਪੱਛਮ ਦੀ ਉੱਨਤ ਸਭਿਅਤਾ ਦੇ ਕਈ ਨਵੇਂ ਵਿਚਾਰ ਜਾਂ ਸੰਕਲਪ ਇੱਥੇ ਪ੍ਰਵੇਸ਼ ਕਰ ਗਏ ਸਨ। ਇਹ ਨਵੇਂ ਵਿਚਾਰ ਜੀਵਨ ਦੇ ਕਈ ਖੇਤਰਾਂ ਨਾਲ ਸੰਬੰਧ ਰਖਦੇ ਸਨ ਜਿਵੇਂ ਕਿ ਫੌਜੀ ਸੰਗਠਨ, ਸਿਵਲ ਪ੍ਰਬੰਧ, ਮਾਲੀਆ ਪ੍ਰਣਾਲੀ, ਨਿਆਂ ਪ੍ਰਣਾਲੀ, ਜੰਗੀ ਹਥਿਆਰ ਬਣਾਉਣ ਦੀ ਤਕਨੀਕ, ਵਪਾਰਕ ਤੇ ਉਦਯੋਗਕ ਜੱਥੇਬੰਦੀ ਦੇ ਨਵੇਂ ਸਿਧਾਂਤ ਆਦਿ। ਨਵੀਂ ਵਿਚਾਰਧਾਰਾ ਦਾ ਗਵਾਂਢੀ ਖ਼ਾਲਸਾ ਰਾਜ ਤੇ ਕੁਝ ਨਾ ਕੁਝ ਪ੍ਰਭਾਵ ਪੈਣਾ ਕੁਦਰਤੀ ਗੱਲ ਸੀ।

ਸਿੱਖਾਂ ਦੇ ਰਾਜ ਸਮੇਂ ਸਮਾਜ ਵਿਚ ਕਿਹੜੀਆਂ ਤਬਦੀਲੀਆਂ ਵਾਪਰੀਆਂ, ਇਸ ਪ੍ਰਸ਼ਨ ਸੰਬੰਧੀ ਅਜੇ ਤਕ ਵਿਗਿਆਨਕ ਵਿਧੀ ਦੁਆਰਾ ਕੋਈ ਖੋਜ ਨਹੀਂ ਕੀਤੀ ਗਈ। ਇਸ ਲਈ ਇਸ ਬਾਰੇ ਵਧੇਰੇ ਵਿਸਤਾਰ ਨਾਲ ਲਿਖਣਾ ਇਸ ਵੇਲੇ ਸੰਭਵ ਨਹੀਂ ਹੈ। ਪਰੰਤੂ ਉਦਾਹਰਨ ਵਜੋਂ ਕੁਝ ਗੱਲਾਂ ਵੱਲ ਸੰਕੇਤ ਕੀਤਾ ਜਾ ਸਕਦਾ ਹੈ। ਪਹਿਲੀ ਗੱਲ ਹੈ ਸਿੱਕੇ ਦਾ ਵਧੇਰੇ ਪ੍ਰਸਾਰ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫ਼ੌਜ ਦੇ ਲਗਭਗ ਸਭ ਭਾਗਾਂ ਵਿਚ ਤੇ ਸਿਵਲ ਪ੍ਰਸ਼ਾਸਨ ਦੇ ਸਾਰੇ ਦਫ਼ਤਰਾਂ ਵਿਚ ਨਕਦ ਤਨਖ਼ਾਹਾਂ ਦੇਣ ਦੀ ਪਰਥਾਣੀ ਚਲਾਈ। ਜਾਗੀਰਾਂ ਦੁਆਰਾ ਤਨਖ਼ਾਹਾਂ ਦੇਣ ਦਾ ਰਿਵਾਜ ਕੇਵਲ ਉਤਲੇ ਤਬਕੇ ਦੇ ਫ਼ੌਜੀ ਅਫ਼ਸਰਾਂ ਤੇ ਹੋਰ ਮੁੱਖ ਅਧਿਕਾਰੀਆਂ ਤਕ ਹੀ ਸੀਮਤ ਰਖਿਆ। ਇਸ ਵਿਚ ਕਿਤੇ-ਕਿਤੇ ਉਲੰਘਣਾਵਾਂ ਵੀ ਹੋ ਜਾਂਦੀਆਂ ਸਨ ਪਰ ਮੋਟੇ ਤੌਰ ਤੇ ਨੀਤੀ ਇਹੀ ਸੀ ਕਿ ਜਾਗੀਰਾਂ ਨਾਲ ਤਨਖ਼ਾਹਾਂ ਦੇਣ ਦਾ ਰਿਵਾਜ ਘੱਟ ਤੋਂ ਘੱਟ ਕੀਤਾ ਜਾਏ। ਸਿੱਟੇ ਵਜੋਂ ਜਿਨ੍ਹਾਂ ਮੁਲਾਜ਼ਮਾਂ ਨੂੰ ਨਕਦ ਤਨਖ਼ਾਹ ਮਿਲਦੀ ਸੀ, ਉਹ ਅੱਗੋਂ ਆਪਣੇ ਮੁਲਾਜ਼ਮਾਂ ਨੂੰ (ਜੇ ਉਨ੍ਹਾਂ ਕੋਲ ਹੋਣ), ਤਨਖ਼ਾਹਾਂ ਦੇਣ ਲਈ ਜਾਂ ਆਪਣੀਆਂ ਲੋੜੀਂਦੀਆਂ ਚੀਜ਼ਾਂ ਵਸਤਾਂ ਖਰੀਦਣ ਲਈ ਨਕਦੀ ਵਿਚ ਹੀ ਭੁਗਤਾਨ ਕਰਦੇ ਸਨ। ਇਨ੍ਹਾਂ ਮੁਲਾਜ਼ਮਾਂ ਵਿਚ, ਖ਼ਾਸ ਕਰਕੇ ਫ਼ੌਜ ਦੀ ਨੌਕਰੀ ਕਰਨ ਵਾਲਿਆਂ ਵਿਚ, ਵਧੇਰੀ ਗਿਣਤੀ ਪਿੰਡਾਂ ਦੇ ਲੋਕਾਂ ਦੀ ਹੁੰਦੀ ਸੀ। ਇਹ ਸਾਰੇ ਲੋਕ ਆਪਣੀ ਬੱਚਤ ਨਕਦੀ ਦੇ ਰੂਪ ਵਿਚ ਆਪਣੇ ਘਰੀਂ ਭੇਜਦੇ ਸਨ ਜਿਸ ਕਰਕੇ ਪਿੰਡਾਂ ਵਿਚ ਸਿੱਕੇ ਦਾ ਪਸਾਰ ਵੱਧ ਗਿਆ ਸੀ। ਸਰਕਾਰ ਨੂੰ ਵੀ ਨਕਦੀ ਵਿਚ ਤਨਖ਼ਾਹਾਂ ਦੇਣ ਲਈ ਵਧੇਰੇ ਸਿੱਕੇ ਦੀ ਲੋੜ ਰਹਿੰਦੀ ਸੀ। ਇਸ ਲਈ ਉਹ ਨਕਦੀ ਵਿਚ ਮਾਲੀਆ ਇਕੱਠਾ ਕਰਨਾ ਵਧੇਰੇ ਪਸੰਦ ਕਰਦੀ ਸੀ। ਮਾਲੀਆ ਆਮ ਤੌਰ ਤੇ ਜਿਨਸ ਵਿਚ ਮਿਥਿਆ ਜਾਂਦਾ ਸੀ ਪਰ ਅਜਿਹੇ ਕੇਸ ਵੀ ਸਨ ਜਿੱਥੇ ਨਕਦੀ ਵਿਚ ਮਾਲੀਆ ਮਿਥਿਆ ਜਾਂਦਾ ਸੀ। ਉਦਾਹਰਨ ਵੱਜੋਂ, ਕਪਾਹ, ਗੰਨਾ, ਕੇਸਰ ਤੇ ਤਮਾਕੂ ਦੀਆਂ ਫ਼ਸਲਾਂ ਦਾ ਮਾਲੀਆ ਬਹੁਤੀਆਂ ਥਾਵਾਂ ਤੇ ਨਕਦੀ ਵਿਚ ਮਿਥਿਆ ਹੋਇਆ ਸੀ। ਇਸੇ ਤਰ੍ਹਾਂ ਜਿਨ੍ਹਾਂ ਥਾਵਾਂ ਤੇ ਮਾਲੀਆ ਖੂਹਾਂ ਜਾਂ ਹਲਾਂ ਦੇ ਆਧਾਰ ਤੇ ਨਿਯੰਤ ਕੀਤਾ ਜਾਂਦਾ ਸੀ, ਉੱਥੇ ਵੀ ਆਮ ਤੌਰ ਤੇ

ਇਹ ਨਕਦੀ ਵਿਚ ਹੀ ਮਿਥਿਆ ਤੇ ਉਗਰਾਹਿਆ ਜਾਂਦਾ ਸੀ। ਜਿੱਥੇ ਇਹ ਜਿਨਸ ਵਿਚ ਮਿਥਿਆ ਜਾਂਦਾ ਸੀ ਜਿਵੇਂ ਕਿ ਕਣਕੂਤ ਤੇ ਬਟਾਈ ਦੀਆਂ ਪ੍ਰਣਾਲੀਆਂ ਵਿਚ, ਉੱਥੇ ਵੀ ਉਗਰਾਹੀ ਜਿਨਸ ਦੇ ਨਾਲ-ਨਾਲ ਨਕਦੀ ਵਿਚ ਕੀਤੀ ਜਾਂਦੀ ਸੀ। ਸਰਕਾਰ ਨੇ ਫ਼ੌਜ ਲਈ ਅਨਾਜ ਦੇ ਜ਼ਖੀਰੇ ਉਸਾਰਨੇ ਹੁੰਦੇ ਸਨ। ਇਸ ਲਈ ਕੁਝ ਮਾਲੀਆ ਜਿਨਸ ਵਿਚ ਲੈਣਾ ਜ਼ਰੂਰੀ ਸੀ ਪਰ ਸਰਕਾਰ ਲਈ ਮੁਲਾਜ਼ਮਾਂ ਨੂੰ ਨਕਦੀ ਵਿਚ ਤਨਖਾਹਾਂ ਦੇਣ ਲਈ ਮਾਲੀਏ ਦੀ ਉਗਰਾਹੀ ਨਕਦੀ ਵਿਚ ਵੀ ਜ਼ਰੂਰੀ ਸੀ। ਇਸ ਲਈ ਸਰਕਾਰ ਦੀ ਕੋਸ਼ਿਸ਼ ਹੁੰਦੀ ਸੀ ਕਿ ਜਿਹੜੇ ਲੋਕ ਨਕਦੀ ਵਿਚ ਦੇ ਸਕਦੇ ਸਨ ਉਨ੍ਹਾਂ ਤੋਂ ਮਾਲੀਏ ਦੀ ਉਗਰਾਹੀ ਨਕਦੀ ਵਿਚ ਹੀ ਲਈ ਜਾਏ। ਇਸ ਵਿਚ ਇਸ ਕਰਕੇ ਆਸਾਨੀ ਹੋ ਜਾਂਦੀ ਸੀ ਕਿਉਂਕਿ ਪਿੰਡਾਂ ਵਿਚ ਲੋਕਾਂ ਕੋਲ ਰੁਪਿਆ ਪੈਸਾ ਹੁੰਦਾ ਸੀ। ਕਈ ਵਾਰੀ ਮਾਲੀਆ ਜਿਨਸ ਵਿਚ ਉਗਰਾਹ ਕੇ ਤੁਰੰਤ ਉਸੇ ਪਿੰਡ ਦੇ ਵਸਨੀਕਾਂ ਕੋਲ ਵੇਚ ਦਿੱਤਾ ਜਾਂਦਾ ਸੀ ਅਤੇ ਪੈਸੇ ਇਕੋ ਸਮੇਂ ਜਾਂ ਕਿਸ਼ਤਾਂ ਵਿਚ ਵਸੂਲ ਕੀਤੇ ਜਾਂਦੇ ਸਨ। ਪੈਸੇ ਵਾਲੇ ਲੋਕ ਸਸਤੇ ਭਾਅ ਤੇ ਸਰਕਾਰੀ ਅਨਾਜ ਖਰੀਦ ਕੇ ਰਖ ਲੈਂਦੇ ਸਨ ਤੇ ਮਗਰੋਂ ਮਹਿੰਗੇ ਭਾਅ ਵੇਚ ਕੇ ਨਫ਼ਾ ਕਮਾਉਂਦੇ ਸਨ। ਸਿੱਕੇ ਦੇ ਫੈਲਾਅ ਨਾਲ ਹੌਲੀ-ਹੌਲੀ ਪਿੰਡਾਂ ਵਿਚ ਲੋਕਾਂ ਦੇ ਪਰਸਪਰ ਆਰਥਕ ਸਬੰਧਾਂ ਵਿਚ ਅੰਤਰ ਆਉਣਾ ਸ਼ੁਰੂ ਹੋ ਗਿਆ। ਪਰ ਇਸ ਅਮਲ ਦੀ ਰਫ਼ਤਾਰ ਇੰਨੀ ਧੀਮੀ ਸੀ ਕਿ ਪਤਾ ਹੀ ਨਹੀਂ ਸੀ ਚਲਦਾ ਕਿ ਕੋਈ ਪਰਿਵਰਤਨ ਵਾਪਰ ਰਿਹਾ ਹੈ। ਇਹ ਪਰਿਵਰਤਨ ਬਾਅਦ ਵਿਚ ਅੰਗਰੇਜ਼ੀ ਸ਼ਾਸਨ ਦੇ ਸਮੇਂ ਉਘੜ ਕੇ ਸਾਹਮਣੇ ਆਇਆ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪਿੰਡ ਦੀ ਆਰਥਕਤਾ ਵਿਚ ਜੋ ਤਬਦੀਲੀ ਖਰਤਾਨਵੀ ਰਾਜ ਵਿਚ ਪ੍ਰਗਟ ਹੋਈ, ਉਸ ਦਾ ਮੁੱਢ ਸਿੱਖਾਂ ਦੇ ਰਾਜ-ਕਾਲ ਵਿਚ ਬੱਝ ਚੁੱਕਾ ਸੀ। ਸ਼ਹਿਰਾਂ ਵਿਚ ਵੀ ਸਿੱਕੇ ਦੇ ਪ੍ਰਸਾਰ ਨੇ ਵਪਾਰ ਤੇ ਸਨਅਤ ਖੇਤਰਾਂ ਵਿਚ ਹੌਲੀ-ਹੌਲੀ ਤਬਦੀਲੀ ਲਿਆਉਣੀ ਆਰੰਭ ਦਿੱਤੀ ਸੀ। ਸਿੱਕੇ ਦੇ ਪ੍ਰਸਾਰ ਦਾ ਮੰਡੀਆਂ ਦੇ ਵਿਕਾਸ ਨਾਲ ਡੂੰਘਾ ਸੰਬੰਧ ਹੁੰਦਾ ਹੈ। ਇਸ ਲਈ ਜਿਉਂ-ਜਿਉਂ ਸਿੱਕਾ ਫੈਲਦਾ ਗਿਆ ਤਿਉਂ-ਤਿਉਂ ਮੰਡੀਆਂ ਦੇ ਵਿਕਾਸ ਦੀ ਗਤੀ ਵਧਦੀ ਗਈ। ਇਸ ਤਰ੍ਹਾਂ ਵੀ ਇਕ ਐਸੀ ਸਮਾਜਕ ਤਬਦੀਲੀ ਦਾ ਮੁੱਢ ਬੱਝ ਗਿਆ ਜਿਸ ਦੇ ਪੂਰੇ ਪ੍ਰਭਾਵ ਚੋਖਾ ਚਿਰ ਮਗਰੋਂ ਅੰਗਰੇਜ਼ਾਂ ਦੇ ਰਾਜ-ਕਾਲ ਸਮੇਂ ਦ੍ਰਿਸ਼ਟੀਗੋਚਰ ਹੋਏ।

ਸਮਾਜਕ ਪਰਿਵਰਤਨ ਦੇ ਸੰਬੰਧ ਵਿਚ ਦੂਸਰੀ ਵਿਸ਼ੇਸ਼ ਗੱਲ ਨਵੀਂ ਤਕਨੀਕ ਦੀ ਆਵੰਦ ਸੀ। ਇਹ ਉਹ ਤਕਨੀਕ ਸੀ ਜੋ ਯੂਰਪੀਨਾਂ ਦੇ ਹਿੰਦੁਸਤਾਨ ਵਿਚ ਆਉਣ ਦੇ ਕਾਰਨ ਇੱਥੇ ਆਈ ਸੀ। ਇਸ ਦਾ ਪ੍ਰਵੇਸ਼ ਪਹਿਲਾਂ ਸੈਨਿਕ ਜੱਥੇਬੰਦੀ ਤੇ ਪ੍ਰਸ਼ਾਸਨ ਵਿਚ ਹੋਇਆ। ਮਹਾਰਾਜਾ ਰਣਜੀਤ ਸਿੰਘ ਤੋਂ ਪਹਿਲਾਂ ਕਈ ਭਾਰਤੀ ਸ਼ਾਸਕਾਂ ਨੇ ਇਸ ਪੱਛਮੀ ਤਕਨੀਕ ਨੂੰ ਅਪਨਾਉਣ ਦੇ ਤਜਰਬੇ ਕੀਤੇ ਸਨ ਪਰ ਇਹ ਅਧੂਰੇ ਰਹੇ ਸਨ ਅਤੇ ਅਰਧ-ਦਿਲੀ ਨਾਲ ਕੀਤੇ ਗਏ ਹੋਣ ਕਰਕੇ ਜ਼ਿਆਦਾ ਸਫ਼ਲ ਨਹੀਂ ਹੋ ਸਕੇ ਸਨ। ਰਣਜੀਤ ਸਿੰਘ ਨੇ ਬਿਨਾਂ ਕਿਸੇ ਮਾਨਸਿਕ ਰਖ-ਰਖਾ ਦੇ ਪੂਰੇ ਉਤਸ਼ਾਹ ਨਾਲ ਨਵੀਂ ਵਿਚਾਰਧਾਰਾ ਨੂੰ ਅਪਣਾਇਆ। ਉਸ ਦੇ ਸੈਨਿਕ ਜਿਹੜੇ ਪੁਰਾਣੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਜੰਮੇ-ਪਲੇ ਸਨ, ਉਨ੍ਹਾਂ ਨੇ ਇਸ ਦੀ ਸਖ਼ਤ ਵਿਰੋਧਤਾ ਕੀਤੀ ਪਰ ਮਹਾਰਾਜਾ ਸਾਹਿਬ ਨੇ ਆਪਣੇ ਇਰਾਦੇ ਨੂੰ ਦ੍ਰਿੜ੍ਹ ਰਖਿਆ ਅਤੇ ਕੁਝ ਸਮਾ

ਬਾਅਦ ਪੂਰਨ ਸਫ਼ਲਤਾ ਪ੍ਰਾਪਤ ਕਰ ਲਈ। ਮਹਾਰਾਜਾ ਨੇ ਫ਼ੌਜ ਦੇ ਮੁੱਖ ਭਾਗਾ ਦੀ ਸਮੁੱਚੀ ਜੱਥੇਬੰਦੀ ਪੱਛਮੀ ਲੀਹਾਂ ਤੇ ਉਸਾਰੀ। ਪਿਆਦਾ ਫ਼ੌਜ ਦੀ ਸੈਕਸ਼ਨਾਂ, ਪਲੈਟੂਨਾਂ, ਕੰਪਨੀਆਂ, ਬਟਾਲੀਅਨਾਂ ਤੇ ਰੈਜਮੈਂਟਾਂ ਵਿਚ ਜੱਥੇਬੰਦੀ ਕੀਤੀ। ਸਵਾਰ ਫ਼ੌਜ ਨੂੰ ਰਿਸਾਲਾ ਕੰਪਨੀਆਂ ਤੇ ਰੈਜਮੈਂਟਾਂ ਵਿਚ ਤਿਆਰ ਕੀਤਾ। ਤੋਪਖਾਨੇ ਨੂੰ ਬੈਟਰੀਆਂ ਵਿਚ ਵੰਡਿਆ। ਫਿਰ ਇਨ੍ਹਾਂ ਤਿੰਨਾਂ ਨੂੰ ਯੋਗ ਮਾਤਰਾ ਵਿਚ ਮਿਲਾ ਕੇ ਬ੍ਰਿਗੇਡ ਬਣਾਏ ਗਏ। ਬ੍ਰਿਗੇਡਾਂ ਨੂੰ ਅਗਾਂਹ ਡਵੀਜ਼ਨਾਂ ਵਿਚ ਜੱਥੇਬੰਦ ਕੀਤਾ ਗਿਆ। ਫ਼ੌਜੀਆਂ ਦੀ ਸਿਖਲਾਈ ਵਾਸਤੇ ਜੋ ਡ੍ਰਿਲ ਪ੍ਰਣਾਲੀ ਧਾਰਨ ਕੀਤੀ ਗਈ ਉਹ ਵੀ ਸਮੁੱਚੇ ਤੌਰ ਤੇ ਪੱਛਮੀ ਸੀ। ਪਰੇਡ, ਜੰਗੀ ਮਸ਼ਕਾਂ, ਸਫ਼ਰ ਦੌਰਾਨ ਤਰਤੀਬ ਤੇ ਲੜਾਈ ਦੇ ਮੈਦਾਨ ਵਿਚ ਸਫ਼ਬੰਦੀ ਤੇ ਯੁਧ ਸ਼ੈਲੀ ਸਭ ਪੱਛਮੀ ਵਿਚਾਰਧਾਰਾ ਤੇ ਅਧਾਰਿਤ ਸਨ। ਉਨ੍ਹਾਂ ਦੀ ਯੂਨੀਫਾਰਮ ਵੀ ਹਿੰਦੁਸਤਾਨੀਆਂ ਦੀ ਯੂਨੀਫਾਰਮ ਤੋਂ ਵੱਖਰੀ ਸੀ। ਬੂਟ, ਪਤਲੂਨਾਂ, ਜੈਕਟ ਤੇ ਚਮੜੇ ਦੀਆਂ ਪੇਟੀਆਂ ਸਭ ਵਿਦੇਸ਼ੀ ਢੰਗ ਦੀਆਂ ਸਨ। ਪਰੰਤੂ ਇਨ੍ਹਾਂ ਗੱਲਾਂ ਦਾ ਪ੍ਰਭਾਵ ਕੇਵਲ ਉਨ੍ਹਾਂ ਦੇ ਫ਼ੌਜੀ ਕਰਤੱਵਾਂ ਤੀਕ ਹੀ ਸੀਮਤ ਨਹੀਂ ਸੀ। ਸਭ ਤੋਂ ਵੱਡੀ ਮਹੱਤਤਾ ਵਾਲੀ ਗੱਲ ਇਹ ਸੀ ਕਿ ਉਨ੍ਹਾਂ ਦੇ ਮਨਾਂ ਨੂੰ ਇਕ ਨਵੀਂ ਜਾਗ ਲਗ ਰਹੀ ਸੀ। ਉਹ ਆਦਮੀ ਜਿਨ੍ਹਾਂ ਵਿਚ ਅਨਪੜ੍ਹਾਂ ਦੀ ਸੰਖਿਆ ਬਹੁਤ ਜ਼ਿਆਦਾ ਸੀ, ਜਿਨ੍ਹਾਂ ਦੇ ਦਿਲ ਤੇ ਦਿਮਾਗ ਪੁਰਾਣੇ ਪਰੰਪਰਾਵਾਦੀ ਖਿਆਲਾਂ ਵਿਚ ਜਕੜੇ ਹੋਏ ਸਨ, ਉਨ੍ਹਾਂ ਨੇ ਕਿਵੇਂ ਕੁਝ ਹੀ ਵਰ੍ਹਿਆਂ ਵਿਚ ਇਨ੍ਹਾਂ ਸਾਰਿਆਂ ਬੰਧਨਾਂ ਵਿਚੋਂ ਮੁਕਤ ਹੋ ਕੇ ਇਕ ਬਿਲਕੁਲ ਨਵੇਂ ਸਿਸਟਮ ਦੇ ਅਨੁਸਾਰ ਆਪਣੇ ਆਪ ਨੂੰ ਇੰਨੀ ਵੱਡੀ ਸਫ਼ਲਤਾ ਦੇ ਨਾਲ ਢਾਲ ਲਿਆ, ਇਹ ਕੋਈ ਛੋਟੀ ਜਿਹੀ ਗੱਲ ਨਹੀਂ ਸੀ। ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਤਰ੍ਹਾਂ ਕਰਨ ਨਾਲ ਜੋ ਪੱਕੀ ਮੋਹਰ ਉਨ੍ਹਾਂ ਦੇ ਮਨਾਂ ਉੱਤੇ ਉਕਰ ਗਈ, ਉਸ ਨਾਲ ਉਨ੍ਹਾਂ ਦਾ ਦ੍ਰਿਸ਼ਟੀਕੋਣ ਅਗਾਹ ਲਈ ਦਲੇਰੀ ਵਾਲਾ, ਵਿਸ਼ਵਾਸ ਭਰਪੂਰ ਤੇ ਗਤੀਸ਼ੀਲ ਬਣ ਗਿਆ। ਇਸ ਦੇ ਸਿੱਟੇ ਵੀ ਬਾਅਦ ਵਿਚ ਬਰਤਾਨਵੀ ਰਾਜ-ਕਾਲ ਵਿਚ ਵਧੇਰੇ ਉਭਰ ਕੇ ਸਾਹਮਣੇ ਆਏ।

ਖ਼ਾਲਸਾ ਫ਼ੌਜ ਵਿਚ ਜੋ ਬੰਦੂਕਾਂ, ਤੋਪਾਂ, ਗੁਬਾਰੇ, ਪਿਸਤੌਲ ਆਦਿ ਵਰਤੇ ਜਾਂਦੇ ਸਨ ਅਤੇ ਇਨ੍ਹਾਂ ਹਥਿਆਰਾਂ ਵਿਚ ਜੋ ਗੋਲੇ, ਗੋਲੀਆਂ ਤੇ ਸਿੱਕਾ ਬਾਰੂਦ ਵਰਤਿਆ ਜਾਂਦਾ ਸੀ, ਇਸ ਪ੍ਰਕਾਰ ਦੇ ਸਾਰੇ ਕੰਮਾਂ ਵਾਸਤੇ ਵੀ ਪੱਛਮੀ ਤਕਨੀਕ ਅਪਣਾਈ ਗਈ। ਤਲਵਾਰਾਂ, ਢਾਲਾਂ, ਖੰਜਰ, ਨੇਜ਼ੇ ਆਦਿ ਬਣਾਉਣ ਦੀ ਭਾਰਤੀ ਤਕਨੀਕ ਚੋਖੀ ਵਿਕਸਤ ਸੀ ਅਤੇ ਪੱਛਮੀ ਤਕਨੀਕ ਨਾਲੋਂ ਮਾੜੀ ਨਹੀਂ ਸੀ, ਸਗੋਂ ਚੰਗੀ ਸੀ। ਪਰ ਗੋਲੇ, ਬਾਰੂਦ ਨਾਲ ਚਲਣ ਵਾਲੇ ਹਥਿਆਰਾਂ ਦੀ ਤਿਆਰੀ ਵਿਚ ਭਾਰਤ ਯੂਰਪ ਨਾਲੋਂ ਬਹੁਤ ਪਿੱਛੇ ਸੀ। ਮਹਾਰਾਜਾ ਰਣਜੀਤ ਸਿੰਘ ਦੀ ਤੀਬਰ ਇੱਛਾ ਸੀ ਕਿ ਉਸ ਦੀ ਫ਼ੌਜ ਵਿਚ ਜੋ ਹਥਿਆਰ ਵਰਤੇ ਜਾਣ ਉਹ ਕਿਸੇ ਗੱਲੋਂ ਵੀ ਅੰਗਰੇਜ਼ਾਂ ਦੀ ਫ਼ੌਜ ਦੇ ਹਥਿਆਰਾਂ ਤੋਂ ਮਾੜੇ ਨਹੀਂ ਹੋਣੇ ਚਾਹੀਦੇ। ਇਹ ਤਾਂ ਹੀ ਹੋ ਸਕਦਾ ਸੀ ਜੇ ਉਸ ਦੇ ਆਪਣੇ ਮਿਸਤਰੀ ਨਵੀਂ ਤਕਨੀਕ ਵਿਚ ਨਿਪੁੰਨ ਹੋ ਕੇ ਸਰਕਾਰੀ ਕਾਰਖ਼ਾਨਿਆਂ ਵਿਚ ਬਿਲਕੁਲ ਉਸੇ ਤਰ੍ਹਾਂ ਹੀ ਚੀਜ਼ਾਂ ਤਿਆਰ ਕਰਨ ਕਿਉਂਕਿ ਉਹ ਹਥਿਆਰ ਨਾ ਅੰਗਰੇਜ਼ਾਂ ਕੋਲੋਂ ਮੰਗੇ ਜਾ ਸਕਦੇ ਸਨ, ਨਾ ਬਾਹਰੋਂ ਮੰਗਵਾਏ ਜਾ ਸਕਦੇ ਸਨ ਅਤੇ ਨਾ ਕੋਈ ਬਾਹਰਲਾ ਮੁਲਕ ਦੇਣ ਨੂੰ ਤਿਆਰ ਸੀ। ਸੋ ਇਸ ਮਨੋਰਥ ਲਈ ਉਚੇਚੇ ਕਾਰਖ਼ਾਨੇ ਸਥਾਪਤ

ਕੀਤੇ ਗਏ। ਉਸ ਦੇ ਮਿਸਤਰੀਆਂ ਨੇ ਨਵੀਂ ਤਕਨੀਕ ਗ੍ਰਹਿਣ ਕਰ ਕੇ ਜੋ ਹਥਿਆਰ ਬਣਾਏ ਜਾਂ ਜੋ ਗੋਲੇ, ਗੋਲੀਆਂ ਤੇ ਬਾਰੂਦ ਤਿਆਰ ਕੀਤਾ ਉਸ ਤੋਂ ਬਦੇਸ਼ੀ ਖੁਦ ਬੜੇ ਹੈਰਾਨ ਸਨ। ਪੰਜਾਬ ਦੇ ਕਾਰੀਗਰਾਂ ਦੇ ਕਮਾਲ ਦਾ ਇਹ ਹਾਲ ਸੀ ਕਿ ਜੇ ਕਿਤੇ ਅੰਗਰੇਜ਼ੀ ਤੋਪਾਂ ਤੇ ਸਿੱਖ ਤੋਪਾਂ ਨੂੰ ਇਕ ਥਾਂ ਤੇ ਰਲਾ ਕੇ ਰਖ ਦਿੱਤਾ ਜਾਂਦਾ ਤਾਂ ਇਹ ਦਸਣਾ ਮੁਸ਼ਕਲ ਹੋ ਜਾਂਦਾ ਸੀ ਕਿ ਉਨ੍ਹਾਂ ਵਿਚੋ ਕਿਹੜੀ ਕਿਥੋਂ ਦੀ ਹੈ।

ਸਮਾਜਕ ਪਰਿਵਰਤਨ ਦੇ ਸੰਬੰਧ ਵਿਚ ਤੀਸਰੀ ਗੱਲ ਦੋ ਸੁਧਾਰ ਲਹਿਰਾਂ ਦਾ ਆਰੰਭ ਹੋਣਾ ਹੈ। ਇਨ੍ਹਾਂ ਦੇ ਨਾਂ ਸਨ : ਨਾਮਧਾਰੀ ਲਹਿਰ ਤੇ ਨਿਰੰਕਾਰੀ ਲਹਿਰ। ਰਾਜਸੀ ਤਾਕਤ ਨੇ ਸਿੱਖ ਧਰਮ ਵਿਚ ਸਰਦਾਰਾਂ ਤੇ ਸਾਮੰਤਾਂ ਦਾ ਇਕ ਨਵਾਂ ਵਰਗ ਪੈਦਾ ਕਰ ਦਿੱਤਾ ਸੀ। ਇਨ੍ਹਾਂ ਕੋਲ ਤਾਕਤ ਸੀ, ਧਨ ਸੀ, ਸਾਧਨ ਸਨ ਅਤੇ ਇਨ੍ਹਾਂ ਦੇ ਰਹਿਣ ਸਹਿਣ ਦੇ ਤਰੀਕੇ ਨੂੰ ਵੇਖ ਕੇ ਇਉਂ ਲਗਦਾ ਸੀ ਕਿ ਜਿਵੇਂ ਸਿੱਖ ਧਰਮ ਵਿਚ ਬਰਾਬਰਤਾ ਦੀ ਭਾਵਨਾ, ਜਿਹੜੀ ਕਿ ਇਸ ਦੇ ਮੂਲ ਆਸ਼ਿਆਂ ਵਿਚੋਂ ਸੀ, ਅਲੋਪ ਹੋ ਗਈ ਹੋਵੇ। ਇਨ੍ਹਾਂ ਵਿਚ ਕਈ ਔਗੁਣ ਤੇ ਭੈੜ ਆ ਵੜੇ ਸਨ। ਧਨ ਤੇ ਤਾਕਤ ਨੇ ਇਨ੍ਹਾਂ ਦੇ ਜੀਵਨ ਨੂੰ ਵਿਲਾਸਮਈ ਬਣਾ ਦਿੱਤਾ ਸੀ ਤੇ ਉਹ ਸਿੱਖੀ ਜੀਵਨ ਤੋਂ ਦਿਨੋ-ਦਿਨ ਦੂਰ ਹੋਈ ਜਾ ਰਹੇ ਸਨ। ਬ੍ਰਾਹਮਣੀ ਪ੍ਰਭਾਵ ਨੇ ਇਨ੍ਹਾਂ ਨੂੰ ਅਤੇ ਹੋਰ ਬਹੁਤ ਸਾਰੇ ਸਿੱਖਾਂ ਨੂੰ ਸਿੱਖੀ ਦੇ ਨਿਸ਼ਾਨਿਆਂ ਤੋਂ ਹੋਰ ਪਰੇ ਹਟਾ ਦਿੱਤਾ। ਸਿੱਖਾਂ ਵਿਚ ਵੀ ਬੁੱਤ-ਪੂਜਾ ਹੋਣ ਲਗ ਪਈ। ਇਕ ਅਕਾਲ ਪੁਰਖ ਦੀ ਅਰਾਧਨਾ ਦੀ ਥਾਂ ਕਈ ਦੇਵੀ-ਦੇਵਤਿਆਂ ਦੀ ਪੂਜਾ ਸ਼ੁਰੂ ਹੋ ਗਈ। ਜਾਤ-ਪਾਤ ਦੇ ਬੰਧਨ ਸਖ਼ਤ ਹੋ ਗਏ ਅਤੇ ਨੀਵੀਂ ਜਾਤਾਂ ਦੇ ਸਿੱਖਾਂ ਨੂੰ ਨਫਰਤ ਨਾਲ ਵੇਖਿਆ ਜਾਣ ਲਗਾ। ਬ੍ਰਾਹਮਣਵਾਦ ਨੇ ਸਿੱਖਾਂ ਵਿਚ ਕਈ ਅਜਿਹੀਆਂ ਹਿੰਦੂ ਰਸਮਾਂ-ਰੀਤਾਂ ਤੇ ਪਰੰਪਰਾਵਾਂ ਪ੍ਰਚਲਤ ਕਰ ਦਿੱਤੀਆਂ ਜਿਨ੍ਹਾਂ ਤੋਂ ਸਿੱਖ ਗੁਰੂ ਸਾਹਿਬਾਂ ਨੇ ਬਾਰ-ਬਾਰ ਵਰਜਿਆ ਸੀ। ਨਾਮਧਾਰੀ ਤੇ ਨਿਰੰਕਾਰੀ ਲਹਿਰਾਂ ਦੋਹਾਂ ਦਾ ਲਕਸ਼ ਇਹ ਸੀ ਕਿ ਸਿੱਖ ਧਰਮ ਵਿਚ ਆਈਆਂ ਜਾਂ ਆ ਰਹੀਆਂ ਕੁਰੀਤੀਆਂ ਤੇ ਤਰੁਟੀਆਂ ਨੂੰ ਪ੍ਰਚਾਰ ਦੁਆਰਾ ਦੂਰ ਕੀਤਾ ਜਾਏ। ਇਨ੍ਹਾਂ ਦੋਹਾਂ ਲਹਿਰਾਂ ਨੂੰ ਆਰੰਭਣ ਵਾਲੇ ਉੱਤਰ-ਪੱਛਮੀ ਪੰਜਾਬ ਦੇ ਵਸਨੀਕ ਸਨ। ਇਸ ਇਲਾਕੇ ਦੇ ਹੋਰ ਸੈਂਕੜੇ ਹਿੰਦੂਆਂ ਵਾਂਗੂੰ ਇਹ ਵੀ ਖ਼ਾਲਸਾ ਰਾਜ ਦੇ ਉਸ ਪਾਸੇ ਵੱਲ ਪ੍ਰਸਾਰ ਉਪਰੰਤ ਸਿੱਖੀ ਵਿਚ ਦਾਖਲ ਹੋਏ ਸਨ ਅਤੇ ਇਨ੍ਹਾਂ ਵਿਚ ਨਵੇਂ ਧਾਰਨ ਕੀਤੇ ਧਰਮ ਲਈ ਬਹੁਤ ਉਤਸ਼ਾਹ ਸੀ। ਨਿਰੰਕਾਰੀ ਲਹਿਰ ਦੇ ਮੋਢੀ ਬਾਬਾ ਦਿਆਲ ਦਾਸ ਜੀ ਸਨ। ਇਨ੍ਹਾਂ ਨੇ ਲੋਕਾਂ ਨੂੰ, ਖ਼ਾਸ ਕਰਕੇ ਸਿੱਖਾਂ ਨੂੰ, ਬੁਤ-ਪੂਜਾ, ਬਹੁ-ਦੇਵ ਪੂਜਾ ਜਾਤ-ਪਾਤ, ਤੀਰਥ ਯਾਤਰਾ ਤੇ ਹੋਰ ਅਜਿਹੀਆਂ ਕੁਰਾਹੇ ਪਾਉਣ ਵਾਲੀਆਂ ਚੀਜ਼ਾਂ ਨੂੰ ਛੱਡ ਕੇ ਸਿੱਖ ਗੁਰੂ ਸਾਹਿਬਾਂ ਦੀ ਸਿਖਿਆ ਅਨੁਸਾਰ ਇਕ ਨਿਰੰਕਾਰ ਦੀ ਅਰਾਧਨਾ ਲਈ ਪ੍ਰੇਰਣ ਦਾ ਉਦਮ ਕੀਤਾ। ਨਿਰੰਕਾਰੀ ਅੰਦੋਲਨ ਦਾ ਮੁੱਖ ਅਸਥਾਨ ਰਾਵਲਪਿੰਡੀ ਸ਼ਹਿਰ ਵਿਚ ਸੀ ਅਤੇ ਇਸ ਨੂੰ ਦਿਆਲਸਰ ਜਾਂ ਨਿਰੰਕਾਰੀ ਦਰਬਾਰ ਦੇ ਨਾਂ ਨਾਲ ਸੰਬੋਧਨ ਕੀਤਾ ਜਾਂਦਾ ਸੀ। ਦੂਸਰੀ, ਨਾਮਧਾਰੀ, ਲਹਿਰ ਦਾ ਮੋਢੀ ਬਾਬਾ ਬਾਲਕ ਸਿੰਘ ਸੀ। ਇਨ੍ਹਾਂ ਤੇ ਬਾਬਾ ਜਵਾਹਰ ਮਲ ਦਾ ਪ੍ਰਭਾਵ ਸੀ ਜੋ ਉਸੇ ਇਲਾਕੇ ਦੇ ਹੀ ਰਹਿਣ ਵਾਲੇ ਸਨ। ਬਾਬਾ ਬਾਲਕ ਸਿੰਘ ਨੇ ਹਜ਼ਰੋ ਨਗਰ ਨੂੰ ਆਪਣਾ ਮੁੱਖ ਅਸਥਾਨ ਬਣਾਇਆ ਜੋ ਰਾਵਲਪਿੰਡੀ ਤੋਂ ਅਟਕ ਨੂੰ ਜਾਂਦਿਆਂ ਰਾਹ ਵਿਚ

ਆਉਂਦਾ ਹੈ। ਇਨ੍ਹਾਂ ਨੇ ਵੀ ਬ੍ਰਾਹਮਣਵਾਦ ਦੇ ਪ੍ਰਭਾਵ ਦੇ ਵਿਰੁੱਧ ਆਵਾਜ਼ ਉਠਾਈ ਅਤੇ ਇਕ ਅਕਾਲ ਪੁਰਖ ਦੇ ਨਾਮ ਸਿਮਰਨ ਤੇ ਬਲ ਦਿੱਤਾ। ਬੇਹੱਦਾ ਸ਼ਰਾਬ ਪੀਣ ਤੇ ਮਾਸ ਖਾਣ ਦੀਆ ਜੋ ਭੈੜੀਆਂ ਵਾਦੀਆਂ ਵੱਡੇ-ਵੱਡੇ ਸਰਦਾਰਾਂ ਵਿਚ ਗਈਆਂ ਸਨ, ਇਨ੍ਹਾਂ ਦੋਹਾਂ ਲਹਿਰਾਂ ਨੇ ਉਨ੍ਹਾਂ ਨੂੰ ਨਿੰਦਿਆ ਤੇ ਆਪਣੇ ਪੈਰੋਕਾਰਾਂ ਵਿਚ ਸ਼ਰਾਬ ਤੇ ਮਾਸ ਦੀ ਸਖ਼ਤ ਮਨਾਹੀ ਕੀਤੀ।

ਇਕ ਹੋਰ ਪਰਿਵਰਤਨ ਸਮਾਜ ਦੀ ਉੱਚ ਸ਼੍ਰੇਣੀ ਦੇ ਅੰਦਰ ਵਾਪਰੀ ਤਬਦੀਲੀ ਨਾਲ ਸੰਬੰਧ ਰਖਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਜਾਗੀਰਦਾਰ ਪ੍ਰਥਾ ਪਹਿਲਾਂ ਵੀ ਸੀ ਤੇ ਹੁਣ ਵੀ ਹੈ ਸੀ। ਜਿਸ ਤਰ੍ਹਾਂ ਪਹਿਲਾਂ ਉੱਚ ਸ਼੍ਰੇਣੀ ਦੇ ਵਕਾਰ ਤੇ ਅਧਿਕਾਰਾਂ ਦਾ ਡੂੰਘਾ ਸੰਬੰਧ ਇਸ ਪ੍ਰਥਾ ਨਾਲ ਹੁੰਦਾ ਸੀ, ਉਸੇ ਤਰ੍ਹਾਂ ਹੁਣ ਵੀ ਸੀ। ਪਰ ਇਸ ਸਭ ਕੁਝ ਦੇ ਬਾਵਜੂਦ ਖ਼ਾਲਸਾ ਰਾਜ ਦੌਰਾਨ ਪੁਰਾਣੀ ਉੱਚ ਸ਼੍ਰੇਣੀ ਦੀ ਥਾਂ ਇਕ ਨਵੀਂ ਉੱਚ ਸ਼੍ਰੇਣੀ ਉਭਰ ਕੇ ਹੋਂਦ ਵਿਚ ਆਈ ਸੀ। ਇਸ ਦੇ ਕੁਝ ਮੈਂਬਰ ਪੁਰਾਣੇ ਸਿੱਖ ਮਿਸਲਦਾਰਾਂ ਦੇ ਪਰਿਵਾਰਾਂ ਵਿਚੋਂ ਸਨ ਅਤੇ ਕੁਝ ਡੋਗਰਾ ਰਾਜਪੂਤਾਂ ਦੇ ਵੱਡੇ ਪਰਿਵਾਰਾਂ ਵਿਚੋ ਸਨ ਪਰ ਜ਼ਿਆਦਾਤਰ ਇਹ ਮੈਂਬਰ ਮਧ ਵਰਗ ਦੇ ਆਮ ਵਿਅਕਤੀਆਂ ਵਿਚੋਂ ਉਠੇ ਸਨ। ਕੁਝ ਮਨਚਲੇ ਬਾਹਰਲੇ ਮੁਲਕਾਂ ਤੋਂ ਵੀ ਨੌਕਰੀ ਦੀ ਤਲਾਸ਼ ਵਿਚ ਆਏ ਸਨ ਅਤੇ ਤਰੱਕੀ ਕਰ ਗਏ ਸਨ। ਇਨ੍ਹਾਂ ਵਿਚੋਂ ਸਿਵਾਏ ਸਿੱਖ ਮਿਸਲਦਾਰਾਂ ਦੇ ਪਰਿਵਾਰਾਂ ਵਿਚੋਂ ਆਏ ਵਿਅਕਤੀਆਂ ਦੇ ਕੋਈ ਵੀ ਅਜਿਹਾ ਨਹੀਂ ਜਾਪਦਾ ਜਿਸ ਨੇ ਆਪਣੀ ਯੋਗਤਾ ਦੇ ਕਾਰਨ ਪ੍ਰਸਿੱਧੀ ਪ੍ਰਾਪਤ ਨਾ ਕੀਤੀ ਹੋਵੇ। ਮਿਸਲਦਾਰਾਂ ਦੇ ਪਰਿਵਾਰਾਂ ਨੂੰ ਵੀ ਅਹਿਮੀਅਤ ਹਾਸਿਲ ਕੀਤਿਆਂ ਬਹੁਤਾ ਚਿਰ ਨਹੀਂ ਸੀ ਹੋਇਆ। 50-60 ਵਰ੍ਹੇ ਪਹਿਲਾਂ ਉਨ੍ਹਾਂ ਦੇ ਘਰਾਣੇ ਵੀ ਮਾਮੂਲੀ ਜਿਹੇ ਹੁੰਦੇ ਸਨ। ਇਸ ਤਰ੍ਹਾਂ ਸਮੁੱਚੇ ਤੌਰ ਤੇ ਇਸ ਉੱਚ ਵਰਗ ਵਿਚ ਨਵੀਨਤਾ ਸੀ, ਸਾਹਸ ਸੀ, ਸ਼ਕਤੀ ਸੀ, ਦਲੇਰੀ ਸੀ, ਕੁਝ ਕਰਨ ਦੀ ਰੀਝ ਸੀ। ਇਸ ਵਿਚ ਬੇਸ਼ਕ ਉਹ ਨਫ਼ਾਸਤ ਨਹੀਂ ਸੀ ਜੋ ਜੱਦੀਪਨ ਤੋਂ ਹਾਸਿਲ ਹੁੰਦੀ ਹੈ ਪਰ ਇਸ ਵਿਚ ਉਹ ਢਿਲੜ-ਪਨ, ਆਲਸ ਤੇ ਜਮਾਅ ਵੀ ਨਹੀਂ ਸੀ ਜਿਸ ਲਈ ਜੱਦੀਪਨ ਜ਼ਿੰਮੇਵਾਰ ਹੁੰਦਾ ਹੈ। ਇਸ ਦੀ ਵੱਡੀ ਕਮਜ਼ੋਰੀ ਇਹ ਸੀ ਕਿ ਇਸ ਵਿਚ ਕਈ ਛੋਟੇ-ਛੋਟੇ ਜੁੱਟ ਬਣ ਗਏ ਸਨ ਜਿਨ੍ਹਾਂ ਵਿਚ ਸਦਾ ਪਰਸਪਰ ਈਰਖਾ ਰਹਿੰਦੀ ਸੀ। ਇਹ ਈਰਖਾ ਜਿੰਨਾ ਚਿਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਰਿਹਾ, ਦਬੀ ਰਹੀ ਅਤੇ ਸਾਰਾ ਕੰਮ ਠੀਕ ਤਰ੍ਹਾਂ ਚਲਦਾ ਰਿਹਾ। ਉਨ੍ਹਾਂ ਤੋਂ ਮਗਰੋਂ ਜਦ ਰਾਜ ਦੀ ਵਾਗਡੋਰ ਕਮਜ਼ੋਰ ਹੱਥਾਂ ਵਿਚ ਆਈ ਤਾਂ ਇਸ ਨੇ ਭਿਆਨਕ ਰੂਪ ਧਾਰ ਲਿਆ ਤੇ ਅੰਤ ਵਿਚ ਸਮੁੱਚਾ ਖ਼ਾਲਸਾ ਰਾਜ ਇਸ ਦੀ ਭੇਟ ਚੜ੍ਹ ਗਿਆ।

ਸਮਾਜਕ ਪਰਿਵਰਤਨ ਦੀਆਂ ਉਪਰੋਕਤ ਉਦਾਹਰਣਾਂ ਤੋਂ ਇਲਾਵਾ ਵੀ ਕੁਝ ਅਜਿਹੇ ਤੱਥ ਹੋ ਸਕਦੇ ਹਨ ਜਿਨ੍ਹਾਂ ਤੋਂ ਨਵੇਂ ਪ੍ਰਭਾਵਾਂ ਦੀ ਝਲਕ ਪੈਂਦੀ ਹੋਵੇ, ਜਿਵੇਂ ਕਿ ਨਿਆਂਏ ਪ੍ਰਬੰਧ ਵਿਚ ਲਾਹੌਰ ਵਿਖੇ ਇਕ ਅਦਾਲਤੇ ਆਲਾ ਦੀ ਸਥਾਪਤੀ। ਪਰ ਜੋ ਸੰਖੇਪ ਵੇਰਵਾ ਇਨ੍ਹਾਂ ਪੰਨਿਆਂ ਵਿਚ ਦਿੱਤਾ ਗਿਆ ਹੈ ਉਸ ਤੋਂ ਸਿੱਖ ਰਾਜ ਦੇ ਸਮਾਜ ਦੀ ਰੂਪ ਰੇਖਾ ਦਾ ਸਪਸ਼ਟ ਅਨੁਮਾਨ ਲਾਇਆ ਜਾ ਸਕਦਾ ਹੈ। ਇਹ ਸਮਾਜ ਮੂਲ ਰੂਪ ਵਿਚ ਮੱਧ ਕਾਲ ਨਾਲ ਡੂੰਘਾ ਸੰਬੰਧ ਰਖਦਾ ਸੀ ਕਿਉਂਕਿ ਇਸ ਦੀ ਆਤਮਾ ਅਵੱਸ਼ ਹੀ ਮੱਧਕਾਲੀ ਸੀ। ਪਰੰਤੂ ਇਹ ਆਰਥਕ ਤੌਰ ਤੇ ਖੁਸ਼ਹਾਲ ਸਮਾਜ ਸੀ ਜਿਸ ਵਿਚ ਸਭ ਨੂੰ ਕਰਨ ਲਈ ਕੋਈ ਨਾ ਕੋਈ

ਰੁਜ਼ਗਾਰ ਆਸਾਨੀ ਨਾਲ ਮਿਲ ਜਾਂਦਾ ਸੀ। ਸਮਾਜਕ ਤੋਰ ਤੇ ਇਸ ਵਿਚ ਕੋਈ ਵੈਰ-ਵਿਰੋਧ ਦੀ ਭਾਵਨਾ ਨਹੀਂ ਸੀ ਅਤੇ ਸਭ ਧਰਮਾਂ ਦੇ ਲੋਕ ਸ਼ਾਂਤੀ ਤੇ ਸੁਲ੍ਹਾ ਦੇ ਵਾਤਾਵਰਨ ਵਿਚ ਵਿਚਰਦੇ ਸਨ। ਰਾਜਨੀਤਕ ਤੌਰ ਤੇ ਲੋਕ ਸੰਤੁਸ਼ਟ ਸਨ ਕਿਉਂਕਿ ਸਰਕਾਰ ਕਿਸੇ ਨਾਲ ਵਿਤਕਰਾ ਨਹੀ ਕਰਦੀ ਸੀ। ਸਮਾਜ ਵਿਚ ਕਈ ਬੁਰਾਈਆਂ ਜ਼ਰੂਰ ਮੌਜੂਦ ਸਨ ਪਰ ਇਨ੍ਹਾਂ ਦੇ ਬਾਵਜੂਦ ਸਮਾਜ ਵਿਚ ਸ਼ਕਤੀ ਸੀ, ਸਵੈ-ਵਿਸ਼ਵਾਸ ਸੀ। ਭਾਵੇਂ ਸਮਾਜ ਦੀ ਆਮ ਰੁਚੀ ਪਰੰਪਰਾਵਾਦੀ ਸੀ ਪਰ ਇਸ ਵਿਚ ਸਮਾਜਕ ਪਰਿਵਰਤਨ ਦੇ ਕਈ ਅੰਸ਼ ਵੀ ਦਿਸਦੇ ਸਨ। ਇਹ ਅੰਸ਼ ਬੇਸ਼ਕ ਅਜੇ ਬੀਜ ਰੂਪ ਵਿਚ ਹੀ ਸਨ ਪਰ ਜੇ ਕਿਤੇ ਖ਼ਾਲਸਾ ਰਾਜ ਨੂੰ ਕੁਝ ਹੋਰ ਸਮਾ ਮਿਲ ਜਾਂਦਾ ਤਾਂ ਸੰਭਵ ਹੈ ਕਿ ਇਹ ਬੀਜ ਪ੍ਰਫੁਲਤ ਹੋ ਜਾਂਦੇ।

**ਫ਼ੌਜਾ ਸਿੰਘ**

SIKHBOOKCLUB.COM

# ਬਾਬਾ ਪ੍ਰੇਮ ਸਿੰਘ ਹੋਤੀ ਦੀ ਇਤਿਹਾਸਕਾਰੀ 'ਤੇ ਇਕ ਪੜਚੋਲਵੀਂ ਨਜ਼ਰ

ਬਾਬਾ ਪ੍ਰੇਮ ਸਿੰਘ ਹੋਤੀ ਚਾਲੂ ਸ਼ਤਾਬਦੀ ਦੇ ਪਹਿਲੇ ਭਾਗ ਦੇ ਇਕ ਪ੍ਰਸਿੱਧ ਸਿੱਖ ਇਤਿਹਾਸਕਾਰ ਹੋਏ ਹਨ। ਉਨ੍ਹਾਂ ਨੇ ਇਕ ਦਰਜਨ ਦੇ ਕਰੀਬ ਪੁਸਤਕਾਂ ਲਿਖੀਆਂ। ਇਨ੍ਹਾਂ ਪੁਸਤਕਾਂ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਅਤੇ ਇਨ੍ਹਾਂ ਵਿਚੋਂ ਕੁਝ ਨੂੰ ਪੰਜਾਬ ਯੂਨੀਵਰਸਿਟੀ ਦੇ ਇਮਤਿਹਾਨਾਂ ਲਈ ਪਾਠ-ਪੁਸਤਕਾ ਦੇ ਤੌਰ ਤੇ ਵੀ ਲਗਾਇਆ ਗਿਆ। ਅਜੇ ਵੀ, ਭਾਵੇਂ ਕਿ ਹੁਣ ਇਤਿਹਾਸਕ ਖੋਜ ਬਹੁਤ ਅੱਗੇ ਲੰਘ ਗਈ ਹੈ, ਇਹ ਪੁਸਤਕਾਂ ਬੜੇ ਸ਼ੌਕ ਨਾਲ ਪੜ੍ਹੀਆ ਜਾਂਦੀਆਂ ਹਨ ਅਤੇ ਕਈਆਂ ਦੇ ਤਾਂ ਕਈ-ਕਈ ਐਡੀਸ਼ਨ ਛੱਪ ਚੁੱਕੇ ਹਨ।

ਬਾਬਾ ਪ੍ਰੇਮ ਸਿੰਘ ਦਾ ਜਨਮ 2 ਨਵੰਬਰ 1882 ਨੂੰ ਤੀਜੇ ਸਿੱਖ ਗੁਰੂ ਅਮਰਦਾਸ ਜੀ ਦੇ ਬੰਸ ਵਿਚ ਬਾਬਾ ਗੰਡਾ ਸਿੰਘ ਜੀ ਦੇ ਗ੍ਰਹਿ ਵਿਖੇ ਹੋਇਆ ਸੀ। ਇਨ੍ਹਾ ਦਾ ਪਰਿਵਾਰ ਹੋਤੀ ਮਰਦਾਨ ਜਾਣ ਤੋਂ ਪਹਿਲਾਂ ਦਰਿਆ ਬਿਆਸ ਦੇ ਕੰਢੇ ਤੇ ਗੁਰੂ ਅਮਰਦਾਸ ਜੀ ਦੇ ਵਸਾਏ ਨਗਰ ਗੋਇੰਦਵਾਲ ਵਿਚ ਰਿਹਾਇਸ਼ ਰਖਦਾ ਸੀ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਉੱਤਰ-ਪੱਛਮ ਵਿਚ ਪਿਸ਼ਾਵਰ, ਬੰਨੂੰ, ਡੇਰਾਜਾਤ ਆਦਿ ਦੇ ਇਲਾਕੇ ਆਪਣੀ ਅਧੀਨਗੀ ਵਿਚ ਲੈ ਲਏ ਤੇ ਆਪਣੇ ਨਵ-ਸਥਾਪਿਤ ਰਾਜ ਦੀ ਮਜ਼ਬੂਤੀ ਲਈ ਪੰਜਾਬ ਦੇ ਹਿੰਦੂ ਸਿੱਖ ਪਰਿਵਾਰਾਂ ਨੂੰ ਸਰਹੱਦੀ ਇਲਾਕਿਆਂ ਵਿਚ ਵਸਾਉਣ ਦੀ ਨੀਤੀ ਅਪਣਾਈ ਤਾਂ ਬਹੁਤ ਸਾਰੇ ਅਜਿਹੇ ਟੱਬਰ ਆਪਣੇ ਘਰਾਂ ਤੋਂ ਉਠ ਕੇ ਅਟਕੋਂ ਪਾਰਲੇ ਇਲਾਕਿਆ ਵਿਚ ਜਾ ਵਸੇ। ਇਹਨਾਂ ਵਿਚ ਹੀ ਇਕ ਪਰਿਵਾਰ ਗੋਇੰਦਵਾਲ ਦੇ ਰਹਿਣ ਵਾਲੇ ਬਾਬਾ ਕਾਹਨ ਸਿੰਘ ਦਾ ਸੀ ਜੋ ਬਾਬਾ ਪ੍ਰੇਮ ਸਿੰਘ ਦੇ ਦਾਦਾ ਸਨ। ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਨੂੰ ਹੋਤੀ ਵਿਚ ਜਾਗੀਰ ਦੇ ਕੇ ਵਸਾਇਆ। ਸੰਨ 1849 ਵਿਚ ਜਦੋਂ ਪੰਜਾਬ ਨੂੰ ਅੰਗਰੇਜ਼ਾਂ ਨੇ ਪੱਕੇ ਤੌਰ ਤੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ, ਉਸ ਸਮੇਂ ਬਾਬਾ ਕਾਹਨ ਸਿੰਘ ਦੀ ਸਾਰੀ ਜ਼ਮੀਨ ਜ਼ਬਤ ਕਰ ਲਈ ਗਈ। ਪਰ ਹੋਤੀ ਦੇ ਨਵਾਬ ਸਰ ਬੁਲੰਦ ਖਾਂ ਨੇ ਇਨ੍ਹਾਂ ਨੂੰ ਉਤਨੀ ਹੀ ਜਾਗੀਰ ਦੇ ਕੇ ਆਪਣੀ ਰਿਆਸਤ ਦੀ ਨਿਜ਼ਾਮਤ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਨਵਾਬ ਹੋਤੀ ਇਨ੍ਹਾਂ ਦੇ ਕੰਮ ਤੇ ਇੰਨਾ ਖੁਸ਼ ਹੋਇਆ ਕਿ ਬਾਬਾ ਕਾਹਨ ਸਿੰਘ ਦੇ ਸੁਰਗਵਾਸ ਹੋ ਜਾਣ ਤੇ ਉਨ੍ਹਾ ਦੇ ਲੜਕੇ ਬਾਬਾ ਗੰਡਾ ਸਿੰਘ ਨੂੰ ਉਸੇ ਪਦ ਤੇ ਲਾ ਲਿਆ ਅਤੇ ਜਦ ਸੰਨ 1902 ਵਿਚ ਬਾਬਾ ਗੰਡਾ ਸਿੰਘ ਰੱਬ ਨੂੰ ਪਿਆਰੇ ਹੋ ਗਏ ਤਾਂ ਉਨ੍ਹਾਂ ਦੇ ਲੜਕੇ ਬਾਬਾ ਪ੍ਰੇਮ ਸਿੰਘ ਨੂੰ ਉਹੀ ਕੰਮ ਸੌਂਪ ਦਿੱਤਾ। ਨਵਾਬ ਹੋਤੀ ਨੂੰ ਪੜ੍ਹਨ ਲਿਖਣ ਨਾਲ ਖ਼ਾਸ ਉਨਸ ਸੀ ਅਤੇ ਆਪਣੇ ਇਸ ਸ਼ੌਕ ਕਾਰਨ ਉਸ ਨੇ ਇਕ ਖਾਸੀ ਵੱਡੀ ਲਾਇਬ੍ਰੇਰੀ ਇਕੱਠੀ ਕਰ ਲਈ ਸੀ। ਬਾਬਾ ਪ੍ਰੇਮ ਸਿੰਘ ਨੂੰ ਵੀ ਇਸ ਕੰਮ ਦਾ ਬੜਾ ਸ਼ੌਕ ਸੀ,

ਇਸ ਲਈ ਦੋਹਾਂ ਵਿਚ ਪੱਕੀ ਮਿੱਤਰਤਾ ਦੇ ਸੰਬੰਧ ਪੈਦਾ ਹੋ ਗਏ ਅਤੇ ਇਹ ਸੰਬੰਧ ਸੰਨ 1947 ਤਕ, ਜਦੋਂ ਬਾਬਾ ਜੀ ਨੂੰ ਆਪਣੇ ਪਰਿਵਾਰ ਸਮੇਤ ਘਰ ਬਾਰ ਛੱਡ ਕੇ ਭਾਰਤ ਆਉਣਾ ਪਿਆ, ਜਿਉਂ ਦੇ ਤਿਉਂ ਕਾਇਮ ਰਹੇ।

ਬਾਬਾ ਪ੍ਰੇਮ ਸਿੰਘ ਹੋਤੀ ਵਿਚ ਹੀ ਜੰਮੇ, ਉੱਥੇ ਹੀ ਪਰਵਰਸ਼ ਪਾਈ ਤੇ ਵਿਦਿਆ ਹਾਸਲ ਕੀਤੀ। ਪੰਜਾਬੀ ਤੇ ਪਸ਼ਤੋ ਉਨ੍ਹਾਂ ਦੀਆਂ ਮਾਦਰੀ ਜ਼ਬਾਨਾਂ ਸਨ, ਇਸ ਲਈ ਇਹ ਤਾਂ ਆਪਣੇ ਆਪ ਹੀ ਆ ਜਾਣੀਆਂ ਸਨ। ਗੁਰਮੁਖੀ ਪੜ੍ਹਨੀ ਤੇ ਲਿਖਣੀ ਉਨ੍ਹਾਂ ਨੇ ਮਕਾਨਕ ਗੁਰਦੁਆਰੇ ਵਿਚ ਸਿੱਖ ਲਈ। ਫ਼ਾਰਸੀ ਦੀ ਪੜ੍ਹਾਈ ਲਈ ਹੋਤੀ ਵਿਚ ਹੀ ਇਕ ਮਕਤਬ ਸੀ। ਇਹ ਜ਼ਬਾਨ ਉੱਥੋਂ ਸਿਖੀ ਅਤੇ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਇਸ ਵਿਚ ਚੰਗੀ ਮੁਹਾਰਤ ਪ੍ਰਾਪਤ ਹੋ ਗਈ। ਥੋੜ੍ਹੀ ਜਿਹੀ ਜਾਣਕਾਰੀ ਅੰਗਰੇਜ਼ੀ ਭਾਸ਼ਾ ਬਾਰੇ ਵੀ ਹਾਸਲ ਕਰ ਲਈ ਜੋ ਮਗਰੋਂ ਹੌਲੀ-ਹੌਲੀ ਇੰਨੀ ਵਧ ਗਈ ਕਿ ਉਹ ਅੰਗਰੇਜ਼ੀ ਦੀਆਂ ਪੁਸਤਕਾਂ ਅਸਾਨੀ ਨਾਲ ਪੜ੍ਹਨ ਦੇ ਸਮਰਥ ਹੋ ਗਏ।

ਛੋਟੀ ਉਮਰ ਵਿਚ ਹੀ ਉਨ੍ਹਾਂ ਨੂੰ ਪੰਜਾਬੀ ਤੇ ਪਸ਼ਤੋ ਵਿਚ ਨਿੱਕੇ-ਨਿੱਕੇ ਗੀਤ ਲਿਖਣ ਦਾ ਸ਼ੌਕ ਪੈਦਾ ਹੋ ਗਿਆ ਅਤੇ ਉਨ੍ਹਾਂ ਕਈ ਅਜਿਹੇ ਗੀਤ ਲਿਖ ਕੇ ਛਪਵਾਏ ਵੀ। ਪਰ ਉਨ੍ਹਾਂ ਦੇ ਮਨ ਦੀ ਅਸਲ ਰੁਚੀ ਕਵਿਤਾ ਨਾਲੋਂ ਵਧੇਰੇ ਸਿੱਖ ਇਤਿਹਾਸ ਵੱਲ ਸੀ। ਸਿੱਖ ਇਤਿਹਾਸ ਵਿਚ ਉਨ੍ਹਾਂ ਦੀ ਦਿਲਚਸਪੀ ਦੇ ਕਈ ਕਾਰਨ ਸਨ। ਇਕ ਤਾਂ ਘਰ ਦਾ ਵਾਤਾਵਰਨ ਹੀ ਕੁਝ ਐਸਾ ਸੀ ਕਿ ਜਿਥੇ ਸਿੱਖੀ ਦੀ ਜਾਗ ਲਗਣੀ ਇਕ ਕੁਦਰਤੀ ਗੱਲ ਸੀ। ਪਿਤਾ ਬਾਬਾ ਗੰਡਾ ਸਿੰਘ ਲਗਭਗ ਹਰ ਰਾਤ ਨੂੰ ਸੌਣ ਤੋਂ ਪਹਿਲਾਂ ਸਾਰੇ ਪਰਿਵਾਰ ਨੂੰ ਸਿੱਖ ਧਰਮ ਬਾਰੇ ਕੋਈ ਸਾਖੀ ਜਾਂ ਕਿਸੇ ਸਿੱਖ ਜੋਧੇ ਸੰਬੰਧੀ ਕੋਈ ਕਥਾ ਕਹਾਣੀ ਸੁਣਾਇਆ ਕਰਦੇ ਸਨ। ਬਚਪਨ ਦੀ ਉਮਰ ਵਿਚ ਇਨ੍ਹਾਂ ਗੱਲਾਂ ਦਾ ਮਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਜਾਪਦਾ ਹੈ ਕਿ ਸਿੱਖ ਰਾਜ ਦੇ ਬਹਾਦਰ ਜੋਧਿਆਂ ਬਾਰੇ ਖੋਜ ਕਰਕੇ ਵਧੇਰੇ ਗਿਆਨ ਪ੍ਰਾਪਤ ਕਰਨ ਦੇ ਸ਼ੌਕ ਦੀ ਚਿਣਗ ਬਾਬਾ ਪ੍ਰੇਮ ਸਿੰਘ ਦੇ ਮਨ ਵਿਚ ਘਰ ਦੇ ਇਸ ਵਾਤਾਵਰਨ ਵਿਚੋਂ ਹੀ ਉਤਪੰਨ ਹੋਈ। ਰੋਜ਼ ਗੁਰਦੁਆਰੇ ਜਾਣ ਦੀ ਆਦਤ ਵੀ ਇਸੇ ਤਰ੍ਹਾਂ ਪੈਦਾ ਹੋਈ। ਗੁਰਦੁਆਰੇ ਜਾਣਾ ਪਰਿਵਾਰ ਦਾ ਨਿਤ ਦਾ ਪ੍ਰੋਗਰਾਮ ਸੀ। ਬਾਲਕ ਪ੍ਰੇਮ ਸਿੰਘ ਦਾ ਇਹ ਸ਼ੌਕ ਧੀਰੇ-ਧੀਰੇ ਇੰਨਾ ਪੱਕਾ ਹੋ ਗਿਆ ਕਿ 35 ਸਾਲ ਅਰਥਾਤ ਸੰਨ 1947 ਵਿਚ ਉੱਥੋਂ ਚਲੇ ਆਉਣ ਤੀਕ ਲਗਾਤਾਰ ਲਗਭਗ ਹਰ ਰੋਜ਼ ਉਹ ਹੋਤੀ ਦੇ ਗੁਰਦੁਆਰੇ ਵਿਚ ਜਾ ਕੇ ਕਥਾ ਕਰਦੇ ਰਹੇ। ਦੂਸਰੀ ਚੀਜ਼ ਜਿਸ ਨੇ ਉਨ੍ਹਾਂ ਦੇ ਮਨ ਨੂੰ ਸਿੱਖ ਇਤਿਹਾਸ ਵੱਲ ਖਿਚਿਆ ਇਹ ਸੀ ਕਿ ਹੋਤੀ ਮਰਦਾਨ, ਬੰਨੂੰ, ਪਿਸ਼ਾਵਰ ਤੇ ਉਸ ਦੇ ਆਸ ਪਾਸ ਦੇ ਇਲਾਕੇ ਵਿਚ ਸਿੱਖਾਂ ਦੀ ਬਹਾਦਰੀ ਦੀਆਂ ਖ਼ਾਸ ਤੌਰ ਤੇ ਮਹਾਰਾਜਾ ਰਣਜੀਤ ਸਿੰਘ, ਹਰੀ ਸਿੰਘ ਨਲਵਾ ਤੇ ਅਕਾਲੀ ਫੂਲਾ ਸਿੰਘ ਦੇ ਮਹਾਨ ਕਾਰਨਾਮਿਆਂ ਦੀਆਂ, ਬੜੀ ਸੰਖਿਆ ਵਿਚ ਰਵਾਇਤਾਂ ਪ੍ਰਚਲਿਤ ਸਨ ਅਤੇ ਉੱਥੇ ਦੇ ਬਜ਼ੁਰਗ ਲੋਕ ਗਲਬਾਤ ਵਿਚ ਅਕਸਰ ਇਨ੍ਹਾਂ ਦਾ ਜ਼ਿਕਰ ਕਰਦੇ ਰਹਿੰਦੇ ਸਨ। ਅਕਾਲੀ ਫੂਲਾ ਸਿੰਘ ਨੇ ਨੌਸ਼ਹਿਰੇ ਦੀ ਲੜਾਈ ਵਿਚ ਸ਼ਹੀਦੀ ਪਾਈ ਸੀ ਅਤੇ ਉਨ੍ਹਾਂ ਦੀ ਸਮਾਧ ਵੀ ਉੱਥੇ ਬਣੀ ਹੋਈ ਸੀ। ਹਰੀ ਸਿੰਘ ਨਲਵਾ ਨੇ ਹਜ਼ਾਰਾ ਤੇ ਪਿਸ਼ਾਵਰ ਦੇ ਇਲਾਕਿਆਂ ਵਿਚ ਕਈ ਵਰ੍ਹੇ ਸੈਨਾਪਤੀ ਤੇ ਮੁੱਖ ਪ੍ਰਬੰਧਕ

ਦੇ ਤੌਰ ਤੇ ਗੁਜ਼ਾਰੇ ਸਨ ਅਤੇ ਅੰਤ ਨੂੰ ਉਹ ਸੰਨ 1837 ਵਿਚ ਜਮਰੌਦ ਦੀ ਲੜਾਈ ਵਿਚ ਕਾਬਲ ਦੇ ਪਠਾਣਾਂ ਨਾਲ ਲੜਾਈ ਕਰਦੇ ਹੋਏ ਸ਼ਹੀਦ ਹੋ ਗਏ ਸਨ। ਇਸ ਲਈ ਇਨ੍ਹਾਂ ਮਹਾਨ ਜੋਧਿਆਂ ਬਾਰੇ ਉਸ ਇਲਾਕੇ ਵਿਚ ਕਈ ਕਹਾਣੀਆਂ ਲੋਕਾਂ ਦੀ ਜ਼ਬਾਨ ਤੇ ਚੜ੍ਹੀਆਂ ਹੋਈਆਂ ਸਨ। ਮਹਾਰਾਜਾ ਰਣਜੀਤ ਸਿੰਘ ਵੀ ਕਈ ਵਾਰ ਉਧਰ ਗਏ ਸਨ। ਉਂਝ ਵੀ, ਜੋ ਕੁਝ ਵੀ ਉਧਰ ਹੁੰਦਾ ਰਿਹਾ, ਜੋ ਚੜ੍ਹਾਈਆਂ ਕੀਤੀਆਂ ਗਈਆਂ ਅਤੇ ਜੋ ਜਿੱਤਾਂ ਪ੍ਰਾਪਤ ਹੋਈਆਂ ਉਨ੍ਹਾਂ ਸਭਨਾਂ ਦੇ ਪਿੱਛੇ ਮਹਾਰਾਜਾ ਸਾਹਿਬ ਦਾ ਹੀ ਤੇਜ ਪਰਤਾਪ ਤੇ ਦਿਮਾਗ ਸੀ। ਇਸ ਲਈ ਉਨ੍ਹਾਂ ਬਾਰੇ ਵੀ ਆਮ ਚਰਚਾ ਹੁੰਦੀ ਰਹਿੰਦੀ ਸੀ। ਇਨ੍ਹਾਂ ਗੱਲਾਂ ਦਾ ਨੌਜੁਆਨ ਪ੍ਰੇਮ ਸਿੰਘ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ। ਇਕ ਤਾਂ ਉਨ੍ਹਾਂ ਨੂੰ ਆਪਣੇ ਇਤਿਹਾਸ ਤੇ ਫ਼ਖ਼ਰ ਹੋਣ ਲਗਾ ਅਤੇ ਇਸ ਦੇ ਵਧੇਰੇ ਅਧਿਐਨ ਲਈ ਮਨ ਵਿਚ ਤਰੰਗਾਂ ਉਠਣ ਲਗੀਆਂ। ਦੂਜੇ, ਉਨ੍ਹਾਂ ਦੇ ਦਿਲ ਵਿਚ ਖਿਆਲ ਪੈਦਾ ਹੋਇਆ ਕਿ ਇਨ੍ਹਾਂ ਖਿੰਡੀਆਂ-ਪੁੰਡੀਆਂ ਸਿੱਖ ਰਵਾਇਤਾਂ ਨੂੰ ਜੇ ਵੇਲੇ ਸਿਰ ਇਕੱਤਰ ਨਾ ਕੀਤਾ ਗਿਆ ਤਾਂ ਇਹ ਛੇਤੀ ਹੀ ਅਲੋਪ ਹੋ ਜਾਣਗੀਆਂ ਅਤੇ ਇਨ੍ਹਾਂ ਦੇ ਅਲੋਪ ਹੋ ਜਾਣ ਨਾਲ ਸਿੱਖ ਇਤਿਹਾਸ ਦਾ ਕੁਝ ਬਹੁਮੁੱਲਾ ਸਰਮਾਇਆ ਹਮੇਸ਼ਾ ਲਈ ਜ਼ਾਇਆ ਹੋ ਜਾਏਗਾ। ਤੀਜੀ ਚੀਜ਼ ਜਿਸ ਨੇ ਬਾਬਾ ਪ੍ਰੇਮ ਸਿੰਘ ਨੂੰ ਸਿੱਖ ਇਤਿਹਾਸ ਵੱਲ ਮਾਇਲ ਕੀਤਾ, ਭਾਈ ਵੀਰ ਸਿੰਘ ਦੀ ਸੰਗਤ ਸੀ। ਉਨ੍ਹਾਂ ਦੀ ਪਹਿਲੀ ਮੁਲਾਕਾਤ ਭਾਈ ਸਾਹਿਬ ਨਾਲ ਸੰਨ 1908 ਵਿਚ ਗੁਜਰਾਂਵਾਲਾ ਵਿਖੇ ਪਹਿਲੀ ਸਿੱਖ ਐਜੂਕੇਸ਼ਨ ਕਾਨਫਰੰਸ ਦੇ ਅਵਸਰ ਤੇ ਹੋਈ। ਗੱਲ-ਬਾਤ ਦੌਰਾਨ ਭਾਈ ਸਾਹਿਬ ਨੇ ਉਨ੍ਹਾਂ ਨੂੰ ਸਿੱਖ ਇਤਿਹਾਸ ਸੰਬੰਧੀ ਖੋਜ ਕਰਕੇ ਲਿਖਣ ਲਈ ਪ੍ਰੇਰਨਾ ਦਿੱਤੀ ਜਿਸ ਦਾ ਉਨ੍ਹਾਂ ਦੇ ਮਨ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਦੋਂ ਤੋਂ ਸਿੱਖ ਇਤਿਹਾਸ ਦਾ ਅਧਿਐਨ ਉਨ੍ਹਾਂ ਦੇ ਜੀਵਨ ਦਾ ਮਿਸ਼ਨ ਬਣ ਗਿਆ। ਕੁਝ ਸਮਾਂ ਬਾਅਦ ਭਾਈ ਸਾਹਿਬ ਅੱਟਕ ਤੋਂ ਪਾਰਲੇ ਇਲਾਕੇ ਦੀ ਸੈਰ ਲਈ ਗਏ। ਬਾਬਾ ਜੀ ਨੂੰ ਉਥੇ ਫਿਰ ਭਾਈ ਸਾਹਿਬ ਨੂੰ ਮਿਲਣ ਦਾ ਅਵਸਰ ਮਿਲਿਆ। ਇਸ ਮਿਲਣੀ ਦੌਰਾਨ ਬਾਬਾ ਜੀ ਨੇ ਭਾਈ ਸਾਹਿਬ ਨੂੰ ਤਖ਼ਤ ਬਾਹੀ ਦੇ ਖੰਡਰਾਤ ਵਿਖਾਏ, ਅਕਾਲੀ ਫੂਲਾ ਸਿੰਘ ਸੰਬੰਧੀ ਕਈ ਪਸ਼ਤੋ ਗੀਤ ਸੁਣਾਏ ਅਤੇ ਪਠਾਣਾਂ ਵਿਚ ਸਿੱਖ ਰਾਜ ਵੇਲੇ ਦੀਆਂ ਪ੍ਰਚਲਤ ਕਈ ਕਥਾਵਾਂ ਦੱਸੀਆਂ। ਭਾਈ ਸਾਹਿਬ ਨੂੰ ਇਹ ਸਭ ਕੁਝ ਵੇਖ ਸੁਣ ਕੇ ਬੜੀ ਖ਼ੁਸ਼ੀ ਹੋਈ ਅਤੇ ਉਨ੍ਹਾਂ ਨੇ ਇਕ ਵਾਰ ਮੁੜ ਬਾਬਾ ਜੀ ਨੂੰ ਸਿੱਖ ਇਤਿਹਾਸ ਦੇ ਅਧਿਐਨ ਲਈ ਉਤਸ਼ਾਹਿਤ ਕੀਤਾ। ਉਪਰੰਤ, ਦੋਹਾਂ ਦੇ ਪਰਸਪਰ ਸੰਬੰਧ ਇੰਨੇ ਘਨਿਸ਼ਟ ਹੋ ਗਏ ਕਿ ਜਦ ਵੀ ਬਾਬਾ ਜੀ ਅੰਮ੍ਰਿਤਸਰ ਆਉਂਦੇ, ਉਹ ਭਾਈ ਸਾਹਿਬ ਦੀ ਕੋਠੀ ਵਿਚ ਹੀ ਠਹਿਰਦੇ ਅਤੇ ਇਨ੍ਹਾਂ ਮੌਕਿਆਂ ਤੇ ਉਨ੍ਹਾਂ ਵਿਚ ਸਿੱਖ ਇਤਿਹਾਸ ਬਾਰੇ ਗੱਲਬਾਤ ਹੁੰਦੀ। ਭਾਈ ਵੀਰ ਸਿੰਘ ਨੂੰ ਇਨ੍ਹਾਂ ਦੋਹਾਂ ਵਿਸ਼ਿਆਂ ਵਿਚ ਬੜੀ ਡੂੰਘੀ ਦਿਲਚਸਪੀ ਸੀ ਅਤੇ ਇਨ੍ਹਾਂ ਬਾਰੇ ਉਨ੍ਹਾਂ ਨੇ ਕਈ ਪੁਸਤਕਾਂ ਲਿਖੀਆਂ ਹਨ। ਸ੍ਰੀ ਗੁਰੂ ਨਾਨਕ ਚਮਤਕਾਰ ਤੇ ਸ੍ਰੀ ਗੁਰੂ ਕਲਗੀਧਰ ਚਮਤਕਾਰ ਪਹਿਲੇ ਤੇ ਅੰਤਲੇ ਸਿੱਖ ਗੁਰੂ ਸਾਹਿਬ ਦੇ ਜੀਵਨ ਬ੍ਰਿਤਾਂਤ ਸਨ। ਇਸੇ ਤਰ੍ਹਾਂ ਉਨ੍ਹਾਂ ਦੀ ਰਚਨਾ ਸ੍ਰੀ ਅਸ਼ਟ ਗੁਰੂ ਚਮਤਕਾਰ ਵਿਚ ਕੁਝ ਹੋਰ ਗੁਰੂ ਸਾਹਿਬਾਂ ਦੇ ਜੀਵਨ ਬ੍ਰਿਤਾਂਤ ਮਿਲਦੇ ਹਨ। ਭਾਈ ਸੰਤੋਖ ਸਿੰਘ ਦੀ ਮਹਾਨ ਰਚਨਾ (ਸੂਰਜ ਪ੍ਰਕਾਸ਼) ਵਿਚ ਦਸਾਂ ਗੁਰੂ ਸਾਹਿਬਾਂ ਦੇ ਜੀਵਨ ਕਵਿਤਾ ਵਿਚ ਅੰਕਿਤ

ਹਨ। ਭਾਈ ਸਾਹਿਬ ਨੇ ਇਸ ਮਹਾਨ ਗ੍ਰੰਥ ਦੀਆਂ ਸਾਰੀਆਂ 14 ਜਿਲਦਾਂ ਦੀ ਸੰਪਾਦਨਾ ਕੀਤੀ ਤੇ ਇਸ ਸੰਬੰਧ ਵਿਚ ਜੋ ਟੂਕਾਂ ਟਿਪਣੀਆਂ ਦਿੱਤੀਆਂ ਉਹ ਇਤਿਹਾਸਕ ਪੱਖ ਤੋਂ ਅਤਿ ਮਹੱਤਵਪੂਰਨ ਹਨ ਅਤੇ ਉਨ੍ਹਾਂ ਤੋਂ ਭਾਈ ਸਾਹਿਬ ਦੇ ਡੂੰਘੇ ਇਤਿਹਾਸਕ ਗਿਆਨ ਦੀ ਜਾਣਕਾਰੀ ਮਿਲਦੀ ਹੈ। ਇਸੇ ਤਰ੍ਹਾਂ ਉਨ੍ਹਾਂ ਦੇ ਇਤਿਹਾਸਕ ਨਾਵਲਾਂ ਤੋਂ ਉਨ੍ਹਾਂ ਦੀ ਇਤਿਹਾਸਕ ਸੂਝ ਬੂਝ ਦਾ ਪਤਾ ਚਲਦਾ ਹੈ। ਪਰ ਉਨ੍ਹਾਂ ਦੀ ਇਹ ਦਿਲਚਸਪੀ ਕੇਵਲ ਆਪਣੇ ਤਕ ਹੀ ਸੀਮਤ ਨਹੀਂ ਸੀ। ਉਹ ਹੋਰਨਾ ਨੂੰ ਵੀ ਇਸ ਬਾਰੇ ਉਤਸ਼ਾਹ ਦਿੰਦੇ ਰਹਿੰਦੇ ਸਨ। ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਸਿੱਖ ਇਤਿਹਾਸ ਅਧਿਐਨ ਵਿਭਾਗ ਉਨ੍ਹਾ ਦੀ ਹੀ ਦੇਣ ਹੈ। ਪਰ ਭਾਈ ਵੀਰ ਸਿੰਘ ਨਿਰੇ ਪੁਰੇ ਕਵੀ ਤੇ ਵਿਦਵਾਨ ਹੀ ਨਹੀ ਸਨ। ਉਹ ਇਕ ਮਹਾਨ ਸੰਤ ਵੀ ਸਨ ਅਤੇ ਉਨ੍ਹਾਂ ਦੇ ਨਿਜੀ ਜੀਵਨ ਵਿਚ ਇਕ ਮਿਕਨਾਤੀਸੀ ਅਸਰ ਸੀ। ਇਸ ਲਈ ਜੋ ਮਸ਼ਵਰਾ ਭਾਈ ਵੀਰ ਸਿੰਘ ਨੇ ਬਾਬਾ ਪ੍ਰੇਮ ਸਿੰਘ ਨੂੰ ਦਿੱਤਾ, ਉਸ ਵਿਚ ਬਹੁਤ ਬੜਾ ਵਜ਼ਨ ਸੀ ਜਿਸ ਦੀ ਛੋਹ ਨਾਲ ਬਾਬਾ ਜੀ ਦੀ ਇਤਿਹਾਸ ਸੰਬੰਧੀ ਦਿਲਚਸਪੀ ਨੇ ਇਕ ਅਟੁੱਟ ਲਗਨ ਦਾ ਰੂਪ ਧਾਰਨ ਕਰ ਲਿਆ।

ਬਾਬਾ ਪ੍ਰੇਮ ਸਿੰਘ ਦੀ ਪਹਿਲੀ ਪੁਸਤਕ 'ਅਕਾਲੀ ਫੂਲਾ ਸਿੰਘ' ਬਾਰੇ ਸੀ ਜਿਹੜੀ ਸੰਨ 1914 ਵਿਚ ਛਪੀ। ਇਸ ਦੀ ਪਾਠਕਾਂ ਵੱਲੋਂ ਬੜੀ ਕਦਰ ਕੀਤੀ ਗਈ ਜਿਸ ਨਾਲ ਕਰਤਾ ਦਾ ਹੌਸਲਾ ਬਹੁਤ ਵਧਿਆ। ਉਪਰੰਤ ਉਨ੍ਹਾਂ ਨੇ ਕਈ ਹੋਰ ਪੁਸਤਕਾਂ ਲਿਖੀਆ ਜਿਨ੍ਹਾ ਵਿਚੋ ਵਧੇਰੇ ਮਸ਼ਹੂਰ ਪੁਸਤਕਾ ਦੇ ਨਾਉਂ ਤੇ ਪ੍ਰਕਾਸ਼ਨ ਮਿਤੀਆਂ ਇਸ ਪ੍ਰਕਾਰ ਹਨ :

| | | |
|---|---|---|
| *ਮਹਾਰਾਜਾ ਰਣਜੀਤ ਸਿੰਘ* | — | 1918 |
| *ਕੰਵਰ ਨੌਨਿਹਾਲ ਸਿੰਘ* | — | 1927 |
| *ਹਰੀ ਸਿੰਘ ਨਲਵਾ* | — | 1937 |
| *ਖ਼ਾਲਸਾ ਰਾਜ ਦੇ ਉਸਰਈਏ (ਭਾਗ ਪਹਿਲਾ)* | — | 1942 |
| *ਖ਼ਾਲਸਾ ਰਾਜ ਦੇ ਉਸਰਈਏ (ਭਾਗ ਦੂਜਾ)* | — | 1944 |
| *ਖ਼ਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ* | — | 1945 |
| *ਮਹਾਰਾਜਾ ਸ਼ੇਰ ਸਿੰਘ* | — | 1951 |
| *ਨਵਾਬ ਕਪੂਰ ਸਿੰਘ* | — | 1952 |

ਇਨ੍ਹਾਂ ਵਿਚੋਂ ਅਕਾਲੀ ਫੂਲਾ ਸਿੰਘ, ਮਹਾਰਾਜਾ ਰਣਜੀਤ ਸਿੰਘ ਤੇ ਹਰੀ ਸਿੰਘ ਨਲਵਾ ਸੰਬੰਧੀ ਪੁਸਤਕਾਂ ਦੇ ਕਈ-ਕਈ ਐਡੀਸ਼ਨ ਛਪ ਚੁੱਕੇ ਹਨ।

ਬਾਬਾ ਪ੍ਰੇਮ ਸਿੰਘ ਦੀਆਂ ਲਿਖਤਾਂ ਦਾ ਠੀਕ-ਠੀਕ ਅੰਦਾਜ਼ਾ ਲਾਉਣ ਲਈ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਸਮੁੱਚਾ ਚਿੰਤਨ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸੀ। ਜੋ ਪ੍ਰਭਾਵ ਉਨ੍ਹਾਂ ਨੂੰ ਭਾਈ ਵੀਰ ਸਿੰਘ ਦੀ ਸੰਗਤ ਤੋ ਪ੍ਰਾਪਤ ਹੋਇਆ, ਉਹ ਵੀ ਸਿੰਘ ਸਭਾ ਲਹਿਰ ਦਾ ਹੀ ਪ੍ਰਭਾਵ ਸੀ ਕਿਉਂਕਿ ਭਾਈ ਸਾਹਿਬ ਉੱਤੇ ਵੀ ਉਸੇ ਲਹਿਰ ਦੀ ਛਾਪ ਅੰਕਿਤ ਸੀ। ਇਹ ਲਹਿਰ ਭਾਰਤ ਦੀਆਂ ਉਨ੍ਹਾ ਬਹੁਤ ਸਾਰੀਆਂ ਲਹਿਰਾਂ ਵਿਚੋ ਇਕ ਸੀ ਜਿਨ੍ਹਾਂ ਨੇ 19ਵੀਂ ਸ਼ਤਾਬਦੀ ਦੇ ਪਿਛਲੇ ਭਾਗ ਵਿਚ ਮੁਲਕ ਦੇ ਵੱਖ-ਵੱਖ ਫਿਰਕਿਆਂ ਦੇ ਧਾਰਮਕ ਤੇ ਸਮਾਜਕ ਖੇਤਰਾਂ ਅੰਦਰ ਸੁਧਾਰ ਲਿਆਉਣ ਦੇ ਜਤਨ ਕੀਤੇ। ਸਿੰਘ ਸਭਾ ਲਹਿਰ ਨੇ ਸਿੱਖ

ਕੌਮ ਨੂੰ ਇਕ ਨਵੀਂ ਜਾਗ ਲਾਈ, ਉਸ ਨੂੰ ਆਪਣੀ ਹਸਤੀ ਬਾਰੇ ਚੇਤੰਨ ਬਣਾਇਆ ਤੇ ਆਪਣੇ ਵਿਰਸੇ ਤੋਂ ਜਾਣੂ ਕਰਵਾਇਆ। ਸਿੱਖ ਸਿਧਾਂਤਾਂ ਦੀ ਮੁੜ ਤੋਂ ਪਰਿਭਾਸ਼ਾ ਕੀਤੀ ਅਤੇ ਜੋ ਤੱਥ ਇਨ੍ਹਾਂ ਦੇ ਅਨੁਕੂਲ ਨਹੀਂ ਸਨ, ਉਨ੍ਹਾਂ ਨੂੰ ਬਾਹਰ ਕਢਿਆ। ਗੁਰੂ ਸਾਹਿਬਾਂ ਦੇ ਦਰਸਾਏ ਮਾਰਗ ਨੂੰ ਉਜਾਗਰ ਕਰਨ ਲਈ ਗੁਰਮਤ ਦਾ ਜ਼ੋਰਦਾਰ ਪ੍ਰਚਾਰ ਕੀਤਾ। ਇਸ ਮਨੋਰਥ ਲਈ ਥਾਂ-ਥਾਂ ਸਿੰਘ ਸਭਾਵਾਂ ਸਥਾਪਤ ਕੀਤੀਆਂ, ਜਿਹੜੀਆਂ ਦੀਵਾਨਾਂ, ਨਗਰ ਕੀਰਤਨਾਂ, ਗੁਰਪੁਰਬਾਂ ਆਦਿ ਰਾਹੀਂ ਸਿੱਖੀ ਅਸੂਲਾਂ ਦਾ ਅਨੁਭਵ ਕਰਾਉਂਦੀਆਂ ਸਨ। ਅੰਮ੍ਰਿਤ ਪ੍ਰਚਾਰ ਦੁਆਰਾ ਲੋਕਾਂ ਵਿਚ ਖ਼ਾਲਸਈ ਜਜ਼ਬਾ ਭਰਿਆ ਜਾਂਦਾ ਸੀ ਅਤੇ ਸਿੱਖ ਸਮਾਜ ਨੂੰ ਛੂਤ-ਛਾਤ ਦੀ ਲਾਹਨਤ ਤੋਂ ਪਾਕ ਕਰਨ ਲਈ ਜਤਨ ਕੀਤੇ ਜਾਂਦੇ ਸਨ। ਅਖਬਾਰਾਂ, ਗੁਰਬਾਣੀ ਦੇ ਟੀਕਿਆਂ, ਗੁਰੂ ਸਾਹਿਬਾਂ ਦੀਆਂ ਜੀਵਨੀਆਂ, ਟ੍ਰੈਕਟਾਂ, ਕਵਿਤਾਵਾਂ, ਨਾਵਲਾਂ ਤੇ ਡਰਾਮਿਆਂ ਆਦਿ ਨੇ ਨਵੀਂ ਚੇਤਨਤਾ ਪੈਦਾ ਕਰਨ ਵਿਚ ਬਹੁਤ ਬੜੀ ਸਹਾਇਤਾ ਕੀਤੀ। ਸਕੂਲਾਂ ਤੇ ਕਾਲਜਾਂ ਦੀ ਸਥਾਪਨਾ ਰਾਹੀਂ ਵਿਦਿਆ ਪ੍ਰਚਾਰ ਕੀਤਾ ਗਿਆ ਅਤੇ ਸਿੱਖ ਬੱਚਿਆਂ ਨੂੰ ਪੰਜਾਬੀ ਸਿਖਣ ਤੇ ਨਵੀਂ ਪੱਛਮੀ ਵਿਦਿਆ ਹਾਸਲ ਕਰਨ ਦੀਆਂ ਸਹੂਲਤਾਂ ਦਿੱਤੀਆਂ ਗਈਆਂ। ਨਵੀਂ ਪੈਦਾ ਹੋਈ ਚੇਤਨਤਾ ਨੇ ਕੌਮ ਨੂੰ ਇਕ ਨਵੀਂ ਜਥੇਬੰਦੀ ਪ੍ਰਦਾਨ ਕੀਤੀ। ਸ਼ੁਰੂ ਵਿਚ ਸਿੰਘ ਸਭਾਵਾਂ ਬਣੀਆਂ, ਫਿਰ ਉਨ੍ਹਾਂ ਤੋਂ ਅੰਮ੍ਰਿਤਸਰ ਦੀਵਾਨ ਤੇ ਲਾਹੌਰ ਦੀਵਾਨ ਬਣੇ ਅਤੇ ਪਿੱਛੋਂ ਉਨ੍ਹਾਂ ਦੋਹਾਂ ਨੂੰ ਮਿਲਾ ਕੇ ਇਕ ਸਾਂਝੀ ਜਥੇਬੰਦੀ ਸਥਾਪਿਤ ਕੀਤੀ ਗਈ ਜਿਸ ਦਾ ਨਾਂ ਚੀਫ਼ ਖ਼ਾਲਸਾ ਦੀਵਾਨ ਰਖਿਆ ਗਿਆ। ਇਸ ਜਮਾਤ ਨੇ ਨਾ ਕੇਵਲ ਸਿੱਖ ਕੌਮ ਦੀ ਧਾਰਮਕ ਤੇ ਸਮਾਜਕ ਖੇਤਰਾਂ ਵਿਚ ਹੀ ਅਗਵਾਈ ਕੀਤੀ ਸਗੋਂ ਇਸ ਨੇ ਇਸ ਦੇ ਆਰਥਕ ਤੇ ਰਾਜਨੀਤਕ ਹਿਤਾਂ ਦੀ ਰਾਖੀ ਵੀ ਕੀਤੀ। ਸ਼ੁਰੂ ਵਿਚ ਕੁਝ ਵਰ੍ਹੇ ਇਸ ਨੇ ਬਹੁਤ ਚੰਗਾ ਕੰਮ ਕੀਤਾ ਪਰ ਮਗਰੋਂ ਇਹ ਸਰਕਾਰ-ਪ੍ਰਸਤਾਂ ਦੀ ਇਕ ਸੰਸਥਾ ਬਣ ਕੇ ਰਹਿ ਗਈ ਅਤੇ ਇਸ ਦੀ ਜਗ੍ਹਾ ਇਕ ਹੋਰ ਸੰਸਥਾ ਸੈਂਟਰਲ ਸਿੱਖ ਲੀਗ ਹੋਂਦ ਵਿਚ ਆ ਗਈ।

ਸਿੰਘ ਸਭਾ ਲਹਿਰ ਦੇ ਆਸ਼ੇ ਅਨੁਸਾਰ ਸਿੱਖ ਇਤਿਹਾਸ ਦਾ ਅਧਿਐਨ ਵੀ ਸਿੱਖ ਕੌਮ ਵਿਚ ਪੁਨਰ ਜਾਗ੍ਰਤੀ ਦਾ ਹੀ ਇਕ ਸਾਧਨ ਸੀ। ਇਸ ਦਾ ਮੁੱਖ ਉਦੇਸ਼ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਰਵਾਇਤਾਂ ਨੂੰ ਉਜਾਗਰ ਕਰਕੇ ਇਸ ਤਰ੍ਹਾਂ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਸੀ ਕਿ ਉਨ੍ਹਾਂ ਨੂੰ ਆਪਣੇ ਅਮੀਰ ਸਰਮਾਏ ਦਾ ਅਨੁਭਵ ਹੋਵੇ, ਉਨ੍ਹਾਂ ਵਿਚ ਆਪਣੀ ਹਸਤੀ ਬਾਰੇ ਗੌਰਵ ਪੈਦਾ ਹੋਵੇ ਅਤੇ ਇਸ ਹਸਤੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਰੀਝ ਪੈਦਾ ਹੋਵੇ। ਅਰਥਾਤ ਖ਼ਾਲਸੇ ਦੀ ਸ਼ਾਨ ਵਧਾਉਣਾ, ਉਸ ਦੇ ਕਾਰਨਾਮਿਆਂ ਦੀ ਵਡਿਆਈ ਕਰਨਾ, ਉਸ ਦੇ ਆਲੋਚਕਾਂ ਨੂੰ ਮੂੰਹ-ਤੋੜ ਜੁਆਬ ਦੇਣਾ ਅਤੇ ਖਿੰਡੀਆਂ-ਪੁੰਡੀਆਂ ਸਿੱਖ ਰਵਾਇਤਾਂ ਨੂੰ ਇਕੱਠਾ ਕਰਕੇ ਸੰਭਾਲਣਾ ਇਤਿਹਾਸਕ ਖੋਜ ਦੇ ਮੁੱਖ ਉਦੇਸ਼ ਸਮਝੇ ਜਾਂਦੇ ਸਨ। ਦੂਜੇ ਸ਼ਬਦਾਂ ਵਿਚ ਸਿੰਘ ਸਭਾ ਲਹਿਰ ਦੇ ਆਗੂਆਂ ਅਨੁਸਾਰ ਸਿੱਖ ਇਤਿਹਾਸ ਦਾ ਪ੍ਰਚਾਰ ਸਿੱਖੀ ਦੇ ਪ੍ਰਚਾਰ ਦਾ ਹੀ ਇਕ ਜ਼ਰੂਰੀ ਅੰਗ ਸੀ।

ਇਸ ਵਿਚ ਕੋਈ ਸ਼ਕ ਨਹੀਂ ਕਿ ਇਹ ਸਿੰਘ ਸਭਾਈ ਵਿਚਾਰਧਾਰਾ ਬਾਬਾ ਪ੍ਰੇਮ ਸਿੰਘ ਦੀ ਇਤਿਹਾਸਕਾਰੀ ਦੀ ਅਧਾਰਸ਼ਿਲਾ ਸੀ ਅਤੇ ਇਕ ਹੱਦ ਤੀਕ ਇਹ ਸੁਤੰਤਰ ਚਿੰਤਨ ਦੇ

ਰਾਹ ਵਿਚ ਰੋਕ ਸੀ। ਕਈ ਵਾਰ ਇਉਂ ਵੀ ਹੁੰਦਾ ਹੈ ਕਿ ਪਹਿਲਾਂ ਬਣੀ ਬਣਾਈ ਧਾਰਨਾ ਲੈ ਕੇ ਚਲਣ ਵਾਲੇ ਲੇਖਕ ਅਜਿਹੇ ਤਥਾਂ ਨੂੰ ਅਖਾਂ ਤੋਂ ਓਹਲੇ ਕਰਨ ਲਈ ਬੇਵਸ ਹੋ ਜਾਂਦੇ ਹਨ ਜਿਹੜੇ ਉਨ੍ਹਾਂ ਦੀ ਉਸ ਧਾਰਨਾ ਨਾਲ ਠੀਕ ਨਾ ਢੁਕਦੇ ਹੋਣ। ਪਰ ਇਸ ਤੋਂ ਅਵਸ਼ ਤੌਰ ਤੇ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਅਜਿਹੇ ਲੇਖਕ ਦੀ ਰਚਨਾ ਬਿਲਕੁਲ ਨਿਰਮੂਲ ਤੇ ਬੇ-ਬੁਨਿਆਦ ਹੁੰਦੀ ਹੈ। ਇਸ ਦਾ ਨਿਰਨਾ ਅਸਲ ਵਿਚ ਇਸ ਗੱਲ ਉੱਤੇ ਨਿਰਭਰ ਕਰਦਾ ਹੈ ਕਿ ਜਿਸ ਵਿਸ਼ੇ ਤੇ ਉਹ ਲੇਖਕ ਲਿਖ ਰਿਹਾ ਹੈ ਉਸ ਵਿਚ ਕਿੰਨੀ ਕੁ ਜਾਨ ਹੈ, ਉਹ ਕਿਸ ਪ੍ਰਕਾਰ ਦਾ ਹੈ। ਉਦਾਹਰਨ ਵਜੋਂ ਜੇ ਕਿਸੇ ਕੌਮ ਦਾ ਇਤਿਹਾਸ ਵਾਸਤਵ ਵਿਚ ਸ਼ਾਨਦਾਰ ਹੈ ਤਾਂ ਉਥੇ ਕੁਝ ਹੱਦ ਤੀਕ ਪ੍ਰਾਪੇਗੰਡਾ ਚਲ ਵੀ ਸਕਦਾ ਹੈ ਕਿਉਂਕਿ ਉਸ ਦਾ ਅਧਾਰ ਮਜ਼ਬੂਤ ਹੁੰਦਾ ਹੈ। ਕਿਸੇ ਹੋਰ ਵਿਸ਼ੇ ਤੇ ਜਿਥੇ ਹਾਲਾਤ ਇਸ ਤਰ੍ਹਾਂ ਦੇ ਨਾ ਹੋਣ, ਲੇਖਕ ਦੀ ਪ੍ਰਚਾਰ ਦੀ ਨਿਯਤ ਨਾਲ ਬਣਾਈ ਧਾਰਨਾ ਘਾਤਕ ਸਾਬਤ ਹੋ ਸਕਦੀ ਹੈ।

ਭਾਵੇਂ ਬਾਬਾ ਪ੍ਰੇਮ ਸਿੰਘ ਦੀ ਵਿਚਾਰਧਾਰਾ ਮੂਲ ਰੂਪ ਵਿਚ ਸਿੰਘ-ਸਭਾਈ ਵਿਚਾਰਧਾਰਾ ਤੋਂ ਵੱਖਰੀ ਨਹੀਂ ਸੀ, ਸਗੋਂ ਇਸੇ ਦੀ ਉਪਜ ਸੀ, ਪਰ ਹਰ ਨਵੀਂ ਪੁਸਤਕ ਲਿਖਣ ਤੋਂ ਪਹਿਲਾਂ ਉਹ ਪੂਰੀ ਵਾਹ ਲਾ ਕੇ ਉਸ ਲਈ ਵੱਧ ਤੋਂ ਵੱਧ ਇਤਿਹਾਸਕ ਸਮੱਗਰੀ ਇਕੱਤਰ ਕਰਨ ਦਾ ਜਤਨ ਕਰਦੇ ਸਨ। ਕੋਈ ਪੁਸਤਕ, ਖਰੜਾ ਜਾਂ ਦਸਤਾਵੇਜ਼, ਭਾਵੇਂ ਉਹ ਫ਼ਾਰਸੀ ਵਿਚ ਹੋਵੇ ਜਾਂ ਉਰਦੂ, ਪੰਜਾਬੀ, ਪਸ਼ਤੋ ਤੇ ਅੰਗਰੇਜ਼ੀ ਵਿਚ, ਉਸ ਨੂੰ ਪ੍ਰਾਪਤ ਕਰਨ ਲਈ ਉਹ ਹਰ ਕੀਮਤ ਦੇਣ ਨੂੰ ਤਿਆਰ ਰਹਿੰਦੇ ਸਨ। ਉਨ੍ਹਾਂ ਦੀ ਸਾਰੀ ਨਿਜੀ ਲਾਇਬ੍ਰੇਰੀ ਜੋ ਅਕਾਰ ਵਿਚ ਚੋਖੀ ਵੱਡੀ ਸੀ, ਇਸੇ ਵਿਧੀ ਦੁਆਰਾ ਜਮ੍ਹਾਂ ਹੋ ਗਈ ਸੀ। ਫਿਰ ਉੱਥੇ ਨਵਾਬ ਹੋਤੀ ਦੀ ਲਾਇਬ੍ਰੇਰੀ ਵੀ ਬਹੁਤ ਅੱਛੀ ਸੀ ਅਤੇ ਉਹ ਜੋ ਕਿਤਾਬ ਜਾਂ ਖਰੜਾ ਚਾਹੁੰਣ ਉਥੋਂ ਲੈ ਕੇ ਵਰਤ ਸਕਦੇ ਸਨ। ਇਹ ਵੀ ਕੋਸ਼ਿਸ਼ ਕੀਤੀ ਜਾਂਦੀ ਸੀ ਕਿ ਵਿਸ਼ੇ ਨਾਲ ਸੰਬੰਧਤ ਥਾਵਾਂ ਤੇ ਅਪੜ ਕੇ ਮੌਖਿਕ ਰਵਾਇਤਾਂ ਨੂੰ ਇਕੱਠਾ ਕੀਤਾ ਜਾਵੇ। ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ ਤੇ ਨੌਨਿਹਾਲ ਸਿੰਘ ਬਾਰੇ ਲਿਖੀਆਂ ਪੁਸਤਕਾਂ ਵਿਚੋਂ ਇਹ ਗੱਲ ਖ਼ਾਸ ਤੌਰ ਤੇ ਉਘੜ ਕੇ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਉਨ੍ਹਾਂ ਦੀਆਂ ਲਿਖਤਾਂ ਕਿਸੇ ਮਨੋ-ਕਲਪਨਾ ਉੱਤੇ ਅਧਾਰਿਤ ਨਹੀਂ ਸਨ, ਸਗੋਂ ਜੋ ਕੁਝ ਵੀ ਉਨ੍ਹਾਂ ਨੇ ਲਿਖਣਾ ਹੁੰਦਾ ਸੀ ਉਸ ਨੂੰ ਲਿਖਣ ਤੋਂ ਪਹਿਲਾਂ ਉਸ ਲਈ ਵੱਧ ਤੋਂ ਵੱਧ ਲੋੜੀਂਦੀ ਇਤਿਹਾਸਕ ਗਵਾਹੀ ਦੀ ਭਾਲ ਕਰਦੇ ਸਨ। ਗਵਾਹੀ ਮਿਲਣ ਦੀ ਸੂਰਤ ਵਿਚ ਹੀ ਪੂਰੀ ਤਸੱਲੀ ਉਪਰੰਤ ਕੋਈ ਗੱਲ ਲਿਖੀ ਜਾਂਦੀ ਸੀ। ਇਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦੀ ਲਿਖਣ-ਸ਼ੈਲੀ ਪਰੰਪਰਾਵਾਦੀ ਨਹੀਂ ਸੀ ਸਗੋਂ ਇਸ ਉੱਤੇ ਪੱਛਮੀ ਇਤਿਹਾਸਕਾਰੀ ਦੀ ਵਿਧੀ ਦਾ ਚੋਖਾ ਪ੍ਰਭਾਵ ਸੀ। ਹਰ ਪੰਨੇ ਤੇ ਜਾਂ ਜਿਥੇ-ਜਿਥੇ ਲੋੜ ਹੁੰਦੀ ਸੀ, ਫੁਟ-ਨੋਟ ਤੇ ਰੈਫਰੈਂਸ ਦਿੱਤੇ ਜਾਂਦੇ ਸਨ ਤਾਂ ਜੋ ਪਾਠਕਾਂ ਨੂੰ ਪਤਾ ਲਗ ਸਕੇ ਕਿ ਕੋਈ ਸੂਚਨਾ ਕਿਥੋਂ ਲਈ ਗਈ ਹੈ। ਹਾਂ, ਇਹ ਠੀਕ ਹੈ ਕਿ ਇਸ ਵਿਚ ਕਈ ਊਣਤਾਈਆਂ ਰਹਿ ਗਈਆਂ ਹਨ। ਕਈ ਥਾਵਾਂ ਤੇ ਪੁਸਤਕ ਦਾ ਨਾਂ ਦਿੱਤਾ ਹੈ ਪਰ ਪੰਨਾ ਨਹੀਂ ਦਿੱਤਾ। ਕਿਤੇ ਇਹ ਨਹੀਂ ਦੱਸਿਆ ਗਿਆ ਕਿ ਪੁਸਤਕ ਕਦੋਂ ਤੇ ਕਿਥੇ ਛਪੀ ਸੀ। ਕਿਤੇ-ਕਿਤੇ ਲੇਖਕਾਂ ਦੇ ਪੂਰੇ ਨਾਉਂ ਨਹੀਂ ਦਿੱਤੇ ਗਏ। ਪਰ ਇਨ੍ਹਾਂ ਖਾਮੀਆਂ ਦੇ ਬਾਵਜੂਦ ਇਹ ਗੱਲ ਮੰਨਣੀ ਪਵੇਗੀ ਕਿ ਬਾਬਾ ਜੀ ਪੱਛਮੀ ਇਤਿਹਾਸਕਾਰੀ

ਦੀ ਵਿਧੀ ਤੋਂ ਜਾਣੂ ਸਨ।

ਪ੍ਰਿੰਸੀਪਲ ਤੇਜਾ ਸਿੰਘ ਨੇ ਇਕ ਥਾਂ ਬਾਬਾ ਪ੍ਰੇਮ ਸਿੰਘ ਹੋਤੀ ਦੀਆਂ ਲਿਖਤਾਂ ਬਾਰੇ ਲਿਖਿਆ ਹੈ, "ਇਨ੍ਹਾਂ ਨੇ ਆਪਣੇ ਦੇਸ਼ ਜਾਂ ਕੌਮ ਦੇ ਸਮੁੱਚੇ ਇਤਿਹਾਸ ਲਿਖਣ ਦੀ ਥਾਂ ਦੇਸ਼ ਦੇ ਉੱਘੇ-ਉੱਘੇ ਸੂਰਬੀਰਾਂ ਦੇ ਜੀਵਨ ਲਿਖਣ ਦੀ ਸੇਵਾ ਆਪਣੇ ਉੱਤੇ ਲਈ ਹੈ ਅਤੇ ਆਪਣੀ ਸਾਰੀ ਉਮਰ ਇਸੇ ਸੇਵਾ ਦੇ ਪੂਰਾ ਕਰਨ ਵਿਚ ਲਾ ਦਿੱਤੀ ਹੈ।" ਇਹ ਗੱਲ ਮੋਟੇ ਤੌਰ 'ਤੇ ਠੀਕ ਲਗਦੀ ਹੈ। ਸਿਵਾਏ ਇਕ ਪੁਸਤਕ, '*ਪੈਪਸੂ ਦਾ ਸੰਖੇਪ ਇਤਿਹਾਸ*', ਦੇ (ਇਹ ਵੀ ਇਕ ਛੋਟੀ ਜਿਹੀ ਪਾਠ-ਪੁਸਤਕ ਹੈ ਜੋ ਪ੍ਰੋਫੈਸਰ ਵਰਿਆਮ ਸਿੰਘ ਦੇ ਨਾਲ ਮਿਲ ਕੇ ਪੈਪਸੂ ਦੇ ਵਿਦਿਆ ਵਿਭਾਗ ਦੀ ਦਰਖਾਸਤ ਤੇ ਇਕ ਛੋਟੇ ਦਰਜੇ ਦੀ ਸਕੂਲ ਸ਼੍ਰੇਣੀ ਵਾਸਤੇ ਲਿਖੀ ਗਈ ਸੀ) ਜਿੰਨੀਆਂ ਵੀ ਪੁਸਤਕਾਂ ਉਨ੍ਹਾਂ ਦੀਆਂ ਹੁਣ ਤੀਕ ਛਪੀਆਂ ਹਨ, ਉਹ ਸਭ ਦੀਆਂ ਸਭ ਕੁਝ ਉੱਘੇ-ਉੱਘੇ ਸੂਰਬੀਰਾਂ ਦੀਆਂ ਜੀਵਨੀਆਂ ਬਾਰੇ ਹਨ ਭਾਵੇਂ ਕਿ ਇਨ੍ਹਾਂ ਸੂਰਬੀਰਾਂ ਦੀ ਚੋਣ ਦਾ ਖੇਤਰ ਕੇਵਲ ਸਿੱਖ ਇਤਿਹਾਸ ਤਕ, ਵਿਸ਼ੇਸ਼ ਕਰਕੇ 19ਵੀਂ ਸ਼ਤਾਬਦੀ ਦੇ ਪਹਿਲੇ ਪੰਜਾਹ ਸਾਲਾਂ ਤਕ, ਸੀਮਤ ਹੈ। ਕੇਵਲ ਪਿਛਲੀ ਪੁਸਤਕ ਹੀ ਹੈ ਜਿਸ ਬਾਰੇ ਕਿਹਾ ਜਾ ਸਕਦਾ ਹੈ ਕਿ ਇਹ ਜੀਵਨੀ ਨਹੀਂ ਹੈ। ਪਰ ਇਸ ਨੂੰ ਉਹ ਇਕ ਕੱਚੇ-ਪੱਕੇ ਖਰੜੇ ਦੀ ਹਾਲਤ ਵਿਚ ਛੱਡ ਕੇ ਸੁਰਗਵਾਸ ਹੋ ਗਏ ਸਨ। ਫਿਰ ਵੀ ਇਸ ਤੋਂ ਸਪਸ਼ਟ ਹੁੰਦਾ ਹੈ ਕਿ ਆਪਣੇ ਅੰਤਲੇ ਸਾਲਾਂ ਵਿਚ ਉਨ੍ਹਾਂ ਦਾ ਵਿਚਾਰ ਸੀ ਕਿ ਜੀਵਨੀਆਂ ਤੋਂ ਬਾਅਦ ਇਕ ਐਸੀ ਪੁਸਤਕ ਤਿਆਰ ਕੀਤੀ ਜਾਵੇ ਜਿਸ ਵਿਚ ਖ਼ਾਲਸਾ ਰਾਜ ਦੇ ਪ੍ਰਸ਼ਾਸਨਕ, ਆਰਥਕ, ਸਮਾਜਕ ਤੇ ਸਭਿਆਚਾਰਕ ਪੱਖਾਂ ਤੇ ਰੌਸ਼ਨੀ ਪਾਈ ਜਾਏ। ਪਰ ਇਸ ਦੀ ਮਹੱਤਤਾ ਵਧੇਰੇ ਇਸ ਕਰਕੇ ਹੈ ਕਿ ਬਹੁਤ ਸਾਰੇ ਸ੍ਰੋਤਾਂ ਤੋਂ ਲੋੜੀਂਦੀ ਜਾਣਕਾਰੀ ਇਕੱਠੀ ਕਰਕੇ ਇਕ ਥਾਂ ਤੇ ਰਖ ਦਿੱਤੀ ਗਈ ਹੈ।

ਜੀਵਨੀਆਂ ਲਿਖਣ ਵਿਚ ਬਾਬਾ ਪ੍ਰੇਮ ਸਿੰਘ ਨੂੰ ਖ਼ਾਸ ਮੁਹਾਰਤ ਹਾਸਿਲ ਸੀ। ਘਟਨਾਵਾਂ ਨੂੰ ਉਹ ਇਸ ਤਰ੍ਹਾਂ ਬਿਆਨ ਕਰ ਦਿੰਦੇ ਸਨ ਕਿ ਉਸ ਵਿਚ ਰਸ ਭਰ ਜਾਂਦਾ ਸੀ ਤੇ ਪਾਠਕ ਦਾ ਸੁਤੇ-ਸਿਧ ਪੜ੍ਹਨ ਨੂੰ ਦਿਲ ਕਰਦਾ ਸੀ। ਇਸ ਤਰ੍ਹਾਂ ਉਨ੍ਹਾਂ ਦੀ ਚਰਿੱਤਰ ਦਰਸਾਉਣ ਦੀ ਵਿਧੀ ਬੜੀ ਸਾਦਾ ਪਰ ਰੋਚਕ ਸੀ ਅਤੇ ਪੜ੍ਹਨ ਵਾਲੇ ਦੇ ਦਿਮਾਗ ਤੇ ਉਸ ਦੀ ਛਾਪ ਲਗ ਜਾਂਦੀ ਸੀ। ਡਾਕਟਰ ਬਲਬੀਰ ਸਿੰਘ ਇਸ ਸੰਬੰਧ ਵਿਚ ਲਿਖਦੇ ਹਨ : "ਜੋ ਪਹਿਲੂ ਬਾਬਾ ਪ੍ਰੇਮ ਸਿੰਘ ਨੇ ਆਪਣੀਆਂ ਰਚਨਾਵਾਂ ਵਿਚ ਲਿਆ ਹੈ, ਉਸ ਪਹਿਲੂ ਵਿਚ ਇਹ ਗੁਣ ਹੈ ਕਿ ਇਤਿਹਾਸ ਨਿਰਾ ਵਾਰਦਾਤਾਂ ਦਾ ਸੁੱਕਾ ਪਿੰਜਰ ਨਹੀਂ ਰਹਿ ਜਾਂਦਾ ਸਗੋਂ ਉਸ ਦੇ ਹੱਡ-ਚੰਮ ਵਿਚ ਵਲਵਲੇ ਦੀ ਜੀਵਨ-ਰੂਹ ਫੂਕੀ ਜਾਂਦੀ ਹੈ। ਸੁੱਤਾ ਪਿਆ ਪੁਰਾਣਾ ਜ਼ਮਾਨਾ ਨਵੀਨ ਸਮੇਂ ਨਾਲ ਜੀਵਤ ਸੰਬੰਧ ਵਿਚ ਜਾਗ ਉਠਦਾ ਹੈ। ਇਤਿਹਾਸ ਨੂੰ ਜੀਵਨ ਚਰਿੱਤਰਾਂ ਵਿਚ ਨਿਰੂਪਣ ਕਰਨਾ ਇਕ ਹੁਨਰ ਹੈ। ਤਵਾਰੀਖ ਇਸ ਤਰ੍ਹਾਂ ਸਾਹਿਤ ਦਾ ਹੁਸੀਨ ਜਾਮਾ ਪਹਿਨਕੇ ਕੋਮਲ ਹੁਨਰ ਦੀ ਰੰਗ ਬਰੰਗੀ ਬਣਤ ਦੁਆਰਾ ਡੂੰਘੇ ਅਸਲੇ ਵਾਲੀ ਹੋ ਜਾਂਦੀ ਹੈ। ਕੌਮੀ ਲਹਿਰ ਨੂੰ ਪੈਦਾ ਕਰਨ ਵਾਲੇ ਲੇਖਕ ਇਸ ਤਰੀਕੇ ਨੂੰ ਵਰਤਦੇ ਹਨ। ਬਾਬਾ ਪ੍ਰੇਮ ਸਿੰਘ ਜੀ ਵੀ ਇਤਿਹਾਸਕ ਮਸਾਲੇ ਨੂੰ ਜੀਵਨ ਕਥਾ ਵਿਚ ਵਰਤਦੇ ਹਨ, ਆਪਣੀ ਲਿਖਣ-ਸ਼ੈਲੀ ਦੇ ਉਪਰਲੇ ਪੱਧਰ ਦੇ ਹੇਠਾਂ ਕੌਮੀ ਪਿਆਰ ਦੀ ਡੂੰਘਾਈ ਹੈ। ਇਸ ਜਜ਼ਬੇ ਦੇ ਅਸਰ ਹੇਠ ਸਿੱਧੇ ਸਾਦੇ ਲਫ਼ਜ਼ਾਂ ਨਾਲ ਉਹ ਨਮੂਨੇ

ਚਿਤਰੇ ਜਾਂਦੇ ਹਨ ਜਿਨ੍ਹਾਂ ਦੇ ਅੰਦਰ ਧਾਰਮਕ ਤੇ ਕੌਮੀ ਪ੍ਰਾਣ ਸਾਹ ਲੈਂਦੇ ਪ੍ਰਤੀਤ ਹੁੰਦੇ ਹਨ। ਇਤਿਹਾਸ ਇਕ ਜਿਉਂਦੀ ਜਾਗਦੀ ਵਸਤੂ ਬਣ ਜਾਂਦੀ ਹੈ ਤੇ ਪਾਠਕ ਨੂੰ ਪਤਾ ਲਗਦਾ ਹੈ ਕਿ ਜਿਨ੍ਹਾਂ ਵੱਡਿਆਂ ਦਾ ਉਹ ਹਾਲ ਪੜ੍ਹ ਰਿਹਾ ਹੈ, ਉਹ ਕੋਈ ਓਪਰੇ ਬੰਦੇ ਨਹੀਂ, ਸਗੋਂ ਉਹ ਉਸੇ ਦੇ ਆਪਣੇ ਬਜ਼ੁਰਗ ਹਨ।" ਇਸ ਕਥਨ ਦਾ ਜੋ ਕੇਂਦਰੀ ਭਾਵ ਹੈ ਉਹ ਠੀਕ ਜਾਪਦਾ ਹੈ ਭਾਵੇਂ ਡਾਕਟਰ ਸਾਹਿਬ ਨੇ ਉਸ ਦੇ ਬਿਆਨਣ ਵਿਚ ਕੁਝ ਅਤਿਕਥਨੀ ਤੋਂ ਵੀ ਕੰਮ ਲਿਆ ਹੈ।

ਚਰਿੱਤ੍ਰ ਚਿਤਰਨ, ਘਟਨਾਵਾਂ ਬਿਆਨਣ ਤੇ ਪ੍ਰਮਾਣੀਕ ਤੱਥਾਂ ਦੇ ਪੱਖਾਂ ਤੋਂ ਇਹ ਜੀਵਨੀਆਂ ਕਾਫ਼ੀ ਹੱਦ ਤਕ ਸਫ਼ਲ ਸਮਝੀਆਂ ਜਾ ਸਕਦੀਆਂ ਹਨ। ਖ਼ਾਸ ਤੌਰ ਤੇ ਜੇ ਉਸ ਉਦੇਸ਼ ਨੂੰ ਸਨਮੁਖ ਰਖਕੇ ਵਾਚਿਆ ਜਾਵੇ ਜਿਸ ਤੋਂ ਪ੍ਰੇਰਿਤ ਹੋ ਕੇ ਲੇਖਕ ਨੇ ਇਹ ਲਿਖੀਆਂ ਸਨ ਤਾਂ ਇਨ੍ਹਾਂ ਦੀ ਸਫਲਤਾ ਬਾਰੇ ਕੋਈ ਸੰਦੇਹ ਨਹੀਂ ਰਹਿੰਦਾ। ਪਰੰਤੂ ਕਈ ਥਾਵਾਂ ਤੇ ਜਿਥੇ ਲੇਖਕ ਨੇ ਆਪਣੀ ਵਿਆਖਿਆ ਦੇਣ ਦਾ ਜਤਨ ਕੀਤਾ ਹੈ ਉੱਥੇ ਉਨ੍ਹਾਂ ਦਾ ਜਤਨ ਸਫ਼ਲ ਹੋਇਆ ਨਜ਼ਰ ਨਹੀਂ ਆਉਂਦਾ। ਉਦਾਹਰਨ ਵਜੋਂ, ਉਨ੍ਹਾਂ ਨੇ ਲਿਖਿਆ ਹੈ ਕਿ ਨੌਨਿਹਾਲ ਸਿੰਘ ਦੀ ਬੇਵਕਤ ਮੌਤ ਉਸ ਦੀ ਨਾ-ਤਜਰਬਾਕਾਰੀ ਕਰਕੇ ਹੋਈ। ਇਹ ਗੱਲ ਪਰਖਿਆਂ ਠੀਕ ਨਹੀਂ ਨਿਕਲਦੀ, ਸਗੋਂ ਇਤਿਹਾਸਕ ਗਵਾਹੀ ਇਸ ਦੇ ਉਲਟ ਜਾਂਦੀ ਹੈ। ਆਪਣੀ ਛੋਟੀ ਉਮਰ ਵਿਚ ਜਿੰਨੀ ਸੂਝ ਬੂਝ ਕੰਵਰ ਨੌਨਿਹਾਲ ਸਿੰਘ ਨੇ ਵਿਖਾਈ, ਉਸ ਦੀ ਮਿਸਾਲ ਬਹੁਤ ਘੱਟ ਮਿਲਦੀ ਹੈ। ਇਸੇ ਤਰ੍ਹਾਂ ਲੇਖਕ ਦਾ ਇਹ ਕਥਨ ਕਿ ਕੰਵਰ ਨੂੰ ਜੋ ਕੁਝ ਵੀ ਕੋਈ ਕਹਿੰਦਾ ਸੀ, ਉਹ ਝਟ ਉਸ ਤੇ ਇਤਬਾਰ ਕਰ ਲੈਂਦਾ ਸੀ, ਦਰੁਸਤ ਨਜ਼ਰ ਨਹੀਂ ਆਉਂਦਾ। ਸਗੋਂ ਜੇ ਉਸ ਸਮੇਂ ਦੇ ਡਾਕੂਮੈਂਟਸ ਨੂੰ ਧਿਆਨ ਨਾਲ ਘੋਖਿਆ ਜਾਏ, ਤਾਂ ਨਤੀਜਾ ਇਸ ਦੇ ਉਲਟ ਨਿਕਲਦਾ ਹੈ। ਮਹਾਰਾਜਾ ਸ਼ੇਰ ਸਿੰਘ ਦੇ ਬਾਰੇ ਬਾਬਾ ਜੀ ਲਿਖਦੇ ਹਨ ਕਿ ਲੋਕ ਉਸ ਦੇ ਵਿਰੁੱਧ ਇਸ ਕਰਕੇ ਹੋ ਗਏ ਕਿਉਂਕਿ ਉਸ ਨੇ ਦਾੜ੍ਹੀ ਬੰਨ੍ਹਣੀ ਸ਼ੁਰੂ ਕਰ ਦਿੱਤੀ ਜਾਂ ਸ਼ੇਰ ਸਿੰਘੀ ਸਿੱਕਾ ਚਲਾ ਦਿੱਤਾ। ਇਸ ਗੱਲ ਵਿਚ ਵੀ ਬਹੁਤ ਸਚਾਈ ਨਹੀਂ ਦਿਸਦੀ। ਸਿੱਕਾ ਚਲਾਉਣ ਦਾ ਇਹ ਮਤਲਬ ਨਹੀਂ ਸੀ ਕਿ ਇਹ ਸਿੱਕਾ ਨਾਨਕਸ਼ਾਹੀ ਸਿੱਕੇ ਦੀ ਥਾਂ ਤੇ ਚਲਾਇਆ ਗਿਆ ਸੀ। ਨਾਨਕਸ਼ਾਹੀ ਸਿੱਕਾ ਤਾਂ ਪਹਿਲਾਂ ਵਾਂਗੂੰ ਹੀ ਚਾਲੂ ਰਿਹਾ। ਜੇ ਇਹ ਹਟਾ ਕੇ ਕੋਈ ਦੂਜਾ ਸਿੱਕਾ ਸ਼ੁਰੂ ਕੀਤਾ ਜਾਂਦਾ ਤਾ ਲੋਕਾਂ ਦੀ ਨਰਾਜ਼ਗੀ ਹੋ ਸਕਦੀ ਸੀ ਅਤੇ ਉਸ ਦਾ ਭਿਆਨਕ ਰੂਪ ਵੀ ਮੰਨਿਆ ਜਾ ਸਕਦਾ ਸੀ। ਪਰ ਥੋੜ੍ਹੇ ਜਿਹੇ ਯਾਦਗਾਰੀ ਸਿੱਕਿਆਂ ਦੇ ਬਣਾਏ ਜਾਣ ਨਾਲ ਕੀ ਹੋਣਾ ਸੀ? ਮਹਾਰਾਜਾ ਰਣਜੀਤ ਸਿੰਘ ਨੇ ਇਕ ਉਚੇਚਾ ਤਮਗ਼ਾ 'ਕੋਕਬੈ ਇਕਬਾਲੇ ਪੰਜਾਬ' ਜਾਰੀ ਕੀਤਾ ਸੀ ਅਤੇ ਉਸ ਵਿਚ ਆਪਣੀ ਤਸਵੀਰ ਤਕ ਲਗਵਾ ਦਿੱਤੀ ਸੀ ਪਰ ਫਿਰ ਵੀ ਲੋਕਾਂ ਨੇ ਕੋਈ ਗੁੱਸਾ ਨਹੀਂ ਪ੍ਰਗਟ ਕੀਤਾ ਸੀ।

ਸਮੁੱਚੇ ਤੌਰ ਤੇ ਸਿੱਖ ਇਤਿਹਾਸ ਦੀ ਖੋਜ ਵਿਚ ਬਾਬਾ ਪ੍ਰੇਮ ਸਿੰਘ ਇਕ ਪਾਇਓਨੀਅਰ ਦੀ ਹੈਸੀਅਤ ਰਖਦੇ ਹਨ। ਸੰਨ 1914 ਵਿਚ ਉਨ੍ਹਾਂ ਦੀ ਪਹਿਲੀ ਕਿਤਾਬ *'ਅਕਾਲੀ ਫੂਲਾ ਸਿੰਘ'* ਛਪੀ। ਇਸ ਤੋਂ ਪਹਿਲਾਂ ਸਿੱਖ ਇਤਿਹਾਸ ਵਿਚ ਕੁਝ ਗੁਰੂ ਵਿਅਕਤੀਆਂ ਦੀਆਂ ਜੀਵਨੀਆਂ ਤੋਂ ਛੁਟ ਕੋਈ ਕੰਮ ਨਹੀਂ ਹੋਇਆ ਸੀ। ਸਰਦਾਰ ਕਰਮ ਸਿੰਘ ਹਿਸਟੋਰੀਅਨ ਤੇ ਪ੍ਰਿੰਸੀਪਲ ਸੀਤਾ ਰਾਮ ਕੋਹਲੀ ਅਜੇ ਹਰਕਤ ਵਿਚ ਨਹੀਂ ਆਏ ਸਨ। ਗੋਕਲ ਚੰਦ ਨਾਰੰਗ ਦੀ

ਕਿਤਾਬ *'ਟਰਾਂਸਫਾਰਮੇਸ਼ਨ ਆਫ ਸਿਖਿਜ਼ਮ'* ਜ਼ਰੂਰ ਆ ਚੁਕੀ ਸੀ ਪਰ ਇਹ ਸਿੱਖਾਂ ਦੇ ਸਮੁੱਚੇ ਇਤਿਹਾਸ ਬਾਰੇ ਸੀ ਅਤੇ ਜੋ ਪਹਿਲੂ ਬਾਬਾ ਪ੍ਰੇਮ ਸਿੰਘ ਹੋਤੀ ਨੇ ਆਪਣੇ ਅਧਿਐਨ ਵਾਸਤੇ ਚੁਣਿਆ, ਉਸ ਸੰਬੰਧੀ ਇਸ ਵਿਚ ਨਾ-ਮਾਤਰ ਹੀ ਵਰਨਣ ਸੀ। ਸੱਚੀ ਗੱਲ ਤਾਂ ਇਹ ਹੈ ਕਿ ਖ਼ਾਲਸਾ ਰਾਜ ਦੇ ਅਧਿਐਨ ਵੱਲ ਬਾਬਾ ਪ੍ਰੇਮ ਸਿੰਘ ਤੋਂ ਪਹਿਲਾਂ ਕਿਸੇ ਹੋਰ ਨੇ ਕੋਈ ਧਿਆਨ ਨਹੀ ਦਿੱਤਾ ਸੀ। ਇਨ੍ਹਾਂ ਨੇ ਸਭ ਤੋਂ ਪਹਿਲਾਂ ਇਸ ਪਾਸੇ ਵੱਲ ਗੰਭੀਰਤਾ ਨਾਲ ਸੋਚਣਾ ਸ਼ੁਰੂ ਕੀਤਾ ਅਤੇ ਇਸ ਤਰ੍ਹਾਂ ਇਨ੍ਹਾ ਦੀ ਜੋ ਦੇਣ ਹੈ, ਉਸ ਤੋਂ ਕੋਈ ਆਦਮੀ ਇਨਕਾਰ ਨਹੀ ਕਰ ਸਕਦਾ। ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲਵਾ, ਕੰਵਰ ਨੌਨਿਹਾਲ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਉੱਤੇ ਸਭ ਤੋਂ ਪਹਿਲੀਆਂ ਕਿਤਾਬਾ ਬਾਬਾ ਪ੍ਰੇਮ ਸਿੰਘ ਦੀਆਂ ਹੀ ਹਨ। ਅਕਾਲੀ ਫੂਲਾ ਸਿੰਘ ਤੇ ਅਜੇ ਤੀਕ ਕਿਸੇ ਹੋਰ ਨੇ ਖੋਜ ਕਰਕੇ ਇੰਨੀ ਚੰਗੀ ਕਿਤਾਬ ਨਹੀ ਲਿਖੀ। ਇਸ ਕਿਤਾਬ ਦੀ ਤਿਆਰੀ ਵਿਚ ਬਾਬਾ ਜੀ ਨੂੰ ਜਿੱਥੇ ਵੀ ਕੋਈ ਇਤਿਹਾਸਕ ਸਮੱਗਰੀ ਮਿਲ ਸਕਦੀ ਸੀ, ਉਨ੍ਹਾਂ ਨੇ ਇਕੱਠੀ ਕੀਤੀ ਜਿਸ ਦਾ ਨਤੀਜਾ ਇਹ ਹੈ ਕਿ ਇਸ ਵਿਸ਼ੇ ਤੇ ਜਿੱਥੇ ਤਕ ਖੋਜ ਉਨ੍ਹਾ ਨੇ ਕੀਤੀ ਸੀ, ਇਹ ਅਜੇ ਤਕ ਉੱਥੋਂ ਅਗਾਂਹ ਨਹੀਂ ਵਧੀ। ਹਰੀ ਸਿੰਘ ਨਲਵੇ ਤੇ ਪਿੱਛੋਂ ਹੋਰ ਵੀ ਕੁਝ ਕਿਤਾਬਾਂ ਛਪੀਆਂ ਹਨ ਪਰ ਇਹਨਾਂ ਵਿਚ ਨਵੀਂ ਖੋਜ ਬਹੁਤ ਘੱਟ ਹੈ। ਅਜੇ ਵੀ ਸਭ ਤੋਂ ਚੰਗੀ ਕਿਤਾਬ ਇਸ ਵਿਸ਼ੇ ਤੇ ਬਾਬਾ ਪ੍ਰੇਮ ਸਿੰਘ ਦੀ ਹੈ। ਮਹਾਰਾਜਾ ਰਣਜੀਤ ਸਿੰਘ ਤੇ ਵੀ ਬਾਬਾ ਜੀ ਦੀ ਕਿਤਾਬ ਇਸ ਵਿਸ਼ੇ ਤੇ ਸਭ ਤੋਂ ਪਹਿਲਾ ਆਈ। ਹੁਣ ਇਸ ਵਿਸ਼ੇ ਤੇ ਖੋਜ ਬਹੁਤ ਅੱਗੇ ਚਲੀ ਗਈ ਹੈ ਅਤੇ ਕਈ ਚੰਗੀਆਂ ਕਿਤਾਬਾਂ ਛਪੀਆਂ ਹਨ। ਪਰ ਜਦ ਸੰਨ 1918 ਵਿਚ ਬਾਬਾ ਪ੍ਰੇਮ ਸਿੰਘ ਦੀ ਇਹ ਕਿਤਾਬ ਛਪੀ ਸੀ, ਉਸ ਸਮੇ ਇਸ ਵਿਸ਼ੇ ਤੇ ਇਹ ਪਹਿਲੀ ਪੁਸਤਕ ਸੀ। ਅੱਜ ਵੀ ਹਾਲਤ ਇਹ ਹੈ ਕਿ ਹੋਰ ਕਈ ਨਵੀਆਂ ਪੁਸਤਕਾਂ ਆ ਜਾਣ ਦੇ ਬਾਵਜੂਦ ਰਣਜੀਤ ਸਿੰਘ ਤੇ ਪੰਜਾਬੀ ਵਿਚ ਸਭ ਤੋਂ ਵੱਧ ਪੜ੍ਹੀ ਜਾਣ ਵਾਲੀ ਕਿਤਾਬ ਬਾਬਾ ਪ੍ਰੇਮ ਸਿੰਘ ਦੀ ਹੈ ਅਤੇ ਇਸ ਕਿਤਾਬ ਦੀਆਂ ਹੁਣ ਤਕ ਕਈ ਐਡੀਸ਼ਨ ਛਪ ਚੁੱਕੀਆ ਹਨ। ਕੰਵਰ ਨੌਨਿਹਾਲ ਸਿੰਘ ਤੇ ਮਹਾਰਾਜਾ ਸ਼ੇਰ ਸਿੰਘ 'ਤੇ ਵੀ ਸਭ ਤੋਂ ਪਹਿਲੀਆਂ ਕਿਤਾਬਾਂ ਬਾਬਾ ਪ੍ਰੇਮ ਸਿੰਘ ਦੀਆ ਹੀ ਗਿਣੀਆਂ ਜਾ ਸਕਦੀਆ ਹਨ—ਨਾ ਸਿਰਫ ਪਹਿਲੀਆਂ ਹੀ ਸਗੋਂ ਅੱਜ ਤਕ ਇਨ੍ਹਾਂ ਬਾਰੇ ਇਨ੍ਹਾਂ ਪੁਸਤਕਾਂ ਤੋਂ ਚੰਗੀਆਂ ਰਚਨਾਵਾਂ ਪੈਦਾ ਨਹੀਂ ਹੋ ਸਕੀਆਂ। ਨਵਾਬ ਕਪੂਰ ਸਿੰਘ ਤੇ ਸੁੱਖਾ ਸਿੰਘ 18ਵੀਂ ਸ਼ਤਾਬਦੀ ਦੇ ਸਿੱਖ ਜੋਧੇ ਸਨ। ਇਨ੍ਹਾਂ ਤੇ ਵੀ ਬਾਬਾ ਪ੍ਰੇਮ ਸਿੰਘ ਨੇ ਹੀ ਸਭ ਤੋਂ ਪਹਿਲਾਂ ਲਿਖਿਆ ਸੀ ਅਤੇ ਅੱਜ ਵੀ ਉਨ੍ਹਾਂ ਦੀਆਂ ਰਚਨਾਵਾਂ ਹੀ ਇਨ੍ਹਾਂ ਸੂਰਬੀਰਾਂ ਬਾਰੇ ਪ੍ਰਧਾਨ ਹਨ। ਕੁਝ ਹੋਰ ਕਿਤਾਬਾਂ ਵੀ ਉਨ੍ਹਾਂ ਨੇ ਲਿਖੀਆਂ ਸਨ ਜਿਵੇਂ ਕਿ *ਖ਼ਾਲਸਾ ਰਾਜ ਦੇ ਉਸਰਈਏ* (ਦੋ ਭਾਗ) ਤੇ *ਖ਼ਾਲਸਾ ਰਾਜ ਦੇ ਬਦੇਸ਼ੀ ਕਾਰਿੰਦੇ*। ਪਰ ਇਨ੍ਹਾਂ ਵਿਚ ਕੋਈ ਖ਼ਾਸ ਖੋਜ ਨਹੀ ਹੈ ਤੇ ਇਨ੍ਹਾਂ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਪੰਜਾਬੀ ਵਿਚ ਹਨ ਤੇ ਪੰਜਾਬੀ ਵਿਚ ਹੋਰ ਏਹੋ ਜਿਹੀ ਪੁਸਤਕ ਨਹੀ ਹੈ। ਇਸ ਲਈ ਇਹ ਕੰਮ ਸੀਮਤ ਰੂਪ ਵਿਚ ਹੁੰਦਾ ਹੋਇਆ ਵੀ ਸ਼ਲਾਘਾਯੋਗ ਹੈ।

ਗੋਕਲ ਚੰਦ ਨਾਰੰਗ, ਸੀਤਾ ਰਾਮ ਕੋਹਲੀ ਤੇ ਕਰਮ ਸਿੰਘ ਤਿੰਨੇ ਇਤਿਹਾਸਕਾਰ ਬਾਬਾ ਪ੍ਰੇਮ ਸਿੰਘ ਦੇ ਸਮਕਾਲੀ ਸਨ। ਇਨ੍ਹਾ ਵਿਚ ਸਮੇਂ ਦਾ ਥੋੜ੍ਹਾ-ਥੋੜ੍ਹਾ ਅੰਤਰ ਜ਼ਰੂਰ ਹੈ ਪਰ ਮੋਟੇ

ਤੌਰ ਤੇ ਇਨ੍ਹਾਂ ਸਾਰਿਆਂ ਨੂੰ ਇਕੋ ਸਮੇਂ ਦੇ ਮੰਨਿਆ ਜਾ ਸਕਦਾ ਹੈ। ਇਨ੍ਹਾਂ ਸਾਰਿਆਂ ਨੇ ਵੀ ਸਿੱਖ ਇਤਿਹਾਸ ਦੀ ਚੋਖੀ ਖੋਜ ਕਰਕੇ ਕਿਤਾਬਾਂ ਲਿਖੀਆਂ ਸਨ, ਇਸ ਲਈ ਇਹ ਠੀਕ ਹੀ ਲਗਦਾ ਹੈ ਕਿ ਬਾਬਾ ਪ੍ਰੇਮ ਸਿੰਘ ਦੇ ਕੰਮ ਨੂੰ ਇਨ੍ਹਾਂ ਸਾਰਿਆਂ ਦੀ ਤੁਲਨਾ ਵਿਚ ਵੇਖਿਆ ਜਾਏ। ਗੋਕਲ ਚੰਦ ਨਾਰੰਗ ਦੀ ਸਿੱਖ ਇਤਿਹਾਸ ਤੇ ਕੇਵਲ ਇਕੋ ਕਿਤਾਬ ਹੈ। ਉਹ ਪਹਿਲਾਂ-ਪਹਿਲ ਸੰਨ 1912 ਵਿਚ ਛਪੀ ਸੀ। ਮਗਰੋ ਸਮੇਂ-ਸਮੇਂ ਉਸ ਵਿਚ ਵਾਧਾ ਕਰਕੇ ਉਸ ਦੀਆਂ ਕਈ ਐਡੀਸ਼ਨਾਂ ਛਪੀਆਂ ਹਨ। ਇਹ ਪੁਸਤਕ ਇਤਿਹਾਸਕ ਖੋਜ ਦੀ ਡੂੰਘਾਈ ਦੇ ਕਾਰਨ ਇੰਨੀ ਪ੍ਰਸਿੱਧ ਨਹੀ ਜਿੰਨੀ ਕਿ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕਰਨ ਦੇ ਵਾਸਤੇ ਹੈ। ਇਸ ਵਿਚ ਸਿੱਖ ਮਤ ਦੇ ਅੰਦੋਲਨ ਨੂੰ ਹਿੰਦੂ ਦ੍ਰਿਸ਼ਟੀਕੋਣ ਤੋਂ ਵਿਆਖਿਆ ਗਿਆ ਹੈ ਅਤੇ ਹਿੰਦੂ ਦ੍ਰਿਸ਼ਟੀਕੋਣ ਨੂੰ ਰਾਸ਼ਟਰੀ ਰੰਗਤ ਵਿਚ ਰੰਗਿਆ ਗਿਆ ਹੈ ਜਿਸ ਕਰਕੇ ਇਹ ਅਧਿਐਨ ਹਿੰਦੂ ਕੌਮ-ਪ੍ਰਸਤਾਂ ਨੂੰ ਬਹੁਤ ਚੰਗਾ ਲਗਦਾ ਹੈ। ਸੀਤਾ ਰਾਮ ਕੋਹਲੀ ਦਾ ਦ੍ਰਿਸ਼ਟੀਕੋਣ ਨਾਰੰਗ ਦੇ ਦ੍ਰਿਸ਼ਟੀਕੋਣ ਤੋਂ ਬਿਲਕੁਲ ਵੱਖਰਾ ਸੀ। ਉਸ ਦੇ ਮਨ ਵਿਚ ਕੋਈ ਰਾਜਨੀਤਕ ਧਾਰਨਾ ਨਹੀਂ ਸੀ। ਉਸ ਨੂੰ ਪੰਜਾਬ ਦੇ ਇਤਿਹਾਸ ਵਿਚ ਗਹਿਰੀ ਦਿਲਚਸਪੀ ਸੀ ਪਰ ਉਹ ਇਸ ਦੇ ਪੱਖੋਂ ਹੀ ਅਧਿਐਨ ਕਰਨਾ ਚਾਹੁੰਦਾ ਸੀ, ਨਾ ਕਿ ਖ਼ਾਲਸੇ ਦੀ ਸ਼ਾਨ ਨੂੰ ਵਧਾਉਣ ਲਈ ਜਾਂ ਸਿੱਖ ਇਤਿਹਾਸ ਬਾਰੇ ਪਏ ਭੁਲੇਖੇ ਦੂਰ ਕਰਨ ਲਈ, ਜਿਵੇਂ ਬਾਬਾ ਪ੍ਰੇਮ ਸਿੰਘ ਦਾ ਵਿਚਾਰ ਸੀ ਜਾਂ ਹਿੰਦੂ ਰਾਸ਼ਟਰੀਅਤਾ ਨੂੰ ਮਜ਼ਬੂਤ ਕਰਨ ਲਈ ਜਿਵੇਂ ਨਾਰੰਗ ਦੀ ਇੱਛਾ ਸੀ। ਉਸ ਦੀ ਦਿਲਚਸਪੀ ਖ਼ਾਲਸਾ ਦਰਬਾਰ ਦੇ ਰਿਕਾਰਡਾਂ, ਜੋ ਲਾਹੌਰ ਦੇ ਰਿਕਾਰਡ ਦਫ਼ਤਰ ਵਿਚ ਰਖੇ ਹੋਏ ਸਨ, ਨੂੰ ਪੜ੍ਹਨ ਤੋਂ ਪੈਦਾ ਹੋਈ। ਉਸ ਨੇ ਪਹਿਲਾਂ ਇਨ੍ਹਾਂ ਰਿਕਾਰਡਾਂ ਦੇ ਦੋ ਕੈਟਾਲਾਗ ਤਿਆਰ ਕੀਤੇ ਤੇ ਛਪਵਾਏ। ਫਿਰ ਮਹਾਰਾਜਾ ਰਣਜੀਤ ਸਿੰਘ 'ਤੇ ਉਰਦੂ ਵਿਚ ਇਕ ਪੁਸਤਕ ਲਿਖੀ। ਇਸੇ ਨੂੰ ਮਗਰੋਂ ਅਨੁਵਾਦ ਕਰਕੇ ਕੁਝ ਅਦਲਾ ਬਦਲੀਆਂ ਸਮੇਤ ਪੰਜਾਬੀ ਵਿਚ ਛਪਵਾਇਆ। ਰਣਜੀਤ ਸਿੰਘ ਦੀ ਫ਼ੌਜ ਤੇ ਲੜੀਵਾਰ ਲੇਖ ਲਿਖੇ ਤੇ ਛਪਵਾਏ। ਰਣਜੀਤ ਸਿੰਘ ਦੇ ਰਾਜ ਸੰਬੰਧੀ ਫ਼ਾਰਸੀ ਵਿਚ ਦੀਵਾਨ ਅਮਰਨਾਥ ਦੀ ਪੁਸਤਕ *'ਜ਼ਫਰਨਾਮਾ ਰਣਜੀਤ ਸਿੰਘ'* ਤੇ ਮੁਨਸ਼ੀ ਗਣੇਸ਼ ਦਾਸ ਦੀ ਪੰਜਾਬੀ ਵਿਚ ਪੁਸਤਕ *'ਫ਼ਤਹਿਨਾਮਾ'* ਸੰਪਾਦਤ ਕਰਕੇ ਛਪਵਾਈਆਂ। ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਦੇ ਸਿੱਖ ਰਾਜ-ਕਾਲ ਵਿਚ ਵੀ ਸੀਤਾ ਰਾਮ ਕੋਹਲੀ ਦੀ ਉਨੀ ਹੀ ਦਿਲਚਸਪੀ ਸੀ ਜਿੰਨੀ ਕਿ ਮਹਾਰਾਜਾ ਸਾਹਿਬ ਦੇ ਆਪਣੇ ਰਾਜ-ਕਾਲ ਵਿਚ ਸੀ। ਸ਼ਾਹ ਮੁਹੰਮਦ ਦੇ ਕਿੱਸੇ ਨੂੰ ਸੰਪਾਦਿਤ ਕਰਕੇ ਛਪਵਾਇਆ। ਦੀਵਾਨ ਮੂਲ ਰਾਜ ਤੇ ਜੋ ਅੰਗਰੇਜ਼ੀ ਸਰਕਾਰ ਨੇ ਮੁਕੱਦਮਾ ਚਲਾਇਆ ਸੀ, ਉਸ ਤੇ ਕਿਤਾਬ ਲਿਖੀ। ਖ਼ਾਲਸਾ ਰਾਜ ਦੇ ਪਤਨ ਬਾਰੇ ਇਕ ਕਿਤਾਬ ਤਿਆਰ ਕੀਤੀ ਜਿਸ ਨੂੰ ਉਨ੍ਹਾਂ ਦੀ ਮੌਤ ਤੇ ਬਾਅਦ ਖੁਸ਼ਵੰਤ ਸਿੰਘ ਨੇ ਛਪਵਾਇਆ। ਸੀਤਾ ਰਾਮ ਕੋਹਲੀ ਦੀ ਸਮੁੱਚੀ ਖੋਜ ਉੱਚੀ ਪੱਧਰ ਦੀ ਸੀ ਅਤੇ ਨਿਜੀ ਹਿਤਾਂ ਤੋਂ ਬੇਲਾਗ ਸੀ।

ਕਰਮ ਸਿੰਘ ਬਾਬਾ ਪ੍ਰੇਮ ਸਿੰਘ ਵਾਂਗੂੰ ਸਿੰਘ ਸਭਾ ਲਹਿਰ ਵਿਚੋਂ ਹੀ ਉਠਿਆ ਸੀ ਅਤੇ ਉਸ ਦੀ ਵਿਚਾਰਧਾਰਾ ਤੇ ਉਸ ਲਹਿਰ ਦੀ ਡੂੰਘੀ ਛਾਪ ਅੰਕਿਤ ਸੀ। ਉਸ ਨੂੰ ਵੀ ਬਾਬਾ ਜੀ ਦੀ ਤਰ੍ਹਾਂ ਸਿੱਖ ਇਤਿਹਾਸ ਬਾਰੇ ਸ੍ਰੋਤ ਲਭਣ ਦਾ ਬੜਾ ਸ਼ੌਕ ਸੀ ਅਤੇ ਉਸ ਦੀ ਭਾਲ ਸਦਕਾ ਹੀ ਜੰਗਨਾਮਾ ਕਾਜ਼ੀ ਨੂਰ ਮੁਹੰਮਦ ਤੇ ਚਾਰ ਬਾਗੇ ਪੰਜਾਬ ਕ੍ਰਿਤ ਗਣੇਸ਼ ਦਾਸ ਵਡੇਹਰਾ ਵਰਗੀਆਂ

ਬਹੁ-ਮੁੱਲੀ ਫ਼ਾਰਸੀ ਲਿਖਤਾਂ ਲੱਭੀਆਂ ਜੋ ਮਗਰੋਂ ਖ਼ਾਲਸਾ ਕਾਲਜ, ਅੰਮ੍ਰਿਤਸਰ ਨੇ ਛਪਵਾਈਆਂ। ਇਤਿਹਾਸਕ ਸਮੱਗਰੀ ਦੀ ਤਲਾਸ਼ ਵਿਚ ਉਸ ਨੇ ਬਗਦਾਦ, ਈਰਾਨ ਤੇ ਅਫ਼ਗਾਨਿਸਤਾਨ ਤਕ ਸਫ਼ਰ ਕੀਤਾ ਅਤੇ ਉਨ੍ਹਾਂ ਬੁੱਢਿਆਂ ਬਾਬਿਆਂ ਕੋਲੋਂ ਪੁੱਛ-ਗਿਛ ਕਰਕੇ ਜ਼ਬਾਨੀ ਇਤਿਹਾਸਕ ਬਿਆਨ ਇਕੱਠੇ ਕੀਤੇ ਜਿਨ੍ਹਾਂ ਨੇ ਖ਼ਾਲਸਾ ਰਾਜ ਦੇ ਜ਼ਮਾਨੇ ਨੂੰ ਅੱਖੀਂ ਡਿਠਾ ਸੀ। ਇਹ ਬਿਆਨ ਕਰਮ ਸਿੰਘ ਦੀ ਮੌਤ ਤੋਂ ਮਗਰੋਂ ਛਾਪੇ ਗਏ। ਭਾਵੇਂ ਕਰਮ ਸਿੰਘ ਦਾ ਵੀ ਮੁੱਖ ਉਦੇਸ਼ ਬਾਬਾ ਪ੍ਰੇਮ ਸਿੰਘ ਵਾਂਗੂੰ ਸਿੱਖ ਇਤਿਹਾਸ ਦੀਆਂ ਸ਼ਾਨਦਾਰ ਪਰੰਪਰਾਵਾਂ ਨੂੰ ਉਜਾਗਰ ਕਰਨਾ ਸੀ ਪਰ ਉਸ ਦੀ ਜ਼ਿਆਦਾ ਰੁਚੀ ਰਚਨਾਤਮਕ ਜੀਵਨ-ਬ੍ਰਿਤਾਂਤ ਲਿਖਣ ਵੱਲ ਨਹੀ ਸੀ, ਸਗੋਂ ਸਿੱਖ ਇਤਿਹਾਸ ਦੇ ਉਨ੍ਹਾਂ ਵਿਸ਼ਿਆਂ ਵੱਲ ਸੀ ਜਿਨ੍ਹਾਂ ਬਾਰੇ ਚਰਚਾ ਚਲ ਰਹੀ ਸੀ। ਗੁਰੂ ਸਾਹਿਬਾਂ ਦੇ ਜਨਮ ਤੇ ਜੋਤੀ ਜੋਤ ਸਮਾਉਣ ਦੀਆਂ ਤਰੀਕਾਂ ਬਾਰੇ ਸਿੱਖਾਂ ਵਿਚ ਬੜਾ ਮਤ-ਭੇਦ ਸੀ ਜਿਸ ਕਰਕੇ ਗੁਰਪੁਰਬਾਂ ਦੇ ਮਨਾਉਣ ਵਿਚ ਬਹੁਤ ਦਿਕਤ ਹੁੰਦੀ ਸੀ। ਖ਼ਾਸ ਤੌਰ ਤੇ ਗੁਰੂ ਨਾਨਕ ਦੇਵ ਦੇ ਜਨਮ ਦੀ ਤਰੀਕ ਬਾਰੇ ਸਿੱਖਾਂ ਵਿਚ ਬੜੀ ਬਹਿਸ ਸੀ। ਕਈਆਂ ਦਾ ਖਿਆਲ ਸੀ ਕਿ ਉਨ੍ਹਾ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਨੂੰ ਹੋਇਆ ਸੀ ਅਤੇ ਕਈ ਇਸ ਨੂੰ ਵਸਾਖ ਨਾਲ ਜੋੜਦੇ ਸਨ। ਕਰਮ ਸਿੰਘ ਨੇ ਇਨ੍ਹਾਂ ਸਾਰਿਆਂ ਵਿਸ਼ਿਆਂ ਤੇ ਵਿਸਥਾਰ ਨਾਲ ਲਿਖਿਆ। ਵਿਸ਼ੇਸ਼ ਕਰਕੇ ਉਸ ਦੀ ਪੁਸਤਕ *'ਕੱਤਕ ਕਿ ਵਸਾਖ'* ਬਹੁਤ ਪ੍ਰਸਿੱਧ ਹੈ। ਇਕ ਹੋਰ ਵੱਡਾ ਚਰਚਾ ਦਾ ਵਿਸ਼ਾ ਬੰਦਾ ਬਹਾਦਰ ਸੀ। ਹਿੰਦੂ ਉਸ ਨੂੰ ਸਿੱਖ ਨਹੀ ਸਗੋਂ ਹਿੰਦੂ ਬੈਰਾਗੀ ਸਮਝਦੇ ਸਨ ਤੇ ਮੁਸਲਮਾਨਾਂ ਦੀ ਨਜ਼ਰ ਵਿਚ ਉਹ ਇਕ ਬਹੁਤ ਬੜਾ ਜ਼ਾਲਮ ਸੀ। ਇਨ੍ਹਾਂ ਭੁਲੇਖਿਆਂ ਨੂੰ ਦੂਰ ਕਰਨ ਲਈ ਕਰਮ ਸਿੰਘ ਨੇ ਪਹਿਲਾਂ ਕਈ ਲੇਖ ਲਿਖੇ ਤੇ ਮਗਰੋਂ ਇਕ ਪੂਰੀ ਕਿਤਾਬ ਲਿਖੀ। ਕਰਮ ਸਿੰਘ ਦੀਆਂ ਲਿਖਤਾਂ ਦਾ ਇਕ ਵਿਸ਼ੇਸ਼ ਗੁਣ ਇਹ ਸੀ ਕਿ ਉਹ ਚਰਚਾ ਦੀਆਂ ਗੁੰਝਲਾਂ ਨੂੰ ਜਜ਼ਬਾਤ ਰਾਹੀਂ ਨਹੀਂ ਸਗੋਂ ਦਲੀਲਾਂ ਨਾਲ ਖੋਲ੍ਹਣ ਦਾ ਜਤਨ ਕਰਦਾ ਸੀ। ਉਹ ਸਿੱਖ ਇਤਿਹਾਸਕਾਰ ਹੁੰਦਾ ਹੋਇਆ ਵੀ ਸਿੱਖ ਇਤਿਹਾਸ ਦਾ ਪ੍ਰਚਾਰ ਨਹੀਂ ਕਰਦਾ ਸਗੋਂ ਵਿਗਿਆਨਕ ਦ੍ਰਿਸ਼ਟੀਕੋਣ ਦੁਆਰਾ ਸਿੱਖ ਇਤਿਹਾਸ ਦੇ ਧੁੰਦਲੇ ਪੱਖਾਂ ਨੂੰ ਉਜਾਲੇ ਵਿਚ ਲਿਆਉਣ ਦਾ ਉਪਰਾਲਾ ਕਰਦਾ ਹੈ। ਉਸ ਦੇ ਟਾਕਰੇ ਵਿਚ ਬਾਬਾ ਪ੍ਰੇਮ ਸਿੰਘ ਦੀਆਂ ਲਿਖਤਾਂ ਵਿਚ ਜਜ਼ਬਾਤ ਦੀ ਬਹੁਲਤਾ ਹੈ ਜਿਹੜੀ ਕਈ ਵਾਰ ਪ੍ਰਚਾਰ ਦੀ ਹੱਦ ਤਕ ਪਹੁੰਚ ਜਾਂਦੀ ਹੈ, ਜਿਵੇਂ ਕਿ ਉਨ੍ਹਾਂ ਨੇ ਆਪਣੀ ਪਹਿਲੀ ਪੁਸਤਕ *'ਅਕਾਲੀ ਫੂਲਾ ਸਿੰਘ'* ਦੇ ਅੰਤ ਵਿਚ ਦੱਸਿਆ ਹੈ ਕਿ ਇਸ ਨੂੰ ਲਿਖਣ ਵਿਚ ਉਨ੍ਹਾਂ ਦਾ ਮੁੱਖ ਉਦੇਸ਼ 'ਅਕਾਲੀ' ਨਾਮ ਦੀ ਇੱਜ਼ਤ ਨੂੰ ਮੁੜ ਤੋਂ ਬਹਾਲ ਕਰਨਾ ਹੈ। ਉਹ ਲਿਖਦੇ ਹਨ : "ਜੇ ਮੇਰੀ ਇਸ ਬੇਨਤੀ ਨੂੰ ਪੜ੍ਹ ਸੁਣ ਕੇ ਪੰਥ ਮੁੜ 'ਅਕਾਲੀ' ਨਾਮ ਦੀ ਪਵਿੱਤਰਤਾ ਨੂੰ ਸੁਰਜੀਤ ਕਰ ਦੇਵੇ ਤਾਂ ਮੈਂ ਆਪਣੀ ਇਸ ਤੁਛ ਸੇਵਾ (*'ਅਕਾਲੀ ਫੂਲਾ ਸਿੰਘ'* ਪੁਸਤਕ) ਨੂੰ ਸਫ਼ਲ ਸਮਝ ਕੇ ਕ੍ਰਿਤਯ-ਕ੍ਰਿਤਯ ਹੋ ਜਾਵਾਂਗਾ।"

ਆਪਣੀ ਪੁਸਤਕ *'ਨਵਾਬ ਕਪੂਰ ਸਿੰਘ'* ਦੀ ਭੂਮਿਕਾ ਵਿਚ ਬਾਬਾ ਪ੍ਰੇਮ ਸਿੰਘ ਇਤਿਹਾਸ ਬਾਰੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹੋਏ ਇਉਂ ਲਿਖਦੇ ਹਨ :

> "ਕੌਣ ਨਹੀਂ ਜਾਣਦਾ ਕਿ ਇਤਿਹਾਸ ਕੌਮੀ ਸਰੀਰ ਵਿਚ ਰੂਹ ਦੇ ਸਮਾਨ ਹੁੰਦਾ ਹੈ। ਜੇ ਸਰੀਰ ਤੋਂ ਰੂਹ ਵੱਖ ਕਰ ਲਈਏ ਤਾਂ ਸਰੀਰ ਨੂੰ ਮੁਰਦਾ ਕਹੀਦਾ ਹੈ। ਰੂਹ ਤੋਂ ਬਿਨਾ ਜਿਵੇਂ

ਤਨ ਕੁਝ ਨਹੀਂ ਸਵਾਰ ਸਕਦਾ ਤਿਵੇਂ ਆਪਣੇ ਕੌਮੀ ਇਤਿਹਾਸ ਦੀ ਸੰਭਾਲ ਤੋਂ ਬਿਨਾਂ ਕੌਮਾਂ ਆਪਣੀ ਮੌਤ ਆਪ ਮਰ ਜਾਂਦੀਆਂ ਹਨ ਅਤੇ ਆਪਣੇ ਨਾਮ ਨਿਸ਼ਾਨ ਨੂੰ ਸਦਾ ਲਈ ਮਿਟਾ ਦਿੰਦੀਆਂ ਹਨ। ਇਸ ਲਈ ਜੀਵਤ ਕੌਮਾਂ ਆਪਣੇ ਇਤਿਹਾਸ ਦੀ ਨਿੱਕੀ ਤੋਂ ਨਿੱਕੀ ਘਟਨਾ ਨੂੰ ਵੀ ਬਹੁਮੁੱਲਾ ਜਾਣ ਕੇ ਉਸ ਨੂੰ ਸੁਰੱਖਿਅਤ ਰਖਣ ਲਈ ਦਿਨ ਰਾਤ ਯਤਨ ਕਰਦੀਆਂ ਹਨ।"

ਪਰੰਤੂ ਬਾਬਾ ਜੀ ਦਾ ਇੱਥੇ ਕੌਮ ਤੋਂ ਭਾਵ ਸਿੱਖ ਕੌਮ ਹੈ। ਉਹ ਇਸ ਗੱਲ ਨੂੰ ਸਪਸ਼ਟ ਕਰਦੇ ਹੋਏ ਅੱਗੇ ਲਿਖਦੇ ਹਨ :

"ਆਪੋ ਆਪਣੇ ਇਤਿਹਾਸ ਦਾ ਸਭ ਕਿਸੇ ਨੂੰ ਮਾਣ ਹੈ, ਪਰ ਜੋ ਵਡਿਆਈ ਖ਼ਾਲਸੇ ਨੂੰ ਅਦੁੱਤੀ ਸ਼ਾਨਦਾਰ ਇਤਿਹਾਸ ਰਾਹੀਂ ਪ੍ਰਾਪਤ ਹੈ, ਉਹ ਕਿਸੇ ਹੋਰ ਨੂੰ ਨਹੀਂ। ਇਹ ਗੱਲ ਅਕੱਟ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਜਿੰਨੀਆਂ ਕੁਰਬਾਨੀਆਂ ਦੇ ਕੇ ਅਤੇ ਸ਼ਹੀਦੀਆਂ ਪਾ ਕੇ ਖ਼ਾਲਸੇ ਨੇ ਆਪਣਾ ਇਤਿਹਾਸ ਬਣਾਇਆ ਹੈ, ਸ਼ਾਇਦ ਹੀ ਕਿਸੇ ਹੋਰ ਕੌਮ ਨੇ ਇਸ ਲਈ ਇੰਨਾ ਆਪਾ ਵਾਰਿਆ ਹੋਵੇ।

ਖ਼ਾਲਸੇ ਨੇ ਪੰਥਕ ਇਤਿਹਾਸ ਦੀ ਉਸਾਰੀ ਲਈ ਅਣਗਿਣਤ ਜੀਵਨ ਲਾਏ ਹਨ। ਇਸ ਦੀਆਂ ਨੀਹਾਂ ਵਿਚ ਰੋੜੀ ਦੀ ਥਾਂ ਪਾਵਨ ਸ਼ਹੀਦਾਂ ਦੀਆਂ ਹੱਡੀਆਂ ਪਾਈਆਂ ਹਨ। ਇਸ ਦੀਆਂ ਕੰਧਾਂ ਨੂੰ ਇੱਟਾਂ ਦੀ ਥਾਂ ਕੌਮੀ ਪਰਵਾਨਿਆਂ ਦੀਆਂ ਖੋਪਰੀਆਂ ਲਾਈਆਂ ਹਨ। ਚੂਨੇ ਦੀ ਥਾਂ ਉਪਕਾਰੀਆਂ ਤੇ ਦੁਖ-ਵੰਡਾਊ ਮਹਾਨ ਪੁਰਖਾਂ ਦਾ ਪਵਿੱਤਰ ਲਹੂ ਵਰਤਿਆ ਹੈ।

ਇਸ ਦਾ ਨਕਸ਼ਾ ਸੰਸਾਰ ਦੇ ਮਹਾਨ ਚਿੱਤਰਕਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਚਿਤ੍ਰਿਆ ਸੀ। ਇਸ ਲਈ ਖ਼ਾਲਸੇ ਦਾ ਇਤਿਹਾਸ ਇਕ ਜੀਵਤ ਸ਼ਕਤੀ ਦਾ ਦੂਜਾ ਨਾਂ ਹੈ। ਪਰ ਇਹ ਗੱਲ ਵੱਡੀ ਹੈਰਾਨ ਕਰ ਦੇਣ ਵਾਲੀ ਹੈ ਕਿ ਜਿੰਨੀ ਅਣਗੌਲੀ ਆਪਣੇ ਕਾਰਨਾਮਿਆਂ ਦੇ ਇਤਿਹਾਸ ਦੀ ਸੰਭਾਲ ਲਈ ਖ਼ਾਲਸੇ ਦੱਸੀ ਹੈ, ਸ਼ਾਇਦ ਹੀ ਕਿਸੇ ਹੋਰ ਨੇ ਦੱਸੀ ਹੋਵੇ। ਜੇ ਜਗਤ ਦਾ ਇਤਿਹਾਸ ਇਕ ਤਾਜ ਮੰਨ ਲਈਏ ਤਾਂ ਖ਼ਾਲਸੇ ਦਾ ਇਤਿਹਾਸ ਉਸ ਵਿਚ ਜੜਿਆ ਹੋਇਆ ਕੋਹਨੂਰ ਹੀਰਾ ਹੈ। ਪਰ ਸਾਡੀ ਅਣਗਹਿਲੀ ਦੀ ਗਰਦ ਤੇ ਬੇ-ਪਰਵਾਹੀ ਦੀ ਧੂੜ ਨੇ ਉਸ ਦੀ ਲਿਸ਼ਕਾਰ ਨੂੰ ਧੁੰਦਲਾ ਕਰ ਦਿੱਤਾ ਹੈ।"

ਸਪਸ਼ਟ ਹੀ ਇਨ੍ਹਾਂ ਉਪਰੋਕਤ ਸ਼ਬਦਾਂ ਤੋਂ ਬਾਬਾ ਪ੍ਰੇਮ ਸਿੰਘ ਦੇ ਸਿੱਖ ਇਤਿਹਾਸ ਸੰਬੰਧੀ ਜਜ਼ਬਾਤ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

**ਫ਼ੌਜਾ ਸਿੰਘ**

# ਪੰਜਾਬ ਦਾ ਸਮਾਜਕ ਇਤਿਹਾਸ

## ਖ਼ਾਲਸਾ ਰਾਜ ਦੀਆਂ ਹੱਦਾਂ

ਸੰਸਾਰ ਭਰ ਵਿਚ ਸ਼ਾਇਦ ਕੋਈ ਐਸਾ ਮੁਲਕ ਨਹੀਂ ਜਿਸ ਦੀ ਰੱਖਿਆ ਲਈ ਖ਼ੁਤਰਵੇਂ ਕੁਦਰਤ ਵੱਲੋਂ ਇੰਨੇ ਰੱਖਿਆ ਦੇ ਵਸੀਲੇ ਪ੍ਰਾਪਤ ਹੋਣ ਜਿੰਨੇ ਪੰਜਾਬ ਨੂੰ ਮਿਲੇ ਹਨ। ਉੱਤਰ ਵੱਲੋਂ ਹਿਮਾਲਿਆ ਦੀਆਂ ਚੋਟੀਆਂ ਅਕਾਸ਼ੀ ਉਚਾਣਾਂ ਨਾਲ ਪਹਿਰੇਦਾਰ ਦਾ ਕੰਮ ਦਿੰਦੀਆਂ ਹਨ। ਪੱਛਮ ਵੱਲੋਂ ਸਪਤ ਸਿੰਧੂ, ਦਰਿਆ ਸਿੰਧ (ਅਟਕ), ਸਮੁੰਦਰ ਵਾਂਗ ਠਾਠਾਂ ਮਾਰ-ਮਾਰ ਕੇ ਰਾਖੀ ਕਰਦਾ ਹੈ। ਪੂਰਬ ਵੱਲ ਸ਼ਕਤੀਮਾਨ ਦਰਿਆ ਸਤਲੁਜ ਅਤੇ ਦੱਖਣ ਵੱਲ ਪੰਜਾਬ ਦੀਆ ਸਾਰੀਆਂ ਸੰਮਿਲਤ ਨਦੀਆਂ ਦਾ ਸਮੁਦਾਇ 'ਪੰਜ ਨਦ' ਦੇ ਰੂਪ ਵਿਚ ਚੌਕੀ-ਪਹਿਰੇ ਦਾ ਫ਼ਰਜ਼ ਪੂਰਾ ਕਰਦੇ ਹਨ।

## ਖਾਲਸਾ ਰਾਜ ਦਾ ਖਿਲਾਰ

ਉੱਤਰ ਤੇ ਉੱਤਰ-ਪੂਰਬ ਵੱਲ ਹਿੰਦੂਕੁਸ਼ ਤੇ ਤਿੱਬਤ ਦੇ ਪਹਾੜ ਸਨ ਜਿਨ੍ਹਾ ਦਾ ਇਕ ਬੰਨਾ ਅਸਮਾਨੀ ਖੇਲਦੇ ਪਹਾੜਾਂ ਤੋਂ ਚਲ ਕੇ ਦਰਿਆ ਸਤਲੁਜ ਦੇ ਸੋਮੇ ਨਾਲ ਜਾ ਮਿਲਦਾ ਸੀ ਅਤੇ ਦੂਜਾ ਬੰਨਾ ਦੱਖਣ-ਪੱਛਮ ਵੱਲ, ਅਸਮਾਨੀ ਖੇਲਦੇ ਪਹਾੜਾਂ ਤੋਂ ਹੋ ਕੇ ਖ਼ੈਬਰ (ਅਫ਼ਗਾਨਿਸਤਾਨ) ਤਕ ਤੇ ਸੁਲੇਮਾਨ ਪਹਾੜੀ ਸਿਲਸਿਲੇ ਦੇ ਵਿਚੋਂ ਵਿਚ ਮਿਥਨਕੋਟ ਤੇ ਰੋਜਾਨ (ਬਲੋਚਿਸਤਾਨ) ਦੇ ਲਾਗੇ ਸਿੰਧ ਨਾਲ ਜਾ ਮਿਲਦਾ ਸੀ। ਉਧਰ ਪੂਰਬ ਵੱਲ ਦਰਿਆ ਸਤਲੁਜ ਦੇ ਸੋਮੇ ਤੋਂ ਜਿੱਥੇ ਇਹ ਤਿੱਬਤ ਦੇ ਪਹਾੜਾਂ ਵਿਚੋਂ ਨਿਕਲਦਾ ਹੈ ਦਰਿਆ ਸਿੰਧ ਦੇ ਸੰਗਮ ਤਕ ਇਹ ਖਿਲਾਰ ਸਣੇ ਕਸ਼ਮੀਰ ਤੇ ਸੂਬਾ ਪਿਸ਼ਾਵਰ ਦੇ 1,45,000 ਵਰਗ ਮੀਲ ਵਿਚ ਖਿਲਰਿਆ ਹੋਇਆ ਸੀ।

'ਆਈਨੇ ਅਕਬਰੀ' ਅਨੁਸਾਰ ਪੰਜਾਬ ਦੇ ਵਿਚਲੇ ਇਲਾਕੇ ਨੂੰ ਚਾਰ ਦੁਆਬਿਆਂ ਵਿਚ ਵੰਡਿਆ ਹੋਇਆ ਸੀ। ਖ਼ਾਲਸਾ ਰਾਜ ਸਮੇਂ ਵੀ ਆਰੰਭ ਵਿਚ ਇਹੋ ਵੰਡ ਪ੍ਰਚਲਤ ਰਹੀ :

1. ਬਾਰੀ ਦੁਆਬ—ਦਰਿਆ ਬਿਆਸ ਤੇ ਰਾਵੀ ਦਾ ਵਿਚਲਾ ਇਲਾਕਾ;
2. ਰਚਨਾ ਦੁਆਬ—ਰਾਵੀ ਤੋਂ ਲੈ ਕੇ ਦਰਿਆ ਚਨਾਬ ਤਕ ਦਾ ਇਲਾਕਾ;
3. ਚਜ ਦੁਆਬ—ਚਨਾਬ ਤੋਂ ਦਰਿਆ ਜਿਹਲਮ ਤਕ ਦਾ ਵਿਚਲਾ ਇਲਾਕਾ;
4. ਸਿੰਧ ਸਾਗਰ ਦੁਆਬ—ਜਿਹਲਮ ਤੋਂ ਦਰਿਆ ਸਿੰਧ ਤਕ।

ਬਾਰੀ ਦੁਆਬ ਵਿਚ ਮਾਝੇ ਦਾ ਪੱਧਰਾ ਤੇ ਉਪਜਾਊ ਇਲਾਕਾ ਸ਼ਾਮਲ ਸੀ, ਜਿਸ ਨੂੰ ਸਿੱਖਾਂ ਦਾ ਕੌਮੀ ਘਰ (ਹੋਮ ਲੈਂਡ) ਕਿਹਾ ਜਾਂਦਾ ਸੀ। ਇਸ ਇਲਾਕੇ ਦੀ ਧਰਤੀ ਦਾ ਵਧੇਰੇ

ਭਾਗ ਬੜਾ ਉਪਜਾਊ ਤੇ ਰਮਣੀਕ ਸੀ। ਜਦ ਕੋਈ ਸੈਲਾਨੀ ਇਸ ਦੀਆਂ ਲਹਿ-ਲੁਹਾਉਂਦੀਆਂ ਤੇ ਅਨਾਜ ਨਾਲ ਭਰੀਆਂ ਖੇਤੀਆਂ ਪਰ ਦ੍ਰਿਸ਼ਟੀ ਪਾਉਂਦਾ ਸੀ ਤਾਂ ਉਸ ਨੂੰ ਇਹ ਹਿੰਦ ਦਾ ਬਾਗਿਸਤਾਨ ਦਿਸਦਾ ਸੀ।[1]

ਇਸੇ ਤਰ੍ਹਾਂ ਰਚਨਾ ਤੇ ਚੱਜ ਦੇ ਦੁਆਬਿਆਂ ਦਾ ਹਾਲ ਸੀ। ਇਨ੍ਹਾਂ ਦੀ ਹਰਿਆਵਲ ਦੇ ਦੋ ਕਾਰਨ ਹਨ। ਪਹਿਲਾ, ਹਿਮਾਲੀਏ ਦੇ ਪਰਬਤਾਂ ਦੇ ਨੀਵੇਂ ਭਾਗ ਦੀ ਮਿੱਟੀ ਜੋ ਬਰਸਾਤ ਦੇ ਪਾਣੀਆਂ ਨਾਲ ਰੁੜ੍ਹ ਕੇ ਖੇਤਾਂ ਵਿਚ ਆ ਪੈਂਦੀ ਹੈ, ਉਹ ਖਾਦ ਦਾ ਕੰਮ ਦਿੰਦੀ ਹੈ। ਦੂਜਾ, ਦਰਿਆਵਾਂ ਦਾ ਪਾਣੀ ਆਪਣੇ ਕੰਢਿਆਂ ਤੋਂ ਦੋਵੱਲੀ 50 ਤੋਂ 80 ਮੀਲ ਤਕ ਧਰਤੀ ਨੂੰ ਵੱਤਰ ਵਿਚ ਰਖਦਾ ਹੈ। ਇਹੀ ਕਾਰਨ ਸਨ ਕਿ ਇਸ ਦੀ ਉਪਜ ਤੇ ਹਰਿਆਵਲੀ ਦਾ ਟਾਕਰਾ ਹਿੰਦ ਦਾ ਕੋਈ ਭਾਗ ਨਹੀਂ ਸੀ ਕਰ ਸਕਦਾ। ਇੱਥੇ ਦੋਵੇਂ ਫਸਲਾਂ ਹਾੜੀ ਤੇ ਸੌਣੀ ਹੁੰਦੀਆਂ ਸਨ। ਇਨ੍ਹਾਂ ਦੁਆਬਿਆਂ ਵਿਚ ਵਿਉਪਾਰ ਅਤੇ ਦਸਤਕਾਰੀ ਦੇ ਬੜੇ ਪ੍ਰਸਿੱਧ ਸ਼ਹਿਰ ਆਉਂਦੇ ਸਨ ਜਿਹਾ ਕਿ ਅੰਮ੍ਰਿਤਸਰ, ਲਹੌਰ, ਦੀਨਾ ਨਗਰ, ਬਟਾਲਾ, ਸਿਆਲਕੋਟ, ਵਜ਼ੀਰਾਬਾਦ, ਗੁਜਰਾਤ ਅਤੇ ਰਾਮ ਨਗਰ।

ਇੱਥੇ ਦੇ ਲੰਮੇ ਚੌੜੇ ਇਲਾਕੇ ਦੀ ਅਣਵਾਹੀ ਜ਼ਮੀਨ ਵੀ ਚੋਖੀ ਸ਼ਕਤੀਮਾਨ ਤੇ ਲਾਭਦਾਇਕ ਸੀ ਜਿਸ ਵਿਚ ਪਸ਼ੂਆਂ ਲਈ ਕਈ ਚਰਾਂਦਾਂ ਸਨ ਜਿਨ੍ਹਾਂ ਵਿਚ ਚੋਖਾ ਘਾਹ ਪੱਤਾ ਉਗਾ ਕੇ ਗਊਆਂ, ਮੱਝਾਂ, ਭੇਡਾਂ, ਬਕਰੀਆਂ ਤੇ ਉਨ੍ਹਾਂ ਦੇ ਗੱਲੇ ਤੇ ਇੱਜੜ ਪਲਦੇ ਸਨ ਜੋ ਮਨੁੱਖੀ ਜੀਵਨ ਦਾ ਬਹੁਮੁੱਲਾ ਧਨ ਸੀ। ਇਵੇਂ ਇਹ ਚਰਾਂਦਾਂ ਦੀਆਂ ਜ਼ਮੀਨਾਂ ਇੰਨੀਆਂ ਲਾਭਦਾਇਕ ਸਨ ਜਿੰਨੀਆਂ ਵਹਿੰਦੜਾਂ ਸਨ। ਇਹ ਹੈ ਬਾਰੀ, ਰਚਨਾ ਤੇ ਚੱਜ ਦੁਆਬਿਆਂ ਦਾ ਵੇਰਵਾ।

## ਸਿੰਧ ਸਾਗਰ ਦਾ ਦੁਆਬਾ

ਇਸ ਵਿਚ ਬਹੁਤ ਘੱਟ ਜ਼ਮੀਨ ਵਹਿੰਦੜ ਸੀ। ਇਸ ਵਿਚ ਮਾਨਕੇਰੇ ਦਾ ਕਿਲ੍ਹਾ ਲਿਖਤ ਗੋਚਰਾ ਸੀ। ਇਸੇ ਤਰ੍ਹਾਂ ਇਸ ਇਲਾਕੇ ਦੀਆਂ ਲੂਣ ਦੀਆਂ ਖਾਣਾਂ[2] ਇਸ ਇਲਾਕੇ ਦੀ ਪ੍ਰਸਿੱਧਤਾ ਦਾ ਮੁੱਖ ਕਾਰਨ ਸਨ ਜੋ ਖ਼ਾਲਸਾ ਰਾਜ ਦੀ ਆਮਦਨੀ ਦਾ ਬੜਾ ਜ਼ਰੀਆ ਸਨ।

ਇਸ ਦੁਆਬੇ ਦੇ ਵੀ ਕੁਝ ਸ਼ਹਿਰ ਵਿਉਪਾਰ ਅਤੇ ਦਸਤਕਾਰੀ ਲਈ ਵਿਸ਼ੇਸ਼ ਪ੍ਰਸਿੱਧਤਾ ਰਖਦੇ ਸਨ, ਜਿਹਾ ਕਿ ਰਾਵਲਪਿੰਡੀ, ਚਕਵਾਲ ਅਤੇ ਪਿੰਡ ਦਾਦਨਖਾਨ।

## ਖ਼ਾਲਸਾ ਰਾਜ ਦਾ ਪਵਣ ਪਾਣੀ

ਖ਼ਾਲਸਾ ਰਾਜ ਦਾ ਖਿਲਾਰ-ਜਿਹਾ ਕਿ ਪਾਠਕ ਪਿੱਛੇ ਪੜ੍ਹ ਆਏ ਹਨ—ਇੰਨਾ ਲੰਮਾ ਤੇ ਚੌੜਾ ਖਿਲਰਿਆ ਹੋਇਆ ਸੀ ਕਿ ਜਦੋਂ ਰਾਜ ਦੇ ਇਕ ਭਾਗ ਵਿਚ ਕਰੜੀ ਗਰਮੀ ਪੈਂਦੀ ਸੀ ਤਾਂ ਠੀਕ ਉਨ੍ਹਾਂ ਦਿਨਾਂ ਵਿਚ ਹੀ ਕੁਝ ਇਲਾਕੇ ਅਜਿਹੇ ਸਨ ਜਿਨ੍ਹਾਂ ਵਿਚ ਸਰਦ ਰੁੱਤ ਵਰਗੀ ਠੰਢ ਹੁੰਦੀ ਸੀ, ਜਿਹਾ ਕਿ ਜਦੋਂ ਮੁਲਤਾਨ ਆਦਿ ਪਰਗਣਿਆਂ ਵਿਚ ਜੇਠ, ਹਾੜ ਦੇ ਦਿਨਾਂ ਵਿਚ ਅਤਿ ਗਰਮੀ ਹੁੰਦੀ ਸੀ ਤਾਂ ਦੂਜੇ ਬੰਨੇ ਇਨ੍ਹਾਂ ਦਿਨਾ ਵਿਚ ਪੋਹ, ਮਾਘ ਦੇ ਮਹੀਨਿਆਂ

1. *ਜਨਰਲ ਰਿਪੋਰਟ ਅਪਾਨ ਦੀ ਐਡਮਨਿਸਟਰੇਸ਼ਨ ਆਫ ਦੀ ਪੰਜਾਬ*, 1849, ਸਫ਼ਾ 3
2. ਇਨ੍ਹਾਂ ਖਾਣਾਂ ਦਾ ਵਿਸਥਾਰ ਵੇਰਵਾ ਅਸੀਂ ਅੱਗੇ ਦੇਵਾਂਗੇ।

WWW.SIKHBOOKCLUB.COM 

ਜਿਹੀ ਠੰਢੀ ਰੁੱਤ ਹੁੰਦੀ ਸੀ, ਜਿਹਾ ਕਿ ਕਸ਼ਮੀਰ ਵਿਚ ਪਹਿਲਗਾਮ, ਅਮਰਨਾਥ, ਗੁਲਮਰਗ, ਸੋਨਮਰਗ ਅਤੇ ਤੋਸੀ ਮੈਦਾਨ। ਰਾਜ ਦੇ ਪੱਧਰ ਇਲਾਕਿਆਂ ਵਿਚ ਜਦੋਂ ਝੁਲਸਣ ਵਾਲੀਆਂ ਲੂਆਂ ਚਲਦੀਆਂ ਸਨ ਤਾਂ ਇਨ੍ਹਾਂ ਦਿਨਾ ਵਿਚ ਤਿੱਬਤ ਦੇ ਬੁਲੰਦ ਪਹਾੜਾਂ ਪਰ ਬਰਫ ਵਰ੍ਹ ਰਹੀ ਹੁੰਦੀ ਸੀ। ਇਹ ਗੱਲ ਬੜੀ ਅਸਚਰਜ ਕਰਨ ਵਾਲੀ ਸੀ ਕਿ ਖ਼ਾਲਸਾ ਰਾਜ ਵਿਚ ਬਾਰਾਂ ਮਹੀਨੇ ਜਿਸ ਰੁੱਤ ਦਾ ਕੋਈ ਇੱਛਾਵਾਨ ਹੁੰਦਾ ਸੀ ਉਹੋ ਜਿਹੀ ਰੁੱਤ ਅਤੇ ਜਲਵਾਯੂ ਉਸ ਨੂੰ ਮਿਲ ਸਕਦਾ ਸੀ।

## ਉਪਜ

ਪੰਜਾਬ ਦੀ ਧਰਤੀ ਬੜੀ ਉਪਜਾਊ ਸੀ। ਵਿਸ਼ੇਸ਼ ਕਰਕੇ ਨਦੀਆਂ ਦੇ ਨਾਲ ਲਗਵੇਂ ਇਲਾਕੇ ਜਾਂ ਜਿੱਥੇ ਨਹਿਰਾਂ ਤੇ ਨਾਲੇ ਖੇਤੀਆਂ ਨੂੰ ਸਿੰਜਦੇ ਸਨ ਉੱਥੇ ਸਭ ਤਰ੍ਹਾਂ ਦੀ ਉਪਜ ਬੜੀ ਵਧੀਆ ਉਗਮਦੀ ਸੀ।

### ਅਨਾਜ

ਪੰਜਾਬ ਦੀ ਵਿਸ਼ੇਸ਼ ਉਪਜ ਕਣਕ, ਜਉਂ, ਮੱਕੀ, ਛੋਲੇ, ਬਾਜਰਾ, ਨੀਲ, ਕਮਾਦ, ਧਾਨ, ਰੂਟੀ, ਸਣ, ਖਸਖਸ, ਤੇਲ ਕੱਢਣ ਲਈ ਸਾਰੇ ਬੀਜ ਜਿਹਾ ਕੇ ਸਰਸੋਂ, ਤੋਰੀਆ, ਤਿਲ, ਅਲਸੀ ਅਤੇ ਪੋਹਲੀ ਆਦਿ ਚੋਖੇ ਫਲਦੇ ਸਨ।

### ਫਲ

ਖ਼ਾਲਸਾ ਰਾਜ ਵਿਚ ਭਾਂਤ ਭਾਂਤ ਦੇ ਫਲ ਹੁੰਦੇ ਸਨ ਜਿਹਾ ਕਿ ਅੰਬ, ਅਮਰੂਦ, ਖਜੂਰ, ਬੇਰ, ਅਨਾਰ, ਬੇਈ, ਜਾਮਨ, ਅੰਜੀਰ, ਤੂਤ, ਸ਼ਹਿਤੂਤ, ਆੜੂ, ਜਰਦਾਲੂ, ਟਾਂਗੂ, ਨਾਸ਼ਪਾਤੀ, ਸੇਬ, ਨਾਖ, ਅਲੂਚਾ, ਅੰਗੂਰ, ਨਿੰਬੂ, ਨਰੰਗੀਆਂ, ਸੰਤਰਾਂ, ਅਖਰੋਟ, ਬਦਾਮ, ਖੀਰਾ, ਤਰ, ਖਖੜੀ, ਤਰਬੂਜ, ਫੁਟ ਆਦਿ। ਡਾਕਟਰ ਹੈਨਰੀ ਬਰਗਰ ਲਿਖਦਾ ਹੈ ਕਿ "ਖ਼ਾਲਸਾ ਰਾਜ (ਪੰਜਾਬ, ਕਸ਼ਮੀਰ ਤੇ ਪਿਸ਼ਾਵਰ) ਵਿਚ ਇੰਨੀਆਂ ਭਾਂਤਾਂ ਦੀਆਂ ਸਬਜ਼ੀਆਂ ਤੇ ਫਲ ਉਪਜਦੇ ਹਨ ਕਿ ਜਿਨ੍ਹਾਂ ਦੇ ਨਾਂ ਤੋਂ ਵੀ ਸੰਸਾਰ ਦੀ ਜਨਤਾ ਜਾਣੂੰ ਨਹੀਂ।"[2]

### ਫੁੱਲ

ਕੁਦਰਤ ਅਤੇ ਬਾਗ਼ਾਂ ਦੇ ਫੁੱਲਾਂ ਦਾ ਕੋਈ ਓੜਕ ਹੀ ਨਹੀਂ ਸੀ ਜਿਨ੍ਹਾਂ ਵਿਚ ਚੰਬਾ, ਰਵੇਲ, ਬੇਦ ਮੁਸ਼ਕ, ਕੇਵੜਾ, ਗੁਲਾਬ, ਗੇਂਦਾ, ਗੁਲਦਾਊਦੀ, ਨੀਲੋਫਰ, ਬਿਨੋਸ਼ਾ, ਧਾਵੀ ਅਤੇ ਕੰਵਲ ਫੁੱਲ ਪ੍ਰਸਿੱਧ ਸਨ। ਕੰਵਲ ਫੁੱਲਾਂ ਨਾਲ ਤਾਂ ਕਿਤੇ-ਕਿਤੇ ਕੋਹਾਂ ਤਕ ਲੰਮੀਆਂ ਝੀਲਾਂ ਭਰਪੂਰ ਮਿਲਦੀਆਂ ਸਨ। ਕੇਸਰ ਦੇ ਫੁੱਲ ਸ਼ਾਇਦ ਖ਼ਾਲਸਾ ਰਾਜ ਵਿਚ (ਕਸ਼ਮੀਰ ਤੋਂ ਬਿਨਾਂ) ਸਾਰੇ ਹਿੰਦੁਸਤਾਨ ਵਿਚ ਨਹੀਂ ਸੀ ਮਿਲਦੇ। ਡਾਕਟਰ ਹੋਨਿੰਗ ਬਰਗਰ ਨੇ ਆਪਣੀ ਪੁਸਤਕ

---

1. ਹੈਰਨ ਹਿਊਗਲ ਤੇ ਬਾਰ ਲਿਖਦੇ ਹਨ ਕਿ ਅਸੀਂ ਸਰਦਾਰ ਹਰੀ ਸਿੰਘ ਨਲੂਏ ਦੇ ਗੁਜਰਾਂਵਾਲੇ ਦੇ ਬਾਗ਼ਾਂ ਵਿਚ ਬੜੇ ਵਧੀਆ ਸੰਤਰੇ ਵੇਖੇ ਸਨ।
2. *ਥਰਟੀ-ਫਾਈਵ ਈਅਰਜ਼ ਇਨ ਦੀ ਈਸਟ*, ਸਫ਼ਾ 54

ਵਿਚ ਕੋਈ 31 ਭਾਂਤ ਦੇ ਫੁੱਲਾਂ ਦੇ ਚਿੱਤਰ ਦੱਸੇ ਹਨ ਜਿਨ੍ਹਾਂ ਵਿਚ ਫੁੱਲ, ਉਨ੍ਹਾਂ ਦੇ ਪੱਤੇ, ਉਨ੍ਹਾਂ ਦੀਆਂ ਸ਼ਾਖਾਂ ਅਤੇ ਜੜ੍ਹਾਂ ਤਕ ਬੂਟੇ ਦੀ ਉਚਾਈ ਅਤੇ ਫੁੱਲ ਦੇਣ ਦੀ ਰੁੱਤ ਆਦਿ ਬਾਰੇ ਪੂਰਾ ਵੇਰਵਾ ਦਿੱਤਾ ਹੈ।[1]

## ਦਰੱਖਤ

ਪਿੱਪਲ, ਬੋਹੜ, ਟਾਹਲੀ, ਤੂਤ, ਕਿੱਕਰ, ਫਲਾਹ, ਖਜੂਰ, ਅੰਬ, ਤੂਨ, ਧਰੇਕ, ਨਿੰਮ, ਜਾਮਨ, ਸਿੰਮਲ, ਸਰੂ, ਛਛਰ, ਇਮਲੀ, ਅਮਲਤਾਸ, ਚੀੜ੍ਹ, ਦੇਵਦਾਰ, ਕੀਲ, ਚਿਨਾਰ, ਅਖਰੋਟ ਅਤੇ ਭੋਜ-ਪੱਤਰ ਆਦਿ।

## ਜੰਗਲ

ਖ਼ਾਲਸਾ ਰਾਜ ਵਿਚ ਕਸ਼ਮੀਰ ਅਤੇ ਹੋਰ ਪਹਾੜੀ ਇਲਾਕਿਆਂ ਵਿਚ ਬੜੇ ਖਿਲਾਰ ਵਾਲੇ ਜੰਗਲ ਮੌਜੂਦ ਸਨ ਜਿਹੜੇ ਭਾਂਤ-ਭਾਂਤ ਦੇ ਬੂਟੇ ਤੇ ਵੇਲਾਂ ਨਾਲ ਭਰਪੂਰ ਸਨ। ਜਿਨ੍ਹਾਂ ਦੀ ਲੱਕੜ ਉਸਾਰੀ, ਬਾਲਣ ਅਤੇ ਕੋਲੇ ਲਈ ਵੱਡੀਆਂ ਲੋੜਾਂ ਪੂਰੀਆਂ ਕਰਦੀ ਸੀ। ਇਨ੍ਹਾਂ ਤੋਂ ਲੱਖਾਂ ਰੁਪਏ ਦੀ ਲਕੜੀ ਕੱਟੀ ਜਾਂਦੀ ਸੀ ਅਤੇ ਹੋਰ ਨਾਲ-ਨਾਲ ਬੀਜੀ ਜਾਂਦੀ ਸੀ।

ਘਾਹ, ਚੀਲ, ਗੋਂਦ ਅਤੇ ਬਿਰੋਜ਼ਾ ਵੱਡੀ ਮਿਕਦਾਰ ਵਿਚ ਇਨ੍ਹਾਂ ਜੰਗਲਾਂ ਤੋਂ ਇਕੱਠਾ ਕੀਤਾ ਜਾਂਦਾ ਸੀ।

## ਜੜੀ ਬੂਟੀਆਂ

ਖ਼ਾਲਸਾ ਰਾਜ ਦੇ ਪਹਾੜੀ ਤੇ ਪੱਧਰੇ ਇਲਾਕੇ ਜੜੀ ਬੂਟੀਆਂ ਨਾਲ ਭਰਪੂਰ ਸਨ। ਵਿਸ਼ੇਸ਼ ਕਰਕੇ ਕਸ਼ਮੀਰ ਤਾਂ ਇਸ ਖਜਾਨੇ ਨਾਲ ਇੰਨਾ ਅਮੀਰ ਸੀ ਕਿ ਇਨ੍ਹਾਂ ਬੂਟੀਆਂ ਦੇ ਨਾਂ ਤੇ ਗਿਣਤੀ ਲਿਖਣੀ ਵੀ ਕੋਈ ਸੌਖਾ ਕੰਮ ਨਹੀਂ।

ਇਨ੍ਹਾਂ ਬਾਰੇ ਡਾਕਟਰ ਰਾਇਲ (Dr. Royle), ਡਾਕਟਰ ਹੋਨਿੰਗ ਬਰਗਰ ਅਤੇ ਵਾਲਟਰ ਲਾਰੰਸ ਨੇ ਇੰਨਾ ਕੁਝ ਵਿਸਥਾਰ ਨਾਲ ਲਿਖਿਆ ਹੈ ਕਿ ਜੇ ਉਹ ਸਾਰਾ ਲਿਖਿਆ ਜਾਵੇ ਤਾਂ ਇਕ ਵੱਖਰੀ ਪੁਸਤਕ ਤਿਆਰ ਹੋ ਜਾਂਦੀ ਹੈ। ਅਸੀਂ ਇੱਥੇ ਵੰਨਗੀ ਮਾਤਰ ਹੀ ਲਿਖਦੇ ਹਾਂ।

ਡਾਕਟਰ ਰਾਇਲ ਨੇ ਆਪ ਪਰਤਾਵੇ ਕਰ ਕੇ ਅਨੇਕ ਬੂਟੀਆਂ ਦੇ ਗੁਣ, ਅਵਗੁਣ ਅਤੇ ਉਨ੍ਹਾਂ ਦੇ ਦੇਸੀ ਤੇ ਅੰਗਰੇਜ਼ੀ ਨਾਂ ਲਿਖੇ ਹਨ।

ਇਸ ਤੋਂ ਵਧ ਕੇ ਡਾਕਟਰ ਹੋਨਿੰਗ ਬਰਗਰ ਦੀ ਘਾਲਣਾ ਸਲਾਘਾ-ਯੋਗ ਹੈ। ਉਸ ਨੇ ਨਾ ਕੇਵਲ ਵੇਲਾਂ ਬੂਟੀਆਂ ਦੇ ਨਾਂ ਹੀ ਦਿੱਤੇ ਹਨ ਸਗੋਂ ਅਨੇਕ ਬੂਟੀਆਂ ਦੇ ਪੂਰੇ-ਪੂਰੇ ਰੂਪ-ਚਿੱਤਰ ਦਿੱਤੇ ਹਨ ਜਿਨ੍ਹਾਂ ਵਿਚ ਬੂਟੀਆਂ ਦੇ ਪੱਤੇ, ਫੁਲ, ਉਚਾਈ ਅਤੇ ਜੜਾਂ ਤਕ ਵਿਖਾਈਆਂ ਗਈਆਂ ਹਨ। ਨਾਲ ਹੀ ਦੱਸਿਆ ਹੈ ਕਿ ਇਨ੍ਹਾਂ ਤੋਂ ਦਵਾਈ ਕਿਵੇਂ ਬਣਦੀ ਹੈ ਅਤੇ ਉਸ ਦੀ ਵਰਤੋਂ ਕਿਨ੍ਹਾਂ-ਕਿਨ੍ਹਾਂ ਰੋਗਾਂ ਵਿਚ ਸਫਲ ਸਾਬਤ ਹੋ ਚੁੱਕੀ ਹੈ। ਆਪ ਨੇ ਕੁਝ ਅਜਿਹੀਆਂ ਬੂਟੀਆਂ ਦੀ ਵਰਤੋਂ ਬਾਰੇ ਲਿਖਿਆ ਹੈ ਕਿ ਜੇ ਕਦੇ ਉਨ੍ਹਾਂ ਦੀ ਵਰਤੋਂ ਇਕ ਰਤੀ (ਗ੍ਰੇਨ) ਦਾ

---

1. ਹੋਨਿੰਗ ਬਰਗਰ, *ਥਰਟੀ-ਫਾਈਵ ਈਅਰਜ਼ ਇਨ ਦੀ ਈਸਟ*, ਭਾਗ 2, ਸਫ਼ਾ 220 ਤੋਂ 368 ਤੀਕ।

WWW.SIKHBOOKCLUB.COM 

1/20, 1/50 ਅਤੇ 1/100 ਭਾਗ ਮਨੁੱਖ ਨੂੰ ਦਿੱਤਾ ਜਾਵੇ ਤਾਂ ਉਸ ਦੇ ਅਸਰ ਨਾਲ ਮੌਤ ਹੋ ਸਕਦੀ ਹੈ।[1]

ਇਹ ਡਾਕਟਰ ਲਿਖਦਾ ਹੈ ਕਿ ਉਸ ਨੇ ਬਹੁਤ ਸਾਰੀਆਂ ਬੂਟੀਆਂ ਦੇ ਬੀਜ ਵੀ ਇਕੱਠੇ ਕਰ ਲਏ ਹਨ ਜਿਨ੍ਹਾਂ ਨੂੰ ਯੂਰਪ ਵਿਚ ਬੀਜਣ ਦਾ ਯਤਨ ਕੀਤਾ ਜਾਏਗਾ ਤਾਂ ਜੋ ਯੋਰਪੀਅਨ ਜਨਤਾ ਇਨ੍ਹਾਂ ਤੋਂ ਪੂਰਾ-ਪੂਰਾ ਲਾਭ ਪ੍ਰਾਪਤ ਕਰ ਸਕੇ।

ਹੋਨਿੰਗ ਬਰਗਰ ਲਿਖਦਾ ਹੈ ਕਿ ਇਨ੍ਹਾਂ ਜੜੀਆਂ ਬੂਟੀਆਂ ਤੋਂ ਬਣੀਆਂ ਦਵਾਈਆਂ ਅੰਮ੍ਰਿਤਸਰ ਤੇ ਪੰਸਾਰੀਆਂ ਤੇ ਵੈਦਾਂ ਦੀਆਂ ਹੱਟਾਂ ਤੋਂ ਮਿਲ ਜਾਂਦੀਆਂ ਸਨ।[2]

ਹੇਠ ਅਸੀ ਵਾਲਟਰ ਲਾਰੰਸ ਦਾ ਪੰਜਾਬ ਤੇ ਵਿਸ਼ੇਸ਼ ਕਰਕੇ ਕਸ਼ਮੀਰ ਦੀਆਂ ਜੜੀ ਬੂਟੀਆਂ ਦੇ ਨਾਵਾਂ ਅਤੇ ਉਨ੍ਹਾਂ ਦੀ ਵਰਤੋਂ ਬਾਰੇ ਵੇਰਵਾ ਦਿੰਦੇ ਹਾਂ।

ਬੇਬੀਨਾ—ਇਸ ਦੇ ਪੱਤੇ ਪੇਟ ਦੇ ਦਰਦ ਤੇ ਵਾਈ ਦੀ ਪੀੜਾ ਲਈ ਵਰਤੇ ਜਾਂਦੇ ਹਨ।

ਸੋਧਨ—ਇਸ ਦਾ ਕਾੜ੍ਹਾ ਕਬਜ-ਕੁਸ਼ਾ ਹੁੰਦਾ ਹੈ।

ਮੇਵਾਲ—ਇਸ ਦੇ ਬੀਜ ਫੋੜੇ ਨੂੰ ਨਰਮ ਕਰਨ ਲਈ ਉਬਾਲ ਕੇ ਉੱਪਰ ਬੰਨ੍ਹੇ ਜਾਂਦੇ ਹਨ।

ਮੇਨੀਫੱਲ—ਕੈ (ਉਲਟੀ) ਲਿਆਉਣ ਲਈ ਵਰਤੀ ਜਾਂਦੀ ਹੈ।

ਮੇਜਾਪੋਸ—ਬੀਜਾਂ ਦੀ ਲੁਪੜੀ ਬਣਾ ਕੇ ਵਰੇਨਾਲ ਪੀੜ ਦਾ ਇਲਾਜ ਕੀਤਾ ਜਾਂਦਾ ਹੈ।

ਸਾਹਤਾਰ—ਇਸ ਦੇ ਪੱਤਿਆਂ ਦਾ ਕਾੜ੍ਹਾ ਖੁਰਕ ਦੇ ਰੋਗ ਲਈ ਲਾਭਦਾਇਕ ਮੰਨਿਆ ਜਾਂਦਾ ਹੈ ਅਤੇ ਫੁਲਾਂ ਦੇ ਰਸ ਦਾ ਸ਼ਰਬਤ ਤਾਪ ਉਤਾਰਨ ਲਈ ਅਕਸੀਰ ਹੈ।

ਪੋਡਾ ਨਾਮਤ—ਇਸ ਦੇ ਪੱਤਿਆਂ ਦੀ ਨਸਵਾਰ ਸਿਰ ਦਰਦ ਦੂਰ ਕਰਦੀ ਹੈ।

ਸੋਈ—ਇਸ ਦੇ ਪੱਤਿਆਂ ਦੀ ਫੱਕੀ ਪੇਟ ਪੀੜਾ ਲਈ ਲਾਭਦਾਇਕ ਕਹਾਉਂਦੀ ਹੈ।

ਸੋਲਾਈ—ਇਸ ਦਾ ਰਸ ਅੱਖਾਂ ਦਾ ਇਲਾਜ ਹੈ।

ਮੁਹਗਾਈ—ਇਸ ਦੇ ਪੱਤੇ ਕੁੱਟ ਕੇ ਸੱਪ ਲੜੇ ਦਾ ਇਲਾਜ ਹੈ ਜਾਂ ਚੀਤੇ ਦੇ ਵੱਢਣ ਦੇ ਫੱਟ ਨੂੰ ਲਾਭ ਦਿੰਦਾ ਹੈ।

ਪੰਜ ਪਤਰੀ—ਇਹ ਅੱਗ ਨਾਲ ਸੜੇ ਦਾ ਇਲਾਜ ਹੈ।

ਕਸ਼ਮੀਰ ਦੀਆਂ ਜੜੀਆਂ ਬੂਟੀਆਂ ਦੀ ਮਹਾਰਾਣੀ ਕੁਠ ਦੀਆਂ ਜੜਾਂ ਹਨ ਜਿਸ ਦੇ ਰਾਹੀਂ ਜਿਥੇ ਖਾਲਸਾ ਖਜਾਨੇ ਨੂੰ 50,000 ਰੁਪਏ ਤੋਂ ਵੱਧ ਆਮਦਨ ਹੁੰਦੀ ਸੀ।[3] ਉੱਥੇ ਨਾਲ ਹੀ ਸੈਂਕੜੇ ਬੀਮਾਰੀਆਂ ਦੀ ਨਿਵਰਤੀ ਲਈ ਦਵਾਈ ਦਾ ਕੰਮ ਦਿੰਦੀ ਸੀ। ਇਸ ਦੀਆਂ ਜੜੀਆਂ ਬੂਟੀਆਂ ਨਾ ਕੇਵਲ ਕਸ਼ਮੀਰ ਵਿਚ ਹੀ ਵਰਤੀਆਂ ਜਾਂਦੀਆਂ ਸਨ ਸਗੋਂ ਪੰਜਾਬ, ਹਿੰਦ, ਚੀਨ ਵਿਚ ਇਸ ਦੀ ਬੜੀ ਖਪਤ ਸੀ। ਇਹ ਜੜੀ ਖਾਂਸੀ, ਦਮਾ, ਪੁਰਾਣਾ ਤਾਪ, ਬਦਹਜ਼ਮੀ ਅਤੇ

---

1. ਡਾਕਟਰ ਹੋਨਿੰਗ ਬਰਗਰ, *ਥਰਟੀ-ਫਾਈਵ ਯੀਅਰਸ ਇਨ ਦੀ ਈਸਟ*, ਸਫ਼ਾ 219
2. ਡਾਕਟਰ ਹੋਨਿੰਗ ਬਰਗਰ, *ਥਰਟੀ-ਫਾਈਵ ਯੀਅਰਸ ਇਨ ਦੀ ਈਸਟ*, ਸਫ਼ਾ 190
3. ਸੰਨ 1864 ਵਿਚ ਕਸ਼ਮੀਰ ਸਟੇਟ ਨੂੰ ਕੁਠ ਤੋਂ 90,000 ਰੁਪਏ ਆਮਦਨ ਹੋਈ। *ਵੈਲੀ ਆਫ਼ ਦੀ ਕਸ਼ਮੀਰ*, ਸਫ਼ਾ 77

ਚਮੜੀ ਦਿਆਂ ਰੋਗਾਂ ਨੂੰ ਨਾਸ ਕਰਦੀ ਸੀ। ਇਸ ਦੀ ਸੁਗੰਧੀ ਇੰਨੀ ਤੇਜ ਹੁੰਦੀ ਹੈ ਕਿ ਇਕ ਦੋ ਜੜ੍ਹਾਂ ਇਕ ਬਕਸੇ ਵਿਚ ਰਖਣ ਨਾਲ ਊਨ ਤੇ ਪਸ਼ਮੀਨੇ ਦੇ ਕਪੜੇ ਨੂੰ ਕੀੜਾ ਨਹੀਂ ਲਗ ਸਕਦਾ। ਹਿੰਦ ਵਿਚ ਖੂਹਾਂ ਦੇ ਪਾਣੀ ਨੂੰ ਸਾਫ ਕਰਨ ਲਈ ਇਹ ਪੁਰਾਤਨ ਸਮਿਆਂ ਤੋਂ ਵਰਤੀ ਜਾਂਦੀ ਸੀ। ਇਸ ਦੇ ਰੰਗ ਵਿਚ ਸ਼ਾਲਾਂ ਰੰਗੀਆਂ ਜਾਂਦੀਆਂ ਸਨ ਤੇ ਇਹ ਬੜਾ ਪੱਕਾ ਰੰਗ ਹੁੰਦਾ ਸੀ। ਕਸ਼ਮੀਰ ਦੇ ਲੋਕ 'ਚੋਥੇ ਕੁਠਾ' ਨੂੰ ਮਾਈ ਬਾਪ ਮੰਨਦੇ ਸਨ।

## ਜੰਗਲੀ ਪਸ਼ੂ ਤੇ ਦਰਿੰਦੇ

ਸ਼ੇਰ, ਚੀਤਾ, ਪੇਤੜ, ਲਕੜ ਬਗ੍ਹਾ, ਰਿੱਛ ਸਫੈਦ, ਰਿੱਛ ਕਾਲਾ, ਬਘਿਆੜ, ਜੰਗਲੀ ਕੁੱਤਾ, ਜੰਗਲੀ ਬਿੱਲੀ, ਲੂਮੜੀ, ਹਿੰਦਵਣ ਅਤੇ ਜੰਗਲੀ ਚੂਹੇ, ਕੰਡੀਲਾ ਸੇਹ, ਬਾਰਾਸਿੰਗਾ, ਕਸਤੂਰੀ ਹਿਰਨ,[1] ਮਾਰਖੋਰ ਜੰਗਲੀ ਭੇਡੂ, ਜੰਗਲੀ ਬਕਰਾ, ਜੰਗਲੀ ਗਊ, ਜੰਗਲੀ ਭੈਂਸਾ, ਬੰਦਰ, ਲੰਗੂਰ, ਸਹਾ ਆਦਿ।

## ਪਾਲਤੂ ਪਸ਼ੂ ਧੰਨ

ਸੁੰਦਰ ਉੱਚੇ ਕੱਦ ਦੇ ਬਲਦ,[2] ਦੁੱਧਲ ਗਊਆਂ, ਭੈਸਾਂ, ਝੋਟੇ, ਪਸ਼ਮੀਨੇ ਵਾਲੀਆਂ ਭੇਡਾਂ, ਛਤਰੇ ਬਕਰੇ, ਊਠ, ਘੋੜੇ, ਖੋਤੇ, ਖਚਰਾਂ, ਕੁੱਤੇ, ਬਿਲੀਆਂ ਆਦਿ।

## ਪੰਖੇਰੂ

ਖ਼ਾਲਸਾ ਰਾਜ ਵਿਚ ਭਾਂਤ-ਭਾਂਤ ਦੇ ਪੰਖੇਰੂ ਮਿਲਦੇ ਸਨ ਜਿਹਾ ਕੇ ਤੋਤਾ, ਮੈਨਾ, ਕਬੂਤਰ, ਘੁਗੀ, ਬੁਲਬੁਲ, ਬਟੇਰ, ਤਿਤਰ, ਭਟਿਤਰ, ਚਕਵੀ, ਮੋਰ, ਪਪੀਆ, ਕਈ ਭਾਂਤ ਦੀ ਮੁਰਗਾਬੀ, ਬਤਖ, ਬਗਲਾ, ਚਾਤ੍ਰਕ, ਸਾਰਸ, ਲਮਢੀਂਗ, ਉਲੂ, ਕਾਂ (ਦੋਵਾਂ ਜਾਤੀਆਂ ਦੇ, ਪਹਾੜੀ ਤੇ ਘਰੇਰੀ), ਚਿੜੀ, ਚੀਲ, ਲਕੜਹਾਰਾ, ਗਿੱਧ, ਗਰੜ, ਬਾਜ, ਬਾਰੀ, ਚਰਗ, ਸ਼ਿਕਰਾ, ਕੁਹੀਆ, ਹੁਕਾਬ, ਹੋਰ ਅਨੇਕ ਰੰਗ ਬਰੰਗੇ ਗਾਨੀਆਂ ਵਾਲੇ, ਚਿਤ੍ਰਕਾਰੀ ਵਾਲੇ ਪੰਛੀ ਜਿਨ੍ਹਾਂ ਦੇ ਨਾਂਵਾਂ ਦਾ ਮਨੁੱਖਾਂ ਨੂੰ ਪਤਾ ਹੀ ਨਹੀਂ ਅਤੇ ਨਾ ਹੀ ਇਨ੍ਹਾਂ ਦੇ ਨਾਂ ਕਿਸੇ ਰਖੇ ਹਨ।

## ਮੱਛੀਆਂ

ਖ਼ਾਲਸਾ ਰਾਜ ਦੀਆਂ ਨਦੀਆਂ, ਝੀਲਾਂ ਕਈ ਜਾਤਾਂ ਦੀਆਂ ਮੱਛੀਆਂ ਨਾਲ ਭਰਪੂਰ ਸਨ।[3] ਜਿਨ੍ਹਾਂ ਵਿਚੋਂ ਪ੍ਰਸਿੱਧ ਨਾਂ ਇਹ ਹਨ : ਮਾਸ਼ੇਰ, ਮਲੀ, ਸਿੰਘਾੜਾ, ਸਰਖਾ, ਛਲਕੇਦਾਰ, ਕਟਾਸਿਰੀ, ਮੁਛਲੂ ਆਦਿ।

---

1. ਡਾਕਟਰ ਹੋਨਿੰਗ ਬਰਗਰ ਲਿਖਦਾ ਹੈ ਕਿ ਮੈਂ ਵਜ਼ੀਰਾਬਾਦ ਤੋਂ ਥੋੜ੍ਹੀ ਦੂਰੀ ਪਰ ਇਕ ਵੱਡੇ ਕੱਦ ਦਾ ਕਸਤੂਰੀ ਹਿਰਨ ਸ਼ਿਕਾਰ ਖੇਡਦਿਆਂ ਮਾਰਿਆ ਜਿਸ ਵਿਚੋਂ ਭਰੀ ਹੋਈ ਥੈਲੀ ਕਸਤੂਰੀ ਦੀ ਨਿਕਲੀ ਸੀ। ਡਾਕਟਰ ਲਿਖਦਾ ਹੈ ਕਿ ਇਸ ਦੀ ਸੁਗੰਧ ਐਨੀ ਤੇਜ਼ ਸੀ ਜੋ ਉਸ ਦੇ ਸੁੰਘਣ ਨਾਲ ਉਸ ਨੂੰ ਸਰਦਰਦ ਛਿੜ ਪਿਆ ਸੀ, *ਥਰਟੀ-ਫਾਈਵ ਯੀਅਰਜ਼ ਇਨ ਦੀ ਈਸਟ*, ਸਫਾ 54.
2. ਭੇਡਾਂ ਦੀ ਪਸ਼ਮ, ਊਠਾਂ ਦੀ ਉੱਨ, ਬਕਰੀਆਂ ਦੀ ਜੱਤ ਤੇ ਖੱਲਾ ਵਿਕਦੀਆਂ ਹਨ।
3. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫੇ 47-48.

## ਸੱਪ

ਪੰਜਾਬ ਵਿਚ 32 ਭਾਂਤ ਦੇ ਸੱਪ ਪਾਏ ਜਾਂਦੇ ਸਨ।[1] ਜਿਨ੍ਹਾਂ ਵਿਚ ਕਾਲਾ ਨਾਗ ਬੜਾ ਜਹਿਰੀਲਾ ਮੰਨਿਆ ਜਾਂਦਾ ਸੀ। ਦੋ ਮੁਹੀਆਂ, ਚਿਤ੍ਰ ਮਿੜ੍ਹ, ਭੂਰੇ ਤੇ ਧੂਮਰ ਰੰਗੇ, ਉਡਾਰੂ ਛਜਲੀਦਾਰ ਅਤੇ ਗਜ ਚੋਰ ਬੜੇ ਜ਼ਹਿਰੀਲੇ ਸਨ। ਡਾਕਟਰ ਹੋਨਿੰਗ ਬਰਗਰ ਲਿਖਦਾ ਹੈ ਕਿ ਇਸ ਨੇ ਵਿਗਿਆਨ ਦੀ ਖੋਜ ਲਈ ਕਈ ਜਾਤੀਆਂ ਦੇ ਦੋ ਦਰਜਨ ਸੱਪ ਇਕੱਠੇ ਕੀਤੇ ਸਨ ਜਿਨ੍ਹਾਂ ਵਿਚੋਂ ਦੋ ਬੜੇ ਭਿਆਨਕ ਸਨ। ਇਕ ਕੋਬਰਾ ਕਾਲੇ ਰੰਗ ਦਾ ਛਜਲੀਦਾਰ ਜਿਹੜਾ ਮੋਟਾ ਚੂਹਾ ਨਿਗਲ ਜਾਂਦਾ ਸੀ। ਦੂਜਾ ਗੂੜ੍ਹੇ ਸੁਰਖ ਰੰਗ ਦਾ ਸੀ, ਇਹ ਡੇਢ ਗਜ ਲੰਮਾ ਸੀ ਅਤੇ ਡੇਢ ਇੰਚੀ ਮੋਟਾ ਜਿਸ ਨੂੰ ਪੰਜਾਬ ਵਿਚ ਗਜ ਚੋਰ ਕਹਿੰਦੇ ਹਨ। ਇਸ ਦੇ ਲੜਨ ਨਾਲ ਮਨੁੱਖ ਥੋੜ੍ਹੇ ਹੀ ਪਲਾਂ ਦੇ ਅੰਦਰ-ਅੰਦਰ ਪ੍ਰਾਣ ਤਿਆਗ ਜਾਂਦਾ ਸੀ ਤੇ ਇਨ੍ਹਾਂ ਦੇ ਲੜਨ ਵਾਲੇ ਨੂੰ ਬਚਾਉਣ ਦਾ ਕੋਈ ਇਲਾਜ ਨਹੀਂ ਸੀ। ਇਸ ਦੀ ਮੂਰਤ ਡਾਕਟਰ ਹੋਨਿੰਗ ਬਰਗਰ ਨੇ ਆਪਣੀ ਪੁਸਤਕ ਦੇ ਸਫ਼ਾ 238 ਉੱਤੇ ਦਿੱਤੀ ਹੈ।[2]

## ਮਾਖਿਓਂ ਦੀਆਂ ਮੱਖੀਆਂ

ਮਾਖਿਓਂ ਦੀਆਂ ਮੱਖੀਆ ਪੰਜਾਬ, ਕਸ਼ਮੀਰ ਅਤੇ ਪਿਸ਼ਾਵਰ ਦੇ ਇਲਾਕੇ ਵਿਚ ਬਹੁਤ ਥਾਂਈਂ ਪਾਈਆਂ ਜਾਂਦੀਆਂ ਸਨ ਜਿੱਥੇ ਬਹੁਤ ਬੜੀ ਮਿਕਦਾਰ ਵਿਚ ਮਾਖਿਓਂ ਤਿਆਰ ਹੁੰਦਾ ਸੀ, ਜਿਸ ਤੋਂ ਹਜ਼ਾਰਾਂ ਰੁਪਏ ਰਾਜ ਨੂੰ ਆਮਦਨ ਹੁੰਦੀ ਸੀ।

## ਪਟ ਦੇ ਕੀੜੇ

ਖ਼ਾਲਸਾ ਰਾਜ ਵਿਚ ਇਹ ਕੀੜੇ ਕਈ ਥਾਈਂ ਪਾਲੇ ਜਾਂਦੇ ਸਨ ਜਿਨ੍ਹਾਂ ਦੀ ਪੈਦਾਵਾਰ ਤੋਂ ਦੇਸ਼ ਦੀ ਪਟ ਦੀ ਲੋੜ ਬਹੁਤ ਹੱਦ ਤਕ ਪੂਰੀ ਹੋ ਜਾਂਦੀ ਸੀ। ਕੱਚੇ ਆਬ ਰੇਸ਼ਮ ਨੂੰ ਬੜੇ ਹੁਨਰ ਨਾਲ ਅੰਮ੍ਰਿਤਸਰ ਤੇ ਮੁਲਤਾਨ ਵਿਚ ਅਨੇਕ ਰੰਗਾਂ ਵਿਚ ਰੰਗਿਆ ਜਾਂਦਾ ਸੀ ਜਿਸ ਤੋਂ ਪਟੂ, ਗੁਲ ਬਦਨ ਤੇ ਹੋਰ ਕਈ ਭਾਂਤ ਦੇ ਕਪੜੇ ਤਿਆਰ ਹੁੰਦੇ ਸਨ ਜੋ ਪੰਜਾਬ ਤੋਂ ਬਾਹਰ ਹਿੰਦ ਵਿਚ ਦੂਰ-ਦੂਰ ਤਕ ਭੇਜੇ ਜਾਂਦੇ ਸਨ।

## ਖ਼ਾਲਸਾ ਰਾਜ ਦੇ ਪਹਾੜ ਤੇ ਉਨ੍ਹਾਂ ਦੀ ਉਚਾਈ

| | *ਉਚਾਈ ਫੁਟ* |
|---|---|
| ਸੋਮਿਤ—ਇਹ ਪਹਾੜ ਦਰਿਆ ਸਿੰਧ ਦੇ ਖੱਬੇ ਵੰਨੇ ਰੂਪਸੋ ਵਿਚ ਹੈ | 27000 |
| ਸੋਮਿਤ—ਇਸ ਪਹਾੜੀ ਦੀ ਦੂਜੀ ਧਾਰ ਰੂਪਸੋ ਅਤੇ ਸਪਿਤੀ ਦੀ ਸਰਹੱਦ ਪਰ | 24000 |
| ਸਪਿਤੀ ਦੀ ਉੱਤਰੀ ਧਾਰਾ ਜਿੱਥੇ ਬਾਰਾ ਮਹੀਨੇ ਬਰਫ ਜੰਮੀ ਰਹਿੰਦੀ ਹੈ। | 22000 |
| ਸਪਿਤੀ ਦੀ ਦੂਜੀ ਚੋਟੀ ਜਿੱਥੇ ਬਾਰਾਂ ਮਹੀਨੇ ਬਰਫ ਜੰਮੀ ਰਹਿੰਦੀ ਹੈ। | 20400 |
| ਨਾਗਾ ਪਰਬਤ ਇਹ ਕਸ਼ਮੀਰ ਦੇ ਉੱਤਰ ਵੱਲ ਹੈ। | 26629 |

1. *ਉਹੀ*, ਸਫ਼ਾ 48
2. ਹੋਨਿੰਗ ਬਰਗਰ, *ਥਰਟੀ-ਫਾਈਵ ਯੀਅਰਸ ਇਨ ਦੀ ਈਸਟ*, ਸਫ਼ਾ 238

WWW.SIKHBOOKCLUB.COM

| | |
|---|---|
| ਦਰਿਆ ਬਿਆਸ ਅਤੇ ਸਤਲੁਜ ਦੇ ਸੋਮਿਆਂ ਦੇ ਵਿਚ ਪਹਾੜਾਂ ਦੀਆਂ ਚੋਟੀਆਂ | 18000 |
| ਅਮਰਨਾਥ ਦੀ ਧਾਰਾ ਪਹਾੜਾਂ ਦੀਆਂ ਚੋਟੀਆਂ | 17800 |
| ਲਾਚਾ ਪਰਬਤ ਪਹਾੜਾਂ ਦੀਆਂ ਚੋਟੀਆਂ | 17700 |
| ਪਾਰਾਲਾਸਾ ਪਹਾੜਾਂ ਦੀਆਂ ਚੋਟੀਆਂ | 16903 |
| 'ਮਾਲੀ ਕਾ ਪਰਬਤ' ਦੀ ਉਚਾਈ | 17360 |
| ਗਗਨਪਾਜੀ ਪਰਬਤ ਦੀ ਉਚਾਈ | 16524 |
| ਹਰਮਖ ਪਰਬਤ ਦੀ ਉਚਾਈ | 16500 |
| ਸਕੋਰਾ ਬਲੋਚਿਸਤਾਨ ਦੀ ਉੱਤਰੀ ਚੋਟੀ | 16200 |
| ਦਰਿਆ ਚਨਾਬ ਦੇ ਸੋਮੇ ਦੀ ਚੋਟੀ 'ਸੂਰਜਭਾਗਾ' | 16200 |
| ਲੇਹ ਦੀ ਉੱਤਰੀ ਚੋਟੀ 'ਸੂਰਜਭਾਗਾ' | 16000 |
| ਰੁਪਸੋ ਦੀ ਪਧਰ ਧਰਤੀ | 16000 |
| ਕਾਲੀ ਦੇਵੀ, ਤਾਂਦੀ ਤੇ ਚੰਤੇ ਵਿਚਲੇ ਪਹਾੜ ਦੀ ਚੋਟੀ | 15700 |
| ਬੁਰਗੀ ਧਾਰਾ | 15600 |
| ਰੁਪਸੋ ਦੀ ਥੋਰਜੀ ਚਮਨੂ ਝੀਲ | 15500 |
| ਟਾਮੋਰੀਰਲ ਝੀਲ | 15000 |
| ਪੀਰ ਪੰਜਾਲ ਤੇ ਤੋਸ਼ਾ ਮੈਦਾਨ | 15000 |
| ਤਜਕਾਲਾ ਲਦਾਖੀ ਪਹਾੜ | 15000 |
| ਰੋਤਾਂਗ ਘਾਟੀ ਲਦਾਖੀ ਪਹਾੜ ਵਿਚ | 13300 |
| ਬਿਆਸ ਦਾ ਸੋਮਾ | 13200 |
| ਦੇਉਤਸੁ, ਕਸ਼ਮੀਰ ਤੇ ਅਸਕਰਦੂ ਦੇ ਵਿਚਾਲੇ ਦੀ ਚੋਟੀ | 13100 |
| ਚੋਅਲਘਾਟ, ਕੁਲੂ ਵਿਚ | 10170 |
| ਕੋਕੋਸਰ, ਲੋਹਾਨ ਵਿਚ | 10053 |
| ਲੇਹ ਖਾਸ | 10000 |
| ਤਾਂਦੀ, ਲੋਹਾਨ ਦੇ ਲਾਗੇ | 10000 |

ਇਨ੍ਹਾਂ ਤੋਂ ਛੁਟ ਖ਼ਾਲਸਾ ਰਾਜ ਵਿਚ ਹੋਰ ਕਈ ਪਹਾੜ ਮੌਜੂਦ ਸਨ ਜਿਨ੍ਹਾਂ ਦੀ ਉਚਾਈ 10,000 ਫੁਟ ਤੋਂ ਹੇਠ ਸੀ। ਉਹ ਇੱਥੇ ਨਹੀਂ ਲਿਖੇ ਗਏ।

## ਖ਼ਾਲਸਾ ਰਾਜ ਦੇ ਦਰਿਆ

ਪੰਜਾਬ ਦਾ ਪੁਰਾਤਨ ਨਾਂ 'ਸਪਤ ਸਿੰਧੂ' ਜਾਂ 'ਸਪਤ ਸਿੰਧਾਵਾਸ' ਅਰਥਾਤ ਸੱਤਾਂ ਦਰਿਆਵਾਂ ਦਾ ਦੇਸ਼ ਸੀ ਜਿਸ ਵਿਚ ਇਹ ਸੱਤ ਦਰਿਆ ਵਹਿੰਦੇ ਸਨ : 1. ਦਰਿਆ ਸਿੰਧ, 2. ਜਿਹਲਮ, 3. ਝਨਾ, 4. ਰਾਵੀ, 5. ਬਿਆਸ, 6. ਸਤਲੁਜ ਅਤੇ 7. ਸੁਰਸਤੀ।[1]

1. ਸੁਰਸਤੀ ਦਰਿਆ ਹੁਣ ਆਪਣੀ ਰੂਪ ਰੇਖਾ ਬਦਲ ਕੇ ਇਕੋ ਨਿੱਕੀ ਜਿਹੀ ਨਦੀ ਦੇ ਰੂਪ ਵਿਚ ਬੀਕਾਨੇਰ ਦੇ ਰੇਤਿਆਂ ਵਿਚ ਲੋਪ ਹੋ ਜਾਂਦਾ ਹੈ।

## ਦਰਿਆ ਸਿੰਧ

ਇਹ ਨਦੀ 'ਮਾਨ ਸਰੋਵਰ' ਦੇ ਉੱਤਰ ਵਿਚ ਕੈਲਾਸ਼ ਦੇ ਲਾਗਿਓਂ 15000 ਫੁਟ ਦੀ ਉਚਾਈ ਤੋਂ ਨਿਕਲ ਕੇ ਪਹਿਲਾਂ 200 ਮੀਲ ਵਗ ਕੇ ਕਸ਼ਮੀਰ ਦੀ ਪੂਰਬ ਦੱਖਣੀ ਹੱਦ ਵਿਚ 13,800 ਫੁਟ ਦੀ ਬੁਲੰਦੀ ਪੁਰ ਆ ਪਹੁੰਚਦੀ ਹੈ। ਕਸ਼ਮੀਰ ਦੇ ਇਲਾਕੇ ਵਿਚ ਗਿਲਗਿਤ ਦੇ ਪੱਛਮ ਵੱਲ ਹੋ ਕੇ ਕੋਈ 350 ਮੀਲ ਤਕ ਉੱਤਰ-ਪੱਛਮ ਵੱਲ ਵਗਦੀ ਹੈ। ਲੇਹ ਲਦਾਖ ਦੀ ਰਾਜਧਾਨੀ ਤੋਂ 125 ਮੀਲ ਦੀ ਦੂਰੀ ਪਰ 10,500 ਫੁਟ ਦੀ ਉਚਾਈ ਪਰ ਇਕ ਪੱਤਣ ਆਉਂਦਾ ਹੈ ਜਿੱਥੇ ਯਾਰਕੰਦ ਜਾਣ ਵਾਲੇ ਵਪਾਰੀ ਇਸ ਤੋਂ ਜਾਲਿਆਂ ਦੇ ਰਾਹੀਂ ਪਾਰ ਹੁੰਦੇ ਹਨ।

ਲੇਹ ਤੋਂ ਕੁਝ ਹੇਠਾਂ ਇਕ ਹੋਰ ਸਹਾਇਕ ਨਦੀ 'ਜਾਨ ਸਕਾਰ' ਨਾਮੀ ਇਸ ਵਿਚ ਆ ਮਿਲਦੀ ਹੈ। ਇਸ ਦੇ ਬਾਅਦ 150 ਮੀਲ ਹੋਰ ਵਹਿ ਕੇ ਇਹ ਸਕਰਦੂ ਦੇ ਇਲਾਕੇ ਵਿਚ ਪਹੁੰਚ ਪੈਂਦੀ ਹੈ।[1] ਇਥੇ ਇਕ ਹੋਰ ਨਦੀ ਸਾਯੋਨ 8,000 ਫੁਟ ਦੀ ਉਚਾਈ ਪਰ ਇਸ ਵਿਚ ਆ ਪੈਂਦੀ ਹੈ। ਇੱਥੇ ਇਹ ਤੰਗ ਦਰੇ ਵਿਚੋਂ ਬੜੇ ਤਿਖੇ ਵੇਗ ਨਾਲ ਚਲਦੀ ਹੈ। ਇਉਂ ਇਹ ਹਿਮਾਲਾ ਦੇ ਪੱਛਮ ਵੱਲ ਦੀ ਹੋ ਪੈਂਦੀ ਹੈ। ਇੱਥੇ ਗਿਲਗਿਤ ਤੋਂ 25 ਮੀਲ ਪੂਰਬ ਵੱਲ ਇਹ ਦਰਿਆ ਇਕ ਦਮ ਦੱਖਣ ਵੱਲ ਮੋੜਾ ਖਾ ਜਾਂਦਾ ਹੈ। ਇੱਥੇ ਇਸ ਨਾਲ ਗਿਲਗਿਤ ਨਦੀ ਆ ਮਿਲਦੀ ਹੈ। ਕੋਈ 20 ਮੀਲ ਹੋਰ ਇਸੇ ਦਿਸ਼ਾ ਵੱਲ ਵਹਿੰਦਾ ਹੋਇਆ ਇਹ ਦਰਿਆ ਨਾਗਾ ਪਰਬਤ ਦੇ ਲਾਗੇ ਮੁੜ ਪੱਛਮ ਵੱਲ ਮੁੜ ਪੈਂਦਾ ਹੈ ਤੇ ਲਗਭਗ ਇਕ ਸੌ ਮੀਲ ਇਸੇ ਦਿਸ਼ਾ ਵੱਲ ਵਗਦਾ ਹੋਇਆ ਚਿਲਾਸ ਪਰਗਨੇ ਵਿਚ ਆ ਨਿਕਲਦਾ ਹੈ। ਚਿਲਾਸ ਤੋਂ 60 ਮੀਲ ਹੇਠ ਇਹ ਛੇਕੜਲੀ ਵੇਰ ਦੱਖਣ ਦਾ ਰੁਖ ਫੜਦਾ ਹੈ ਅਤੇ ਜਲਕੋਟ ਜੋ ਕਸ਼ਮੀਰ ਦੀ ਛੇਕੜਲੀ ਹੱਦ ਹੈ ਇੱਥੋਂ ਨਿਕਲ ਕੇ ਪਲੋਧੀ ਇਲਾਕਾ ਮਹਾਂਬਣ ਦੇ ਪਾਸੇ ਹੁੰਦਾ ਹੋਇਆ ਕੋਈ ਸੌ ਮੀਲ ਹੋਰ ਹੇਠਾਂ ਵੱਲ ਆ ਜਾਂਦਾ ਹੈ। ਹੁਣ ਇਹ ਆਪਣੇ ਸੋਮੇਂ ਤੋਂ 812 ਮੀਲ ਚਲ ਕੇ ਦਰਬੰਦ ਦੇ ਮਕਾਮ ਪਰ ਪੰਜਾਬ ਦੀ ਹੱਦ ਵਿਚ ਆ ਨਿਕਲਦਾ ਹੈ। ਇੱਥੇ ਦੁਵੱਲਿਓਂ ਪਹਾੜਾਂ ਦੇ ਘੇਰੇ ਵਿਚ ਫਸ ਕੇ ਇਸ ਦੀ ਚੌੜੱਤਨ 100 ਗਜ਼ ਹੋ ਜਾਂਦੀ ਹੈ। ਇੱਥੇ ਪ੍ਰਸਿੱਧ ਇਤਿਹਾਸਕ ਪੱਤਣ ਓਹਿੰਦਾਂ ਦੇ ਪਾਸੇ ਦੀ ਲੰਘਦਾ ਹਜ਼ਾਰਾ ਅਤੇ ਪਿਸ਼ਾਵਰ ਦੇ ਪਰਗਨਿਆਂ ਨੂੰ ਨਿਖੇੜਦਾ ਹੈ। ਇਸ ਤੋਂ ਹੇਠ ਇਹ ਕਿਲ੍ਹਾ ਅਟਕਾਂ ਵੱਲ ਨੂੰ ਵਗ ਤੁਰਦਾ ਹੈ। ਅਟਕ ਤੋਂ ਉੱਪਰ ਜਿੱਥੇ ਦਰਿਆ ਕਾਬਲ ਆ ਕੇ ਇਸ ਵਿਚ ਮਿਲਦਾ ਹੈ। ਅਟਕ ਦਾ ਪ੍ਰਸਿੱਧ ਪੱਤਣ ਹੈ, ਜਿੱਥੇ ਖ਼ਾਲਸੇ ਦਾ ਬੇੜੀਆਂ ਦਾ ਪੁਲ ਸੀ।

ਅਟਕ ਲਾਗਿਓਂ ਹੀ ਮੁੜ ਦਰਿਆ ਦੇ ਦੋਵਾਂ ਕੰਢਿਆਂ ਵੱਲ ਪਹਾੜ ਆ ਜਾਂਦੇ ਹਨ।

---

1. ਸੰਨ 1841 ਵਿਚ ਇਸ ਤਰ੍ਹਾਂ ਡਕੇ ਦੇ ਟੁਟ੍ਹ ਜਾਣ ਨਾਲ 30-40 ਫੁੱਟ ਉੱਚਾ ਹੜ੍ਹ ਆਇਆ ਸੀ ਜਿਸ ਨਾਲ ਬੇਅੰਤ ਜਾਨ ਤੇ ਮਾਲ ਦਾ ਨੁਕਸਾਨ ਹੋਇਆ ਸੀ। ਅਟਕ ਅਤੇ ਯੂਸਫਜ਼ਈਆਂ ਦੇ ਇਲਾਕੇ ਵਿਚ ਇਹ ਤੂਫ਼ਾਨ 'ਅਬਾ ਸਿੰਧ ਚੜ੍ਹਿਆ' ਦੇ ਨਾਮ ਨਾਲ ਅਜੇ ਤਕ ਪ੍ਰਸਿੱਧ ਹੈ।
2. ਓਹਿੰਦ ਉਹ ਮੁਕਾਮ ਹੈ ਜਿੱਥੇ ਸਕੰਦਰ ਆਜ਼ਮ ਸੰਨ 326 ਪੂ. ਈ. ਵਿਚ ਹਿੰਦ ਪਰ ਚੜ੍ਹਾਈ ਸਮੇਂ ਦਰਿਆ ਸਿੰਧ ਤੋਂ ਪਾਰ ਹੋਇਆ ਸੀ।
3. ਇੱਥੇ ਦਰਿਆ ਸਿੰਧ ਦਾ ਨਾਂ ਦਰਿਆ ਅਟਕ ਪੈ ਜਾਂਦਾ ਹੈ।

WWW.SIKHBOOKCLUB.COM 

ਦਰਿਆ ਵਿਚ ਕਾਬਲ ਨਦੀ ਦੇ ਮਿਲ ਜਾਣ ਨਾਲ ਇਸ ਵਿਚ ਪਾਣੀ ਹੋਰ ਵੱਧ ਜਾਂਦਾ ਹੈ। ਕਿਉਂਕਿ ਦਰਿਆ ਕਾਬਲ ਹਿੰਦੂਕੁਸ਼ ਦੇ ਦੱਖਣ ਪਾਸੇ ਦੀਆਂ ਕਈ ਨਦੀਆਂ ਨੂੰ ਆਪਣੇ ਨਾਲ ਮਿਲਾਉਂਦਾ ਹੋਇਆ ਆਉਂਦਾ ਹੈ ਜਿਹਾ ਕੇ ਦਰਿਆ ਕੁੰਨੜ ਜਲਾਲਾਬਾਦ ਦੇ ਲਾਗੇ ਅਤੇ ਦਰਿਆ ਸੁਵਾਤ ਚਾਰਸਦੇ (ਪਿਸ਼ਾਵਰ) ਲਾਗੇ ਜਿਸ ਵਿਚ ਪੰਜਕੋੜਾ ਅਤੇ ਸਵਾਤ ਦੀਆਂ ਨਦੀਆਂ ਮਿਲ ਪੈਂਦੀਆਂ ਹਨ। ਕਿਲਾ ਅਟਕ ਦੇ ਲਾਗੇ ਇੱਥੇ ਮੁੜ ਦੋਵੱਲਿਓਂ ਪਹਾੜਾਂ ਵਿਚੋਂ ਹੁੰਦਾ ਹੋਇਆ ਇਹ ਮਤ੍ਰਾ ਸਮੁੰਦਰ ਤੋਂ 2000 ਫੁਟ ਉੱਚਾ ਰਹਿ ਜਾਂਦਾ ਹੈ। ਅਟਕ ਤੋਂ 90 ਮੀਲ ਹੇਠਾਂ ਪਹਾੜਾਂ ਵਿਚੋਂ ਨਿਕਲ ਕੇ ਕਾਲਾ ਬਾਗ਼ ਦੇ ਲਾਗੇ ਇਹ ਪੱਧਰ ਧਰਤੀ ਵਿਚ ਖਿਲਰ ਜਾਂਦਾ ਹੈ। ਮੁਜ਼ੱਫਰਗੜ੍ਹ, ਮੁਲਤਾਨ ਦੇ ਇਲਾਕੇ ਵਿਚ ਪੰਜਨਦ ਦੇ ਮੁਕਾਮ ਪਰ ਪੰਜਾਬ ਦੇ ਪੰਜੇ ਦਰਿਆ ਇਸ ਵਿਚ ਆ ਮਿਲਦੇ ਹਨ। ਇੱਥੇ ਇਸ ਦੀ ਉਚਾਈ ਸਮੁੰਦਰ ਤੋਂ ਕੇਵਲ 300 ਫੁੱਟ ਰਹਿ ਜਾਂਦੀ ਹੈ ਪਰ ਇਸ ਦੇ ਅਰਬ ਸਾਗਰ ਵਿਚ ਮਿਲਣ ਲਈ ਅਜੇ 500 ਮੀਲ ਦੀ ਦੂਰੀ ਬਾਕੀ ਰਹਿੰਦੀ ਹੈ। ਇਸ ਤੋਂ ਕੁਝ ਅੱਗੇ ਪੱਛਮ ਵੱਲੋਂ ਇਕ ਹੋਰ ਨਦੀ ਇਸ ਦੇ ਪਾਣੀਆਂ ਵਿਚ ਵਾਧਾ ਕਰ ਦਿੰਦੀ ਹੈ। ਡੇਰਾ ਇਸਮਾਈਲ ਖ਼ਾਨ ਦੇ ਸਾਹਮਣੇ ਇਹ 17 ਮੀਲ ਚੌੜਾਈ ਵਿਚ ਖਿਲਰ ਜਾਂਦਾ ਹੈ। ਇੱਥੋਂ ਇਹ ਡੇਰਾਗਾਜ਼ੀ ਖ਼ਾਨ ਵਿਚੋਂ ਦੀ ਹੋ ਕੇ ਖ਼ਾਲਸਾ ਰਾਜ ਦੀਆਂ ਹੱਦਾਂ ਵਿਚੋਂ ਮਿਠਨਕੋਟ ਪਹੁੰਚਦਾ ਹੈ ਅਤੇ ਇੱਥੋਂ ਬਿਲੋਚਿਸਤਾਨ ਤੇ ਸਿੰਧ ਵਿਚੋਂ ਵਹਿੰਦਾ ਹੋਇਆ ਆਪਣੇ ਸੋਮੇ ਤੋਂ ਨਿਕਲ ਕੇ ਵੀਕਾਰ ਦੇ ਮੁਕਾਮ ਪਰ 1800 ਮੀਲ ਦੀ ਲੰਬਾਈ ਪੂਰੀ ਕਰਕੇ ਅਰਬ ਸਾਗਰ ਵਿਚ ਮਿਲ ਜਾਂਦਾ ਹੈ।

### ਦਰਿਆ ਜਿਹਲਮ

ਸੰਸਕ੍ਰਿਤ ਦੀਆ ਪੁਸਤਕਾਂ ਵਿਚ ਦਰਿਆ ਜਿਹਲਮ ਦਾ ਨਾਂ ਵੀਤਾਸਤਾ ਲਿਖਿਆ ਹੈ। ਇਹ ਕਸ਼ਮੀਰ ਦੇ ਇਕ ਡੂੰਘੇ ਸਰੋਵਰ 'ਵੈਰੀਨਾਗ' ਇਸਲਾਮਾਬਾਦ ਦੇ ਲਾਗਿਓਂ ਨਿਕਲ ਕੇ ਆਪਣੀ ਵਿਲੀ ਤੋਰੇ ਉੱਤਰ ਪੱਛਮ ਵੱਲ ਵਗਦਾ ਹੈ। ਇਹ ਸ੍ਰੀਨਗਰ ਦੇ ਵਿਚੋਂ ਦੀ ਹੁੰਦਾ ਹੋਇਆ 120 ਮੀਲ ਵਗ ਕੇ ਪ੍ਰਸਿੱਧ ਵੂਲਰ ਝੀਲ ਵਿਚੋਂ ਹੋ ਕੇ ਬਾਰਾਮੂਲੇ ਦੇ ਲਾਗੇ ਆ ਪਹੁੰਚਦਾ ਹੈ। ਕਸ਼ਮੀਰ ਵਿਚ ਇਸ ਦੇ ਕੰਢੇ ਨੀਵੇਂ ਹਨ ਜਿਸ ਦੇ ਕਾਰਨ ਇਸ ਤੋਂ ਖੇਤੀਆਂ ਨੂੰ ਪਾਣੀ ਲੈਣ ਲਈ ਬੜਾ ਲਾਭ ਪੁੱਜਦਾ ਹੈ।

ਬਾਰਾਮੂਲੇ ਤੋਂ ਅੱਗੇ ਇਸ ਦੀ ਰੂਪ ਰੇਖਾ ਇਕਾ-ਇਕ ਬਦਲ ਜਾਂਦੀ ਹੈ ਅਤੇ ਲਗਭਗ 70 ਮੀਲ ਦੂਰ ਕੁਹਾਲਾ ਪੱਤਣ ਤਕ ਜਿੱਥੋਂ ਕਸ਼ਮੀਰ ਵਿਚੋਂ ਪੰਜਾਬ ਵੱਲ ਆਉਣ ਲਈ ਇਸ ਤੋਂ ਪਾਰ ਹੋਣਾ ਪੈਂਦਾ ਹੈ, ਇਸ ਦੇ ਸੱਜੇ ਪਾਸੇ ਕਾਲਾਨਾਗ ਦੀਆਂ ਪਹਾੜੀਆਂ ਅਤੇ ਖੱਬੇ ਬੰਨੇ ਪੀਰ ਪੰਜਾਲ ਦੇ ਪਰਬਤ ਹਨ। ਬਾਰਾਮੂਲਾ ਅਤੇ ਕੋਹਾਲੇ ਦੇ ਵਿਚਾਲੇ ਜਿਹਲਮ 5,000 ਫੁਟ ਦੀ ਉਚਾਈ ਤੋਂ ਉਤਰ ਕੇ 2000 ਫੁਟ ਪਰ ਆ ਜਾਂਦਾ ਹੈ। ਦੁਮੇਲ ਦੇ ਮੁਕਾਮ ਉੱਤੇ ਉੱਤਰ ਵੱਲੋਂ ਇਸ ਵਿਚ ਕਿਸ਼ਨ ਗੰਗਾ ਨਦੀ ਆ ਮਿਲਦੀ ਹੈ ਅਤੇ ਕੁਝ ਹੋਰ ਹੇਠਾਂ ਕੁਨਹਾਰ ਨਦੀ ਇਸ ਦੇ ਪਾਣੀਆਂ ਵਿਚ ਵਾਧਾ ਕਰਦੀ ਹੈ। ਕੁਹਾਲੇ ਤੋਂ ਕੁਝ ਉਤਾਂਹ ਦਰਿਆ ਜਿਹਲਮ ਆਪਣਾ ਵਹਾਉ ਦੱਖਣ ਕਰ ਦਿੰਦਾ ਹੈ ਅਤੇ ਦੋਵੱਲੀ ਪਹਾੜਾਂ ਦੇ ਵਿਚੋ-ਵਿਚ ਵਗਦਾ ਹੈ। ਇੱਥੇ ਇਸ ਦੇ ਸੱਜੇ ਪਾਸੇ ਰਾਵਲਪਿੰਡੀ ਦਾ ਪਰਗਨਾ ਆ ਜਾਂਦਾ ਹੈ ਤੇ ਖੱਬੇ ਵੱਨੇ ਰਿਆਸਤ ਪੁਣਛ ਦਾ

ਇਲਾਕਾ ਹੈ। ਹੁਣ ਸਹਿਜੇ-ਸਹਿਜੇ ਪਹਾੜਾਂ ਦੀ ਉਚਾਈ ਘਟਦੀ ਹੋਈ ਜਿਹਲਮ ਦੀ ਛਾਵਣੀ ਤਕ ਪਹੁੰਚਦਿਆਂ ਇਹ ਮੂਲੋਂ ਮੁੱਕ ਜਾਂਦੀ ਹੈ।

ਦਰਿਆ ਜਿਹਲਮ ਸਹਿਰ ਤੋਂ ਅਗਾਂਹ ਪੱਧਰ ਧਰਤੀ ਪਰ ਆਪਣੀ ਤੋਰੇ ਤੁਰਦਾ ਹੋਇਆ ਗੁਜਰਾਤ ਤੇ ਜਿਹਲਮ ਦੇ ਪਰਗਨਿਆਂ ਵਿਚੋਂ ਨਿਕਲ ਕੇ ਪਹਿਲਾਂ ਸ਼ਾਹਪੁਰ ਤੇ ਫਿਰ ਝੰਗ ਦੇ ਇਲਾਕੇ ਵਿਚ ਆ ਪੁੱਜਦਾ ਹੈ। ਛੇਕੜ ਇਹ 400 ਮੀਲਾਂ ਦਾ ਫਾਸਲਾ ਪੂਰਾ ਕਰ ਕੇ ਤ੍ਰਿਮੂੰ ਦੇ ਮੁਕਾਮ ਪਰ ਦਰਿਆ ਝਨਾ ਵਿਚ ਆ ਮਿਲਦਾ ਹੈ। ਇਸ ਦਰਿਆ ਦੇ ਤਿੰਨ ਪੱਤਣ ਪ੍ਰਸਿੱਧ ਹਨ। ਇਕ ਸਹਿਰ ਜਿਹਲਮ ਦਾ, ਦੂਜਾ ਹਰਨਪੁਰ ਦਾ ਅਤੇ ਤੀਜਾ ਖੁਸ਼ਾਬ ਦਾ ਜਿੱਥੇ ਪਾਰ ਉਰਾਰ ਜਾਣ ਲਈ ਬੇੜੀਆ ਮਿਲਦੀਆਂ ਸਨ।

## ਦਰਿਆ ਝਨਾ

ਝਨਾ ਦਾ ਪ੍ਰਾਚੀਨ ਨਾਂ ਵੇਦਕ ਸਮੇਂ ਆਸਕਨੀ ਸੀ। ਇਹ ਚੰਦਰ ਤੇ ਭਾਗਾ ਦੇ ਸੰਗਮ ਨਾਲ ਬਣਦਾ ਹੈ। ਇਹ ਦੋਵੇਂ ਨਦੀਆਂ ਲਾਹੌਲ ਦੇ ਦਰਾ ਬਾਰਾਲਾਚਾ ਤੋਂ ਨਿਕਲਦੀਆਂ ਹਨ। ਇਨ੍ਹਾਂ ਦੇ ਮਿਲਾਪ ਦੇ ਉਪਰੰਤ ਇਹ ਦਰਿਆ ਇਲਾਕਾ ਚੰਬਾ ਦੇ ਪੰਗੀ ਨਾਮੀ ਥਾਂ ਤੇ ਕਸ਼ਮੀਰ ਦੇ ਦੱਖਣ ਪੂਰਵ ਵੱਲ ਵਹਿੰਦਾ ਹੈ। ਕਸਤਵਾੜ ਵਿਚ ਪਹੁੰਚ ਕੇ ਇਹ ਪੀਰ ਪੰਜਾਲ ਦੇ ਪਹਾੜਾਂ ਤੋਂ ਨਿਕਲ ਕੇ ਦੱਖਣ ਵੱਲ ਵਗਦਾ ਹੈ। ਅਖਨੂਰ ਦੇ ਲਾਗੇ ਇਹ ਕਿਸ਼ਤੀਆਂ ਦੇ ਚਲਣ ਯੋਗ ਹੋ ਜਾਂਦਾ ਹੈ। ਇੱਥੋਂ ਇਹ ਪੰਜਾਬ ਵਿਚ ਪੁੱਜ ਕੇ ਪਰਗਨਾ ਸਿਆਲਕੋਟ ਵਿਚੋਂ ਲੰਘਦਾ ਹੈ। ਇੱਥੇ ਕੁਝ ਦੂਰੀ ਪਰ ਦਰਿਆ ਤਵੀ ਇਸ ਵਿਚ ਆ ਮਿਲਦਾ ਹੈ। ਝਨਾ ਦੇ ਖੱਬੇ ਵੰਨੇ ਸਿਆਲਕੋਟ ਤੇ ਗੁਜਰਾਂਵਾਲਾ ਹਨ ਅਤੇ ਸੱਜੇ ਵੰਨੇ ਗੁਜਰਾਤ ਅਤੇ ਸ਼ਾਹਪੁਰ ਹਨ। ਇਸ ਤਰ੍ਹਾਂ ਇਹ ਸ਼ਾਹਪੁਰ ਗੁਜਰਾਂਵਾਲੇ ਦੇ ਇਲਾਕਿਆਂ ਤੋਂ ਨਿਕਲ ਕੇ ਇਲਾਕਾ ਝੰਗ ਵਿਚ ਪੁੱਜਦਾ ਹੈ ਅਤੇ ਇੱਥੇ ਤ੍ਰਿਮੂ ਦੇ ਲਾਗੇ ਦਰਿਆ ਜਿਹਲਮ ਵਿਚ ਆ ਮਿਲਦਾ ਹੈ। ਇੱਥੋਂ ਦੋਵੇਂ ਦਰਿਆਵਾਂ ਦਾ ਮਿਲਵਾ ਨਾਂ ਝਨਾ ਹੋ ਜਾਂਦਾ ਹੈ। ਫਿਰ ਪਰਗਨਾ ਮੁਲਤਾਨ ਦੇ ਉੱਤਰ ਵਿਚ ਇਸ ਨਾਲ ਦਰਿਆ ਰਾਵੀ ਆ ਮਿਲਦਾ ਹੈ। ਥੋੜ੍ਹੀ ਦੂਰੀ ਪਰ ਦੱਖਣ ਵੱਲ ਇਹ ਸਾਰੇ ਰਲਵੇਂ ਦਰਿਆ, ਦਰਿਆ ਸਤਲੁਜ ਦਾ ਭਾਗਾ ਜਾ ਬਣਦੇ ਹਨ। ਛੇਕੜ ਇਹ ਸਾਰੇ ਦਰਿਆ ਮਿਲ ਕੇ ਪੰਜਨਦ ਦਾ ਨਾਮ ਧਾਰਨ ਕਰ ਲੈਂਦੇ ਹਨ।

## ਦਰਿਆ ਰਾਵੀ

ਰਾਵੀ ਦਾ ਨਾਂ ਵੇਦਕ ਗੀਤਾਂ ਵਿਚ ਪਰੋਸ਼ਨੀ ਵਰਤਿਆ ਗਿਆ ਹੈ ਪਰ ਆਮ ਸੰਸਕ੍ਰਿਤ ਵਿਚ ਇਸ ਨੂੰ ਐਰਾਵਤੀ ਕਿਹਾ ਜਾਂਦਾ ਸੀ। ਇਹ ਕਾਂਗੜੇ ਦੇ ਇਲਾਕਾ ਰੋਤਾਂਗ ਦੇ ਦਰੇ ਵਿਚੋਂ ਨਿਕਲਦਾ ਹੈ। ਇਹ ਉੱਤਰ ਪੱਛਮ ਵੱਲ ਰਿਆਸਤ ਚੰਬਾ ਦੇ ਦੱਖਣੀ ਭਾਗ ਵਿਚੋਂ ਵਗ ਕੇ ਸ਼ਹਿਰ ਚੰਬੇ ਦੇ ਪਾਸ ਪੁੱਜਦਾ ਹੈ। ਇੱਥੇ ਤਿੱਖੀ ਦੌੜ ਨਾਲ ਕਸ਼ਮੀਰ ਦੀ ਸਰਹੱਦ ਪਾਸ ਪੁੱਜਦਾ ਹੈ। ਇਸ ਥਾਂ ਤੋਂ ਦੱਖਣ ਪੱਛਮ ਵੱਲ ਹੁੰਦਾ ਹੋਇਆ ਇਲਾਕਾ ਕਸ਼ਤਵਾੜ ਅਤੇ ਚੰਬੇ ਤੋਂ ਨਿਕਲ ਕੇ ਪਰਗਨਾ ਗੁਰਦਾਸਪੁਰ ਵਿਚ ਆ ਪੁੱਜਦਾ ਹੈ। ਇੱਥੇ ਇਹ ਸਮੁੰਦਰ ਤੋਂ 2,000 ਫੁਟ ਉਚਾਈ ਪਰ ਹੋ ਜਾਂਦਾ ਹੈ। ਇੱਥੇ ਵਗ ਕੇ ਮਾਧੋਪੁਰ ਪੁੱਜਦਾ ਹੈ ਜਿੱਥੇ ਨਹਿਰ ਬਾਰੀ ਦੁਆਬ ਦਾ

ਮੁੱਖ ਹੈ। ਇਸ ਤਰ੍ਹਾਂ ਇਹ ਇਲਾਕਾ ਗੁਰਦਾਸਪੁਰ ਦੇ ਵਿਚੋਂ ਵਿਚ ਉਥੇ ਆ ਪੁੱਜਦਾ ਹੈ ਜਿਥੇ ਇਕ ਹੋਰ ਨਦੀ ਉੱਤਰ ਵੱਲੋਂ ਜਿਹੜੀ ਜੰਮੂ ਦੇ ਪਹਾੜਾਂ ਵਿਚੋਂ ਨਿਕਲਦੀ ਹੈ ਉਸ ਵਿਚ ਆ ਮਿਲਦੀ ਹੈ। ਇੱਥੇ ਸਿਆਲਕੋਟ ਦੀ ਹੱਦ ਵਿਚ ਪਹੁੰਚ ਕੇ ਗੁਰਦਾਸਪੁਰ ਨੂੰ ਸਿਆਲਕੋਟ ਅਤੇ ਅੰਮ੍ਰਿਤਸਰ ਤੋਂ ਅੱਡ ਕਰਦਾ ਹੈ। ਹੁਣ ਇਹ ਲਾਹੌਰ ਦੇ ਉੱਤਰ ਵੱਲ ਹੁੰਦਾ ਹੋਇਆ ਮੌਜੂਦਾ ਮਿੰਟਗੁਮਰੀ ਤੇ ਲਾਇਲਪੁਰ ਦੇ ਵਿਚੋਂ ਵਿਚ ਹੁੰਦਾ ਹੋਇਆ ਮੁਲਤਾਨ ਦੇ ਉੱਤਰ ਵੱਲ 450 ਮੀਲ ਵਗਕੇ ਛੇਕੜ ਦਰਿਆ ਝਨਾ ਵਿਚ ਜਾ ਮਿਲਦਾ ਹੈ।

## ਦਰਿਆ ਬਿਆਸ

ਬਿਆਸ ਦਾ ਵੇਦਕ ਨਾਮ ਵਿਪਾਸਾ ਹੈ। ਇਸ ਦੇ ਤਟ ਪਰ ਪ੍ਰਸਿੱਧ ਰਿਸ਼ੀਆਂ ਨੇ ਆਪਣੀ ਵਿਦਿਆ ਦੇ ਅਲੌਕਿਕ ਚਮਤਕਾਰ ਦੱਸੇ ਸਨ। ਬਹੁਤੇ ਵਿਦਵਾਨਾਂ ਦੀ ਰਾਏ ਹੈ ਕਿ ਰਿਗ ਵੇਦ ਇਸ ਦੇ ਕੰਢੇ ਪਰ ਸੰਪੂਰਨ ਹੋਇਆ ਸੀ। ਇਹ ਦਰਿਆ ਦਰਾ ਰੋਤਾਂਗ ਦੇ ਲਾਗਿਓਂ 13000 ਫੁਟ ਦੀ ਉਚਾਈ ਤੋਂ ਨਿਕਲਦਾ ਹੈ। ਇਸ ਦੇ ਪਾਣੀ ਦਾ ਮੁੱਖ ਵਹਾਅ ਦਰਿਆ ਰਾਵੀ ਦੇ ਪਾਣੀਆਂ ਤੋਂ ਧਾਰਾ ਬੰਗਾਹਾਲ ਦੀਆਂ ਪਹਾੜੀਆਂ ਦੁਆਰਾ ਅੱਡ ਹੁੰਦਾ ਹੈ। ਪਹਿਲਾ ਸੱਠ ਮੀਲ ਦੇ ਲਗਭਗ ਇਹ ਰਮਣੀਕ ਕੁਲੂ ਦੀਆਂ ਘਾਟੀਆਂ ਵਿਚੋਂ ਦੀ ਹੁੰਦਾ ਹੋਇਆ ਲਾਰਜੀ ਕੋਲ 8,000 ਫੁਟ ਦੀ ਬੁਲੰਦੀ ਪਰ ਆ ਪਹੁੰਚਦਾ ਹੈ। ਇੱਥੇ ਇਹ ਸਰ੍ਹੀ ਤਿੱਖੀ ਦੌੜ ਨਾਲ ਵਗ ਕੇ ਕੁਲੂ ਦੇ ਪ੍ਰਸਿੱਧ ਸ਼ਹਿਰ ਮਕਾਮਪਰ ਪੁੱਜਦਾ ਹੈ। ਇੱਥੇ ਇਸ ਦੀ ਉਚਾਈ 4,000 ਫੁਟ ਰਹਿ ਜਾਂਦੀ ਹੈ।

ਲਾਰਜੀ ਪਹੁੰਚ ਕੇ ਇਸ ਦਾ ਰੁਖ਼ ਉੱਤਰ ਵੱਲ ਹੋ ਪੈਂਦਾ ਹੈ। ਇਥੇ ਇਹ ਰਿਆਸਤ ਕੁਲੂ ਨੂੰ ਮੰਡੀ ਤੋਂ ਜੁਦਾ ਕਰਦਾ ਹੈ। ਸ਼ਹਿਰ ਮੰਡੀ ਦੇ ਲਾਗਿਓਂ ਇਹ ਮੁੜ ਉੱਤਰ ਪੱਛਮ ਵੱਲ ਹੋ ਤੁਰਦਾ ਹੈ। ਹੁਣ ਛੋਟੀਆਂ ਪਹਾੜੀਆਂ ਦੇ ਵਿਚੋਂ ਆਪਣੇ ਲਈ ਰਾਹ ਬਣਾ ਕੇ ਹੁਸ਼ਿਆਰਪੁਰ ਦੀ ਸਰਹੱਦ ਪਰ ਜਾ ਨਿਕਲਦਾ ਹੈ। ਇਹ ਕੁਝ ਹੋਰ ਹੇਠਾਂ ਵੱਲ ਵਹਿ ਕੇ ਛੇਕੜ ਹਰੀਕੇ ਪਤਣ ਦੇ ਲਾਗੇ 320 ਮੀਲ ਆਪਣੇ ਸੋਮੇ ਤੋਂ ਲੰਮਾਈ ਪੂਰੀ ਕਰ ਕੇ ਦਰਿਆ ਸਤਲੁਜ ਵਿਚ ਜਾ ਮਿਲਦਾ ਹੈ।

## ਦਰਿਆ ਸਤਲੁਜ

ਇਸ ਨੂੰ ਵੇਦਕ ਭਜਨਾਂ ਤੇ ਗੀਤਾਂ ਵਿਚ ਸ਼ਾਤਦਰੋ ਲਿਖਿਆ ਹੈ। ਦਰਿਆ ਸਿੰਧ ਦੇ ਬਾਅਦ ਪੰਜਾਬ ਦੇ ਦਰਿਆਵਾਂ ਵਿਚ ਇਹ ਸਭ ਤੋਂ ਵੱਡਾ ਦਰਿਆ ਹੈ। ਇਸ ਦੇ ਸੋਮੇ ਦੀ ਭਾਲ ਲਈ ਸਾਨੂੰ ਮੁੜ ਇਕ ਵੇਰ ਮਾਨਸਰੋਵਰ ਦੀ ਝੀਲ ਪਰ ਪਹੁੰਚਣਾ ਪੈਂਦਾ ਹੈ। ਇੱਥੋਂ ਨਿਕਲ ਕੇ ਇਹ 200 ਮੀਲ ਉੱਤਰ ਪੱਛਮ ਵੱਲ ਵਗ ਕੇ ਸ਼ਿਪਕੀਆਂ ਪੁੱਜਦਾ ਹੈ। ਸ਼ਿਪਕੀ ਤੋਂ 40 ਮੀਲ ਹੇਠਾਂ ਕੁਨਾਵਰ ਦੇ ਮੁਕਾਮ ਪਰ ਰਿਆਸਤ ਬੁਸ਼ਹਿਰ ਵਿਚੋਂ ਹੁੰਦਾ ਹੋਇਆ ਚਿਨੀ ਆ ਨਿਕਲਦਾ ਹੈ। ਇੱਥੇ ਪਹੁੰਚ ਕੇ ਇਹ ਆਪਣੇ ਸੋਮੇਂ ਤੋਂ 15,000 ਫੁਟ ਦੀ ਉਚਾਈ ਤੋਂ ਉਤਰ ਕੇ 7,500 ਫੁਟ ਹੇਠਾਂ ਆ ਜਾਂਦਾ ਹੈ। ਚਿਨੀ ਤੋਂ 40 ਮੀਲ ਹੇਠਾਂ ਬੁਸ਼ਹਿਰ ਦੀ ਰਾਜਧਾਨੀ, ਰਾਮਪੁਰ ਆ ਜਾਂਦਾ ਹੈ ਅਤੇ ਇੱਥੇ ਇਹ 4,000 ਫੁਟ ਉਚਾਈ ਹੋਰ ਉਤਰ ਆਉਂਦਾ ਹੈ। ਇੱਥੇ ਇਸ ਦੀ

ਬੁਲੰਦੀ 3200 ਫੁਟ ਰਹਿ ਜਾਂਦੀ ਹੈ। ਇੱਥੇ ਇਹ ਸ਼ਿਮਲੇ ਦੀਆਂ ਕਈ ਪਹਾੜੀ ਰਿਆਸਤਾਂ ਵਿਚੋਂ ਨਿਕਲ ਕੇ, ਖ਼ਾਲਸਾ ਰਾਜ ਵਿਚ ਹੁਸ਼ਿਆਰਪੁਰ ਆ ਪੁੱਜਦਾ ਸੀ। ਇੱਥੋਂ ਦਖਰੈਣ ਹੋ ਕੇ ਰੋਪੜ ਪਾਸ ਪੁੱਜਦਾ ਹੈ। ਇੱਥੋਂ ਅੱਗੇ ਹਰੀਕੇ ਦੇ ਮੁਕਾਮ ਤੇ ਬਿਆਸ ਨਾਲ ਮਿਲਦਾ ਹੈ। ਉਪਰੰਤ, ਇਹ ਆਪਣਾ ਥੋੜ੍ਹਾ ਰੁਖ ਦੱਖਣ ਪੱਛਮ ਵੱਲ ਮੁੜ ਕੇ ਛੇਕੜ ਮੁਲਤਾਨ ਦੇ ਦੱਖਣ ਵੱਲ ਦਰਿਆ ਝਨਾ ਨਾਲ ਮਿਲ ਜਾਂਦਾ ਹੈ। ਇਸ ਦੀ ਸਾਰੀ ਲੰਬਾਈ ਸੋਮੇਂ ਤੋਂ ਲੈ ਕੇ ਝਨਾ ਵਿਚ ਮਿਲਣ ਤਕ 900 ਮੀਲ ਬਣਦੀ ਹੈ। ਇਸ ਨਦੀ ਤੇ ਖ਼ਾਲਸਾ ਰਾਜ ਦੀਆਂ ਕਈ ਨਹਿਰਾਂ ਨਿਕਲਦੀਆਂ ਸਨ ਜਿਨ੍ਹਾਂ ਦੇ ਪਾਣੀ ਨਾਲ ਪੰਜਾਬ ਦੀ ਬਹੁਤ ਸਾਰੀ ਧਰਤੀ ਸਿੰਜੀ ਜਾਂਦੀ ਸੀ।

## ਖ਼ਾਲਸਾ ਰਾਜ ਦੀਆਂ ਨਹਿਰਾਂ ਬਾਰੇ

ਖ਼ਾਲਸਾ ਰਾਜ ਦੀਆਂ ਨਹਿਰਾਂ ਉਸ ਸਮੇਂ ਬੜੀ ਪ੍ਰਸਿੱਧਤਾ ਰਖਦੀਆਂ ਸਨ। ਇਸ ਹੁਨਰ ਲਈ ਪੰਜਾਬ ਦੇਸ਼ ਦੀ ਕੁਦਰਤ ਵੱਲੋਂ ਸਾਜਨਾ ਬੜੇ ਅਲੌਕਿਕ ਢੰਗ ਨਾਲ ਹੋਈ ਹੈ ਜੋ ਨਹਿਰਾਂ ਦੇ ਬਣਾਉਣ ਵਿਚ ਬੜੀ ਭਾਰੀ ਸਹਾਇਤਾ ਕਰਦੀ ਹੈ। ਪੰਜਾਬ ਦੇ ਦੋਹਾਂ ਪਾਸਿਆਂ ਵੱਲ ਪਹਾੜ ਹਨ। ਇਨ੍ਹਾਂ ਵਿਚੋ ਛੇ ਦਰਿਆ ਤਾਂ ਖ਼ਾਸ ਪ੍ਰਸਿੱਧ ਹਨ ਅਤੇ ਹੋਰ ਛੋਟੀਆਂ-ਛੋਟੀਆਂ ਨਦੀਆਂ ਦਾ ਤਾਂ ਅੰਤ ਹੀ ਨਹੀਂ। ਇਹ ਦਰਿਆ ਤੇ ਨਦੀਆਂ ਲਗਭਗ ਸਾਰੇ ਉੱਤਰ ਪੂਰਬ ਵੱਲੋਂ ਆਪਣੇ ਸੋਮਿਆਂ ਤੋਂ ਨਿਕਲ ਕੇ ਦੱਖਣ ਪੱਛਮ ਵੱਲ ਵਹਿੰਦੇ ਹਨ। ਇਸੇ ਤਰ੍ਹਾਂ ਧਰਤੀ ਦੀ ਢਲਾਨ ਵੀ ਉੱਤਰ ਪੂਰਬ ਵੱਲੋਂ ਦੱਖਣ ਪੱਛਮ ਨੂੰ ਚਲੀ ਜਾਂਦੀ ਹੈ। ਥੋੜ੍ਹੇ ਜਿਹੇ ਯਤਨ ਤੇ ਹਿੰਮਤ ਕਰਨ ਨਾਲ ਨਹਿਰਾਂ ਦੇ ਬਣਾਉਣ ਵਿਚ ਕੁਦਰਤ ਸਹਾਇਤਾ ਕਰਦੀ ਹੈ। ਇਹੀ ਕਾਰਨ ਸੀ ਕਿ ਖ਼ਾਲਸਾ ਰਾਜ ਦੇ ਹਰ ਇਕ ਪਰਗਨੇ ਵਿਚ ਕਈ-ਕਈ ਨਹਿਰਾਂ ਚਲਦੀਆਂ ਸਨ।[1] ਜਿਥੇ ਉਨ੍ਹਾਂ ਤੋਂ ਖੇਤੀਆਂ ਦੇ ਸਿੰਜਣ ਦਾ ਕੰਮ ਲਿਆ ਜਾਂਦਾ ਸੀ ਉੱਥੇ ਨਾਲ ਹੀ ਇਹ ਸੜਕਾਂ ਦਾ ਕੰਮ ਵੀ ਦਿੰਦੀਆਂ ਸਨ। ਇਨ੍ਹਾਂ ਤੋਂ ਵਿਉਪਾਰ ਦੇ ਵਾਧੇ ਲਈ ਵੀ ਬੜੀ ਸਹਾਇਤਾ ਮਿਲਦੀ ਸੀ। ਅਰਥਾਤ ਇਹ ਹਜ਼ਾਰਾਂ ਮਣ ਜਿਨਸਾਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਵਿਚ ਸਹਾਈ ਹੁੰਦੀਆਂ ਸਨ। ਇਨ੍ਹਾਂ ਦੇ ਪਾਣੀਆਂ ਤੋਂ ਲੱਖਾਂ ਰੁਪਏ ਆਬਿਆਨੇ ਦੀ ਆਮਦਨ ਹੁੰਦੀ ਸੀ ਅਤੇ ਨਾਲ ਹੀ ਜੀਵਨ ਦੀਆਂ ਲੋੜੀਂਦੀਆਂ ਵਸਤਾਂ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਉਣ ਲਈ ਇਨ੍ਹਾਂ ਨਹਿਰਾਂ ਵਿਚ ਸੈਂਕੜੇ ਬੇੜੀਆਂ ਚਲਦੀਆਂ ਸਨ ਜਿਨ੍ਹਾਂ ਨਾਲ ਹਕੂਮਤ ਦੇ ਖ਼ਜ਼ਾਨੇ ਨੂੰ ਲਾਭ ਪ੍ਰਾਪਤ ਹੁੰਦਾ ਸੀ। ਪੰਜਾਬ ਦੇ ਵਸਨੀਕ ਇਨ੍ਹਾਂ ਦੀ ਤਿਆਰੀ ਵਿਚ ਹਕੂਮਤ ਨਾਲ ਡੂੰਘੀ ਮਿਲ-ਵਰਤੋਂ ਕੀਤਾ ਕਰਦੇ ਸਨ।

## ਖ਼ਾਲਸਾ ਰਾਜ ਸਮੇਂ ਖੇਤੀਬਾੜੀ ਲਈ ਨਹਿਰਾਂ ਦਾ ਪ੍ਰਬੰਧ

ਖ਼ਾਲਸਾ ਰਾਜ ਸਮੇਂ ਪੰਜਾਬ ਵਿਚ ਜਿੰਨੀ ਖੇਤੀਬਾੜੀ ਨੇ ਉੱਨਤੀ ਕੀਤੀ ਸੀ ਇਸ ਦੀ ਕੋਈ ਨਜ਼ੀਰ ਇਸ ਤੋਂ ਪਹਿਲਾਂ ਦੀ ਨਹੀਂ ਮਿਲਦੀ। ਇਸ ਦੇ ਕਈ ਕਾਰਨ ਸਨ। 1. ਸਾਰੇ ਪੰਜਾਬ ਵਿਚ ਪੂਰੀ ਸ਼ਾਂਤੀ ਤੇ ਅਮਨ ਸੀ; 2. ਸੋਕੇ ਵਾਲੀਆਂ ਜ਼ਮੀਨਾਂ ਨੂੰ ਨਹਿਰਾਂ ਦੇ ਪਾਣੀ ਰਾਹੀਂ ਸਿੰਜਿਆ ਜਾਂਦਾ ਸੀ; 3. ਜ਼ਮੀਨ ਦਾ ਮਾਲੀਆ ਬੜਾ ਨਰਮ ਲਿਆ ਜਾਂਦਾ ਸੀ; 4. ਜ਼ਿਮੀਦਾਰ

1. *ਜੈਨਰਲ ਰਿਪੋਰਟ ਅਪਾਨ ਦੀ ਐਡਮਨਿਸਟਰੇਸ਼ਨ ਆਫ ਦੀ ਪੰਜਾਬ*, ਸਫਾ 133

WWW.SIKHBOOKCLUB.COM 

ਨੂੰ ਲੋੜ ਅਨੁਸਾਰ ਬਲਦਾਂ, ਬੀਜਾਂ ਅਤੇ ਖੂਹਾਂ ਦੀ ਪੁਟਾਈ ਲਈ ਸਰਕਾਰ ਵੱਲੋਂ ਖੁਲ੍ਹੀ ਮਾਇਕ ਸਹਾਇਤਾ ਦਿੱਤੀ ਜਾਂਦੀ ਸੀ ਜੋ ਚੰਗੀ ਫਸਲ ਦੇ ਉਪਜਣ ਉੱਤੇ ਨਰਮ ਕਿਸ਼ਤਾਂ ਨਾਲ ਬਿਨਾ ਵਿਆਜ ਦੇ ਮੋੜ ਦਿੱਤੀ ਜਾਂਦੀ ਸੀ।

ਉਂਝ ਤਾ ਸ਼ਾਂਤੀ ਤੇ ਅਮਨ ਹਰ ਕੰਮ ਦੀ ਉੱਨਤੀ ਲਈ ਬੜਾ ਜਰੂਰੀ ਹੁੰਦਾ ਹੈ ਪਰ ਖੇਤੀ ਲਈ ਤਾਂ ਇਸ ਦਾ ਹੋਣਾ ਅਤਿਅੰਤ ਜਰੂਰੀ ਗੱਲ ਹੈ। ਕਿਸਾਨ ਨੂੰ ਜਦ ਇਸ ਗੱਲ ਦਾ ਤੌ ਲੱਗਿਆ ਹੋਵੇ ਕਿ ਜਿਸ ਧਰਤੀ ਦੀ ਉਹ ਵਾਹੀ ਕਰ ਕੇ ਬੀਜ ਬੀਜਣ ਲੱਗਾ ਹੈ ਉਸ ਨੂੰ ਫਲ ਲੱਗਣ ਤੋਂ ਪਹਿਲਾਂ ਕੋਈ ਹੋਰ ਆ ਕੇ ਸਾਂਭ ਲਵੇਗਾ ਤਾਂ ਉਹ ਦੂਜਿਆਂ ਲਈ ਕਾਹਨੂੰ ਘਾਲਾਂ ਘਾਲੇਗਾ। ਜਦ ਤਕ ਉਸ ਨੂੰ ਪੂਰਨ ਭਰੋਸਾ ਨਾ ਹੋਵੇ ਕਿ ਮੇਰੀ ਸਾਰੀ ਮਿਹਨਤ ਦਾ ਫਲ ਮੈਂ ਆਪ ਲਵਾਂਗਾ, ਤਦ ਤਕ ਕੋਈ ਕਦੇ ਵੀ ਜਾਨ ਮਾਰ ਕੇ ਦੂਜਿਆਂ ਲਈ ਮੁੜ੍ਹਕਾ ਨਹੀਂ ਵਗਾਉਂਦਾ।

ਇਹ ਮੁੱਖ ਕਾਰਨ ਸੀ ਕਿ ਪੰਜਾਬ ਦੇ ਜ਼ਿਮੀਂਦਾਰਾਂ ਨੇ ਇਹ ਅਜ਼ਮਾ ਕੇ ਚੰਗੀ ਤਰ੍ਹਾਂ ਵੇਖ ਲਿਆ ਸੀ ਕਿ ਖ਼ਾਲਸਾ ਰਾਜ ਇੰਨਾ ਸ਼ਕਤੀਵਾਨ ਹੈ ਕਿ ਇਸ ਪਰ ਬਾਹਰ ਦਾ ਕੋਈ ਵੈਰੀ ਧਾਵਾ ਕਰਨ ਦਾ ਹੀਆ ਨਹੀਂ ਕਰ ਸਕਦਾ। ਇਸ ਲਈ ਉਹ ਦਿਲ ਲਾ ਕੇ ਵੱਧ ਤੋਂ ਵੱਧ ਮੁਸ਼ੱਕਤ ਕਰਦੇ ਸਨ ਅਤੇ ਉਸ ਤੋਂ ਪੂਰਾ-ਪੂਰਾ ਲਾਭ ਪ੍ਰਾਪਤ ਕਰਦੇ ਸਨ। ਇਹੋ ਕਾਰਨ ਸੀ ਕਿ ਖ਼ਾਲਸਾ ਰਾਜ ਸਮੇਂ ਖੇਤੀਬਾੜੀ ਦਿਨ ਦੁਗਣੀ ਤਰੱਕੀ ਵੱਲ ਵਧਦੀ ਜਾ ਰਹੀ ਸੀ।

## ਨਹਿਰਾਂ ਦਾ ਪ੍ਰਬੰਧ

ਪੰਜਾਬ ਵਿਚ ਖ਼ਾਲਸਾ ਰਾਜ ਦੀ ਸਥਾਪਨਾ ਤੋਂ ਪਹਿਲਾਂ ਇੱਥੋਂ ਦੀ ਖੇਤੀਬਾੜੀ ਦੀ ਉਪਜ ਦਾ ਨਿਰਭਰ ਬਰਖਾ ਰੁੱਤੇ ਸੀ, ਅਰਥਾਤ ਜਦੋਂ ਬਰਖਾ ਚੋਖੀ ਅਤੇ ਲੋੜੀਂਦੇ ਸਮੇਂ ਸਿਰ ਹੋ ਜਾਂਦੀ ਸੀ ਤਦ ਤਾਂ ਦੇਸ਼ ਦੀ ਖਾਧ-ਖੁਰਾਕ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਨਾਜ ਉਪਜ ਪੈਂਦਾ ਸੀ, ਪਰ ਸਦਾ ਇੰਝ ਨਹੀਂ ਸੀ ਹੁੰਦਾ। ਕਈ-ਕਈ ਸਾਲ ਲੋੜ ਅਨੁਸਾਰ ਸਮੇਂ ਸਿਰ ਬਰਖਾ ਨਹੀਂ ਸੀ ਵਰ੍ਹਦੀ ਜਿਸ ਦੇ ਕਾਰਨ ਅਨਾਜ ਦੀ ਥੁੜ੍ਹ ਵਧੇਰੀ ਬਣੀ ਰਹਿੰਦੀ ਸੀ।

ਖ਼ਾਲਸਾ ਰਾਜ ਦੇ ਪੱਕੇ ਪੈਰੀਂ ਹੋ ਜਾਣ ਤੇ ਪੰਜਾਬ ਦੀ ਉਪਜ ਦੇ ਵਧਾਉਣ ਲਈ ਹੋਰ-ਹੋਰ ਵਸੀਲੇ ਵਰਤਣ ਵੱਲ ਵੀ ਚੋਖਾ ਧਿਆਨ ਦਿੱਤਾ ਜਾਣ ਲੱਗਾ। ਇਸ ਪਾਸੇ ਸਭ ਤੋਂ ਪਹਿਲਾ ਕਦਮ ਇਹ ਚੁਠਾਇਆ ਗਿਆ ਕਿ ਸਰਕਾਰੀ ਖ਼ਜ਼ਾਨੇ ਵਿਚੋਂ ਖੁਲ੍ਹੇ ਦਿਲ ਨਾਲ ਜ਼ਿਮੀਂਦਾਰਾਂ ਨੂੰ ਤਕਾਵੀ ਸਹਾਇਤਾ ਖੂਹ ਖੁਦਵਾਉਣ ਲਈ ਦੇਣੀ ਆਰੰਭ ਕਰ ਦਿੱਤੀ। ਜਿਨ੍ਹਾਂ ਪਰਗਨਿਆਂ ਵਿਚ ਸਹਾਇਤਾ ਖੁਲ੍ਹੀ ਦਿੱਤੀ ਗਈ, ਉਨ੍ਹਾਂ ਵਿਚੋਂ ਕੁਝ ਕੁ ਨਾਂ ਇਹ ਹਨ : ਜਲੰਧਰ, ਹੁਸ਼ਿਆਰਪੁਰ, ਰਿਆੜਕੀ, ਗੁਰਦਾਸਪੁਰ, ਅੰਮ੍ਰਿਤਸਰ, ਅਜਨਾਲਾ, ਸਿਆਲਕੋਟ ਅਤੇ ਗੁਜਰਾਂਵਾਲਾ।

ਇਸ ਵਿਉਂਤ ਨਾਲ ਉਪਰੋਕਤ ਇਲਾਕਿਆਂ ਦੀ ਸਾਰੀ ਜ਼ਮੀਨ ਦੋ ਫਸਲਾਂ ਉਪਜਾਉਣ ਦੇ ਯੋਗ ਹੋ ਗਈ। ਇਸ ਤਰ੍ਹਾਂ ਜਿੱਥੇ ਕਿਸਾਨ ਮਾਲਾ ਮਾਲ ਹੋ ਗਏ ਉੱਥੇ ਨਾਲ ਹੀ ਜ਼ਮੀਨ ਦੇ ਮਾਲੀਏ ਦੀ ਆਮਦਨ ਵੀ ਚੋਖੀ ਵੱਧ ਗਈ। ਇਨ੍ਹਾਂ ਖੂਹਾਂ ਵਾਲੇ ਇਲਾਕਿਆਂ ਵਿਚ ਗੰਨਾ, ਚਾਵਲ, ਕਣਕ, ਜੌਂ, ਮੱਕੀ ਅਤੇ ਜਵਾਰ ਆਦਿ ਦੀ ਉਪਜ ਆਮ ਹੋਣ ਲਗੀ। ਦੁਆਬਾ ਖੰਡ ਤੇ ਰਾਬ ਦੀ ਉਪਜ ਲਈ ਵਿਸ਼ੇਸ਼ ਪ੍ਰਸਿੱਧਤਾ ਰੱਖਦਾ ਸੀ। ਰਿਆੜਕੀ ਦਾ ਪਰਗਨਾ ਵਧੀਆ

ਗੁੜ ਤੇ ਸ਼ਕਰ ਦੀ ਪੈਦਾਵਾਰ ਦਾ ਇਲਾਕਾ ਮੰਨਿਆ ਜਾਂਦਾ ਸੀ। ਸਿਆਲਕੋਟ ਅਤੇ ਗੁਜਰਾਂਵਾਲਾ ਦੇ ਚਾਵਲ ਬਹੁਤ ਭਾਰੀ ਮਿਕਦਾਰ ਵਿਚ ਪੰਜਾਬ ਦੀਆਂ ਲੋੜਾਂ ਪੂਰੀਆਂ ਕਰਦੇ ਸਨ। ਇਸ ਤਰ੍ਹਾਂ ਇਨ੍ਹਾਂ ਇਲਾਕਿਆਂ ਵਿਚ ਦੋਵੇਂ ਫਸਲਾਂ ਹਾੜੀ ਅਤੇ ਸਾਵਣੀ ਚੰਗੀ ਤਰ੍ਹਾਂ ਹੋਣ ਲਗੀਆਂ।

ਇਸ ਦੇ ਉਪਰੰਤ ਸ਼ੇਰੇ-ਪੰਜਾਬ ਨੇ ਪੰਜਾਬ ਦੇ ਜਲਾਂ ਨਾਲ ਭਰਪੂਰ ਠਾਠਾਂ ਮਾਰਦੇ ਦਰਿਆਵਾਂ ਵੱਲ ਨਿਗਾਹ ਮੋੜੀ। ਮਹਾਰਾਜਾ ਰਣਜੀਤ ਸਿੰਘ ਦੀ ਦਿੱਲੀ ਚਾਹਨਾ ਇਹ ਸੀ ਕਿ ਇਨ੍ਹਾਂ ਦਰਿਆਵਾਂ ਤੋਂ, ਜੋ ਰਾਤ-ਦਿਨ ਲਗਾਤਾਰ ਵਗ ਰਹੇ ਹਨ, ਕੋਈ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਇੰਞ ਮਹਾਰਾਜਾ ਰਣਜੀਤ ਸਿੰਘ ਪੰਜਾਬ ਦਾ ਸਭ ਤੋਂ ਪਹਿਲਾ ਹੁਕਮਰਾਨ ਸੀ ਜਿਸ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਤੋਂ ਲਾਭ ਪ੍ਰਾਪਤ ਕਰਨ ਦਾ ਉੱਦਮ ਕੀਤਾ।

ਸੂਬਾ ਮੁਲਤਾਨ ਤੇ ਲਾਹੌਰ ਦੀ ਧਰਤੀ ਬੜੀ ਉਪਜਾਊ ਸੀ ਪਰ ਮੀਂਹ ਦੀ ਥੁੜ੍ਹ ਦੇ ਕਾਰਨ ਇਸ ਦੇ ਵਿਸ਼ੇਸ਼ ਭਾਗ ਬੰਜਰ ਰਹਿ ਜਾਂਦੇ ਸਨ। ਖ਼ਾਲਸਾ ਰਾਜ ਸਮੇਂ ਪਹਿਲੀ ਨਹਿਰ ਦਰਿਆ ਸਤਲੁਜ ਵਿਚੋਂ ਪਿੰਡ ਗੰਡਾ ਸਿੰਘ ਵਾਲਾ ਤੋਂ ਚਾਰ ਕੋਹ ਉਪਰੋਂ ਕੱਢੀ ਗਈ ਸੀ। ਇਸ ਦੇ ਪਾਣੀ ਤੋਂ ਲਾਹੌਰ ਦੀ ਧਰਤੀ ਨੂੰ ਸਿੰਜਿਆ ਜਾਂਦਾ ਸੀ। ਇਹ ਨਹਿਰ 'ਵਾਹਾ ਗੰਡਾ ਸਿੰਘ ਵਾਲਾ' ਦੇ ਨਾਮ ਪਰ ਪ੍ਰਸਿੱਧ ਸੀ। ਇਸੇ ਤਰ੍ਹਾਂ ਦੋ ਹੋਰ ਨਹਿਰਾਂ ਮਹਾਰਾਜਾ ਦੇ ਹੁਕਮ ਨਾਲ ਦਰਿਆ ਰਾਵੀ ਵਿਚੋਂ ਕੱਢੀਆਂ ਗਈਆਂ ਸਨ। ਇਨ੍ਹਾਂ ਵਿਚੋਂ ਇਕ ਨੂੰ ਮੀਆਂ ਚਨੂੰ ਦੀ ਨਹਿਰ ਅਤੇ ਦੂਜੀ ਨੂੰ ਨਹਿਰ ਸਿਧਨਾਈ ਕਿਹਾ ਜਾਂਦਾ ਸੀ। ਪਹਿਲੀ ਨਹਿਰ ਮੀਆਂ ਚਨੂੰ ਦੇ ਇਲਾਕੇ ਨੂੰ ਸਿੰਜਦੀ ਸੀ। ਇਸ ਨਹਿਰ ਤੋਂ ਖ਼ਾਲਸਾ ਰਾਜ ਸਮੇਂ ਬੜੀ ਪੈਦਾਵਾਰ ਹੁੰਦੀ ਸੀ। ਇਸ ਨਹਿਰ ਦੇ ਅੱਜ ਤਕ ਨਿਸ਼ਾਨ ਮੌਜੂਦ ਹਨ। ਇਸ ਦੀ ਲੰਮਾਈ 35 ਮੀਲ ਸੀ। ਨਹਿਰ ਸਿਧਨਾਈ ਦਰਿਆ ਰਾਵੀ ਤੋਂ ਚੋਤਰਾ ਰਾਮਚੰਦ ਦੇ ਲਾਗਿਓਂ ਨਿਕਲਵਾਈ ਗਈ ਸੀ। ਇਸ ਦੀ ਲੰਮਾਈ 40 ਕੋਹ ਦੇ ਲਗਭਗ ਸੀ। ਇਸ ਨੂੰ ਅੰਗਰੇਜ਼ੀ ਸਰਕਾਰ ਨੇ ਵੀ ਚਾਲੂ ਰੱਖਿਆ। ਇਨ੍ਹਾਂ ਨਹਿਰਾਂ ਦੇ ਪਾਣੀ ਤੋਂ ਖੇਤੀਆਂ ਦੀ ਸਿੰਚਾਈ ਤੋਂ ਛੁਟ ਆਵਾਜਾਈ ਲਈ ਛੋਟੀਆਂ ਕਿਸ਼ਤੀਆਂ ਰਾਹੀਂ ਕੰਮ ਲਿਆ ਜਾਂਦਾ ਸੀ। ਖ਼ਾਲਸਾ ਰਾਜ ਸਮੇਂ ਚਾਲੂ ਨਹਿਰਾਂ ਵਿਚੋਂ ਕੁਝ ਕੁ ਦੇ ਨਾਂ ਜਿਸ ਦਰਿਆ ਤੋਂ ਨਿਕਲਦੀਆਂ ਸਨ ਅਤੇ ਜਿਸ-ਜਿਸ ਇਲਾਕੇ ਦੀਆਂ ਖੇਤੀਆਂ ਨੂੰ ਪਾਣੀ ਦਿੰਦੀਆਂ ਸਨ ਹੇਠ ਦਿੱਤੇ ਜਾਂਦੇ ਹਨ :

## ਸੂਬਾ ਪਿਸ਼ਾਵਰ ਦੀਆਂ ਨਹਿਰਾਂ

ਇਹ ਨਹਿਰ ਬਾੜਾ ਨਦੀ ਵਿਚੋਂ ਮੋਹਾ ਮੰਗੂ ਦੇ ਲਾਗਿਓਂ ਕੱਢੀ ਗਈ ਸੀ। ਇਸ ਦਾ ਪਾਣੀ ਖਲੀਲ ਮੁਹੰਮਦ ਅਤੇ ਪਰਗਨਾ 'ਖ਼ਾਲਸਾ' ਨੂੰ ਸਿੰਜਦੀ ਸੀ। ਬਾੜੇ ਦੇ ਪਾਣੀ ਵਿਚ ਕੁਦਰਤ ਨੇ ਕੋਈ ਐਸੀ ਅਸਚਰਜ ਕਰ ਦੇਣ ਵਾਲੀ ਉਪਜਾਊ ਸ਼ਕਤੀ ਭਰੀ ਹੈ ਕਿ ਮਨੁੱਖ ਹੈਰਾਨ ਹੋ ਕੇ ਰਹਿ ਜਾਂਦਾ ਹੈ। ਇਸ ਪਾਣੀ ਦੀ ਪੈਦਾਵਾਰ ਨਾਲ ਚਾਵਲ ਜਿਨ੍ਹਾਂ ਦਾ ਨਾਂ 'ਬਾੜੇ ਦੇ ਚਾਵਲ' ਹੈ ਅਤੇ ਜੋ ਸਾਰੇ ਸੰਸਾਰ ਵਿਚ ਅਦੁੱਤੀ ਮੰਨੇ ਜਾਂਦੇ ਹਨ, ਉਪਜਦੇ ਸਨ। ਇਨ੍ਹਾਂ ਦਾ ਪੁਲਾਉ ਬਣਾਉਣ ਨਾਲ ਇਹ ਇੰਚੀ ਸਵਾ ਇੰਚੀ ਦੇ ਲਗਭਗ ਸੇਵੀਆਂ ਵਾਂਗ ਲੰਮੇ ਹੋ ਜਾਂਦੇ ਸਨ। ਖਾਣ ਵਿਚ ਇਹ ਅਤਿ ਦੇ ਰਸੀਲੇ ਅਤੇ ਇਨ੍ਹਾਂ ਦੀ ਵਾਸਨਾ ਕੇਸਰ ਨਾਲ ਮਿਲਦੀ ਸੀ। ਬਾਰੀਕ ਇੰਨੇ ਹੁੰਦੇ ਸਨ ਕਿ ਮਨੁੱਖ ਦੇਖ ਕੇ ਹੈਰਾਨ ਹੋ ਜਾਂਦਾ ਸੀ। ਇਹ ਬੜੇ ਮਹਿੰਗੇ ਭਾਅ

ਵਿਕਦੇ ਸਨ। ਚਾਵਲਾਂ ਤੋਂ ਛੁਟ ਇਸ ਦੀ ਉਪਜ ਬਿਦਾਨਾ ਚਿੱਟਾ ਅੰਗੂਰ, ਆੜੂ ਅਤੇ ਅਨਾਰ ਮਾਖਿਓਂ ਜਿਹੇ ਮਿੱਠੇ ਹੁੰਦੇ ਸਨ। ਇਹ ਨਹਿਰ ਕੋਈ 42 ਕੋਹ ਦੇ ਲਗਭਗ ਲੰਮਾਈ ਵਿਚ ਸੀ। ਇਹ ਬਾਰਾਂ ਮਹੀਨੇ ਪਾਣੀ ਦਿੰਦੀ ਸੀ। ਇਸ ਦੀ ਇਕ ਸ਼ਾਖ ਪਿਸ਼ਾਵਰ ਸ਼ਹਿਰ ਦੇ ਵਿਚੋਂ ਵਿਚ ਵਹਿੰਦੀ ਸੀ ਅਤੇ ਇਹ ਹੁਣ ਵੀ ਉਸੇ ਤਰ੍ਹਾਂ ਹੀ ਹੈ। ਇਹ ਨਹਿਰ ਇਲਾਕਾ ਦੋਬੰਦ ਦੇ ਵਿਚੋਂ ਲੰਘ ਕੇ ਮੌਜ਼ਾ ਜ਼ਖੀ ਦੇ ਲਾਗੇ ਦਰਿਆ 'ਨਾਗੁਮਾਨ' ਵਿਚ ਜਾ ਮਿਲਦੀ ਸੀ।[1]

**ਕਠਾ ਸ਼ੇਖ** : ਇਹ ਨਹਿਰ ਪਿਸ਼ਾਵਰ ਸ਼ਹਿਰ ਦੇ ਚੌਗਿਰਦੇ ਦੇ ਬਾਗ਼ਾਂ ਤੇ ਖੇਤੀਆਂ ਨੂੰ ਹਰਾ ਭਰਾ ਰੱਖਦੀ ਸੀ। ਪਿਸ਼ਾਵਰ ਦੇ ਫਲ ਤੇ ਸਬਜ਼ੀਆਂ ਇਸ ਦੇ ਪਾਣੀ ਦੇ ਸਿਰ ਸਦਕਾ ਸਨ। ਇਸ ਦੇ ਕੰਢੇ ਦੇ ਤੂਤ ਬੜੇ ਮਿੱਠੇ ਹੁੰਦੇ ਸਨ ਅਤੇ ਸੈਂਕੜੇ ਮਣ ਸੁਕਾ ਕੇ ਦੂਰ-ਦੂਰ ਦੇਸ਼ਾਂ ਵਿਚ ਭੇਜੇ ਜਾਂਦੇ ਸਨ।

**ਨਹਿਰ ਬੁਢਨੀ** : ਇਹ ਨਹਿਰ ਦਰਿਆ ਸਵਾਤ ਵਿਚੋਂ ਨਿਕਲਦੀ ਸੀ। ਇਹ ਹਸ਼ਤਨਗਰ ਦੀ ਬਹੁਤ ਸਾਰੀ ਜ਼ਮੀਨ ਸਿੰਜਦੀ ਸੀ ਅਤੇ ਇਸ ਦੀ ਪੈਦਾਵਾਰ ਗੰਨੇ, ਰੂਟੀ, ਮਿਰਚਾਂ, ਮੱਕੀ, ਕਣਕ ਅਤੇ ਸਭ ਤਰ੍ਹਾਂ ਦੇ ਫਲ ਸਨ।[2] ਮੁਨਸ਼ੀ ਸ਼ਹਾਮਤ ਅਲੀ ਨੇ ਪਿਸ਼ਾਵਰ ਦੇ ਪਰਗਨੇ ਦੀਆਂ ਇਨ੍ਹਾਂ ਨਹਿਰਾਂ ਨੂੰ ਕਾਬਲ ਜਾਂਦੇ ਹੋਏ ਸੰਨ 1838 ਵਿਚ ਵੇਖ ਕੇ ਆਪਣੀ ਲਿਖਤ ਪੁਸਤਕ ਵਿਚ ਲਿਖਿਆ ਸੀ ਕਿ ਇਸ ਇਲਾਕੇ ਦੀ ਸਿੰਜਾਈ ਲਈ ਇੱਥੇ ਕਈ ਨਹਿਰਾਂ ਚਲ ਰਹੀਆਂ ਹਨ।

## ਹਸ਼ਤਨਗਰ ਦੀਆਂ ਨਹਿਰਾਂ

**ਨਹਿਰ ਸਵਾਤ** : ਇਹ ਨਹਿਰ ਦਰਿਆ ਸਵਾਤ ਵਿਚੋਂ ਕੱਢੀ ਗਈ ਸੀ। ਇਹ ਦੁਆਬਾ ਦਾਓਜ਼ਈ, ਚਰਸਦਾ ਅਤੇ ਪੜਾਂਗ ਆਦਿ ਇਲਾਕੇ ਦੀ ਧਰਤੀ ਨੂੰ ਸਿੰਜਦੀ ਸੀ। ਇਸ ਇਲਾਕੇ ਦੇ ਗੰਨਿਆਂ ਦਾ ਗੁੜ ਮਿਠਾਸ ਤੇ ਸੁਵੈਦੀ ਲਈ ਸਾਰੇ ਹਿੰਦ ਵਿਚ ਬੇਮਿਸਾਲ ਹੁੰਦਾ ਸੀ। ਇੱਥੇ ਦੇ ਚਾਵਲ ਵੀ ਬੜੇ ਚੰਗੇ ਹੁੰਦੇ ਸਨ। ਰੂਟੀ ਦੀ ਉਪਜ ਖ਼ਾਸ ਚੀਜ਼ ਸੀ।

## ਹੋਤੀ ਮਰਦਾਨ ਦੀਆਂ ਨਹਿਰਾਂ

**ਨਹਿਰ ਸਵਾਤ** : ਇਸ ਨਹਿਰ ਨੇ ਹੋਤੀ ਮਰਦਾਨ ਦੇ ਇਲਾਕੇ ਨੂੰ ਬੜਾ ਹੀ ਉਪਜਾਊ ਕਰ ਦਿੱਤਾ ਸੀ। ਇਸ ਇਲਾਕੇ ਵਿਚ ਗੰਨਾ, ਰੂਟੀ, ਮੱਕੀ, ਕਣਕ ਅਤੇ ਭਾਂਤ-ਭਾਂਤ ਦੇ ਫਲ ਪੈਦਾ ਹੁੰਦੇ ਸਨ। ਇਸੇ ਪੁਰਾਣੀ ਨਹਿਰ ਦੇ ਪੈਰ-ਚਿੱਤਰਾਂ ਪਰ ਹੀ ਅੰਗਰੇਜ਼ਾਂ ਨੇ ਸੰਨ 1910 ਵਿਚ ਮੁੜ ਨਵੀਂ ਨਹਿਰ ਆਬਾਦ਼ਈ ਦੇ ਲਾਗਿਓਂ ਤਿਆਰ ਕਰਵਾਈ ਜੋ ਅੱਜ ਤਕ ਮੌਜੂਦ ਹੈ।

**ਨਹਿਰ ਕਲਪਾਲੀ** : ਇਹ ਨਹਿਰ ਹੋਤੀ ਦੇ 22 ਪਿੰਡਾਂ ਦੀ ਖੇਤੀ ਨੂੰ ਸਿੰਜਦੀ ਸੀ। ਇਹ ਇਕ ਫਸਲੀ ਜ਼ਮੀਨ ਸੀ ਤੇ ਚੋਖਾ ਅਨਾਜ ਉਪਜਾਉਣ ਵਿਚ ਸਹਾਈ ਹੁੰਦੀ ਸੀ।

## ਡੇਰਾ ਗਾਜ਼ੀ ਖ਼ਾਨ ਦੀਆਂ ਨਹਿਰਾਂ

ਡੇਰਾ ਗਾਜ਼ੀ ਖ਼ਾਨ ਦਾ ਚੋਖਾ ਇਲਾਕਾ ਦਰਿਆ ਸਿੰਧ ਤੋਂ ਨਿਕਲੀਆਂ ਨਹਿਰਾਂ ਦੇ ਪਾਣੀ

---

1. ਕਰਨਲ ਹੇਸਟਿੰਗ, *ਤਵਾਰੀਖੇ ਪਿਸ਼ਾਵਰ*, ਸਫ਼ਾ 24
2. ਮੁਨਸ਼ੀ ਸ਼ਹਾਮਤ ਅਲੀ, *ਸਿਖਸ ਐਂਡ ਅਫ਼ਗਾਨਜ਼*, ਸਫ਼ਾ 201

WWW.SIKHBOOKCLUB.COM

ਨਾਲ ਸਿੰਜਿਆ ਜਾਂਦਾ ਸੀ। ਮਿਸਟਰ ਵੁਡ ਨੇ ਡੇਰਾ ਗਾਜ਼ੀ ਖ਼ਾਨ ਦੇ ਸਫਰ ਸਮੇਂ ਇਸ ਇਲਾਕੇ ਵਿਚ ਕਈ ਨਹਿਰਾਂ ਵੇਖੀਆਂ ਜਿਨ੍ਹਾਂ ਦੇ ਪਾਣੀ ਨਾਲ ਇਸ ਪਰਗਨੇ ਦੀਆਂ ਚੋਖੀਆਂ ਖੇਤੀਆਂ ਸੈਰਾਬ ਹੁੰਦੀਆਂ ਸਨ।[1]

## ਮੁਲਤਾਨ ਦੀਆਂ ਨਹਿਰਾਂ

**ਸਕੰਦਰ ਵਹਾ** : ਇਹ ਨਹਿਰ ਦਰਿਆ ਝਨਾਂ ਵਿਚੋਂ ਕੱਢੀ ਗਈ ਸੀ ਤੇ ਨਵਾਬਪੁਰ ਦੇ ਲਾਗਿਓਂ ਨਿਕਲ ਕੇ ਛਜੂ ਸ਼ਾਹ ਕੋਲ ਜਾ ਮੁਕਦੀ ਸੀ। ਮੁਲਤਾਨ ਅਤੇ ਸਕੰਦਰਾਬਾਦ ਦੇ ਇਲਾਕੇ ਦੇ 31 ਪਿੰਡਾਂ ਦੀਆਂ 140 ਝਲ੍ਹਾਰਾਂ ਨੂੰ ਪਾਣੀ ਦਿੰਦੀ ਸੀ। ਇਹ ਅਪਰੈਲ ਤੋਂ ਸਤੰਬਰ ਤਕ ਪਾਣੀ ਦਿੰਦੀ ਸੀ ਅਤੇ ਖੇਤੀਆਂ ਨੂੰ ਸਿੰਜਣ ਦੇ ਨਾਲ-ਨਾਲ ਆਵਾਜਾਈ ਲਈ ਵਰਤੀ ਜਾਂਦੀ ਸੀ ਤੇ ਇਸ ਵਿਚ ਛੋਟੀਆਂ ਕਿਸ਼ਤੀਆਂ ਚਲਦੀਆਂ ਸਨ।

**ਵਲੀ ਮੁਹੰਮਦ ਵਾਲੀ ਨਹਿਰ** : ਇਹ ਨਹਿਰ ਵੀ ਝਨਾਂ ਵਿਚੋਂ ਕਾਨ ਦੇ ਮੁਕਾਮ ਤੋਂ ਨਿਕਲ ਕੇ ਚੌਤਰੇ ਜਾ ਮੁਕਦੀ ਸੀ ਅਤੇ ਮੁਲਤਾਨ ਦੀਆਂ ਪੈਲੀਆਂ ਨੂੰ ਹਰਾ ਭਰਾ ਰਖਣ ਵਿਚ ਬੜਾ ਕੰਮ ਕਰਦੀ ਸੀ। ਇਹ ਵਡੀ ਨਹਿਰ ਮੁਲਤਾਨ ਤੇ ਸੂਰਜ ਕੁੰਡ ਦੇ ਪਰਗਨਿਆਂ ਨੂੰ ਸਿੰਜਦੀ ਸੀ। ਇਹ ਚੋਖੀ ਡੂੰਘੀ ਸੀ ਅਤੇ ਇਸ ਵਿਚ ਖੁੱਲ੍ਹੀਆਂ ਕਿਸ਼ਤੀਆਂ ਚਲਦੀਆਂ ਸਨ ਜੋ ਵਿਉਪਾਰ ਦੇ ਵਾਧੇ ਲਈ ਬੜੀਆਂ ਲਾਭਦਾਇਕ ਸਨ।

**ਨਹਿਰ ਸ਼ਾਹ ਪੁਰ** : ਇਹ ਨਹਿਰ ਕਮੂਹਾ ਦੇ ਲਾਗਿਓਂ ਦਰਿਆ ਝਨਾਂ ਵਿਚੋਂ ਨਿਕਲ ਕੇ ਮੁਲਤਾਨ ਲਾਗੇ ਜਾ ਮੁਕਦੀ ਸੀ। ਇਹ ਸਾਉਣੀ ਦੀ ਫਸਲ ਉਪਜਾਉਣ ਵਿਚ ਬੜੀ ਸਹਾਇਤਾ ਦਿੰਦੀ ਸੀ। ਇਹ 170 ਝਲ੍ਹਾਰਾਂ ਨੂੰ ਪਾਣੀ ਪਹੁੰਚਾਉਂਦੀ ਸੀ। ਇਹ ਮੁਲਤਾਨ ਦੇ ਉੱਪਰ ਵੱਲ ਸੀਤਲ ਦੀ ਮਾੜੀ ਤਕ ਪਾਣੀ ਦਿੰਦੀ ਸੀ।

**ਨਹਿਰ ਗੋਜਲਾ** : ਇਹ ਨਹਿਰ ਦਰਿਆ ਝਨਾਂ ਵਿਚੋਂ ਕਾਮਪੁਰ ਤੋਂ ਨਿਕਲ ਕੇ ਪਿੰਡ ਅਮਾਨ ਉਲਾ ਜਾ ਮੁਕਦੀ ਸੀ। ਇਹ ਇਕ ਫਸਲੀ ਨਹਿਰ ਸੀ ਅਤੇ ਕੁਝ ਦੂਰੀ ਤਕ ਇਸ ਵਿਚ ਕਿਸ਼ਤੀਆਂ ਵੀ ਚਲਦੀਆਂ ਸਨ।

**ਨਹਿਰ ਢੂਦੋਂ** : ਇਹ ਵੀ ਝਨਾਂ ਵਿਚੋਂ ਝੋਹੋ ਦੇ ਲਾਗਿਓਂ ਨਿਕਲ ਕੇ ਹਲਵੀ ਦੇ ਮੁਕਾਮ ਪਰ ਜਾ ਮੁਕਦੀ ਸੀ। ਇਹ 70 ਝਲ੍ਹਾਰਾਂ ਨੂੰ ਪਾਣੀ ਪਹੁੰਚਾਉਣ ਤੋਂ ਛੁਟ ਆਵਾਜਾਈ ਲਈ ਬੜੀ ਲਾਭਦਾਇਕ ਸੀ।

**ਬਖਤ ਵਹਾ** : ਇਹ ਵੀ ਦਰਿਆ ਝਨਾਂ ਤੋਂ ਕਾਮਪੁਰ ਦੇ ਲਾਗਿਓਂ ਨਿਕਲ ਕੇ ਅਮਾਨ ਉਲਾ ਮੁਕਾਮ ਪਰ ਜਾ ਮੁਕਦੀ ਸੀ। ਇਸ ਤੋਂ 110 ਝਲ੍ਹਾਰਾਂ ਨੂੰ ਪਾਣੀ ਪ੍ਰਾਪਤ ਹੁੰਦਾ ਸੀ। ਇਸ ਵਿਚ ਕਿਸ਼ਤੀਆਂ ਚਲ ਸਕਦੀਆਂ ਸਨ।

**ਦੁਰਾਨਾ ਸੰਗਾਨਾ** : ਇਹ ਨਹਿਰ ਦਰਿਆ ਝਨਾਂ ਵਿਚੋਂ ਕਾਮੋਆ ਤੋਂ ਨਿਕਲਦੀ ਸੀ। ਇਸ ਪਰ 168 ਝਲ੍ਹਾਰਾ ਸਨ ਤੇ ਚੋਖੀ ਧਰਤੀ ਸਿੰਜਦੀ ਸੀ।

---

1. ਜਾਹਨ ਵੁਡ, *ਸੋਰਸ ਆਫ ਦੀ ਰਿਵਰ ਆਕਸਸ*, ਸਫ਼ਾ 79

WWW.SIKHBOOKCLUB.COM 

## ਦਰਿਆ ਸਤਲੁਜ ਦੀਆਂ ਨਹਿਰਾਂ

**ਸਿਰਦਾਰ ਵਹਾ** : ਇਹ ਨਹਿਰ ਸ਼ਾਹਪੁਰ ਜੋਸ਼ ਦੇ ਮੁਕਾਮ ਪੁਰ ਸਤਲੁਜ ਤੋਂ ਨਿਕਲ ਕੇ ਕਹਿਰੋਰ ਦੇ ਪਰਗਨੇ ਦੀ ਜ਼ਮੀਨ ਨੂੰ ਸਿੰਜਦੀ ਹੋਈ ਥੋਥੋ ਲੂ ਜਾ ਮੁਕਦੀ ਸੀ। ਇਸ ਪਰ 265 ਝਲ੍ਹਾਰਾਂ ਕੰਮ ਕਰਦੀਆਂ ਸਨ। ਇਹ ਬੜੀ ਲਾਭਦਾਇਕ ਨਹਿਰ ਸੀ। ਇਸ ਦੇ ਪਾਣੀ ਦੇ ਰਾਹੀਂ ਨੀਲ ਦੀ ਬਹੁਤ ਬੜੀ ਉਪਜ ਹੁੰਦੀ ਸੀ। ਇਸ ਵਿਚ 20 ਕਿਸ਼ਤੀਆਂ ਚਲਦੀਆਂ ਸਨ।

**ਬਹਾਵਲ ਵਹਾ** : ਇਹ ਨਹਿਰ ਦਰਿਆ ਸਤਲੁਜ ਵਿਚੋਂ ਫ਼ਤਿਹਪੁਰ ਤੋਂ ਨਿਕਲ ਕੇ ਕੋਕੂਰ ਤਕ ਚਲਦੀ ਸੀ। ਇਸ ਤੋਂ 320 ਝਲ੍ਹਾਰਾਂ ਨੂੰ ਪਾਣੀ ਮਿਲਦਾ ਸੀ। ਇਹ ਆਵਾਜਾਈ ਦੇ ਕੰਮ ਲਈ ਵੀ ਵਰਤੀ ਜਾਂਦੀ ਸੀ।

**ਸੁਲਤਾਨ ਵਹਾ** : ਇਹ ਨਹਿਰ ਸਤਲੁਜ ਵਿਚੋਂ ਫ਼ਤਿਹਪੁਰ ਦੇ ਲਾਗਿਓਂ ਨਿਕਲ ਕੇ ਚੋਟਾਲੀ ਤਕ ਧਰਤੀ ਸਿੰਜਦੀ ਸੀ। ਇਹ ਉਪਰੋਕਤ ਨਹਿਰ ਦੀ ਸ਼ਾਖ ਸੀ।

**ਜੋਮ ਵਹਾ** . ਇਹ ਨਹਿਰ ਨਿਆਮਤਅਲੀ ਪਿੰਡ ਦੇ ਪਾਸੋਂ ਨਿਕਲ ਕੇ ਡੋਮਪੁਰ ਤਕ ਚਲਦੀ ਸੀ। ਇਹ 45 ਪਿੰਡਾਂ ਅਤੇ 215 ਝਲ੍ਹਾਰਾਂ ਨੂੰ ਪਾਣੀ ਦਿੰਦੀ ਸੀ ਅਤੇ ਇਸ ਵਿਚ ਕਿਸ਼ਤੀ ਵੀ ਚੱਲ ਸਕਦੀ ਸੀ।

**ਕਾਬਲ ਵਹਾ** : ਇਹ ਨਹਿਰ ਵੀ ਨਿਆਮਤਅਲੀ ਦੇ ਲਾਗਿਓਂ ਨਿਕਲ ਕੇ ਬੁਰਹਾਨਪੁਰ ਜਾ ਮੁਕਦੀ ਸੀ। ਇਸ ਨਹਿਰ ਰਾਹੀਂ ਨੀਲ ਦੀ ਉਪਜ ਚੋਖੀ ਹੁੰਦੀ ਸੀ।

**ਦੀਵਾਨ ਵਹਾ** : ਇਹ ਨਹਿਰ ਦਰਿਆ ਸਤਲੁਜ ਵਿਚੋਂ ਪਿੰਡ ਇਮਾਮ ਲਤਾ ਤੋਂ ਨਿਕਲਦੀ ਸੀ।

**ਦੀਵਾਨ ਵਹਾ** : ਇਹ ਨਹਿਰ ਦੀਵਾਨ ਸਾਵਣ ਮਲ ਦੀ ਦੇਖ ਰੇਖ ਵਿਚ ਬਣੀ ਸੀ। ਇਹ ਕਛੀ ਦੀ ਧਰਤੀ ਨੂੰ ਪਾਣੀ ਦਿੰਦੀ ਸੀ ਤੇ 250 ਝਲ੍ਹਾਰਾਂ ਇਸ ਤੋਂ ਪਾਣੀ ਲੈਂਦੀਆਂ ਸਨ। ਇਸ ਵਿਚ ਕਿਸਤੀਆ ਚਲਦੀਆਂ ਸਨ।

**ਮੁਹੰਮਦ ਵਹਾ** : ਇਹ ਸ਼ਾਹਪੁਰ ਜੋਸ਼ੀ ਤੋਂ ਨਿਕਲਕੇ ਲਗਭਗ 12 ਪਿੰਡਾਂ ਦੀ ਧਰਤੀ ਅਤੇ 200 ਝਲ੍ਹਾਰਾਂ ਨੂੰ ਪਾਣੀ ਦੇ ਕੇ ਕੋਟ ਅਰਾਈਂ ਦੇ ਲਾਗੇ ਜਾ ਮੁਕਦੀ ਸੀ।

ਇਨ੍ਹਾਂ ਨਹਿਰਾਂ ਅਤੇ ਝਲ੍ਹਾਰਾਂ ਤੋਂ ਪਾਣੀ ਦਾ ਮਾਲੀਆ ਸਰਕਾਰ ਵੱਲੋਂ ਬਹੁਤ ਘੱਟ ਲਿਆ ਜਾਂਦਾ ਸੀ ਤਾ ਜੋ ਜਨਤਾ ਦੀ ਰੁਚੀ ਖੇਤੀਬਾੜੀ ਵੱਲ ਵੱਧ ਸਕੇ।

## ਮਾਝੇ ਦੇ ਵਿਚਲੇ ਇਲਾਕੇ ਦੀਆਂ ਨਹਿਰਾਂ

ਅਲੈਗਜ਼ੈਂਡਰ ਬਰਨਜ਼ ਜਦ 11 ਜਨਵਰੀ 1832 ਨੂੰ ਪਟੀ ਮਾਝੇ ਵਿਚ ਦੀ ਲੰਘਿਆ ਤਾਂ ਇਥੇ ਦੀਆਂ ਖੇਤੀਆਂ ਨੂੰ ਨਹਿਰਾਂ ਦੇ ਪਾਣੀ ਨਾਲ ਸਿੰਜੀਦਾ ਵੇਖਿਆ। ਉਹ ਲਿਖਦਾ ਹੈ ਕਿ ਮਾਝੇ ਦੀ ਹਰਿਆਵਲੀ ਅਤੇ ਵਧੇਰੀ ਉਪਜ ਦਾ ਕਾਰਨ ਨਹਿਰਾਂ ਦਾ ਪਾਣੀ ਹੈ।[1]

ਪਾਣੀ ਦਾ ਮਾਲੀਆ ਫੀ ਏਕੜ ਸਾਲਾਨਾ 21=) ॥ ਸੀ।[2] ਝਲ੍ਹਾਰਾਂ ਦਾ ਮਾਲੀਆ 25

---

1. ਬਰਨਜ, *ਟਰੈਵਲਜ਼ ਇਨਟੂ ਬੁਖਾਰਾ*, ਜਿਲਦ 2, ਸਫਾ 2
2. *ਜੈਨਰਲ ਰਿਪੋਰਟ ਅਪਾਨ ਦੀ ਐਡਮਨਿਸਟਰੇਸ਼ਨ ਆਫ ਦੀ ਪੰਜਾਬ*, ਸੰਨ 1849, ਸਫਾ 108

ਖਿੱਘੇ ਜ਼ਮੀਨ ਦਾ 2 ਰੁਪਏ ਰਬੀ, ਹਾੜ੍ਹੀ ਅਤੇ 2 ਰੁਪਏ ਖਰੀਫ, ਸਾਵਣੀ ਦੇ ਲਏ ਜਾਂਦੇ ਸਨ। ਖੂਹਾਂ ਦਾ ਮਾਲੀਆ ਝਲ੍ਹਾਰਾਂ ਤੋਂ ਅੱਧਾ ਸੀ। ਆਬਿਆਨੇ ਦੀ ਆਮਦਨ ਤੋਂ ਛੁਟ ਨਹਿਰਾਂ ਪਰ ਕਈ ਸੌ ਚੱਕੀਆਂ ਆਟਾ ਪੀਹਣ ਲਈ ਚਲਦੀਆਂ ਸਨ। ਇਨ੍ਹਾਂ ਵਿਚ ਜੋ ਖੇਤੀਆਂ ਚਲਦੀਆਂ ਸਨ ਉਨ੍ਹਾਂ ਤੋਂ ਵੀ ਚੋਖਾ ਮਸੂਲ ਆਉਂਦਾ ਸੀ। ਖ਼ਾਲਸਾ ਦਰਬਾਰ ਦੀਆਂ ਦਫਤਰੀ ਲਿਖਤਾਂ ਤੋਂ ਮਾਲੂਮ ਹੁੰਦਾ ਹੈ ਕਿ ਸੰਨ 1837 ਵਿਚ 37,500 ਏਕੜ ਜ਼ਮੀਨ ਦੀ ਸਿੰਚਾਈ ਨਹਿਰੀ ਪਾਣੀ ਨਾਲ ਹੋਈ ਸੀ। ਇਸ ਤੋਂ ਅਗਲੇ ਸਾਲ ਸੰਨ 1838 ਵਿਚ ਦਸ ਲੱਖ ਏਕੜ ਖੇਤੀਆਂ ਨਹਿਰੀ ਪਾਣੀ ਨਾਲ ਸਿੰਜੀਆਂ ਗਈਆਂ ਸਨ। ਇਨ੍ਹਾਂ ਸਾਰੀਆਂ ਨਹਿਰਾਂ ਦੀ ਲੰਮਾਈ 300 ਕੋਹ ਸੀ। ਇਨ੍ਹਾਂ ਨਹਿਰਾਂ ਦੀ ਸਲਾਨਾ ਮੁਰੰਮਤ ਸਦਾ ਹੁੰਦੀ ਸੀ ਜਿਸ ਦਾ ਅੱਧਾ ਖਰਚ ਸੰਬੰਧਿਤ ਜ਼ਿਮੀਂਦਾਰ ਅਤੇ ਅੱਧਾ ਸਰਕਾਰ ਦਿੰਦੀ ਸੀ।

## ਖ਼ਾਲਸਾ ਰਾਜ ਦੇ ਪ੍ਰਸਿੱਧ ਸ਼ਹਿਰ

**ਅੰਮ੍ਰਿਤਸਰ** : ਇਹ ਸ਼ਹਿਰ ਗੁਰੂ ਰਾਮ ਦਾਸ ਜੀ ਨੇ ਵਸਾਇਆ ਸੀ। ਇਸ ਲਈ ਇਸ ਦਾ ਨਾਂ ਰਾਮਦਾਸਪੁਰ ਵੀ ਪ੍ਰਚਲਤ ਹੈ, ਜਿਹਾ ਕਿ 'ਬਸਤੀ ਸਘਨ ਅਪਾਰ ਅਨੂਪ ਰਾਮਦਾਸਪੁਰ'। ਅੰਮ੍ਰਿਤਸਰ ਅੰਮ੍ਰਿਤ ਸਰੋਵਰ ਦੇ ਕਾਰਨ ਵਧੇਰੇ ਪ੍ਰਸਿੱਧ ਹੈ ਜੋ ਪੂਜਨੀਕ ਥਾਂ ਹੈ। ਇਸ ਮਹਾਨ ਗੁਰਧਾਮ ਦੀ ਸੇਵਾ ਗੁਰੂ ਰਾਮਦਾਸ ਜੀ ਨੇ ਅਰੰਭ ਕਰਵਾਈ[1] ਅਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਸੰਪੂਰਨ ਕੀਤਾ। ਗੁਰੂ ਰਾਮਦਾਸ ਜੀ ਜਿੱਥੇ ਅੰਮ੍ਰਿਤਸਰ ਸਰੋਵਰ ਦੀ ਖੁਦਾਈ ਕਰਵਾਉਂਦੇ ਸਨ ਉੱਥੇ ਨਾਲ-ਨਾਲ ਸ਼ਹਿਰ ਦੀ ਉਸਾਰੀ ਵੀ ਆਰੰਭ ਦਿੱਤੀ ਸੀ। ਇੱਥੇ ਸਤਿਗੁਰੂ ਨੇ 52 ਵਪਾਰੀਆਂ ਨੂੰ ਥਾਉਂ ਥਾਈਂ ਤੋਂ ਮੰਗਵਾ ਕੇ 'ਗੁਰੂ ਕਾ ਬਜਾਰ' ਵਸਾਇਆ ਤੇ ਅਸੀਸ ਦਿੱਤੀ, "ਵਪਾਰ ਵਿਚ ਉਨ੍ਹਾਂ ਨੂੰ ਸਦਾ ਵਾਧਾ ਹੀ ਹੋਵੇਗਾ।" (ਇਹ ਬਜਾਰ ਇਸ ਸਮੇਂ ਤਕ ਮੌਜੂਦ ਹੈ)।

ਇਸਲਾਮੀ ਰਾਜ ਸਮੇਂ ਇੱਥੇ ਕਈ ਤੂਫਾਨ ਝੁਲੇ ਪਰ ਖ਼ਾਲਸੇ ਨੂੰ ਇਹ ਦੇਹ ਪ੍ਰਾਨ ਤੋਂ ਪਿਆਰਾ ਸੀ। ਇਸ ਲਈ ਵੱਡੀ ਕੁਰਬਾਨੀ ਦੇ ਕੇ ਇਸ ਨੂੰ ਸਦਾ ਹੀ ਵੈਰੀ ਤੋਂ ਬਚਾਉਂਦੇ ਰਹੇ। ਮੁਸਲਮਾਨ ਰਾਜ ਸਮੇਂ ਕਈ ਵੇਰ ਖ਼ਾਲਸੇ ਨੂੰ ਇਸ ਨੂੰ ਖਾਲੀ ਕਰਨਾ ਪਿਆ ਪਰ ਸੰਨ 1763 ਵਿਚ ਸਰਹੰਦ ਦੀ ਮਹਾਨ ਫ਼ਤਹਿ ਦੇ ਬਾਅਦ ਖ਼ਾਲਸੇ ਨੇ ਆਪਣੇ ਪੱਕੇ ਪੈਰ ਇੱਥੇ ਜਮਾ ਲਏ ਤੇ ਇੱਥੇ ਦੇ ਗੁਰਧਾਮਾਂ ਦੀ ਸੇਵਾ ਕਰਕੇ ਇਸ ਨੂੰ ਮੁੜ ਉਸੇ ਰੂਪ ਵਿਚ ਉਸਾਰ ਲਿਆ।

ਮਿਸਲਾਂ ਦੇ ਉਪਰੰਤ ਇੱਥੇ ਦਾ ਵਪਾਰ ਤੇ ਰੌਣਕ ਦਿਨੋ ਦਿਨ ਵਧਦੀ ਗਈ। ਹਰ ਇਕ ਮਿਸਲਦਾਰ ਆਪਣੀ ਮਿਸਲ ਦੇ ਨਾਂ ਪਰ ਬੁੰਗੇ ਅਤੇ ਬਜਾਰ ਬਣਾ ਕੇ ਜਿੱਥੇ ਮਿਸਲ ਦਾ ਨਾਂ ਅਮਿਟ ਕਰ ਦਿੰਦਾ ਸੀ ਉੱਥੇ ਨਾਲ ਹੀ ਸ਼ਹਿਰ ਦੀ ਰੌਣਕ ਤੇ ਵਪਾਰ ਵੀ ਦਿਨੋ ਦਿਨ ਵਧਦਾ ਜਾਂਦਾ ਸੀ। ਇਸ ਭਾਵਨਾ ਅਨੁਸਾਰ ਸ਼ੇਰੇ-ਪੰਜਾਬ ਦੀ ਇਹ ਰੀਝ ਸੀ ਕਿ ਅੰਮ੍ਰਿਤਸਰ ਦਾ ਜਿਵੇਂ ਧਾਰਮਿਕ ਮੁਰਾਤਬਾ ਅਤਿਅੰਤ ਉੱਚਾ ਹੈ ਇਸੇ ਤਰ੍ਹਾਂ ਵਪਾਰ ਤੇ ਦਸਤਕਾਰੀ ਲਈ ਇਹ ਸ਼ਹਿਰ ਪੰਜਾਬ ਵਿਚ ਅਦੁੱਤੀ ਬਣ ਜਾਵੇ। ਇਸ ਤੋਂ ਛੁਟ ਮਹਾਰਾਜਾ ਸਾਹਿਬ ਆਪਣੇ ਚੋਣਵੇਂ

1. ਇੱਥੇ ਦੀ ਨਹਿਰ ਜੋ ਅੰਮ੍ਰਿਤਸਰ ਸਰੋਵਰ ਲਈ ਲਿਆਂਦੀ ਗਈ ਹੈ, ਵੇਖਣ ਯੋਗ ਹੈ। ਦੂਜੀ ਚੀਜ਼ ਇੱਥੇ ਦੀ ਨਾਨਕਸ਼ਾਹੀ ਸਿੱਕੇ ਦੇ ਢਾਲਣ ਦੀ ਟਕਸਾਲ ਹੈ। ਇਹ ਨਹਿਰ ਦਰਿਆ ਰਾਵੀ ਵਿਚੋਂ ਕੱਢੀ ਹੋਈ ਨਹਿਰ ਹੈ।

ਸਰਦਾਰਾਂ ਨੂੰ ਸਦਾ ਪ੍ਰੇਰਨਾ ਕਰਦੇ ਰਹਿੰਦੇ ਸਨ ਕਿ ਉਹ ਅੰਮ੍ਰਿਤਸਰ ਦੇ ਇਸ ਮਹਾਨ ਕਾਰਜ ਵਿਚ ਵੱਧ ਤੋਂ ਵੱਧ ਭਾਗ ਲੈਣ। ਮਹਾਰਾਜ ਦੀ ਇਸ ਸ਼ੁਭ ਇੱਛਾ ਦੇ ਪੂਰੇ ਕਰਨ ਲਈ ਤੇ ਉਨ੍ਹਾਂ ਦੀਆ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਰੇ ਨਾਮੀ ਸਰਦਾਰਾਂ ਨੇ ਆਪਣੇ ਵਸੇਬੇ ਲਈ ਸਾਹਾਨਾ ਹਵੇਲੀਆਂ, ਕਟੜੇ, ਬਾਜ਼ਾਰ ਵਸਾਏ ਅਤੇ ਬਾਗ਼ ਲੁਆ ਕੇ ਇੱਥੇ ਦੀ ਵਾਹ-ਵਾਹ ਰੌਣਕ ਵਧਾਈ। ਅੰਮ੍ਰਿਤਸਰ ਵਿਚ ਵਪਾਰੀਆਂ ਦੀ ਸੁਰੱਖਿਆ ਦਾ ਬੜਾ ਚੰਗਾ ਪ੍ਰਬੰਧ ਸੀ ਜੋ ਵਪਾਰ ਦੇ ਵਾਧੇ ਲਈ ਅਤਿਅੰਤ ਜ਼ਰੂਰੀ ਹੁੰਦਾ ਹੈ। ਇੱਥੇ ਦਾ ਵਪਾਰ ਅਤੇ ਦਸਤਕਾਰੀ ਥੋੜ੍ਹੇ ਸਮੇਂ ਵਿਚ ਸਾਰੇ ਪੰਜਾਬ ਦੇ ਸ਼ਹਿਰਾਂ ਵਿਚ ਪਹਿਲੇ ਨੰਬਰ ਪਰ ਪਹੁੰਚ ਗਏ। ਮਹਾਰਾਜਾ ਦੇ ਖ਼ਾਸ ਯਤਨ ਨਾਲ ਸੰਨ 1821 ਵਿਚ ਕਸ਼ਮੀਰ ਤੋਂ 300 'ਸ਼ਾਲਬਾਫ' ਮੰਗਵਾ ਕੇ ਇੱਥੇ ਵਸਾਏ ਗਏ। ਜਿਨ੍ਹਾਂ ਨੂੰ ਬਹੁਤ ਸਾਰੀਆਂ ਰਿਆਇਤਾ ਦਿੱਤੀਆਂ ਗਈਆਂ। ਇਸ ਵਪਾਰ ਦੀ ਉੱਨਤੀ ਦਾ ਵੱਡਾ ਕਾਰਨ ਇਹ ਸੀ ਕਿ ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਕਾਰੀਗਰਾਂ ਦੇ ਹੌਸਲੇ ਵਧਾਉਣ ਲਈ ਹਜ਼ਾਰਾਂ ਰੁਪਿਆਂ ਦੀਆਂ ਸ਼ਾਲਾ ਇਨ੍ਹਾਂ ਤੋਂ ਆਪ ਖਰੀਦਦੇ ਹੁੰਦੇ ਸਨ। ਮਹਾਰਾਜ ਦੀ ਰੀਸੋ ਰੀਸੀ ਹੋਰ ਸਾਰੇ ਸਰਦਾਰ ਵੀ ਸ਼ਾਲਾਂ ਦੀ ਖੁਲ੍ਹੀ ਵਰਤੋਂ ਕਰਦੇ ਸਨ ਜਿਸ ਦਾ ਫਲ ਇਹ ਪ੍ਰਗਟਿਆ ਕਿ ਸੰਨ 1822 ਵਿਚ ਅੰਮ੍ਰਿਤਸਰ ਵਿਚ ਸ਼ਾਲਬਾਫੀ ਦੀਆਂ 300 ਖੱਡੀਆਂ ਸਨ ਅਤੇ ਇਸ ਸਾਲ 30,000 ਰੁਪਏ ਦੀਆ ਸ਼ਾਲਾਂ ਵਿਕੀਆਂ ਸਨ। ਛੇ ਸਾਲਾਂ ਦੇ ਬਾਅਦ ਸੰਨ 1828 ਵਿਚ ਖੱਡੀਆਂ ਵਧ ਕੇ 4000 ਹੋ ਗਈਆਂ ਅਤੇ ਸ਼ਾਲਾਂ ਦੀ ਸਾਲਾਨਾ ਵਿਕਰੀ ਦਸ ਲੱਖ ਰੁਪਇਆਂ ਤਕ ਪਹੁੰਚ ਗਈ।[3]

ਅੰਮ੍ਰਿਤਸਰ ਦੀਆਂ ਸ਼ਾਲਾਂ ਦਾ ਵਪਾਰ ਕੇਵਲ ਪੰਜਾਬ ਜਾਂ ਹਿੰਦੁਸਤਾਨ ਤਕ ਦੀਆਂ ਹੱਦਾਂ ਵਿਚ ਨਹੀਂ ਸੀ ਹੁੰਦਾ ਸਗੋਂ ਇਹ ਫਰਾਂਸ ਅਤੇ ਇੰਗਲੈਂਡ ਤੋਂ ਅਗਾਂਹ ਲਗਭਗ ਸਾਰੇ ਯੂਰਪ ਵਿਚ ਖਿਲਰ ਗਿਆ ਸੀ। ਯੂਰਪ ਦੇ ਕਈ ਮੁਲਕਾਂ ਦੇ ਏਜੰਟ ਸ਼ਾਲਾਂ ਦੀ ਖਰੀਦ ਲਈ ਅੰਮ੍ਰਿਤਸਰ ਆ ਟਿਕੇ ਸਨ। ਅਤੇ ਇਨ੍ਹਾਂ ਕਾਰੀਗਰਾਂ ਨੂੰ ਪਸ਼ਮ ਦੀ ਖ਼ਰੀਦ ਲਈ ਕਈ-ਕਈ ਹਜ਼ਾਰ ਰੁਪਿਆ ਪੇਸ਼ਗੀ ਵੱਜੋਂ ਦਿੰਦੇ ਹੁੰਦੇ ਸਨ। ਇਸ ਤੋਂ ਛੁਟ ਹੈਦਰਾਬਾਦ, ਦੱਖਣ, ਲਖਨਊ, ਦਿੱਲੀ ਅਤੇ ਰਾਜਪੂਤਾਨੇ ਦੀਆਂ ਰਿਆਸਤਾਂ ਵਿਚ ਇਨ੍ਹਾਂ ਦੀ ਭਾਰੀ ਖਪਤ ਹੁੰਦੀ ਸੀ। ਪਸ਼ਮ ਦਾ ਵਪਾਰ ਵੀ ਇੰਨੀ ਉੱਨਤੀ ਪਰ ਪੁੱਜ ਚੁੱਕਾ ਸੀ ਕਿ ਤਿੱਬਤ ਅਤੇ ਯਾਰਕੰਦ ਤੋਂ ਕਲੂ ਤੇ ਪਠਾਨਕੋਟ ਦੇ ਰਾਹ ਹਜ਼ਾਰਾਂ ਰੁਪਏ ਦੀ ਪਸ਼ਮ ਅੰਮ੍ਰਿਤਸਰ ਪਹੁੰਚਦੀ ਸੀ। ਇੱਥੇ ਇਸ ਨੂੰ ਪਹਿਲਾਂ ਸਾਫ ਕੀਤਾ ਜਾਂਦਾ, ਮੁੜ ਇਸ ਦੀ ਛਾਂਟੀ ਕਰਕੇ ਇਸ ਦਾ ਬਰੀਕ ਧਾਗਾ ਤਿਆਰ ਕੀਤਾ ਜਾਂਦਾ ਤੇ ਸ਼ਾਲਬਾਫਾਂ ਨੂੰ ਸ਼ਾਲਾਂ ਤੋਂ ਮਲੀਦਾ ਤਿਆਰ ਕਰਨ ਲਈ ਦਿੱਤਾ ਜਾਂਦਾ।

ਅੰਮ੍ਰਿਤਸਰ ਰੇਸ਼ਮ ਦੇ ਵਪਾਰ ਲਈ ਵੀ ਬੜੀ ਪ੍ਰਸਿੱਧਤਾ ਰਖਦਾ ਸੀ। ਕੱਚਾ ਰੇਸ਼ਮ (ਆਬ ਰੇਸ਼ਮ) ਇੱਥੇ ਬੁਖਾਰਾ, ਚੀਨ, ਅਫ਼ਗਾਨਿਸਤਾਨ ਅਤੇ ਕਸ਼ਮੀਰ ਤੋਂ ਬੜੀ ਭਾਰੀ ਮਿਕਦਾਰ ਵਿਚ ਪੁੱਜਦਾ ਹੁੰਦਾ ਸੀ। ਇਸ ਨੂੰ ਧੋ ਕੇ ਕਈ ਭਾਂਤ ਦੇ ਰੰਗਾਂ ਵਿਚ ਰੰਗਿਆ ਜਾਂਦਾ ਸੀ। ਇਹ

---

1. ਐਚ. ਡੀ. ਕਰੇਕ, *ਸੈਟਲਮਿੰਟ ਰਿਪੋਰਟ*, ਸਫ਼ਾ 107
2. ਐਚ. ਡੀ. ਕਰੇਕ, *ਸੈਟਲਮਿੰਟ ਰਿਪੋਰਟ*, ਸਫ਼ਾ 107
3. ਐਚ. ਡੀ. ਕਰੇਕ, *ਸੈਟਲਮਿੰਟ ਰਿਪੋਰਟ*, ਸਫ਼ਾ 107

WWW.SIKHBOOKCLUB.COM 

ਰੰਗ ਅਜਿਹੀ ਕਾਰੀਗਰੀ ਨਾਲ ਦਿੱਤਾ ਜਾਂਦਾ ਸੀ ਕਿ ਉਹ ਕਦੇ ਉਤਰਦਾ ਨਹੀ ਸੀ। ਫਿਰ ਅਟੀਆਂ ਤਿਆਰ ਕੀਤੀਆਂ ਜਾਂਦੀਆਂ ਸਨ। ਪਟ ਦਾ ਬਹੁਤ ਸਾਰਾ ਭਾਗ ਤਾਂ ਅੰਮ੍ਰਿਤਸਰ ਵਿਚ ਹੀ ਕਈ ਤਰ੍ਹਾਂ ਦੇ ਕਪੜੇ ਦੇ ਤਿਆਰ ਕਰਨ ਵਿਚ ਖਰਚ ਹੋ ਜਾਂਦਾ ਸੀ।[1] ਬਾਕੀ ਰਹਿੰਦਾ ਮੁੜ ਬਾਹਰ ਦੇ ਦੇਸ਼ਾਂ ਵਿਚ ਮਹਿੰਗੇ ਭਾਅ ਜਾ ਕੇ ਵਿਕਦਾ ਹੁੰਦਾ ਸੀ। ਅੰਮ੍ਰਿਤਸਰ ਦਾ ਰੇਸ਼ਮੀ ਕੱਪੜਾ ਬੜੀ ਪ੍ਰਸਿੱਧਤਾ ਪ੍ਰਾਪਤ ਕਰ ਚੁੱਕਾ ਸੀ। ਖ਼ਾਸ ਕਰ ਕੇ 'ਗੁਲਬਦਨ', 'ਗੁਲਬਰਾ', 'ਦਰਿਆਈ', 'ਕਨਾਂਵੇਜਆ' ਤੇ 'ਖੇਸ' ਸਾਰੇ ਦੇਸ਼ ਵਿਚ ਵਰਤੇ ਜਾਂਦੇ ਸਨ।

ਉਪਰੋਕਤ ਦਸਤਕਾਰੀ ਤੋਂ ਛੁਟ ਅੰਮ੍ਰਿਤਸਰ ਦਾ ਪਿੱਤਲ, ਕਾਸੀ ਅਤੇ ਠੰਗਾਰੀ ਭਾਂਡਿਆਂ ਦਾ ਵਪਾਰ ਅਤੇ ਕਾਰੀਗਰੀ ਬੜੀ ਉਚਿਆਣ ਪਰ ਪਹੁੰਚੇ ਹੋਏ ਸਨ।[2] ਅੰਮ੍ਰਿਤਸਰ, ਯਾਰਕੰਦ, ਛਤਰਾਲ ਤੇ ਅਫ਼ਗਾਨਿਸਤਾਨ ਚਰਸ, ਅਫੀਮ, ਹਿੰਗ, ਜੀਰਾ, ਬਦਾਮ, ਪਿਸਤਾ ਅਤੇ ਹੋਰ ਕਈ ਤਰ੍ਹਾਂ ਦੇ ਸੁਕੇ ਮੇਵੇ ਦੀ ਭਾਰੀ ਮੰਡੀ ਮੰਨੇ ਜਾਂਦੇ ਸਨ, ਜਿੱਥੋਂ ਇਹ ਜਿਨਸਾਂ ਦੂਰ-ਦੂਰ ਭੇਜੀਆਂ ਜਾਂਦੀਆਂ ਸਨ।

ਅੰਮ੍ਰਿਤਸਰ ਦੀਆਂ ਜੜੀਆਂ-ਬੂਟੀਆਂ ਅਤੇ ਇਨ੍ਹਾਂ ਤੋਂ ਬਣੀਆਂ ਅਊਸ਼ਧੀਆਂ ਆਦਿ ਅਤੇ ਸਭ ਤਰ੍ਹਾਂ ਦਾ ਕਰਿਆਨਾ ਇੱਥੇ ਆਮ ਮਿਲਦਾ ਸੀ।

ਅੰਮ੍ਰਿਤਸਰ ਵਿਚ ਖ਼ਾਲਸਾ ਰਾਜ ਦੇ ਸਿੱਕੇ, ਬੁਤਕੀਆਂ[3], ਰੁਪਏ, ਪੈਸੇ ਆਦਿ ਦੇ ਤਿਆਰ ਕਰਨ ਲਈ ਬਹੁਤ ਬੜੀ ਟਕਸਾਲ ਸੀ।

## ਅੰਮ੍ਰਿਤਸਰ ਬਾਰੇ ਯਾਕੋਮਾਂ ਦੇ ਅਖੀਂ ਡਿੱਠੇ ਹਾਲ

8 ਮਾਰਚ 1831 ਨੂੰ ਯਾਕੋਮਾਂ[4] ਅੰਮ੍ਰਿਤਸਰ ਪੁੱਜਾ। ਇਸ ਨਗਰ ਨੂੰ ਉਸ ਨੇ ਬੜੇ ਗਹੁ ਨਾਲ ਦੇਖ ਕੇ ਲਿਖਿਆ ਕਿ ਅੰਮ੍ਰਿਤਸਰ ਪੰਜਾਬ ਦਾ ਸਭ ਤੋਂ ਵੱਡਾ ਸ਼ਹਿਰ ਹੈ। ਇਸ ਦਾ ਖਿਲਾਰ ਨਵਾਂ ਕੋਹਾਂ ਵਿਚ ਖਿਲਰਿਆ ਹੋਇਆ ਹੈ। ਇੱਥੇ ਵਸਨੀਕਾਂ ਦੀ ਗਿਣਤੀ 2,00,000 (ਦੋ ਲੱਖ) ਹੈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਸ਼ਹਿਰ ਦੀ ਰੱਖਿਆ ਲਈ ਇਸ ਦੇ ਦੁਆਲੇ ਫ਼ਸੀਲ ਬਣਵਾਈ ਹੈ ਜਿਸ ਵਿਚ 12 ਦਰਵਾਜ਼ੇ ਹਨ। ਇਨ੍ਹਾਂ ਦੇ ਨਾਲ-ਨਾਲ ਪਹਿਰੇਦਾਰਾਂ ਦੇ ਰਹਿਣ ਲਈ ਥਾਉਂ-ਥਾਈਂ ਬੁਰਜ ਬਣਾਏ ਗਏ ਹਨ।

---

1. ਐਚ. ਡੀ. ਕਰੇਕ, *ਸੈਟਲਮਿੰਟ ਰਿਪੋਰਟ*, ਸਫ਼ਾ 107
2. ਅੰਮ੍ਰਿਤਸਰ ਦਾ ਕਸੇਰਿਆਂ ਦਾ ਬਜ਼ਾਰ ਅੱਜ ਵੀ ਭਾਂਡਿਆਂ ਦੇ ਵਪਾਰ ਲਈ ਬੜਾ ਪ੍ਰਸਿੱਧ ਹੈ।
3. ਬੁੱਤਕੀ ਖ਼ਾਲਸਾ ਰਾਜ ਸਮੇਂ ਸੋਨੇ ਦੀ ਜਰਬ ਦਾ ਨਾਂ ਸੀ, ਜਿਸ ਦਾ ਮੁੱਲ ਪੰਜ ਰੁਪਏ ਹੁੰਦਾ ਸੀ। ਦੇਖੋ *ਯੂਰਪੀਅਨ ਐਡਵੈਂਚਰਜ਼ ਇਨ ਨਾਰਦਰਨ ਇੰਡੀਆ*, ਸਫ਼ਾ 98
4. ਯਾਕੋਮਾਂ ਫ਼ਰਾਂਸ ਦਾ ਪ੍ਰਸਿੱਧ ਵਿਗਿਆਨਕ ਵਿਦਿਆ ਦਾ ਵਿਦਵਾਨ ਸੀ। ਇਹ ਖ਼ਾਲਸਾ ਰਾਜ ਸਮੇਂ ਪੰਜਾਬ ਆਇਆ। ਕੁਦਰਤੀ ਜੜੀਆਂ ਬੂਟੀਆਂ ਤੇ ਧਰਤੀ ਵਿਚ ਦਬੀਆਂ ਧਾਤਾਂ ਦੀ ਖੋਜ ਕਰਨ ਲਈ ਹਿੰਦ ਪਹੁੰਚ ਕੇ ਇਸ ਨੇ ਕਲਕੱਤਾ, ਬਨਾਰਸ, ਆਗਰਾ, ਦਿੱਲੀ ਅਤੇ ਪੰਜਾਬ ਵਿਚ ਅੰਮ੍ਰਿਤਸਰ ਲਾਹੌਰ, ਕਸ਼ਮੀਰ ਅਤੇ ਸ਼ਿਮਲੇ ਦੀਆਂ ਪਹਾੜੀ ਰਿਆਸਤਾਂ ਦੀ ਯਾਤਰਾ ਕੀਤੀ। ਸ਼ੋਕ ਹੈ ਕਿ ਇਹ ਫ਼ਰਾਂਸ ਪਹੁੰਚਣ ਤੋਂ ਪਹਿਲਾਂ ਹੀ ਬੰਬਈ ਵਿਚ ਮਰ ਗਿਆ। ਇਸ ਨੇ ਹਿੰਦ ਦੇ ਤਿੰਨਾਂ ਸਾਲਾਂ ਦੇ ਸਫ਼ਰ ਦੇ ਸਮਾਚਾਰ ਲਿਖ ਲਏ ਸਨ, ਜੋ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਬਹੁਮੁੱਲਾ ਖਜ਼ਾਨਾ ਹੈ।

ਅੱਗੇ ਜਾ ਕੇ ਉਹ ਲਿਖਦਾ ਹੈ ਕਿ ਇੱਥੇ ਦੇ ਵਸਨੀਕਾਂ ਦੇ ਰੰਗ ਢੰਗ ਤੇ ਤੁਰਨ ਫਿਰਨ ਤੋਂ ਜੀਵਨ ਸ਼ਕਤੀ ਪ੍ਰਤੱਖ ਪਈ ਦਿਸਦੀ ਹੈ ਜਿਹੜੀ ਅੰਗਰੇਜ਼ੀ ਹਿੰਦੁਸਤਾਨ ਦੇ ਲੋਕਾਂ ਦੇ ਚੇਹਰਿਆਂ ਤੋਂ ਕਿਤੇ ਵੀ ਨਹੀਂ ਮਿਲਦੀ। ਇੱਥੇ ਬਜ਼ਾਰਾਂ ਦੀਆਂ ਸੜਕਾਂ ਬਨਾਰਸ ਤੋਂ ਚੋੜੀਆਂ ਹਨ। ਇੱਥੇ ਦੇ ਕਈ ਬਜ਼ਾਰਾਂ ਦੇ ਫਰਸ਼ ਇੱਟਾਂ ਅਤੇ ਪੱਥਰਾਂ ਨਾਲ ਪਕਾਏ ਗਏ ਹਨ। ਇੱਥੇ ਵਪਾਰੀਆਂ ਦੇ ਘਰ ਪੱਕੀਆਂ ਇਟਾਂ ਦੇ ਬਣੇ ਹੋਏ ਹਨ। ਕੋਠੀਦਾਰਾਂ, ਵੱਡੇ ਵਪਾਰੀਆ ਅਤੇ ਨਾਮੀ ਸਰਦਾਰਾਂ ਦੇ ਨਿਵਾਸ ਤਿੰਨ-ਤਿੰਨ ਚਾਰ ਛਤਾਂ ਵਾਲੇ ਹਨ ਅਤੇ ਇਨ੍ਹਾਂ ਪਰ ਬੜਾ ਸੁੰਦਰ ਚਿੱਤਰਕਾਰੀ ਦਾ ਕੰਮ ਹੋਇਆ ਹੋਇਆ ਹੈ।

ਇੱਥੇ ਕੁਝ ਕੁ ਖਾਸ ਜਿਨਸਾਂ ਦਾ ਵਪਾਰ ਉੱਨਤੀ ਦੀ ਚੋਟੀ ਪਰ ਪਹੁੰਚ ਚੁੱਕਾ ਹੈ। ਜਿਹਾ ਕਿ ਖਿਊੜੇ ਦੀਆ ਖਾਣਾਂ ਦਾ ਲੂਣ ਜੋ ਇੱਥੋਂ ਦੂਰ-ਦੂਰ ਤਕ ਸਾਰੇ ਹਿੰਦ ਵਿਚ ਭੇਜਿਆ ਜਾਂਦਾ ਹੈ। ਇਸ ਦਾ ਇੱਥੇ ਪ੍ਰਸਿੱਧ ਬਜ਼ਾਰ ਹੈ ਜਿਸ ਦਾ ਨਾਂ ਲੂਣ ਮੰਡੀ ਹੈ। ਉੱਨ ਦਾ ਕੱਤਣਾ ਤੇ ਉਣਨਾ, ਵਿਸ਼ੇਸ਼ ਕਰਕੇ ਇੱਥੇ ਦੀ ਸ਼ਾਲਾਂ ਦੀ ਦਸਤਕਾਰੀ ਸਾਰੇ ਹਿੰਦੁਸਤਾਨ ਵਿਚ ਪ੍ਰਸਿੱਧ ਹੈ। ਇੱਥੇ ਸਿੱਖ, ਹਿੰਦੂ ਤੇ ਮੁਸਲਮਾਨ ਆਪਸ ਵਿਚ ਮਿਲ ਜੁਲ ਕੇ ਰਹਿੰਦੇ ਹਨ ਪਰ ਵੱਡੇ-ਵੱਡੇ ਲਾਭਵੰਦੇ ਕੰਮ ਸਿੱਖਾਂ ਦੇ ਹੱਥ ਹਨ।

ਕਸ਼ਮੀਰੀ ਕਾਰੀਗਰਾਂ ਦੀ ਗਿਣਤੀ ਵੀ ਬਹੁਤ ਜ਼ਿਆਦਾ ਹੈ ਜੋ ਵਧੀਆ ਕਪੜਾ ਉਣਦੇ ਤੇ ਛੋਟੇ ਹਥਿਆਰ ਤਿਆਰ ਕਰਦੇ ਹਨ। ਅਫ਼ਗਾਨ ਸੌਦਾਗਰ ਵੀ ਇੱਥੇ ਚੋਖੀ ਗਿਣਤੀ ਵਿਚ ਹਨ। ਇੱਥੇ ਦੇ ਸਿੱਖਾਂ ਦੇ ਗੁਰਦੁਆਰੇ ਦੇ ਮੁੱਖ ਪ੍ਰਬੰਧਕ ਦਾ ਨਾਂ ਸਰਦਾਰ ਜੀਵਨ ਸਿੰਘ ਹੈ। ਤਲਾਬ ਦੇ ਲਾਗੇ ਮਹਾਰਾਜਾ ਰਣਜੀਤ ਸਿੰਘ ਦਾ ਬੜਾ ਸ਼ਾਨਦਾਰ ਮਹਿਲ ਹੈ।[1] ਮਹਾਰਾਜਾ ਦੇ ਇਸ ਬੁੰਗੇ ਨੂੰ ਦੇਖ ਕੇ ਹੋਰਨਾਂ ਨਾਮੀ ਸਰਦਾਰਾਂ ਵੀ ਇੱਥੇ ਬੁੰਗੇ ਬਣਵਾਏ ਹਨ। ਇੱਥੇ ਅਕਾਲੀਆਂ (ਨਿਹੰਗ ਸਿੰਘਾਂ) ਦਾ ਬੜਾ ਜ਼ੋਰ ਹੈ। ਹੁਣ ਮਹਾਰਾਜਾ ਨੇ ਇਨ੍ਹਾਂ ਵਿਚੋਂ ਕੋਈ 5000 ਨਿਹੰਗਾਂ ਨੂੰ ਅਕਾਲ ਰਜਮਟ ਵਿਚ ਭਰਤੀ ਕਰ ਲਿਆ ਹੈ। ਇਹ ਬੜੇ ਨਿਰਭੈ ਹੁੰਦੇ ਹਨ।[2]

## ਅੰਮ੍ਰਿਤਸਰ ਬਰਨਜ਼ ਦੀ ਨਜ਼ਰ ਵਿਚ

ਬਰਨਜ਼ ਲਿਖਦਾ ਹੈ ਕਿ ਅੰਮ੍ਰਿਤਸਰ ਲਾਹੌਰ ਨਾਲੋਂ ਵਪਾਰ ਤੇ ਦਸਤਕਾਰੀ ਦੀ ਦ੍ਰਿਸ਼ਟੀ ਤੋਂ ਬਹੁਤ ਵੱਡਾ ਸ਼ਹਿਰ ਹੈ। ਇਸ ਦੇ ਨਾਲ ਦੀ ਵਪਾਰ ਦੀ ਮੰਡੀ ਸਾਰੇ ਹਿੰਦ ਵਿਚ ਹੋਰ ਕਿਤੇ ਨਹੀਂ।[3]

---

1. ਮਹਾਰਾਜਾ ਰਣਜੀਤ ਸਿੰਘ ਦਾ ਇਹ ਬੁੰਗਾ ਘੰਟਾ ਘਰ ਦੇ ਮੈਦਾਨ ਦੇ ਹੇਠ ਸੀ। ਇਸ ਦੇ ਦਰਵਾਜ਼ੇ ਅੰਗਰੇਜ਼ਾਂ ਨੇ ਕੰਧਾਂ ਚਿਣਵਾ ਕੇ ਬੰਦ ਕਰ ਦਿੱਤੇ ਸਨ ਪਰ ਸੰਨ 1932 ਵਿਚ ਰੱਖ ਸਬੰਧੀ ਇਕ ਕੰਧ ਡਿਗ ਗਈ। ਜਦੋਂ ਅੰਦਰ ਜਾ ਕੇ ਵੇਖਿਆ ਗਿਆ ਤਾਂ ਬੜੇ-ਬੜੇ ਸੁੰਦਰ ਸਰਦਖਾਨੇ ਬਣੇ ਹੋਏ ਸਨ ਜਿਨ੍ਹਾਂ ਦੇ ਉੱਪਰ ਵਾਲੇ ਕਮਰੇ ਘੰਟਾਘਰ ਬਣਾਉਣ ਸਮੇਂ ਢਾ ਦਿੱਤੇ ਗਏ ਹਨ। ਇਕ ਪੁਰਾਣੀ ਤਸਵੀਰ ਵਿਚ ਇਹ ਬੁੰਗਾ ਦੱਸਿਆ ਗਿਆ ਹੈ।
2. *ਯਾਕੋਮਾਂ ਦੀਆਂ ਚਿੱਠੀਆਂ*, ਭਾਗ 3-4; ਗੈਰਟ, *ਦੀ ਪੰਜਾਬ ਹੰਡਰਡ ਯੀਅਰਜ਼ ਐਗੋ*, ਸਫ਼ੇ 26-27
3. ਬਰਨਜ਼, ਬੁਖਾਰਾ, ਜਿ. ੧, ਸਫਾ 150

# ਲਾਹੌਰ

## ਲਾਹੌਰ ਪੁਰਾਤਨ ਸਮੇਂ

ਲਾਹੌਰ ਬਾਰੇ ਪੁਰਾਣੇ ਅਤੇ ਨਵੇਂ ਇਤਿਹਾਸਕਾਰਾਂ ਅਤੇ ਕਵੀਆਂ ਨੇ ਆਪਣੀਆਂ ਲਿਖਤਾਂ ਅਤੇ ਰਚਨਾਵਾਂ ਵਿਚ ਸਮੇਂ-ਸਮੇਂ ਬੜੇ-ਬੜੇ ਖੋਜ ਭਰੇ ਖਿਆਲ ਪ੍ਰਗਟ ਕੀਤੇ ਹਨ। ਪੁਰਾਤਨ ਲਿਖਤਾਂ ਵਿਚ ਲੋਹਪੁਰ ਲਾਹੌਰ ਦਾ ਦੂਸਰਾਈਆ, ਮਹਾਰਾਜਾ ਰਾਮਚੰਦਰ ਦਾ ਜੇਠਾ ਸਪੁੱਤਰ ਲਹੂ ਦੱਸਿਆ ਗਿਆ ਹੈ। ਰਾਜ ਤਰੰਗਨੀ ਦਾ ਲੇਖਕ ਸ੍ਰੀ ਬ੍ਰਤ ਕਲਹਿਨ, ਕਸ਼ਮੀਰ ਦੇ ਪ੍ਰਸਿੱਧ ਇਤਿਹਾਸਕਾਰ ਨੇ ਲਾਹੌਰ ਦਾ ਮਹਾਰਾਜਾ ਲਲੀਤਾ ਦਿੱਤਿਆ ਦੇ ਰਾਜ ਤਹਿਤ ਹੋਣਾ ਲਿਖਿਆ ਹੈ।

'ਦੇਸ਼ ਵਿਭਾਗ' ਵਿਚ, ਜੋ ਪੁਰਾਣਕ ਸਾਖੀਆਂ ਦੇ ਆਧਾਰ ਪਰ ਸ੍ਰੀ ਸਵਾਈ ਰਾਜਾ ਜੈ ਸਿੰਘ ਵਾਲੀਏ ਜੈਪੁਰ ਦੀ ਇੱਛਾ ਅਨੁਸਾਰ ਲਿਖਿਆ ਗਿਆ ਸੀ, ਇਕ ਲਿਖਤ ਮਿਲਦੀ ਹੈ ਕਿ ਦੁਆਪੁਰ ਦੇ ਛੇਕੜੇ ਸਮੇਂ ਭੀਮ ਸੈਨ ਅਤੇ ਰਾਜਾ ਬਾਨ ਮਲ ਵਾਲੀਏ ਲਾਹੌਰ ਵਿਚਾਲੇ ਮਹਾਨ ਯੁੱਧ ਇੱਥੇ ਹੀ ਹੋਇਆ ਸੀ।

ਹੁਣ ਅਸੀਂ ਲਾਹੌਰ ਬਾਰੇ ਬਹੁਤ ਸਾਰਾ ਸਮਾਂ ਛੱਡਕੇ ਬਰਨੀਅਰ ਤੇ ਟਰੈਵਰਨੀਅਰ ਆਦਿ ਦੀਆਂ ਲਿਖਤਾਂ ਤਕ ਪਹੁੰਚ ਪੈਂਦੇ ਹਾਂ। ਇਹ ਲਾਹੌਰ ਦੀ ਸ਼ਹਿਰ ਪਨਾਹ ਦੀ ਵਲਗਨ ਦੇ ਅੰਦਰ ਤਿੰਨ ਕੋਹ ਦੀ ਆਬਾਦੀ ਦੱਸਦੇ ਹਨ ਅਤੇ ਇਸ ਦੇ ਵਸਨੀਕਾਂ ਦੀ ਗਿਣਤੀ ਇਕ ਲੱਖ ਦੇ ਲਗਭਗ ਲਿਖਦੇ ਹਨ। ਜੇ ਕਦੇ ਮੀਆਂ ਮੀਰ, ਇਛਰਾ ਤੇ ਮਗਜ਼ ਆਦਿ ਦੀਆਂ ਬਸਤੀਆਂ ਲਾਹੌਰ ਦਾ ਭਾਗ ਸਮਝ ਲਈਏ ਤਾਂ ਇਹ ਆਬਾਦੀ ਚੋਖੀ ਵੱਧ ਜਾਂਦੀ ਹੈ।

## ਲਾਹੌਰ ਵਿਚ ਇਸਲਾਮੀ ਰਾਜ

ਸੰਨ 997 ਦੇ ਆਰੰਭ ਵਿਚ ਸਬੁਕਤਗੀਨ ਨੇ ਗਜ਼ਨੀ ਦੀ ਹਕੂਮਤ ਹੱਥ ਵਿਚ ਲੈਂਦਿਆਂ ਹੀ ਥੋੜ੍ਹੇ ਸਮੇਂ ਵਿਚ ਲਾਗੇ ਦੀਆਂ ਛੋਟੀਆਂ-ਛੋਟੀਆਂ ਕਬੀਲਦਾਰੀਆਂ ਆਪਣੇ ਨਾਲ ਮਿਲਾ ਲਈਆਂ, ਜਿਸ ਨਾਲ ਇਸ ਦੀ ਚੋਖੀ ਸ਼ਕਤੀ ਵੱਧ ਗਈ।

ਇਨ੍ਹਾਂ ਦਿਨਾਂ ਵਿਚ ਰਾਜਾ ਜੈਪਾਲ ਲਾਹੌਰ ਅਤੇ ਪਿਸ਼ਾਵਰ ਦੇ ਇਲਾਕੇ ਦਾ ਮਹਾਰਾਜਾ ਸੀ। ਇਸ ਨੇ ਆਪਣੇ ਰਾਜ ਦੀਆਂ ਹੱਦਾਂ ਦੇ ਲਾਗੇ ਇਕ ਨਵੀਂ ਹਕੂਮਤ ਨੂੰ ਸ਼ਕਤੀਮਾਨ ਹੁੰਦਾ ਵੇਖ ਕੇ ਇਸ ਦੀ ਜੜ੍ਹ ਪੱਕੀ ਹੋਣ ਤੋਂ ਪਹਿਲਾਂ ਹੀ ਇਸ ਨੂੰ ਮਿਧ ਸੁੱਟਣ ਲਈ ਆਪਣੀ ਚੋਖੀ ਸੈਨਾ ਨਾਲ ਸਬੁਕਤਗੀਨ ਪਰ ਚੜ੍ਹਾਈ ਕਰ ਦਿੱਤੀ।

27 ਨਵੰਬਰ 998 ਨੂੰ ਲਗਮਾਨ ਦੇ ਮੈਦਾਨ ਵਿਚ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ ਜਿਸ ਵਿਚ ਜੈਪਾਲ ਨੂੰ ਹਾਰ ਹੋਈ। ਜੈਪਾਲ ਦੀ ਹਾਰ ਕੇਵਲ ਉਸ ਦੀ ਆਪਣੀ ਹਾਰ ਨਹੀਂ ਸੀ, ਸਗੋਂ ਇਹ ਤਾਂ ਸਾਰੇ ਹਿੰਦੁਸਤਾਨ ਦੀ ਇੱਜ਼ਤ, ਧਨ ਅਤੇ ਸਭ ਕੁਝ ਵਿਦੇਸ਼ੀਆਂ ਦੇ ਹੱਥ ਸੌਂਪ ਆਇਆ ਸੀ। ਇਸ ਦਿਨ ਦੀ ਹਾਰ ਦਾ ਕੌੜਾ ਫਲ ਹਿੰਦ ਵਾਸੀਆਂ ਨੂੰ 800 ਸਾਲਾਂ ਤਕ ਭੁਗਤਣਾ ਪਿਆ।

---

1. ਮੇਜਰ ਜੇਮਜ਼, *ਰਿਪੋਰਟ ਆਨ ਪਿਸ਼ਾਵਰ*

# ਲਾਹੌਰ ਦੇ ਮੁਸਲਿਮ ਹੁਕਮਰਾਨਾਂ ਦੇ ਨਾਂ ਤੇ ਸਮਾਂ

| | | |
|---|---|---|
| 1. | 1001-1032 | ਮਹਿਮੂਦ ਗਜ਼ਨਵੀ ਪੁੱਤਰ ਸਬੁਕਤਗੀਨ |
| 2. | 1032-1040 | ਮਸਊਦ ਗਜ਼ਨਵੀ ਪੁੱਤਰ ਮਹਿਮੂਦ |
| 3. | 1040-1049 | ਮਹਿਦੂਦ ਗਜ਼ਨਵੀ ਪੁੱਤਰ ਮਸਊਦ |
| 4. | 1049-1077 | ਅਬਲਰਸ਼ੀਦ ਗਜ਼ਨਵੀ ਪੁੱਤਰ ਮਹਿਦੂਦ |
| 5. | 1077-1098 | ਇਬਰਾਹੀਮ ਗਜ਼ਨਵੀ ਪੁੱਤਰ ਮਸਊਦ |
| 6. | 1098-1114 | ਮਸਊਦ ਗਜ਼ਨਵੀ ਪੁੱਤਰ ਇਬਰਾਹੀਮ |
| 7. | 1114-1117 | ਇਸਲਾਮ ਸ਼ਾਹ ਗਜ਼ਨਵੀ ਪੁੱਤਰ ਮਸਊਦ |
| 8. | 1117-1152 | ਬੈਹਿਰਾਮ ਸ਼ਾਹ ਗਜ਼ਨਵੀ ਪੁੱਤਰ ਮਸਊਦ |
| 9. | 1152-1159 | ਖੁਸਰੋ ਸ਼ਾਹ ਗਜ਼ਨਵੀ ਪੁੱਤਰ ਬੈਹਿਰਾਮ ਸ਼ਾਹ |
| 10. | 1159-1188 | ਖੁਸਰੋ ਮਲਕ ਗਜ਼ਨਵੀ ਪੁੱਤਰ ਖੁਸਰੋ ਸ਼ਾਹ |
| 11. | 1188-1206 | ਸਹਾਬਊਦੀਨ ਗੌਰੀ ਪੁੱਤਰ ਗੁਲਾਮ |
| 12. | 1206-1210 | ਕੁਤਬ ਉੱਦੀਨ ਐਬਕ ਗੌਰੀ ਪੁੱਤਰ ਗੁਲਾਮ |
| 13. | 1210-1210 | ਆਰਾਮ ਸ਼ਾਹ ਪੁੱਤਰ ਕੁਤਬਊੱਦੀਨ |
| 14. | 1210-1236 | ਸ਼ਮਸਉੱਦੀਨ ਪੁੱਤਰ ਅਲਤਮਸ਼ |
| 15. | 1236-1237 | ਰੁਕਨਊੱਦੀਨ ਪੁੱਤਰ ਫਿਰੋਜ਼ ਸ਼ਾਹ |
| 16. | 1237-1239 | ਰਜ਼ੀਆ ਬੇਗਮ ਬੇਟੀ ਸ਼ਮਸਊੱਦੀਨ |
| 17. | 1239-1241 | ਬਹਿਰਾਮ ਸ਼ਾਹ ਪੁੱਤਰ ਰੁਕਨਉੱਦੀਨ |
| 18. | 1241-1246 | ਅਲਾਊੱਦੀਨ ਮਸਊਦ |
| 19. | 1246-1266 | ਨਾਸਿਰਊੱਦੀਨ ਪੁੱਤਰ ਸ਼ਮਸਉੱਦੀਨ |
| 20. | 1266-1286 | ਗਿਆਸਊੱਦੀਨ ਬਲਬਨ |
| 21. | 1286-1288 | ਕੈਕੁਬਾਦ ਪੋਤਾ ਗਿਆਸਉੱਦੀਨ ਬਲਬਨ |
| 22. | 1288-1296 | ਜਲਾਲਊੱਦੀਨ ਫਿਰੋਜ਼ ਖਿਲਜੀ |
| 23. | 1296-1316 | ਅਲਾਊੱਦੀਨ ਖਿਲਜੀ |
| 24. | 1316-1317 | ਸ਼ਹਾਬਊੱਦੀਨ ਉਮਰ-ਖਿਲਜੀ |
| 25. | 1317-1321 | ਮੁਬਾਰਕ ਸ਼ਾਹ ਖਿਲਜੀ |
| 26. | 1321-1325 | ਗਿਆਸਊੱਦੀਨ ਮਲਕ ਤੁਗਲਕ |
| 27. | 1325-1351 | ਮਹੰਮਦ ਤੁਗਲਕ |
| 28. | 1351-1389 | ਫਿਰੋਜ਼ ਸ਼ਾਹ ਤੁਗਲਕ |
| 29. | 1389-1390 | ਤੁਗਲਕ ਸ਼ਾਹ ਤੁਗਲਕ |
| 30. | 1390-1392 | ਅਬੂ ਬਕਰ ਤੁਗਲਕ |

(1–10:) 1001 ਤੋਂ 1188 = 187 ਸਾਲ ਹਕੂਮਤ ਕੀਤੀ।

| | | |
|---|---|---|
| 31. | 1392-1394 | ਮੁਹੰਮਦ ਸ਼ਾਹ ਤੁਗ਼ਲਕ |
| 32. | 1394-1394 | ਸਿਕੰਦਰ ਸ਼ਾਹ ਤੁਗ਼ਲਕ |
| 33. | 1394-1398 | ਮੁਹੰਮਦ ਸ਼ਾਹ ਤੁਗ਼ਲਕ |
| 34. | 1398-1398 | ਤੈਮੂਰ ਸ਼ਾਹ (ਤੈਮੂਰਲਿੰਗ) ਮੰਗੋਲ ਜਿਸ ਨੇ ਹਿੰਦ ਨੂੰ ਲੁੱਟਿਆ। |
| 35. | 1398-1421 | ਖਿਜਰ ਖ਼ਾਨ ਸੱਯਦ |
| 36. | 1421-1435 | ਮੁਬਾਰਕ ਸ਼ਾਹ ਸੱਯਦ |
| 37. | 1435-1445 | ਮੁਹੰਮਦ ਸ਼ਾਹ ਸੱਯਦ |
| 38. | 1445-1450 | ਅਲਾਦੀਨ ਆਲਮ ਸ਼ਾਹ ਸੱਯਦ |
| 39. | 1451-1489 | ਬਹਿਲੋਲ ਲੋਧੀ |
| 40. | 1489-1517 | ਨਿਜ਼ਾਮ ਖ਼ਾਨ ਲੋਧੀ (ਸਕੰਦਰ ਲੋਧੀ) |
| 41. | 1517-1526 | ਇਬਰਾਹੀਮ ਖ਼ਾਨ ਲੋਧੀ |

| | | |
|---|---|---|
| 1. | 1526-1530 | ਬਾਬਰ ਮੁਗ਼ਲ |
| 2. | 1530-1540 | ਹੁਮਾਯੂਨ ਮੁਗ਼ਲ |
| 3. | 1540-1545 | ਸ਼ੇਰ ਸ਼ਾਹ ਸੂਰੀ ਪਠਾਨ |
| 4. | 1545-1533 | ਸਲੀਮ ਸ਼ਾਹ ਪਠਾਨ |
| 5. | 1553-1553 | ਮੁਹੰਮਦ ਆਦਿਲ ਸ਼ਾਹ ਸੂਰੀ ਪਠਾਨ |
| 6. | 1553-1556 | ਹਮਾਯੂਨ ਮੁਗ਼ਲ |
| 7. | 1556-1605 | ਅਕਬਰ ਮੁਗ਼ਲ |
| 8. | 1605-1627 | ਜਹਾਂਗੀਰ ਮੁਗ਼ਲ |
| 9. | 1627-1658 | ਸ਼ਾਹਜਹਾਨ ਮੁਗ਼ਲ |
| 10. | 1658-1707 | ਔਰੰਗਜ਼ੇਬ ਮੁਗ਼ਲ |
| 11. | 1707-1712 | ਸ਼ਾਹ ਆਲਮ ਮੁਗ਼ਲ (ਬਹਾਦਰ ਸ਼ਾਹ) |
| 12. | 1712-1713 | ਜਹਾਂਦਾਰ ਸ਼ਾਹ ਮੁਗ਼ਲ |
| 13. | 1713-1719 | ਫ਼ਰਖਸੀਅਰ ਮੁਗ਼ਲ |
| 14. | 1719-1747 | ਮੁਹੰਮਦ ਸ਼ਾਹ ਮੁਗ਼ਲ |
| 15. | 1747-1754 | ਅਹਿਮਦ ਸ਼ਾਹ ਮੁਗ਼ਲ |

| | | |
|---|---|---|
| 1. | ਗ਼ਜ਼ਨੀ ਬੰਸ, 1001 ਤੋਂ 1188 | ਲਾਹੌਰ ਪਰ ਕਬਜ਼ਾ 187 ਸਾਲ |
| 2. | ਗ਼ੋਰੀ ਬੰਸ, 1188-1206 | ਲਾਹੌਰ ਪਰ ਕਬਜ਼ਾ 18 ਸਾਲ |
| 3. | ਗੁਲਾਮ ਬੰਸ, 1206-1288 | ਲਾਹੌਰ ਪਰ ਕਬਜ਼ਾ 82 ਸਾਲ |
| 4. | ਖਿਲਜੀ ਬੰਸ, 1288-1321 | ਲਾਹੌਰ ਪਰ ਕਬਜ਼ਾ 33 ਸਾਲ |

| | | |
|---|---|---|
| 5. | ਤੁਗਲਕ ਬੰਸ, 1321-1412 | ਲਾਹੌਰ ਪਰ ਕਬਜ਼ਾ 91 ਸਾਲ |
| 6. | ਸੱਯਦ ਬੰਸ, 1413-1350 | ਲਾਹੌਰ ਪਰ ਕਬਜ਼ਾ 27 ਸਾਲ |
| 7. | ਲੋਧੀ ਬੰਸ, 1450-1526 | ਲਾਹੌਰ ਪਰ ਕਬਜ਼ਾ 76 ਸਾਲ |
| 8. | ਮੁਗ਼ਲ ਬੰਸ, 1526-1540 | ਲਾਹੌਰ ਪਰ ਕਬਜ਼ਾ 14 ਸਾਲ |
| 9. | ਸੂਰੀ ਬੰਸ, 1540-1553 | ਲਾਹੌਰ ਪਰ ਕਬਜ਼ਾ 13 ਸਾਲ |
| 10. | ਮੁਗ਼ਲ ਬੰਸ, 1553-1747 | ਲਾਹੌਰ ਪਰ ਕਬਜ਼ਾ 194 ਸਾਲ |
| 11. | ਦੁਰਾਨੀ ਬੰਸ, 1748-1761 | ਲਾਹੌਰ ਪਰ ਕਬਜ਼ਾ 13 ਸਾਲ |
| 12. | ਸਿੱਖ ਬੰਸ, 1762-1848 | ਲਾਹੌਰ ਪਰ ਕਬਜ਼ਾ 86 ਸਾਲ |
| 13. | ਅੰਗਰੇਜ਼ ਬੰਸ, 1849-1947 | ਲਾਹੌਰ ਪਰ ਕਬਜ਼ਾ 98 ਸਾਲ |
| 14. | ਆਜ਼ਾਦ ਹਿੰਦ, 1947 ਤੋਂ ਲੈ ਕੇ | |

## ਅੱਖੀਂ ਡਿੱਠਾ ਲਾਹੌਰ

ਖ਼ਾਲਸਾ ਰਾਜ ਸਮੇਂ ਕੁਝ ਪਰਦੇਸੀ ਯਾਤਰੂਆਂ ਦੇ ਲਾਹੌਰ ਬਾਰੇ ਅੱਖੀਂ ਡਿੱਠੇ ਵਿਚਾਰਾਂ ਦਾ ਸਾਰ ਇਉਂ ਹੈ :

### ਬਰਨਜ਼

ਇਹ 21 ਜੁਲਾਈ 1831 ਨੂੰ ਲਾਹੌਰ ਪੁੱਜਾ। ਉਸ ਨੇ ਵੇਖ ਕੇ ਲਿਖਿਆ ਹੈ ਕਿ ਇਹ ਪੁਰਾਤਨ ਰਾਜਧਾਨੀ ਪੂਰਬ ਤੇ ਪੱਛਮ ਵੱਲ ਕੋਈ ਪੰਜ ਕੋਹ ਦੀ ਲੰਬਾਈ ਅਤੇ ਤਿੰਨ ਕੋਹ ਦੀ ਚੁੜਾਈ ਵਿਚ ਖਿਲਰੀ ਹੋਈ ਹੈ। ਇਸ ਦੇ ਚੌਗਿਰਦੇ ਪੱਕੀ ਫ਼ਸੀਲ ਹੈ। ਇੱਥੇ ਦੇ ਘਰਾਂ ਦੀ ਉਸਾਰੀ ਕਈ-ਕਈ ਛੱਤਾਂ ਵਾਲੀ ਪੱਕੀਆਂ ਇੱਟਾਂ ਦੀ ਹੈ। ਲਾਹੌਰ ਦੇ ਬਜ਼ਾਰਾਂ ਨੂੰ ਵੇਖਿਆਂ ਇਹ ਕੋਈ ਵਧੇਰਾ ਧਨਾਡ ਸ਼ਹਿਰ ਵਿਖਾਈ ਨਹੀਂ ਦਿੰਦਾ ਕਿਉਂਕਿ ਪੰਜਾਬ ਦਾ ਵਪਾਰ ਅੰਮ੍ਰਿਤਸਰ ਨੇ ਵਧੇਰੇ ਖਿੱਚ ਲਿਆ ਹੈ ਜਿਸ ਨੇ ਠੀਕ ਅਰਥਾਂ ਵਿਚ ਨਵੇਂ ਪੰਜਾਬ ਦੀ ਰਾਜਧਾਨੀ ਅਖਵਾਉਣ ਦਾ ਹੱਕ ਪ੍ਰਾਪਤ ਕਰ ਲਿਆ ਹੈ।

ਇੱਥੇ ਕੁਝ ਐਸੀਆਂ ਇਮਾਰਤਾਂ ਹਨ ਜਿਨ੍ਹਾਂ ਬਾਰੇ ਲਿਖਣਾ ਜ਼ਰੂਰੀ ਪ੍ਰਤੀਤ ਹੁੰਦਾ ਹੈ। ਸ਼ਾਹੀ ਮਸੀਤ ਬੜੀ ਆਲੀਸ਼ਾਨ ਹੈ.....ਰਾਵੀ ਪਾਰ ਸ਼ਾਹਦਰੇ ਵਿਚ ਜਹਾਂਗੀਰ ਦਾ ਮਕਬਰਾ ਬੜੀ ਸੁੰਦਰ ਇਮਾਰਤ ਹੈ.....ਸ਼ਾਲਾਮਾਰ ਬਾਗ਼ ਵੀ ਵੇਖਣ ਯੋਗ ਹੈ ਜਿਸ ਦੇ 450 ਫੁਆਰੇ ਹੁਣ ਵੀ ਚਲਦੇ ਹਨ।

ਅੱਗੇ ਬਰਨਜ਼ ਲਿਖਦਾ ਹੈ ਕਿ ਮਹਾਰਾਜਾ ਸਾਹਿਬ ਨੇ ਪੰਜਾਬ ਵਿਚ ਸ਼ਾਲਾਂ ਦੇ ਵਪਾਰ ਅਤੇ ਹੋਰ ਕਈ ਦਸਤਕਾਰੀਆਂ ਦੇ ਵਧਾਉਣ ਵੱਲ ਬੜਾ ਧਿਆਨ ਦਿੱਤਾ ਹੈ। ਮੈਨੂੰ ਮਹਾਰਾਜਾ ਨੇ ਆਪਣਾ ਤੋਪਖ਼ਾਨਾ ਵੀ ਦੱਸਿਆ ਜਿਸ ਦੀਆਂ ਸਾਰੀਆਂ ਤੋਪਾਂ ਮਹਾਰਾਜਾ ਦੇ ਆਪਣੇ ਕਾਰਖ਼ਾਨਿਆਂ ਵਿਚ ਢਾਲੀਆਂ ਗਈਆਂ ਹਨ। ਮਹਾਰਾਜਾ ਨੇ ਇਹ ਵੀ ਦੱਸਿਆ ਕਿ ਇਕ ਛੋਟੀ ਤੋਪ ਦੀ ਤਿਆਰੀ ਪਰ ਉਸ ਦਾ 100 ਰੁਪਿਆ ਖਰਚ ਆਉਂਦਾ ਹੈ।[1]

---

1. ਬਰਨਜ਼, ਬੁਖਾਰਾ-ਜਿਲਦ 1, ਪੰਨਾ 151

## ਲਾਹੌਰ ਯਾਕੋਮਾਂ ਦੀ ਨਿਗਾਹ ਨਾਲ

ਯਾਕੋਮਾਂ ਲਿਖਦਾ ਹੈ : ਲਾਹੌਰ ਨੂੰ ਵੇਖਿਆਂ ਪ੍ਰਤੀਤ ਹੁੰਦਾ ਹੈ ਕਿ ਮੁਗ਼ਲ ਹੁਕਮਰਾਨ ਪੁਰਾਣੇ ਲਾਹੌਰ ਤੋਂ ਬਾਹਰ ਵਸਦੇ ਸਨ ਕਿਉਂਕਿ ਉਨ੍ਹਾਂ ਦੀਆਂ ਬਣਵਾਈਆਂ ਇਮਾਰਤਾਂ ਦੇ ਨਿਸ਼ਾਨ ਸ਼ਹਿਰ ਦੇ ਚੌਗਿਰਦੇ ਤੋਂ ਕੁਝ ਦੂਰੀ ਪਰ ਹਨ। ਇਸੇ ਤਰ੍ਹਾਂ ਸਿੱਖ ਸਰਦਾਰਾਂ ਦੇ ਘਰ ਵੀ ਸਹਿਰ ਦੀ ਫਸੀਲ ਤੋਂ ਬਾਹਰ ਹਨ। ਸਿੱਖ ਬੜੇ ਖੁਲ੍ਹੇ ਵੇਹੜਿਆਂ ਵਾਲੇ ਘਰ ਵਿਚ ਨਿਵਾਸ ਰਖਦੇ ਹਨ। ਇਹ ਮਕਾਨ ਭਾਵੇਂ ਬਹੁਤੇ ਉੱਚੇ ਤਾਂ ਨਹੀਂ ਹੁੰਦੇ ਪਰ ਬੜੇ ਸੁਥਰੇ ਅਤੇ ਹਵਾਦਾਰ ਹੁੰਦੇ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਸਾਹੀ ਮਹਿਲ ਕਿਲੇ ਦੇ ਅੰਦਰ ਹੈ। ਇਸ ਕਿਲੇ ਦੇ ਅੰਦਰ ਹੋਰ ਕਈ ਸ਼ਾਹੀ ਇਮਾਰਤਾਂ ਅਤੇ ਬਗੀਚੇ ਹਨ। ਮਹਾਰਾਜਾ ਦੇ ਮਹਿਲ ਦੇ ਅੰਦਰ ਰਾਣੀਆਂ ਵਿਚ ਕੇਵਲ ਨਾਰੀਆਂ ਹੀ ਸੇਵਾ ਕਰਦੀਆਂ ਹਨ। ਮੁਗ਼ਲ ਬਾਦਸ਼ਾਹਾਂ ਵਾਂਗ ਮਹਾਰਾਜਾ ਹੀਜੜਿਆਂ ਨੂੰ ਸੇਵਾ ਲਈ ਜਨਾਨਖਾਨੇ ਵਿਚ ਨਹੀਂ ਜਾਣ ਦਿੰਦਾ।[1]

ਲਾਹੌਰ ਦੀ ਵਸੋਂ ਅੰਮ੍ਰਿਤਸਰ ਤੋਂ ਅੱਧੀ ਹੈ ਜਿਸ ਦਾ ਕਾਰਨ ਪ੍ਰਤੱਖ ਹੈ। ਇੱਥੇ ਵਿਓਪਾਰ ਤੇ ਦਸਤਕਾਰੀ ਅੰਮ੍ਰਿਤਸਰ ਦੇ ਟਾਕਰੇ ਵਿਚ ਬਹੁਤ ਘੱਟ ਹੈ। ਫਿਰ ਵੀ ਇੱਥੇ ਅਫ਼ਗਾਨ, ਕਸ਼ਮੀਰੀ, ਈਰਾਨੀ, ਯਹੂਦੀ ਅਤੇ ਅਮਰੀਕਨ ਆਦਿ ਬਿਦੇਸੀ ਵਿਓਪਾਰੀ ਮਿਲਦੇ ਹਨ। ਇਨ੍ਹਾ ਦੇ ਚੇਹਰੇ ਇੰਨੇ ਗੋਰੇ ਹਨ ਕਿ ਵਲੈਤੀਆਂ ਤੋਂ ਵੱਧ ਸੁਫੈਦ ਹਨ। ਪੰਜਾਬ ਦੇ ਅਸਲ ਵਸਨੀਕ ਜਿਹਾ ਕਿ ਸਿੱਖਾ, ਹਿੰਦੂਆਂ ਅਤੇ ਮੁਸਲਮਾਨਾਂ ਦੇ ਚਿਹਰਿਆਂ ਦੀ ਰੰਗਤ ਕਣਕ ਰੰਗੀ ਹੈ। ਬਰਨੀਅਰ[2] ਦੀ ਯਾਤਰਾ ਸਮੇਂ (1663) ਵਿਚ ਦਰਿਆ ਰਾਵੀ ਕਿਲੇ ਦੀ ਫ਼ਸੀਲ ਦੇ ਲਾਗੇ ਵਹਿੰਦਾ ਸੀ।

## ਰੂਸੀ ਸ਼ਹਿਜ਼ਾਦਾ ਸੋਲਟੀਕੂਫ ਲਾਹੌਰ ਵਿਚ

ਸੋਲਟੀਕੂਫ 22 ਮਾਰਚ 1842 ਨੂੰ ਲਾਹੌਰ ਪੁੱਜਾ।[3] ਇੱਥੇ ਇਹ ਮਹਾਰਾਜਾ ਸ਼ੇਰ ਸਿੰਘ

---

1. ਮੁਗ਼ਲ ਜਨਾਨਖਾਨਿਆਂ ਵਿਚ ਹੀਜੜਿਆਂ ਰਾਹੀਂ ਬੜੇ ਬੜੇ ਅਯੋਗ ਕੰਮ ਹੋਇਆ ਕਰਦੇ ਸਨ।
2. ਬਰਨੀਅਰ ਇਕ ਫ਼ਰਾਂਸੀਸੀ ਸੈਲਾਨੀ ਸੀ ਜਿਹੜਾ ਯੁਵਾ ਅਵਸਥਾ ਵਿਚ ਹਿੰਦ ਆਇਆ ਸੀ। ਇਹ ਬਾਰਾਂ ਸਾਲ ਔਰੰਗਜ਼ੇਬ ਬਾਦਸ਼ਾਹ ਦੇ ਦਰਬਾਰ ਵਿਚ ਸ਼ਾਹੀ ਹਕੀਮ ਰਿਹਾ। ਇਸ ਨੇ ਦੋ ਵੇਰ ਲਾਹੌਰ ਨੂੰ ਵੇਖਿਆ। ਇਸ ਨੇ ਆਪਣਾ ਸਫਰਨਾਮਾ ਸੰਨ 1671 ਵਿਚ ਛਪਵਾਇਆ ਸੀ ਜਿਸ ਵਿਚ ਮੁਗ਼ਲ ਜੀਵਨ ਦੇ ਕਈ ਗੁਪਤ ਸਮਾਚਾਰਾਂ ਪਰ ਚਾਨਣਾ ਪਾਇਆ ਹੈ। ਇਹ 1688 ਈ. ਨੂੰ ਪੈਰਿਸ ਵਿਚ ਮਰ ਗਿਆ।
3. ਪ੍ਰਿੰਸ ਅਕਲਸੀਸ ਸੋਲਟੀਕੂਫ, ਰੂਸ ਦੇ ਸ਼ਾਹੀ ਘਰਾਣੇ ਦਾ ਸ਼ਹਿਜ਼ਾਦਾ ਸੀ। ਇਹ ਬੜਾ ਪ੍ਰਸਿੱਧ ਚਿੱਤਰਕਾਰ ਸੀ। ਇਸ ਨੂੰ ਕੁਦਰਤੀ ਨਜ਼ਾਰਿਆਂ, ਪਹਾੜਾਂ, ਜੰਗਲਾਂ, ਪੰਖੇਰੂਆਂ ਅਤੇ ਸ਼ਾਹੀ ਦਰਬਾਰਾਂ ਦੇ ਚਿੱਤਰ ਚਿਤਰਨ ਦੀ ਅਤਿ ਦੀ ਲਗਨ ਲਗੀ ਹੋਈ ਸੀ। ਜਿਸ ਦੀ ਖਿੱਚ ਵਿਚ ਇਸ ਨੇ ਹਿੰਦ, ਪੰਜਾਬ ਅਤੇ ਹਮਾਲੀਏ ਦੇ ਉੱਚੇ ਪਹਾੜਾਂ ਤੇ ਘਣੇ ਜੰਗਲਾਂ ਦੇ ਚਿੱਤਰ ਤਿਆਰ ਕੀਤੇ। ਜਿੱਥੇ ਉਹ ਮੂਰਤਾਂ ਚਿਤਰਦਾ ਸੀ, ਉੱਥੇ ਨਾਲ-ਨਾਲ ਇਸ ਯਾਤਰਾ ਦੇ ਸਮਾਚਾਰ ਕਲਮਬੰਦ ਕਰਦਾ ਜਾਂਦਾ ਸੀ। ਇਸ ਨੇ ਪੰਜਾਬ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਦੇ ਹਾਲ ਸਫਰਨਾਮੇ ਵਿਚ ਦਿੱਤੇ ਹਨ। ਇਨ੍ਹਾਂ ਵਿਚ ਕਈ ਵਾਕਿਆਤ, ਇਤਿਹਾਸਕ ਦ੍ਰਿਸ਼ਟੀਕੋਣ ਤੋਂ ਚੰਗੇ ਹਨ। ਇਹ 19 ਫਰਵਰੀ 1842 ਵਿਚ ਪੰਜਾਬ ਆਇਆ ਸੀ।

ਦਾ ਪਰਾਹੁਣਾ ਬਣਿਆ ਰਿਹਾ। ਪਹਿਲਾਂ ਇਸ ਨੂੰ ਸ਼ਾਲਾਮਾਰ ਬਾਗ਼ ਵਿਚ ਉਤਾਰਾ ਦਿੱਤਾ ਗਿਆ ਜਿਸ ਦੀ ਸਫਾਈ ਤੇ ਰੌਣਕ ਨੂੰ ਵੇਖ ਕੇ ਉਹ ਅਸਚਰਜ ਰਹਿ ਗਿਆ। ਇਹ ਲਿਖਦਾ ਹੈ ਕਿ ਇਹ ਬਾਗ਼ ਲਾਹੌਰ ਦੇ ਬਾਦਸ਼ਾਹ ਲਈ ਵਰਸਾਈ ਤੁਲ ਹੈ।[1] ਇਸ ਦੇ ਪਾਣੀ ਨਾਲ ਭਰਪੂਰ ਛੋਟੇ ਸਰ ਚਿੱਟੀਆਂ ਬਤਖਾਂ ਅਤੇ ਦੁੱਧ ਰੰਗੀ ਮੁਰਗਾਬੀਆਂ ਨਾਲ ਭਰੇ ਪਏ ਹਨ। ਬਾਗ਼ ਸੰਤਰਿਆਂ ਅਤੇ ਨੌਰੰਗੀਆਂ ਦੀ ਹਰਿਆਵਲੀ ਨਾਲ ਮਨਾਂ ਨੂੰ ਮੋਹ ਲੈਂਦੇ ਹਨ। ਅਣਗਿਣਤ ਫੁਆਰਿਆਂ ਅਤੇ ਝਰਨਿਆਂ ਨੂੰ ਐਸੇ ਕੋਮਲ ਹੁਨਰ ਨਾਲ ਤਰਤੀਬ ਦਿੱਤੀ ਗਈ ਹੈ ਜੋ ਉਨ੍ਹਾਂ ਦਾ ਪਾਣੀ ਇੱਥੇ ਵਾਯੂ ਪੁਰ ਬਰਖਾ ਵਾਂਗ ਪੈ ਕੇ ਰੁੱਤ ਨੂੰ ਠੰਡਾ ਕਰ ਦਿੰਦਾ ਹੈ। ਝਰਨਿਆਂ ਤੋਂ ਪਾਣੀ ਜਦੋਂ ਛਲਕੇ ਖਾ-ਖਾ ਕੇ ਹੇਠ ਵੱਲ ਦੌੜਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਨਦੀਆਂ ਵਿਚ ਲਹਿਰਾਂ ਉਠਦੀਆਂ ਹਨ। ਇਹ ਬਾਗ਼ ਸੁਰਗੀ ਦ੍ਰਿਸ਼ ਸਾਹਮਣੇ ਲੈ ਆਉਂਦਾ ਹੈ। ਸਾਡੇ ਲਾਹੌਰ ਪਹੁੰਚਣ ਦੇ ਅਗਲੇ ਦਿਨ ਮਹਾਰਾਜਾ ਸ਼ੇਰ ਸਿੰਘ ਵੱਲੋਂ ਮੈਨੂੰ ਸ਼ਿਕਾਰ ਪਰ ਉਸ ਦੇ ਨਾਲ ਜਾਣ ਲਈ ਸੱਦਾ ਮਿਲਿਆ। ਅਸੀਂ ਸ਼ਿਕਾਰ ਦੀਆਂ ਤਿਆਰੀਆਂ ਤੇ ਸਾਮਾਨ ਵੇਖ ਕੇ ਅਸਚਰਜ ਰਹਿ ਗਏ। ਹਾਥੀ, ਘੋੜੇ, ਬਾਜ, ਸ਼ਿਕਾਰੀ ਤਾਜ਼ੀ ਕੁੱਤੇ ਸੈਂਕੜਿਆਂ ਦੀ ਗਿਣਤੀ ਵਿਚ ਤਿਆਰ ਸਨ। ਸਾਡੇ ਨੀਯਤ ਥਾਂ ਉੱਤੇ ਪਹੁੰਚਣੇ ਨਾਲ ਮਹਾਰਾਜਾ ਵੀ ਪਹੁੰਚ ਗਏ ਅਤੇ ਇੱਥੇ ਅਸੀਂ ਅਮਲੇ ਫੈਲੇ ਨਾਲ ਮਿਲ ਕੇ ਅੱਗੇ ਨੂੰ ਵਧੇ। ਥੋੜ੍ਹੀ ਦੂਰ ਪਰ ਰਖ ਦੇ ਜੰਗਲ ਵਿਚ ਵੱਡੇ-ਵੱਡੇ ਕੱਦ ਦੇ ਜੰਗਲੀ ਸੂਰ ਮਿਲੇ ਜਿਨ੍ਹਾਂ ਨੂੰ ਵੇਖ ਕੇ ਮਹਾਰਾਜਾ ਅਤੇ ਕੁਝ ਹੋਰ ਸਵਾਰ ਇਨ੍ਹਾਂ ਪਰ ਟੁੱਟ ਪਏ ਅਤੇ ਆਪਣਿਆਂ ਨੇਜ਼ਿਆਂ ਦੀਆਂ ਤਿੱਖੀਆਂ ਨੋਕਾਂ ਨਾਲ ਕਈਆਂ ਨੂੰ ਉੱਥੇ ਮਾਰ ਦਿੱਤਾ। ਸੂਰ ਬੜਾ ਭਿਆਨਕ ਤੇ ਸ਼ਕਤੀਮਾਨ ਪਸ਼ੂ ਹੈ। ਇਹ ਆਪਣੇ ਮਾਰਨੇ ਵਾਲੇ ਉੱਤੇ ਬੰਦੂਕ ਦੀ ਗੋਲੀ ਵਾਂਗ ਤੇਜ਼ੀ ਨਾਲ ਪੈਂਦਾ ਹੈ ਅਤੇ ਆਪਣੇ ਬਾਹਰ ਨਿਕਲੇ ਹੋਏ ਦੰਦਾਂ ਅਤੇ ਮਸਤਕ ਦੀ ਢਾਲ ਦੀ ਇਕੋ ਟੱਕਰ ਨਾਲ ਘੋੜੇ ਨੂੰ ਸਣੇ ਸਵਾਰ ਦੇ ਉਲਟਾ ਕੇ ਮਾਰਦਾ ਹੈ। ਪਰ ਇਹ ਸਿੱਧਾ ਸਾਹਮਣੇ ਆਉਣ ਵਾਲੇ ਨੂੰ ਟੱਕਰ ਮਾਰਦਾ ਹੈ। ਇਸ ਦੀ ਗਰਦਨ ਵਿਚ ਅਕੜੇਸ ਹੋਣ ਦੇ ਕਾਰਨ ਸੱਜੇ ਖੱਬੇ ਨਹੀਂ ਮੁੜ ਸਕਦਾ।

ਇਸ ਤਰ੍ਹਾਂ ਕਈ ਜੰਗਲੀ ਪਸ਼ੂਆਂ ਤੇ ਬਤਖਾਂ ਆਦਿ ਪੰਖੇਰੂਆਂ ਦੇ ਸ਼ਿਕਾਰ ਉਪਰੰਤ ਅਸੀਂ ਸਾਰੇ ਦੁਪਹਿਰ ਤਕ ਲਾਹੌਰ ਪਰਤ ਆਏ।

ਇੱਥੇ ਮੈਂ ਉਹ ਦਰਵਾਜ਼ਾ ਵੀ ਵੇਖਿਆ ਜਿਸ ਦੇ ਡਿੱਗਣ ਨਾਲ ਕੰਵਰ ਨੌਨਿਹਾਲ ਸਿੰਘ ਸੰਨ 1840 ਵਿਚ ਮਾਰਿਆ ਗਿਆ ਸੀ।[2]

## ਮੁਲਤਾਨ

ਕਰਨਲ ਸਟਾਈਨਬਾਖ ਆਪਣੀ ਪੁਸਤਕ 'ਦੀ ਪੰਜਾਬ' ਵਿਚ ਲਿਖਦਾ ਹੈ ਕਿ ਇਹ ਪੰਜਾਬ ਦੇ ਪ੍ਰਸਿੱਧ ਸ਼ਹਿਰਾਂ ਵਿਚੋਂ ਤੀਜਾ ਸ਼ਹਿਰ ਹੈ। ਇਹ ਦਰਿਆ ਝਨਾਂ ਤੋਂ ਪੂਰਬ ਵੱਲ ਦੋ ਕੋਹ ਦੀ ਦੂਰੀ ਪਰ ਉੱਚੀ ਥਾਂ ਪਰ ਵਸਦਾ ਹੈ।[3]

---

1. ਵਰਸਾਈ ਵਿਚ ਫਰਾਂਸ ਦੇ ਸ਼ਹਿਨਸ਼ਾਹ ਨੇ ਬੇਅੰਤ ਮਾਇਆ ਖਰਚ ਕੇ ਸੰਸਾਰ ਪਰ ਸੁਰਗ ਦੀ ਨਕਲ ਉਤਾਰੀ ਸੀ। ਉਸ ਦਾ ਬਾਗ਼ ਤੇ ਮਹਿਲ ਸੰਸਾਰ ਵਿਚ ਅਦੁੱਤੀ ਸਨ।
2. ਸਫ਼ਰਨਾਮਾ ਸੋਲਟੀਕੂਫ, *ਪੰਜਾਬ ਹੰਡਰਡ ਯੀਅਰਜ਼ ਐਗੋ*, ਕ੍ਰਿਤ ਗੈਰਿਟ, ਸਫ਼ਾ 105
3. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫ਼ਾ 5

ਜਦ ਹੀਊਨ ਸਾਂਗ ਪ੍ਰਸਿੱਧ ਚੀਨੀ ਯਾਤਰੀ ਸੰਨ 641 ਵਿਚ ਇੱਥੇ ਪੁੱਜਾ ਤਾਂ ਇਸ ਸਮੇ ਇਸ ਦਾ ਨਾਂ 'ਮੋਲੋ-ਸਾਨਪੋਲੋ' ਸੀ ਜਿਸ ਦੇ ਅਰਥ ਹਨ 'ਮੂਲਾਸ ਥਾਨਾਪੁਰਾ'। ਅਲਬਰੂਨੀ[1] 11ਵੀਂ ਸਦੀ ਦੇ ਅਰੰਭ ਵਿਚ ਇੱਥੇ ਆਇਆ। ਉਹ ਆਪਣੀ ਲਿਖਤ ਪੁਸਤਕ *'ਤਹਿਕੀਕਾਤ ਅਲਹਿੰਦ'* ਵਿਚ ਮੁਲਤਾਨ ਦਾ ਨਾਂ ਸਪਸ਼ਟ ਮੁਲਤਾਨਾ ਲਿਖਦਾ ਹੈ। ਸੰਸਕ੍ਰਿਤੀ ਲਿਖਤਾਂ ਵਿਚ ਇਸ ਦਾ ਨਾਂ 'ਮੁਲਾਏ ਸਥਾਨਾ' ਲਿਖਿਆ ਮਿਲਦਾ ਹੈ।

ਇਕ ਹੋਰ ਬੜਾ ਪ੍ਰਸਿੱਧ ਯਾਤਰੂ ਮੁਲਤਾਨ ਬਾਰੇ ਲਿਖਦਾ ਹੈ : ਇਹ ਸ਼ਹਿਰ ਤਿੰਨ ਕੋਹ ਦੇ ਘੇਰੇ ਵਿਚ ਖਿਲਰਿਆ ਹੋਇਆ ਹੈ। ਇਸ ਦੇ ਚਾਰੇ ਪਾਸੇ ਉੱਚੀ ਦੀਵਾਰ ਖਿੱਚੀ ਹੋਈ ਹੈ। ਸ਼ਹਿਰ ਵਿਚ ਇਕ ਪੁਰਾਣਾ ਵੱਡਾ ਕਿਲਾ ਹੈ। ਇੱਥੋ ਦੇ ਵਸਨੀਕਾਂ ਦੀ ਗਿਣਤੀ 60,000 ਹੈ, ਇਸ ਵਿਚ 40,000 ਮੁਸਲਮਾਨ ਤੇ 20,000 ਹਿੰਦੂ ਸਿੱਖ ਹਨ। ਸ਼ਹਿਰ ਦੀ ਵਧੇਰੀ ਉਸਾਰੀ ਪੱਕੀ ਹੈ। ਕੋਈ-ਕੋਈ ਘਰ ਤਾ ਇੰਨਾ ਉੱਚਾ ਹੈ ਕਿ ਛੇਆ ਛੱਤਾ ਵਾਲਾ ਹੈ। ਇੱਥੇ ਦੇ ਵਸਨੀਕਾ ਵਿਚ ਵਧੇਰਾ ਭਾਗ ਜੁਲਾਹਿਆਂ ਤੇ ਰੰਗਰੇਜ਼ਾਂ ਦਾ ਹੈ। ਇੱਥੋ ਦਾ ਪਟ ਦਾ ਬੁਣਿਆ ਕਪੜਾ ਜਿਸ ਨੂੰ ਖੇਸ ਕਹਿੰਦੇ ਹਨ, ਦੂਰ-ਦੂਰ ਤਕ ਪ੍ਰਸਿੱਧ ਹੈ। ਇਸ ਦਾ ਮੁੱਲ 20 ਰੁਪਏ ਤੋਂ 120 ਰੁਪਏ ਪ੍ਰਤੀ ਖੇਸ ਤਕ ਹੁੰਦਾ ਹੈ। ਇਹ ਦੂਸਰੇ ਪਟੂ ਦੀ ਤਰ੍ਹਾਂ ਪਤਵੰਤੇ ਲੋਕ ਓੜ੍ਹਦੇ ਹਨ, ਵਿਸ਼ੇਸ਼ ਕਰਕੇ ਵਿਆਹ ਸ਼ਾਦੀਆ ਦੇ ਸਮੇਂ ਲਾੜਾ ਅਤੇ ਲਾੜੀ ਨੂੰ ਜ਼ਰੂਰ ਇਹ ਉੱਪਰ ਲੈਣਾ ਪੈਂਦਾ ਹੈ।

ਇੱਥੋ ਦੀਆ ਲੁੰਗੀਆਂ ਤੇ ਦਰਿਆਈ ਨਾਮੀ ਰੇਸ਼ਮੀ ਕਪੜੇ ਦੀ ਦੂਰ-ਦੂਰ ਤਕ ਹਿੰਦ, ਖੁਰਾਸਾਨ, ਅਫ਼ਗਾਨਿਸਤਾਨ ਅਤੇ ਬੁਖਾਰੇ ਵਿਚ ਬੜੀ ਖਪਤ ਹੁੰਦੀ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਜਦ ਤੋਂ ਮੁਲਤਾਨ ਪਰ ਕਬਜ਼ਾ ਕੀਤਾ ਹੈ, ਤਦ ਤੋਂ ਇੱਥੇ ਦਾ ਇਹ ਵਪਾਰ ਬਹੁਤਾ ਵੱਧ ਗਿਆ ਹੈ। ਸ਼ੇਰੇ-ਪੰਜਾਬ ਹਜ਼ਾਰਾਂ ਰੁਪਇਆਂ ਦਾ ਇੱਥੋ ਦਾ ਕਪੜਾ ਖਰੀਦਦੇ ਹਨ ਅਤੇ ਖਿਲਤਾ ਸਿਰੋਪਾਵਾਂ ਵਿਚ ਵਧੇਰਾ ਇਹੋ ਦਿੰਦੇ ਹਨ ਜਿਸ ਦੇ ਕਾਰਨ ਇੱਥੇ ਦੇ ਦਸਤਕਾਰਾਂ ਦਾ ਦਿਨੋ-ਦਿਨ ਹੌਸਲਾ ਵਧਦਾ ਜਾ ਰਿਹਾ ਹੈ।

ਖ਼ਾਲਸਾ ਹਕੂਮਤ ਵੱਲੋਂ ਇਸ ਦਸਤਕਾਰੀ ਪਰ ਬੜਾ ਨਰਮ ਮਸੂਲ ਲਿਆ ਜਾਂਦਾ ਹੈ।

ਮੁਲਤਾਨ ਦਾ ਹੋਰ ਵਪਾਰ ਵੀ ਬੜੀ ਉੱਨਤੀ ਪਰ ਪੁੱਜਾ ਹੋਇਆ ਹੈ। ਇੱਥੇ ਦਾ ਸਰਾਫਾ, ਹੁੰਡੀ ਚਿਠੀ ਦਾ ਭੁਗਤ ਭੁਗਤਾਨ ਸਾਰੇ ਹਿੰਦ ਤੇ ਅਫ਼ਗਾਨਿਸਤਾਨ ਵਿਚ ਖਿਲਰਿਆ ਹੋਇਆ ਹੈ। ਇਹ ਵਪਾਰ ਵਧੇਰੇ ਸ਼ਿਕਾਰਪੁਰੀਆਂ ਦੇ ਹੱਥ ਵਿਚ ਹੈ। ਇੱਥੇ ਬਾਵਲਹਕ ਅਤੇ ਪ੍ਰੈਲਾਦਪੁਰੀ ਬੜੇ ਪ੍ਰਸਿੱਧ ਧਾਰਮਿਕ (ਮਜ਼ਬ੍ਹੀ) ਸਥਾਨ ਹਨ।

ਮੁਲਤਾਨ ਬੜਾ ਕਦੀਮੀ ਸ਼ਹਿਰ ਹੈ। ਇਸ ਦਾ ਪੁਰਾਣਾ ਇਤਿਹਾਸ ਸਿਲਸਲੇਵਾਰ ਤਾਂ ਸੰਨ 631 ਤੋਂ ਪਹਿਲਾ ਦਾ ਨਹੀਂ ਮਿਲਦਾ। ਹਾ, ਸਕੰਦਰ ਆਜ਼ਮ ਦੇ ਇਤਿਹਾਸਕਾਰ ਦੀ ਲਿਖਤ ਦੇ ਅਰਥ ਜੋ ਜਰਨੈਲ ਕਨਿੰਘਮ ਨੇ ਸਮਝੇ ਹਨ ਉਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਸਕੰਦਰ

---

1. ਅਲਬੈਰੂਨੀ, ਅਰਬ ਦੇਸ਼ ਦਾ ਪ੍ਰਸਿੱਧ ਭੂਗੋਲ ਖੋਜੀ ਤੇ ਲੇਖਕ ਸੀ। ਇਸ ਦਾ ਪੁਰਾਣਾ ਨਾਂ ਅਬੂਰਿਹਾਨ ਮੁਹੰਮਦ ਬਿਨ ਅਹਿਮਦ ਸੀ। ਅਲਬੇਰੂਨੀ ਉਸ ਦਾ ਉਪਨਾਮ ਸੀ। ਇਸ ਖੋਜੀ ਦੀ ਲਿਖਤ ਵਿਚ ਵਿਸ਼ੇਸ਼ ਵਾਧਾ ਇਹ ਸੀ ਕਿ ਇਸ ਨੇ ਹਿੰਦ ਵਿਚ ਕਈ ਸਾਲ ਰਹਿ ਕੇ ਬੜੀ ਘਾਲ-ਘਾਲ ਕੇ ਸੰਸਕ੍ਰਿਤ ਸਿੱਖੀ ਤਾਂ ਜੋ ਉਹ ਹਰ ਗੱਲ ਦੀ ਅਸਲੀਅਤ ਤਕ ਪਹੁੰਚ ਸਕੇ।

WWW.SIKHBOOKCLUB.COM

ਨੂੰ ਸੰਨ 325 ਮਸੀਹ ਤੋਂ ਪਹਿਲਾਂ ਜਿਸ ਕਿਲੇ ਵਿਚ ਲੜਦਿਆਂ ਹੋਇਆਂ ਮਰਨ-ਫਟ ਲਗਾ ਸੀ ਉਹ ਮਾਲੋਈਆ ਦੀ ਰਾਜਧਾਨੀ ਮੁਲਤਾਨ ਸੀ ਅਤੇ ਉਹ ਯੂਨਾਨੀਆਂ ਦੀਆਂ ਲਿਖਤਾਂ ਅਨੁਸਾਰ ਦਰਿਆ ਰਾਵੀ ਦੇ ਸੰਘਮ ਤੋਂ ਬਹੁਤ ਦੂਰ ਨਹੀਂ ਸੀ।[1]

ਸੰਨ ਪਹਿਲੀ ਹਿਜਰੀ ਮੁਤਾਬਿਕ 631 ਈ. ਨੂੰ ਮੁਹੰਮਦ ਬਿਨ ਕਾਸਮ ਨੇ ਸਿੰਧ ਪਰ ਧਾਵਾ ਕਰਨ ਸਮੇਂ ਇਸ ਨੂੰ ਬੁਰੀ ਤਰ੍ਹਾਂ ਲੁੱਟਿਆ ਸੀ।

ਮੁਲਤਾਨ ਦੀ ਧਰਤੀ ਬੜੀ ਉਪਜਾਊ ਹੈ। ਇਸ ਦੀਆਂ ਖ਼ਾਲਸਾ ਰਾਜ ਸਮੇਂ ਦੀਆਂ ਨਹਿਰਾਂ ਨੇ ਉਸ ਦੀ ਉਪਜ ਵਿਚ ਹੋਰ ਵੀ ਚੋਖਾ ਵਾਧਾ ਕਰ ਦਿੱਤਾ ਸੀ। ਇਸ ਤੋਂ ਛੁਟ ਬਰਖਾ ਰੁਤ ਸਮੇਂ ਜਦ ਦਰਿਆਵਾਂ ਵਿਚ ਛੇਲ ਆਉਂਦੇ ਹਨ ਤਾਂ ਦੋਵਾਂ ਕਿਨਾਰਿਆਂ ਦੀਆਂ ਖੇਤੀਆਂ ਨੂੰ ਦੋ ਲਾਭ ਪ੍ਰਾਪਤ ਸਨ। ਇਕ ਤਾਂ ਇਨ੍ਹਾਂ ਦਾ ਸੋਕਾ ਦੂਰ ਕਰਕੇ ਇਹ ਕਈ ਮਹੀਨਿਆਂ ਤਕ ਵਤ੍ਰ ਵਿਚ ਰਖਦਾ ਹੈ। ਦੂਜੇ ਪਾਣੀ ਨਾਲ ਰੁੜ੍ਹ ਕੇ ਆਈ ਮਿੱਟੀ ਇਨ੍ਹਾਂ ਜ਼ਮੀਨਾਂ ਲਈ ਪਾਹ ਦਾ ਕੰਮ ਦਿੰਦੀ ਹੈ। ਇਸੇ ਉਪਜ ਤੇ ਮਾਇਆ ਦੇ ਲਾਲਚ ਵਿਚ ਮਤੇ ਮਹਿਮੂਦ ਗਜ਼ਨਵੀ ਨੂੰ ਇਸ ਪਰ ਧਾਵਾ ਕਰਨ ਦੀ ਪ੍ਰੇਰਨਾ ਦਿੱਤੀ। ਇਸ ਦੇ ਉਪਰੰਤ ਗੌਰੀਆ ਨੇ ਇਸ ਪਰ ਅਧਿਕਾਰ ਜਮਾਇਆ। ਫਿਰ੍ ਮੁਗ਼ਲਾਂ ਦੇ ਤਹਿਤ ਵਿਚ ਆਇਆ। ਇਨ੍ਹਾਂ ਦੇ ਬਾਅਦ ਅਫ਼ਗਾਨਾ ਦੇ ਕਬਜ਼ੇ ਵਿਚ ਆ ਗਿਆ। ਛੇਕੜ ਸੰਨ 1818 ਵਿਚ ਖ਼ਾਲਸੇ ਨੇ ਇਸ ਪਰ ਚੜ੍ਹਾਈ ਕੀਤੀ ਅਤੇ ਬੜੀ ਲਹੂ ਡੋਲ੍ਹਵੀਂ ਲੜਾਈ ਦੇ ਬਾਅਦ ਨਵਾਬ ਮੁਜ਼ੱਫ਼ਰ ਖ਼ਾਨ ਤੋਂ ਫ਼ਤਹਿ ਕਰਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਗਿਆ।

ਰਾਜਾ ਹਰਨਾਖਸ ਦੀ ਰਾਜਧਾਨੀ ਅਤੇ ਪ੍ਰੋਹਲਾਦ ਪੁਰੀ ਇਸ ਦਾ ਨਾਂ ਹੋਣਾ ਦੱਸਦਾ ਹੈ ਕਿ ਇਹ ਸਤਜੁਗ ਦੇ ਸਮੇਂ ਵੀ ਇੱਥੇ ਵਸਦਾ ਸੀ। ਇਹ ਘਟਨਾ ਸਤਜੁਗ ਦੇ ਸਮੇਂ ਹੋਈ ਸੀ। ਉਸ ਅਗਾਧ ਬੋਧ ਈਸ਼ਵਰ ਦਾ ਨਾਂ ਪਹਿਲਾਂ ਪਹਿਲ 'ਨਰ ਸਿੰਘ' ਇੱਥੇ ਹੀ ਪਿਆ ਸੀ।

ਕਿਲੇ ਦੇ ਅੰਦਰ ਦੇ ਇਸ ਮੰਦਰ ਨੂੰ ਹੁਣ ਵੀ ਹਜ਼ਾਰਾਂ ਹਿੰਦੂ ਪੂਜਦੇ ਹਨ।[2] ਬਰਨਜ਼ ਲਿਖਦਾ ਹੈ ਕਿ ਭਾਵੇਂ ਸਿੱਖਾਂ ਨੇ ਮੁਸਲਮਾਨੀ ਟਾਕਰੇ ਪਰ ਆਪਣੇ ਹਜ਼ਾਰਾਂ ਭਾਈਆਂ ਦੀਆਂ ਕੁਰਬਾਨੀਆਂ ਦੇ ਕੇ ਮੁਲਤਾਨ ਪਰ ਫ਼ਤਹਿ ਪਾਈ ਸੀ ਪਰ ਸਿੱਖਾਂ ਨੇ ਹੁਣ ਆਪਣੇ ਮਨ ਵਿਚੋਂ ਮੁਸਲਮਾਨਾਂ ਲਈ ਘ੍ਰਿਣਾ ਮੂਲੋਂ ਹੀ ਕੱਢ ਦਿੱਤੀ ਹੈ ਅਤੇ ਵਪਾਰ ਅਤੇ ਦਸਤਕਾਰੀ ਦੇ ਵਾਧੇ ਵਿਚ ਮੁਸਲਮਾਨਾਂ ਦੀ ਪੂਰੀ-ਪੂਰੀ ਰੱਖਿਆ ਕਰਦੇ ਹਨ।[3] ਮੁਲਤਾਨ ਬਾਰੇ ਇਹ ਅਖਾਣ ਪੁਰਾਣੇ ਸਮੇਂ ਤੋਂ ਫ਼ਾਰਸੀ ਵਿਚ ਪ੍ਰਸਿੱਧ ਚਲਿਆ ਆਉਂਦਾ ਹੈ : 'ਜ਼ੇ 4 ਅਖਰ' ਦੀ ਭਾਵਪੂਰਤ ਵਰਤੋਂ ਕੀਤੀ ਗਈ ਹੈ :

"ਚਾਰ ਚੀਜ਼ ਅਸਤ ਤੋਫ਼ਾਜਾਤ ਏ ਮੁਲਤਾਨ
ਗਰਦ, ਗਧਾ, ਗਰਮਾ ਵ ਗੋਰਸਤਾਨ।"

---

1. ਜੇਨਰਲ ਅਲੈਗਜੈਂਡਰ ਕਨਿੰਘਮ, *ਏਨਸੈਂਟ ਜਿਓਗਰਾਫੀ ਆਫ ਇੰਡੀਆ।*
2. ਬਰਨਜ਼, *ਟਰੈਵਲਜ਼ ਇਨਟੂ ਬੁਖਾਰਾ*, ਜਿ: 1, ਪੰਨਾ 102
3. *ਉਹੀ*

## ਪਿਸ਼ਾਵਰ

ਖ਼ਾਲਸਾ ਰਾਜ ਦੇ ਪ੍ਰਸਿੱਧ ਸ਼ਹਿਰਾਂ ਵਿਚੋਂ ਪਿਸ਼ਾਵਰ ਪੁਰਾਤਨਤਾ, ਇਤਿਹਾਸਕ, ਵਿਵਹਾਰਕ ਅਤੇ ਪੁਲੀਟੀਕਲ ਦ੍ਰਿਸ਼ਟੀਕੋਣ ਤੋਂ ਬਹੁਤ ਬੜੀ ਮਹੱਤਤਾ ਪੂਰਤ ਸ਼ਹਿਰ ਹੈ। ਇਹ ਪੁਰਾਤਨ ਸਮਿਆਂ ਦੇ ਹਿੰਦੂ ਤੇ ਬੋਧੀ ਸ਼ਹਿਨਸ਼ਾਹਾਂ ਦੀ ਮਹਾਨ ਰਾਜਧਾਨੀ ਰਹਿਣ ਦੀ ਵਡਿਆਈ ਪ੍ਰਾਪਤ ਕਰ ਚੁੱਕਾ ਹੈ। ਪਾਲੀ[1] ਅਤੇ ਬ੍ਰਹਮੀ ਵਿਚ ਲਿਖੀਆਂ ਪੁਸਤਕਾਂ ਵਿਚ ਸੂਬੇ ਦਾ ਨਾਂ ਗੰਧਾਰਾ[2] ਅਤੇ ਇਸ ਦੀ ਰਾਜਧਾਨੀ ਦਾ ਨਾ ਪੋਰਸਪੁਰ ਲਿਖਿਆ ਮਿਲਦਾ ਹੈ। ਪੋਰਸਪੁਰ ਸੰਨ ਈਸਵੀ ਤੋਂ 1100 ਸਾਲ ਪਹਿਲਾਂ ਮਹਾਰਾਜਾ ਪੋਰਸ ਅਵਲ ਦੇ ਨਾਮ ਪਰ ਵਸਾਇਆ ਗਿਆ ਸੀ।

ਇਸ ਦੇ ਉਪਰੰਤ 325 ਸਾਲ ਸੰਨ ਈਸਵੀ ਤੋਂ ਪਹਿਲਾਂ ਅਸੀਂ ਪੜ੍ਹਦੇ ਹਾਂ ਕਿ ਇੱਥੇ ਦੇ ਬੀਰ ਵਸਨੀਕਾਂ ਆਪਣੇ ਵਰਯਾਮ ਆਗੂ 'ਹਾਸਤੀ' ਦੀ ਅਗਵਾਈ ਵਿਚ ਪੋਰਸਪੁਰ ਦੇ ਲਾਗੇ ਸਕੰਦਰ ਦੀ ਫ਼ੌਜ ਨੂੰ 30 ਦਿਨਾਂ ਤੱਕ ਠੱਲ੍ਹ ਪਾਈ ਰੱਖਿਆ ਅਤੇ ਉਨ੍ਹਾਂ ਤੋਂ ਚੋਖੇ ਹਥਿਆਰ ਖੋਹ ਲੈਣ ਦੇ ਬਾਅਦ ਮੁਸਾਂ ਮੁਸਾਂ ਕਿਤੇ ਮਕਦੂਨੀਆ ਦੀ ਫ਼ੌਜ ਨੂੰ ਅੱਗੇ ਕੂਚ ਕਰਨ ਦਾ ਰਾਹ ਮਿਲਿਆ।

ਇਸ ਦੇ 18 ਸਾਲ ਬਾਅਦ, ਸਕੰਦਰ ਦੇ ਜਰਨੈਲ ਸਲੂਕਸ ਨੇ ਮੁੜ ਹਿੰਦ ਪਰ ਚੜ੍ਹਾਈ ਕੀਤੀ ਤਾਂ ਇਸ ਸਮੇਂ ਹਿੰਦ ਦੇ ਇਕ ਮਾਨਯੋਗ ਸਪੂਤ ਚੰਦਰਗੁਪਤ ਮੋਰੀਆ ਨੇ ਇਸ ਨੂੰ ਐਸੇ ਹਥ ਦੱਸੇ ਕਿ ਉਹ ਨਾ ਕੇਵਲ ਹਿੰਦੁਸਤਾਨ ਦੀ ਹਕੂਮਤ ਤੋਂ ਹੀ ਸਦਾ ਲਈ ਨਿਰਾਸ਼ ਹੋ ਗਿਆ ਸਗੋਂ ਬਹੁਤ ਸਾਰਾ ਫ਼ਤਹਿ ਕੀਤਾ ਇਲਾਕਾ ਵੀ ਮਸਲੇ ਸੂਬਾ ਗੰਧਾਰਾ ਦੇ ਜਿਸ ਦਾ ਬੰਨਾ ਪੋਰਸਪੁਰ ਤੋਂ ਕੋਫੀਨ (ਕਾਬਲ) ਅਤੇ ਅੱਗੇ ਹਿਰਾਤ ਤਕ ਪਹੁੰਚਦਾ ਸੀ ਚੰਦਰ ਗੁਪਤ ਦੀ ਭੇਟ ਕਰ ਗਿਆ।

## ਪਿਸ਼ਾਵਰ ਪਰ ਮੋਰੀਆ ਰਾਜ

ਉਪਰੋਕਤ ਘਟਨਾ ਦੇ ਬਾਅਦ ਚੰਦਰ ਗੁਪਤ 298 ਸਾਲ ਪੂਰਬ ਮਸੀਹ ਮਰ ਗਿਆ। ਉਸ ਦੇ ਉਪਰੰਤ ਉਸ ਦੇ ਪੁੱਤਰਬਿੰਦੂਸਾਰ ਨੇ ਪਿਸ਼ਾਵਰ ਦੀ ਹਕੂਮਤ ਸਾਂਭੀ ਅਤੇ 25 ਸਾਲ ਰਾਜ ਕਰਕੇ ਇੱਥੇ ਦਾ ਰਾਜ ਭਾਗ ਆਪਣੇ ਸਯੋਗ ਸਪੁੱਤਰ ਅਸ਼ੋਕ ਦੇ ਹੱਥ ਸੌਂਪ ਕੇ ਸੰਸਾਰ ਤੋਂ ਕੂਚ ਕਰ ਗਿਆ।

ਇਸ ਉਦਾਰਚਿਤ ਅਤੇ ਧਰਮੀ ਮਹਾਰਾਜਾ ਦੀਆਂ ਬਣਾਈਆਂ ਹੋਈਆਂ ਯਾਦਗਾਰਾਂ, ਮੰਦਰ, ਮੀਨਾਰ, ਕੀਰਤੀ ਸਥੰਭ ਅਤੇ ਸ਼ਿਲਾਲੇਖ ਸਾਰੇ ਹਿੰਦ ਵਿਚ ਖਿਲਰੇ ਹੋਏ ਹਨ ਪਰ ਪਿਸ਼ਾਵਰ ਨੂੰ ਇਸ ਨੇ ਇਨ੍ਹਾਂ ਵਿਚ ਬਹੁਤ ਹਿੱਸਾ ਦਿੱਤਾ ਸੀ।

ਇੱਥੇ ਇਨ੍ਹਾਂ ਯਾਦਗਾਰਾਂ ਨੂੰ ਸ਼ਹਿਰ-ਸ਼ਹਿਰ, ਪਿੰਡ-ਪਿੰਡ ਤੇ ਗ੍ਰਾਮ-ਗ੍ਰਾਮ ਵਿਚ ਵੇਖਿਆਂ ਅਸ਼ੋਕ ਦਾ ਰਾਜ-ਸਮਾਂ ਇੰਨ-ਬਿੰਨ ਅੱਖਾਂ ਮੂਹਰੇ ਆ ਖੜੋਂਦਾ ਹੈ। ਆਪ ਦੇ 24 ਫਰਮਾਨ, ਸ਼ਿਲਾਲੇਖਾਂ ਅਤੇ ਅਸਥੰਭਾਂ ਦੇ ਰੂਪ ਵਿਚ ਜਗਤ ਪ੍ਰਸਿੱਧ ਹਨ। ਇਨ੍ਹਾਂ ਵਿਚੋ ਦੋ ਪਿਸ਼ਾਵਰ ਦੇ

---

1. ਪਾਲੀ ਦਾ ਕੋਸ਼ R.C. Childers ਦਾ ਬਣਾਇਆ ਹੋਇਆ ਪ੍ਰਸਿੱਧ ਹੈ।
2. ਇਹ ਦਰਿਆ ਸਿੰਧ ਤੇ ਕਾਬਲ ਤੋਂ ਚੋਖਾ ਅਗਾਂਹ ਬਾਮੀਆ ਤਕ ਖਿਲਰਿਆ ਹੋਇਆ ਸੀ।

ਸੂਬੇ ਵਿਚ ਹਨ। ਇਕ ਹੋਤੀ ਮਰਦਾਨ ਦੇ ਲਾਗੇ ਸ਼ਖਾਜ ਗੜੀ ਅਤੇ ਦੂਜਾ ਮਾਨਸੇਰੇ ਵਿਚ ਖੜੀ ਚੰਗੀ ਦਸ਼ਾ ਵਿਚ ਮੌਜੂਦ ਹਨ। ਇਸੇ ਤਰ੍ਹਾਂ ਇੱਥੋਂ ਦੀ ਧਰਤੀ ਬੁਧ ਭਿਖਸ਼ੂਆਂ ਅਤੇ ਬੁਧ ਦੇ ਆਪਣੇ ਜੀਵਨ ਦੀਆਂ ਵੱਖ-ਵੱਖ ਘਟਨਾਵਾਂ ਨੂੰ ਸਪਸ਼ਟ ਕਰਨ ਵਾਲੀਆਂ ਮੂਰਤੀਆਂ ਨਾਲ ਭਰਪੂਰ ਪਈ ਹੈ ਜਿਨ੍ਹਾਂ ਵਿਚੋਂ ਹਜਾਰਾਂ ਦੀ ਗਿਣਤੀ ਵਿਚ ਕਢਵਾਕੇ ਹਿੰਦ ਅਤੇ ਹਿੰਦ ਤੋਂ ਬਾਹਰ ਲੰਡਨ ਆਦਿ ਦੇ ਅਜਾਇਬ ਘਰਾਂ (ਮਿਊਜ਼ੀਅਮਾਂ) ਵਿਚ ਧਰੀਆਂ ਗਈਆਂ ਹਨ ਅਤੇ ਅਣਗਿਣਤ ਅਜੇ ਤਕ ਮੌਜੂਦ ਹਨ।

## ਪਿਸ਼ਾਵਰ ਤੇ ਕਨਿਕਸ਼

ਮਹਾਰਾਜਾ ਅਸ਼ੋਕ ਦੇ 300 ਸਾਲ ਉਪਰੰਤ ਉੱਨਤੀ ਦੀ ਗੁੱਡੀ ਮੁੜ ਅਕਾਸ਼ ਪਰ ਉਡੀ। ਪਿਸ਼ਾਵਰ ਪਰ ਇਸ ਸਮੇਂ ਕਨਿਕਸ਼ ਦਾ ਰਾਜ ਸਮਾਂ ਸੀ। ਉਸ ਨੇ ਬੇਓੜਕ ਧਨ ਖਰਚ ਕੇ ਪਾਵਨ ਬੁਧ ਦੇ ਫੂਲ (ਅਸਥੀਆਂ) ਨਿਪਾਲ ਤੋਂ ਮੰਗਵਾ ਕੇ ਆਪਣੀ ਰਾਜਧਾਨੀ ਪਿਸ਼ਾਵਰ ਦੇ ਬੜੇ ਮੰਦਰ ਵਿਚ ਸਥਾਪਤ ਕੀਤੇ ਅਤੇ ਇਸ ਪਰ ਇੰਨੀ ਬੁਲੰਦ ਇਮਾਰਤ ਬਣਵਾਈ ਜਿਸ ਬਾਰੇ ਪ੍ਰਸਿੱਧ ਚੀਨੀ ਯਾਤਰੂ ਹੀਊਨਸਾਂਗ ਲਿਖਦਾ ਹੈ ਕਿ ਪਿਸ਼ਾਵਰ ਦੇ ਇਸ ਮੰਦਰ ਦਾ ਮੀਨਾਰ ਸਾਰੇ ਹਿੰਦ ਦੇ ਬੁਧ ਮੰਦਰਾਂ ਤੋਂ ਉੱਚਾ ਹੈ।

## ਪਿਸ਼ਾਵਰ ਵਿਚ ਚੀਨੀ ਯਾਤਰੂ

ਜਿਹਾ ਕਿ ਉੱਪਰ ਲਿਖ ਆਏ ਹਾਂ ਕਿ ਪਿਸ਼ਾਵਰ ਅਤੇ ਨਾਲ ਦੇ ਇਲਾਕੇ ਵਿਚ ਬੁਧ ਮਤ ਦੀਆਂ ਇੰਨੀਆਂ ਮਹਾਨ ਯਾਦਗਾਰਾਂ ਸਨ, ਜਿਨ੍ਹਾਂ ਦੇ ਦਰਸ਼ਨ ਪਰਸਨ ਦੀ ਜ਼ਿਕ ਦੂਰ-ਦੂਰ ਦੇਸ਼ਾਂ ਤੋਂ ਧਰਮੀ ਵਿਦਵਾਨਾਂ ਨੂੰ ਖਿੱਚ-ਖਿੱਚ ਇੱਥੇ ਲਿਆਉਂਦੀ ਰਹੀ ਸੀ।

ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਚੀਨੀ ਮਹਾਨ ਯਾਤਰੂ ਫਾਹਯਾਨ ਸੰਨ 405 ਵਿਚ ਕਾਬਲ ਦੇ ਰਾਹੀਂ ਪਾਰਾ-ਸਾ-ਵਾਰਾ (ਪਿਸ਼ਾਵਰ) ਪੁੱਜਾ। ਇੱਥੇ ਰਹਿ ਕੇ ਇਸ ਨੇ ਆਪਣੀ ਪ੍ਰਸਿੱਧ ਪੁਸਤਕ *"ਫੋ-ਕੋ-ਕੀ"* ਅਰਥਾਤ ਬੁਧ ਮਤ ਦੇ ਰਾਜਿਆਂ ਦੀਆਂ ਸਾਖੀਆਂ ਲਿਖੀ।

ਫਾਯਾਨ ਦੇ ਇਕ ਸਦੀ ਬਾਅਦ ਸੰਨ 502 ਨੂੰ ਇਕ ਹੋਰ ਚੀਨੀ ਸੈਲਾਨੀ ਪਿਸ਼ਾਵਰ ਪੁੱਜਾ ਜਿਸ ਦਾ ਨਾਂ ਸੰਗਯੂਨ ਸੀ।

ਇਸੇ ਤਰ੍ਹਾਂ ਕੋਈ ਸਵਾ ਸੌ ਸਦੀ ਬੀਤ ਜਾਣ ਦੇ ਉੱਪਰ ਸੰਨ 630 ਵਿਚ ਤੀਜਾ ਮਹਾਨ ਵਿਦਵਾਨ ਯਾਤਰੂ ਪਿਸ਼ਾਵਰ ਆਇਆ। ਇਸ ਦਾ ਅਮਰ ਨਾਂ ਹਿਊਨਸਾਂਗ ਸੀ ਜਿਸ ਨੇ ਆਪਣੇ ਸਫਰਨਾਮੇ ਵਿਚ ਪਿਸ਼ਾਵਰ ਦਾ ਨਾਂ ਪੋ-ਲੋ-ਸਾ-ਪੋ-ਲੋ ਲਿਖਿਆ ਹੈ। ਇਸ ਦਾ ਟੀਕਾ ਪਾਲੀ ਦੇ ਮਹਾਂ ਵਿਦਵਾਨ ਜੈਨਰਲ ਕਨਿੰਘਮ ਨੇ ਪਾਰਾਸਾਵਰਪੁਰ (ਪਿਸ਼ਾਵਰ) ਕੀਤਾ ਹੈ।[1] ਇਹ ਸੈਲਾਨੀ ਪਿਸ਼ਾਵਰ ਨੂੰ ਵੇਖ ਕੇ ਲਿਖਦਾ ਹੈ ਕਿ ਇਹ ਸ਼ਹਿਰ ਖੂਬ ਵਸਦਾ ਹੈ। ਇਹ ਗੰਧਾਰਾ ਦੀ ਰਾਜਧਾਨੀ ਹੈ। ਇਸ ਦੀ ਇਕ ਰਾਹੀ ਦੀ ਲੰਬਾਈ 40 ਲੀ ਅਰਥਾਤ 6½ ਮੀਲ ਹੈ।[2] ਇਸ ਯਾਤਰੂ ਦੀ ਲਿਖੀ ਪੁਸਤਕ ਦਾ ਨਾਂ *ਟਾ-ਟਾ-ਨੰਗ-ਹੁਸ਼ੀ-ਯੂ-ਚੀ* ਅਰਥਾਤ ਰਾਜਾ

1. ਕਨਿੰਘਮ, *ਆਰਕਿਆਲੋਜੀਕਲ ਸਰਵੇ*, ਜਿ. 2, ਸਫਾ 110
2. *ਏਨਸੈਂਟ ਜਿਊਗਰਾਫੀ ਆਫ ਇੰਡੀਆ* ਬਾਈ ਕਨਿੰਘਮ, ਸਫਾ 4

ਟਾਂਗ ਸਮੇਂ ਦੀ ਵਿਦਿਆ ਹੈ। ਯੂਰਪ ਦੀਆਂ ਕਈ ਭਾਸ਼ਾਵਾਂ ਵਿਚ ਇਸ ਦਾ ਟੀਕਾ ਕੀਤਾ ਗਿਆ ਹੈ। ਹਿਊਨਸਾਂਗ ਦੇ ਜੀਵਨ-ਬ੍ਰਿਤਾਂਤ ਦਾ ਉਲਥਾ ਫ਼੍ਰਾਂਸ ਦੇ ਪ੍ਰਸਿੱਧ ਵਿਦਵਾਨਾਂ ਪ੍ਰੋਫੈਸਰ ਜੂਲੀਅਨ ਅਤੇ ਬੀਲ ਨੇ ਬੜੇ ਵਿਸਥਾਰ ਨਾਲ ਕੀਤਾ ਹੈ।

## ਪਿਸ਼ਾਵਰ ਵਿਚ ਹੋਰ ਯਾਤਰੂ

ਉੱਪਰ ਲਿਖੇ ਚੀਨ ਦੇ ਤਿੰਨਾਂ ਯਾਤਰੂਆਂ ਤੋਂ ਛੁਟ ਪਿਸਾਵਰ ਦੇ ਸਮਾਚਾਰ ਇਕ ਹੋਰ ਪ੍ਰਸਿੱਧ ਭੂਗੋਲ ਲੇਖਕ ਵਿਦਵਾਨ ਨੇ ਬੜੇ ਵਿਸਥਾਰ ਪੂਰਬਕ ਲਿਖੇ ਹਨ। ਇਸ ਦਾ ਨਾਂ ਪਟਾਲਮੀ ਸੀ। ਪਿਸ਼ਾਵਰ ਅਤੇ 'ਪੁਸ਼ਕਾਲਾਵਤੀ' ਪ੍ਰਸਿੱਧ ਬੋਧੀ ਮੰਦਰ ਦੇ ਆਚਾਰ ਇਸ ਨੇ ਬੜੇ ਵਿਸਥਾਰ ਨਾਲ ਲਿਖੇ ਹਨ ਜੋ ਇਤਿਹਾਸਕ ਵਾਕਫੀ ਦਾ ਭੰਡਾਰ ਹਨ।

ਸੰਨ 1015 ਨੂੰ ਪਿਸ਼ਾਵਰ ਵਿਚ ਅਰਬ ਦੇਸ਼ ਦਾ ਇਕ ਹੋਰ ਚੋਟੀ ਦਾ ਫਾਜ਼ਲ ਸੈਲਾਨੀ 'ਅਲਬੇਰੂਨੀ'[1] ਇੱਥੇ ਪੁੱਜਾ। ਇਸ ਵਿਅਕਤੀ ਵਿਚ ਇਕ ਸਰੇਸ਼ਟ ਵਾਧਾ ਇਹ ਸੀ ਕਿ ਇਸ ਨੇ ਹਿੰਦ ਦੇ ਸਹੀ ਹਾਲ ਸਮਝਣ ਤੇ ਲਿਖਣ ਲਈ ਸੰਸਕ੍ਰਿਤ ਵਿਦਿਆ ਸਿਖੀ ਸੀ, ਇਹ ਜਦ ਪਿਸ਼ਾਵਰ ਦਾ ਹਾਲ ਆਪਣੀ ਪੁਸਤਕ *'ਤਹਿਕੀਕਾਤ ਅਲਹਿੰਦ'* ਵਿਚ ਲਿਖਦਾ ਹੈ ਤਾਂ ਇਸ ਦਾ ਨਾਂ 'ਪੁਰਸ਼ਾਵਰ' ਕਰਕੇ ਲਿਖਦਾ ਹੈ। ਇਸ ਨੇ ਇੱਥੇ ਦੇ ਲੋਕਾਂ ਦੀ ਰਹਿਣੀ ਬਹਿਣੀ ਦੇ ਹਾਲ ਖੋਲ੍ਹ ਕੇ ਲਿਖੇ ਹਨ।

ਇਕ ਹੋਰ ਲੇਖਕ ਮਸਹੂਦੀ ਨਾਮੀ 12ਵੀਂ ਸਦੀ ਵਿਚ ਪਿਸ਼ਾਵਰ ਆਇਆ। ਇਸ ਨੇ ਪਿਸ਼ਾਵਰ ਬਾਰੇ ਬਹੁਤ ਕੁਝ ਲਿਖਿਆ ਹੈ। ਇਸ ਨੇ ਇਸ ਦਾ ਨਾਂ 'ਪਰਸਾਵਰ' ਵਰਤਿਆ ਹੈ।

ਇਸੇ ਇਲਾਕੇ ਦਾ ਇਕ ਪੁਖਤੂਨ ਕਵੀ ਇਤਿਹਾਸ ਲੇਖਕ ਅਖੂਨਦਰਵੇਜ਼ਾ ਸਾਹਿਬ ਨੇ ਆਪਣੀਆਂ ਰਚਨਾਵਾਂ ਵਿਚ ਇੱਥੇ ਦਾ ਨਾਂ ਪੁਰਸ਼ੋਰ, ਰੌਲੇ ਨਾਲ ਭਰਪੂਰ ਲਿਖਿਆ ਹੈ।

## ਪਿਸ਼ਾਵਰ ਦਾ ਮੌਜੂਦਾ ਨਾਂ ਕਦ ਪਿਆ ਤੇ ਕਿਸ ਰੱਖਿਆ

ਸੰਨ 1585 ਦੀ ਗੱਲ ਹੈ ਕਿ ਅਕਬਰ ਬਾਦਸ਼ਾਹ ਜਦ ਕਸ਼ਮੀਰ ਤੋਂ ਪਰਤਿਆ ਤਾਂ ਉਹ ਇਸ ਸੂਬੇ ਵੱਲ ਆਇਆ। ਜਦ ਉਹ ਕਈ ਦਿਨਾਂ ਦੇ ਸਫ਼ਰ ਬਾਅਦ ਪਹਾੜੀ ਰਸਤਿਆਂ ਤੇ ਜੰਗਲਾਂ ਵਿਚੋਂ ਨਿਕਲ ਕੇ ਪੁਰਸ਼ਪੁਰਾ ਦੇ ਰਮਣੀਕ ਸ਼ਹਿਰ ਦੇ ਸਾਹਮਣੇ ਪੁੱਜਿਆ ਤਾਂ ਉਸ ਨੇ ਇਸ ਨੂੰ 'ਪੇਸ਼ਅਵਰ' ਕਿਹਾ, ਅਰਥਾਤ ਸਰਹੱਦ ਪਰ ਪਹੁੰਚਿਆਂ ਸਾਹਮਣੇ ਆਵਣ ਵਾਲਾ ਸ਼ਹਿਰ। ਅਲਾਮਾ ਅਬੁਲਫਜ਼ਲ ਆਪਣੇ ਮਾਲਕ ਦੇ ਕਹੇ ਅਨੁਸਾਰ ਆਪਣੀਆਂ ਲਿਖਤਾਂ ਵਿਚ ਇਸ ਦਾ ਨਾਂ 'ਪੇਸ਼ਆਵਰ' ਹੀ ਲਿਖਦਾ ਹੈ।

ਕੋਈ ਇਕ ਸਦੀ ਦੇ ਬਾਅਦ ਇਸ ਨਾਂ ਵਿਚ ਕੁਝ ਬਦਲੀ ਹੋ ਗਈ ਅਤੇ ਇਹ ਪੇਸ਼ਆਵਰ ਤੋਂ ਪਿਸ਼ਾਵਰ ਬਣਿਆ। ਅੱਗੇ ਜਾ ਕੇ ਇਕ ਦੋ ਵੇਰ ਥੋੜ੍ਹੀ-ਥੋੜ੍ਹੀ ਤਬਦੀਲੀ ਹੁੰਦੀ ਰਹੀ ਪਰ ਮੁੜ ਪਿਸ਼ਾਵਰ ਨਾਂ ਪੱਕਾ ਹੋ ਗਿਆ ਜੋ ਅੱਜ ਤਕ ਇਸੇ ਨਾਂ ਨਾਲ ਪ੍ਰਸਿੱਧ ਹੈ।

ਪਿਸ਼ਾਵਰ ਦੇ ਪੁਰਾਤਨ ਇਤਿਹਾਸ ਬਾਰੇ ਖੋਜ ਦਾ ਤੱਤ ਇਹ ਨਿਕਲਿਆ ਹੈ ਕਿ ਪਿਸ਼ਾਵਰ

---

1. ਇਸ ਦੇ ਲੇਖਕ ਦਾ ਪੂਰਾ ਨਾ ਅਬੂ ਰਿਹਾਨ ਮੁਹੰਮਦ ਬਿਨ ਅਹਿਮਦ ਸੀ। ਅਲਬੇਰੂਨੀ ਇਸ ਦਾ ਉਪਨਾਮ ਸੀ।

ਅੱਜ ਤੋ ਲਗਭਗ 3000 ਸਾਲ ਪਹਿਲਾਂ ਰਾਜਾ ਪੋਰਸ ਅਵਲ ਨੇ ਆਪਣੀ ਅਮਰ ਯਾਦਗਾਰ ਸਥਾਪਤ ਕਰਨ ਲਈ ਇਹ ਸ਼ਹਿਰ ਪੋਰਸਪੁਰਾ ਨਾਂ ਉੱਪਰ ਵਸਾਇਆ ਸੀ ਪਰ ਸਮੇਂ ਦੇ ਹੇਰ ਫੇਰ ਦੇ ਕਾਰਨ ਇਹ ਸ਼ਹਿਰ ਆਪਣੇ ਨਾਂ ਨੂੰ ਅਸਲੀ ਰੂਪ ਵਿਚ ਸੁਰੱਖਿਅਤ ਨਾ ਰਖ ਸਕਿਆ ਅਤੇ ਸਮੇਂ ਦੇ ਪਰਿਵਰਤਨ ਨਾਲ ਜਿਉਂ-ਜਿਉਂ ਪੁਰਾਣੀਆਂ ਹਕੂਮਤਾਂ ਮਿਟਦੀਆਂ ਗਈਆਂ ਤੇ ਨਵੀਆਂ ਉਨ੍ਹਾਂ ਦੀ ਥਾਂ ਸਥਾਪਤ ਹੁੰਦੀਆਂ ਰਹੀਆਂ, ਪਿਸ਼ਾਵਰ ਦਾ ਨਾਂ ਵੀ ਨਾਲ-ਨਾਲ ਬਦਲਦਾ ਗਿਆ ਅਤੇ ਨਵੇਂ-ਨਵੇਂ ਨਾਂ ਨਾਲ ਪ੍ਰਸਿੱਧ ਹੁੰਦਾ ਰਿਹਾ ਹੈ।

## ਪਿਸ਼ਾਵਰ ਵਿਚ ਮੁਗ਼ਲ ਰਾਜ

ਪਿਸ਼ਾਵਰ ਵਿਚੋਂ 27 ਨਵੰਬਰ 998 ਨੂੰ ਹਿੰਦੁਸਤਾਨ ਦਾ ਅੰਤ ਹੋ ਗਿਆ। ਉਸ ਦਿਨ ਤੋਂ ਲੈਕੇ 6 ਮਈ 1834 ਤਕ 8 ਸੌ ਸਾਲ ਲਈ ਇਹ ਇਸਲਾਮੀ ਹਕੂਮਤ ਦੀ ਰਾਜਧਾਨੀ ਬਣਿਆ ਰਿਹਾ। ਇੰਨੇ ਲੰਮੇ ਸਮੇਂ ਦੇ ਬਾਅਦ ਖ਼ਾਲਸੇ ਨੇ ਕਸ਼ਮੀਰ ਵਾਂਗ ਅਫ਼ਗਾਨਾਂ ਤੋਂ ਇਹ ਫ਼ਤਹਿ ਕਰਕੇ ਦਰਾ ਖੈਬਰ ਤਕ ਖ਼ਾਲਸਾ ਰਾਜ ਵਿਚ ਮਿਲਾਇਆ। ਮਹਾਂਦੀਪ ਏਸ਼ੀਆ ਦਾ ਇਹ ਪੁਰਾਤਨ ਸ਼ਹਿਰ ਵਿਉਪਾਰਕ ਦ੍ਰਿਸ਼ਟੀਕੋਣ ਤੋਂ ਬੜੀ ਮਹਾਨਤਾ ਰਖਦਾ ਹੈ। ਇੱਥੇ ਦੇ ਵਿਉਪਾਰੀ ਬੁਖਾਰਾ, ਬਦੱਖਸ਼ਾਨ, ਲਦਾਖ ਅਤੇ ਚਤਰਾਲ ਆਦਿ ਦੇਸ਼ਾਂ ਨਾਲ ਵਿਉਪਾਰ ਕਰਦੇ ਰਹੇ ਹਨ।[1]

ਇੱਥੇ ਦੀ ਦਸਤਕਾਰੀ ਤੇ ਪੈਦਾਵਾਰ ਵਿਸ਼ੇਸ਼ ਕਰਕੇ ਗਲੀਚੇ, ਪੋਸਤੀਨ, ਧੁਸੇ, ਪਖੇ, ਛੁਰੀਆਂ (ਫੰਡੀਆਂ) ਬਹਾਰੇ, ਚਵਰੀਆਂ, ਕੰਘੀਆਂ, ਮਿੱਟੀ ਦੇ ਭਾਂਡੇ ਆਦਿ ਪਰ ਸਾਦਾ, ਚਿੱਟਾ ਰੋਗਨ ਕਰਨਾ, ਅਚਾਰ ਲਈ ਮਰਤਬਾਨ, ਫੁਲਦਾਨ, ਪਿਆਲੇ, ਕਾਗਜ਼ਸਾਜ਼ੀ, ਮੋਹਰ ਪਰ ਲਿਖਾਈ, ਬਾਰੂਦ-ਸਾਜ਼ੀ, ਗੰਧਕ, ਸ਼ੋਰਾ ਅਤੇ ਕੋਲਾ ਮਿਲਾਕੇ ਬਰੂਦ ਬਣਾਉਣ, ਕਾਠੀਆਂ ਤੇ ਪਕਦਾਨ, ਚਮੜੇ ਦੇ ਬਕਸੇ, ਜੁਤੀਆਂ, ਮਿੱਟੀ ਦੇ ਭਾਂਡੇ, ਕੁੱਜੇ ਤੇ ਲੁੰਗੀਆਂ, ਨਾਨ ਅਤੇ ਬਾੜੇ ਦੇ ਚਾਵਲ ਅਦੁੱਤੀ ਹੁੰਦੇ ਹਨ।

ਇੱਥੇ ਖ਼ਾਲਸਾ ਦਾ ਹਥਿਆਰ ਬਣਾਉਣ ਦਾ ਬੜਾ ਵੱਡਾ ਕਾਰਖਾਨਾ ਸੀ ਜਿਸ ਵਿਚ ਖ਼ਾਲਸਾ ਫ਼ੌਜ ਲਈ ਤੋਪਾਂ ਬੰਦੂਕਾਂ ਢਾਲੀਆਂ ਜਾਂਦੀਆਂ ਸਨ। ਮਿਸਟਰ ਬਾਰ ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਇੱਥੇ ਮੈਂ ਕੁਝ ਬੁਰਜਾਂ ਵਿਚ ਬੀੜਨ ਵਾਲੀਆਂ ਬੰਦੂਕਾਂ ਵੇਖੀਆਂ ਜਿਨ੍ਹਾਂ ਦੀ ਲੰਬਾਈ 7 ਫੁਟ ਤਕ ਪਹੁੰਚਦੀ ਸੀ। ਇਹ ਬੜੀ ਦੂਰ ਤਕ ਮਾਰ ਕਰਦੀਆਂ ਸਨ। ਇਸ ਕਾਰਖਾਨੇ ਵਿਚ ਐਸੀਆਂ ਤੋਪਾਂ ਬਣਦੀਆਂ ਸਨ ਜਿਹੜੀਆਂ ਠੀਕ ਉਨ੍ਹਾਂ ਜਿਹੀਆਂ ਸਨ ਜਿਹੋ ਜਿਹੀਆਂ ਲਾਰਡ ਵਿਲੀਅਮ ਬੈਨਟਿੰਗ ਗਵਰਨਰ ਜੈਨਰਲ ਨੇ ਰੋਪੜ ਦੀ ਮਿਲਣੀ ਸਮੇ ਸ਼ੇਰੇ-ਪੰਜਾਬ ਨੂੰ ਦਿੱਤੀਆਂ ਸਨ। ਕੁਝ ਹਲਕੇ ਭਾਰ ਦੀਆਂ ਸਨ ਜਿਹੜੀਆਂ ਬੜੇ ਸੌਖੇ ਢੰਗ ਨਾਲ ਪਹਾੜਾਂ ਦੀ ਉਚਾਈ ਪਰ ਪਹੁੰਚਾਈਆਂ ਜਾ ਸਕਦੀਆਂ ਹਨ। ਇਹ ਤੋਪਾਂ ਇੰਨੀਆਂ ਹੀ ਚੰਗੀਆਂ ਸਨ ਜਿੰਨੀਆਂ ਅੰਗਰੇਜ਼ੀ ਫ਼ੌਜ ਦੀਆਂ।[3]

---

1. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫਾ 7
2. *ਤਾਰੀਖੇ ਪਿਸ਼ਾਵਰ*, ਸਫਾ 160
3. ਮਿਸਟਰ ਬਾਰ, *ਏ ਜਰਨਲ ਆਫ ਦੇ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ*, ਸਫਾ 167

WWW.SIKHBOOKCLUB.COM 

## ਸ਼੍ਰੀਨਗਰ (ਕਸ਼ਮੀਰ)

ਸ਼੍ਰੀਨਗਰ ਸੰਸਾਰ ਦੇ ਮਹਾਨ ਸੁੰਦਰ ਸ਼ਹਿਰਾਂ ਵਿਚੋਂ ਇਕ ਹੈ। ਇਸ ਨੂੰ ਦੋ ਪਹਾੜਾਂ ਨੇ ਦੁਵੱਲਿਓਂ ਘੇਰਿਆ ਹੋਇਆ ਹੈ। ਇਕ ਬੰਨੇ ਹਰੀ ਪਰਬਤ, ਦੂਜੇ ਪਾਸੇ ਤਖ਼ਤੇ ਸੁਲੇਮਾਨ ਦਾ ਪਹਾੜ ਹੈ। ਸ਼੍ਰੀਨਗਰ ਦੇ ਅਰਥ ਹਨ ਬਰਕਤਾਂ ਵਾਲਾ ਸ਼ਹਿਰ। ਇੱਥੋਂ ਦੇ ਜ਼ਿਮੀਂਦਾਰ ਇਸ ਨੂੰ 'ਕਸ਼ਮੀਰ' ਸੱਦਦੇ ਹਨ। ਇਹ ਸ਼ਹਿਰ 960 ਤੋਂ ਕਸ਼ਮੀਰ ਦੀ ਰਾਜਧਾਨੀ ਚਲਿਆ ਆਉਂਦਾ ਹੈ। ਸ਼੍ਰੀਨਗਰ ਨਹਿਰਾਂ ਦਾ ਨਗਰ ਹੈ। ਦਰਿਆ ਜਿਹਲਮ ਸ਼ਹਿਰ ਵਿਚਾਲੇ ਵਹਿੰਦਾ ਹੈ। ਇੱਥੇ ਦਰਿਆ ਦੀ ਚੋੜਾਈ ਅੱਸੀ ਗਜ਼ ਅਤੇ ਡੂੰਘਾਈ 2 ਗਜ਼ ਦੇ ਲਗਭਗ ਹੈ ਜਿਸ ਨਾਲ ਸ਼ਹਿਰ ਦੋਹਾਂ ਭਾਗਾਂ ਵਿਚ ਵੰਡਿਆ ਗਿਆ ਹੈ ਜਿਸ ਨੂੰ ਇੱਥੇ ਦੀਆਂ ਸੱਤ ਪੁਲਾਂ ਨੇ ਮੁੜ ਆਪਸ ਵਿਚ ਸੰਮਿਲਤ ਕਰ ਦਿੱਤਾ ਹੈ ਜਿਨ੍ਹਾਂ ਦੇ ਨਾ ਇਹ ਹਨ :

1. ਮੀਰਾ ਕਦਲ
2. ਹਾਬਾ ਕਦਲ
3. ਫ਼ਤਹਿ ਕਦਲ
4. ਜੈਨਾ ਕਦਲ
5. ਹਾਦੀ ਕਦਲ
6. ਨਵਾ ਕਦਲ
7. ਸਫ਼ਰ ਕਦਲ

ਸ਼ਹਿਰ ਸ੍ਰੀਨਗਰ ਦੀ ਲੰਬਾਈ ਤਿੰਨ ਕੋਹਾਂ ਵਿਚ ਖਿਲਰੀ ਹੋਈ ਹੈ ਅਤੇ ਚੋੜਾਈ ਸ਼ਹਿਰ ਦੇ ਹਰ ਇਕ ਭਾਗ ਦੀ ਡੇਢ-ਡੇਢ ਕੋਹ ਹੈ। ਇੱਥੇ ਦੇ ਵਸਨੀਕਾਂ ਦੀ ਗਿਣਤੀ 17500 ਹੈ। ਉਸਾਰੀ ਕਾਠ ਦੀਆਂ ਸ਼ਤੀਰੀਆ ਦੇ ਸਹਾਰੇ ਪੱਕੀਆ ਇੱਟਾਂ ਤੇ ਪੱਥਰਾਂ ਦੀ ਹੈ। ਧਨਾਢ ਵਸਨੀਕਾਂ ਦੇ ਘਰ ਤਿੰਨ-ਤਿੰਨ ਚਾਰ-ਚਾਰ ਛੱਤੇ ਹਨ।

ਕੰਧਾਂ ਵਿਚ ਸ਼ਤੀਰੀਆਂ ਜਿੱਥੇ ਭੂਚਾਲ ਵਧੇਰੇ ਆਉਂਦੇ ਰਹਿੰਦੇ ਹਨ, ਕੰਧਾਂ ਨੂੰ ਢਹਿਣ ਤੋਂ ਬਚਾਉਂਦੀਆਂ ਹਨ ਉੱਥੇ ਨਾਲ ਹੀ ਅੱਗ ਲੱਗ ਜਾਣ ਸਮੇਂ ਮਹੱਲਿਆਂ ਦੇ ਮਹੱਲੇ ਫੂਕ ਫਨਾਹ ਹੋ ਜਾਂਦੇ ਹਨ। ਜਿਨ੍ਹਾਂ ਛੱਤਾਂ ਦੀ ਲਪਾਈ ਗਾਰੇ ਮਿੱਟੀ ਦੀ ਹੁੰਦੀ ਹੈ, ਮੀਂਹ ਦੇ ਪੈਣ ਨਾਲ ਉਨ੍ਹਾਂ ਪਰ ਸਾਵਾ ਘਾਹ ਅਤੇ ਭਾਂਤ-ਭਾਂਤ ਦੇ ਕੁਦਰਤੀ ਫੁੱਲ ਉੱਗ ਪੈਂਦੇ ਹਨ ਜੋ ਦੂਰ ਤੋਂ ਛੱਤਾਂ ਪਰ ਬਾਗਾਂ ਵਾਂਗੂੰ ਦਿਸਦੇ ਹਨ।

ਸ਼ਹਿਰ ਦੀ ਰੱਖਿਆ ਲਈ ਅਕਬਰ ਬਾਦਸ਼ਾਹ ਨੇ ਹਰੀ ਪਰਬਤ ਪਰ ਕਿਲਾ ਉਸਾਰਿਆ ਸੀ। ਇਸ ਕਿਲੇ ਨੂੰ ਵਧੇਰਾ ਮਜ਼ਬੂਤ ਕਰਨ ਲਈ ਇਸ ਦੇ ਚੌਗਿਰਦੇ ਇਕ ਪੱਕੀ ਫਸੀਲ ਤਿਆਰ ਕਰਵਾਈ ਗਈ ਸੀ ਜਿਸ ਵਿਚ ਇਕ ਬੜਾ ਉੱਚਾ ਦਰਵਾਜਾ ਰਖਿਆ; ਇਸ ਪਰ ਕਿਲੇ ਦੇ ਫਸੀਲ ਦੀ ਉਸਾਰੀ ਦਾ ਸੰਨ ਸਾਲ ਉਕਰਿਆ ਹੋਇਆ ਹੈ।

ਸ਼੍ਰੀਨਗਰ ਦੀ ਸੁੰਦਰ ਉਸਾਰੀ ਦਰਿਆ ਜਿਹਲਮ ਦੇ ਕੰਢੇ-ਕੰਢੇ ਹੈ ਜਾਂ ਮਾਹਰ ਨਦੀ ਦੇ ਕਿਨਾਰੇ-ਕਿਨਾਰੇ ਹੈ। ਇਹ ਨਦੀ ਸ਼ਹਿਰ ਨੂੰ ਪੀਣ ਦਾ ਪਾਣੀ ਦਿੰਦੀ ਹੈ। ਦਰਿਆ ਜਿਹਲਮ ਦੇ ਪਹਿਲੇ ਪੁਲ ਮੀਰਾ ਕਦਲ ਤੋਂ ਹੇਠਾ ਖੱਬੇ ਕੰਢੇ ਪਰ ਸ਼ੇਰਗੜ੍ਹੀ ਆਉਂਦੀ ਹੈ। ਇੱਥੇ ਹੀ ਕਸ਼ਮੀਰ

WWW.SIKHBOOKCLUB.COM

ਦਾ ਗਵਰਨਰ ਤੇ ਹੋਰਨਾਂ ਵੱਡੇ ਅਫ਼ਸਰਾਂ ਦੇ ਨਿਵਾਸ ਅਸਥਾਨ ਸਨ।

ਜੈਨਾ ਕਦਲ ਦੇ ਸੱਜੇ ਕੰਢੇ ਸ੍ਰੀਨਗਰ ਦਾ ਬੜਾ ਰਮਣੀਕ ਬਾਜ਼ਾਰ ਮਹਾਰਾਜਾ ਗੰਜ ਹੈ ਜਿੱਥੇ ਕਸ਼ਮੀਰ ਦੀਆਂ ਸਾਰੀਆਂ ਦਸਤਕਾਰੀਆਂ ਦੀ ਮੰਡੀ ਹੈ।

ਇਸੇ ਤਰ੍ਹਾਂ ਦੂਜੇ ਪੁਲ ਦੇ ਲਾਗੇ ਪ੍ਰਸਿੱਧ ਸ਼ਾਲਾਂ ਦੇ ਵਿਉਪਾਰ ਦੀ ਥਾਂ ਸੀ। ਚੌਥਾ ਪੁਲ, ਜੈਨਾ ਕਦਲ ਦੋਹਾਂ ਗੱਲਾਂ ਲਈ ਬੜਾ ਪ੍ਰਸਿੱਧ ਸੀ। ਇਕ ਤਾਂ ਇੱਥੇ ਕਸ਼ਮੀਰ ਦੇ ਨੇਕ ਨਾਮ ਬਾਦਸ਼ਾਹ ਜੈਨਲਆਬਦੀਨ ਦਾ ਮਕਬਰਾ ਹੈ। ਦੂਜਾ ਸੱਜੇ ਬੰਨੇ ਸ੍ਰੀਨਗਰ ਦਾ ਸਭ ਤੋਂ ਨਾਮੀ ਬਜ਼ਾਰ ਹੈ ਜਿਸ ਦਾ ਨਾਂ ਮਹਾਰਾਜ ਗੰਜ ਹੈ। ਇੱਥੇ ਚਾਂਦੀ ਦੇ ਚਿੱਤਰਕਾਰੀ ਦੇ ਭਾਂਡਿਆਂ ਤੇ ਗਹਿਣਿਆਂ ਨੂੰ ਬਣਾਉਣ ਵਾਲੇ ਸੁਨਿਆਰਿਆਂ ਤੇ ਚਿੱਤਰਕਾਰਾਂ ਦੀਆਂ ਦੁਕਾਨਾਂ ਹਨ। ਇਸ ਦੇ ਨਾਲ ਹੀ ਤਾਂਬੇ ਪਰ ਫੁਲ ਦਾ ਕੰਮ ਕਰਨ ਦੇ ਕਾਰੀਗਰ, ਤਿਪਾਈਆਂ ਤੇ ਛੋਟੇ ਮੇਜ਼ਾਂ ਦੇ ਉੱਪਰ ਸਜਾਣ ਲਈ ਥਾਲ ਚਿਤਰਨ ਵਾਲੇ ਠਠਿਆਰਾਂ ਦੀਆਂ ਹੱਟੀਆਂ ਹਨ। ਕਸ਼ਮੀਰ ਦਾ ਸਭ ਤੋਂ ਅਸਚਰਜ ਕਾਰੀਗਰੀ ਦਾ ਕੰਮ ਅਖਰੋਟ ਦੀ ਲਕੜ ਪਰ ਖੁਦਾਈ ਦਾ ਕੰਮ ਅਤੇ ਕਾਗਜ਼ ਪਰ ਰੰਗ ਰੋਗਨ ਦਾ ਹੁਨਰ ਹੈ। ਇਹ ਕਲਮਦਾਨਾਂ, ਬਕਸਿਆਂ, ਫੁਲਦਾਨਾਂ ਆਦਿ ਪਰ ਬੜੇ ਸੁੰਦਰ ਢੰਗ ਨਾਲ ਲਿਖਾਈ ਤੇ ਚਿੱਤਰਕਾਰੀ ਦਾ ਕੰਮ ਹੈ।

ਸ੍ਰੀਨਗਰ ਦਾ ਕਿਲਾ ਹਰੀ ਪਰਬਤ ਪਰ ਅਕਬਰ ਬਾਦਸ਼ਾਹ ਨੇ ਸ਼ਹਿਰ ਦੀ ਰੱਖਿਆ ਲਈ ਉਸਾਰਿਆ ਸੀ। ਇਹ ਧਰਤੀ ਤੋਂ ਕੋਈ ਦੋ ਸੌ ਗਜ਼ ਉਚਾਈ ਪਰ ਹੈ। ਇੱਥੇ ਹੋਰਨਾਂ ਅਨੇਕਾਂ ਦਸਤਕਾਰੀਆਂ ਤੋਂ ਛੁਟ ਕਸ਼ਮੀਰ ਵਰਗੇ ਫਲ ਵੀ ਕੁਦਰਤ ਵੱਲੋਂ ਕਿਸੇ ਹੋਰ ਥਾਂ ਨਹੀਂ ਮਿਲਦੇ। ਇੱਥੇ ਦੇ ਸੇਬ, ਨਾਖਾਂ, ਅਲੂਚੇ, ਆਲੂ ਬਖਾਰਾ, ਗਲਾਸ ਆਦਿ ਖ਼ਾਸ ਪ੍ਰਸਿੱਧਤਾ ਰਖਦੇ ਸਨ।

ਨਮਦਾ, ਪਟੀ, ਧੁਸੇ, ਹਲਵਾਨ ਅਤੇ ਪਸ਼ਮੀਨੇ ਦੇ ਨਾਲ ਦਾ ਕੰਮ ਸੰਸਾਰ ਭਰ ਵਿਚ ਘੱਟ ਹੀ ਮਿਲਦਾ ਸੀ।

## ਡੇਰਾ ਗਾਜ਼ੀਖ਼ਾਨ

ਇਹ ਸ਼ਹਿਰ ਖ਼ਾਲਸਾ ਰਾਜ ਵਿਚ ਬੜੀ ਮਹੱਤਤਾ ਰਖਦਾ ਸੀ। ਇਹ ਨਾ ਕੇਵਲ ਵਪਾਰ ਦੀ ਵੱਡੀ ਮੰਡੀ ਸੀ ਸਗੋਂ ਪੰਜਾਬ ਦੀ ਰੱਖਿਆ ਅਤੇ ਰਾਜਸੀ ਦ੍ਰਿਸ਼ਟੀਕੋਣ ਤੋਂ ਵੀ ਇਹ ਬੜੀ ਅਹਿਮੀਅਤ ਰਖਦਾ ਸੀ। ਇਸ ਨੂੰ ਕਾਬਲ, ਕੰਧਾਰ ਅਤੇ ਖੁਰਾਸਾਨ ਦਾ ਦਰਵਾਜ਼ਾ ਮੰਨਿਆ ਜਾਂਦਾ ਸੀ। ਇੱਥੇ ਦਾ ਬਣਿਆ ਬਾਫਤਾ, ਸੂਸੀ, ਕਈ ਨਮੂਨਿਆਂ ਦੀਆਂ ਛੀਂਟਾਂ, ਲੁੰਗੀਆਂ, ਗੁਲਬਦਨ, ਦਰੀਆਂ ਤੇ ਪਟ ਦਾ ਬਣਿਆ ਧਾਰੀਦਾਰ ਕਪੜਾ ਨਾ ਕੇਵਲ ਅਫ਼ਗਾਨਿਸਤਾਨ ਵਿਚ ਵਰਤਿਆ ਜਾਂਦਾ ਸੀ, ਸਗੋਂ ਪੰਜਾਬ ਅਤੇ ਹਿੰਦ ਵਿਚ ਵੀ ਇਸ ਦੀ ਬੜੀ ਭਾਰੀ ਖਪਤ ਸੀ। ਇਹ ਅੰਗਰੇਜ਼ੀ ਕਪੜੇ ਦੇ ਟਾਕਰੇ ਪਰ ਵਧੇਰਾ ਹੰਢਣਸਾਰ ਗਿਣਿਆ ਜਾਂਦਾ ਸੀ।[1] ਕੱਚਾ ਪਟ ਸਿੱਧਾ ਬੁਖਾਰੇ ਤੋਂ ਆਉਂਦਾ ਸੀ ਅਤੇ ਇਸ ਦਾ ਕਪੜਾ ਤਿਆਰ ਹੋ ਕੇ ਦੂਰ ਦੇਸ਼ਾਂ ਵਿਚ ਵਿਕਦਾ ਸੀ। ਸੰਨ 1837 ਦੀਆਂ ਲਿਖਤਾਂ ਤੋਂ ਪਤਾ ਮਿਲਦਾ ਹੈ ਕਿ ਇਸ ਸਾਲ ਇਸ ਦੀ

1. ਅਲੈਗਜ਼ੈਂਡਰ ਬਰਨਜ਼, ਕਾਬੁਲ, ਸਫਾ 81

WWW.SIKHBOOKCLUB.COM 

1,50,000 ਰੁਪਏ ਦੀ ਵਿਕਰੀ ਹੋ ਗਈ ਸੀ।

ਕਪੜੇ ਦੀ ਦਸਤਕਾਰੀ ਤੋਂ ਛੁੱਟ ਇੱਥੇ ਦੀਆਂ ਬਣੀਆਂ ਤਲਵਾਰਾਂ, ਛੁਰੇ, ਕਟਾਰਾਂ ਅਤੇ ਕੈਂਚੀਆਂ ਬੜੀ ਪ੍ਰਸਿੱਧਤਾ ਰਖਦੀਆਂ ਸਨ।

ਇੱਥੇ ਦੇ ਬਜ਼ਾਰ ਵਿਚ 1600 ਹੱਟਾਂ ਸਨ, ਜਿਨ੍ਹਾਂ ਵਿਚੋਂ 530 ਕਪੜਾ ਵੇਚਣ ਵਾਲਿਆਂ ਦੀਆਂ ਸਨ। ਖ਼ਾਲਸਾ ਰਾਜ ਸਮੇਂ ਇਸ ਨੇ ਵਿਉਪਾਰਕ ਤੌਰ ਪਰ ਬੜੀ ਉੱਨਤੀ ਪ੍ਰਾਪਤ ਕੀਤੀ ਸੀ।

ਇਸ ਦਾ ਵੱਡਾ ਕਾਰਨ ਇਹ ਸੀ ਕਿ ਖਾਲਸਾ ਹਕੂਮਤ ਵੱਲੋਂ ਇੱਥੇ ਦੇ ਵਪਾਰੀ ਵਸਨੀਕਾਂ ਦੀ ਰੱਖਿਆ ਦਾ ਪੂਰਨ ਪ੍ਰਬੰਧ ਸੀ।[1]

ਇਸ ਸ਼ਹਿਰ ਦੇ ਵਸਨੀਕਾਂ ਦੀ ਗਿਣਤੀ 25,000 ਸੀ। ਸੰਨ 1822 ਦੇ ਆਰੰਭ ਵਿਚ ਖ਼ਾਲਸਾ ਫ਼ੌਜ ਨੇ ਅਫ਼ਗਾਨਾਂ ਨੂੰ ਹਾਰ ਦੇ ਕੇ ਇਸ ਨੂੰ ਖ਼ਾਲਸਾ ਰਾਜ ਵਿਚ ਮਿਲਾ ਲਿਆ ਸੀ। ਉਸੇ ਦਿਨ ਤੋਂ ਇਹ ਸ਼ਹਿਰ ਦਸਤਕਾਰੀ ਅਤੇ ਵਪਾਰ ਵਿਚ ਵਧਦਾ ਜਾ ਰਿਹਾ ਹੈ।[2]

ਡੇਰਾ ਗ਼ਾਜ਼ੀ ਖਾਨ ਦਰਿਆ ਸਿੰਧ ਤੋਂ 3 ਕੋਹ ਦੀ ਦੂਰੀ ਪਰ ਸੀ। ਇਸ ਸ਼ਹਿਰ ਦੇ ਚਗਿਰਦੇ ਘਣੇ ਫਲਦਾਰ ਬਾਗ ਸਨ ਜਿਨ੍ਹਾਂ ਵਿਚ ਖਜੂਰਾਂ ਦੀ ਸੰਖਿਆ 80,000 ਦੇ ਲਗਭਗ ਸੀ। ਇਸ ਦੀ ਉਪਜ ਬੜੀ ਲਾਭਦਾਇਕ ਸੀ। ਇੱਥੇ ਦੀ ਇਕ ਹੋਰ ਉਪਜ ਬੜੀ ਲੋੜੀਂਦੀ ਅਤੇ ਕਮਾਈ ਵਾਲੀ ਸੀ। ਉਹ ਸੀ ਨੀਲ ਜੋ ਸੰਨ 1838 ਵਿਚ ਇੱਥੋਂ 2000 (ਦੋ ਹਜ਼ਾਰ) ਮਣ ਬਾਹਰ ਭੇਜਿਆ ਗਿਆ ਸੀ। ਇਸ ਦਾ ਮੁੱਲ 1,30,000 (ਇਕ ਲੱਖ ਤੀਹ ਹਜ਼ਾਰ) ਰੁਪਿਆ ਬਣਦਾ ਸੀ। ਇਸ ਦੀ ਵਧੇਰੀ ਖਪਤ ਕਾਬਲ, ਬੁਖਾਰਾ ਅਤੇ ਪੰਜਾਬ ਵਿਚ ਹੁੰਦੀ ਸੀ। ਨੀਲ ਤੋਂ ਛੁਟ ਇੱਥੇ ਦੀ ਰੂਈ ਵੀ ਬੜੀ ਵਧੀਆ ਅਤੇ ਮੁਲਾਇਮ ਹੁੰਦੀ ਸੀ ਅਤੇ ਲਗਭਗ 25,000 ਮਣ ਸਾਲਾਨਾ ਬਾਹਰ ਜਾਂਦੀ ਸੀ ਤੇ ਗੰਨੇ ਦੀ ਉਪਜ ਵੀ ਚੋਖੀ ਹੁੰਦੀ ਸੀ। ਛੋਲੇ, ਕਣਕ ਤੇ ਜੌਂ ਵੀ ਖਾਸੇ ਉਪਜਦੇ ਸਨ। ਚਾਵਲਾਂ ਦੀ ਪੈਦਾਵਾਰ ਵੀ ਘੱਟ ਨਹੀਂ ਸੀ ਪਰ ਇਹ ਰਤੀ ਜਿਹੀ ਰੰਗਤ ਦੇ ਹੁੰਦੇ ਸਨ ਜਿਨ੍ਹਾਂ ਨੂੰ ਬਹੁਤਾ ਵਧੀਆ ਨਹੀਂ ਸਮਝਿਆ ਜਾਂਦਾ ਸੀ। ਬਰਨਜ਼ ਲਿਖਦਾ ਹੈ "ਜਦ ਤਕ ਇਹ ਸ਼ਹਿਰ ਅਫ਼ਗਾਨਾਂ ਦੇ ਕਬਜ਼ੇ ਵਿਚ ਰਿਹਾ, ਇੱਥੇ ਦੇ ਵਸਨੀਕਾਂ ਪਰ ਤਰ੍ਹਾਂ-ਤਰ੍ਹਾਂ ਦੇ ਕਰ ਲਾਏ ਜਾਂਦੇ ਸਨ। ਦੂਜੇ ਡਾਕੂਆਂ ਤੇ ਚੋਰਾਂ ਤੋਂ ਬਚਾਉਣ ਦਾ ਵੀ ਕੋਈ ਪ੍ਰਬੰਧ ਨਹੀਂ ਸੀ, ਪਰ ਜਦ ਤੋਂ ਸਿੱਖਾਂ ਨੇ ਇਸ ਨੂੰ ਅਫ਼ਗਾਨਾਂ ਤੋਂ ਫ਼ਤਹਿ ਕਰਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਹੈ ਤਦ ਤੋਂ ਸਭ ਤੋਂ ਪਹਿਲਾਂ ਸ਼ਹਿਰ ਅਤੇ ਵਪਾਰੀਆਂ ਦੀ ਰੱਖਿਆ ਦਾ ਬੜਾ ਪੱਕਾ ਪ੍ਰਬੰਧ ਕੀਤਾ ਗਿਆ ਹੈ। ਟੈਕਸ ਵਧਾਉਣ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਨੇ ਉਲਟਾ 3,50,000 ਰੁਪਿਆ ਪੁਰਾਣੇ ਟੈਕਸ ਵਿਚ ਵਪਾਰ ਨੂੰ ਛੋਟ ਦੇ ਦਿੱਤੀ।"[3] ਇਸ ਤੋਂ ਛੁਟ ਵਪਾਰੀਆਂ ਦੀ ਆਵਾਜਾਈ ਲਈ ਸਾਰੇ ਇਲਾਕੇ ਵਿਚ ਚੰਗੀਆਂ ਸੜਕਾਂ ਤਿਆਰ ਕਰਵਾਈਆਂ।[4]

---

1. ਅਲੈਗਜ਼ੈਂਡਰ ਬਰਨਜ਼, ਕਾਬੁਲ, ਸਫ਼ਾ 82
2. ਅਲੈਗਜ਼ੈਂਡਰ ਬਰਨਜ਼, ਕਾਬੁਲ, ਸਫ਼ਾ 82
3. ਬਰਨਜ਼, ਕਾਬੁਲ, ਸਫ਼ਾ 84
4. ਬਰਨਜ਼, ਸਫ਼ਾ 84

ਹੁਣ ਇਥੇ ਵੱਡੇ-ਵੱਡੇ ਕਾਰਵਾਨ ਤਿਆਰ ਹੋ ਕੇ ਕਾਬਲ, ਕੰਧਾਰ, ਸੀਸਤਾਨ ਤੇ ਬੁਖਾਰੇ ਤਕ ਜਾਂਦੇ ਹਨ। ਸੰਨ 1834 ਦੇ ਸਾਲ ਦੇ ਚੁੰਗੀ ਦੇ ਰਜਿਸਟਰਾਂ ਤੋਂ ਪਤਾ ਲਗਦਾ ਹੈ ਕਿ 140 ਊਠ ਸੁਦਾਗਰੀ ਦੇ ਮਾਲ ਨਾਲ ਲੱਦੇ ਹੋਏ ਇਥੋਂ ਬਾਹਰ ਗਏ।

ਬੁਖਾਰਾ, ਅਫ਼ਗਾਨਿਸਤਾਨ ਤੇ ਖੁਰਾਸਾਨ ਤੋਂ ਇਥੇ ਵਿਕਣ ਲਈ ਘੋੜੇ, ਕਈ ਤਰ੍ਹਾਂ ਦੇ ਰੰਗ, ਫਲ, ਪਿਸਤਾ, ਬਦਾਮ, ਸਾਓਗੀ, ਗ਼ਲੀਚੇ ਅਤੇ ਕਾਬਲ ਦੀ ਹੋਰ ਉਪਜ ਹਜ਼ਾਰਾਂ ਮਣਾਂ ਵਿਚ ਆਉਂਦੇ ਸਨ ਅਤੇ ਇਥੋਂ ਸਾਰੇ ਪੰਜਾਬ ਤੇ ਹਿੰਦ ਅਤੇ ਵਲੈਤ ਤਕ ਜਾਂਦੇ ਸਨ। ਇਸ ਸ਼ਹਿਰ ਦੀ ਮਹੱਤਤਾ ਇਸ ਗੱਲ ਨਾਲ ਬਹੁਤ ਵੱਧ ਗਈ ਸੀ ਕਿ ਬਦੇਸ਼ਾਂ ਵਿਚ ਜਾਣ ਵਾਲੇ ਕਾਰਵਾਨ ਜਾਂ ਕਾਫ਼ਲੇ ਇਥੇ ਤਿਆਰ ਹੋ ਕੇ ਕੂਚ ਕਰਦੇ ਹੁੰਦੇ ਸਨ। ਹੇਠ ਲਿਖਿਆਂ ਰਾਹਾਂ ਦੁਆਰਾ ਇਥੇ ਵਪਾਰ ਦੀਆਂ ਜਿਨਸਾਂ ਪਹੁੰਚਦੀਆਂ ਸਨ।

1. ਕਲਕੱਤਾ ਤੋਂ ਲਖਨਊ, ਦਿੱਲੀ, ਹਾਂਸੀ ਅਤੇ ਬਹਾਵਲਪੁਰ ਦਾ ਰਾਹ
2. ਬੰਬਈ ਤੋਂ ਬੀਕਾਨੇਰ, ਬਹਾਵਲਪੁਰ ਅਤੇ ਮੁਲਤਾਨ ਦਾ ਰਾਹ।
3. ਅੰਮ੍ਰਿਤਸਰ ਤੋਂ ਝੰਗ ਦਾ ਰਾਹ
4. ਲਹੀਆ ਤੋਂ ਡੇਰਾ ਬੰਦ ਦਾ ਰਾਹ।

ਡੇਰਾ ਗਾਜ਼ੀ ਖ਼ਾਨ ਬਾਰੇ ਲਿਖਤ ਬੰਦ ਕਰਨ ਤੋਂ ਪਹਿਲਾਂ ਅਸੀਂ ਇਥੇ ਦੇ ਕਾਰੀਗਰਾਂ, ਵਪਾਰੀਆਂ, ਸਰਾਫ਼ਾਂ, ਜਵਾਹਿਰੀਆਂ ਆਦਿ ਦਾ ਵੇਰਵਾ ਦਿੰਦੇ ਹਾਂ :

| | | |
|---|---|---|
| ਬਜਾਜੀ ਦੀਆਂ | ... | 115 ਦੁਕਾਨਾਂ |
| ਪਟ ਦੇ ਵਪਾਰੀਆਂ ਦੀਆਂ | ... | 25 ਦੁਕਾਨਾਂ |
| ਚਿੱਟੇ ਕਪੜੇ ਬਣਨ ਵਾਲੇ ਕਾਰੀਗਰਾਂ ਦੀਆਂ | ... | 128 ਦੁਕਾਨਾਂ |
| ਰੇਸ਼ਮੀ ਗੁਲਬਦਨ ਆਦਿ ਬੁਣਨ ਵਾਲਿਆਂ ਦੀਆਂ | ... | 112 ਦੁਕਾਨਾਂ |
| ਕਪੜੇ ਨੂੰ ਧੋਕੇ ਭਤ ਲਾਉਣ ਵਾਲੇ ਦੰਦੀਗਰਾਂ ਦੀਆਂ | ... | 25 ਦੁਕਾਨਾਂ |
| ਰੂਈ ਫੁਟੀ ਦੇ ਵਪਾਰੀਆਂ ਦੀਆਂ | ... | 17 ਦੁਕਾਨਾਂ |
| ਅਨਾਜ ਦੇ ਵਪਾਰੀਆਂ ਦੀਆਂ | ... | 219 ਦੁਕਾਨਾਂ |
| ਜੁਤੀਆਂ ਤਿਆਰ ਕਰਨ ਵਾਲਿਆਂ ਦੀਆਂ | ... | 55 ਦੁਕਾਨਾਂ |
| ਹਿੰਦੂ ਜੁਤੀਆਂ ਵੇਚਣ ਵਾਲਿਆਂ ਦੀਆਂ | ... | 25 ਦੁਕਾਨਾਂ |
| ਟੋਪੀਆਂ ਕੁਲੇ ਬਣਾਉਣ ਵਾਲਿਆਂ ਦੀਆਂ | ... | 15 ਦੁਕਾਨਾਂ |
| ਦਰਜੀਆਂ ਦੀਆਂ | ... | 50 ਦੁਕਾਨਾਂ |
| ਮਾਸ ਵੇਚਣ ਵਾਲਿਆਂ ਦੀਆਂ | ... | 15 ਦੁਕਾਨਾਂ |
| ਸਬਜ਼ੀ ਵੇਚਣ ਵਾਲਿਆਂ ਦੀਆਂ | ... | 40 ਦੁਕਾਨਾਂ |
| ਫੁੱਲ ਵੇਚਣ ਵਾਲਿਆਂ ਦੀਆਂ | ... | 32 ਦੁਕਾਨਾਂ |
| ਦੁੱਧ ਵੇਚਣ ਵਾਲਿਆਂ ਦੀਆਂ | ... | 30 ਦੁਕਾਨਾਂ |
| ਹਲਵਾਈਆਂ ਦੀਆਂ | ... | 75 ਦੁਕਾਨਾਂ |
| ਖਾਣਾ ਪਕਾਉਣ ਵਾਲੇ ਨਨਵਾਈਆਂ ਦੀਆਂ | ... | 40 ਦੁਕਾਨਾਂ |

| | | |
|---|---|---|
| ਵੈਦਾਂ, ਹਕੀਮਾਂ ਤੇ ਪਨਸਾਰੀਆਂ ਦੀਆਂ | ... | 10 ਦੁਕਾਨਾਂ |
| ਸ਼ੀਸ਼ੇ ਆਦਿ ਵੇਚਣ ਵਾਲਿਆਂ ਦੀਆਂ | ... | 30 ਦੁਕਾਨਾਂ |
| ਹਾਥੀ ਦੰਦ ਦਾ ਕੰਮ ਕਰਨ ਵਾਲਿਆਂ ਦੀਆਂ | ... | 30 ਦੁਕਾਨਾਂ |
| ਲੁਹਾਰਾਂ ਦੀਆਂ | ... | 45 ਦੁਕਾਨਾਂ |
| ਤਰਖਾਣਾਂ ਦੀਆਂ | ... | 25 ਦੁਕਾਨਾਂ |
| ਜਵਾਹਿਰੀ ਸਰਾਫਾਂ ਦੀਆਂ | ... | 60 ਦੁਕਾਨਾਂ |
| ਤਲਵਾਰਾਂ ਤੇ ਕਟਾਰਾਂ ਵੇਚਣ ਵਾਲਿਆਂ ਦੀਆਂ | ... | 12 ਦੁਕਾਨਾਂ |
| ਚਮੜਾ ਵੇਚਣ ਵਾਲਿਆਂ ਦੀਆਂ | ... | 9 ਦੁਕਾਨਾਂ |
| ਤੰਬੂ ਤੇ ਨਮਦੇ ਬਣਾਉਣ ਵਾਲਿਆਂ ਦੀਆਂ | ... | 30 ਦੁਕਾਨਾਂ |
| ਕਾਠੀਆਂ ਬਣਾਉਣ ਵਾਲਿਆਂ ਦੀਆਂ | ... | 20 ਦੁਕਾਨਾਂ |
| ਧੋਬੀਆਂ ਦੀਆਂ | ... | 50 ਦੁਕਾਨਾਂ |
| ਰੰਗਸਾਜ਼ੀ ਦੀਆਂ | ... | 15 ਦੁਕਾਨਾਂ |
| ਤਮਾਕੂ ਤੇ ਭੰਗ ਵਾਲਿਆਂ ਦੀਆਂ | ... | 30 ਦੁਕਾਨਾਂ |
| ਲੂਣ ਤੇ ਚੂੜੀਆਂ ਵੇਚਣ ਵਾਲਿਆਂ ਦੀਆਂ | ... | 12 ਦੁਕਾਨਾਂ |
| ਹੁੱਕੇ ਵੇਚਣ ਵਾਲਿਆ ਦੀਆਂ | ... | 18 ਦੁਕਾਨਾਂ |
| ਕਾਗਜ਼ ਫਰੋਸ਼ਾਂ ਦੀਆਂ | ... | 18 ਦੁਕਾਨਾਂ |
| ਇਸ ਸਮੇਂ ਜੋ ਦੁਕਾਨਾਂ ਬੰਦ ਸਨ ਤੇ ਜਿਨ੍ਹਾਂ ਬਾਰੇ ਪਤਾ ਨਹੀਂ ਮਿਲ ਸਕਿਆ | ... | 63 ਦੁਕਾਨਾਂ |
| ਜੋੜ ਦੁਕਾਨਾਂ | | 597* |

## ਝੰਗ ਮਘਿਆਣਾ

ਝੰਗ ਮਘਿਆਣਾ ਵੀ ਮੋਟੇ ਕਪੜੇ ਦੀ ਪੈਦਾਵਾਰ ਲਈ ਬੜਾ ਪ੍ਰਸਿੱਧ ਸੀ। ਇੱਥੋਂ ਹਜ਼ਾਰਾਂ ਊਠ ਲੋਗਾਨੀ ਸੌਦਾਗਰਾਂ ਦੇ ਲਦੀਦੇ ਹੁੰਦੇ ਸਨ। ਇਹ ਅੰਮ੍ਰਿਤਸਰ ਵਪਾਰ ਦੇ ਗੜ੍ਹ ਅਤੇ ਡੇਰਾ ਗਾਜ਼ੀ ਖ਼ਾਨ ਦੇ ਵਿਚਾਲੇ ਸੁਕੇ ਰਾਹ ਪਰ ਸਭ ਤੋਂ ਨੇੜੇ ਸ਼ਹਿਰ ਸੀ। ਇਸ ਲਈ ਇੱਥੋਂ ਦੀ ਤਜਾਰਤ ਵਿਸ਼ੇਸ਼ ਦਰਜਾ ਰਖਦੀ ਸੀ। (ਬਰਨਜ਼, ਕਾਬੁਲ, ਸਫਾ 286)। ਇੱਥੇ ਹੇਠ ਲਿਖੀਆਂ ਚੀਜ਼ਾਂ ਦਾ ਵਪਾਰ ਹੁੰਦਾ ਸੀ। (ਬਰਨਜ਼, ਕਾਬੁਲ, ਸਫੇ 301-30)।

ਨੋਟ : ਆਮ ਸ਼ਹਿਰਾਂ ਤੋਂ ਛੁਟ ਪ੍ਰਸਿੱਧ ਕੇਂਦਰਾਂ ਵਿਚ ਮੇਲੇ ਤੇ ਮੀਨਾ ਬਜ਼ਾਰ ਲਾਏ ਜਾਂਦੇ ਸਨ ਜਿਸ ਦਾ ਸਾਰਾ ਪ੍ਰਬੰਧ, ਰੱਖਿਆ, ਰਸਤਿਆਂ ਦੀਆਂ ਸਹੂਲਤਾਂ, ਅਰੋਗਤਾ ਤੇ ਸਿਹਤ ਦੀ ਦੇਖ-ਰੇਖ, ਵਪਾਰੀਆਂ ਤੇ ਸੌਦਾਗਰਾਂ ਦੇ ਝਗੜੇ, ਤਨਾਜ਼ਿਆਂ ਦੇ ਨਿਆਂਸ਼ੀਲ ਫ਼ੈਸਲੇ, ਇਹ ਸਭ ਹਕੂਮਤ ਕਰਦੀ ਸੀ। ਹਕੂਮਤ ਵੱਲੋਂ ਮੇਲੇ ਦੇ ਸਮੇਂ ਲਈ ਫ਼ੌਜ ਦੇ ਪਹਿਰੇ ਲਗੇ ਰਹਿੰਦੇ ਸਨ ਤਾਂਕਿ ਕੋਈ

*ਇਹ ਸੂਚੀ ਬਰਨਜ਼ ਨੇ ਸੰਨ 1867 ਵਿਚ ਆਪ ਮੌਕੇ ਪਰ ਤਿਆਰ ਕੀਤੀ, ਸਫ਼ਾ 431

ਸ਼ਕਤੀਵਾਨ ਕਿਸੇ ਨਿਤਾਣੇ ਪਰ ਧੱਕਾ ਨਾ ਕਰ ਸਕੇ। ਮੇਲਿਆਂ ਵਿਚ ਮਾਲ ਦੇ ਰਖਣ ਲਈ ਲੰਮੇ ਗੁਦਾਮ ਹਕੂਮਤ ਵੱਲੋਂ ਤਿਆਰ ਕੀਤੇ ਜਾਂਦੇ ਸਨ ਤੇ ਇਨ੍ਹਾਂ ਦਾ ਵਪਾਰੀਆਂ ਤੋਂ ਬੜਾ ਨਰਮ ਕਿਰਾਇਆ ਲਿਆ ਜਾਂਦਾ ਸੀ। ਸਰਕਾਰ ਲਈ ਬਾਹਰੋਂ ਮਾਲ ਆਉਣ ਪਰ 1½ ਅਤੇ ਬਾਹਰ ਜਾਣ ਪਰ 1 ਰੁਪਿਆ ਸੈਂਕੜਾ ਲਿਆ ਜਾਂਦਾ ਸੀ।

## ਪਿੰਡ ਦਾਦਨ ਖਾਨ

ਇੱਥੇ ਕਿਸ਼ਤੀਆਂ ਤੇ ਬੇੜੀਆਂ ਦੇ ਬਣਾਉਣ ਦਾ ਬੜਾ ਕਾਰਖਾਨਾ ਸੀ। ਇਹ ਦਰਿਆ ਜਿਹਲਮ ਦੇ ਕੰਢੇ ਪਰ ਸੀ। ਇਸ ਨੂੰ ਲਕੜੀ ਦਰਿਆ ਜਿਹਲਮ ਰਾਹੀਂ ਕਸ਼ਮੀਰ ਤੋਂ ਮਿਲਦੀ ਸੀ।

## ਅਟਕ ਸ਼ਹਿਰ

ਇਹ ਬੜਾ ਪੁਰਾਣਾ ਸ਼ਹਿਰ ਸੀ। ਖ਼ਾਸ ਕਰ ਮੁਗ਼ਲਾਂ ਦੇ ਸਮੇਂ ਇਸ ਨੇ ਬੜੀ ਪ੍ਰਸਿੱਧਤਾ ਪ੍ਰਾਪਤ ਕੀਤੀ ਸੀ। ਮੁਗਲ ਬਾਦਸ਼ਾਹ ਪਿਸ਼ਾਵਰ ਤੇ ਕਾਬਲ ਜਾਂਦਿਆਂ ਇੱਥੇ ਕੁਝ ਦਿਨ ਜ਼ਰੂਰ ਅਟਕਦੇ ਹੁੰਦੇ ਸਨ। ਆਪਣੇ ਰਹਿਣ ਲਈ ਉਨ੍ਹਾਂ ਇੱਥੇ ਬੜੀਆਂ ਪੱਕੀਆਂ ਸਰਾਵਾਂ ਤੇ ਮਹਲ ਬਣਾਏ ਸਨ। ਵਿਸ਼ੇਸ਼ ਕਰਕੇ ਅਕਬਰ ਨੇ ਜਦ ਇੱਥੇ ਸੰਨ 1583 ਵਿਚ ਕਿਲਾ ਵਸਾਇਆ ਤਦ ਤੋਂ ਇਹ ਸ਼ਹਿਰ ਬੜੀ ਰੌਣਕ ਪਰ ਸੀ।

ਇੱਥੇ ਦੇ ਦੂਰ ਤਕ ਖਿਲਰੇ ਹੋਏ ਬਜ਼ਾਰ ਤੇ ਮਹੱਲਿਆਂ ਦੇ ਖੰਡਰ ਵੇਖਿਆਂ ਸੁਤੇ ਹੀ ਅਨੁਭਵ ਹੋ ਜਾਂਦਾ ਹੈ ਕਿ ਇਹ ਕਿੰਨਾ ਵੱਡਾ ਸ਼ਹਿਰ ਸੀ। ਇੱਥੇ ਦਾ ਵਪਾਰ ਦੂਰ-ਦੂਰ ਤਕ ਖਿਲਰਿਆ ਹੋਇਆ ਸੀ। ਖ਼ਾਲਸਾ ਰਾਜ ਸਮੇ ਤਾਂ ਇਹ ਮੁਗ਼ਲਾਂ ਦੇ ਸਮੇ ਤੋਂ ਵੀ ਵਧੇਰਾ ਰਮਣੀਕ ਹੋ ਗਿਆ ਸੀ। ਇੱਥੇ ਦੇ ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਦੀ ਅੱਜ ਵੀ ਗਿਣਤੀ ਕੀਤਿਆਂ ਸੌਖਾ ਪਤਾ ਮਿਲ ਜਾਂਦਾ ਹੈ ਕਿ ਇੱਥੇ ਤਿੰਨਾਂ ਕੌਮਾਂ ਦੀ ਵਸੋਂ ਕਿਤਨੀ ਸੰਘਣੀ ਸੀ।

ਖ਼ਾਲਸੇ ਦਾ ਇੱਥੇ ਬੇੜੀਆਂ ਬਣਾਉਣ ਦਾ ਇਕ ਵੱਡਾ ਕਾਰਖਾਨਾ ਸੀ। ਬੇੜੀਆਂ ਬਣਾਉਣ ਲਈ ਇੱਥੇ ਲਕੜ ਦਰਿਆ ਲੁੰਡੇ ਰਾਹੀਂ ਕਾਬਲ ਤੇ ਸਵਾਤ ਤੋਂ ਪਹੁੰਚਦੀ ਰਹਿੰਦੀ ਸੀ। ਲੋਹਾ ਬਜੌੜ ਦੀਆਂ ਪ੍ਰਸਿੱਧ ਖਾਣਾਂ ਤੋਂ ਮਿਲਦਾ ਸੀ। ਇਹ ਹੁਨਰ ਜਾਣਨ ਵਾਲਿਆਂ ਦੀ ਗਿਣਤੀ ਹਜ਼ਾਰਾਂ ਤਕ ਪਹੁੰਚਦੀ ਸੀ। ਇੱਥੇ ਦੀਆਂ ਤਿਆਰ ਕੀਤੀਆਂ ਬੇੜੀਆਂ ਪੰਜਾਬ ਦੇ ਹੋਰਨਾਂ ਕਈ ਦਰਿਆਵਾਂ ਪਰ ਵਰਤਣ ਲਈ ਦੂਰ-ਦੂਰ ਲੈ ਜਾਈਆਂ ਜਾਂਦੀਆਂ ਸਨ। ਇਹ ਕਾਰਖਾਨਾ ਜਿੱਥੇ ਰੋਜ਼ ਦੀਆਂ ਲੋੜਾਂ ਪੂਰੀਆਂ ਕਰਦਾ ਸੀ ਉੱਥੇ ਨਾਲ ਹੀ ਇਸ ਦਾ ਵਪਾਰ ਵੀ ਉੱਨਤੀ ਪਰ ਪੁੱਜਾ ਹੋਇਆ ਸੀ। ਇਕ ਬੇੜੀ ਦਾ ਮੁੱਲ 700 ਤੋਂ 1000 ਰੁਪਏ ਤਕ ਹੁੰਦਾ ਸੀ। ਕੀਮਤ ਬੇੜੀ ਦੀ ਲੰਬਾਈ ਚੁੜਾਈ ਅਨੁਸਾਰ ਵੱਧ ਘੱਟ ਹੁੰਦੀ ਸੀ। ਹਿਊਗਲ ਲਿਖਦਾ ਹੈ ਕਿ ਜਦ ਮੈਂ ਜਨਵਰੀ 1838 ਨੂੰ ਇੱਥੇ ਪੁੱਜਾ ਤਾਂ ਮੈਂ ਇੱਥੇ ਮਹਾਰਾਜਾ ਸਾਹਿਬ ਦੀਆਂ ਬੇੜੀਆਂ ਪੁਲ ਦੀਆਂ ਅਤੇ ਹੋਰ ਤਜਾਰਤੀ ਲਾਦੂ ਕੰਮਾਂ ਲਈ ਆਰ-ਪਾਰ ਜਾਣ ਲਈ ਦੇਖੀਆਂ।

ਇਸ ਸ਼ਹਿਰ ਦੀ ਤਬਾਹੀ ਦਾ ਕਾਰਨ ਅੰਗਰੇਜ਼ਾਂ ਦੇ ਬਣੇ ਦਰਿਆ ਅਟਕ ਪਰ ਰੇਲ ਤੇ ਪੈਦਲ ਜਾਣ ਵਾਲਿਆਂ ਲਈ ਪੁਲ ਸਨ ਜੋ ਇੱਥੋਂ ਤਿੰਨ ਮੀਲ ਦੀ ਦੂਰੀ ਪਰ ਹਨ। ਇਸ ਕਰਕੇ ਅਟਕ ਦੇ ਸ਼ਹਿਰ ਵੱਲੋਂ ਆਵਾਜਾਈ ਦਾ ਰੁਖ ਮੂਲੋਂ ਈ ਬੰਦ ਹੋ ਗਿਆ ਜਿਸ ਦੇ ਨਾਲ ਹੀ ਵਪਾਰ ਦਾ ਅੰਤ ਹੋ ਗਿਆ। ਜਦ ਵਪਾਰ ਨਾ ਰਿਹਾ ਤਾਂ ਵਪਾਰੀ ਵੀ ਨਾ ਰਹੇ ਅਤੇ ਇੱਥੇ ਤਿੰਨ ਛੱਤੇ, ਚਾਰ ਛੱਤੇ ਮਕਾਨਾਂ ਵਿਚ ਉੱਲੂ ਬੋਲਣੇ ਸ਼ੁਰੂ ਹੋਣ ਲਗ ਪਏ। ਇਸ ਤਰ੍ਹਾਂ ਇਹ ਇਤਿਹਾਸਕ ਸ਼ਹਿਰ ਸਦਾ ਲਈ ਬਰਬਾਦ ਹੋ ਗਿਆ।

## ਖ਼ਾਲਸਾ ਰਾਜ ਸਮੇਂ ਕੁਝ ਸ਼ਹਿਰਾਂ ਦੀ ਵਸੋਂ[1]

| *ਨਾਂ ਸ਼ਹਿਰ ਦਾ* | *ਗਿਣਤੀ ਦੁਕਾਨਾਂ ਦੀ* | *ਗਿਣਤੀ ਘਰਾਂ ਦੀ* | *ਗਿਣਤੀ ਵਸਨੀਕਾਂ ਦੀ* |
|---|---|---|---|
| ਅੰਮ੍ਰਿਤਸਰ | 4500 | 14500 | 72500 |
| ਲਾਹੌਰ | 3000 | 12000 | 60000 |
| ਸ੍ਰੀਨਗਰ | 2500 | 12000 | 65000 |
| ਮੁਲਤਾਨ | 1800 | 9000 | 45000 |
| ਪਿਸ਼ਾਵਰ | 2000 | 10000 | 55000 |
| ਡੇਰਾ ਅਸਮਾਈਲਖਾਨ | 300 | 1500 | 5000 |
| ਜੰਮੂ | 2500 | 16000 | 30000 |

## ਗਿਣਤੀ ਖ਼ਾਲਸਾਰਾਜ ਦੀ ਸਾਰੀ ਵਸੋਂ ਦੀ

| | | |
|---|---|---|
| ਕਸ਼ਮੀਰ ਸਣੇ ਮੁਜ਼ੱਫਰਾਬਾਦ | ..... | 5,50,000 |
| ਸੂਬਾ ਮੁਲਤਾਨ | ..... | 7,50,000 |
| ਸੂਬਾ ਪਿਸ਼ਾਵਰ | ..... | 6,00,000 |
| ਡੇਰਾ ਗਾਜ਼ੀ ਖਾਨ, ਡੇਰਾ ਇਸਮਾਈਲ ਖ਼ਾਨ ਤੇ ਬਨੂੰ | ..... | 4,50,000 |
| ਸੂਬਾ ਲਾਹੌਰ ਸਣੇ ਅੰਮ੍ਰਿਤਸਰ ਤੇ ਮਾਝਾ | ..... | 19,00,000 |
| ਦਰਿਆ ਸਿੰਧ ਤੇ ਸਤਲੁਜ ਦਾ ਵਿਚਲਾ ਇਲਾਕਾ | ..... | 11,00,000 |
| | ਜੋੜ | 53,50,000[2] |
| | | ਤ੍ਰਿਵੰਜਾ ਲੱਖ ਪੰਜਾਹ ਹਜ਼ਾਰ |

## ਖ਼ਾਲਸਾ ਰਾਜ ਵਿਚ ਚਿੱਤਰਕਾਰੀ, ਨਕਾਸ਼ੀ, ਜੜਤਕਾਰੀ ਤੇ ਦਸਤਕਾਰੀ

ਖ਼ਾਲਸਾ ਰਾਜ ਵਿਚ ਚਿੱਤਰਕਾਰਾਂ ਨੂੰ ਬੜਾ ਸਤਿਕਾਰਿਆ ਜਾਂਦਾ ਸੀ। ਇਸ ਲਈ ਇਹ ਕੋਮਲ ਹੁਨਰ ਬੜੀ ਉੱਚਾਈ ਪਰ ਪਹੁੰਚ ਗਿਆ ਸੀ। ਉਸ ਸਮੇਂ ਦੀਆਂ ਕਾਗਜ਼ਾਂ ਪਰ ਚਿਤਰੀਆਂ ਮੂਰਤਾਂ ਜਾਂ ਧਾਰਮਿਕ ਪੋਥੀਆਂ ਅਤੇ ਗ੍ਰੰਥਾਂ ਵਿਚ ਕੀਤੀ ਚਿੱਤਰਕਾਰੀ ਅਸਚਰਜਜਨਕ ਹੈ।

1. ਪੰਡਤ ਦੇਬੀ ਪ੍ਰਸ਼ਾਦ, *ਤਵਾਰੀਖੇ ਗੁਲਸ਼ਨੇ ਪੰਜਾਬ*, ਸਫਾ 161
2. ਪੰਡਤ ਦੇਬੀ ਪ੍ਰਸ਼ਾਦ, *ਤਵਾਰੀਖੇ ਗੁਲਸ਼ਨੇ ਪੰਜਾਬ*, ਸਫਾ 162

ਇਨ੍ਹਾਂ ਚਿੱਤਰਾਂ ਨੂੰ ਚਿਤਰਦਿਆਂ ਇਨ੍ਹਾਂ ਚਿੱਤਰਕਾਰਾਂ ਨੇ ਜੋ ਰੰਗ ਵਰਤੇ ਹਨ, ਉਹ ਕਾਰੀਗਰੀ ਤੇ ਹੁਨਰ ਦਾ ਕਮਾਲ ਦ੍ਰਿਸ਼ਟੀਗੋਚਰ ਆ ਖੜਾ ਕਰਦੇ ਹਨ। ਕਾਗਜ਼ੀ ਚਿੱਤਰਕਾਰੀ ਤੋਂ ਛੁਟ ਵੱਡੇ-ਵੱਡੇ ਸਰਦਾਰਾਂ, ਰਈਸਾਂ ਤੇ ਸੇਠਾਂ ਦੀਆਂ ਹਵੇਲੀਆਂ ਦੀਆਂ ਕੰਧਾਂ ਅਤੇ ਛੱਤਾਂ ਪਰ ਕੀਤੀਆਂ ਹੋਈਆ ਚਿੱਤਰਕਾਰੀਆਂ ਦਾ ਕੰਮ ਵੇਖਣ ਵਾਲਿਆਂ ਨੂੰ ਹੈਰਾਨਗੀ ਵਿਚ ਪਾਉਂਦਾ ਹੈ।

ਮਿਸਟਰ ਬਾਰ ਈਸਟ ਇੰਡੀਆ ਕੰਪਨੀ ਦਾ ਜ਼ਿੰਮੇਵਾਰ ਫ਼ੌਜੀ ਅਫ਼ਸਰ ਸੀ ਜਿਸ ਨੇ 20 ਫਰਵਰੀ, 1839 ਨੂੰ ਲਾਹੌਰ ਦਾ ਕਿਲਾ ਵੇਖਿਆ। ਇਹ ਆਪਣੇ ਰੋਜ਼ਨਾਮਚੇ ਵਿਚ ਲਿਖਦਾ ਹੈ ਕਿ ਦੀਵਾਨ ਖ਼ਾਸ ਦੇ ਨਾਲ ਵਾਲੀ ਲੰਮੀ ਚੌੜੀ ਇਮਾਰਤ ਵਿਚ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਚਿੱਤਰ-ਸ਼ਾਲਾ, ਤਸਵੀਰ ਘਰ, ਵੇਖ ਕੇ ਮੈਂ ਹੈਰਾਨ ਹੋ ਗਿਆ। ਇਹ ਲਿਖਦਾ ਹੈ :

ਮਹਾਰਾਜਾ ਰਣਜੀਤ ਸਿੰਘ ਦਾ ਤਸਵੀਰ ਘਰ ਅਨੇਕ ਤਰ੍ਹਾਂ ਦੀਆਂ ਤਸਵੀਰਾਂ ਨਾਲ ਭਰਿਆ ਪਿਆ ਸੀ। ਇਹ ਕੋਮਲ ਹੁਨਰ ਤੇ ਕਲਾਕਾਰੀ ਦਾ ਉੱਚਾ ਨਮੂਨਾ ਸਨ। ਇਨ੍ਹਾਂ ਵਿਚੋਂ ਕੁਝ ਕੁ ਚਿੱਤਰਾਂ ਦਾ ਮਿਸਟਰ ਬਾਰ ਨੇ ਆਪਣੇ ਸਫਰਨਾਮੇ ਵਿਚ ਜ਼ਿਕਰ ਕੀਤਾ ਹੈ। ਇਹ ਲਿਖਦਾ ਹੈ ਕਿ ਸਭ ਤੋਂ ਪਹਿਲਾਂ ਉਸ ਵੱਡੀ ਤਸਵੀਰ ਨੇ ਆਪਣੇ ਵੱਲ ਖਿਚਿਆ ਜਿਸ ਵਿਚ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿੰਗ ਦੀ ਰੋਪੜ ਵਾਲੀ ਮਿਲਣੀ ਦਾ ਦ੍ਰਿਸ਼ ਹੁਨਰਮਈ ਢੰਗ ਨਾਲ ਦਰਸਾਇਆ ਗਿਆ ਸੀ। ਇਕ ਬਹੁਤ ਬੜੇ ਸ਼ਾਹੀ ਸ਼ਾਮਿਅਨੇ ਹੇਠ ਦੋਵਾ ਧਿਰਾਂ ਦੇ ਦਰਬਾਰੀਆਂ ਨੂੰ ਦੱਸਿਆ ਗਿਆ ਸੀ। ਇਕ ਬੰਨੇ ਸਿੱਖ ਸਰਦਾਰ ਹਨ, ਦੂਜੇ ਪਾਸੇ ਅੰਗਰੇਜ਼। ਇਸ ਨਜ਼ਾਰੇ ਦੀਆਂ ਦੋਵੇਂ ਮਹਾਨ ਹਸਤੀਆਂ (ਮਹਾਰਾਜਾ ਤੇ ਗਵਰਨਰ ਜੈਨਰਲ) ਸ਼ਾਮਿਆਨੇ ਦੇ ਵਿਚਲੇ ਭਾਗ ਵਿਚ ਸੁਨਹਿਰੀ ਕੁਰਸੀਆਂ ਪਰ ਬੈਠੇ ਦਿਸਦੇ ਸਨ। ਲੇਡੀ ਵਿਲੀਅਮ ਸੁਨਹਿਰੀ ਫੀਤਿਆਂ ਵਾਲੇ ਚਿੱਟੇ ਮੋਜ਼ੇ ਪਹਿਨੇ ਹੋਏ ਆਪਣੇ ਪਤੀ ਦੇ ਲਾਗੇ ਬੈਠੀ ਹੋਈ ਸੀ। ਅੰਗਰੇਜ਼ ਅਫ਼ਸਰ ਤੇ ਮਹਾਰਾਜੇ ਦੇ ਦਰਬਾਰੀਆਂ ਦੇ ਚਿਹਰਿਆਂ ਦੇ ਚਿਤ੍ਰਣ ਵਿਚ ਬਹੁਤ ਕਮਾਲ ਦੱਸਿਆ ਗਿਆ ਸੀ।

ਇਕ ਹੋਰ ਚਿੱਤਰ ਵਿਚ ਮਹਾਰਾਜਾ ਸਾਹਿਬ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ ਦੋ ਹੱਥ ਜੋੜ ਕੇ ਖੜੋਤੇ ਹੋਏ ਹਨ। ਗੁਰੂ ਜੀ ਦੇ ਚਿਹਰੇ ਤੋਂ ਰੱਬੀ ਨੂਰ ਸਪਸ਼ਟ ਦਿਸਦਾ ਹੈ। ਮਹਾਰਾਜੇ ਦੀ ਪੁਸ਼ਾਕ ਰੇਸ਼ਮੀ ਹੈ।

ਇਕ ਹੋਰ ਤਸਵੀਰ ਵਿਚ ਮਹਾਰਾਜਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾ ਪਰ ਮੱਥਾ ਟੇਕ ਰਹੇ ਹਨ। ਇਨ੍ਹਾਂ ਚਿੱਤਰਾਂ ਤੋਂ ਛੁਟ ਕੁਝ ਹੋਰ ਕੁਦਰਤੀ ਦ੍ਰਿਸ਼ ਬੜੇ ਕੋਮਲ ਕਲਾਕਾਰੀ ਦਾ ਉੱਚ ਨਮੂਨਾ ਸਨ। ਕੁਝ ਚਿੱਤਰ ਫੁਲਾਂ, ਪਤੀਆਂ, ਵੇਲਾਂ ਅਤੇ ਪੰਖੇਰੂਆਂ ਦੇ ਸਨ ਜਿਸ ਤੋਂ ਪੰਜਾਬ ਦੀ ਉੱਚ ਚਿੱਤਰਕਾਰੀ ਦਾ ਗੁਣ ਸਾਫ ਪਿਆ ਦਿਸਦਾ ਹੈ।[1]

ਜਿਹਾ ਕਿ ਅਸੀਂ ਲਿਖ ਆਏ ਹਾਂ ਕਿ ਪੰਜਾਬ ਵਿਚ ਚਿੱਤਰਕਾਰੀ ਦਾ ਹੁਨਰ ਕੇਵਲ

1. ਬਾਰ, *ਏ ਜਰਨੀ ਫਰਾਮ ਦਿੱਲੀ ਟੂ ਪਿਸ਼ਾਵਰ*, ਸਫੇ 100-101

ਕਾਗਜ਼ਾਂ ਪਰ ਮੂਰਤਾਂ ਚਿਤਰਨ ਤੱਕ ਹੀ ਸੀਮਿਤ ਨਹੀਂ ਸੀ, ਸਗੋਂ ਇਤਿਹਾਸਕ ਇਮਾਰਤਾਂ ਦੀਆਂ ਕੰਧਾਂ ਅਤੇ ਛੱਤਾਂ ਪਰ ਵੀ ਕਮਾਲ ਦੀ ਚਿੱਤਰਕਾਰੀ ਦੇ ਉੱਚੇ ਨਮੂਨੇ ਮਿਲਦੇ ਸਨ।

## ਚਿੱਤਰਕਾਰੀ ਦਾ ਕਮਾਲ

ਬਾਰ ਜਦ 28 ਫਰਵਰੀ, 1839 ਨੂੰ ਪਿਸ਼ਾਵਰ ਜਾ ਰਿਹਾ ਸੀ ਤਾਂ ਗੁਜਰਾਂਵਾਲੇ ਵਿਚ ਉਹ ਸਰਦਾਰ ਹਰੀ ਸਿੰਘ ਨਲੂਏ ਦਾ ਕਿਲਾ, ਬਾਗ਼ ਅਤੇ ਬਾਰਾਂਦਰੀ ਵੇਖਣ ਗਿਆ। ਇਸ ਨੇ ਇੱਥੇ ਇਕ ਤਸਵੀਰ ਡਿੱਠੀ ਜਿਹੜੀ 12 ਫੁਟ ਲੰਮੀ ਅਤੇ 6 ਫੁਟ ਚੋੜੀ ਚਿਤਰੀ ਹੋਈ ਸੀ। ਇਸ ਵਿਚ ਜਮਰੋਦ ਦੀ ਅਪ੍ਰੈਲ 1837 ਵਾਲੀ ਲੜਾਈ ਦਾ ਅਜੀਬ ਨਜ਼ਾਰਾ ਦੱਸਿਆ ਗਿਆ ਸੀ। ਇਹ ਤਸਵੀਰ ਦੋ ਭਾਗਾਂ ਵਿਚ ਵੰਡੀ ਹੋਈ ਸੀ। ਖੱਬੇ ਪਾਸੇ ਨਲੂਏ ਸਰਦਾਰ ਦੀ ਖ਼ਾਲਸਾ ਫ਼ੌਜ ਸੀ ਅਤੇ ਦੂਜੇ ਪਾਸੇ ਅਕਬਰ ਖਾਨ ਦਾ ਅਫ਼ਗਾਨੀ ਲਸ਼ਕਰ ਸੀ। ਦੋਵਾਂ ਪਾਸਿਆਂ ਤੋਂ ਰਸਾਲਾ ਫ਼ੌਜਾਂ ਧਾਵੇ ਲਈ ਅੱਗੇ ਵੱਧ ਰਹੀਆਂ ਸਨ। ਇਨ੍ਹਾਂ ਦੇ ਨਾਲ ਖ਼ਾਲਸਾ ਪੈਦਲ ਫ਼ੌਜ ਵੈਰੀ ਨੂੰ ਪਿਛਾਂਹ ਧੱਕੀ ਜਾ ਰਹੀ ਸੀ। ਖਾਲਸੇ ਦੇ ਵੈਰੀਆਂ ਦੀਆਂ ਤੋਪਾਂ ਅੱਗ ਉਗਲ ਰਹੀਆਂ ਸਨ। ਜਿਨ੍ਹਾਂ ਦੇ ਗੋਲਿਆਂ ਨਾਲ ਅਫ਼ਗਾਨ ਉਡ ਰਹੇ ਸਨ। ਇਸ ਤਰ੍ਹਾਂ ਰਸਾਲਾ ਵੀ ਅੱਗੇ ਵੱਧ ਕੇ ਮੈਦਾਨ ਪਰ ਕਬਜ਼ਾ ਕਰ ਰਿਹਾ ਸੀ। ਇਹ ਸਾਰਾ ਦ੍ਰਿਸ਼ ਚਿੱਤਰਕਾਰ ਨੇ ਕਮਾਲ ਹੁਨਰ ਨਾਲ ਨਿਭਾਇਆ ਹੈ (ਬਾਰ ਦਾ ਜਰਨਲ, ਸਫੇ 130-134)।

ਬਾਰ ਨੇ ਅਗਲੇ ਦਿਨ ਮੁੜ ਸਰਦਾਰ ਹਰੀ ਸਿੰਘ ਦਾ ਮਹਲ ਡਿੱਠਾ ਜਿਸ ਦੀਆਂ ਛੱਤਾਂ ਪਰ ਕਮਾਲ ਚਿੱਤਰਕਾਰੀ ਦਾ ਸੁਨਹਿਰੀ ਕੰਮ ਵੇਖ ਕੇ ਉਹ ਅਸਚਰਜ ਹੋ ਕੇ ਰਹਿ ਗਿਆ। ਬਾਰ ਨੇ ਗੁਜਰਾਤ ਪਹੁੰਚ ਕੇ ਇੱਥੇ ਵੀ ਇਕ ਇਮਾਰਤ ਵਿਚ ਬੜੇ ਕੋਮਲ ਹੁਨਰ ਦੀਆਂ ਤਸਵੀਰਾਂ ਡਿੱਠੀਆਂ ਜਿਨ੍ਹਾਂ ਵਿਚੋਂ ਵਧੇਰੀਆਂ ਸ਼ਿਕਾਰ ਖੇਡਣ ਦੇ ਨਜ਼ਾਰੇ ਸਨ। ਮਰ੍ਹਦੀ ਲੜਾਈ, ਪਹਿਲਵਾਨਾਂ ਦੀਆਂ ਕੁਸ਼ਤੀਆਂ, ਬਾਜ਼ਾਂ ਦਾ ਜੰਗਲੀ ਪੰਖੇਰੂਆਂ ਪਿੱਛੇ ਉਡਣਾ, ਕੁੱਤਿਆਂ ਦਾ ਹਰਨਾਂ, ਬਘਿਆੜਾਂ ਨੂੰ ਘੇਰਨਾ ਆਦਿ, ਜੋ ਜੀਵਤ ਘੋਲ ਲਈ ਜ਼ਰੂਰੀ ਹੁੰਦਾ ਹੈ ਇਨ੍ਹਾਂ ਤਸਵੀਰਾਂ ਵਿਚ ਚਤੁਰਤਾ ਤੇ ਹੁਨਰਮਈ ਢੰਗ ਨਾਲ ਚਿਤਰਿਆ ਹੋਇਆ ਸੀ। ਬਾਰ ਲਿਖਦਾ ਹੈ ਕਿ ਖਾਲਸਾ ਰਾਜ ਚਿੱਤਰਕਾਰੀ ਦੇ ਬਰੀਕ ਹੁਨਰਾਂ ਦਾ ਦੇਸ਼ ਹੈ (ਬਾਰ, 140-142)।

ਉੱਪਰ ਦੱਸੇ ਚਿੱਤਰਕਾਰੀ ਦੇ ਕੰਮਾਂ ਤੋਂ ਇਲਾਵਾ ਕਈ ਸ੍ਰੀ ਗੁਰੂ ਗ੍ਰੰਥ ਸਾਹਿਬਾਂ, ਕੁਰਾਨ ਸ਼ਰੀਫਾਂ, ਸ਼ਹਿਨਾਮਿਆਂ, ਮੌਲਾਨਾ ਗਜ਼ਾਲੀ ਦੀ 'ਕੀਮੀਆ-ਏ-ਸਅ' ਆਦਿ ਵਿਚ ਸੁਨਹਿਰੀ ਕੰਮ ਤੋਂ ਛੁਟ ਹਰ ਇਕ ਪਾਲ ਦੇ ਹਾਸ਼ੀਆ ਪਰ ਕੋਮਲ ਵੇਲ-ਪੱਤਰ ਦੇ ਕੰਮ ਲਈ ਇੱਥੇ ਦੇ ਚਿੱਤਰਕਾਰ ਵਿਸ਼ੇਸ਼ ਪ੍ਰਸਿੱਧਤਾ ਰਖਦੇ ਸਨ। ਇਨ੍ਹਾਂ ਗੁਣੀਆਂ ਦੇ ਉਤਸਾਹ ਨੂੰ ਵਧਾਉਣ ਲਈ ਮਹਾਰਾਜਾ ਇਨ੍ਹਾਂ ਨੂੰ ਖੁਲ੍ਹੀਆਂ ਜਾਗੀਰਾਂ ਤੇ ਇਨਾਮ ਬਖਸ਼ਿਆ ਕਰਦੇ ਸਨ। ਇਹ ਹੁਨਰ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੋਇਆ ਸੀ :

1. ਟੁਕੜੀ ਦਾ ਹੁਨਰ (ਗਚ ਵਿਚ ਸ਼ੀਸ਼ੇ ਦੀ ਜੜਤ) 2. ਮੋਹਰਾ ਕਸ਼ੀ (ਗਿੱਲ ਪਲੱਸਤਰ ਤੋਂ ਆਪਣੇ ਹੁਨਰ ਨਾਲ ਕਈ ਰੰਗਾਂ ਨੂੰ ਇਕ ਮਿਕ ਕਰਨਾ), 3. ਜੜਤਕਾਰੀ (ਸ਼ੀਸ਼ਿਆਂ ਪਰ ਥੇਵਿਆਂ ਦੀ ਚਿੱਤਰਕਾਰੀ), 4. ਸੰਗ ਸੁਫੈਦ ਵਿਚ ਕੁਦਰਤੀ ਵੇਲ ਬੂਟਿਆਂ ਦੀ ਕਾਰੀਗਰੀ। ਇਹ ਕੋਮਲ ਹੁਨਰ ਖ਼ਾਲਸਾ ਰਾਜ ਵਿਚ ਬੜੇ ਉੱਚੇ ਕਮਾਲ ਪਰ ਪਹੁੰਚੇ ਹੋਏ ਸਨ। ਇਸ ਦਾ

ਉੱਤਮ ਨਮੂਨਾ ਹਰਿਮੰਦਰ ਸਾਹਿਬ ਅੰਦਰ ਥਾਓਂ ਥਾਈ ਮਿਲਦਾ ਹੈ, ਜੋ ਅੱਜ ਵੀ ਆਪਣਾ ਨਮੂਨਾ ਆਪ ਹੈ। ਇਨ੍ਹਾਂ ਕਲਾਕਾਰਾਂ ਵਿਚ ਕੁਝ ਦੇ ਨਾਂ ਇਹ ਹਨ। ਭਾਈ ਜੈ ਸਿੰਘ ਤੇ ਭਾਈ ਬਿਸ਼ਨ ਸਿੰਘ ਬੜੇ ਪ੍ਰਸਿੱਧ ਮੋਹਰਾਕਸ਼ ਸਨ। ਭਾਈ ਗਿਆਨ ਸਿੰਘ ਨਕਾਸ਼ ਬੇਲ ਬੂਟਿਆਂ ਅਤੇ ਸੁੰਦਰ ਲਿਖਤਾਂ ਦੇ ਹੁਨਰ ਦੇ ਉਸਤਾਦ ਮੰਨੇ ਜਾਂਦੇ ਸਨ। ਬਾਬਾ ਕੇਹਰ ਸਿੰਘ, ਭਾਈ ਈਸ਼ਰ ਸਿੰਘ ਆਦਿ ਵੀ ਉੱਚੇ ਕਾਰੀਗਰਾਂ ਵਿਚ ਗਿਣੇ ਜਾਂਦੇ ਸਨ। ਇਨ੍ਹਾਂ ਕਾਰੀਗਰਾਂ ਨੇ ਦਰਬਾਰ ਦੀ ਚਿੱਤਰਕਾਰੀ ਵਿਚ ਕਿਤੇ-ਕਿਤੇ ਫੁਲੰਤਰ ਵਿਚਾਲੇ ਆਪਣਾ ਨਾਂ ਤੇ ਸੰਨ ਸਾਲ ਵੀ ਚਿਤਰਿਆ ਹੈ ਜਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬ ਵੱਲ ਦੀ ਇਕ ਬਾਹੀ ਪਰ ਆਪਣਾ ਨਾਂ ਬਿਸ਼ਨ ਸਿੰਘ ਤੇ ਸੰਮਤ 1941 ਲਿਖ ਦਿੱਤਾ ਹੈ। ਇਸੇ ਤਰ੍ਹਾਂ ਸਰਦਾਰ ਪੰਨਾ ਸਿੰਘ, ਸਰੂਪ ਸਿੰਘ ਮਲਵਈ ਦੀ ਹਵੇਲੀ ਜਿਹੜੀ ਗੁਮਟੀ ਬਜ਼ਾਰ ਲਾਹੌਰ ਵਿਚ ਹੈ ਇਸ ਦੀ ਪੂਰਬੀ ਕੰਧ ਪਰ ਆਪਣਾ ਨਾਂ ਮੀਆਂ ਰਹੀਮ ਬਖ਼ਸ਼ ਦਿੱਤਾ ਹੈ। ਇਨ੍ਹਾਂ ਚਿੱਤਰਕਾਰ ਕਾਰੀਗਰਾਂ ਵਿਚ ਇਕ ਹੋਰ ਵਾਧਾ ਵੇਖਿਆ ਜਾਂਦਾ ਹੈ ਜਿਹੜਾ ਇਨ੍ਹਾਂ ਦੀ ਕਲਾਕਾਰੀ ਨੂੰ ਵਧੇਰਾ ਉੱਚਾ ਕਰ ਦਿੰਦਾ ਹੈ। ਉਹ ਇਹ ਹੈ ਕਿ ਇਹ ਚਿੱਤਰਕਾਰ ਬਾਹਰੋਂ ਰੰਗ ਦੇ ਲੈਣ ਦੇ ਮੁਹਤਾਜ ਨਹੀਂ ਸਨ। ਇਹ ਆਪਣੀ ਵਰਤੋਂ ਲਈ ਸਾਰੇ ਰੰਗ ਅਤੇ ਸਾਰੇ ਮਸਾਲੇ ਆਪਣੀ ਹੱਥੀਂ ਆਪ ਤਿਆਰ ਕਰਦੇ ਹੁੰਦੇ ਸਨ। ਇਹ ਹੇਠ ਲਿਖੇ ਰੰਗਾਂ ਦੇ ਬਣਾਉਣ ਲਈ ਇਹ ਢੰਗ ਵਰਤਦੇ ਹੁੰਦੇ ਸਨ :

(ੳ) ਚਿੱਟਾ ਰੰਗ ਜਾਂ ਗਚ ਬਣਾਉਣ ਲਈ ਸਫੈਦ ਸੰਗਮਰਮਰ ਦੀ ਕੰਕਰੀ ਨੂੰ ਸਾੜ ਕੇ ਫਿਰ ਸਿਲ ਪਰ ਚੰਗੀ ਤਰ੍ਹਾਂ ਪੀਸਦੇ ਸਨ। ਫਿਰ ਕਪੜਛਾਣ ਕਰਕੇ ਪਾਣੀ ਵਿਚ ਭਿਉਂਦੇ ਸਨ। ਮੁੜ ਇਸ ਨੂੰ ਪਲੱਸਤਰ ਲਈ ਵਰਤਦੇ ਸਨ। ਇਸ ਗਿੱਲੇ ਪਲੱਸਤਰ ਪਰ ਜਿਹੜੇ ਰੰਗ ਦੇ ਚਾੜ੍ਹਨ ਦੀ ਇੱਛਿਆ ਹੁੰਦੀ ਹੈ, ਉਹ ਇਸ ਨਾਲ ਇਕਮਿਕ ਕਰ ਦਿੰਦੇ ਸਨ;

(ਅ) ਗੂੜ੍ਹਾ ਸਿੰਗਰਫੀ ਰੰਗ—ਸਿੰਗਰਫ ਚਾਰ ਭਾਗ ਤੇ ਸਰੇਸ਼ ਇਕ ਭਾਗ ਲੈ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਰਗੜ ਕੇ ਇਕ ਜਾਨ ਕਰ ਲੈਂਦੇ ਸਨ। ਇਹ ਰੰਗ ਰੋਗਨ ਵਾਂਗ ਚਮਕੀਲਾ ਹੋ ਜਾਂਦਾ ਸੀ;

(ੲ) ਸਾਵਾ ਤੋਤੀਆ ਰੰਗ—ਸੰਗ ਸਬਜ਼ ਨੂੰ ਵੱਡੇ ਖਰਲ ਵਿਚ ਪਾ ਕੇ ਚੰਗੀ ਤਰ੍ਹਾਂ ਬਰੀਕ ਕਰ ਲੈਂਦੇ ਸਨ ਅਤੇ ਲੋੜ ਅਨੁਸਾਰ ਵਰਤਦੇ ਸਨ;

(ਸ) ਰੱਤਾ ਰੰਗ—ਹਰਮਚੀ ਮਿਟੀ ਸਿਲ ਪਰ ਵਟੇ ਨਾਲ ਚੰਗੀ ਤਰ੍ਹਾਂ ਪੀਸਦੇ ਸਨ। ਇਸ ਤਰ੍ਹਾਂ ਇਹ ਰੱਤਾ ਰੰਗ ਤਿਆਰ ਹੋ ਜਾਂਦਾ ਸੀ;

(ਹ) ਕਾਲਾ ਰੰਗ—ਨਰੇਲ ਦੀ ਠੂਠੀ ਸਾੜ ਕੇ ਖਰਲ ਜਾਂ ਸਿਲ ਪਰ ਰਗੜਦੇ ਸਨ। ਜਿੰਨਾ ਇਸ ਨੂੰ ਵਧੇਰੇ ਬਰੀਕ ਪੀਸਿਆ ਜਾਂਦਾ ਸੀ ਉੰਨਾ ਹੀ ਰੰਗ ਗੂੜ੍ਹਾ ਸਿਆਹ ਨਿਕਲਦਾ ਸੀ;

(ਕ) ਨੀਲਾ ਰੰਗ—ਲਾਜਵਰਦ ਜਾਂ ਨੀਲ, 4 ਭਾਗ ਸਰੇਸ਼ ਵਿਚ ਇਕ ਭਾਗ ਮਿਲਾ ਕੇ ਵਰਤਿਆ ਜਾਂਦਾ ਸੀ;

(ਖ) ਪੀਲਾ ਰੰਗ—ਮੁਲਤਾਨੀ ਜ਼ਰਦ ਮਿੱਟੀ ਸਿਲ ਤੇ ਚੰਗੀ ਤਰ੍ਹਾਂ ਰਗੜਕੇ ਕਪੜ-ਛਾਣ ਕਰਕੇ ਵਰਤਦੇ ਸਨ।[1]

ਚਿੱਤਰਕਾਰੀ ਤੇ ਦਸਤਕਾਰੀ ਦੇ ਹੁਨਰ ਜੋ ਮੁਗ਼ਲੀਆਂ ਰਾਜ ਸਮੇਂ ਉੱਨਤੀ ਦੀ ਚੋਟੀ ਪਰ ਪਹੁੰਚ ਚੁੱਕੇ ਸਨ, ਮੁਗ਼ਲ ਹਕੂਮਤ ਦੇ ਢਿਲੇ ਪੈ ਜਾਣ ਨਾਲ ਇਹ ਹੁਨਰ ਵੀ ਘਟਦੇ-ਘਟਦੇ ਅੰਤਲੇ ਸਵਾਸਾ ਪਰ ਪਹੁੰਚ ਗਏ ਸਨ। ਚੰਗੇ ਭਾਗਾਂ ਨੂੰ ਇਸ ਸਮੇ ਮਹਾਰਾਜਾ ਰਣਜੀਤ ਸਿੰਘ ਦਾ ਤਾਰਾ ਪੰਜਾਬ ਵਿਚ ਚਮਕਿਆ ਜਿਸ ਦੇ ਨਾਲ ਹੁਨਰ ਤੇ ਕਲਾਕਾਰੀ ਵੀ ਮੁੜ ਜੀ ਪਏ। ਇਨ੍ਹਾਂ ਮੱਧਮ ਪੈ ਚੁੱਕੀਆਂ ਦਸਤਕਾਰੀਆਂ ਵਿਚੋਂ ਜਿਹੜੀਆਂ ਖ਼ਾਲਸਾ ਰਾਜ ਵਿਚ ਨਵੇ ਸਿਰਿਓਂ ਮੁੜ ਪ੍ਰਫੁਲਤ ਹੋਈਆਂ, ਉਨ੍ਹਾਂ ਵਿਚੋਂ ਕੁਝ ਕੁ ਇਹ ਹਨ :

## ਨਕਾਸ਼ੀ

ਸੰਗਮਰਮਰ ਵਿਚ ਜੜਤਕਾਰੀ ਦਾ ਹੁਨਰ—ਇਸ ਹੁਨਰ ਦਾ ਕਾਰੀਗਰ ਬਰੀਕ ਆਰੀ ਜਾਂ ਪੱਕੇ ਨਸ਼ਤਰ ਨਾਲ ਮਰਮਰ ਦੀਆਂ ਸਿਲਾਂ ਵਿਚ ਵਿਉਂਤੇ ਹੋਏ ਵੇਲ ਬੂਟਿਆਂ ਤੇ ਫੁੱਲਾਂ ਦੇ ਨਕਸ਼ੇ ਅਨੁਸਾਰ ਚੀਰ ਪਾਉਂਦਾ ਸੀ। ਫਿਰ ਜਿਸ ਜਿਸ ਰੰਗ ਦਾ ਪੱਥਰ ਇਨ੍ਹਾਂ ਵਿਚ ਭਰਨਾ ਲੋੜੀਂਦਾ ਸੀ, ਉਸ ਨੂੰ ਰਗੜ-ਰਗੜ ਕੇ ਉਨ੍ਹਾਂ ਪਾਏ ਹੋਏ ਚੀਰਾਂ ਵਿਚ ਬੜੀ ਸਫਾਈ ਨਾਲ ਜੜ ਦਿੰਦਾ ਸੀ। ਇਹ ਕੰਮ ਜੜਤਕਾਰੀ ਦੇ ਨਾਂ ਪਰ ਵੀ ਪ੍ਰਸਿੱਧ ਸੀ। ਫੁਲ ਦੀਆਂ ਡੋਡੀਆਂ ਅਤੇ ਵੇਲਾਂ ਦੀਆਂ ਪੱਤੀਆਂ ਪਰ ਸਿਪ ਅਤੇ ਅਬਰਕ ਦਾ ਕੰਮ ਬੜਾ ਮਨਮੋਹਣਾ ਬਣ ਜਾਂਦਾ ਸੀ।

## ਗਚ ਅਤੇ ਟੁਕੜੀ ਦਾ ਕੰਮ

ਗਚ ਇਕ ਭਾਂਤ ਦੇ ਪੱਥਰ ਨੂੰ ਸਾੜ ਕੇ ਚੂਨਾਗਚ ਜਾਂ ਗਚ ਤਿਆਰ ਕੀਤਾ ਜਾਂਦਾ ਸੀ। ਇਸ ਨੂੰ ਕਾਰੀਗਰ ਆਪਣੇ ਹੁਨਰ ਅਨੁਸਾਰ ਵਰਤ ਕੇ ਇਸ ਦੀਆਂ ਪੱਤੀਆਂ ਤੇ ਵੇਲਾਂ ਸਜਾਂਦੇ ਸਨ। ਨਕਾਸ਼ ਗਚ ਦੇ ਵਿਚ ਲੋੜ ਅਨੁਸਾਰ ਸ਼ੀਸ਼ੇ ਦੀਆਂ ਨਿੱਕੀਆਂ-ਨਿੱਕੀਆਂ ਟੁਕੜੀਆਂ ਕੱਟ ਕੇ ਜੜਦੇ ਸਨ ਜਿਸ ਨੂੰ ਜੜਤ ਜਾਂ ਟੁਕੜੀ ਦਾ ਕੰਮ ਕਿਹਾ ਜਾਂਦਾ ਸੀ।

## ਮੋਹਰਾ ਕਸ਼ੀ

ਮੋਹਰਾ ਕਸ਼ੀ ਉੱਪਰ ਲਿਖੇ ਸਾਰੇ ਕੋਮਲ ਹੁਨਰਾਂ ਦਾ ਸਰਦਾਰ ਹੈ। ਇਸ ਦੇ ਸੁੰਦਰ ਨਮੂਨੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਵੇਖੇ ਜਾਂਦੇ ਹਨ। ਇਹ ਕੰਮ ਵਧੇਰਾ ਖ਼ਾਲਸਾ ਰਾਜ ਸਮੇ ਹੋਇਆ।

ਮਹਾਰਾਜਾ ਰਣਜੀਤ ਸਿੰਘ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਰਾਜਾਂ ਸਮੇਂ ਭਾਈ ਕੇਹਰ ਸਿੰਘ ਸ਼ਾਹੀ ਦਰਬਾਰੀ ਚਿੱਤਰਕਾਰ ਹੋਇਆ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਲਾਹੌਰ ਦੇ ਕਿਲ੍ਹੇ ਦੇ ਸ਼ੀਸ਼ ਮਹਲ ਦਾ ਕੰਮ ਬਹੁਤ ਕਰਕੇ ਕੇਹਰ ਸਿੰਘ ਦੀ ਦੇਖ-ਰੇਖ ਵਿਚ ਹੋਇਆ ਸੀ।

1. ਉਪਰੋਕਤ ਰੰਗਾਂ ਦੇ ਤਿਆਰ ਕਰਨ ਲਈ ਸਾਰੀ ਸਮੱਗਰੀ ਪੰਸਾਰੀਆਂ ਦੀਆਂ ਹੱਟਾਂ ਤੋਂ ਮਿਲ ਜਾਂਦੀ ਸੀ।

WWW.SIKHBOOKCLUB.COM 

## ਦਸਤਕਾਰੀ

ਦਸਤਕਾਰੀ ਤੋਂ ਹੀ ਕਿਸੇ ਦੇਸ਼ ਦੀ ਉੱਨਤੀ ਜਾਂ ਅਵੁੱਨਤੀ ਦਾ ਅਨੁਮਾਨ ਲਾਇਆ ਜਾਂਦਾ ਹੈ। ਜਿਸ ਵਿਚ ਦਸਤਕਾਰੀ ਵਧ ਰਹੀ ਹੋਵੇ, ਜਾਣੋ ਉਹ ਦੇਸ਼ ਤਰੱਕੀ ਵੱਲ ਵਧ ਰਿਹਾ ਹੈ ਅਤੇ ਜਿਹੜੇ ਲੋਕ ਇਸ ਮਹਾਨ ਕੰਮ ਤੋਂ ਅਵੇਸਲੇ ਹੋ ਰਹੇ ਹੋਣ ਉਹ ਛੇਤੀ ਹੀ ਮਰ-ਮਿਟ ਜਾਂਦੇ ਹਨ।

ਸ਼ੇਰੇ-ਪੰਜਾਬ ਇਸ ਭੇਦ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਪੰਜਾਬ ਪਰ ਅਧਿਕਾਰ ਪ੍ਰਾਪਤ ਕਰਦਿਆਂ ਹੀ ਦਸਤਕਾਰੀ ਦੇ ਕੰਮਾਂ ਦੇ ਵਾਧੇ ਵੱਲ ਪੂਰਾ-ਪੂਰਾ ਧਿਆਨ ਦੇਣਾ ਆਰੰਭ ਦਿੱਤਾ।

ਮਹਾਰਾਜਾ ਸਾਹਿਬ ਜਾਣਦੇ ਸਨ ਕਿ ਜਿਹੜਾ ਰਾਜ ਫ਼ੌਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਬਾਹਰਲੀਆਂ ਤਾਕਤਾਂ ਦਾ ਮੁਥਾਜ ਹੈ ਉਹ ਕਦੇ ਵੀ ਰਾਜ ਭਾਗ ਨੂੰ ਵੈਰੀਆਂ ਤੋਂ ਸੁਰੱਖਿਅਤ ਨਹੀਂ ਰੱਖ ਸਕਦਾ। ਇਸੇ ਤਰ੍ਹਾਂ ਜਿਹੜੀ ਹਕੂਮਤ ਆਪਣੀ ਪਰਜਾ ਦੀਆਂ ਲੋੜਾਂ ਆਪਣੇ ਇਲਾਕੇ ਦੀ ਉਪਜ ਤੋਂ ਪੂਰੀਆਂ ਨਹੀਂ ਕਰ ਸਕਦੀ, ਉਹ ਵੀ ਹਕੂਮਤ ਕਰਨ ਦੀ ਹੱਕਦਾਰ ਨਹੀਂ।

ਇਸ ਮੰਤਵ ਨੂੰ ਮੁੱਖ ਰੱਖ ਕੇ ਸ਼ੇਰੇ-ਪੰਜਾਬ ਨੇ ਕਸੂਰ ਦੀ ਫ਼ਤਹਿ (1807 ਈ.) ਦੇ ਬਾਅਦ ਲਾਹੌਰ ਵਿਚ ਪਹਿਲਾਂ ਹਥਿਆਰ ਤਿਆਰ ਕਰਨ ਦਾ ਕਾਰਖਾਨਾ ਈਦਗਾਹ ਵਿਚ ਚਾਲੂ ਕਰ ਦਿੱਤਾ। ਪਹਿਲਾਂ-ਪਹਿਲ ਤਾਂ ਇਸ ਵਿਚ ਕਰਾਬੀਨਾਂ, ਬੰਦੂਕਾਂ, ਤਲਵਾਰਾਂ, ਤਮੰਚੇ ਅਤੇ ਢਾਲਾਂ ਤਿਆਰ ਹੁੰਦੀਆਂ ਸਨ ਪਰ ਦੋ ਸਾਲਾਂ ਦੇ ਉਪਰੰਤ ਇਸ ਨਾਲ ਹੋਰ ਬਹੁਤ ਸਾਰੀ ਨਾਲ ਲਗਵੀਂ ਜ਼ਮੀਨ ਮਿਲਾ ਕੇ ਪੱਕੀ ਵਲਗਨ ਵੱਲ ਦਿੱਤੀ ਅਤੇ ਇੱਥੇ ਤੋਪਾਂ ਢਾਲਣੀਆਂ ਵੀ ਅਰੰਭ ਦਿੱਤੀਆਂ। ਜਦੋਂ ਸੰਨ 1813 ਵਿਚ ਪੰਜਾਬ ਦਾ ਵਿਚਲਾ ਇਲਾਕਾ ਫ਼ਤਹਿ ਕਰਕੇ ਅੱਟਕ ਤਕ ਖਾਲਸਾ ਰਾਜ ਵਿਚ ਮਿਲਾ ਲਿਆ ਗਿਆ ਤਾਂ ਫ਼ੌਜ ਦੀ ਗਿਣਤੀ ਚੋਖੀ ਵੱਧ ਗਈ। ਫ਼ੌਜ ਦੇ ਵਾਧੇ ਨਾਲ ਹਥਿਆਰ ਅਤੇ ਹੋਰ ਫ਼ੌਜੀ ਲੋੜਾਂ ਦੇ ਪੂਰਾ ਕਰਨ ਲਈ ਦੋ ਕਾਰਖ਼ਾਨੇ ਲਾਹੌਰ ਵਿਚ ਹੋਰ ਵਧਾਏ ਗਏ। ਇਕ ਕਾਰਖਾਨਾ ਨਿਰੋਲ ਤੋਪਾਂ ਤੇ ਤੋਪਾਂ ਦੇ ਗੋਲਿਆਂ ਦੀ ਤਿਆਰੀ ਲਈ ਲਾਹੌਰ ਦੇ ਕਿਲੇ ਦੇ ਅੰਦਰ ਅਤੇ ਦੂਜਾ ਹਲਕੇ ਹਥਿਆਰਾਂ, ਬੰਦੂਕਾਂ ਆਦਿ ਦਾ ਕਿਲੇ ਦੇ ਪਿਛਲੇ ਪਾਸੇ ਟਕਸਾਲੀ ਦਰਵਾਜ਼ੇ ਦੇ ਵਿਚਾਲੇ ਜਾਰੀ ਕੀਤਾ।

## ਬੰਦੂਕਾਂ ਦਾ ਇਕ ਹੋਰ ਕਾਰਖ਼ਾਨਾ

ਇਹ ਕਾਰਖਾਨਾ ਲਾਹੌਰ ਵਿਚ ਸਾਹੂ ਦੀ ਗੜ੍ਹੀ ਲਾਗੇ ਸੀ। ਇਸ ਵਿਚ ਲਗਭਗ ਪੰਜ ਹਜ਼ਾਰ ਕਾਰੀਗਰ ਕੰਮ ਕਰਦੇ ਸਨ। ਇਹ ਕਾਰਖ਼ਾਨਾ ਜਿੱਥੇ ਖ਼ਾਲਸਾ ਫ਼ੌਜਾਂ ਲਈ ਬੰਦੂਕਾਂ ਢਾਲਦਾ ਸੀ ਉੱਥੇ ਨਾਲ ਹੀ ਬੜੀ ਰਕਮ ਦੀਆਂ ਬੰਦੂਕਾਂ ਹਿੰਦ ਵਿਚ ਦੂਰ-ਦੂਰ ਵੇਚਣ ਲਈ ਤਿਆਰ ਕਰ ਸਕਦਾ ਸੀ। ਇਸ ਬਾਰੇ ਮਹਾਰਾਜਾ ਰਣਜੀਤ ਸਿੰਘ ਨੇ ਡਾਕਟਰ ਮਰੇ ਨਾਲ ਜ਼ਿਕਰ ਕੀਤਾ ਜਿਸ ਦਾ ਵਿਸਥਾਰ ਡਾਕਟਰ ਮਰੇ ਨੇ ਕਪਤਾਨ ਵੇਡ ਪੁਲੀਟੀਕਲ ਏਜੰਟ ਲੁਧਿਆਣੇ ਨੂੰ ਲਿਖਿਆ। ਇਹ ਲਿਖਦਾ ਹੈ : "ਅੱਜ ਮੈਨੂੰ ਮਹਾਰਾਜਾ ਰਣਜੀਤ ਸਿੰਘ ਨੇ ਦੱਸਿਆ ਕਿ ਮੇਰੀ ਫ਼ੌਜ ਦੀਆਂ ਸਾਰੀਆਂ ਬੰਦੂਕਾਂ ਦੇ ਤਿਆਰ ਕਰਨ ਲਈ ਮੇਰਾ ਆਪਣਾ ਬਹੁਤ

WWW.SIKHBOOKCLUB.COM 

ਬੜਾ ਕਾਰਖ਼ਾਨਾ ਹੈ ਜਿਸ ਵਿਚ ਨਾ ਕੇਵਲ ਮੇਰੀ ਫ਼ੌਜ ਲਈ ਬੰਦੂਕਾਂ ਤਿਆਰ ਹੁੰਦੀਆਂ ਹਨ ਸਗੋਂ ਮੇਰੇ ਇਸ ਕਾਰਖ਼ਾਨੇ ਦੀਆਂ ਢਲੀਆਂ ਬੰਦੂਕਾਂ ਬਹੁਤ ਬੜੀ ਗਿਣਤੀ ਵਿਚ ਦੂਰ-ਦੂਰ ਵਿਕਰੀ ਲਈ ਭੇਜੀਆਂ ਜਾਂਦੀਆਂ ਹਨ।"[1]

ਖ਼ਾਲਸੇ ਦੇ ਹਥਿਆਰਾਂ ਦੇ ਕਾਰਖ਼ਾਨਿਆਂ ਬਾਰੇ 'ਫਸਟ ਐਡਮਨਿਸਟਰੇਸ਼ਨ ਰੀਪੋਰਟ'[2] ਵਿਚ ਲਿਖਿਆ ਹੈ ਕਿ ਖ਼ਾਲਸਾ ਰਾਜ ਦੇ ਹਥਿਆਰਾਂ ਦੇ ਕਾਰਖ਼ਾਨੇ ਬੜੀ ਸਫ਼ਲਤਾ ਨਾਲ ਚਲਦੇ ਸਨ। ਇਹ ਜਿਥੇ ਆਪਣੀਆਂ ਫ਼ੌਜੀ ਲੋੜਾਂ ਪੂਰੀਆਂ ਕਰਦੇ ਸਨ ਉਥੇ ਨਾਲ ਹੀ ਇਨ੍ਹਾਂ ਦਾ ਵਪਾਰ ਵੀ ਬੜਾ ਮੁਨਾਫ਼ੇ ਵਾਲਾ ਸੀ ਅਤੇ ਇਨ੍ਹਾਂ ਦਾ ਬਣਾਇਆ ਮਾਲ ਪੰਜਾਬ ਤੋਂ ਬਾਹਰ ਦੂਰ-ਦੂਰ ਇਲਾਕਿਆਂ ਵਿਚ ਹਿੰਦ, ਅਫ਼ਗਾਨਿਸਤਾਨ ਅਤੇ ਬੁਖਾਰੇ ਤਕ ਜਾਂਦਾ ਸੀ। ਵਿਸ਼ੇਸ਼ ਕਰਕੇ ਕਸ਼ਮੀਰੀ ਕਾਰੀਗਰ ਤਮੰਚੇ ਅਤੇ ਕਰਾਬੀਨਾਂ ਦੇ ਬਣਾਉਣ ਲਈ ਬੜੀ ਪ੍ਰਸਿੱਧਤਾ ਰਖਦੇ ਸਨ। ਇਨ੍ਹਾਂ ਦੇ ਹੱਥ ਦੇ ਬਣੇ ਹੋਏ ਹਥਿਆਰ ਦੂਜਿਆਂ ਨਾਲੋਂ ਵਧੇਰਾ ਮੁੱਲ ਪਾਉਂਦੇ ਸਨ। ਖ਼ਾਲਸਾ ਰਾਜ ਦੀਆ ਤਲਵਾਰਾਂ ਪੰਜਾਬ ਤੋਂ ਛੁਟ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੋਂ ਬਾਹਰ ਜਾਂਦੀਆਂ ਸਨ। ਤਲਵਾਰਾਂ ਦੀਆਂ ਮੁੱਠਾਂ (ਕਬਜ਼ੇ) ਪਰ ਬੜਾ ਕੋਮਲ ਕੰਮ ਕੀਤਾ ਜਾਂਦਾ ਸੀ ਅਤੇ ਅਹੁਦੇਦਾਰਾਂ ਲਈ ਤਲਵਾਰਾਂ ਦੀਆਂ ਮੁੱਠਾਂ ਅਤੇ ਮਿਆਨਾਂ ਪਰ ਸੋਨੇ ਚਾਂਦੀ ਦਾ ਕੰਮ ਕੀਤਾ ਜਾਂਦਾ ਸੀ। ਕਿਸੇ-ਕਿਸੇ ਸਰਦਾਰ ਦੀ ਇੱਛਾ ਅਨੁਸਾਰ ਸੋਨੇ ਵਿਚ ਬਹੁਮੁੱਲੇ ਜਵਾਹਰਾਤ ਵੀ ਜੜੇ ਜਾਂਦੇ ਸਨ। ਇਹ ਤਲਵਾਰਾਂ 1000 ਤੋਂ ਲੈ ਕੇ 10,000 ਰੁਪਏ ਅਤੇ ਕਦੀ-ਕਦੀ ਇਸ ਤੋਂ ਵੀ ਵੱਧ ਤਕ ਵਿਕਦੀਆਂ ਸਨ। ਇਨ੍ਹਾਂ ਦੇ ਬਣਾਉਣ ਵਿਚ ਬਹੁਤ ਵਧੀਆ ਫ਼ੁਲਾਦ ਤੇ ਅਸਪਾਤ ਵਰਤਿਆ ਜਾਂਦਾ ਸੀ ਜਿਸ ਨੂੰ 'ਖ਼ਮਦਾਰ' ਕਿਹਾ ਜਾਂਦਾ ਸੀ। ਇਸ ਵਿਚ ਇੰਨੀ ਲਚਕ ਹੁੰਦੀ ਸੀ ਕਿ ਹੱਥ ਨਾਲ ਦਬਾਇਆ ਤਲਵਾਰ ਦੀ ਨੋਕ ਖ਼ਮ ਖਾ ਕੇ ਮੁਠ ਨਾਲ ਮਿਲ ਜਾਂਦੀ ਸੀ ਪਰ ਟੁੱਟਦੀ ਨਹੀਂ ਸੀ। ਕਿਸੇ ਸਮੇਂ ਅਸਫ਼ਹਾਨ (ਈਰਾਨ) ਦੀਆਂ ਤੇਗਾਂ ਜਗਤ ਵਿਚ ਪ੍ਰਸਿੱਧ ਸਨ ਪਰ ਖ਼ਾਲਸਾ ਰਾਜ ਸਮੇਂ ਅੰਮ੍ਰਿਤਸਰ ਤੇ ਲਾਹੌਰ ਦੀਆ ਬਣੀਆ ਹੋਈਆਂ ਤਲਵਾਰਾਂ ਨੇ ਅਸਫ਼ਹਾਨੀਆਂ ਨੂੰ ਪਿਛਾਂਹ ਸੁੱਟ ਦਿੱਤਾ ਸੀ। ਸਾਨੂੰ ਖ਼ਾਲਸਾ ਰਾਜ ਸਮੇਂ ਦੀਆਂ ਕੁਝ ਮੂਰਤਾਂ ਮਿਲੀਆਂ ਹਨ ਜਿਨ੍ਹਾਂ ਵਿਚ ਖ਼ਾਲਸੇ ਦੇ ਹਥਿਆਰ ਤਿਆਰ ਕਰਨ ਵਾਲੇ ਕਾਰਖ਼ਾਨਿਆਂ ਦੇ ਕਾਰੀਗਰ ਹਥਿਆਰ ਬਣਾਉਂਦੇ ਹੋਏ ਦਸੇ ਗਏ ਹਨ। ਉਹ ਸੰਦ ਜਿਹੜੇ ਉਹ ਕਾਰੀਗਰ ਬੰਦੂਕਾਂ ਤੇ ਤਲਵਾਰਾਂ ਦੀ ਸਾਜਨਾ ਲਈ ਵਰਤਦੇ ਹੁੰਦੇ ਸਨ, ਵੀ ਦੱਸੇ ਗਏ ਹਨ ਜਿਨ੍ਹਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਉਹ ਕਿੰਨੇ ਸਿੱਧੇ ਸਾਦੇ ਸੰਦਾਂ ਤੋਂ ਕਿੰਨਾ ਬਰੀਕ ਵਧੀਆ ਕੰਮ ਲੈਂਦੇ ਸਨ।

ਮਿਸਟਰ ਬਾਰ ਪ੍ਰਸਿੱਧ ਲੇਖਕ ਆਪਣੀ ਪੁਸਤਕ ਵਿਚ ਇਨ੍ਹਾਂ ਕਾਰਖ਼ਾਨਿਆਂ ਦੀਆਂ ਬਣੀਆਂ ਹੋਈਆਂ ਤਲਵਾਰਾਂ ਵਿਚੋਂ ਇਕ ਤਲਵਾਰ ਬਾਰੇ ਲਿਖਦਾ ਹੈ ਕਿ ਇਹ ਜੈਨਰਲ ਅਬੂਤਬੇਲਾ ਗਵਰਨਰ ਪਿਸ਼ਾਵਰ ਨੇ 6000 ਰੁਪਏ ਪਰ ਖਰੀਦੀ। ਇਸ ਦੇ ਮਿਆਨ ਪਰ ਸਾਵੀ

1. ਡਾਕਟਰ ਮਰੇ ਦਾ 1 ਜਨਵਰੀ 1827 ਦਾ ਖਤ, *ਕੈਪਟਨ ਵੇਡ ਦੇ ਪੱਤਰ* (ਚਿੱਠੀ ਨੰ. 23 ਜਿਲਦ ਨੰ. 15, ਸਫ਼ਾ 125)
2. ਇਹ ਰਿਪੋਰਟ ਹੈਨਰੀ ਲਾਰੰਸ ਬੋਰਡ ਦੇ ਪ੍ਰੈਜ਼ੀਡੈਂਟ ਤੇ ਦੂਜੇ ਮੈਂਬਰਾਂ ਨੇ 18 ਅਗਸਤ 1852 ਨੂੰ ਤਿਆਰ ਕੀਤੀ।

WWW.SIKHBOOKCLUB.COM 

ਮਖਮਲ ਮੜ੍ਹੀ ਹੋਈ ਸੀ ਜਿਸ ਪਰ ਸੋਨੇ ਦੀ ਤਾਰ ਦਾ ਬੜਾ ਬਰੀਕ ਕਾਰੀਗਰੀ ਦਾ ਕੰਮ ਕੀਤਾ ਹੋਇਆ ਸੀ। ਇਸ ਵਿਚ ਥਾਉਂ-ਥਾਂਈ ਨਗ ਜੜੇ ਹੋਏ ਸਨ।[1]

## ਢਾਲਾਂ ਦਾ ਕਾਰਖ਼ਾਨਾ

ਖ਼ਾਲਸਾ ਰਾਜ ਦੀ ਇਕ ਹੋਰ ਦਸਤਕਾਰੀ ਬੜੀ ਪ੍ਰਸਿੱਧ ਸੀ। ਇਹ ਸੀ ਢਾਲਾਂ ਦੀ ਸਾਜਨਾ। ਢਾਲ ਸੰਸਾਰ ਭਰ ਵਿਚ ਗੈਂਡੇ ਦੀ ਖਲ ਦੀ ਬਹੁਮੁੱਲੀ ਸਮਝੀ ਜਾਂਦੀ ਸੀ ਪਰ ਗੈਂਡੇ ਦੀ ਖਲ ਦਾ ਆਮ ਮਿਲਣਾ ਕਠਿਨ ਸੀ ਅਤੇ ਜੇ ਮਿਲ ਭੀ ਜਾਏ ਤਾਂ ਇਹ ਇੰਨੀ ਮਹਿੰਗੀ ਹੁੰਦੀ ਸੀ ਕਿ ਇਸ ਨੂੰ ਰਾਜਿਆਂ ਤੇ ਵੱਡੇ ਧਨਾਢਾਂ ਤੋਂ ਬਿਨਾਂ ਸਾਧਾਰਨ ਜਨਤਾ ਨਹੀਂ ਸੀ ਖਰੀਦ ਸਕਦੀ। ਖ਼ਾਲਸਾ ਰਾਜ ਦੇ ਕਾਰੀਗਰਾਂ ਨੇ ਗੈਂਡੇ ਦੀ ਖਲ ਦੇ ਟਾਕਰੇ ਪਰ ਐਸਾ ਹੁਨਰ ਕੱਢਿਆ ਸੀ ਜਿਸ ਨਾਲ ਪੰਜਾਬ ਦੀ ਢਾਲ ਦੀ ਪਕਿਆਈ ਤਾਂ ਗੈਂਡੇ ਦੀ ਢਾਲ ਵਾਂਗ ਸੀ ਪਰ ਲਾਗਤ ਇਸ ਪਰ ਬਹੁਤ ਘੱਟ ਆਉਂਦੀ ਸੀ।

## ਢਾਲ ਬਣਾਉਣ ਦਾ ਢੰਗ

ਮੱਝ ਜਾਂ ਬੂਨ ਦੇ ਮੋਟੇ ਚਮੜੇ ਦੀਆਂ ਦੋ ਜਾਂ ਤਿੰਨ ਤੈਹਾਂ ਗੋਲਾਈ ਵਿਚ ਕੱਟ ਕੇ ਇਨ੍ਹਾਂ ਤੈਹਾਂ ਨੂੰ ਕਿਸੇ ਐਸੇ ਮਸਾਲੇ ਨਾਲ ਜੋੜ ਦਿੰਦੇ ਸਨ ਕਿ ਦੋਵੇਂ ਤੈਹਾਂ ਇਕ ਮਿਕ ਹੋ ਜਾਂਦੀਆਂ ਸਨ।[2] ਫਿਰ ਇਨ੍ਹਾਂ ਨੂੰ ਮਿਲਾ ਕੇ ਲੋਹੇ ਤੇ ਲਕੜੀ ਦੇ ਬਣੇ ਹੋਏ ਸਕੰਜਿਆਂ ਵਿਚ ਕਸਕੇ ਕੁਝ ਦਿਨਾਂ ਤਕ ਰੱਖ ਛੱਡਦੇ ਸਨ। ਥੋੜ੍ਹੇ ਦਿਨਾਂ ਵਿਚ ਇਹ ਢਾਲ ਦੀ ਸ਼ਕਲ ਵਿਚ ਢਲ ਜਾਂਦੀ ਸੀ। ਫਿਰ ਇਸ ਪਰ ਲੋਹੇ ਅਤੇ ਚਾਂਦੀ ਜਾਂ ਸੋਨੇ ਦੀਆਂ ਫੁਲ-ਮੇਖਾਂ ਜੜੀਆਂ ਜਾਂਦੀਆਂ ਸਨ। ਇਸ ਤਰ੍ਹਾਂ ਇਹ ਢਾਲਾਂ ਪੰਜਾਬ ਤੋਂ ਬਾਹਰ ਦੂਰ-ਦੂਰ ਮੰਗਾਈਆਂ ਜਾਂਦੀਆਂ ਸਨ। ਇਨ੍ਹਾਂ ਦਾ ਮੁੱਲ ਇਨ੍ਹਾਂ ਦੀ ਬਣਤਰ ਅਨੁਸਾਰ ਹੁੰਦਾ ਸੀ। ਲੋਹੇ ਦੇ ਫੁਲਾਂ ਵਾਲੀ ਢਾਲ 25 ਰੁਪਏ ਤੋਂ 50 ਤਕ ਅਤੇ ਚਾਂਦੀ ਸੋਨੇ ਦੇ ਕੰਮ ਵਾਲੀ 500 ਰੁਪਏ ਤਕ ਮੁੱਲ ਪਵਾਉਂਦੀ ਸੀ। ਜਿਨ੍ਹਾਂ ਪਰ ਕੀਮਤੀ ਨਗ ਜੜੇ ਜਾਂਦੇ ਸਨ ਉਹ 1000 ਤੋਂ 1500 ਰੁਪਏ ਤਕ ਵਿਕ ਜਾਂਦੀਆਂ ਸਨ।[3]

## ਖ਼ਾਲਸਾ ਰਾਜ ਦੇ ਤੋਪਾਂ ਢਾਲਣ ਦੇ ਕਾਰਖ਼ਾਨੇ

ਖ਼ਾਲਸਾ ਦਰਬਾਰ ਦੇ ਪੁਰਾਣੇ ਰੀਕਾਰਡਾਂ ਦੇ ਖੋਜੀਆਂ ਅਤੇ ਤੋਪਾਂ ਦੇ ਉੱਪਰ ਉਕਰੀਆਂ ਲਿਖਤਾਂ ਤੋਂ ਸਿੱਧ ਹੁੰਦਾ ਹੈ ਕਿ ਖ਼ਾਲਸਾ ਰਾਜ ਵਿਚ ਤੋਪਾਂ ਢਾਲਣ ਦੇ ਪੰਜ ਕਾਰਖ਼ਾਨੇ ਚਲਦੇ ਸਨ। ਇਨ੍ਹਾਂ ਵਿਚੋਂ ਤਿੰਨ ਲਾਹੌਰ ਵਿਚ ਸਨ। ਇਕ ਕਿਲਾ ਮੁਬਾਰਕ ਵਿਚ ਸੀ ਜਿਸ ਦੀ

---

1. *ਜਨਰਲ ਆਫ ਏ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ*, ਸਫਾ 231; *ਯੂਰਪੀਅਨ ਐਡਵੈਂਚਰਜ਼ ਇਨ ਨਾਰਦਰਨ ਇੰਡੀਆ*, ਸਫਾ 135
2. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫਾ 50
3. ਲੇਖਕ ਨੇ ਦੋ ਢਾਲਾਂ ਲਾਹੌਰ ਦੇ ਅਜਾਇਬ ਘਰ ਦੇ ਹਥਿਆਰਾਂ ਵਾਲੇ ਵਿਭਾਗ ਵਿਚ ਵੇਖੀਆਂ ਸਨ ਜਿਨ੍ਹਾਂ ਵਿਚੋਂ ਇਕ ਪਰ ਖ਼ਾਲਸੇ ਦੇ ਚਾਰ ਪ੍ਰਸਿੱਧ ਸੰਗਰਾਮਾਂ ਦੇ ਚਿੱਤਰ ਬੜੇ ਕਮਾਲ ਨਾਲ ਚਿੱਤਰਕੇ ਦਰਸਾਏ ਗਏ ਸਨ—ਕਸੂਰ, ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਦੇ ਮੈਦਾਨੇ ਜੰਗਾਂ ਦੇ ਨਜ਼ਾਰੇ, ਖ਼ਾਲਸੇ ਤੇ ਪਠਾਣਾਂ ਦੇ ਸੰਗਰਾਮ ਬੜੇ ਹੁਨਰ ਨਾਲ ਚਿਤਰੇ ਗਏ ਸਨ। ਦੂਜੀ ਪਰ ਮਹਾਂਭਾਰਤ ਦੀ ਲੜਾਈ ਦਾ ਦ੍ਰਿਸ਼ ਸੀ ਜੋ ਬੜੇ ਸੋਹਣੇ ਢੰਗ ਨਾਲ ਚਿਤਰਿਆ ਗਿਆ ਸੀ।

ਦੇਖ-ਰੇਖ ਮੀਆਂ ਕਾਦਰ ਬਖ਼ਸ਼ ਬਾਗ਼ਬਾਨਪੁਰੀਆ ਕਰਦਾ ਸੀ। ਦੂਜਾ ਈਦਗਾਹ ਵਿਚ ਚਾਲੂ ਸੀ ਜਿਸ ਦਾ ਪ੍ਰਬੰਧ ਜੈਨਰਲ ਕੋਰਟ ਅਤੇ ਉਸ ਦਾ ਸ਼ਾਗਿਰਦ ਅਫਜਲਅਲੀ ਕਰਦਾ ਸੀ। ਤੀਜਾ ਬਹੁਤ ਵੱਡਾ ਕਾਰਖ਼ਾਨਾ ਸੂਬਾ ਸਿੰਘ ਦੇ ਕਾਰਖ਼ਾਨੇ ਦੇ ਨਾਂ ਪਰ ਪ੍ਰਸਿੱਧ ਸੀ। ਇਹ ਸ਼ਾਹਦਰੇ ਵਿਚ ਸੀ। ਇਸ ਦਾ ਨਿਗਰਾਨ ਜਵਾਹਿਰ ਮਲ ਸੀ। ਖ਼ਾਲਸਾ ਰਾਜ ਦੀਆਂ ਸਭ ਤੋਂ ਵੱਧ ਤੋਪਾਂ ਇਸੇ ਕਾਰਖ਼ਾਨੇ ਦੀ ਉਪਜ ਸਨ। ਚੌਥਾ ਕਾਰਖ਼ਾਨਾ ਨਕੋਦਰ, ਪਰਗਨਾ ਜਲੰਧਰ, ਵਿਚ ਸੀ ਜੋ ਖਲੀਫਾ ਨੂਰ ਦੀਨ ਤੇ ਕੈਦੇ ਖ਼ਾਨ ਦੇ ਤਹਿਤ ਵਿਚ ਚਲਦਾ ਸੀ।[1] ਪੰਜਵਾਂ ਕਾਰਖ਼ਾਨਾ ਪਿਸ਼ਾਵਰ ਵਿਚ ਸੀ। ਇਕ ਹੋਰ ਕਾਰਖ਼ਾਨਾ ਸ਼ੇਖ਼ੂਪੁਰਾ ਵਿਚ ਸੀ।[2] ਇਨ੍ਹਾਂ ਕਾਰਖ਼ਾਨਿਆਂ ਨੂੰ ਵੇਖ ਕੇ ਲੈਫਟੀਨੈਂਟ ਬਾਰ ਨੇ ਇਉਂ ਲਿਖਿਆ ਹੈ : "ਮੈਂ 21 ਫਰਵਰੀ 1839 ਨੂੰ ਮਹਾਰਾਜਾ ਰਣਜੀਤ ਸਿੰਘ ਦਾ ਕਿਲਾ ਲਾਹੌਰ ਦਾ ਤੋਪਾਂ ਢਾਲਣ ਦਾ ਕਾਰਖ਼ਾਨਾ ਡਿੱਠਾ। ਇੱਥੇ ਦੇ ਕਾਰੀਗਰਾਂ ਦੀ ਹੱਥ ਦੀ ਸਫਾਈ ਵੇਖ ਕੇ ਮੈਂ ਹੈਰਾਨ ਰਹਿ ਗਿਆ। ਇੱਥੇ ਕਈ ਨਵੀਆਂ ਢਲੀਆਂ ਤੋਪਾਂ ਵਿਚ ਦੋ ਤੋਪਾਂ ਦੀ ਸਫਾਈ ਤੇ ਕਾਰੀਗਰੀ ਅਚੰਭਤ ਕਰ ਦੇਣ ਵਾਲੀ ਸੀ। ਇਹ ਦੋਵੇਂ ਤੋਪਾਂ ਉਨ੍ਹਾਂ ਦੋ ਤੋਪਾਂ ਦੇ ਨਮੂਨੇ ਪਰ ਢਾਲੀਆਂ ਗਈਆਂ ਸਨ ਜਿਹੜੀਆਂ ਪਿੱਛੇ ਜਹੇ ਲਾਰਡ ਵਿਲੀਅਮ ਬੈਂਟਿੰਗ ਤੇ ਮਹਾਰਾਜਾ ਸਾਹਿਬ ਦੀ ਰੋਪੜ ਦੀ ਮਿਲਣੀ ਸਮੇਂ ਗਵਰਨਰ ਜੈਨਰਲ ਸਾਹਿਬ ਨੇ ਮਹਾਰਾਜਾ ਦੀ ਭੇਟਾ ਕੀਤੀਆਂ ਸਨ। ਇਹ 24 ਪੌਂਡ ਗੋਲਾ ਚਲਾਉਣ ਵਾਲੀਆਂ ਹੋਵਿਟਜ਼ਰਜ਼ (howitzers) ਤਰਜ ਦੀਆਂ ਸਨ। ਅੰਗਰੇਜ਼ੀ ਤੋਪਾਂ ਅਤੇ ਮਹਾਰਾਜੇ ਦੇ ਕਾਰਖ਼ਾਨੇ ਵਿਚ ਤਿਆਰ ਹੋਈਆਂ ਤੋਪਾਂ ਨੂੰ ਚੰਗੀ ਗਹੁ ਨਾਲ ਵੇਖਿਆ ਮੈਨੂੰ ਇਨ੍ਹਾਂ ਤੋਪਾਂ ਵਿਚ ਕੋਈ ਭਿੰਨ-ਭੇਦ ਨਹੀਂ ਸੀ ਦਿਸਿਆ। ਮੈਨੂੰ ਇਸ ਕਾਰਖ਼ਾਨੇ ਦੇ ਮੁੱਖ ਕਰਮਚਾਰੀ ਨੇ ਦੱਸਿਆ ਕਿ ਖ਼ਾਲਸੇ ਦੇ ਇਨ੍ਹਾਂ ਕਾਰਖ਼ਾਨਿਆਂ ਵਿਚ ਪਈਆਂ ਵੱਡੀਆਂ ਛੋਟੀਆਂ ਤੋਪਾਂ ਅਤੇ ਜ਼ੁਬਾਰਿਆਂ ਦੀ ਗਿਣਤੀ 700 (ਸੱਤ ਸੌ) ਹੈ ਜਿਹੜੀਆਂ ਲੜਾਈ ਪੈਣ ਪਰ ਹਰ ਸਮੇਂ ਮੈਦਾਨੇ-ਜੰਗ ਵਿਚ ਭੇਜੀਆਂ ਜਾ ਸਕਦੀਆਂ ਹਨ।" ਅੱਗੇ ਜਾ ਕੇ ਬਾਰ ਲਿਖਦਾ ਹੈ ਕਿ "ਇਸ ਅਜੀਬ ਕਾਰਖ਼ਾਨੇ ਵਿਚੋਂ ਵਿਦਾ ਹੋਣ ਨੂੰ ਮੇਰਾ ਜੀਅ ਨਹੀਂ ਸੀ ਕਰਦਾ। ਮੈਂ ਚਾਹੁੰਦਾ ਸਾਂ ਕਿ ਇਨ੍ਹਾਂ ਕਾਰੀਗਰਾਂ ਦੇ ਹੋਰ ਕਮਾਲ ਵੀ ਵੇਖਾਂ ਪਰ ਇਸ ਸਮੇਂ ਕਾਲੀਆਂ ਘਨਘੋਰ ਘਟਾਵਾਂ ਅਕਾਸ਼ ਪਰ ਛਾ ਗਈਆਂ ਸਨ ਅਤੇ ਮੀਂਹ ਦੇ ਵਰ੍ਹ ਪੈਣ ਦਾ ਡਰ ਸੀ, ਇਸ ਲਈ ਲਚਾਰੀ ਮੈਨੂੰ ਇੱਥੋਂ ਜਾਣਾ ਪਿਆ।"[3]

## ਖ਼ਾਲਸਾ ਰਾਜ ਦੇ ਕਾਰਖ਼ਾਨਿਆਂ ਵਿਚ ਢਲੀਆਂ ਤੋਪਾਂ ਬਾਰੇ ਖ਼ਾਸ ਵਾਕਫ਼ੀ

ਇਨ੍ਹਾਂ ਤੋਪਾਂ ਪਰ ਬੜੀ ਸੁੰਦਰ ਚਿੱਤਰਕਾਰੀ ਵਿਚ ਗੁਰਮੁਖੀ, ਫ਼ਾਰਸੀ ਤੇ ਹਿੰਦੀ ਅੱਖਰਾਂ ਵਿਚ ਹਰ ਇਕ ਤੋਪ ਪਰ ਉਸ ਬਾਰੇ ਜ਼ਰੂਰੀ ਵਾਕਫ਼ੀ ਉਕਰੀ ਹੋਈ ਸੀ।

1. ਲਿਖਤ ਦੇ ਅਰੰਭ ਵਿਚ ਸਰਵ ਸ਼ਕਤੀਮਾਨ ਅਕਾਲਪੁਰਖ ਅਤੇ ਸਤਿਗੁਰੂ

---

1. *ਜਰਨਲ ਆਫ ਇੰਡੀਅਨ ਹਿਸਟਰੀ*, ਸਿਤੰਬਰ, 1922
2. ਤੋਪ ਫ਼ਤਹਿ ਜੰਗ ਪਰ ਲਿਖਤ ਉਕਰੀ ਹੋਈ ਸੀ, *ਕਿਲਾ ਸ਼ੇਖ਼ੂਪੁਰਾ ਵਿਚ*, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਇਹ ਤੋਪ ਕਿਲਾ ਸ਼ੇਖ਼ੂਪੁਰਾ ਵਿਚ ਢਲੀ ਸੀ।
3. ਬਾਰ, *ਜਰਨਲ ਆਫ ਏ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ*, ਸਫੇ 102-103

ਸਾਹਿਬਾਨ ਤੋਂ ਵਰ ਅਤੇ ਅਸੀਸ ਮੰਗੀ ਗਈ ਸੀ, ਜਿਹਾ ਕੇ ਤੋਪ ਨੰਬਰ 1 ਪਰ ਲਿਖਤ ਹੈ :

"੧ਓ ਸਤਿਗੁਰ ਪ੍ਰਸਾਦਿ ਅਕਾਲ ਸਹਾਇ", ਤੋਪ ਨੰ. 7 ਪਰ "ਬਫਜਲੇ ਸ੍ਰੀ ਅਕਾਲ ਪੁਰਖ ਦਾਮ ਮਲਕਾ", ਨੰ. 45 ਪਰ "ਸ੍ਰੀ ਅਕਾਲ ਪੁਰਖ ਜੀ, ਫਜਲੇ ਅਕਾਲ ਅਜ ਫਜਲੇ ਗੁਰੂ ਨਾਨਕ ਵ ਲੁਤਫੇ ਗੋਵਿੰਦ ਸਿੰਘ।"

2. ਹਰ ਇਕ ਤੋਪ ਦਾ ਆਪਣਾ ਨਾਂ ਸੀ। ਕੁਝ ਕੁ ਨਾਂ ਇਹ ਹਨ : ਤੋਪ ਨੰ. 1, 'ਫਤਹਿ ਜੰਗ'; ਤੋਪ ਨੰ. 10 ਤੇ ਨੰ. 11; 'ਬੀਰ ਬਾਨ' 'ਗੋਬਿੰਦ ਬਾਨ'; ਨੰ. 102, 'ਸਿੰਘ ਬਾਨ'; ਨੰ. 56, 'ਜ਼ਫਰ ਜੰਗ'; ਨੰ. 31, 'ਫਤਹਿ ਨੁਸਰਤ'; ਨੰ. 40, 'ਚਮਕ ਬਿਜਲੀ'; ਨੰ. 45, 'ਅਦੂ ਕੋਬਾ'; ਨੰ. 83, 'ਗੋਬਾਰਾ ਬਰਕ ਅਫਸ਼ਾਰ'; ਨੰ. 87, 'ਦੇਵ ਬਾਨ'; ਨੰ. 90, 'ਜਵਾਲਾਮੁਖੀ'; ਨੰ. 91, 'ਸੇਸ਼ ਮੁਖੀ'; ਨੰ. 94, 'ਸੂਰਜਮੁਖੀ'; ਨੰ. 104, 'ਅਦੂ ਖ਼ੁਵਾਰਾ'; ਨੰ. 105, ਜੰਗਜੀਤ ਆਦਿ।

3. ਹਰ ਇਕ ਤੋਪ ਜੋ ਮਹਾਰਾਜੇ ਦੇ ਹੁਕਮ ਨਾਲ ਢਾਲੀ ਗਈ, ਉਸ ਦਾ ਨਾਂ ਵੀ ਤੋਪ ਪਰ ਉਕਰਿਆ ਹੋਇਆ ਸੀ ਜਿਹਾ ਕੇ ਤੋਪ ਨੰ. 4 ਪਰ ਲਿਖਤ ਸੀ, 'ਬਮੂਜਬ ਹੁਕਮੇ ਹਜ਼ੂਰ ਫੈਜ ਗੰਜੂਰ ਸਿੰਘ ਸਾਹਿਬ ਸਰਤਾਜ ਖ਼ਾਲਸਾ ਬਾਦਸ਼ਾਹ ਰਣਜੀਤ ਸਿੰਘ ਜੀਓ ਦਾਮ ਇਕਬਾਲ', ਨੰ. 7 ਪਰ 'ਅਲਅਮਰ ਅਸ਼ਰਫ ਅਕਦੁਸ ਆਅਲੀ ਹਜ਼ੂਰ ਅਨਵਰ'। ਇਕ ਹੋਰ ਪਰ 'ਗੋਬਿੰਦ ਬਾਨ ਨਾਮ ਤੋਪ ਬਹੁਕਮੇ ਮਹਾਰਾਜਾ ਦਲੀਪ ਸਿੰਘ', ਨੰ. 57 ਪਰ ਉਕਰਿਆ ਹੋਇਆ ਸੀ, 'ਅਜ ਹੁਕਮੇ ਸ਼ਾਹਜ਼ਾਦਾ ਨੌਨਿਹਾਲ ਸਿੰਘ ਸ਼ੁਦ ਤੋਪੇ ਨੌ ਤਿਆਰ ਜ਼ਫਰ ਜੰਗ ਸ਼ਾਹਪਸੰਦਾ'।

4. ਹਰ ਇਕ ਤੋਪ ਪਰ ਕਾਰਖ਼ਾਨੇ ਦਾ ਨਾਂ ਵੀ ਉਕਰਿਆ ਹੋਇਆ ਹੁੰਦਾ ਸੀ ਜਿਸ ਵਿਚ ਉਹ ਢਾਲੀ ਜਾਂਦੀ ਸੀ, ਜਿਹਾ ਕਿ ਤੋਪ ਨੰ. 44 ਪਰ ਉਕਰਿਆ ਹੋਇਆ ਸੀ 'ਸਾਖਤ ਦਾਰਲ ਸਲਤਨਤੇ ਲਾਹੌਰ ਕਾਰਖ਼ਾਨਾ ਸੂਬਾ ਸਿੰਘ', ਨੰ. 4 ਪਰ 'ਦਰ ਕਿਲਾ ਮੁਬਾਰਕ ਲਾਹੌਰ', ਨੰ. 6 ਪਰ ਲਿਖਤ ਸੀ 'ਕਾਰਖਾਨਾ ਈਦਗਾਹ', ਨੰ. 1 ਫਤਹਿ ਜੰਗ ਨਾਮੀ ਤੋਪ ਪਰ ਲਿਖਤ ਸੀ 'ਕਿਲਾ ਸ਼ੇਖ਼ੂਪੁਰਾ ਵਿਚ'। ਇਕ ਹੋਰ ਤੋਪ ਪਰ ਦਰਜ ਸੀ 'ਤੋਪ ਨਿਕੋਦਰ ਢਾਲੀ'। ਨਕੋਦਰ ਪਰਗਨਾ ਜਲੰਧਰ ਵਿਚ ਇਹ ਕਾਰਖ਼ਾਨਾ ਖਲੀਫਾ ਨੂਰਦੀਨ ਦੀ ਦੇਖ ਰੇਖ ਵਿਚ ਚਲਦਾ ਸੀ ਜਿਸ ਦਾ ਮੁੱਖ ਕਾਰੀਗਰ ਕੈਦੋ ਖ਼ਾਨ ਸੀ। ਇਸ ਕਾਰਖ਼ਾਨੇ ਨੇ ਸੰਨ 1820-21 ਵਿਚ ਕਈ ਤੋਪਾਂ ਢਾਲੀਆਂ ਸਨ।

5. ਹਰ ਇਕ ਤੋਪ ਪਰ ਉਸ ਦੇ ਢਾਲਣ ਵਾਲੇ ਕਾਰੀਗਰਾਂ ਦੇ ਨਾਂ ਵੀ ਉਕਰੇ ਹੋਏ ਹੁੰਦੇ ਸਨ, ਜਿਹਾ ਕੇ ਤੋਪ ਨੰ. 1 ਫਤਹਿ ਜੰਗ ਪਰ ਲਿਖਿਆ ਸੀ, 'ਕਾਰੀਗਰ ਸਰੂਪ ਸਿੰਘ ਦੇ ਪੁੱਤ ਸੂਬਾ ਸਿੰਘ ਗੋਬਿੰਦ ਸਿੰਘ', ਨੰ. 11 ਪਰ 'ਅਮਰ ਰਾਏ

ਸਿੰਘ ਤੋਪ ਸਾਜ਼', ਨੰ. 83 ਗੁਬਾਰਾ ਬਰਕ ਅਫ਼ਸ਼ਾਰ ਪਰ ਦਰਜ ਸੀ 'ਮੀਆਂ ਖ਼ਾਨ ਮੁਹੰਮਦ ਪੁੱਤਰ ਮੀਆਂ ਗੁਲਾਮ ਮੁਹੰਮਦ ਚੌਧਰੀ', ਤੋਪ ਨੰ. 16 ਪਰ 'ਅਕਾਲ ਬਖ਼ਸ਼ ਅਨਲ ਪਿਮਰਾਨ ਸੁਧਾ ਸਿੰਘ', ਲੈਲਾਨ ਨਾਮੀ ਤੋਪ ਪਰ ਲਿਖਤ ਸੀ 'ਅਮਲ ਅਫ਼ਜ਼ਲ ਅਲੀ', ਫ਼ਤਹਿ ਨੁਸਰਤ ਨਾਮੀ ਤੋਪ ਪਰ ਉਕਰਿਆ ਹੋਇਆ ਸੀ 'ਅਲਮਲਕ ਇਮਾਮਦੀਨ ਖਤਾਈ', ਨੰ. 8 ਪਰ ਲਿਖਿਆ ਸੀ 'ਅਮਲ ਰੂਪ ਸਿੰਘ ਅਨੂਪ ਸਿੰਘ', ਨੰ. 4 ਪਰ ਦਰਜ ਸੀ 'ਅਮਲ ਮੁਹੰਮਦ ਹਿਆਤ', ਨੰ. 6 ਪਰ 'ਅਫ਼ਜ਼ਲ ਅਲੀ ਸ਼ਾਕਰ ਰੇਖਤਾ ਸਦ', ਨੰ. 43 ਦੇ ਢਾਲਣ ਵਾਲੇ ਦਾ ਨਾਂ ਬਾਗ਼ੀ ਖ਼ਾਨ ਲਿਖਿਆ ਹੈ। ਗੋਬਿੰਦ ਬਾਨ ਨਾਮੀ ਤੋਪ ਪਰ ਇਹ ਲਿਖਤ ਉਕਰੀ ਹੋਈ ਸੀ : 'ਵਿਦਵੀ ਅਫ਼ਜ਼ਲ ਅਲੀ ਸ਼ਾਗਿਰਦ ਜੈਨਰਲ ਕੋਰਟ ਸਾਹਿਬ', ਦਰਬਨ ਨਾਮੀ ਤੋਪ ਪਰ ਦਰਜ ਹੈ 'ਬਾਗੀ ਖ਼ਾਨ ਤੋਪਰੇਜ਼', 'ਸਿੰਘ ਬਾਨ' ਪਰ ਲਿਖਿਆ ਹੈ 'ਅਮਲ ਸੂਬਾ ਸਿੰਘ', ਨੁਸਰਤ ਜੰਗ ਪਰ ਉਕਰਿਆ ਹੋਇਆ ਹੈ, 'ਅਮਲ ਰਾਏ ਸਿੰਘ ਤੋਪਸਾਜ਼'।

6. ਹਰ ਇਕ ਤੋਪ ਉੱਪਰ ਜਿਥੇ ਕਾਰੀਗਰ ਦਾ ਨਾਂ ਸੀ ਉੱਥੇ ਨਾਲ ਹੀ ਕਾਰਖ਼ਾਨੇ ਦੇ ਜ਼ਿੰਮੇਵਾਰ ਪ੍ਰਬੰਧਕ ਦਾ ਨਾਂ ਵੀ ਉਕਰਿਆ ਹੋਇਆ ਮਿਲਦਾ ਸੀ। ਨੰ. 4 ਪਰ ਲਿਖਤ ਹੈ, 'ਬਾਐਹਤਮਾਮੇ ਮੀਆਂ ਕਾਦਰ ਬਖ਼ਸ਼'। ਨੰ. 53 ਤੇ ਲਿਖਿਆ ਸੀ, 'ਐਹਤਮਾਮੇ ਮੁਨਸ਼ੀ ਦਿਲਬਾਗ ਰਾਇ', ਹਨਵਤ ਬਾਨ ਪਰ ਲਿਖਿਆ ਹੋਇਆ ਸੀ 'ਕਾਰਖ਼ਾਨਾ ਸੂਬਾ ਸਿੰਘ', ਨੰ. 45 ਪਰ 'ਬ ਕਾਰਖ਼ਾਨਾ ਸੂਬਾ ਸਿੰਘ', ਨੰ. 6 ਪਰ 'ਬਾਐਹਤਮਾਮੇ ਜੈਨਰਲ ਕੋਰਟ ਸਾਹਿਬ', ਨੰ. 40 ਤੇ 53 ਆਦਿ 'ਪਰ ਬਾ ਐਹਤਮਾਮੇ ਜੁਵਾਹਿਰ ਮਲ'।

7. ਹਰ ਇਕ ਤੋਪ ਪਰ ਉਸ ਦੇ ਤਿਆਰ ਹੋਣ ਦਾ ਸੰਨ, ਮਹੀਨਾ, ਦਿਨ ਅਤੇ ਘੜੀਆਂ ਤਕ ਮਿਲਦੀਆਂ ਹਨ। ਜਿਹਾ ਕੇ ਤੋਪ ਨੰ. 1 ਫ਼ਤਹਿ ਜੰਗ ਪਰ ਦਰਜ ਹੈ, "ਸੰਮਤ 1884 ਮਿਤੀ ਮਾਘ ਦਿਨ 5 ਵਾਰ ਬੁਧ ਚਾਰ ਘੜੀ ਦਿਨ ਦੇ।"

8. ਕੁਝ ਤੋਪਾਂ ਪਰ ਤੋਪ ਦਾ ਵਜ਼ਨ ਵੀ ਉਕਰਿਆ ਹੋਇਆ ਸੀ ਜਿਹਾ ਕਿ ਕੋਹਿ ਸ਼ਿਕਨ ਨਾਮੀ ਤੋਪ ਪਰ ਉਕਰਿਆ ਹੋਇਆ ਸੀ "ਬਵਜ਼ਨ ਯਕਸਦ ਵ ਦੂ ਮਨ।"

9. ਇਸੇ ਤਰ੍ਹਾਂ ਕੁਝ ਤੋਪਾਂ ਪਰ ਜੋ ਪ੍ਰਤੀ ਤੋਪ ਖਰਚ ਆਇਆ ਸੀ, ਉਹ ਉਸ ਤੇ ਉਕਰਿਆ ਹੋਇਆ ਮਿਲਦਾ ਹੈ, ਜਿਹਾ ਕੇ ਤੋਪ ਨੰ. 3 ਤੇ 736 ਰੁਪਏ ਦਰਜ ਹੈ।

10. ਕੁਝ ਤੋਪਾਂ ਪਰ ਉਸ ਵਿਚ ਵਰਤਨ ਲਈ ਬਰੂਦ ਦਾ ਵਜ਼ਨ ਅਤੇ ਗੋਲੇ ਦੀ ਮੋਟਾਈ ਵੀ ਉਕਰੀ ਹੋਈ ਸੀ। ਜਿਹਾ ਕੇ ਤੋਪ ਨੰ. 2 ਪਰ ਦਰਜ ਸੀ, "ਗੋਲਾ ਬਮਿਕਦਾਰ ਦਹਨ ਵ ਬਾਰੂਤ ਨਿਸਫ ਅਜ਼ ਗੋਲਾ ਬਵਜ਼ਨ।"

11. ਕੁਝ ਖਾਸ-ਖਾਸ ਤੋਪਾਂ ਪਰ ਮਨਾਂ ਨੂੰ ਧੜਕਾ ਦੇਣ ਵਾਲੇ ਸ਼ੇਅਰ ਉਕਰੇ ਹੋਏ ਸਨ ਜਿਨ੍ਹਾਂ ਦੇ ਪੜ੍ਹਣ ਨਾਲ ਹੀ ਮਨ ਦਹਿਲ ਜਾਂਦੇ ਸਨ।
12. ਹਰ ਇਕ ਤੋਪ ਪਰ ਇਹ ਵੀ ਉਕਰਿਆ ਹੋਇਆ ਹੁੰਦਾ ਸੀ ਕਿ ਇਹ ਤੋਪ ਕਿਹੜੇ ਅਫ਼ਸਰ ਦੇ ਤੋਪਖਾਨੇ ਲਈ ਤਿਆਰ ਕੀਤੀ ਗਈ ਸੀ। ਜਿਹਾ ਕਿ ਜ਼ਫਰ ਜੰਗ ਨਾਮੀ ਤੋਪ ਪਰ ਲਿਖਿਆ ਹੈ :

ਸ਼ੁਦ ਤੋਪੇ ਨੌ ਤਿਆਰ ਜ਼ਫਰ ਜੰਗ ਸ਼ਾਹ ਪਸੰਦ।
ਮਨਸੂਬ ਤੋਪਖਾਨਾ ਜਰਨੈਲ ਤੇਜ ਸਿੰਘ॥

ਇਕ ਹੋਰ ਤੋਪ ਨੰ. 4 ਪਰ ਇਹ ਲਿਖਤ ਸੀ :

'ਤੋਪ ਦੀਵਾਨ ਲਾਲਾ ਮੋਤੀ ਰਾਮ ਵ ਰਾਮ ਦਿਆਲ ਤਿਆਰ ਸ਼ੁਦ'

ਜੰਗ ਬਿਜਲੀ ਨਾਮੀ ਤੋਪ ਪਰ ਉਕਰਿਆ ਹੋਇਆ ਸੀ :

'ਦਰ ਤੈਹਤ ਸਰਦਾਰ ਫਤੇਹ ਸਿੰਘ'

ਨੁਸਰਤ ਜੰਗ ਨਾਮੀ ਤੋਪ ਪਰ ਇਉਂ ਲਿਖਿਆ ਸੀ :

'ਤੋਪ ਸਰਦਾਰ ਜਵਾਲਾ ਸਿੰਘ ਭਰਾਨੀਆ'

ਆਤਸ ਫਸ਼ਾਂ ਨਾਮੀ ਤੋਪ ਪਰ ਕੁਤਬਾ ਸੀ :

'ਹਸਤ ਈਂ ਤੋਪ ਮਿਸਰ ਬੇਲੀ ਰਾਮ
ਹਾਤਫਸ਼ ਗੁਫਤ ਫਤਹ ਵ ਨੁਸਰਤ ਨਾਮ'।

## ਖ਼ਾਲਸਾ ਰਾਜ ਦੇ ਤੋਪਾਂ ਦੇ ਕਾਰਖ਼ਾਨੇ ਵਿਚ ਇਕ ਢਲੀ ਹੋਈ ਤੋਪ ਦੀ ਲਾਗਤ ਦਾ ਵੇਰਵਾ

ਖ਼ਾਲਸਾ ਦਰਬਾਰ ਦੇ ਰੀਕਾਰਡਾਂ ਨੂੰ ਪੜਚੋਲਿਆਂ ਪਤਾ ਚਲਦਾ ਹੈ ਕਿ ਇਕ ਵਿਚਲੇ ਮੇਲ ਦੀ ਤੋਪ ਦੀ ਬਣਤਰ ਪਰ ਜੋ ਲਾਗਤ ਆਉਂਦੀ ਸੀ, ਉਸ ਦਾ ਵੇਰਵਾ ਇਉਂ ਹੈ :

| | |
|---|---|
| ਪਿਤਲ 30 ਮਣ ਇਕ ਸੇਰ—ਦਰ 70 ਰੁਪਏ ਫੀ ਮਣ | 2101 |
| ਜਸਤ 20 ਮਣ—ਦਰ 41 ਰੁਪਏ ਫੀ ਮਣ | 820 |
| ਸੁਹਾਗਾ 1 ਮਣ 10 ਸੇਰ—ਦਰ 11 ਰੁਪਏ ਫੀ ਮਣ | 13 |
| ਈਂਧਨ (ਬਾਲਣ) 325 ਮਣ—ਦਰ 14 ਰੁਪਏ ਇਕ ਸੌ ਮਣ | 45 |
| ਚਾਰ ਮਿਸਤਰੀਆਂ ਦੀ ਤਲਬ 50 ਰੁਪਏ ਫੀ ਮਹੀਨਾ | 200 |
| ਮਜ਼ਦੂਰਾਂ ਦਾ ਖਰਚ | 21 |
| ਖਰਚ ਪਰਚੂਨ | 40 |
| ਪਾਥੀਆਂ | |
| ਗਾਚਨੀ ਮਿਟੀ | 1 |
| ਰੋਟੀ ਜੋ ਕਾਰੀਗਰਾਂ ਖਾਧੀ | 4 |
| ਹਲਾਲ ਖੋਰ ਮੇਹਤਰ ਤੋਂ ਸਫਾਈ ਕਰਾਉਣ ਦਾ ਖਰਚ | 1 |

| | |
|---|---|
| ਲੋਹੇ ਦੀ ਤਾਰ | 2 |
| ਕੁਕੜੀ ਦੇ ਆਂਡੇ ਲੇਪ ਲਈ | 2 |
| ਘਿਉ | |
| ਕਾਲੇ ਤਿਲ ਮੰਗਤ ਨੂੰ ਦਿੱਤੇ | |
| ਗੁਗਲ | |
| ਆਟਾ ਕਣਕ ਦਾ | 2 |
| ਰੋਟੀ ਜੋ ਮਜਦੂਰਾਂ ਖਾਧੀ | 1 |
| ਤੇਲ ਸਰਸੋਂ ਦਾ | 2 |
| ਮੋਮੀ ਕਪੜਾ | |
| ਗੁੜ | 2 |
| ਮਠਿਆਈ | |
| ਪੁਸ਼ਾਕ ਕਾਰੀਗਰ ਦੀ | |
| ਪ੍ਰਸ਼ਾਦ | |
| ਹੋਰ ਫੁਟਕਲ ਖਰਚ | 1 |
| ਜੋੜ ਸਾਰੀ ਲਾਗਤ ਦਾ | 3282 |

ਜਿਸ ਵਿਚ 2981 ਰੁਪਏ ਦੀ ਜਿਨਸ ਅਤੇ
....... 301 ਮਜਦੂਰੀ ਦਾ ਖਰਚ ਸ਼ਾਮਲ ਹੈ

## ਖ਼ਾਲਸਾ ਰਾਜ ਸਮੇਂ ਤੋਪਾਂ ਦੀ ਢਲਾਈ ਦਾ ਹੁਨਰ

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਆਪਣੇ ਜੀਵਨ ਦੇ ਆਰੰਭ ਵਿਚ ਹੀ ਤੋਪਾਂ ਦੀ ਮਹੱਤਤਾ ਨੂੰ ਬੜੀ ਜ਼ਰੂਰੀ ਸਮਝਣ ਲੱਗ ਪਿਆ ਸੀ। ਉਸ ਦੇ ਮਨ ਵਿਚ ਤੋਪਾਂ ਦੀ ਬੜੀ ਕਦਰ ਸੀ। ਉਸ ਨੇ ਆਉਣ ਵਾਲੇ ਸਮੇਂ ਲਈ ਤੋਪਾਂ ਨੂੰ ਹੀ ਕਾਮਯਾਬੀ ਦਾ ਮੁੱਖ ਸਾਧਨ ਸਮਝ ਲਿਆ ਸੀ। ਉਸ ਦੀ ਇਸ ਦੂਰ-ਦ੍ਰਿਸ਼ਟੀ ਤੇ ਦਿਨ ਰਾਤ ਦੀ ਘਾਲ ਦਾ ਫਲ ਇਹ ਨਿਕਲਿਆ ਕਿ ਖ਼ਾਲਸਾ ਰਾਜ ਸਮੇਂ ਤੋਪਾਂ ਦੀ ਬਣਤਰ ਇਤਨੀ ਉਚਾਈ ਪਰ ਪਹੁੰਚ ਗਈ ਕਿ ਜਿਸ ਨੇ ਇਸ ਨੂੰ ਵੇਖਿਆ ਅਚੰਭਤ ਹੋ ਕੇ ਰਹਿ ਗਿਆ। ਇਨ੍ਹਾਂ ਦੀ ਸੁੰਦਰਤਾ, ਇਨ੍ਹਾਂ ਦੇ ਸਹੀ ਨਿਸ਼ਾਨੇ ਢੂੰਡਣੇ ਤਾਂ ਉਸ ਸਮੇਂ ਈਸਟ ਇੰਡੀਆ ਕੰਪਨੀ ਦੀਆਂ ਤੋਪਾਂ ਦੀ ਤਰ੍ਹਾਂ ਸਨ ਪਰ ਇਨ੍ਹਾਂ ਵਿਚ ਇਕ ਵਿਸ਼ੇਸ਼ ਵਾਧਾ ਇਹ ਸੀ ਕਿ ਅੰਗਰੇਜ਼ੀ ਤੋਪਾਂ ਚੌਥੀ ਜਾਂ ਪੰਜਵੀਂ ਵੇਰ ਦਾਗਣ ਨਾਲ ਤਪ ਜਾਂਦੀਆਂ ਸਨ ਪਰ ਖ਼ਾਲਸਾ ਕਾਰਖ਼ਾਨੇ ਦੇ ਕਾਰੀਗਰਾਂ ਦਾ ਧਾਤਾਂ ਦੀ ਮਿਲਾਵਟ ਦਾ ਢੰਗ ਐਸਾ ਕਮਾਲ ਦਾ ਸੀ ਜਿਸ ਦੇ ਕਾਰਨ ਤੋਪਾਂ ਸੱਤ-ਸੱਤ ਅਠ-ਅਠ ਵਾਰ ਚਲਾਉਣ ਪਰ ਵੀ ਜ਼ਿੰਨੀਆ ਗਰਮਾਉਂਦੀਆਂ ਨਹੀਂ ਸਨ।

ਇਨ੍ਹਾਂ ਤੋਪਾਂ ਵਿਚੋਂ ਕੁਝ ਕੁ ਤੋਪਾਂ ਬਾਰੇ ਔਸਬਰਨ ਜੋ ਲਾਰਡ ਆਕਲੈਂਡ ਗਵਰਨਰ

ਜੈਨਰਲ ਹਿੰਦ ਦਾ ਮਿਲਟਰੀ ਸੈਕਰੇਟਰੀ ਸੀ ਤੇ ਫ਼ੌਜੀ ਕੰਮਾਂ ਦਾ ਬੜਾ ਮਾਹਿਰ ਮੰਨਿਆ ਜਾਂਦਾ ਸੀ, ਆਪਣੀ 3 ਜੂਨ 1838 ਦੀ ਡਾਇਰੀ, ਜਿਹੜੀ ਉਸ ਨੇ ਅਦੀਨਾ ਨਗਰ ਵਿਚ ਲਿਖੀ, ਵਿਚ ਲਿਖਦਾ ਹੈ, "ਮੈਂ ਅੱਜ ਮਹਾਰਾਜਾ ਸਾਹਿਬ (ਮਹਾਰਾਜਾ ਰਣਜੀਤ ਸਿੰਘ) ਨਾਲ ਉਸ ਦੇ ਤੋਪਖਾਨਿਆਂ ਦੀ ਚਾਂਦਮਾਰੀ ਵੇਖਣ ਲਈ ਗਿਆ, ਉੱਥੇ ਮੈਂ 12 ਐਸੀਆਂ ਤੋਪਾਂ ਵੇਖੀਆਂ ਜੋ ਬੜੇ ਸੁੰਦਰ ਸਾਜੋ ਸਮਾਨ ਨਾਲ ਸਜੀਆਂ ਹੋਈਆਂ ਸਨ। ਮਹਾਰਾਜਾ ਦੀਆਂ ਇਨ੍ਹਾਂ ਤੋਂ ਭੀ ਵਧੀਆ ਤੋਪਾਂ ਲਾਹੌਰ ਵਿਚ ਹਨ। ਅਠ ਅਤੇ ਬਾਰਾ ਸੌ ਗਜ ਤੋਂ ਇਨ੍ਹਾਂ ਦੀ ਚਾਂਦਮਾਰੀ ਬਹੁਤ ਵਧੀਆ ਸੀ। ਬਹੁਤ ਸਾਰੇ ਗੋਲੇ ਠੀਕ ਨਿਸ਼ਾਨੇ ਉੱਪਰ ਜਾ ਕੇ ਫਟੇ ਸਨ।"

ਫਿਰ ਉਹ 22 ਜੂਨ ਦੀ ਡਾਇਰੀ ਵਿਚ ਲਿਖਦਾ ਹੈ : "ਅੱਜ ਮੈਂ 53 ਅਸਪੀ ਤੋਪਾਂ ਵੇਖੀਆਂ ਜੋ ਮਹਾਰਾਜਾ ਸਾਹਿਬ ਦੇ ਆਪਣੇ ਕਾਰਖ਼ਾਨਿਆਂ ਵਿਚ ਤਿਆਰ ਕੀਤੀਆਂ ਗਈਆਂ ਹਨ। ਮੇਰੀ ਰਾਏ ਵਿਚ ਇਸ ਸਮੇਂ ਦੀਆਂ ਦੇਸੀ ਤਾਕਤਾਂ ਵਿਚੋਂ ਕਿਸੇ ਪਾਸ ਐਸਾ ਸ਼ਕਤੀਮਾਨ ਤੋਪਖਾਨਾ ਕਿਤੇ ਵੀ ਨਹੀਂ ਹੈ।"

24 ਜੂਨ ਨੂੰ ਮੁੜ ਇਸ ਨੂੰ ਮਹਾਰਾਜਾ ਸਾਹਿਬ ਦੇ ਤੋਪਖਾਨੇ ਦੇ ਕਮਾਲ ਵੇਖਣ ਦਾ ਸਮਾਂ ਮਿਲਿਆ। ਇਸ ਦਿਨ ਦੇ ਰੋਜ਼ਨਾਮਚੇ ਵਿਚ ਉਹ ਲਿਖਦਾ ਹੈ : "ਮੈਂ ਅੱਜ 13 ਤੋਪਾਂ ਦਾ ਕੰਮ ਵੇਖਿਆ, ਇਨ੍ਹਾਂ ਦੀ ਚਾਂਦਮਾਰੀ ਦਾ ਟਾਕਰਾ ਸੰਸਾਰ ਦਾ ਕੋਈ ਤੋਪਖਾਨਾ ਨਹੀਂ ਕਰ ਸਕਦਾ। ਪਹਿਲੇ ਫਾਇਰ ਨਾਲ ਚਾਂਦ ਟੁਕੜੇ-ਟੁਕੜੇ ਹੋ ਗਿਆ। ਮੈਂ ਇਨ੍ਹਾਂ ਦੇ ਕਮਾਲ ਵੇਖ ਕੇ ਹੈਰਾਨ ਹੋ ਗਿਆ ਹਾਂ। ਇਸ ਤੋਂ ਵੱਧ ਹੈਰਾਨਗੀ ਇਸ ਗੱਲ ਦੀ ਹੈ ਕਿ ਇਹ ਤੋਪਾਂ ਬਹੁਤ ਥੋੜ੍ਹੇ ਸਮੇਂ ਵਿਚ ਤਿਆਰ ਕੀਤੀਆਂ ਗਈਆਂ ਹਨ। ਮੈਂ ਖੁਦ ਨਿਸ਼ਾਨੇ ਪਾਸ ਗਿਆ ਤਾਂ ਵੇਖਿਆ ਕਿ ਚਾਂਦਮਾਰੀ ਦਾ ਪਰਦਾ ਟੁਕੜੇ-ਟੁਕੜੇ ਹੋਇਆ ਪਿਆ ਹੈ।"

ਲੈਫਟੀਨੈਂਟ ਬਾਰ ਤੇ ਬੈਰਨ ਹਿਊਗਲ ਦੀ ਰਾਏ ਇਸ ਤੋਂ ਵੀ ਵਧੇਰੀ ਮਹਿਮਾ-ਭਰਪੂਰ ਹੈ। ਇਸ ਗੱਲ ਨੂੰ ਹਰ ਕੋਈ ਮੰਨਦਾ ਸੀ ਕਿ ਖ਼ਾਲਸਾ ਰਾਜ ਦਾ ਤੋਪਖਾਨਾ ਉਸ ਸਮੇਂ ਅਦੁੱਤੀ ਸੀ।

## ਪਾਟਵੇਂ ਗੋਲਿਆਂ ਦੇ ਬਣਾਉਣ ਦਾ ਕਾਰਖ਼ਾਨਾ

ਬਰਨਜ਼ ਲਿਖਦਾ ਹੈ ਕਿ, "ਜਦ ਮੈਂ ਬੁਖਾਰੇ ਜਾਂਦਿਆਂ ਮਹਾਰਾਜਾ ਸਾਹਿਬ ਨੂੰ 18 ਜਨਵਰੀ 1832 ਨੂੰ ਮਿਲਿਆ ਤਾਂ ਉਸ ਨੇ ਮੈਨੂੰ ਆਪਣੇ ਤੋਪਖਾਨੇ ਦੇ ਪਾਟਵੇਂ ਗੋਲਿਆ ਦਾ ਕਮਾਲ ਦੱਸਿਆ। ਮਹਾਰਾਜਾ ਨੇ ਇਹ ਗੋਲੇ ਪਿਛਲੇ ਸਾਲ ਗਵਰਨਰ ਜੈਨਰਲ ਨਾਲ ਮਿਲਣ ਸਮੇਂ ਰੋਪੜ ਦੇ ਮੈਦਾਨ ਵਿਚ ਡਿੱਠੇ ਸਨ। ਉੱਥੋਂ ਵਾਪਸ ਲਾਹੌਰ ਪਹੁੰਚ ਕੇ ਮਹਾਰਾਜਾ ਨੇ ਸਰਦਾਰ ਲੇਹਣਾ ਸਿੰਘ ਜੋ ਨਵੀਆਂ-ਨਵੀਆਂ ਕਾਢਾਂ ਕੱਢਣ ਲਈ ਪ੍ਰਸਿੱਧ ਹੈ ਅਤੇ ਜੈਨਰਲ ਕੋਰਟ ਨੂੰ ਉਸੇ ਤਰ੍ਹਾਂ ਦੇ ਗੋਲੇ ਤਿਆਰ ਕਰਨ ਲਈ ਕਿਹਾ। ਸਰਦਾਰ ਲੈਹਣਾ ਸਿੰਘ ਤਾਂ ਪਹਿਲਾਂ ਹੀ ਇਹ ਤਿਆਰ ਕਰ ਚੁੱਕਾ ਸੀ ਅਤੇ ਮਹਾਰਾਜਾ ਤੋਂ ਵੱਡੀ ਜਾਗੀਰ ਪ੍ਰਾਪਤ ਕੀਤੀ ਸੀ। ਅੱਜ ਇਸੇ ਦਿਨ ਜਦ ਅਸੀਂ ਮਹਾਰਾਜਾ ਪਾਸ ਪੁੱਜੇ, ਜੈਨਰਲ ਕੋਰਟ ਨੇ ਵੀ ਉਸੇ ਤਰ੍ਹਾਂ ਦੇ ਪਾਟਵੇਂ ਗੋਲੇ ਤਿਆਰ ਕਰ ਲਏ। ਮਹਾਰਾਜਾ ਇਹ ਵੇਖ ਕੇ ਬੜੇ ਖ਼ੁਸ਼ ਹੋਏ ਅਤੇ ਕੋਰਟ ਨੂੰ ਕਦਰਦਾਨੀ ਵੱਜੋ 5000 ਰੁਪਏ ਰੋਕ ਤੇ ਬਹੁਮੁੱਲੀ ਖਿਲਤ ਦੇ ਇਨਾਮ ਦਿੱਤੇ।" ਬਰਨਜ਼ ਅੱਗੇ

ਲਿਖਦਾ ਹੈ ਕਿ, "ਮਹਾਰਾਜਾ ਮੈਨੂੰ ਉਨ੍ਹਾਂ ਦੇ ਦੱਸਣ ਲਈ ਉੱਥੇ ਲੈ ਗਿਆ। ਇਨ੍ਹਾਂ ਗੋਲਿਆਂ ਦੇ ਢਾਂਚੇ (ਖੋਲ) ਪੁਰਾਣੇ ਲੋਹੇ ਤੇ ਪਿੱਤਲ ਦੀ ਮਿਲਾਵਟ ਦੇ ਬਣਾਏ ਗਏ ਸਨ। ਪਾਟਵੇਂ ਗੋਲਿਆਂ ਨੂੰ ਵੇਖ ਕੇ ਅੱਜ ਮਹਾਰਾਜਾ ਬੜਾ ਪ੍ਰਸੰਨ ਸੀ।"[1]

## ਖ਼ਾਲਸਾ ਰਾਜ ਦੇ ਹਥਿਆਰਾਂ ਦੇ ਕਾਰਖ਼ਾਨੇ

ਯਾਕੋਮਾਂ ਜਦ 11 ਮਾਰਚ 1831 ਨੂੰ ਲਾਹੌਰ ਪੁੱਜਾ ਤਾਂ ਇਸ ਨੇ 20 ਮਾਰਚ ਨੂੰ ਲਾਹੌਰ ਦੇ ਕਿਲੇ ਵਾਲਾ ਖ਼ਾਲਸੇ ਦਾ ਹਥਿਆਰ ਬਣਾਉਣ ਦਾ ਕਾਰਖ਼ਾਨਾ ਡਿੱਠਾ। ਇਸ ਨੂੰ ਵੇਖ ਕੇ ਉਸ ਨੇ ਲਿਖਿਆ ਹੈ ਕਿ ਖ਼ਾਲਸਾ ਫ਼ੌਜ ਲਈ ਤੋਪਾਂ, ਬਾਰੂਦ[3] ਅਤੇ ਪਾਟਵੇਂ ਗੋਲਿਆਂ ਦਾ ਸਭ ਜੰਗੀ ਸਾਮਾਨ ਮਹਾਰਾਜਾ ਦੇ ਆਪਣੇ ਕਾਰਖ਼ਾਨਿਆਂ ਵਿਚ ਤਿਆਰ ਹੁੰਦਾ ਹੈ। ਇਨ੍ਹਾਂ ਕਾਰਖ਼ਾਨਿਆਂ ਵਿਚੋਂ ਇਕ ਬੜਾ ਕਾਰਖ਼ਾਨਾ ਕਿਲੇ ਦੇ ਅੰਦਰ ਹੈ ਜਿੱਥੇ ਨਵੀਆਂ ਤੋਪਾਂ ਢਾਲੀਆਂ ਜਾਂਦੀਆਂ ਹਨ ਅਤੇ ਪਹਿਲੀਆਂ ਬਣੀਆਂ ਤੋਪਾਂ ਦੀ ਮੁਰੰਮਤ ਹੁੰਦੀ ਹੈ।[2]

ਕਪਤਾਨ ਵੇਡ ਨੇ ਖ਼ਾਲਸਾ ਫ਼ੌਜ ਦੀ 9 ਮਾਰਚ 1831 ਨੂੰ ਕਵੈਦ (ਪਰੇਡ) ਵੇਖ ਕੇ ਲਿਖਿਆ ਕਿ "ਫ਼ੌਜੀਆਂ ਦੇ ਕਰਤੱਵ ਬੜੇ ਵਧੀਆ ਹਨ। ਉਨ੍ਹਾਂ ਦੀ ਨਵੀਂ ਵਰਦੀ ਅੰਗਰੇਜ਼ੀ ਫ਼ੌਜ ਦੀ ਵਰਦੀ ਦੇ ਮੁਤਾਬਿਕ ਹੈ, ਕੇਵਲ ਪਗਾਂ ਦਾ ਫ਼ਰਕ ਹੈ। ਖ਼ਾਲਸੇ ਖ਼ਾਸ ਤਰੀਕੇ ਦੀਆਂ ਪੱਗਾਂ ਸਜਾਂਦੇ ਹਨ। ਇਨ੍ਹਾਂ ਦੀਆਂ ਬੰਦੂਕਾਂ ਅਤੇ ਹੋਰ ਜੰਗੀ ਸਾਮਾਨ ਲਾਹੌਰ ਦੇ ਕਾਰਖ਼ਾਨਿਆਂ ਵਿਚ ਤਿਆਰ ਹੁੰਦਾ ਹੈ ਜੋ ਵਧੀਆ ਨਮੂਨੇ ਦਾ ਹੈ।"[4]

## ਹੋਰ ਕਾਰਖ਼ਾਨੇ

ਖ਼ਾਲਸਾ ਰਾਜ ਦੀ ਹਥਿਆਰਸਾਜ਼ੀ ਤੋਂ ਛੁਟ ਹੇਠ ਲਿਖੀਆਂ ਦਸਤਕਾਰੀਆਂ ਵੀ ਬਹੁਤ ਪ੍ਰਸਿੱਧ ਸਨ। ਜਿਵੇਂ ਕਿ ਰੇਸ਼ਮੀ ਤੇ ਸੂਤੀ ਕਪੜਾ ਬੁਣਨਾ, ਚਮੜੇ ਦੀ ਸਫ਼ਾਈ ਦਾ ਹੁਨਰ, ਚਮੜਾ ਪਕਾਉਣਾ, ਇਸ ਤੋਂ ਕਾਠੀਆਂ, ਪੇਟੀਆਂ, ਵਾਗਾਂ, ਜੁੱਤੀਆਂ, ਬੰਦੂਕਾਂ ਦੇ ਮਲਰਾ ਆਦਿ ਬਣਾਉਣਾ, ਸ਼ਾਲਾਂ, ਦੁਸ਼ਾਲੇ, ਪਸ਼ਮੀਨਾ, ਪਟੀ ਵਾਲੀਆਂ ਸਾੜ੍ਹੀਆਂ ਤਿਆਰ ਕਰਨਾ, ਪਿੱਛੇ ਦੱਸੇ ਹਥਿਆਰਾਂ ਤੋਂ ਛੁਟ ਫ਼ੂਲਾਦੀ ਜਾਲੀਦਾਰ ਜ਼ਰੇ ਬਕਤਰ, ਛਾਤੀ ਪਰ ਪਹਿਨਣ ਵਾਲੀਆਂ ਪਿੱਤਲ ਤੇ ਫ਼ੂਲਾਦ ਦੀਆਂ ਪਟਰੀਆਂ (ਪਲੇ), ਫ਼ੂਲਾਦੀ ਦਸਤਾਨੇ ਤਿਆਰ ਕਰਨਾ ਆਦਿ।

ਉੱਪਰ ਦੱਸੀਆਂ ਦਸਤਕਾਰੀਆਂ ਲਾਹੌਰ ਦੀਆਂ ਸਨ। ਲਾਹੌਰ ਤੋਂ ਛੁਟ ਅੰਮ੍ਰਿਤਸਰ,

---

1. ਬਰਨਜ਼, *ਟ੍ਰੈਵਲਜ਼ ਇਨ ਟੂ ਬੁਖਾਰਾ*, ਜਿ. 2, ਸਫ਼ਾ 14
2. ਯਾਕੋਮਾਂ, *ਟ੍ਰੈਵਲਜ਼*, ਭਾਗ 3-4: *ਦੀ ਪੰਜਾਬ*, ਸਫ਼ਾ 53
3. ਮਹਾਰਾਜਾ ਨੇ ਕਪਤਾਨ ਵੇਡ ਨੂੰ ਦੱਸਿਆ ਕਿ ਬਰੂਦ ਦੀ ਤਿਆਰੀ ਪਰ ਦਸ ਰੁਪਏ ਮਣ ਉਸ ਦਾ ਖਰਚ ਆਉਂਦਾ ਹੈ। ਇਸੇ ਤਰ੍ਹਾਂ ਤੋਪਾਂ ਦੇ ਗੋਲਿਆਂ ਨੂੰ ਤਿਆਰ ਕਰਨ ਦਾ ਖਰਚ 1 ਰੁਪਿਆ ਫ਼ੀ ਗੋਲਾ ਆਉਂਦਾ ਹੈ। ਵੇਡ ਦਾ ਖ਼ਤ ਮੈਟਕਾਫ਼ ਦੇ ਨਾਮ ਪਰ, 9 ਅਗਸਤ 1827—ਗੌਰਮਿੰਟ ਰੀਕਾਰਡ।
4. ਕਪਤਾਨ ਵੇਡ ਅਸਿਸਟੈਂਟ ਪੁਲੀਟੀਕਲ ਏਜੰਟ ਲੁਧਿਆਣੇ ਦਾ ਖ਼ਤ ਜਿਹੜਾ ਉਸ ਨੇ ਗਵਰਨਰ ਜੇਨਰਲ ਦੇ ਸਕੱਤਰ ਨੂੰ 23 ਮਾਰਚ 1831 ਨੂੰ ਭੇਜਿਆ।

ਦਸਤਕਾਰੀ ਦੇ ਕੰਮਾਂ ਵਿਚ ਉੱਨਤੀ ਦੀ ਚੋਟੀ ਪਰ ਪੁੱਜਾ ਹੋਇਆ ਸੀ। ਸ੍ਰੀਨਗਰ, ਮੁਲਤਾਨ, ਲਈਆਂ, ਸੁਜਾਬਾਦ, ਡੇਰਾ ਗਾਜ਼ੀਖਾਨ, ਪਿਸ਼ਾਵਰ ਅਤੇ ਗੁਜਰਾਤ ਆਦਿ ਸ਼ਹਿਰਾਂ ਦੀ ਦਸਤਕਾਰੀ ਦੀ ਉਪਜ ਵਿਚ ਨਾ ਕੇਵਲ ਪੰਜਾਬ ਤੇ ਹਿੰਦ ਤਕ ਹੀ ਨਾਮਣਾ ਪਾ ਚੁੱਕੇ ਸਨ ਸਗੋਂ ਯੂਰਪ ਤਕ ਪ੍ਰਸਿੱਧਤਾ ਪ੍ਰਾਪਤ ਕਰ ਚੁੱਕੇ ਸਨ। ਪੰਜਾਬ ਤੇ ਕਸ਼ਮੀਰ ਦੀਆਂ ਸ਼ਾਲਾ, ਦੁਸ਼ਾਲੇ, ਪੈਰਸ (ਫਰਾਂਸ) ਅਤੇ ਲੰਦਨ (ਇੰਗਲੈਂਡ) ਵਿਚ ਬੜੇ-ਬੜੇ ਮੁੱਲ ਤੇ ਖਰੀਦੇ ਜਾਂਦੇ ਸਨ।

ਬਾਰ ਲਿਖਦਾ ਹੈ, "ਮੈਂ ਅਲਾਰਡ ਦੀ ਉਹ ਸ਼ਾਲ ਵੇਖੀ ਸੀ ਜਿਹੜੀ ਉਸ ਨੇ ਛੇ ਹਜ਼ਾਰ ਰੁਪਏ ਪਰ ਫਰਾਂਸ ਦੀ ਮਹਾਰਾਣੀ ਲਈ ਖਰੀਦੀ ਸੀ। ਜਰਨੈਲ ਵੈਨਤੂਰਾ ਨੇ ਵੀ ਦੋ ਸ਼ਾਲਾਂ ਇਕ 3000 ਅਤੇ ਇਕ 6000 ਤੋਂ ਖਰੀਦੀਆਂ ਸਨ।"[1] ਅੱਗੇ ਜਾ ਕੇ ਇਹੋ ਲੇਖਕ ਖ਼ਾਲਸਾ ਰਾਜ ਦੀਆਂ ਸ਼ਾਲਾਂ ਦੀ ਮੰਗ ਬਾਰੇ ਲਿਖਦਾ ਹੈ ਕਿ ਇਹ ਮੰਗ ਯੂਰਪ ਵਿਚ ਇਤਨੀ ਵੱਧ ਗਈ ਸੀ ਕਿ ਕਈ ਯੂਰਪ ਦੀਆਂ ਫਰਮਾਂ ਨੇ ਆਪਣੇ ਪੱਕੇ ਗੁਮਾਸ਼ਤੇ, ਏਜੰਟ, ਅੰਮ੍ਰਿਤਸਰ ਅਤੇ ਲਾਹੌਰ ਵਿਚ ਬੈਠਾ ਦਿੱਤੇ ਸਨ।

ਡਾਕਟਰ ਹੋਨਿੰਗ ਬਰਗਰ ਲਿਖਦਾ ਹੈ, "ਮੈਂ ਜਦ ਦੋ ਸਾਲਾਂ ਦੀ ਛੁਟੀ ਅਸਟਰੀਆ ਵਿਚ ਗੁਜ਼ਾਰ ਕੇ ਮੁੜ ਬੰਬਈ ਪੁੱਜਾ ਤਾਂ ਲਾਹੌਰ ਆਉਣ ਸਮੇਂ ਇਕ ਫਰਾਂਸ ਦਾ ਸੁਦਾਗਰ ਪੰਜਾਬ ਦੀਆਂ ਸ਼ਾਲਾਂ ਖਰੀਦਣ ਲਈ ਮੇਰੇ ਨਾਲ ਇਸ ਸਫਰ ਦਾ ਸਾਥੀ ਬਣ ਗਿਆ। ਇਸ ਦਾ ਨਾਂ Monsieur Le-Boeuf ਸੀ। ਇਸ ਤੋਂ ਛੁਟ ਬੰਬਈ ਦੇ ਦੋ ਹੋਰ ਪੰਜਾਬੀ ਸ਼ਾਲਾਂ ਦੇ ਵਪਾਰੀ ਸਾਡੇ ਨਾਲ ਮਿਲ ਪਏ, ਇਹ ਅੰਮ੍ਰਿਤਸਰ ਜਾ ਰਹੇ ਸਨ।"[2]

ਉਪਰੋਕਤ ਲਿਖਤਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਪੰਜਾਬ ਦੀ ਦਸਤਕਾਰੀ ਦੀ ਨਾ ਕੇਵਲ ਦੇਸ਼ ਵਿਚ ਹੀ ਖਪਤ ਸੀ ਸਗੋਂ ਯੂਰਪ ਵਿਚ ਵੀ ਇਸ ਦੀ ਚੋਖੀ ਮੰਗ ਸੀ।

## ਸ਼ਾਲਾਂ ਦੀ ਬਣਤਰ ਦਾ ਤਰੀਕਾ

ਪਹਾੜੀ ਪਾਲਤੂ ਭੇਡਾਂ, ਜੰਗਲੀ ਬਕਰੀਆਂ ਅਤੇ ਤਿਬਤ ਦੇ ਯਾਕਾਂ ਦੀ ਉਨ ਦੇ ਹੇਠ, ਚਮੜੀ ਦੇ ਨਾਲ ਲਗੀ ਹੋਈ ਬਰੀਕ ਪਸ਼ਮ ਹੁੰਦੀ ਹੈ। ਉਪਰਲੀ ਲੰਮੀ ਉਨ ਵਿਚੋਂ ਹੇਠਲੀ ਕੋਮਲ ਪਸ਼ਮ ਨੂੰ ਵੱਖ ਕਰ ਲਿਆ ਜਾਂਦਾ ਹੈ। ਫਿਰ ਇਸ ਨੂੰ ਵੱਡੇ ਖੁਲੇ ਕੜਾਂ ਜਾਂ ਹੌਜ਼ੀਆਂ ਵਿਚ ਪਾ ਕੇ ਧੋਤਾ ਜਾਂਦਾ ਹੈ। ਫਿਰ ਇਸ ਨੂੰ ਚੰਗੀ ਤਰ੍ਹਾਂ ਸੁਕਾ ਕੇ ਰਖਿਆ ਜਾਂਦਾ ਹੈ ਪਰ ਇਸ ਦੀ ਖੜੀ ਬਾਰੀਕ ਤੰਦ ਕੱਤੀ ਜਾਂਦੀ ਹੈ। ਇਸ ਨੂੰ ਫੇਰ ਜਿਸ ਰੰਗ ਦੀ ਸ਼ਾਲ ਬਣਾਉਣੀ ਹੋਵੇ ਉਸ ਰੰਗ ਵਿਚ ਰੰਗ ਲਿਆ ਜਾਂਦਾ ਹੈ। ਇਹ ਸਾਰੇ ਰੰਗ ਇੱਥੇ ਹੀ ਤਿਆਰ ਕੀਤੇ ਜਾਂਦੇ ਹਨ। ਇਹ ਰੰਗ ਇੰਨੇ ਪੱਕੇ ਹੁੰਦੇ ਹਨ ਕਿ ਕਪੜਾ ਪਾਟ ਕੇ ਟੋਟੇ-ਟੋਟੇ ਹੋ ਜਾਂਦਾ ਹੈ ਪਰ ਇਹ ਰੰਗ ਜਿਉਂ ਦਾ ਤਿਉਂ ਉਸੇ ਤਰ੍ਹਾਂ ਰਹਿੰਦਾ ਹੈ। ਫਿਰ ਇਹ ਰੰਗਿਆ ਹੋਇਆ ਪਸ਼ਮ ਦਾ ਧਾਗਾ ਤਾਣੀ ਪਰ ਲਗਾਂਦੇ ਹਨ। ਸਮਾ ਬਰੀਕੀ ਅਤੇ ਸੁਹੱਪਣ ਅਨੁਸਾਰ ਲਗਦਾ ਹੈ। ਸ਼ਾਲ ਦੇ ਪੱਲਿਆਂ ਅਤੇ ਚੁਗਿਰਦੇ ਪਰ ਤਰ੍ਹਾਂ-ਤਰ੍ਹਾਂ ਦੀਆਂ ਵੇਲਾਂ, ਫੁੱਲ ਪੱਤੀਆਂ ਹੁੰਦੀਆਂ ਹਨ। ਇਹ ਪੱਲੇ ਵੱਖ-ਵੱਖ

1. ਬਾਰ, *ਜਰਨਲ ਆਫ ਦੇ ਜਰਨੀ ਫਰਾਮ ਦਿੱਲੀ ਟੂ ਪਿਸ਼ਾਵਰ*, ਸਫਾ 86
2. ਡਾਕਟਰ ਹੋਨਿੰਗ ਬਰਗਰ, *ਥਰਟੀ-ਫਾਈਵ ਯੀਅਰਜ਼ ਇਨ ਦੀ ਈਸਟ*, ਸਫਾ 88

ਤਿਆਰ ਕੀਤੇ ਜਾਂਦੇ ਹਨ ਅਤੇ ਬੜੇ ਕਮਾਲ ਦੇ ਹੁਨਰ ਨਾਲ ਇਨ੍ਹਾਂ ਨੂੰ ਸ਼ਾਲਾਂ ਦੇ ਨਾਲ ਜੋੜਿਆ ਜਾਂਦਾ ਹੈ। ਇਹ ਜੋੜ ਅਜਿਹਾ ਬਾਰੀਕ ਹੁੰਦਾ ਹੈ ਕਿ ਕੋਈ ਵੀ ਨਹੀਂ ਦੱਸ ਸਕਦਾ ਕਿ ਇੱਥੇ ਟੁਕੜੇ ਜੋੜੇ ਗਏ ਹਨ।

ਸ਼ਾਲ ਦਾ ਮੁੱਲ ਉਸ ਦੀ ਬਣਤਰ ਅਨੁਸਾਰ ਹੁੰਦਾ ਹੈ। ਮਿਸਟਰ ਮੂਰ ਕਰਾਫਟ, ਪ੍ਰਸਿੱਧ ਯਾਤਰੂ, ਨੇ ਇਕ ਜੋੜੀ ਸ਼ਾਲਾਂ ਦੀ ਵੇਖੀ ਸੀ ਜਿਸ ਦਾ ਮੁੱਲ 700 ਪੌਂਡ ਜਾਂ 10500 ਰੁਪਏ ਸੀ।[1] ਇਸੇ ਤਰ੍ਹਾਂ ਬੈਰਨ ਹਿਊਗਲ ਨੇ ਇਕ ਸ਼ਾਲ 3000 ਰੁਪਏ ਪਰ ਖਰੀਦੀ ਸੀ।[2]

ਲਾਹੌਰ ਅਤੇ ਅੰਮ੍ਰਿਤਸਰ ਦੇ ਕਾਰਖ਼ਾਨਿਆਂ ਵਿਚ ਵਧੇਰੇ ਕਾਰੀਗਰ ਕਸ਼ਮੀਰੀ ਕੰਮ ਕਰਨ ਵਾਲੇ ਹੁੰਦੇ ਸਨ। ਇਨ੍ਹਾਂ ਦੇ ਹੱਥ ਦੀ ਸਫਾਈ ਪੰਜਾਬੀਆਂ ਨਾਲੋਂ ਵੱਧ ਹੁੰਦੀ ਸੀ। ਇਸ ਲਈ ਉਨ੍ਹਾਂ ਦੀ ਕਾਰੀਗਰੀ ਦਾ ਮੁੱਲ ਵੀ ਕੁਝ ਵਧੇਰਾ ਪੈਂਦਾ ਸੀ।

ਖ਼ਾਲਸਾ ਰਾਜ ਦਾ ਵਪਾਰ ਦੂਰ-ਦੂਰ ਦੇਸ਼ਾ ਵਿਚ ਖਿਲਰਿਆ ਹੋਇਆ ਸੀ, ਜਿਹਾ ਕਿ ਅਫ਼ਗਾਨਿਸਤਾਨ, ਮੱਧ ਏਸ਼ੀਆ, ਚਤਰਾਲ, ਬਦੱਖਸ਼ਾਨ ਅਤੇ ਬੁਖਾਰੇ ਤਕ ਕਾਰਵਾਂ ਜਾਇਆ ਆਇਆ ਕਰਦੇ ਸਨ। ਪੰਜਾਬ ਵਿਚੋਂ ਰੂਈ, ਰੇਸ਼ਮੀ, ਊਨੀ ਤੇ ਸੂਤੀ ਕਪੜਾ, ਕਣਕ ਤੇ ਹੋਰ ਅਨਾਜ, ਗਰਮ ਮਸਾਲੇ, ਨੀਲ, ਰੰਗ, ਹਾਥੀ ਦੰਦ ਦੀਆਂ ਚੀਜ਼ਾਂ, ਸੀਸ਼ੇ ਦਾ ਸਮਾਨ ਬਾਹਰ ਜਾਂਦਾ ਸੀ। ਪੰਜਾਬ ਦੀ ਦਸਤਕਾਰੀ ਤੇ ਉਪਜ ਦੀਆ ਹੇਠ ਲਿਖੀਆਂ ਚੀਜ਼ਾਂ ਵੀ ਖ਼ਾਸ ਪ੍ਰਸਿੱਧ ਸਨ। ਚਾਕੂ, ਛੁਰੀਆਂ, ਕੈਂਚੀਆਂ, ਪਿਤਲ ਤੇ ਤਾਂਬੇ ਦੇ ਭਾਂਡੇ, ਕਈ ਭਾਂਤ ਦੇ ਤਾਲੇ, ਜੜੀਆਂ ਬੂਟੀਆਂ ਤੇ ਅਊਸਧੀਆਂ ਅਤੇ ਪੰਸਾਰੀ ਦਾ ਕਰਿਆਨਾ ਆਦਿ ਦੂਰ-ਦੂਰ ਬਦੇਸ਼ਾਂ ਵਿਚ ਲੱਖਾਂ ਰੁਪਿਆ ਦਾ ਜਾਂਦਾ ਸੀ। ਉਧਰੋਂ ਦਰਾ ਖੈਬਰ ਅਤੇ ਡੇਰਾ ਇਸਮਾਈਲ ਖ਼ਾਨ ਦੇ ਰਾਹ ਸੋਨਾ, ਚਾਂਦੀ, ਘੋੜੇ, ਸੁਕੇ ਅਤੇ ਹਰੇ ਫਲ, ਉਨ ਤੇ ਰੂਸੀ ਕਪੜਾ, ਗਲੀਚੇ, ਸਿਲਮਾਂ ਅਤੇ ਨਮਦੇ ਆਦਿ ਆਉਂਦੇ ਸਨ।[3]

## ਬੇੜੀਆਂ ਬਣਾਉਣ ਦੀ ਦਸਤਕਾਰੀ

ਪਿੰਡ ਦਾਦਨ ਖ਼ਾਨ ਦੇ ਬੇੜੀਆਂ ਦੇ ਕਾਰਖ਼ਾਨੇ ਬਾਰੇ ਕਰਨਲ ਲਿਖਦਾ ਹੈ ਕਿ ਇੱਥੋਂ ਦੀਆਂ ਬੇੜੀਆਂ ਲਗਭਗ 100 ਫੁਟ ਲੰਮੀਆਂ ਹੁੰਦੀਆਂ ਹਨ। ਇਨ੍ਹਾਂ ਵਿਚ 500 ਮਣ ਭਾਰ ਲੱਦਿਆ ਜਾਂਦਾ ਹੈ। ਇਹ ਬੇੜੀਆਂ ਮੁਲਤਾਨ ਸਿੰਧ ਆਦਿ ਥਾਵਾਂ ਪਰ ਦੂਰ-ਦੂਰ ਸਮਾਨ ਪਹੁੰਚਾਉਂਦੀਆਂ ਹਨ; ਖ਼ਾਸ ਕਰਕੇ 'ਜੌਹਰਾਕ' ਨਾਮੀ ਬੇੜੀਆਂ ਲਾਦੂ ਕੰਮ ਲਈ ਬੜੀਆਂ ਸਫਲ ਸਮਝੀਆਂ ਜਾਂਦੀਆਂ ਹਨ। ਇਨ੍ਹਾ ਵਿਚ ਇਹ ਵਾਧਾ ਹੈ ਕਿ ਇਹ ਗਰਦਾਬਾਂ ਜਾਂ ਘੁਮਣਘੇਰਾਂ ਵਿਚੋਂ ਸੁਰੱਖਿਅਤ ਨਿਕਲ ਜਾਂਦੀਆਂ ਹਨ।

ਕਸ਼ਮੀਰੀ ਢੰਗ ਦੀਆਂ 'ਪਰੰਦ' ਨਮੂਨੇ ਦੀਆਂ ਕਿਸ਼ਤੀਆਂ 60 ਫੁਟ ਦੇ ਲਗਭਗ ਲੰਮੀਆਂ ਹੁੰਦੀਆਂ ਸਨ। ਇਨ੍ਹਾ ਦੇ ਦੋਵੇਂ ਸਿਰੇ ਨੋਕਦਾਰ ਹੁੰਦੇ ਸਨ। ਇਸ ਨਮੂਨੇ ਦੀਆਂ

1. ਸਟਾਈਨਬਾਖ, *ਦੀ ਪੰਜਾਬ*, ਸਫਾ 52
2. ਬੈਰਨ ਹਿਊਗਲ, *ਟ੍ਰੈਵਲਜ਼ ਇਨ ਕਸ਼ਮੀਰ ਐਂਡ ਦੀ ਪੰਜਾਬ*
3. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫੇ 53-54

ਕਿਸ਼ਤੀਆਂ ਜਿਹਲਮ ਵਿਚ ਵੀ ਬਣਦੀਆਂ ਸਨ। ਇੱਥੇ 160 ਬੇੜੀਆਂ ਸਦਾ ਮੌਜੂਦ ਰਹਿੰਦੀਆਂ ਸਨ।[1]

## ਇਕ ਬੇੜੀ ਦੀ ਤਿਆਰੀ ਦਾ ਖਰਚ

ਖ਼ਾਲਸਾ ਰਾਜ ਵਿਚ ਬੇੜੀਆਂ ਦੇ ਬਣਾਉਣ ਦੀ ਦਸਤਕਾਰੀ ਬੜੀ ਉੱਨਤੀ ਪਰ ਪਹੁੰਚੀ ਹੋਈ ਸੀ। ਇਹ ਦਸਤਕਾਰੀ ਕਈ ਘਰਾਣਿਆਂ ਦੀ ਉਪਜੀਵਕਾ ਦਾ ਕਾਰਨ ਸੀ। ਇਹ ਕੰਮ ਲਗਭਗ ਹਰ ਇਕ ਦਰਿਆ ਦੇ ਪੱਤਣ ਪਰ ਚਾਲੂ ਸੀ ਪਰ ਪਿੰਡ ਦਾਦਨ ਖਾਨ, ਅਟਕ ਅਤੇ ਨੌਸ਼ਹਿਰੇ ਵਿਚ ਇਸ ਕੰਮ ਦੇ ਪ੍ਰਸਿੱਧ ਕਾਰਖ਼ਾਨੇ ਸਨ ਜਿਨ੍ਹਾਂ ਵਿਚ ਤਿਆਰ ਕੀਤੀਆਂ ਬੇੜੀਆ ਦੂਰ-ਦੂਰ ਤਕ ਜਾਂਦੀਆਂ ਸਨ।

ਅਟਕ ਅਤੇ ਪਿੰਡ ਦਾਦਨ ਖ਼ਾਨ ਵਿਚ ਸਰਕਾਰੀ ਕਾਰਖ਼ਾਨੇ ਵੀ ਚਲਦੇ ਸਨ ਜਿਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਬੇੜੀਆਂ ਤਿਆਰ ਹੁੰਦੀਆਂ ਸਨ। ਇਨ੍ਹਾ ਵਿਚ ਤਿੰਨ ਭਾਂਤ ਦੀਆਂ ਬੇੜੀਆਂ ਵਿਸ਼ੇਸ਼ ਕਰਕੇ ਪ੍ਰਸਿੱਧ ਹਨ। ਵੱਡੀਆਂ ਬੇੜੀਆਂ ਜਿਨ੍ਹਾਂ ਦੀ ਲੰਮਾਈ 45 ਗਜ਼ ਜਾਂ 135 ਫੁਟ ਹੁੰਦੀ ਸੀ, ਇਹ ਪੁਲਾਂ ਦੀ ਤਿਆਰੀ ਲਈ ਵਰਤੀਆਂ ਜਾਂਦੀਆਂ ਸਨ ਜਾਂ ਭਾਰੀਆਂ ਚੀਜ਼ਾਂ ਇਕ ਥਾਂ ਤੋਂ ਦੂਜੀ ਥਾਂ ਤੇ ਪਹੁੰਚਾਣ ਲਈ ਵੱਡੇ ਦਰਿਆਵਾਂ ਵਿਚ ਚਲਦੀਆਂ ਸਨ। ਇਹ ਲੂਣ, ਲੋਹਾ, ਗੁੜ ਅਤੇ ਅਨਾਜ ਆਦਿ ਚੀਜਾਂ ਦੂਰ-ਦੂਰ ਪਹੁੰਚਾਉਂਦੀਆਂ ਸਨ। ਇਕ ਬੇੜੀ ਵਿਚ 500 ਮਣ ਤਕ ਭਾਰ ਲੱਦਿਆ ਜਾਂਦਾ ਸੀ।[2] ਦੂਜੇ ਮੇਲ ਦੀਆ ਬੇੜੀਆਂ ਦਰਿਆਵਾਂ ਦਿਆ ਪੱਤਣਾਂ ਪਰ ਮੁਸਾਫਰਾਂ ਨੂੰ ਪਾਰ ਉਰਵਾਰ ਪਹੁੰਚਾਉਣ ਲਈ ਵਰਤੀਆ ਜਾਂਦੀਆਂ ਸਨ। ਤੀਜੇ ਮੇਲ ਦੀਆਂ ਹਲਕੀਆ ਕਿਸ਼ਤੀਆਂ ਸਨ ਜਿਹੜੀਆ ਹਲਕੇ ਕੰਮ ਵਿਚ ਲਿਆਂਦੀਆਂ ਜਾਂਦੀਆ ਸਨ।

## ਵੇਰਵਾ ਵੱਡੀਆਂ ਬੇੜੀਆਂ ਦੀ ਤਿਆਰੀ ਦੀ ਲਾਗਤ ਦਾ

| | | |
|---|---|---|
| (ੳ) | ਲਕੜੀ ਦੇਵਦਾਰ ਦਾ ਖਰਚ | 600 ਰੁਪਏ |
| (ਅ) | ਲੋਹਾ, ਪਤਰੇ, ਮੇਖਾਂ ਅਤੇ ਚੋਖਿਆਂ ਦਾ ਖਰਚ | 150 ਰੁਪਏ |
| (ੲ) | ਕਾਰੀਗਰਾਂ ਦੀ ਮਜ਼ਦੂਰੀ | 250 ਰੁਪਏ |
| | ਜੋੜ | 1000 ਰੁਪਏ |

## ਖਰਚ ਵਿਚਲੇ ਮੇਲ ਦੀ ਬੇੜੀ ਦਾ

| | | |
|---|---|---|
| (ੳ) | ਲਕੜੀ ਦੇਵਦਾਰ ਦੀ | 400 ਰੁਪਏ |
| (ਅ) | ਲੋਹਾ | 100 ਰੁਪਏ |
| (ੲ) | ਖਰਚ ਕਾਰੀਗਰਾਂ ਦਾ | 150 ਰੁਪਏ |
| | ਜੋੜ | 650 ਰੁਪਏ |

1. *ਜਿਹਲਮ ਦਾ ਗਜ਼ਟੀਅਰ*, ਸਫ਼ਾ 117
2. ਅਲੈਗਜ਼ੈਂਡਰ ਬਰਨਜ਼, *ਟ੍ਰੈਵਲਜ਼ ਇਨ ਟੂ ਬੁਖਾਰਾ*

WWW.SIKHBOOKCLUB.COM

**ਹਲਕੀ ਕਿਸ਼ਤੀ ਦਾ ਖਰਚ**

| | | |
|---|---|---|
| (ੳ) | ਲਕੜੀ | 250 ਰੁਪਏ |
| (ਅ) | ਲੋਹਾ | 70 ਰੁਪਏ |
| (ੲ) | ਖਰਚ ਕਾਰੀਗਰਾਂ ਦਾ | 100 ਰੁਪਏ |
| | ਜੋੜ | 420 ਰੁਪਏ |

## ਵੇਰਵਾ ਦਰਿਆ ਸਿੰਧ (ਅਟਕ) ਦੇ ਪੁਲ ਦੇ ਖਰਚ ਦਾ

ਬੇੜੀਆਂ ਦਾ ਪੁਲ ਜੋ ਲਗਭਗ ਅੱਠ ਮਹੀਨੇ ਚਾਲੂ ਰਹਿੰਦਾ, ਉਸ ਦੇ ਖਰਚ ਦਾ ਵੇਰਵਾ ਇਉਂ ਹੈ :

| | |
|---|---|
| ਪੁਲ ਲਈ 30 ਬੇੜੇ ਫੀ ਬੇੜੀ 1000 ਰੁਪਏ | 30000 ਰੁਪਏ |
| 28 ਦਰਾਂ ਲਈ 56 ਬੀਮ ਫੀ ਦਰ | 336 ਰੁਪਏ |
| ਫਟੇ ਫੀ ਦਰ 15, ਫਟੇ 28 ਦਰਾਂ ਲਈ 420, ਫੀ ਫ਼ਟਾ 2/- | 840 ਰੁਪਏ |
| ਕੁਹਾਣੀ ਪਠੇ ਦੇ ਵਾਣ ਦੇ ਰਸੇ, 40 ਮਣ, ਫੀ ਮਣ 5/- | 200 ਰੁਪਏ |
| ਪਥਰ ਭਰਨ ਲਈ 30 ਝੰਗਾਰ ਤੇ ਰਸੇ | 200 ਰੁਪਏ |
| ਫਟਿਆਂ ਪਰ ਵਿਛਾਣ ਲਈ ਕਾਈ, 200 ਮਣ, ਫੀ ਮਣ/- | 200 ਰੁਪਏ |
| ਜੋੜ ਖਰਚ ਦਾ | 31776 ਰੁਪਏ |
| ਖਰਚ ਨੌਕਰਾਂ ਦਾ | 300 ਰੁਪਏ |
| ਜੋੜ ਸਾਰਾ | 32076 ਰੁਪਏ |

## ਖ਼ਾਲਸਾ ਰਾਜ ਵਿਚ ਵਪਾਰ

ਖ਼ਾਲਸਾ ਰਾਜ ਵਿਚ ਵਪਾਰ ਉੱਨਤੀ ਦੀ ਚੋਟੀ ਪਰ ਪਹੁੰਚਿਆ ਹੋਇਆ ਸੀ। ਇਸ ਦੀ ਉੱਨਤੀ ਦਾ ਕਾਰਨ ਇਹ ਸੀ ਕਿ ਸਾਰੀ ਖ਼ਾਲਸਾ ਬਾਦਸ਼ਾਹਤ ਵਿਚ ਸ਼ਾਂਤੀ ਦਾ ਰਾਜ ਸੀ। ਦੂਜਾ, ਵਪਾਰੀਆਂ ਦੀ ਰੱਖਿਆ ਦਾ ਪੂਰਾ-ਪੂਰਾ ਪ੍ਰਬੰਧ ਸੀ। ਤੀਜਾ, ਮਹਾਰਾਜਾ ਸਾਹਿਬ ਵੱਲੋਂ ਹਰ ਨਾਜ਼ਮ, ਕਾਰਦਾਰ ਅਤੇ ਤਅਲਕਾਦਾਰ ਲਈ ਇਹ ਜ਼ਰੂਰੀ ਹੁਕਮ ਸੀ ਕਿ ਵਪਾਰੀਆਂ ਨੂੰ ਸਭ ਤਰ੍ਹਾਂ ਦੀਆਂ ਸਹੂਲਤਾਂ ਦੇਣੀਆਂ ਉਨ੍ਹਾਂ ਦੇ ਜ਼ਰੂਰੀ ਫਰਜ਼ਾਂ ਵਿਚੋਂ ਸੀ। ਚੌਥਾ, ਵਪਾਰ ਦੀ ਜਿਨਸ ਪਰ ਮਹਿਸੂਲ ਚੁੰਗੀ, ਅੰਗਰੇਜ਼ੀ ਇਲਾਕੇ ਅਤੇ ਅਫ਼ਗਾਨਿਸਤਾਨ ਨਾਲੋਂ ਖ਼ਾਲਸਾ ਰਾਜ ਵਿਚ ਬਹੁਤ ਘੱਟ ਸੀ। ਪੰਜਵਾਂ, ਵਪਾਰੀਆਂ ਦੀ ਜਾਨ ਤੇ ਮਾਲ ਦੀ ਸਲਾਮਤੀ ਦੀ ਹਕੂਮਤ ਜ਼ਿੰਮੇਵਾਰ ਸੀ।[1]

ਸਰਬ ਸਾਧਾਰਨ ਜਨਤਾ ਖ਼ਾਲਸਾ ਰਾਜ ਵਿਚ ਇੰਨੀ ਸੁਖਾਲੀ ਸੀ ਕਿ ਕੋਈ ਵਪਾਰੀ ਖ਼ਾਲਸਾ ਰਾਜ ਨੂੰ ਛੱਡ ਕੇ ਅੰਗਰੇਜ਼ੀ ਰਾਜ ਵਿਚ ਜਾਣ ਨੂੰ ਪਸੰਦ ਨਹੀਂ ਕਰਦਾ ਸੀ।[2] ਇਹ ਰਾਏ ਬੈਰਨ ਹਿਊਗਲ ਦੀ ਹੈ। ਇਸ ਤੋਂ ਵੱਧ ਸਬੂਤ ਇਕ ਹੋਰ ਲਿਖਤ ਤੋਂ ਮਿਲਦਾ ਹੈ :

1. *ਟੂਰ ਟੂ ਲਾਹੌਰ, ਦੀ ਏਸ਼ੀਆਟਿਕ ਐਨੂਅਲ ਰਜਿਸਟਰ*, ਜਿਲਦ 11, ਸੰਨ 1809
2. *ਟੂਰ ਟੂ ਲਾਹੌਰ, ਦੀ ਏਸ਼ੀਆਟਿਕ ਐਨੂਅਲ ਰਜਿਸਟਰ*, ਜਿਲਦ 11, ਸੰਨ 1809

"Life and property were secure that towns like Lahore and Amritsar had certainly increased in wealth; manufacture and trade were more thriving and people were not all over anxious to migrate to British territories."[1]

ਪੰਜਾਬ ਦੇ ਵਿਉਪਾਰ ਦੇ ਵਾਧੇ ਵੱਲ ਮਹਾਰਾਜਾ ਸਾਹਿਬ ਨੂੰ ਖ਼ਾਸ ਧਿਆਨ ਰਹਿੰਦਾ ਸੀ।

## ਵਿਉਪਾਰ ਦੇ ਵਾਧੇ ਦੀ ਲਗਨ

ਅਲੈਗਜੈਂਡਰ ਬਰਨਜ਼, ਪ੍ਰਸਿੱਧ ਯਾਤਰੂ ਤੇ ਲੇਖਕ, ਇਸ ਬਾਰੇ ਇਉਂ ਲਿਖਦਾ ਹੈ, "ਮੁਲਤਾਨ ਦੀ ਫ਼ਤਹਿ ਦੇ ਬਾਅਦ ਮਹਾਰਾਜਾ ਰਣਜੀਤ ਸਿੰਘ ਨੇ ਪਟ ਦੀ ਦਸਤਕਾਰੀ ਦੇ ਵਾਧੇ ਵੱਲ ਆਪਣਾ ਵਿਸ਼ੇਸ਼ ਧਿਆਨ ਦਿੱਤਾ ਅਤੇ ਇਸ ਕੰਮ ਦੇ ਕਾਰੀਗਰਾਂ ਦੇ ਹੀਏ (ਹੌਸਲੇ) ਵਧਾਉਣ ਲਈ ਮਹਾਰਾਜਾ ਨੇ ਇਹ ਨਿਯਮ ਰਖ ਲਿਆ ਕਿ ਆਪ ਵੱਲੋਂ ਜਿਸ ਨੂੰ ਖਿਲਤ ਜਾਂ ਸਿਰੋਪਾਉ ਬਖ਼ਸ਼ੇ ਜਾਂਦੇ ਉਸ ਸਿਰੋਪਾਉ ਤੇ ਖਿਲਤ ਦੇ ਵਿਚ ਮੁਲਤਾਨ ਦੇ ਉਣੇ ਹੋਏ ਰੇਸ਼ਮੀ ਕਪੜੇ ਦੀ ਵਰਤੋਂ ਜਰੂਰ ਹੁੰਦੀ। ਮਹਾਰਾਜਾ ਸਾਹਿਬ ਦੇ ਇਸ ਝੁਕਾਉ ਨੂੰ ਵੇਖ ਕੇ ਮਹਾਰਾਜਾ ਦੇ ਹੋਰਨਾਂ ਦਰਬਾਰੀਆਂ ਨੇ ਵੀ ਇਹੋ ਵਤੀਰਾ ਅਪਣਾ ਲਿਆ[2] ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵਾਬੀ ਹਕੂਮਤ ਦੇ ਸਮੇਂ ਮੁਲਤਾਨ ਦੇ ਪਟ ਦੀ ਦਸਤਕਾਰੀ ਦੀ ਉਪਜ ਜੋ ਨਾ-ਮਾਤਰ ਰਹਿ ਗਈ ਸੀ, ਮਹਾਰਾਜਾ ਦੀ ਦ੍ਰਿਸ਼ਟੀ ਦੇ ਕਾਰਨ ਮੁੜ ਚਮਕ ਪਈ ਅਤੇ ਉੱਨਤੀ ਦੀ ਚੋਟੀ ਪਰ ਜਾ ਪੁੱਜੀ।"

## ਵਿਉਪਾਰ ਦੇ ਵਾਧੇ ਲਈ ਹੋਰ ਯਤਨ

ਇਕ ਵੇਰ ਮਹਾਰਾਜਾ ਸਾਹਿਬ ਨੇ ਪੰਜਾਬ ਦੀਆਂ ਸ਼ਾਲਾਂ ਆਦਿ ਨੂੰ ਚੰਗੇ ਭਾ ਤੇ ਵੇਚਣ ਲਈ ਯੂਰਪ ਦੀਆਂ ਮੰਡੀਆਂ ਦੀ ਭਾਲ ਵਿਚ ਕੋਈ 35 ਵੱਡੀਆਂ ਬੇੜੀਆਂ ਬੰਬਈ ਦੇ ਰਾਹ ਬਦੇਸ਼ਾਂ ਵੱਲ ਭੇਜੀਆਂ ਸਨ। ਇਸ ਤੋਂ ਛੁੱਟ ਬਰਨਜ਼ ਜਦ ਦਰਿਆ ਸਿੰਧ ਦੇ ਰਾਹ ਨੂੰ ਵਰਤੋਂ ਵਿਚ ਲਿਆਉਣ ਲਈ ਖੋਜ ਕਰਨ ਵਾਸਤੇ ਸੰਨ 1831 ਵਿਚ ਲਾਹੌਰ ਆਇਆ ਤਾਂ ਮਹਾਰਾਜਾ ਸਾਹਿਬ ਨੇ ਇਸ ਸਮੇਂ ਉਸ ਨੂੰ ਸਭ ਤਰ੍ਹਾਂ ਨਾਲ ਸਹੂਲਤਾਂ ਪਹੁੰਚਾਉਣ ਦਾ ਪ੍ਰਬੰਧ ਕਰ ਦਿੱਤਾ। ਮਹਾਰਾਜਾ ਦਿਲੋਂ ਚਾਹੁੰਦਾ ਸੀ ਕਿ ਜੇ ਇਹ ਰਾਹ ਖੁਲ੍ਹ ਜਾਵੇ ਤਾਂ ਪੰਜਾਬ ਦਾ ਵਿਉਪਾਰ ਦਰਿਆ ਸਿੰਧ ਤੇ ਸਮੁੰਦਰ ਦੇ ਰਾਹ ਦੂਰ ਦੂਰ ਖਿਲਰ ਜਾਵੇਗਾ ਜਿਸ ਨਾਲ ਪੰਜਾਬ ਦੇ ਵਸਨੀਕ ਮਾਇਆ ਨਾਲ ਮਾਲੋ-ਮਾਲ ਹੋ ਜਾਣਗੇ।

ਸੀਤਾ ਰਾਮ ਕੋਹਲੀ ਲਿਖਦਾ ਹੈ ਕਿ ਖ਼ਾਲਸਾ ਰਾਜ ਵਿਚ ਤਜਾਰਤ ਜਾਂ ਵਿਉਪਾਰ ਬੜੇ ਉੱਨਤੀ ਪਰ ਪੁਜੇ ਹੋਏ ਸਨ ਅਤੇ ਦਿਨੋ-ਦਿਨ ਵਧਦੇ ਜਾ ਰਹੇ ਹਨ। ਵਿਉਪਾਰੀਆਂ ਦੀ ਪੂਰੀ-ਪੂਰੀ ਰੱਖਿਆ ਕੀਤੀ ਜਾਂਦੀ ਸੀ। ਹਕੂਮਤ ਵੱਲੋਂ ਵਿਉਪਾਰ ਵਿਚ ਕੋਈ ਦਖ਼ਲ ਨਹੀਂ ਸੀ ਦਿੱਤਾ ਜਾਂਦਾ, ਖੁਲ੍ਹੀ ਤਜਾਰਤ ਹੁੰਦੀ ਸੀ ਜਿਸ ਦੇ ਕਾਰਨ ਮੁਲਕੀ ਜੀਵਨ ਬੜੀ ਉੱਨਤੀ ਵੱਲ

---

1. ਅਲੈਗਜੈਂਡਰ ਬਰਨਜ਼, *ਟ੍ਰੈਵਲਜ਼ ਇਨ ਬੁਖਾਰਾ*, ਜਿਲਦ 1, ਪੰਨਾ 96
2. ਅਲੈਗਜੈਂਡਰ ਬਰਨਜ਼, *ਟ੍ਰੈਵਲਜ਼ ਇਨ ਬੁਖਾਰਾ*, ਜਿਲਦ 1, ਪੰਨਾ 96
3. ਦੀਵਾਨ ਅਮਰਨਾਥ, *ਜ਼ਫ਼ਰਨਾਮਾ ਰਣਜੀਤ ਸਿੰਘ*, ਸਫ਼ਾ 172

WWW.SIKHBOOKCLUB.COM 

ਵੱਧ ਰਿਹਾ ਸੀ।[1]

## ਕਸ਼ਮੀਰ ਦਾ ਵਿਉਪਾਰ

ਕਸ਼ਮੀਰੀ ਸ਼ਾਲਾਂ, ਦੁਸ਼ਾਲਿਆਂ ਤੇ ਪਸ਼ਮੀਨੇ ਆਦਿ ਦਾ ਵਿਉਪਾਰ 775000 ਰੁਪਏ ਦਾ ਸਲਾਨਾ ਹੁੰਦਾ ਸੀ। ਜ਼ਾਫਰਾਨ, ਕੇਸਰ, 80000 ਰੁਪਏ ਦਾ ਕਸ਼ਮੀਰ ਤੋਂ ਬਾਹਰ ਹਰ ਸਾਲ ਜਾਂਦਾ ਸੀ। ਪਸ਼ਮ ਇੱਕ ਲੱਖ ਰੁਪਏ ਦੀ ਬਾਹਰ ਭੇਜੀ ਜਾਂਦੀ ਸੀ।[2] ਕਸ਼ਮੀਰੀ ਕਾਗਜ਼ ਸਾਰੇ ਪੰਜਾਬ ਤੇ ਹਿੰਦ ਵਿਚ ਬੜੀ ਕਦਰ ਦੀ ਨਜ਼ਰ ਨਾਲ ਵੇਖਿਆ ਜਾਂਦਾ ਸੀ ਤੇ ਬੜਾ ਮਹਿੰਗਾ ਵਿਕਦਾ ਸੀ। ਇਹ ਤਜਾਰਤ ਹੀ ਕਸ਼ਮੀਰ ਦੀ ਖ਼ਾਸ ਆਮਦਨ ਦਾ ਵਸੀਲਾ ਸੀ।

## ਖ਼ਾਲਸਾ ਰਾਜ ਦੇ ਵਿਉਪਾਰੀਆਂ ਦੀ ਰੱਖਿਆ

ਦੇਬੀ ਪਰਸ਼ਾਦ ਲਿਖਦਾ ਹੈ ਕਿ, "ਤਜਾਰਤ ਵਾਲੋਂ ਕੋ ਮਹਾਰਾਜਾ ਰਣਜੀਤ ਸਿੰਘ ਕੀ ਅਲਮਦਾਰੀ ਮੇਂ ਕਿਸੀ ਤਰ੍ਹਾਂ ਕਾ ਖੌਫ ਵ ਖ਼ਤਰਾ ਨਹੀ ਥਾ ਔਰ ਉਨਸੇ ਮਹਿਸੂਲ ਮੁਨਾਸਬ ਸੇ ਜ਼ਿਆਦਾ ਭੀ ਨਹੀਂ ਲੀਆ ਜਾਤਾ ਥਾ। ਮਹਾਰਾਜਾ ਖੁਦ ਦੁਸ਼ਾਲੋਂ ਔਰ ਨਿਮਕ ਕੀ ਸੌਦਾਗਰੀ ਕੀਆ ਕਰਤੇ ਥੇ।"[3] ਰਣਜੀਤ ਸਿੰਘ ਕੇ ਵਕਤ ਮੇਂ ਸਲਤਨਤ ਕੀ ਬੜੀ ਤਰੱਕੀ ਥੀ ਔਰ ਫ਼ੌਜ ਕਾ ਇੰਤਜ਼ਾਮ ਵੀ ਬਹੁਤ ਅੱਛਾ ਥਾ। ਪੰਜਾਬ ਕੇ ਇਲਾਵਾ ਕਸ਼ਮੀਰ ਔਰ ਦੀਗਰ ਬਹੁਤ ਸੇ ਪਹਾੜੀ ਇਲਾਕੇ ਲਦਾਖ ਤਕ ਉਸਕੇ ਕਬਜ਼ੇ ਮੇਂ ਥੇ। ਛੋਟੇ-ਛੋਟੇ ਸਰਦਾਰ ਜੋ ਕੇ ਰਣਜੀਤ ਸਿੰਘ ਕੇ ਕੁਰਬ ਓ-ਜਵਾਰ ਮੇਂ ਥੇ, ਸਭ ਉਸਕੋ ਅਪਨੀ ਇਸਤਦਾਦ ਕੇ ਖਿਰਾਜ ਦੇਤੇ ਥੇ। ਬਲਕਿ ਵਕਤਵਕਤ ਜ਼ਰੂਰਤ ਉਸਕੀ ਮਦਦ ਕੇ ਵਾਸਤੇ ਫ਼ੌਜ ਭੀ ਭੇਜਤੇ ਥੇ।[4]

ਖ਼ਾਲਸਾ ਰਾਜ ਵਿਚ ਖੁਸ਼ਹਾਲੀ ਦਾ ਇਹ ਪ੍ਰਤੱਖ ਸਬੂਤ ਸੀ ਕਿ ਜਾਕੋਮਾਂ ਨੇ ਮਾਰਚ 1831 ਨੂੰ ਸਤਲੁਜ ਪਾਰ ਕਰਨ ਉਪਰੰਤ ਲਿਖਿਆ ਹੈ ਕਿ "ਖ਼ਾਲਸਾ ਰਾਜ ਅਤੇ ਅੰਗਰੇਜ਼ੀ ਰਾਜ ਵਿਚ ਮੈਂ ਪਹਿਲਾ ਖ਼ਾਸ ਫਰਕ ਇਹ ਡਿੱਠਾ ਹੈ ਕਿ ਜਿਥੇ ਅੰਗਰੇਜ਼ੀ ਰਾਜ ਵਿਚ ਸੜਕਾਂ, ਗਲੀਆਂ ਤੇ ਬਾਜ਼ਾਰਾਂ ਵਿਚ ਅਨੇਕਾਂ ਮੰਗਤੇ ਥਾਉਂ ਥਾਈਂ ਮਿਲਦੇ ਹਨ ਖ਼ਾਲਸਾ ਰਾਜ ਵਿਚ ਕਿਸੇ ਸੜਕ ਜਾਂ ਬਾਜ਼ਾਰ ਵਿਚ ਕੋਈ ਭੀ ਭਿਖਾਰੀ ਜਾਂ ਮੰਗਤਾ ਵਿਖਾਈ ਨਹੀਂ ਦਿੰਦਾ।"[5]

## ਖ਼ਾਲਸਾ ਰਾਜ ਦੇ ਗੁਪਤ ਖਜ਼ਾਨੇ

ਪੰਜਾਬ ਦੀ ਧਰਤੀ ਤੇ ਪਹਾੜ ਕੁਦਰਤ ਦੇ ਗੁਪਤ ਖਜ਼ਾਨਿਆਂ ਨਾਲ ਭਰਪੂਰ ਸਨ। ਖ਼ਾਲਸਾ ਰਾਜ ਵਿਚ ਲੂਣ (ਰਾਮਰਸ) ਦੀਆਂ ਅੱਠ ਖਾਣਾਂ ਸਨ। ਹੋਰ ਖਾਣਾਂ ਇਹ ਸਨ : ਸੁਫੈਦ ਫਟਕੜੀ ਦੀ ਖਾਣ, ਗੰਧਕ ਦੀ ਖਾਣ, ਸੋਨੇ ਦੀ ਖਾਣ, ਸਲੇਟੀ ਪੱਥਰਾਂ ਦੀ ਖਾਣ, ਲੋਹੇ ਦੀ ਖਾਣ, ਸੰਗਮਰਮਰ ਦੀ ਖਾਣ, ਗੁਲਾਬੀ ਸੰਗਮਰਮਰ ਦੀ ਖਾਣ, ਖੜੀਆ ਮਿੱਟੀ ਦੀ ਖਾਣ। ਇਨ੍ਹਾਂ ਖਾਣਾਂ ਦਾ ਵੇਰਵਾ ਅਸੀਂ ਅੱਗੇ ਕ੍ਰਮ ਅਨੁਸਾਰ ਦੇਵਾਂਗੇ। ਸਭ ਤੋਂ ਪਹਿਲਾਂ ਲੂਣ ਦੀ ਖਾਣ

1. ਮੇਟਕਾਫ ਦਾ ਖਤ ਮਿਤੀ ਮਈ 9 ਸੰਨ 1831
2. ਪੰਡਤ ਦੇਬੀ ਪ੍ਰਸ਼ਾਦ, *ਤਵਾਰੀਖੇ ਗੁਲਸ਼ਨੇ ਪੰਜਾਬ*, ਸਫਾ 164
3. ਪੰਡਤ ਦੇਬੀ ਪ੍ਰਸ਼ਾਦ, *ਤਵਾਰੀਖੇ ਗੁਲਸ਼ਨੇ ਪੰਜਾਬ*, ਸਫਾ 152
4. ਪੰਡਤ ਦੇਬੀ ਪ੍ਰਸ਼ਾਦ, *ਤਵਾਰੀਖੇ ਗੁਲਸ਼ਨੇ ਪੰਜਾਬ*, ਸਫਾ 164
5. ਜਾਕੋਮਾਂ, 4 ਮਾਰਚ 1831 ਦਾ ਲਿਖਿਆ ਖਤ, *ਦੀ ਪੰਜਾਬ ਹੰਡਰਡ ਯੀਅਰਜ਼ ਐਗੋ*, ਸਫਾ 24

ਬਾਰੇ ਲਿਖ ਦਿੰਦੇ ਹਾਂ। ਤਾਜੋਵਾਲ, ਸ਼ਾਹਪੁਰ ਵਾਲੀ ਲੂਣ ਦੀ ਖਾਣ ਵੀ ਚੋਖੀ ਪ੍ਰਸਿੱਧ ਸੀ।

## ਇਤਿਹਾਸ

ਲੂਣ ਦੀਆਂ ਖਾਣਾਂ ਇਲਾਕਾ ਜਿਹਲਮ, ਸ਼ਾਹਪੁਰ, ਮੀਆਂਵਾਲੀ ਕੁਹਾਟ ਦੇ ਲਾਗੇ ਵਾਕਿਆ ਸਨ, ਜਿਨ੍ਹਾਂ ਵਿਚ ਖੇਵੜੇ ਦੀ ਖਾਣ ਵਧੇਰੀ ਪ੍ਰਸਿੱਧ ਹੈ।

## ਇਨ੍ਹਾਂ ਖਾਣਾਂ ਦਾ ਕਿਵੇਂ ਪਤਾ ਲੱਗਾ

ਇਨ੍ਹਾਂ ਲੂਣ ਦੀਆਂ ਖਾਣਾਂ ਬਾਰੇ ਖੋਜ ਕਰਨ ਪਰ ਭੀ ਅਕਬਰ ਦੇ ਸਮੇਂ ਤੋਂ ਪਹਿਲਾਂ ਦੇ ਕੋਈ ਲਿਖਤੀ ਸਮਾਚਾਰ ਅਜੇ ਤਕ ਨਹੀਂ ਮਿਲ ਸਕੇ। ਬਾਬਰ ਨੇ ਆਪਣੀ ਤੁਜ਼ਕ ਵਿਚ ਪੰਜਾਬ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵੀ ਲਿਖੀਆਂ ਹਨ। ਵਿਸ਼ੇਸ਼ ਕਰਕੇ ਇਸ ਇਲਾਕੇ ਵਿਚ ਕਟਾਸ ਜੋਗੀਆਂ ਦੇ ਟਿੱਲੇ ਬਾਰੇ ਅਤੇ ਹੋਰ ਬਥੇਰਾ ਕੁਝ ਲਿਖਿਆ ਹੈ ਪਰ ਲੂਣ ਦੀ ਖਾਣ ਬਾਰੇ ਉਸ ਕੁਝ ਨਹੀਂ ਲਿਖਿਆ। ਪਰਤੀਤ ਹੁੰਦਾ ਹੈ ਕਿ ਇਸ ਸਮੇਂ ਤਕ ਇਹ ਖਾਣਾਂ ਕਿਸੇ ਨੂੰ ਲੱਭੀਆਂ ਨਹੀਂ ਸਨ। ਇਨ੍ਹਾਂ ਖਾਣਾਂ ਬਾਰੇ ਸਭ ਤੋਂ ਪਹਿਲੀ ਲਿਖਤ ਅਲਾਮਾ ਅਬੁਲ ਫਜ਼ਲ ਦੀ ਹੈ। ਉਸ ਨੇ ਇਉਂ ਲਿਖਿਆ ਹੈ : "ਸ਼ਹਿਨਸ਼ਾਹ (ਅਕਬਰ) ਦੇ ਦਰਬਾਰ ਵਿਚ ਇਕ ਪੰਜਾਬੀ ਹਾਜ਼ਰ ਹੋਇਆ ਜਿਸ ਦਾ ਨਾਂ ਆਸਫ ਖ਼ਾਨ ਸੀ। ਉਸ ਨੇ ਅਰਜ਼ ਕੀਤੀ ਕਿ ਜੇ ਮੈਨੂੰ ਜੀਵਨ ਗੁਜ਼ਾਰਨ ਲਈ ਸ਼ਹਿਨਸ਼ਾਹ ਕੋਈ ਗੁਜ਼ਾਰਾ ਦੇਵੇ ਤਾਂ ਮੈਂ ਸ਼ਹਿਨਸ਼ਾਹ ਨੂੰ ਇਕ ਖਾਣ ਦਾ ਪਤਾ ਦੇਵਾਂਗਾ ਜਿਸ ਤੋਂ ਹਕੂਮਤ ਨੂੰ ਬਹੁਤ ਮਾਲੀ ਲਾਭ ਪਹੁੰਚੇਗਾ। ਸ਼ਹਿਨਸ਼ਾਹ ਨੇ ਇਸ ਦੀ ਮੰਗ ਪੂਰੀ ਕੀਤੀ ਅਤੇ ਉਸ ਨੇ ਪਿੰਡ ਦਾਦਨ ਖ਼ਾਨ (ਖੇਵੜੇ) ਵਾਲੀ ਲੂਣ ਦੀ ਖਾਣ ਦਾ ਪਤਾ ਦੱਸਿਆ ਅਤੇ ਪਹਿਲੀ ਵੇਰ ਅਕਬਰ ਬਾਦਸ਼ਾਹ ਦੇ ਸਮੇਂ ਇੱਥੋਂ ਲੂਣ ਕੱਢਿਆ ਗਿਆ ਅਰਥਾਤ ਸੰਨ 1592 ਵਿਚ। ਇਸ ਦੇ ਬਾਅਦ ਸਰਦਾਰ ਮਹਾਂ ਸਿੰਘ ਮਹਾਰਾਜਾ ਦੇ ਪਿਤਾ ਜੀ ਨੇ ਇਨ੍ਹਾਂ ਖਾਣਾਂ ਉੱਤੇ ਆਪਣਾ ਅਧਿਕਾਰ ਕਰ ਲਿਆ ਪਰ ਉਸ ਵੇਲੇ ਬਹੁਤ ਘੱਟ ਲੂਣ ਤਕ ਪਹੁੰਚਣ ਲਈ ਕੋਈ ਚੰਗਾ ਢੰਗ ਕਿਸੇ ਨੂੰ ਆਉਂਦਾ ਨਹੀਂ ਸੀ ਤੇ ਨਾ ਹੀ ਕੋਈ ਰਾਹ ਜਾਂ ਸੜਕ ਖਾਣ ਤਕ ਪਹੁੰਚਣ ਲਈ ਮੌਜੂਦ ਸੀ। ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਖਾਣਾਂ ਉੱਨਤੀ ਦੀ ਚੋਟੀ ਪਰ ਪਹੁੰਚੀਆਂ। ਸ਼ੇਰੇ-ਪੰਜਾਬ ਦਾ ਇਹ ਸੁਭਾ ਬਣ ਗਿਆ ਸੀ ਕਿ ਜਦ ਕੋਈ ਵਿਗਿਆਨਕ ਯੂਰਪੀਅਨ ਦੇਸ਼ਾਂ ਤੋਂ ਉਸ ਦੇ ਦਰਬਾਰ ਵਿਚ ਆਉਂਦਾ ਸੀ ਤਾਂ ਮਹਾਰਾਜਾ ਸਾਹਿਬ ਉਸ ਨੂੰ ਵੱਡੀਆਂ ਰਕਮਾਂ ਤੇ ਖਿਲਤਾਂ ਬਖ਼ਸ਼ਦੇ ਹੁੰਦੇ ਸਨ ਅਤੇ ਇਨ੍ਹਾਂ ਦੇ ਵਿਗਿਆਨਕ ਹੁਨਰ ਤੋਂ ਲਾਭ ਪ੍ਰਾਪਤ ਕਰਨ ਦੇ ਯਤਨ ਕਰਦੇ ਸਨ। ਮਿਸਟਰ ਜਾਕੋਮਾਂ ਫ਼ਰਾਂਸ ਦਾ ਪ੍ਰਸਿੱਧ ਵਿਗਿਆਨਕ ਸੈਨਾਨੀ ਜਦ ਮਾਰਚ 1831 ਨੂੰ ਲਾਹੌਰ ਪੁੱਜਾ ਅਤੇ ਇਸ ਨੇ ਮਹਾਰਾਜ ਨੂੰ ਦੱਸਿਆ ਕਿ ਉਹ ਖਾਣਾਂ ਦੇ ਲੱਭਣ ਵਿਚ ਜਾਣਕਾਰੀ ਰਖਦਾ ਹੈ ਅਤੇ ਚਾਲੂ ਖਾਣਾਂ ਵਿਚ ਵੱਧ ਤੋਂ ਵੱਧ ਪੈਦਾਵਾਰ ਪ੍ਰਾਪਤ ਕਰਨ ਦੇ ਤਰੀਕੇ ਜਾਣਦਾ ਹੈ ਤਾਂ ਮਹਾਰਾਜਾ ਸਾਹਿਬ ਨੇ ਉਸ ਨੂੰ ਇਸ ਸੇਵਾ ਲਈ 10,000 (ਦਸ ਹਜ਼ਾਰ) ਰੁਪਿਆ ਦਿੱਤਾ ਤਾਂ ਜੋ ਉਹ ਖੇਵੜੇ ਦੇ ਇਲਾਕੇ ਵਿਚ ਜਾ ਕੇ ਖਾਣਾਂ ਵਿਚੋਂ ਥੋੜ੍ਹੀ ਮਿਹਨਤ ਨਾਲ ਵਧੇਰਾ ਲੂਣ ਬਾਹਰ ਨਿਕਲਵਾ ਸਕੇ।"[1]

---

1. ਯਾਕੋਮਾਂ, ਲੈਟਰਜ਼, ਭਾਗ 3-4; ਗੈਰਿਟ, *ਦੀ ਪੰਜਾਬ ਹੰਡਰਡ ਯੀਅਰਜ਼ ਐਗੋ*, ਸਫ਼ਾ 47

WWW.SIKHBOOKCLUB.COM 

ਇਸੇ ਤਰ੍ਹਾਂ ਸੰਨ 1841 ਵਿਚ ਜਦ ਰੁਲੀਆ ਰਾਮ ਨੇ ਪਿੰਡ ਮਖਡ ਦੇ ਲਾਗੇ ਰੰਧਿਕ ਦੀ ਖਾਣ ਲਭੀ ਤਾਂ ਮਹਾਰਾਜਾ ਸ਼ੇਰ ਸਿੰਘ ਨੇ ਉਸ ਨੂੰ 5000 (ਪੰਜ ਹਜ਼ਾਰ) ਰੁਪਏ ਰੋਕ, 1100 ਰੁਪਏ ਦੀ ਜਾਗੀਰ ਪਿੰਡ ਜੰਡਿਆਲੇ ਵਿਚ ਬਖ਼ਸ਼ੀ ਅਤੇ ਨਾਲ ਹੀ ਖ਼ਾਲਸਾ ਰਾਜ ਦਾ ਮਾਨਯੋਗ ਖਿਤਾਬ 'ਖੈਰ ਖੁਵਾਏ ਦੌਲਤ ਆਲੀਆ' ਪ੍ਰਦਾਨ ਕੀਤਾ।

## ਖਾਣਾਂ ਵਿਚੋਂ ਲੂਣ ਕੱਢਣ ਦਾ ਢੰਗ

ਖੇਵੜੇ ਦੀ ਖਾਣ ਪਿੰਡ ਦਾਦਨ ਖ਼ਾਨ ਤੋਂ 4 ਕੋਹ ਦੀ ਦੂਰੀ ਪਰ ਸੀ। ਲੂਣ ਦੀਆਂ ਸਿਲਾਂ ਤਕ ਪਹੁੰਚਣ ਲਈ ਉੱਪਰ ਦੇ ਪੱਧਰ ਤੋਂ ਲਗਭਗ 60 ਗਜ ਲੰਮੀ ਇਕ ਸੁਰੰਗ ਪੁਟੀ ਗਈ ਸੀ। ਇਹ ਸੁਰੰਗ ਦੋ ਗਜ ਉੱਚੀ ਅਤੇ ਡੇਢ ਗਜ ਚੌੜੀ ਸੀ। ਇਸ ਵਿਚ ਚਾਨਣੇ ਲਈ ਤੇਲ ਦੇ ਦੀਵੇ ਬਾਲ ਕੇ ਵਰਤੇ ਜਾਂਦੇ ਸਨ। ਇਸ ਇਲਾਕੇ ਦੇ ਸੈਂਕੜੇ ਘਰਾਣੇ ਇੱਥੇ ਖਾਣ ਦੇ ਅੰਦਰ ਲੂਣ ਕੱਢਣ ਲਈ ਮਜ਼ਦੂਰੀ ਕਰਦੇ ਸਨ। ਘਰ ਦਾ ਮਰਦ ਹੱਥ ਵਿਚ ਹਥੌੜਾ ਲੈ ਕੇ ਖਾਣ ਦੇ ਅੰਦਰ ਜਾਂਦਾ ਸੀ। ਇਸ ਹਥੌੜੇ ਦੇ ਸਿਰੇ ਨਾਲ ਵੱਡੀਆਂ ਤੇ ਭਾਰੀਆਂ ਸਿਲਾਂ ਤੋੜ ਕੇ ਮਣ-ਮਣ, ਤੀਹ ਤੀਹ ਸੇਰ ਦੇ ਛੋਟੇ-ਛੋਟੇ ਟੋਟੇ ਕਰਦਾ ਸੀ। ਇਸ ਦੀ ਇਸਤਰੀ, ਪੁੱਤਰ ਤੇ ਧੀਆਂ ਇਨ੍ਹਾਂ ਟੁੱਟੀਆਂ ਹੋਈਆਂ ਸਿਲਾਂ ਦੇ ਟੁਕੜੇ ਸਿਰ ਉੱਤੇ ਜਾਂ ਪਿੱਠ ਉੱਤੇ ਚੜ੍ਹਾ ਕੇ ਸੁਰੰਗ ਤੋਂ ਬਾਹਰ ਪਹੁੰਚਾਉਂਦੇ ਸਨ। ਇਕ ਸੌ ਮਣ ਲੂਣ ਬਾਹਰ ਕੱਢਣ ਜਾ ਪਹੁੰਚਾਉਣ ਲਈ 3 (III) ਮਜ਼ਦੂਰੀ ਮਿਲਦੀ ਸੀ, ਅਰਥਾਤ I) ਜੀ ਪੂਰੀ ਮਜ਼ਦੂਰੀ ਮਿਲ ਜਾਂਦੀ ਸੀ। ਵੱਡੀ ਖਾਣ ਵਿਚ 10 ਜਾਂ 12 ਸੁਰੰਗਾਂ ਵਿਚ 400 ਆਦਮੀ ਕੰਮ ਕਰਦੇ ਹੁੰਦੇ ਸਨ। ਇਹ ਲਗਭਗ 2500 ਮਣ ਲੂਣ ਹਰ ਰੋਜ ਖਾਣ ਵਿਚੋਂ ਬਾਹਰ ਕੱਢਦੇ ਸਨ। ਇਸ ਤਰ੍ਹਾਂ ਸਾਲ ਵਿਚ 8,00,000 (ਅੱਠ ਲੱਖ) ਮਣ ਲੂਣ ਸਾਲਾਨਾ ਕੱਢਿਆ ਜਾਂਦਾ ਸੀ। ਇਸ ਵਸੀਲੇ ਤੋਂ ਲਗਭਗ 1,600,000 (ਸੋਲਾਂ ਲੱਖ) ਰੁਪਿਆ ਲੂਣ ਦੀ ਵਿਕਰੀ ਤੋਂ ਅਤੇ ਢਾਈ ਲੱਖ ਰੁਪਿਆ ਮਸੂਲ ਤੋਂ ਅਰਥਾਤ 18,50,000 ਰੁਪਿਆ ਖਜ਼ਾਨੇ ਵਿਚ ਪੁੱਜਦਾ ਸੀ। ਖਾਣਾਂ ਤੋਂ ਲੂਣ ਊਠਾਂ, ਬੈਲਾਂ ਅਤੇ ਵੱਡਿਆਂ ਬੇੜਿਆਂ ਵਿਚ ਪੰਜਾਬ ਅਤੇ ਹਿੰਦ ਵਿਚ ਵਿਕਦਾ ਸੀ।

## ਖ਼ਾਲਸਾ ਰਾਜ ਦੀਆਂ ਲੂਣ ਦੀਆਂ ਖਾਣਾਂ ਬਾਰੇ ਹੋਰ ਵਾਕਫ਼ੀ

ਪਹਿਲੀ ਜੈਨਰਲ ਰੀਪੋਰਟ ਅਪਾਨ ਦੀ ਐਡਮਨਿਸਟ੍ਰੇਸ਼ਨ ਆਫ਼ ਦੀ ਪੰਜਾਬ ਵਿਚ ਲਿਖਿਆ ਮਿਲਦਾ ਹੈ ਕਿ ਖ਼ਾਲਸਾ ਰਾਜ ਦੇ ਵਿਉਪਾਰ ਅਤੇ ਆਮਦਨੀ ਦਾ ਵਸੀਲਾ ਜਿਹਲਮ ਦੇ ਇਲਾਕੇ ਦੀਆਂ ਲੂਣ ਖਾਣਾਂ ਸਨ। ਇਨ੍ਹਾਂ ਖਾਣਾਂ ਦਾ ਲੂਣ ਇਤਨਾ ਸਾਫ਼ ਸੁਥਰਾ ਹੁੰਦਾ ਸੀ ਕਿ ਖਾਣ ਵਿਚੋਂ ਨਿਕਲਣ ਸਾਰ ਹੀ ਇਹ ਵਰਤੋਂ ਯੋਗ ਹੁੰਦਾ ਸੀ। ਇਹ ਮਿੱਟੀ ਦੀ ਮਿਲਾਵਟ ਜਾਂ ਕਿਸੇ ਹੋਰ ਰਲੇ ਵਾਲੇ ਜੁਜ਼ ਤੋਂ ਸਾਫ਼ ਹੁੰਦਾ ਸੀ। ਇਹ ਖਾਣਾਂ ਦਰਿਆ ਜਿਹਲਮ ਦੇ ਉਸ ਮਕਾਮ ਤੋਂ ਜਿਹੜਾ ਪਿੰਡ ਦਾਦਨ ਖ਼ਾਨ ਦੇ ਲਾਗੇ ਹੈ, ਆਰੰਭ ਹੋ ਕੇ ਦਰਿਆ ਸਿੰਧ ਖੁਸ਼ਾਲਗੜ੍ਹ ਦੇ ਪੱਤਣ ਤਕ ਖਿਲਰਦੀਆਂ ਚਲੀਆਂ ਗਈਆਂ ਹਨ।

ਇਹ ਖਾਣਾਂ ਦੀ ਧਰਤੀ ਕਾਲਾ ਬਾਗ਼ ਦੇ ਮੁਕਾਮ ਪਰ ਦਰਿਆ ਅਟਕ ਤੋਂ ਪਾਰਲੇ ਕੰਢੇ ਪਹੁੰਚਦੀ ਹੈ ਅਤੇ ਇੱਥੇ ਵੀ ਅੱਗੇ ਕੋਹ ਸੁਲੇਮਾਨ ਤਕ ਜਾ ਪਹੁੰਚਦੀ ਹੈ। ਦਰਿਆ ਦੇ ਪਾਰਲੇ

WWW.SIKHBOOKCLUB.COM 

ਕੰਢੇ ਪਹੁੰਚ ਕੇ ਇੱਥੋਂ ਲੂਣ ਦਾ ਰੰਗ ਲਾਲ ਦੀ ਥਾਂ ਚਿੱਟਾ ਹੋ ਜਾਂਦਾ ਹੈ। ਇੱਥੇ ਜਿਥੇ ਇਸ ਦੇ ਰੰਗ ਵਿਚ ਬਦਲੀ ਆ ਜਾਂਦੀ ਹੈ ਉੱਥੇ ਨਾਲ ਹੀ ਇਹ ਖੇਵੜੇ ਦੇ ਲੂਣ ਵਰਗਾ ਸਾਫ ਸੁਥਰਾ ਵੀ ਨਹੀਂ ਰਹਿੰਦਾ ਅਤੇ ਇਸ ਵਿਚ ਕੁਝ ਮਿੱਟੀ ਦੀ ਮਿਲਾਵਟ ਪਾਈ ਜਾਂਦੀ ਹੈ।

ਇਸ ਇਲਾਕੇ ਦੀ ਧਰਤੀ ਭਾਵੇਂ ਵਧੇਰੀ ਉਪਜਾਊ ਨਹੀਂ ਪਰ ਇਸ ਦਾ ਪੇਟ ਕਈ ਧਾਤਾਂ ਦੇ ਖਜ਼ਾਨਿਆਂ ਨਾਲ ਭਰਪੂਰ ਹੈ, ਜਿਹਾ ਕਿ ਕੱਚਾ ਲੋਹਾ, ਸਲੇਟ, ਕੋਲਾ, ਖੜੀਆ ਮਿੱਟੀ, ਚੂਨ-ਪੱਥਰ ਅਤੇ ਪਥਰੀ ਲੂਣ। ਇਹ ਲੂਣ ਧਰਤੀ ਦੇ ਪਧਰ ਤੋਂ ਚੋਖੀ ਡੂੰਘਾਈ ਤਕ ਹੇਠਾਂ ਚਲਿਆ ਗਿਆ ਹੈ। ਇਸ ਖਾਣ ਵਿਚੋਂ ਖੁਦਾਈ ਕਰਕੇ ਲੂਣ ਨੂੰ ਬਾਹਰ ਪਹੁੰਚਾਣ ਤਕ ਛੇ ਪੈਸੇ ਫੀ ਮਣ[1] ਮਜ਼ਦੂਰੀ ਖਰਚ ਆਉਂਦੀ ਹੈ।[2]

ਖੇਵੜੇ ਵਾਲੀਆਂ ਖਾਣਾਂ ਗਿਣਤੀ ਵਿਚ 7 ਸਨ। ਇਨ੍ਹਾਂ ਵਿਚੋਂ 7,91,700 ਮਣ ਪੱਕਾ ਲੂਣ ਸਲਾਨਾ ਕੱਢਿਆ ਜਾਂਦਾ ਸੀ। ਇਸ ਲੂਣ ਦਾ ਭਾ ਦੋ ਰੁਪਏ ਫੀ ਮਣ ਹੁੰਦਾ ਸੀ। ਇਸ ਤੋਂ ਛੁਟ ਬਹਾਦਰ ਖੇਲ ਦੀ ਖਾਣ ਤੋਂ 60,000 ਰੁਪਏ ਦੀ ਆਮਦਨ ਹੁੰਦੀ ਸੀ।[3]

## ਫਟਕੜੀ ਦੀ ਖਾਣ

ਫਟਕੜੀ ਦੀ ਉਪਜ, ਮੀਆਂਵਾਲੀ ਦੇ ਪਰਗਨੇ ਵਿਚ ਹੁੰਦੀ ਸੀ। ਇੱਥੇ ਇਕ ਤਰ੍ਹਾਂ ਦਾ ਪੱਥਰ ਧਰਤੀ ਵਿਚ ਦੱਬਿਆ ਹੋਇਆ ਮਿਲਦਾ ਹੈ। ਇਸ ਤੋਂ ਫਟਕੜੀ ਤਿਆਰ ਹੁੰਦੀ ਸੀ। ਪੰਜਾਬ ਅਤੇ ਸਾਰੇ ਹਿੰਦੁਸਤਾਨ ਵਿਚ ਹਜ਼ਾਰਾਂ ਮਣ ਫਟਕੜੀ ਵਰਤੀ ਜਾਂਦੀ ਸੀ ਜਿਸ ਤੋਂ ਕਈ ਲੱਖ ਰੁਪਿਆ ਖ਼ਾਲਸੇ ਦੇ ਖਜ਼ਾਨੇ ਵਿਚ ਆਉਂਦਾ ਸੀ।

## ਗੰਧਕ ਦੀ ਖਾਣ

ਇਹ ਖਾਣ ਪਿੰਡ ਮਖੜ ਲਾਗੇ ਸੀ। ਜਿਥੇ ਇਸ ਦੀ ਉਪਜ ਖ਼ਾਲਸਾ ਰਾਜ ਦੀਆਂ ਲੋੜਾਂ ਪੂਰੀਆਂ ਕਰਦੀ ਸੀ ਉੱਥੇ ਵਿਉਪਾਰੀ ਵੀ ਲੱਖਾਂ ਰੁਪਇਆਂ ਦੀ ਖਰੀਦ ਕੇ ਹਿੰਦ ਵਿਚ ਅਤੇ ਹੋਰਨਾਂ ਦੇਸ਼ਾਂ ਵਿਚ ਦੂਰ-ਦੂਰ ਭੇਜਦੇ ਰਹਿੰਦੇ ਸਨ। ਇਹ ਵਧੇਰੇ ਬਰੂਦ ਤਿਆਰ ਕਰਨ ਦੇ ਕੰਮ ਆਉਂਦੀ ਸੀ।

## ਸਲੇਟੀ ਪੱਥਰ ਦੀ ਖਾਣ

ਸਲੇਟੀ ਪੱਥਰ ਦੀਆਂ ਸਾਫ ਸਲੇਟਾਂ ਕਾਂਗੜੇ ਦੇ ਲਾਗਲੇ ਪਹਾੜਾਂ ਵਿਚੋਂ ਅਤੇ ਨੌਸ਼ਹਿਰੇ ਦੇ ਲਾਗਿਓਂ ਪਿੰਡ ਮਾਣਕੀ ਵਿਚੋਂ ਲੰਮੇ ਤੇ ਚੌੜੇ ਤਖ਼ਤਿਆ ਦੇ ਰੂਪ ਵਿਚ ਨਿਕਲਦੀਆਂ ਸਨ ਜੋ ਘਰਾਂ ਦੀਆਂ ਛੱਤਾਂ ਅਤੇ ਫਰਸ਼ ਦੇ ਕੰਮ ਆਉਂਦੀਆਂ ਸਨ।

## ਖੜੀਆ ਤੇ ਮੁਲਤਾਨੀ ਮਿੱਟੀ

ਇਹ ਲੂਣ ਦੀਆਂ ਖਾਣਾਂ ਦੇ ਲਾਗਿਓਂ ਜਿਹਲਮ ਦੇ ਇਲਾਕੇ ਅਤੇ ਮੁਲਤਾਨ ਦੇ ਪਰਗਨੇ ਵਿਚ ਮਿਲਦੀਆਂ ਸਨ ਜੋ ਰੰਗ ਬਣਾਉਣ ਦੇ ਕੰਮ ਵਿਚ ਵਰਤੀਆਂ ਜਾਂਦੀਆਂ ਸਨ।

---

1. ਚਾਲੀ ਸੇਰ ਦਾ ਪੱਕਾ ਮਣ
2. *ਫਸਟ ਜੈਨਰਲ ਰਿਪੋਰਟ ਆਫ਼ ਦੀ ਐਡਮਨਿਸਟ੍ਰੇਸ਼ਨ ਆਫ਼ ਦੀ ਪੰਜਾਬ*, ਸਫਾ 110
3. *ਫਸਟ ਜੈਨਰਲ ਰਿਪੋਰਟ ਆਫ਼ ਦੀ ਐਡਮਨਿਸਟ੍ਰੇਸ਼ਨ ਆਫ਼ ਦੀ ਪੰਜਾਬ*, ਸਫਾ 116

WWW.SIKHBOOKCLUB.COM 

## ਲੋਹੇ ਦੀ ਖਾਣ

ਇਹ ਖਾਣ ਬਨੂੰ ਵਿਚ ਸੀ ਜਿਸ ਤੋਂ ਚੋਖਾ ਕੱਚਾ ਲੋਹਾ ਨਿਕਲਦਾ ਸੀ ਜਿਹੜਾ ਖ਼ਾਲਸਾ ਰਾਜ ਦੀਆਂ ਬੜੀਆਂ ਲੋੜਾਂ ਪੂਰੀਆਂ ਕਰਦਾ ਸੀ।[1]

## ਖ਼ਾਲਸਾ ਰਾਜ ਸਮੇਂ ਹਕੂਮਤ ਦਾ ਢੰਗ

ਖ਼ਾਲਸਾ ਰਾਜ ਦੀ ਹਕੂਮਤ ਦਾ ਢੰਗ ਜਨਤਾ ਦੇ ਸੁਭਾ ਅਨੁਸਾਰ ਬੜਾ ਸਾਦਾ ਸੀ। ਹਕੂਮਤ ਗਵਰਨਰ ਜਾਂ 'ਸੂਬੇ' ਦੀ ਰਾਹੀਂ ਕੀਤੀ ਜਾਂਦੀ ਸੀ। ਗਵਰਨਰ ਦੇ ਅਹੁਦੇ ਲਈ ਬੜਾ ਯੋਗ ਅਤੇ ਸਿਆਣਾ ਮਨੁੱਖ ਚੁਣਿਆ ਜਾਂਦਾ ਸੀ, ਭਾਵੇਂ ਉਹ ਕਿਸੇ ਕੌਮੀਅਤ ਦਾ ਹੋਵੇ। ਉਦਾਹਰਨ ਲਈ ਅੰਮ੍ਰਿਤਸਰ, ਮਾਝਾ ਅਤੇ ਪਹਾੜੀ ਇਲਾਕੇ ਦਾ ਗਵਰਨਰ ਸਰਦਾਰ ਦੇਸਾ ਸਿੰਘ ਮਜੀਠੀਆ ਸੀ, ਮੁਲਤਾਨ ਦੇ ਸੂਬੇ ਦਾ ਦੀਵਾਨ ਸਾਵਨ ਮਲ ਅਤੇ ਪਿਸ਼ਾਵਰ ਸਰਹੱਦੀ ਸੂਬੇ ਦੀ ਹਕੂਮਤ ਜਨਰਲ ਆਬੂਤਬੀਲ ਨੂੰ ਸੌਂਪੀ ਗਈ ਸੀ ਜੋ ਠੀਕ ਉੱਥੋਂ ਦੀ ਜਨਤਾ ਦੇ ਸੁਭਾਅ ਅਨੁਸਾਰ ਸੂਬੇ ਦਾ ਪ੍ਰਬੰਧ ਚਲਾਉਂਦੇ ਸਨ।

## ਸੂਬਿਆਂ ਦੀ ਵੰਡ

ਪੰਜਾਬ ਦੇ ਵਿਚਲੇ ਇਲਾਕੇ ਨੂੰ ਮੁਗ਼ਲੀਆਂ ਹਕੂਮਤ ਸਮੇਂ ਆਈਨੇ ਅਕਬਰੀ ਵਿਚ ਅਬਲ ਫ਼ਜ਼ਲ ਨੇ ਚੌਹਾਂ ਦੁਆਬਿਆਂ ਵਿਚ ਵੰਡਿਆ ਹੋਇਆ ਦੱਸਿਆ ਹੈ :

1. ਬਾਰੀ ਦੁਆਬਾ—ਦਰਿਆ ਬਿਆਸ ਤੋਂ ਰਾਵੀ ਦਾ ਵਿਚਲਾ ਇਲਾਕਾ
2. ਦੁਆਬਾ ਰਚਨਾ—ਦਰਿਆ ਰਾਵੀ ਤੇ ਝਨਾਂ ਦਾ ਵਿਚਲਾ ਦੇਸ
3. ਦੁਆਬਾ ਚਜ—ਝਨਾਂ ਤੇ ਦਰਿਆ ਜਿਹਲਮ ਦਾ ਵਿਚਲਾ ਮੁਲਕ
4. ਦੁਆਬਾ ਸਿੰਧਸਾਗਰ—ਜਿਹਲਮ ਤੇ ਦਰਿਆ ਸਿੰਧ ਦਾ ਵਿਚਲਾ ਇਲਾਕਾ

## ਨਵੀਂ ਵੰਡ

ਪਹਿਲਾਂ-ਪਹਿਲਾਂ ਖ਼ਾਲਸੇ ਨੇ ਵੀ ਇਸ ਪੁਰਾਣੀ ਵੰਡ ਨੂੰ ਚਾਲੂ ਰਖਿਆ ਪਰ ਮਹਾਰਾਜਾ ਨੇ ਜਦ ਸਰਹੱਦੀ ਇਲਾਕਾ ਤੇ ਕਸ਼ਮੀਰ ਆਦਿ ਸੂਬੇ ਫ਼ਤਹਿ ਕਰਕੇ ਪੰਜਾਬ ਵਿਚ ਮਿਲਾ ਲਏ ਤਾਂ ਸੂਬਿਆਂ ਦੀਆਂ ਪਹਿਲੀਆਂ ਹੱਦਾਂ ਬਦਲ ਕੇ ਨਵੀਂ ਵੰਡ ਕੀਤੀ :

1. ਸੂਬਾ ਲਾਹੌਰ ਜਿਸ ਵਿਚ ਸਤਲੁਜ ਤੋਂ ਦਰਿਆ ਸਿੰਧ ਤਕ ਦਾ ਇਲਾਕਾ ਸੀ। ਪਰ ਇਸ ਵਿਚ ਦੁਆਬਾ ਸਿੰਧ ਸਾਗਰ ਦਾ ਉਹ ਭਾਗ ਨਹੀਂ ਸੀ ਜੋ ਸੂਬਾ ਮੁਲਤਾਨ ਵਿਚ ਸ਼ਾਮਲ ਸੀ।
2. ਸੂਬਾ ਮੁਲਤਾਨ ਜਿਸ ਵਿਚ ਦੁਆਬਾ ਸਿੰਧ ਸਾਗਰ ਅਤੇ ਬਹਾਵਲਪੁਰ ਅਤੇ ਮੁਲਕ ਸਿੰਧ ਦੇ ਕੁਝ ਭਾਗ ਸ਼ਾਮਲ ਸਨ।
3. ਸੂਬਾ ਕਸ਼ਮੀਰ ਜੋ ਹਜ਼ਾਰੇ ਤੋਂ ਲਦਾਖ ਤੇ ਤਿੱਬਤ ਤਕ ਖਿਲਰਿਆ ਹੋਇਆ ਸੀ।

---

1. ਬਰਨਜ਼, ਕਾਬਲ, ਸਫ਼ਾ 327

4. ਸੂਬਾ ਪਿਸ਼ਾਵਰ ਜਿਸ ਦੀ ਹੱਦ ਦਰਿਆ ਅਟਕ ਤੋਂ ਪਾਰ ਦੱਰਾ ਖੈਬਰ ਤਕ ਪਹੁੰਚਦੀ ਸੀ।

ਇਨ੍ਹਾਂ ਸੂਬਿਆਂ ਦੇ ਨਾਜ਼ਮ ਜਾਂ ਗਵਰਨਰ ਸਥਾਪਤ ਕੀਤੇ ਹੋਏ ਸਨ। ਸੂਬੇ ਦੀ ਹਕੂਮਤ ਨੂੰ ਸਫ਼ਲਤਾ ਨਾਲ ਚਲਾਉਣ ਲਈ ਹਰ ਇਕ ਸੂਬੇ ਨੂੰ ਪਰਗਣਿਆਂ ਵਿਚ (ਜ਼ਿਲ੍ਹਿਆਂ ਵਿਚ) ਅਤੇ ਪਰਗਣਿਆ ਨੂੰ ਤਅਲਕਿਆ (ਤਹਿਸੀਲਾਂ) ਵਿਚ ਵੰਡ ਕੇ ਹਰ ਇਕ ਤਅਲਕੇ ਵਿਚ ਕੋਈ 100 ਪਿੰਡਾਂ ਦਾ ਇਲਾਕਾ ਰਖਿਆ। ਹਰ ਇਕ ਗਵਰਨਰੀ ਵਿਚ ਕਈ-ਕਈ ਪਰਗਨੇ ਕਾਇਮ ਕੀਤੇ। ਹਰ ਇਕ ਪਰਗਨੇ ਵਿਚ ਆਮਲ ਜਾਂ ਕਾਰਦਾਰ ਨੀਯਤ ਕੀਤਾ। ਹਰ ਇਕ ਤਹਿਸੀਲ ਜਾਂ ਤਅਲਕੇ ਵਿਚ ਲੋੜ ਅਨੁਸਾਰ ਤਅਲਕਾਦਾਰ (ਤਹਿਸੀਲਦਾਰ) ਮੁਕੱਰਰ ਕੀਤੇ। ਉਨ੍ਹਾਂ ਦੀ ਸਹਾਇਤਾ ਲਈ ਮੁਕੱਦਮ, ਕਾਨੂੰਨਗੋ ਤੇ ਪੰਚ ਨੀਯਤ ਕੀਤੇ।

ਕਾਰਦਾਰ ਦੀ ਫ਼ੌਜਦਾਰੀ ਮੁਕੱਦਮਿਆਂ ਵਿਚ ਮੱਦਦ ਲਈ ਕੋਤਵਾਲ, ਇਕ ਅਦਾਲਤੀ, ਮੁਤਸੱਦੀ ਤੇ ਪੇਸ਼ਕਾਰ (ਸਰਿਸ਼ਤੇਦਾਰ) ਰਖੇ ਗਏ। ਮੁਕੱਦਮਿਆਂ ਦੇ ਫ਼ੈਸਲੇ ਸ਼ਰੀਅਤ ਅਨੁਸਾਰ ਕਰਨ ਲਈ ਕਾਜ਼ੀ ਤੇ ਮੁਫਤੀ ਰੱਖੇ ਗਏ ਅਤੇ ਸਿੱਖਾਂ ਅਤੇ ਹਿੰਦੂਆਂ ਦੇ ਫ਼ੈਸਲਿਆਂ ਲਈ ਗੁੱਥੀ ਤੇ ਪੰਡਤ ਨੀਯਤ ਕੀਤੇ ਗਏ। ਖ਼ਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਇਕ ਹੋਰ ਕਰਮਚਾਰੀ ਦਾ ਨਾਂ ਵੀ ਲਿਖਿਆ ਮਿਲਦਾ ਹੈ ਜਿਸ ਨੂੰ ਸੰਦੂਕਚੀ ਬਰਦਾਰ ਲਿਖਿਆ ਹੈ। ਇਹ ਖਜ਼ਾਨਚੀ ਸੀ ਜੋ ਹਰ ਇਕ ਤਅਲਕੇ ਵਿਚ ਇਕ-ਇਕ ਹੁੰਦਾ ਸੀ। ਇਸੇ ਤਰ੍ਹਾਂ ਦਰੋਗਾ ਤਹਿਵੀਲਾਤ ਹੁੰਦੇ ਸਨ।

## ਅਹੁਦੇਦਾਰਾਂ ਦੇ ਕੰਮਾਂ ਤੇ ਅਧਿਕਾਰਾਂ ਦੀ ਵੰਡ ਇੰਝ ਕੀਤੀ ਗਈ ਸੀ :

ਗਵਰਨਰ ਦੀ ਮੁੱਖ ਜ਼ੁਮੇਵਾਰੀ ਆਪਣੇ ਸੂਬੇ ਵਿਚ ਸ਼ਾਂਤੀ ਬਣਾਈ ਰਖਣਾ ਅਤੇ ਪਰਜਾ ਨੂੰ ਸੁਖੀ ਰਖਣਾ ਸੀ। ਹਰ ਇਕ ਪਰਗਨੇ ਦੇ ਕਾਰਦਾਰ ਦਾ ਫਰਜ਼ ਸੀ ਕਿ ਉਹ ਆਪਣੇ ਪਰਗਨੇ ਦਾ ਮਾਲੀਆ ਇਕੱਠਾ ਕਰੇ ਅਤੇ ਜਜ ਤੇ ਮੈਜਿਸਟ੍ਰੇਟ ਦਾ ਕੰਮ ਸਰੰਜਾਮ ਦੇਵੇ। ਇਸ ਤੋਂ ਛੁਟ ਉਹ ਆਪਣੇ ਇਲਾਕੇ ਵਿਚ ਗੌਰਮਿੰਟ ਦਾ ਪ੍ਰਤਿਨਿੱਧ ਸੀ। ਇਸੇ ਤਰ੍ਹਾਂ ਤਅਲਕਾਦਾਰ ਦਾ ਮੁੱਖ ਕੰਮ ਖੇਤੀਬਾੜੀ ਦੇ ਕੰਮ ਤੇ ਉਪਜ ਨੂੰ ਵਧਾਉਣਾ, ਮਾਲੀਏ ਦਾ ਉਗਰਾਹਣਾ, ਵਪਾਰੀਆਂ ਪਰ ਸਰਕਾਰੀ ਮਸੂਲ ਲਗਾਉਣਾ ਆਦਿ ਸੀ। ਤਅਲਕਾਦਾਰ ਲਈ ਇਹ ਜ਼ਰੂਰੀ ਸੀ ਕਿ ਉਹ ਹਰ ਸਤਿਵਾਰੇ ਆਪਣੇ ਜਮ੍ਹਾ ਖਰਚ ਦੇ ਹਿਸਾਬ ਦੀ ਰਿਪੋਰਟ ਲਾਹੌਰ ਭੇਜੇ। ਇਹ ਹੁਕਮ ਖ਼ਾਲਸਾ ਦਰਬਾਰ ਦੇ ਨਿਯਮਾਂ ਵਿਚ ਲਿਖਤੀ ਮੌਜੂਦ ਸੀ। ਜਦ ਕੋਈ ਕਰਮਚਾਰੀ ਇਸ ਰਿਪੋਰਟ ਦੇ ਭੇਜਣ ਤੋਂ ਚੂਕ ਕਰੇ ਤਾਂ ਪਹਿਲੀ ਭੁਲ ਲਈ ਜ਼ਬਾਨੀ ਤਾੜਨਾ ਕੀਤੀ ਜਾਂਦੀ ਸੀ, ਦੂਜੀ ਵਾਰ ਜੁਰਮਾਨਾ ਕੀਤਾ ਜਾਂਦਾ ਸੀ ਅਤੇ ਤੀਜੀ ਵੇਰ ਗਫ਼ਲਤ ਕਰਨ ਵਾਲੇ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਜਾਂਦਾ ਸੀ।[1]

ਉਪਰੋਕਤ 4 ਸੂਬਿਆਂ ਨੂੰ ਹੇਠ ਲਿਖੇ ਪਰਗਨਿਆਂ ਅਤੇ ਤਅਲਕਿਆਂ ਵਿਚ ਵੰਡਿਆ ਹੋਇਆ ਸੀ :

1. ਖਿਲਨਾਨੀ, *ਦੀ ਪੰਜਾਬ ਅੰਡਰ ਲਾਰੰਸਜ਼*, ਸਫਾ 55

| *ਨਾਂ ਸੂਬੇ ਦਾ* | *ਨਾਂ ਪਰਗਨਿਆਂ ਦਾ* | *ਗਿਣਤੀ ਤਅਲਕਿਆਂ ਦੀ* | *ਜਨ ਗਿਣਤੀ* |
|---|---|---|---|
| *1* | *2* | *3* | *4* |
| ਸੂਬਾ ਪਿਸ਼ਾਵਰ | ਪਿਸ਼ਾਵਰ | 8 | 543152 |
| ਸੂਬਾ ਪਿਸ਼ਾਵਰ | ਕੋਹਾਟ | 3 | 145419 |
| ਸੂਬਾ ਪਿਸ਼ਾਵਰ | ਹਜਾਰਾ | 2 | 367218 |
| ਮੁਲਤਾਨ | ਡੇਰਾ ਇਸਮਾਈਲ ਖਾਨ | 5 | 394864 |
| ਮੁਲਤਾਨ | ਡੇਰਾ ਗਾਜੀ ਖਾਨ | 4 | 308840 |
| ਮੁਲਤਾਨ | ਬਨੂੰ | 4 | 287537 |
| ਮੁਲਤਾਨ | ਮੁਲਤਾਨ | 5 | 471563 |
| ਮੁਲਤਾਨ | ਝੰਗ | 3 | 348027 |
| ਮੁਲਤਾਨ | ਇਲਾਕਾ ਥਾਰ | 4 | 359437 |
| ਮੁਲਤਾਨ | ਮੁਜਫਰਗੜ੍ਹ | 3 | 295547 |
| ਲਾਹੌਰ | ਲਾਹੌਰ | 4 | 789666 |
| ਲਾਹੌਰ | ਗੁਜਰਾਂਵਾਲਾ | 3 | 550576 |
| ਲਾਹੌਰ | ਗੁਜਰਾਤ | 3 | 614361 |
| ਲਾਹੌਰ | ਸ਼ਾਹਪੁਰ | 3 | 368796 |
| ਲਾਹੌਰ | ਰਾਵਲਪਿੰਡੀ | 7 | 711256 |
| ਲਾਹੌਰ | ਅੰਮ੍ਰਿਤਸਰ | 4 | 102555 |
| ਲਾਹੌਰ | ਸਿਆਲਕੋਟ | 5 | 100500 |
| ਲਾਹੌਰ | ਗੁਰਦਾਸਪੁਰ | 4 | 655362 |
| ਲਾਹੌਰ | ਕਾਂਗੜਾ | 5 | 743882 |
| ਲਾਹੌਰ | ਹੁਸ਼ਿਆਰਪੁਰ | 4 | 939972 |
| ਲਾਹੌਰ | ਜਲੰਧਰ | 4 | 780165 |
| ਕਸ਼ਮੀਰ | ਸ੍ਰੀਨਗਰ | 5 | |
| ਕਸ਼ਮੀਰ | ਮੁਜਫਰਾਬਾਦ | 3 | |
| ਕਸ਼ਮੀਰ | ਵੈਰੀਨਾਗ | 3 | |
| ਕਸ਼ਮੀਰ | ਬਾਰਾਂਮੂਲਾ | 2 | |
| ਕਸ਼ਮੀਰ | ਲਦਾਖ ਦਾ ਇਲਾਕਾ | | |

ਇਸ ਤਰੀਕੇ ਦਾ ਪ੍ਰਭਾਵ ਹਰ ਇਕ ਕਰਮਚਾਰੀ ਪਰ ਇਹ ਪਿਆ ਕਿ ਕਦੀ ਵੀ ਕੋਈ ਰੀਪੋਰਟ ਪਹੁੰਚਣ ਵਿਚ ਪੰਦਰਵਾੜੇ ਤੋਂ ਪਿੱਛੇ ਨਹੀਂ ਸੀ ਰਹਿੰਦੀ।

ਇਸ ਬਾਰੇ ਕਪਤਾਨ ਵੇਡ, ਪੁਲੀਟੀਕਲ ਅਫ਼ਸਰ, ਲੁਧਿਆਣਾ, ਅਦੀਨਾ ਨਗਰ ਤੋਂ ਇਕ ਚਿੱਠੀ ਜਿਹੜੀ ਉਸ ਨੇ ਗਵਰਨਰ ਜੈਨਰਲ ਦੇ ਚੀਫ ਸੈਕਟਰੀ ਨੂੰ ਸਿਮਲੇ ਭੇਜੀ, ਉਸ ਵਿਚ ਲਿਖਦਾ ਹੈ ਕਿ "ਮਹਾਰਾਜਾ ਰਣਜੀਤ ਸਿੰਘ, ਰੋਜ਼ਾਨਾ ਦਿਨ ਦੇ ੭ ਵਜੇ ਉਪਰੰਤ ਆਪਣੇ ਕਰਮਚਾਰੀਆਂ ਤੋਂ ਆਈਆਂ ਆਰਥਕ ਵਿਭਾਗ ਦੀਆਂ ਰਿਪੋਰਟਾਂ ਬੜੇ ਗਹੁ ਨਾਲ ਸੁਣਦਾ ਤੇ ਵਿਚਾਰਦਾ ਹੈ ਅਤੇ ਉਨ੍ਹਾਂ ਪਰ ਜਰੂਰੀ ਹੁਕਮ ਲਿਖਾਉਂਦਾ ਹੈ।"[1]

## ਨਿਆਂ ਦਾ ਪ੍ਰਬੰਧ

ਉਪਰੋਕਤ ਪ੍ਰਬੰਧ ਚਾਲੂ ਹੋਣ ਦੇ ਕੁਝ ਸਮੇਂ ਬਾਅਦ ਕਾਰਦਾਰਾਂ ਦੇ ਕੰਮਾਂ ਵਿਚ ਕੁਝ ਤਰੁਟੀਆਂ ਦਿਸੀਆਂ। ਉਹ ਇਹ ਸਨ ਕਿ ਕਾਰਦਾਰ ਦੇ ਸਿਰ ਕੰਮ ਦਾ ਵਧੇਰਾ ਭਾਰ ਹੋਣ ਦੇ ਕਾਰਨ ਉਹ ਨਿਆਂ ਦੇ ਕੰਮ ਵੱਲ ਪੂਰਾ ਧਿਆਨ ਨਹੀਂ ਸੀ ਦੇ ਸਕਦਾ। ਇਸ ਦਾ ਉਪਾਅ ਮਹਾਰਾਜਾ ਨੇ ਇਹ ਸੋਚਿਆ ਕਿ ਪ੍ਰਬੰਧ ਅਤੇ ਨਿਆਂ ਦੇ ਕੰਮ ਨੂੰ ਵੱਖ-ਵੱਖ ਕਰ ਦਿੱਤਾ ਜਾਵੇ। ਸੋ ਇਸ ਤਰ੍ਹਾਂ ਕਾਰਦਾਰ ਤੋਂ ਨਿਆਂ ਦਾ ਵਿਭਾਗ ਵੱਖ ਕਰਕੇ ਸ਼ੀਘਰ ਹੀ ਇਕ ਨਵਾਂ ਅਫ਼ਸਰ ਨਿਯੁਕਤ ਕਰ ਦਿੱਤਾ ਜਿਸ ਦਾ ਨਾਂ ਅਦਾਲਤੀ ਰਖਿਆ ਅਤੇ ਨਿਆਂ ਵਿਭਾਗ ਕਾਰਦਾਰ ਤੋਂ ਵੱਖ ਕਰ ਕੇ ਅਦਾਲਤੀ ਦੇ ਹੱਥ ਸੌਂਪ ਦਿੱਤਾ ਤਾਂ ਜੋ ਉਹ ਆਪਣਾ ਸਾਰਾ ਸਮਾਂ ਨਿਆਂ ਦੇ ਕੰਮ ਵਿਚ ਦੇ ਸਕੇ। ਜਨਤਾ ਨੂੰ ਪੂਰਨ ਖੁਲ੍ਹ ਦਿੱਤੀ ਗਈ ਕਿ ਉਹ ਕਾਰਦਾਰ ਦੇ ਕੀਤੇ ਹੋਏ ਫ਼ੈਸਲਿਆਂ ਦੀ ਅਪੀਲ ਅਦਾਲਤੀ ਦੇ ਸਾਹਮਣੇ ਲਿਆ ਸਕਦੇ ਹਨ। ਜੇ ਇਸ ਪਰ ਵੀ ਕਿਸੇ ਧਿਰ ਨੂੰ ਤਸੱਲੀ ਨਾ ਹੋਵੇ ਤਾਂ ਉਹ ਰਾਜਧਾਨੀ ਲਾਹੌਰ ਦੀ ਆਦਲਤ-ਏ-ਆਹਲਾ ਵਿਚ ਅਪੀਲ ਪੇਸ਼ ਕਰ ਸਕਦਾ ਸੀ। ਇਹ ਅਦਾਲਤ-ਏ-ਆਹਲਾ ਮੌਜੂਦਾ ਸਮੇਂ ਦੇ ਹਾਈਕੋਰਟ ਦੇ ਬਰਾਬਰ ਸੀ ਅਤੇ ਇਸ ਵਿਚ ਸਾਰਿਆਂ ਸੂਬਿਆਂ ਦੀਆਂ ਅਪੀਲਾਂ ਸੁਣੀਆਂ ਜਾਂਦੀਆਂ ਸਨ। ਜੇ ਇਸ ਅਦਾਲਤ ਦੇ ਫ਼ੈਸਲੇ ਤੋਂ ਵੀ ਕਿਸੇ ਨੂੰ ਸ਼ਾਂਤੀ ਨਾ ਹੋਵੇ ਤਾਂ ਉਹ ਛੇਕੜਲੀ ਅਪੀਲ ਮਹਾਰਾਜਾ ਸਾਹਿਬ ਦੀ ਹਜ਼ੂਰੀ ਅਦਾਲਤ ਵਿਚ ਦਾਇਰ ਕਰ ਸਕਦਾ ਸੀ। ਇਹ ਰਾਹ ਸਭ ਲਈ ਖੁਲ੍ਹਾ ਸੀ। ਇਨ੍ਹਾਂ ਅਪੀਲਾਂ ਦੇ ਫ਼ੈਸਲੇ ਮਹਾਰਾਜਾ ਸਾਹਿਬ ਤੁਰੰਤ ਹੀ ਸੁਣਾ ਦਿਆ ਕਰਦੇ ਸਨ। ਪਰ ਇਹੋ ਜਿਹੀਆਂ ਸ਼ਕਾਇਤਾਂ ਮਹਾਰਾਜਾ ਤਕ ਬਹੁਤ ਘੱਟ ਪਹੁੰਚਦੀਆਂ ਸਨ ਕਿਉਂਕਿ ਹੇਠਲੀਆਂ ਅਦਾਲਤਾਂ ਬੜੇ ਧਿਆਨ ਨਾਲ ਹਰ ਮਾਮਲੇ ਨੂੰ ਪੁਣ ਛਾਣ ਕੇ ਨਿਬੇੜ ਦਿੰਦੀਆਂ ਸਨ, ਜੋ ਉਸ ਦੇ ਵਧੀਆ ਪ੍ਰਬੰਧ ਦਾ ਪ੍ਰਤੱਖ ਸਬੂਤ ਸੀ।

## ਪੰਚਾਇਤੀ ਅਦਾਲਤਾਂ

ਪਿੰਡਾਂ ਦੇ ਛੋਟੇ-ਛੋਟੇ ਝਗੜੇ ਪੰਚਾਇਤਾਂ ਦੇ ਰਾਹੀਂ ਨਜਿੱਠੇ ਜਾਂਦੇ ਸਨ ਜਾਂ ਦੋਵੇਂ ਧਿਰਾਂ ਸਾਲਸ ਮਿਥ ਕੇ ਫ਼ੈਸਲਾ ਕਰਾ ਲੈਂਦੀਆਂ ਸਨ। ਇਹ ਢੰਗ ਜਨਤਾ ਲਈ ਖੜਾ ਸਸਤਾ ਤੇ ਬਿਨਾ ਖੇਚਲ ਦੇ ਸੀ। ਪਿੰਡ ਦੀ ਕੋਈ ਘਟਨਾ ਐਸੀ ਨਹੀਂ ਹੁੰਦੀ ਜਿਸ ਦੀ ਅਸਲੀਅਤ ਉੱਥੇ

---

1. ਵੇਡ ਦੀ ਚਿੱਠੀ, ਗਵਰਨਰ ਜੈਨਰਲ ਦੇ ਚੀਫ਼ ਸੈਕਟਰੀ ਦੇ ਨਾਂ, ਤਰੀਕ 31 ਮਈ 1831, ਨੰ. 45, ਜਿਲਦ 30
2. ਖਿਲਨਾਨੀ, *ਦੀ ਪੰਜਾਬ ਅੰਡਰ ਲਾਰੰਸਜ਼*, ਸਫ਼ਾ 661

ਦੇ ਮੁਖੀਆ ਨੂੰ ਮਾਲੂਮ ਨਾ ਹੋਵੇ। ਇਸ ਲਈ ਕੋਈ ਝਗੜਾ ਲੰਮਾ ਨਹੀਂ ਸੀ ਹੁੰਦਾ। ਵਧੇਰੇ ਝਗੜੇ ਪਹਿਲੀ ਪੇਸ਼ੀ ਪਰ ਹੀ ਮੁੱਕ ਜਾਂਦੇ ਸਨ, ਪਰ ਜੇ ਕਦੇ ਕੋਈ ਮਾਮਲਾ ਗੁੰਝਲਦਾਰ ਬਣ ਜਾਵੇ ਤਾਂ ਉਸ ਦੇ ਫ਼ੈਸਲੇ ਲਈ ਸਾਲਸ ਚੁਣ ਲਿਆ ਜਾਂਦਾ ਸੀ। ਉਹ ਵੀ ਧੰਧਾ ਉਸੇ ਦਿਨ ਨਿਬੇੜ ਦਿੰਦਾ ਸੀ। ਆਮ ਜਨਤਾ ਲਈ ਇਹ ਤਰੀਕਾ ਬੜਾ ਸੁਖਦਾਈ ਤੇ ਸਸਤਾ ਸੀ। ਖ਼ਾਲਸਾ ਰਾਜ ਦੀਆਂ ਇਨ੍ਹਾਂ ਅਦਾਲਤਾਂ ਦੀ ਵਰਤੋਂ ਵੇਖ ਕੇ ਉਸ ਸਮੇਂ ਦੀਆਂ ਵੱਡੀਆਂ-ਵੱਡੀਆਂ ਚਤਰ ਤੇ ਸੁਜਾਨ ਹਸਤੀਆਂ ਨੇ ਬੜੀ ਉੱਚੀ ਰਾਏ ਪ੍ਰਗਟ ਕੀਤੀ ਸੀ, ਜਿਨ੍ਹਾਂ ਵਿਚ ਸਰ ਜਾਹਨ ਮੈਲਕਮ ਵੀ ਹੈ। ਇਹ ਅੰਗਰੇਜ਼ਾਂ ਦੀਆਂ ਮਹਾਨ ਹਸਤੀਆਂ ਵਿਚੋਂ ਇਕ ਗਿਣਿਆ ਜਾਂਦਾ ਸੀ। ਜਿਥੇ ਇਹ ਪੁਲੀਟੀਕਲ ਖੇਤਰ ਦਾ ਉੱਚਾ ਮਾਹਿਰ ਸਮਝਿਆ ਜਾਂਦਾ ਸੀ ਉੱਥੇ ਉਹ ਕਈ ਪ੍ਰਸਿੱਧ ਇਤਿਹਾਸਕ ਪੁਸਤਕਾਂ ਦਾ ਲਿਖਾਰੀ ਵੀ ਸੀ, ਜਿਹਾ ਕਿ ਸਕੈਚ ਆਫ਼ ਦੀ ਸਿਖਸ, ਮੈਮਾਇਰ ਆਫ਼ ਸੈਂਟਰਲ ਇੰਡੀਆ, ਪੁਲੀਟੀਕਲ ਹਿਸਟਰੀ ਆਫ਼ ਇੰਡੀਆ ਅਤੇ ਲਾਈਫ਼ ਆਫ਼ ਕਲਾਈਵ ਆਦਿ। ਇਹ ਤਿੰਨ ਵੇਰ ਈਰਾਨ ਵਿਚ ਅੰਗਰੇਜ਼ੀ ਸਫ਼ੀਰ ਰਿਹਾ ਤੇ ਛੇਕੜ ਬੰਬਈ ਦਾ ਗਵਰਨਰ ਬਣਿਆ।

ਉਸ ਨੇ ਖ਼ਾਲਸਾ ਰਾਜ ਦਾ ਮਲਕੀ ਪ੍ਰਬੰਧ ਤੇ ਨਿਆਂ ਪ੍ਰਣਾਲੀ ਅਖੀ ਵੇਖ ਕੇ ਲਿਖਿਆ ਹੈ :

> "ਖ਼ਾਲਸਾ ਰਾਜ ਵਿਚ ਆਮ ਝਗੜੇ ਪੰਚਾਇਤਾਂ ਦੇ ਰਾਹੀਂ ਫ਼ੈਸਲੇ ਕਰਕੇ ਨਿਪਟਾਏ ਜਾਂਦੇ ਸਨ। ਖਾਸ-ਖਾਸ ਦਿਨ ਇਨ੍ਹਾਂ ਪੰਜਾਂ ਜੱਜਾਂ ਦਾ ਇਕੱਠ ਹੁੰਦਾ ਸੀ। ਇਹ ਪੰਚ ਮੁਲਕ ਦੇ ਰਵਾਜ (ਮਰਿਆਦਾ) ਅਤੇ ਪਰਚਲਤ ਰਸਮਾਂ ਅਨੁਸਾਰ ਤਨਾਜ਼ੇ ਮੁਕਾਉਂਦੇ ਸਨ। ਜਿਨ੍ਹਾਂ ਉੱਤੇ ਇੱਥੇ ਦੀ ਜਨਤਾ ਵੱਡਾ ਭਰੋਸਾ ਰਖਦੀ ਸੀ। ਇਨ੍ਹਾਂ ਫ਼ੈਸਲਿਆਂ ਨੂੰ ਦੋਵੇਂ ਧਿਰਾਂ ਬੜੇ ਸਤਿਕਾਰ ਦੀ ਨਜ਼ਰ ਨਾਲ ਵੇਖਦੀਆਂ ਸਨ।"[1]

ਖ਼ਾਲਸਾ ਰਾਜ ਦੇ ਇਸ ਸੁਚੱਜੇ ਤੇ ਸਸਤੇ ਅਦਾਲਤੀ ਢੰਗ ਨੂੰ ਵੇਖਾ ਕੇ ਉਹ ਬੜੇ ਜ਼ੋਰ ਨਾਲ ਇਸ ਪੰਚਾਇਤੀ ਤਰੀਕੇ ਨੂੰ ਅੰਗਰੇਜ਼ੀ ਹਿੰਦ ਵਿਚ ਚਾਲੂ ਕਰਨ ਲਈ ਜ਼ੋਰਦਾਰ ਅਤੇ ਜੁਰਾਤ ਪੂਰਨ ਸਿਫ਼ਾਰਸ਼ ਕਰਦਾ ਹੈ।[2] ਅੱਗੇ ਜਾ ਕੇ ਇਕ ਹੋਰ ਥਾਂ ਉੱਤੇ ਇਹੀ ਲੇਖਕ ਇਕ ਬੜੀ ਪੁਰਅਰਥ ਕਹਾਣੀ ਇਸ ਤਰੀਕੇ ਦੀ ਪ੍ਰੋੜ੍ਹਤਾ ਵਿਚ ਲਿਖਦਾ ਹੈ ਕਿ ਮੈਨੂੰ ਇਕ ਸਿੱਖ ਬਾਬੇ ਸਾਹਿਬਜ਼ਾਦੇ ਨੇ ਸਿੱਖ ਨਿਆ ਦੇ ਸਤਿਕਾਰ ਤੇ ਸ੍ਰੇਸ਼ਟਤਾਈ ਬਾਰੇ ਦੱਸਿਆ ਕਿ ਇੱਥੇ ਦਾ ਨਿਆਂ ਅੰਗਰੇਜ਼ਾਂ ਦੇ ਅਦਾਲਤੀ ਤਰੀਕੇ ਨਾਲੋਂ ਬਹੁਤ ਉੱਚਾ ਹੈ। ਕਿਉਂਕਿ ਅੰਗਰੇਜ਼ੀ ਨਿਆਂ ਬੜਾ ਖਰਚੀਲਾ ਤੇ ਖੇਚਲ ਵਾਲਾ ਹੈ ਜਿਸ ਤੋਂ ਕੇਵਲ ਸਿਆਣੇ ਅਤੇ ਝਗੜਾਲੂ ਲੋਕ ਹੀ ਲਾਭ ਪ੍ਰਾਪਤ ਕਰ ਸਕਦੇ ਹਨ। ਉਪਰੋਕਤ ਰਾਏ ਨਾਲ ਮੈਲਕਮ ਪੂਰੀ ਸਹਿਮਤੀ ਪ੍ਰਗਟ ਕਰਦਾ

---

1. ਸਰ ਜਾਹਨ ਮੈਲਕਮ, *ਸਕੈਚ ਆਫ਼ ਦੀ ਸਿਖਸ*, ਸਫ਼ੇ 127-128
2. ਮਹਾਰਾਜਾ ਰਣਜੀਤ ਸਿੰਘ ਦੇ ਚਲਾਏ ਹੋਏ ਪੰਚਾਇਤੀ ਢੰਗ ਨੂੰ ਜਨਤਾ ਲਈ ਸਸਤਾ ਤੇ ਸੁਖਦਾਈ ਸਮਝ ਕੇ ਹਿੰਦ ਦੀ ਆਪਣੀ ਹਕੂਮਤ ਨੇ ਅੱਜ ਸਵਾ ਸੌ ਸਾਲਾਂ ਦੇ ਬਾਅਦ ਇਹ ਦੇਸ਼ ਵਿਚ ਸਥਾਪਤ ਕੀਤਾ ਹੈ।
3. ਮੈਲਕਮ, *ਮੈਮਾਇਰਜ਼ ਆਫ਼ ਸੈਂਟਰਲ ਇੰਡੀਆ*, ਜਿਲਦ 2, ਸਫ਼ੇ 426-432

WWW.SIKHBOOKCLUB.COM 

ਹੋਇਆ ਹੋਰ ਵਾਧਾ ਇਹ ਕਰਦਾ ਹੈ ਕਿ ਇਹ ਢੰਗ ਇੱਥੇ ਦੀ ਜਨਤਾ ਦੇ ਸੁਭਾਵਾਂ ਅਨੁਕੂਲ ਹੈ।[1]

ਇਸੇ ਤਰ੍ਹਾਂ ਸਿੱਖ ਇਤਿਹਾਸ ਦੇ ਪ੍ਰਸਿੱਧ ਇਤਿਹਾਸਕਾਰ ਕੈਪਟਨ ਕਨਿੰਘਮ ਖ਼ਾਲਸਾ ਰਾਜ ਵਿਚ ਮਾਲੀਏ ਦੀ ਨਰਮੀ ਤੇ ਨਿਆਂ ਦੇ ਸਾਦੇ ਤੇ ਸਸਤੇ ਢੰਗ ਦੀ ਬੜੀ ਸਲਾਘਾ ਕਰਦਾ ਹੈ। ਉਸ ਦੀ ਆਪਣੀ ਲਿਖਤ ਇਉਂ ਹੈ ਕਿ ਸਿੱਖ ਰਾਜ ਦੀ ਪਰਜਾ ਤੋਂ ਬੜਾ ਹਲਕਾ ਮਾਲੀਆ ਲਿਆ ਜਾਂਦਾ ਹੈ। ਕੋਈ ਮੁਕਾਮੀ ਕਰਮਚਾਰੀ ਇਹ ਹੀਆ ਨਹੀ ਕਰ ਸਕਦਾ ਕਿ ਉਹ ਪਰਜਾ ਪਰ ਕਰੜਾਈ ਜਾਂ ਵਧੀਕੀ ਕਰ ਸਕੇ ਅਤੇ ਜੇ ਕਦੇ ਉਹ ਗਲਤੀ ਕਰ ਬਹਿੰਦਾ ਹੈ, ਜਾਂ ਕਿਸੇ ਜ਼ਿਮੀਦਾਰ ਜਾਂ ਪਰਜਾ ਦੇ ਕਿਸੇ ਬੰਦੇ ਪਰ ਕੋਈ ਛੋਟੀ ਜਿਹੀ ਭੁਲ ਵੀ ਕਰ ਬੈਠਦਾ ਹੈ ਤਾਂ ਸ਼ਕੈਤ ਹੋਣ ਪਰ ਤੁਰੰਤ ਉਸ ਨੂੰ ਉੱਥੋਂ ਬਦਲ ਦਿੱਤਾ ਜਾਂਦਾ ਹੈ।[2] ਮਿਸਟਰ ਮੈਸਨ ਪ੍ਰਸਿੱਧ ਸੈਲਾਨੀ ਸੰਨ 1829 ਵਿਚ ਲਾਹੌਰ ਆਇਆ। ਉਸ ਨੇ ਖ਼ਾਲਸਾ ਰਾਜ ਦੇ ਸਾਰੇ ਰੰਗ ਢੰਗ ਆਪਣੀ ਅੱਖੀਂ ਵੇਖੇ। ਫ਼ੌਜੀ, ਮੁਲਕੀ ਤੇ ਨਿਆਂ ਪ੍ਰਬੰਧ ਵੇਖਣ ਦੇ ਉਪਰੰਤ ਉਹ ਲਿਖਦਾ ਹੈ ਕਿ ਖ਼ਾਲਸਾ ਰਾਜ ਦਾ ਮਾਲੀਆ ਬੜਾ ਨਰਮ ਹੈ, ਇੱਥੇ ਦੇ ਕਰਮਚਾਰੀ ਨਿਆਂਸ਼ੀਲ ਹਨ। ਇਹ ਤਰੀਕਾ ਨਾ ਕੇਵਲ ਮਧ ਪੰਜਾਬ ਵਿਚ ਪਰਚਲਤ ਹੈ ਸਗੋਂ ਇਹ ਨਰਮੀ ਮੁਲਤਾਨ ਅਤੇ ਡੇਰਾਜਾਤ ਵਿਚ ਵੀ ਵਰਤੀ ਜਾਂਦੀ ਹੈ।[3] ਸ਼ੇਰੇ-ਪੰਜਾਬ ਦਾ ਨਿਆਂ ਇੰਨੇ ਉੱਚੇ ਦਰਜੇ ਦਾ ਸੀ ਕਿ ਜਿਸ ਦੀ ਕੋਈ ਹੱਦ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਤਾਂ ਇਕ ਪਾਸੇ ਰਹਿਣ ਦੇਵੋ, ਉਸ ਤੇ ਸਿੱਖੇ ਹੋਏ ਉਸ ਦੇ ਗਵਰਨਰ ਤੇ ਹਾਕਮ ਇੰਨੇ ਨਿਆਂਸ਼ੀਲ ਸਨ ਕਿ ਜਿਸ ਦੀ ਉਦਾਹਰਨ ਬਹੁਤ ਘੱਟ ਮਿਲਦੀ ਹੈ। ਨਜ਼ੀਰ ਲਈ ਸਰ ਲੈਪਲ ਗ੍ਰਿਫ਼ਨ 'ਪੰਜਾਬ ਚੀਫਸ' ਵਿਚ ਲਿਖਦਾ ਹੈ ਕਿ ਦੀਵਾਨ ਸਾਵਣ ਮਲ ਗਵਰਨਰ ਮੁਲਤਾਨ ਦੇ ਕੋਲ ਇਕ ਜ਼ਿਮੀਦਾਰ ਫ਼ਰਿਆਦੀ ਆਇਆ ਤੇ ਕਹਿਣ ਲਗਾ ਕਿ ਆਪ ਦੇ ਸਰਦਾਰਾਂ ਵਿਚੋਂ ਇਕ ਨੇ ਮੇਰਾ ਖੇਤ ਆਪਣੇ ਘੋੜਿਆਂ ਨੂੰ ਚਰਾ ਲਿਆ ਹੈ ਅਤੇ ਮੈਨੂੰ ਕੁਝ ਭੀ ਮੁੱਲ ਨਹੀਂ ਦਿੱਤਾ। ਇਸ ਪਰ ਦੀਵਾਨ ਨੇ ਆਪਣੇ ਸਾਰੇ ਦਰਬਾਰੀ ਉਸ ਜ਼ਿਮੀਦਾਰ ਨੂੰ ਦੱਸੇ ਤਾਂ ਜ਼ਿਮੀਦਾਰ ਨੇ ਜਿਸ ਨੂੰ ਸਿੰਞਾਤਾ ਉਹ ਦੀਵਾਨ ਸਾਵਣ ਮੱਲ ਦਾ ਵੱਡਾ ਪੁੱਤਰ ਰਾਮ ਦਾਸ ਸੀ, ਜਿਸ ਨੂੰ ਦੀਵਾਨ ਨੇ ਉਸੇ ਵੇਲੇ ਕੈਦ ਦੀ ਸਜ਼ਾ ਦਿੱਤੀ। ਜਦ ਜ਼ਿਮੀਦਾਰ ਨੂੰ ਪਤਾ ਲਗਾ ਕਿ ਇਹ ਦੀਵਾਨ ਸਾਵਣ ਮੱਲ ਦਾ ਪੁੱਤਰ ਸੀ ਤਾਂ ਉਹ ਫੇਰ ਦੀਵਾਨ ਕੋਲ ਆਇਆ ਤੇ ਉਸ ਨੂੰ ਮਾਫ਼ ਕਰਾਣਾ ਚਾਹਿਆ, ਪਰ ਦੀਵਾਨ ਨੇ ਨਾ ਮੰਨਿਆ ਤੇ ਕਹਿਣ ਲੱਗਾ ਕਿ ਅਪਰਾਧ ਕਰਨ ਤੇ ਜਦ ਮੈਂ ਆਪਣੇ ਪੁੱਤਰ ਨੂੰ ਦੰਡ ਨਾ ਦਿਆਂ ਤਾਂ ਮੈਨੂੰ ਹੋਰ ਕਿਸੇ ਨੂੰ ਸਜ਼ਾ ਦੇਣ ਦਾ ਕੀ ਹੱਕ ਹੈ। ਇਹ ਕੈਦ ਰਾਮ ਦਾਸ ਨੂੰ ਭੁਗਤਣੀ ਪਈ। ਸ਼ੇਰੇ-ਪੰਜਾਬ ਨੂੰ ਜਦ ਆਪਣੇ ਗਵਰਨਰ ਸਾਵਣ ਮੱਲ ਦੇ ਇਸ ਨਿਆਂ ਦਾ ਪਤਾ ਲੱਗਾ ਤਾਂ ਉਸ ਪਰ ਬਹੁਤ ਹੀ ਪ੍ਰਸੰਨ ਹੋਏ ਤੇ ਉਸ ਨੂੰ ਹੋਰ ਇੱਜ਼ਤ ਤੇ ਜਾਗੀਰ ਬਖ਼ਸ਼ੀ।

---

1. *ਸਕੈੱਚ ਆਫ਼ ਦੀ ਸਿਖਸ*, ਸਫ਼ੇ 126-128
2. ਕਨਿੰਘਮ, *ਹਿਸਟਰੀ ਆਫ਼ ਦੀ ਸਿਖਸ*, ਸਫ਼ਾ 198
3. ਮੈਸਨ, *ਜਰਨੀ ਇਨ ਬਿਲੋਚਿਸਤਾਨ, ਅਫ਼ਗਾਨਿਸਤਾਨ ਐਂਡ ਪੰਜਾਬ*, ਜਿਲਦ 1, ਸਫ਼ੇ 30, 37, 398

## ਨਿਆਂ ਦੀ ਵਰਤੋਂ ਬਾਰੇ ਕੁਝ ਉਦਾਹਰਣ

ਹੁਕਮਾ ਸਿੰਘ ਚਿਮਨੀ ਸ਼ੇਰੇ-ਪੰਜਾਬ ਦੇ ਅਤਿ ਪਿਆਰੇ ਸਰਦਾਰਾਂ ਵਿਚੋਂ ਉਜਾਗਰ ਸਰਦਾਰ ਸੀ। ਇਸ ਦਾ ਸਰੀਰ ਖ਼ਾਲਸਾ ਰਾਜ ਦੀ ਉੱਨਤੀ ਲਈ ਸੇਵਾ ਕਰਦਿਆਂ ਛਾਨਣੀ ਵਾਂਗ ਫੱਟਾਂ ਨਾਲ ਭਰਿਆ ਪਿਆ ਸੀ। ਇਹ ਇਤਨਾ ਪ੍ਰਸਿੱਧ ਪ੍ਰਬੰਧਕ ਸੀ ਕਿ ਸ਼ਾਹਜ਼ਾਦਾ ਖੜਕ ਸਿੰਘ ਦੇ ਵਿਆਹ ਸਮੇਂ ਸਾਰਾ ਪ੍ਰਬੰਧ ਇਸ ਨੇ ਕੀਤਾ ਸੀ ਅਤੇ ਇਸ ਮਹਾਨ ਕਾਰਜ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਸੀ। ਜੇ ਇੱਥੇ ਆਪ ਦੀਆਂ ਸਾਰੀਆਂ ਕੁਰਬਾਨੀਆਂ ਲਿਖੀਆਂ ਜਾਣ, ਜੋ ਉਸ ਨੇ ਖ਼ਾਲਸਾ ਰਾਜ ਲਈ ਕੀਤੀਆਂ ਸਨ ਤਾਂ ਲਿਖਤ ਦੇ ਲੰਮੇ ਹੋ ਜਾਣ ਦਾ ਡਰ ਹੈ। ਇੰਨਾ ਉੱਚਾ ਮਰਤਬਾ ਰਖਦੇ ਹੋਏ ਵੀ ਉਸ ਪਾਸੋਂ ਨਿਆਂ ਦੇ ਉਲਟ ਇਕ ਭੁੱਲ ਹੋਈ ਜਿਸ ਦੇ ਬਦਲੇ ਉਸ ਨੂੰ ਸਰਕਾਰ ਵੱਲੋਂ ਬੜੀ ਕਰੜੀ ਸਜਾ ਭੁਗਤਣੀ ਪਈ। ਘਟਨਾ ਇਹ ਸੀ। ਹਜ਼ਾਰੇ ਵਿਚ ਜਿਨ੍ਹਾਂ ਖਰੂਦੀਆਂ ਨੇ ਸੰਨ 1819 ਵਿਚ ਸਰਦਾਰ ਮੱਖਣ ਸਿੰਘ ਦੇ ਡੇਰੇ ਪਰ ਛਾਪੇਮਾਰ ਕੇ ਸਰਦਾਰ ਮੱਖਣ ਸਿੰਘ ਦੀ ਹੱਤਿਆ ਕੀਤੀ ਸੀ, ਸਰਦਾਰ ਹੁਕਮਾ ਸਿੰਘ ਚਿਮਨੀ ਨੇ ਉਨ੍ਹਾਂ ਖਰੂਦੀਆਂ ਦੇ ਪਿੰਡਾਂ ਨੂੰ ਘੇਰ ਲਿਆ ਤੇ ਯੋਗ ਦੰਡ ਦਿੱਤਾ। ਵਧੇਰੀ ਪੁੱਛ-ਗਿਛ ਤੋਂ ਪਤਾ ਲੱਗਾ ਕਿ ਇਸ ਸਾਰੇ ਰਾਮਰੌਲੇ ਦਾ ਬਾਨੀ ਸੈਦ ਖ਼ਾਨ ਨੰਬਰਦਾਰ ਕੋਟ ਹਸਨ ਅਲੀਵਾਲਾ ਸੀ। ਇਸੇ ਦਿਨ ਸਰਦਾਰ ਹੁਕਮਾ ਸਿੰਘ ਨੇ ਕੋਟ ਪਰ ਧਾਵਾ ਕਰ ਕੇ ਸੈਦ ਖ਼ਾਨ ਨੂੰ ਫੜ ਲਿਆ। ਇਸ ਦੇ ਬਾਅਦ ਸਰਦਾਰ ਚਿਮਨੀ ਨੇ ਇਲਾਕੇ ਵਿਚ ਮਨਾਦੀ ਕਰਵਾ ਕੇ ਇਸ ਦੇ ਮੁਖੀਆਂ ਅਤੇ ਆਮ ਲੋਕਾਂ ਦੇ ਸਾਹਮਣੇ ਇਕ ਖੁਲ੍ਹੇ ਮੈਦਾਨ ਵਿਚ ਸੈਦ ਖ਼ਾਨ ਨੂੰ ਫਾਂਸੀ ਪਰ ਲਟਕਾ ਦਿੱਤਾ ਤਾਂ ਜੋ ਅੱਗੇ ਨੂੰ ਕੋਈ ਇਹੋ ਜਿਹਾ ਵਿਸਾਹਘਾਤ ਕਰਨ ਦਾ ਅਪਰਾਧ ਨਾ ਕਰੇ।

ਜਿਹਾ ਕਿ ਹਰ ਕੋਈ ਜਾਣਦਾ ਹੈ, ਸ਼ੇਰੇ-ਪੰਜਾਬ ਦਾ ਦਰਬਾਰ ਫਰਿਆਦੀਆਂ ਲਈ ਸਦਾ ਖੁਲ੍ਹਾ ਰਹਿੰਦਾ ਸੀ। ਸੈਦ ਖ਼ਾਨ ਦੇ ਸਬੰਧੀ ਮਹਾਰਾਜਾ ਦੀ ਹਜ਼ੂਰੀ ਵਿਚ ਪਹੁੰਚੇ। ਇਹ ਕੁਰਾਨ ਸ਼ਰੀਫ਼ ਆਪਣੇ ਨਾਲ ਲੈਕੇ ਆਏ ਸਨ। ਇਨ੍ਹਾਂ ਇਸ ਪਰ ਸੁਗੰਧ ਖਾ ਕੇ ਮਹਾਰਾਜਾ ਨੂੰ ਯਕੀਨ ਦਿਵਾ ਦਿੱਤਾ ਕਿ ਸਰਦਾਰ ਹੁਕਮਾ ਸਿੰਘ ਨੇ ਬਿਨਾ ਪੂਰੀ ਖੋਜ-ਪੜਤਾਲ ਦੇ ਸੈਦ ਖ਼ਾਨ ਨੂੰ ਆਪਣੀ ਜ਼ਾਤੀ ਰੰਜਸ਼ ਦੇ ਕਾਰਨ ਫਾਹੇ ਲਵਾ ਦਿੱਤਾ ਸੀ। ਇਸ ਪਰ ਸ਼ੇਰੇ-ਪੰਜਾਬ ਨੇ ਸਰਦਾਰ ਹੁਕਮਾ ਸਿੰਘ ਤੋਂ ਜਵਾਬ ਮੰਗਿਆ। ਸਰਦਾਰ ਨੇ ਸਾਰੀ ਹਕੀਕਤ ਲਿਖ ਕੇ ਭੇਜੀ ਪਰ ਸੈਦ ਖ਼ਾਨ ਦੇ ਸਬੰਧੀਆਂ ਦੇ ਕੀਰਨਿਆਂ ਦੇ ਕਾਰਨ ਅਤੇ ਇਸ ਕਰਕੇ ਕਿ ਇੰਨੀ ਕਾਹਲੀ ਵਿਚ ਕਿਸੇ ਨੂੰ ਫਾਂਸੀ ਦੀ ਸਜ਼ਾ ਦੇਣੀ ਨਿਆਂ ਦੇ ਵਿਰੁੱਧ ਹੈ, ਮਹਾਰਾਜਾ ਨੇ 125000 ਰੁਪਿਆ ਚਿਮਨੀ ਸਰਦਾਰ ਦੀ ਜਗੀਰ ਵਿਚੋਂ ਕੱਟ ਕੇ 'ਖ਼ੂਨ-ਬਹਾ' ਦੇ ਤੌਰ ਪਰ ਸੈਦ ਖ਼ਾਨ ਦੇ ਸਬੰਧੀਆਂ ਨੂੰ ਦਿਵਾ ਦਿੱਤਾ।

ਇਕ ਹੋਰ ਉਦਾਹਰਨ ਜਰਨਲ ਅਬੂਤਬੇਲਾ ਸਰਹੱਦੀ ਸੂਬੇ ਦੇ ਗਵਰਨਰ ਬਾਰੇ ਹੈ। ਇਸ ਇਲਾਕੇ ਦੇ ਵਸਨੀਕ ਬੜੇ ਸੀਨਾ-ਜ਼ੋਰ ਹੁੰਦੇ ਸਨ। ਗਵਰਨਰ ਨੇ ਆਪਣੀ ਸਮਝ ਅਨੁਸਾਰ ਥੋੜ੍ਹੇ ਦਿਨਾਂ ਵਿਚ ਕਈ ਆਦਮੀਆਂ ਨੂੰ ਫ਼ਾਂਸੀ ਦੀਆਂ ਸਜ਼ਾਵਾਂ ਦੇ ਦਿੱਤੀਆਂ। ਮਹਾਰਾਜਾ ਰਣਜੀਤ ਸਿੰਘ ਨੂੰ ਜਦ ਅਬੂਤਬੇਲਾ ਦੀ ਕਾਰਗੁਜ਼ਾਰੀ ਦੀ ਰਿਪੋਰਟ ਪੁੱਜੀ ਤਾਂ ਆਪ ਨੇ ਇਕ ਜ਼ਰੂਰੀ ਫ਼ਰਮਾਨ ਦੁਆਰਾ ਉਸ ਤੋਂ ਮੌਤ ਦੀ ਸਜ਼ਾ ਦੇਣ ਦੇ ਅਧਿਕਾਰ ਖੋਹ ਲਏ ਅਤੇ ਹੁਕਮ

ਦਿੱਤਾ ਕਿ ਅੱਗੇ ਨੂੰ ਸੰਗੀਨ ਜ਼ੁਰਮ ਦੇ ਮੁਕੱਦਮੇ ਉਹ ਇਕੱਲਾ ਨਾ ਸੁਣਿਆ ਕਰੇ ਸਗੋਂ ਆਪਣੇ ਨਾਲ ਸਲਾਹਕਾਰ ਕੌਂਸਲ ਮਿਲਾ ਕੇ ਫ਼ੈਸਲੇ ਦਿੱਤੇ ਜਾਇਆ ਕਰਨ। ਇਸ ਸਾਰੇ ਨਿਆਂ ਬਾਰੇ ਅੱਖੀਂ ਡਿੱਠੀ ਗਵਾਹੀ ਸਰ ਹੇਨਰੀ ਡਾਰਵਨ ਦੀ ਹੈ ਜੋ ਲਿਖਦਾ ਹੈ : "ਮੈਂ ਅੱਜ ਅਬੂਤਬੇਲਾ ਨੂੰ ਪਿਸ਼ਾਵਰ ਵਿਚ ਮਿਲਣ ਗਿਆ ਤਾਂ ਉਹ ਉਸ ਸਮੇਂ, ਕੌਂਸਲ ਨਾਲ ਮਿਲ ਕੇ ਮੁਕੱਦਮਾ ਸੁਣ ਰਿਹਾ ਸੀ। ਇਸ ਕੌਂਸਲ ਵਿਚ ਦੋ ਸਿੱਖ, ਦੋ ਮੁਸਲਮਾਨ ਅਤੇ ਦੋ ਹਿੰਦੂ ਸ਼ਾਮਿਲ ਸਨ।"[1]

ਗਵਰਨਰ ਪਿਸ਼ਾਵਰ ਦੇ ਅਧਿਕਾਰ ਘਟਾਉਣ ਦੇ ਨਾਲ ਹੀ ਜਿਹਾ ਕਿ ਜਾਕਮਾਂ ਬਾਰੇ ਪਾਠਕ ਪਿੱਛੇ ਪੜ੍ਹ ਆਏ ਹਨ ਕਿ ਇਹ ਫ਼ਰਾਂਸ ਦਾ ਪ੍ਰਸਿੱਧ ਵਿਦਵਾਨ ਖ਼ਾਲਸਾ ਰਾਜ ਸਮੇਂ ਸੰਨ 1831 ਨੂੰ ਪੰਜਾਬ ਆਇਆ ਸੀ, ਉਸ ਨੇ ਇੱਥੋਂ ਦੀ ਹਕੂਮਤ ਦੇ ਤਰੀਕੇ ਨੂੰ ਵੇਖਿਆ ਤੇ ਆਪਣੇ ਖ਼ਤਾਂ ਵਿਚ ਬਹੁਤ ਕੁਝ ਲਿਖਿਆ। ਉਸ ਨੇ ਇੱਥੋਂ ਦੀਆਂ ਅਦਾਲਤਾਂ ਵਿਚ ਨਿਆਂ ਦੀ ਵਰਤੋਂ ਬਾਰੇ ਆਪਣੀ ਲਿਖਤ ਵਿਚ ਕੁਝ ਉਦਾਹਰਨਾਂ ਦਿੱਤੀਆਂ ਹਨ :

1. ਇੱਥੇ ਦੇ ਇਕ ਅਦਾਲਤ ਦੇ ਸਾਹਮਣੇ ਇਕ ਫ਼ਰਿਆਦੀ ਨੇ ਆ ਕੇ ਫ਼ਰਿਆਦ ਕੀਤੀ ਕਿ ਉਸ ਦੇ ਗਵਾਂਢੀ ਨੇ ਆਪਣੇ ਘਰ ਦੀ ਛੱਤ ਪਰ ਦੂਜੀ ਛੱਤ ਬਿਨਾ ਮੇਰੀ ਮਰਜ਼ੀ ਦੇ ਉਸਾਰ ਲਈ ਹੈ ਅਤੇ ਮੇਰੇ ਘਰ ਦੇ ਪਾਸੇ ਬਾਰੀਆਂ ਰਖ ਲਈਆਂ ਹਨ ਜਿਨ੍ਹਾਂ ਨਾਲ ਮੇਰੀ ਬੇ-ਪੜਦੀ ਹੁੰਦੀ ਹੈ। ਹਾਕਮ ਨੇ ਜਾ ਕੇ ਮੌਕਾ ਡਿੱਠਾ ਅਤੇ ਜਿਹੜੀਆਂ ਬਾਰੀਆਂ ਬਾਰੇ ਸ਼ਕਾਇਤ ਸੀ ਉਹ ਬੰਦ ਕਰਵਾ ਦਿੱਤੀਆਂ।[2]
2. ਇਕ ਹੋਰ ਗਰੀਬ ਆਦਮੀ ਨੇ ਆ ਕੇ ਫ਼ਰਿਆਦ ਕੀਤੀ ਕਿ ਸ਼ਹਿਰ ਦੇ ਇਕ ਵਸਨੀਕ ਨੇ ਆਪਣੀ ਕੰਨਿਆ ਦਾ ਨਾਤਾ ਮੇਰੇ ਪੁੱਤਰ ਨਾਲ ਕਰਨ ਦਾ ਬਚਨ ਕੀਤਾ ਸੀ ਪਰ ਹੁਣ ਉਹ ਬਿਨਾ ਕਿਸੇ ਕਾਰਨ ਦੇ ਪੂਰਾ ਕਰਨ ਤੋਂ ਇਨਕਾਰੀ ਹੈ। ਕਾਰਦਾਰ ਨੇ ਉਨ੍ਹਾਂ ਦੇ ਕੌਮੀ ਰਿਵਾਜ ਅਨੁਸਾਰ ਫ਼ੈਸਲਾ ਕਰ ਦਿੱਤਾ।
3. ਇਕ ਬ੍ਰਾਹਮਣ ਆਇਆ ਤੇ ਉਸ ਨੇ ਆਪਣੇ ਗਵਾਂਢੀ ਮੁਲਾਂ ਬਾਰੇ ਸ਼ਕਾਇਤ ਕੀਤੀ ਕਿ ਇਹ ਬੜੀ ਉੱਚੀ ਆਵਾਜ਼ ਨਾਲ ਸਵੇਰੇ ਤੇ ਸ਼ਾਮੀਂ ਬਾਂਗ ਦਿੰਦਾ ਹੈ। ਇਹ ਸਮਾਂ ਉਸ ਦੀ ਪੂਜਾ ਪਾਠ ਦਾ ਹੁੰਦਾ ਹੈ, ਇਸ ਤਰ੍ਹਾਂ ਪੂਜਾ ਕਰਨ ਵਿਚ ਵਿਘਨ ਪੈਂਦਾ ਹੈ। ਮੁਲਾਂ ਨੂੰ ਬੁਲਾ ਕੇ ਪੁੱਛਿਆ ਗਿਆ ਤਾਂ ਉਸ ਨੇ ਉੱਤਰ ਦਿੱਤਾ ਕਿ ਬ੍ਰਾਹਮਣ ਟੱਲੀਆਂ ਦੀ ਟੁਣਕਾਰ ਨਾਲ ਨਿਮਾਜ਼ ਸਮੇਂ ਰੌਲਾ ਪਾਉਂਦਾ ਰਹਿੰਦਾ ਹੈ। ਇਸ ਦਾ ਫ਼ੈਸਲਾ ਅਦਾਲਤ ਨੇ ਇਹ ਦਿੱਤਾ ਕਿ ਨਿਮਾਜ਼ ਤੇ ਪੂਜਾ ਦਾ ਸਮਾਂ ਥੋੜ੍ਹਾ ਜਿਹਾ ਅੱਗੇ-ਪਿੱਛੇ ਕਰ ਲਿਆ ਜਾਵੇ।

ਜਿਹਾ ਕਿ ਪਾਠਕ ਪੜ੍ਹ ਆਏ ਹਨ ਕਿ ਮਹਾਰਾਜਾ ਦਾ ਦਰਬਾਰ ਪਰਜਾ ਦੀਆਂ ਫ਼ਰਿਆਦਾਂ ਸੁਣਨ ਲਈ ਸਦਾ ਖੁੱਲ੍ਹਾ ਰਹਿੰਦਾ ਸੀ, ਇਕ ਵਾਰੀ ਇਕ ਵਿਅਕਤੀ ਭਾਈ ਰਾਮ ਚੰਦ ਨੇ ਫ਼ਰਿਆਦ ਕੀਤੀ ਕਿ ਉਸ ਦਾ ਘਰ ਪਿਸ਼ਾਵਰ ਵਿਚ ਗੋਰਖੜੀ ਦੇ ਲਾਗੇ ਸੀ ਤੇ ਉਹ ਅਬੂਤਬੇਲਾ

1 *ਲਾਈਫ਼ ਆਫ ਸਰ ਹੈਨਰੀ ਡਾਰਵਨ*, ਸਫ਼ਾ 63

2 ਜਾਕੋਮਾਂ, *ਲੈਟਰਜ਼*, ਭਾਗ 3-4, ਸਫ਼ਾ 8, ਗੈਰਟ, *ਪੰਜਾਬ ਹੰਡਰਡ ਯੀਅਰਜ਼ ਐਗੋ*

ਨੇ ਢਾਹ ਕੇ ਆਪਣੇ ਕੰਮ ਵਿਚ ਲੈ ਆਂਦਾ ਹੈ। ਮਹਾਰਾਜੇ ਨੇ ਉਸੇ ਵਕਤ ਪੁਛ ਪੜਤਾਲ ਆਰੰਭ ਦਿੱਤੀ ਜਿਸ ਵਿਚ ਫਰਿਆਦੀ ਦਾ ਕਹਿਣਾ ਠੀਕ ਸਿੱਧ ਹੋਇਆ। ਮਹਾਰਾਜੇ ਨੇ ਹੁਕਮ ਦਿੱਤਾ ਕਿ ਭਾਈ ਰਾਮ ਚੰਦ ਫਰਿਆਦੀ ਦਾ ਘਰ ਉਸ ਥਾਂ ਪਰ ਮੁੜ ਉਸਾਰ ਕੇ ਉਸ ਦੇ ਹਵਾਲੇ ਕੀਤਾ ਜਾਵੇ ਅਤੇ ਉਸ ਦੀ ਉਸਾਰੀ ਉੱਪਰ ਜੋ ਖਰਚ ਲਗੇ ਉਹ ਅਬੂਤਬੇਲਾ ਦੀ ਤਲਬ ਵਿਚੋਂ ਕਟ ਲਿਆ ਜਾਵੇ। ਸੋ ਇਸੇ ਤਰ੍ਹਾਂ ਕੀਤਾ ਗਿਆ।[1]

## ਅਦਾਲਤਾਂ ਅਤੇ ਪੰਚਾਇਤਾਂ ਲਈ ਕਾਨੂੰਨ[2]

ਅਦਾਲਤਾਂ ਅਤੇ ਪੰਚਾਇਤਾਂ ਨੂੰ ਝਗੜਿਆਂ ਦੇ ਨਿਪਟਾਉਣ ਸਮੇਂ ਹੇਠ ਲਿਖੇ ਰਵਾਜੀ ਕਾਨੂੰਨ ਦੀ ਰੋਸ਼ਨੀ ਵਿਚ ਫ਼ੈਸਲੇ ਕਰਨੇ ਹੁੰਦੇ ਸਨ। ਇਸ ਕਾਨੂੰਨ ਦੀਆਂ ਕੁਝ ਉਦਾਹਰਣਾਂ ਇਸ ਪ੍ਰਕਾਰ ਹਨ :

1. ਮਝੈਲ ਸਿੱਖਾਂ ਵਿਚ ਚਲ ਅਤੇ ਅਚਲ ਜਾਇਦਾਦ ਬਾਰੇ ਭਾਈਬੰਦ ਅਤੇ ਚੂੰਡਾਵੰਡ ਦਾ ਢੰਗ ਪ੍ਰਚਲਤ ਸੀ। ਭਾਈ ਬੰਦ ਰਿਵਾਜ ਵਿਚ ਜਾਇਦਾਦ ਭਾਈਆਂ ਵਿਚ ਬਰਾਬਰ-ਬਰਾਬਰ ਵੰਡੀ ਜਾਂਦੀ ਸੀ। ਪਰ ਵੱਡਾ ਪੁੱਤ ਜਿਹੜਾ ਮੁੱਖ ਸਰਦਾਰ ਗਿਣਿਆ ਜਾਂਦਾ ਸੀ, ਉਸ ਨੂੰ ਦੂਜੇ ਭਾਈਆਂ ਨਾਲੋਂ ਸਰਦਾਰੀ ਦੇ ਭਾਗ ਵੱਜੋਂ ਕੁਝ ਵੱਧ ਹਿੱਸਾ ਦਿੱਤਾ ਜਾਂਦਾ ਸੀ। ਚੂੰਡਾਵੰਡ ਦਾ ਭਾਵ ਇਹ ਹੈ ਕਿ ਸਮਾਨ ਵੰਡ ਵਿਚ ਪੁੱਤਰਾਂ ਦੇ ਨਾਲ ਧੀਆਂ ਨੂੰ ਵੀ ਉਨ੍ਹਾਂ ਦੀ ਪ੍ਰਤਿਪਾਲਣਾ ਲਈ ਪੂਰਾ ਹਿੱਸਾ ਮਿਲਦਾ ਸੀ।
2. ਜੇ ਕਦੇ ਕੋਈ ਮਝੈਲ ਸਿੱਖ ਬਿਨਾ ਸੰਤਾਨ ਕਾਲਵਸ ਹੋ ਜਾਵੇ ਤਾਂ ਉਸ ਦੇ ਭਾਈ ਭਤੀਜੇ ਸਮਾਨ ਅਤੇ ਸਰਦਾਰੀ ਦੀ ਗੱਦੀ ਦੇ ਵਾਰਸ ਮੰਨੇ ਜਾਂਦੇ ਸਨ।
3. ਉਸ ਸਮੇਂ ਸਿੱਖਾਂ ਵਿਚ ਇਹ ਰਸਮ ਵੀ ਪ੍ਰਚਲਤ ਸੀ ਕਿ ਜੇ ਕਿਸੇ ਇਸਤਰੀ ਦਾ ਪਤੀ ਚਲਾਣਾ ਕਰ ਜਾਵੇ ਤਾਂ ਉਸ ਦੇ ਜੇਠ ਜਾਂ ਦੇਵਰ ਦਾ ਆਪਣੀ ਭਰਜਾਈ ਨਾਲ ਪੁਨਰ-ਵਿਆਹ ਜਾਇਜ਼ ਮੰਨਿਆ ਜਾਂਦਾ ਸੀ। ਇਸ ਰਸਮ ਨਾਲ ਘਰ ਦਾ ਪਰਦਾ ਘਰ ਵਿਚ ਹੀ ਢਕਿਆ ਜਾਂਦਾ ਸੀ।
4. ਮਾਝੇ ਦੇ ਸਿੱਖਾਂ ਵਿਚ ਕੋਈ ਬੇ-ਉਲਾਦਾ ਮਰ ਜਾਵੇ ਅਤੇ ਉਸ ਦੇ ਭਰਾ ਅਤੇ ਭਤੀਜੇ ਵੀ ਕੋਈ ਨਾ ਹੋਣ ਤਾਂ ਉਸ ਦੀ ਸਾਰੀ ਜਾਇਦਾਦ ਚਲ ਅਤੇ ਅਚਲ ਦੀ ਵਾਰਸ ਉਸ ਦੀ ਇਸਤਰੀ ਮੰਨੀ ਜਾਂਦੀ ਸੀ।
5. ਸਿੱਖਾਂ ਵਿਚ ਕਿਸੇ ਵਿਧਵਾ ਦੀ ਆਪਣੀ ਸੰਤਾਨ ਨਾ ਹੋਣ ਦੇ ਕਾਰਨ ਕਿਸੇ ਹੋਰ ਮੁੰਡੇ ਨੂੰ ਗੋਦੀ ਨਹੀਂ ਸੀ ਪਾ ਸਕਦੀ ਅਤੇ ਨਾ ਹੀ ਉਸ ਨੂੰ ਗੱਦੀ ਤੇ ਜਾਇਦਾਦ ਆਦਿ ਸੌਂਪ ਸਕਦੀ ਸੀ।
6. ਮਲਵਈਆਂ ਵਿਚ ਵੱਡਾ ਪੁੱਤਰ ਪਿਤਾ ਦੀ ਸਾਰੀ ਜਾਇਦਾਦ ਦਾ ਵਾਰਸ ਮੰਨਿਆ

---

1. ਪੰਜਾਬ ਅਖ਼ਬਾਰ, 10 ਮਾਰਚ, 1839-ਸਿਨ੍ਹਾ, ਰਣਜੀਤ ਸਿੰਘ, ਸਫ਼ਾ 144
2. ਪੰਡਤ ਦੇਬੀ ਪ੍ਰਸ਼ਾਦ, ਗੁਲਸ਼ਨੇ ਪੰਜਾਬ, ਸਫ਼ੇ 165-169

ਜਾਂਦਾ ਸੀ ਅਤੇ ਬਾਕੀ ਪੁੱਤਰਾਂ ਨੂੰ ਉਨ੍ਹਾਂ ਦੀ ਪ੍ਰਤਿਪਾਲਣਾ ਲਈ ਯੋਗ ਗੁਜ਼ਾਰਾ ਦਿੱਤਾ ਜਾਂਦਾ ਸੀ।

7. ਹੱਦ ਬੰਨਿਆਂ ਦੇ ਝਗੜੇ ਪੰਚਾਇਤਾਂ ਰਾਹੀਂ ਮੁਕਾਏ ਜਾਂਦੇ ਸਨ।
8. ਜਾਇਦਾਦ ਦੀ ਹੱਦਬੰਦੀ ਬਾਰੇ ਝਗੜੇ ਵਿਚ ਲੜਾਈ ਹੋ ਪੈਣ ਦੀ ਸੂਰਤ ਵਿਚ ਜੇ ਕਿਸੇ ਧਿਰ ਦਾ ਕੋਈ ਬੰਦਾ ਮਾਰਿਆ ਜਾਵੇ ਤਾਂ ਹਤਿਆਰਾ ਆਪਣੀ ਕੰਨਿਆ ਜਾਂ ਭੈਣ ਦਾ ਵਿਆਹ ਮਾਰੇ ਜਾਣ ਵਾਲੇ ਦੇ ਕਿਸੇ ਸੰਬੰਧੀ ਨਾਲ ਕਰਦਾ ਸੀ ਨਹੀਂ ਤਾਂ 125 ਵਿਘੇ ਜ਼ਮੀਨ ਉਸ ਦੇ ਵਾਰਸਾਂ ਨੂੰ ਦੇਣਾ ਜ਼ਰੂਰੀ ਸੀ।
9. ਕਿਸੇ ਕਠੇ ਜਾਂ ਨਹਿਰ ਦੇ ਪਾਣੀ ਨੂੰ ਆਪਣੇ ਹੱਕ ਤੋਂ ਵਧੇਰਾ ਪ੍ਰਾਪਤ ਕਰਨ ਲਈ ਕਠੇ ਵਿਚ ਬੰਨ੍ਹ ਮਾਰ ਕੇ ਹੋਰਾਂ ਨੂੰ ਆਪਣੇ ਹੱਕ ਤੋਂ ਵਾਂਝਾ ਰਖਣਾ ਅਪਰਾਧ ਮੰਨਿਆ ਜਾਂਦਾ ਸੀ ਅਤੇ ਇਸ ਤਰ੍ਹਾਂ ਦੇ ਅਪਰਾਧ ਬਦਲੇ ਪੰਚਾਇਤ ਦੋਸ਼ੀ ਨੂੰ ਜੁਰਮਾਨਾ ਲਾਉਂਦੀ ਸੀ ਜੋ 20 ਤੋਂ 50 ਰੁਪਏ ਤਕ ਹੁੰਦਾ ਸੀ।
10. ਇਹ ਮਰਯਾਦਾ ਵੀ ਚਾਲੂ ਸੀ ਕਿ ਵਿਆਹ ਤੋਂ ਪਹਿਲਾਂ ਮੰਗਣੀ ਹੁੰਦੀ ਸੀ। ਕਈ ਵਾਰ ਮੁੰਡੇ ਜਾਂ ਕੰਨਿਆ ਨੂੰ ਕੋਈ ਦੀਰਘ ਰੋਗ ਲਗ ਜਾਣ ਦੇ ਕਾਰਨ ਜਾਂ ਕਿਸੇ ਹੋਰ ਸਭਿਆਚਾਰੀ ਅਵਗੁਣ ਦੇ ਪ੍ਰਗਟ ਹੋਣ ਪਰ ਪੋਤਾ ਪੁੱਤਰੇਤਾ ਦੋਵਾਂ ਨੂੰ ਹੱਕ ਹੁੰਦਾ ਸੀ ਕਿ ਮੰਗਣੀ ਤੋੜ ਦੇਣ।
11. ਜੇ ਕਦੇ ਕੋਈ ਦੇਣਦਾਰ ਕਿਸੇ ਦਾ ਕਰਜ਼ਾ ਤਾਰਨ ਤੋਂ ਬਿਨਾ ਕਿਸੇ ਦੂਜੇ ਸਰਦਾਰ ਦੇ ਇਲਾਕੇ ਵਿਚ ਭਜ ਜਾਂਦਾ ਸੀ ਤਾਂ ਲੈਣਦਾਰ ਪੰਚਾਇਤ ਦੇ ਹੁਕਮ ਨਾਲ ਆਪਣੇ ਦੇਣਦਾਰ ਦੀ ਮੰਗ ਕਰ ਸਕਦਾ ਸੀ ਤੇ ਦੇਣਦਾਰ ਨੂੰ ਲੈਣਦਾਰ ਦੇ ਹਵਾਲੇ ਕਰਨ ਤੋਂ ਪਹਿਲਾ ਉਸ ਦੀ ਜਾਨ ਦੀ ਰੱਖਿਆ ਦੀ ਜ਼ਿੰਮੇਵਾਰੀ ਉਸ ਤੇ ਲਈ ਜਾਂਦੀ ਸੀ।
12. ਪੰਚ ਜਿਹੜੇ ਜਨਤਾ ਦੇ ਝਗੜੇ ਚੁਕਾਉਂਦੇ ਸਨ, ਉਨ੍ਹਾਂ ਦੀ ਪ੍ਰਤਿਪਾਲਣਾ ਲਈ ਹਰ ਪਰਗਨੇ ਤੇ ਤਅਲਕੇ ਵਿਚ ਹਕੂਮਤ ਵੱਲੋਂ ਮਾਫੀ ਜ਼ਮੀਨਾਂ ਮਿਲੀਆਂ ਹੁੰਦੀਆਂ ਸਨ। ਸਰਕਾਰ ਮਾਲੀਆ ਆਦਿ ਉਗਰਾਹੁਣ ਵਾਲੇ ਨੰਬਰਦਾਰ ਨੂੰ ਵੀ ਚੋਖੀ ਰਕਮ ਇਸ ਸੇਵਾ ਦੇ ਬਦਲੇ ਦਿੰਦੀ ਸੀ।
13. ਦੁਧ ਘਿਉ ਦੇ ਵਾਧੇ ਅਤੇ ਖੇਤੀਬਾੜੀ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਖਾਲਸਾ ਰਾਜ ਵਿਚ ਗਊ-ਹੱਤਿਆ ਬੰਦ ਸੀ। ਇਸ ਬਾਰੇ ਮਹਾਰਾਜਾ ਸਾਹਿਬ ਆਪਣੇ ਸਾਰੇ ਬਦੇਸ਼ੀ ਕਾਰਿੰਦਿਆਂ ਤੋਂ ਲਿਖਤੀ ਇਕਰਾਰ ਲੈਂਦੇ ਸਨ।

## ਖ਼ਾਲਸਾ ਰਾਜ ਦਾ ਦਫ਼ਤਰੀ ਪ੍ਰਬੰਧ

ਖ਼ਾਲਸਾ ਰਾਜ ਦਾ ਮੁਲਕੀ ਪ੍ਰਬੰਧ ਪਹਿਲਾਂ ਪਹਿਲ ਹੇਠ ਲਿਖੇ ਭਾਗਾਂ ਵਿਚ ਵੰਡਿਆ ਹੋਇਆ ਸੀ

1. ਦਫਤਰੇ ਅਬਵਾਬ-ਉਲ-ਮਾਲ

2. ਦਫ਼ਤਰੇ ਅਬਵਾਬ-ਉਲ-ਤਾਹਵੀਲਾਤ
3. ਦਫ਼ਤਰੇ ਤੌਜੀਹਾਤ
4. ਦਫ਼ਤਰੇ ਮਵਾਜਬ
5. ਦਫ਼ਤਰੇ ਰੋਜ਼ਨਾਮਚਾ-ਏ-ਅਖ਼ਰਾਜਾਤ

ਪਿੱਛੇ ਜਾ ਕੇ ਇਹ ਦਫ਼ਤਰ 12 ਤਕ ਪਹੁੰਚ ਗਏ ਸਨ।

## 1. ਦਫ਼ਤਰੇ ਅਬਵਾਬ-ਉਲ-ਮਾਲ

ਇਹ ਭਾਗ ਜੁਮਲਾ ਰਾਜ ਦੇ ਸਾਰ ਮਾਲੀਏ ਦੀ ਆਮਦਨ ਬਾਰੇ ਸੀ। ਇਸ ਨੂੰ ਹੇਠ ਲਿਖੇ ਛੋਟੇ-ਛੋਟੇ ਭਾਗਾਂ ਵਿਚ ਵੰਡਿਆ ਗਿਆ ਸੀ :

(ੳ) ਹਿਸਾਬ ਜਮ੍ਹਾਂ ਖਰਚ-ਏ-ਤਅਲਕਾਤ, (ਅ) ਸਾਏਰਾਤ। (ੳ) ਵਿਚ ਜ਼ਮੀਨ ਦਾ ਮਾਲੀਆ ਸੀ ਅਤੇ (ਅ) ਵਿਚ ਹੋਰ ਤਰ੍ਹਾਂ ਦੀ ਆਮਦਨੀ ਸ਼ਾਮਲ ਸੀ, ਜਿਵੇਂ ਕਿ ਨਜ਼ਰਾਨਾ, ਜ਼ਬਤੀਆਂ, ਆਬਕਾਰੀ, ਰਜਿਸਟਰੀਆਂ ਦੀ ਆਮਦਨ ਅਤੇ ਚੌਕੀਆਂ ਦਾ ਮਸੂਲ ਆਦਿ।

**ਨਜ਼ਰਾਨਾ** ਇਹ ਉਹ ਆਮਦਨ ਸੀ ਜਿਹੜੀ ਬਾਜਗੁਜ਼ਾਰੀ ਦੇ ਤੌਰ ਪਰ ਛੋਟੇ ਤੇ ਮਾਤਹਿਤ ਰਈਸ ਹਰ ਸਾਲ ਮਹਾਰਾਜਾ ਦੀ ਭੇਟ ਕਰਦੇ ਸਨ।

**ਜ਼ਬਤੀ** : ਇਸ ਮਦ ਵਿਚ ਚੋਖੀ ਆਮਦਨ ਹੁੰਦੀ ਸੀ। ਕਿਸੇ ਅਪਰਾਧ ਦੇ ਬਦਲੇ ਕਿਸੇ ਦੀ ਜਾਗੀਰ ਜਾਂ ਇਲਾਕਾ ਜ਼ਬਤ ਕੀਤਾ ਜਾਂਦਾ ਸੀ। ਉਸ ਤੋਂ ਜੋ ਆਮਦਨੀ ਹੁੰਦੀ ਸੀ, ਜ਼ਬਤੀ ਕਹਾਉਂਦੀ ਸੀ।

**ਆਬਕਾਰੀ** : ਇਸ ਮਦ ਵਿਚ ਮੁਨੱਸ਼ੀ ਚੀਜ਼ਾਂ ਅਫ਼ੀਮ, ਭੰਗ, ਚਰਸ ਤੇ ਸ਼ਰਾਬ ਦੇ ਠੇਕਿਆਂ ਰਾਹੀਂ ਮਾਇਆ ਆਉਂਦੀ ਸੀ।

**ਵਜੂਹਾਤੇ ਮੁਕੱਰਰੀ** : ਅਸ਼ਟਾਮਾਂ, ਰਜਿਸਟਰੀਆਂ, ਮੇਹਰਾਨਾ, ਜੁਰਮਾਨੇ ਤੋਂ ਹੋਣ ਵਾਲੀ ਆਮਦਨ।

**ਚੌਕੀਆਤ** : ਇਹ ਮਸੂਲ ਕਾਫ਼ਲਿਆਂ ਤੇ ਸੌਦਾਗਰਾਂ ਤੋਂ ਖ਼ਾਲਸਾ ਰਾਜ ਦੀ ਹੱਦ ਵਿਚ ਦਾਖ਼ਲ ਹੋਣ ਸਮੇਂ ਅਤੇ ਹੱਦ ਵਿਚੋਂ ਬਾਹਰ ਜਾਣ ਸਮੇਂ ਲਿਆ ਜਾਂਦਾ ਸੀ। ਕਰਨਲ ਸਟਾਈਨਬਾਖ ਲਿਖਦਾ ਹੈ ਕਿ ਇਹ ਮਸੂਲ ਹੋਰਨਾਂ ਹਕੂਮਤਾਂ ਦੇ ਟਾਕਰੇ ਪਰ ਖ਼ਾਲਸਾ ਰਾਜ ਵਿਚ ਬਹੁਤ ਹਲਕਾ ਸੀ।

## 2. ਦਫ਼ਤਰੇ ਅਬਵਾਬ-ਉਲ-ਤਾਹਵੀਲਾਤ

ਇਸ ਮਦ ਵਿਚ ਵੱਖੋ-ਵੱਖ ਸੂਬਿਆਂ ਵਿਚ ਪਰਗਨਿਆਂ ਤੋਂ ਆਏ ਹੋਏ ਹਿਸਾਬ ਅਤੇ ਜਮ੍ਹਾਂ ਅਤੇ ਖਰਚ ਦਰਜ ਹੁੰਦੇ ਸਨ। ਇਸ ਤੋਂ ਪਤਾ ਲਗਦਾ ਸੀ ਕਿ ਫਲਾਣੇ ਪਰਗਨੇ (ਜ਼ਿਲ੍ਹੇ) ਤੋਂ ਕਿੰਨੀ ਆਮਦਨੀ ਆਈ ਹੈ ਅਤੇ ਉੱਥੇ ਕਿੰਨਾ ਖਰਚ ਹੋਇਆ ਹੈ। ਇਸ ਵਿਚ ਹਰ ਇਕ ਜ਼ਿਲ੍ਹੇ ਦੇ ਖਾਤੇ ਬਣੇ ਹੋਏ ਸਨ।

## 3. ਦਫ਼ਤਰੇ ਤੌਜੀਹਾਤ

ਇਸ ਦਫ਼ਤਰ ਵਿਚ ਸ਼ਾਹੀ ਘਰਾਣੇ ਦੇ ਖਰਚ ਦਾ ਹਿਸਾਬ-ਕਿਤਾਬ ਰਖਿਆ ਜਾਂਦਾ

ਸੀ, ਅਰਥਾਤ ਰਾਣੀਆਂ ਦੇ, ਖਿਲਤਾਂ ਤੇ ਸਿਰੋਪਾਵਾਂ ਦੇ ਅਤੇ ਪ੍ਰਾਹੁਣਿਆਂ ਦੇ ਖਰਚ ਦਾਰਜ ਹੁੰਦੇ ਸਨ। ਤੋਸ਼ਾਖਾਨਾ ਇਸੇ ਵਿਚ ਸੰਮਿਲਤ ਸੀ।

### 4. ਦਫ਼ਤਰੇ ਮਵਾਜਬ

ਇਸ ਮਦ ਵਿਚ ਸਭਨਾਂ ਸਰਕਾਰੀ ਨੌਕਰਾਂ ਦੀ ਤਲਬ ਦਾ ਹਿਸਾਬ ਸੀ ਜਿਹਾ ਕਿ ਫ਼ੌਜ, ਮੁਲਕੀ ਕਰਮਚਾਰੀਆਂ ਤੇ ਮੁਨਸ਼ੀਆਂ ਮੁਤਸਦੀਆਂ ਦੀ ਤਲਬ ਦਾ ਹਿਸਾਬ।

### 5. ਦਫ਼ਤਰੇ ਰੋਜ਼ਨਾਮਚਾ-ਏ-ਅਖਰਾਜਾਤ

ਇਸ ਭਾਗ ਵਿਚ ਰੋਜ਼ਾਨਾ ਜੁਮਲਾ ਖਰਚਾਂ ਦਾ ਰੋਜਨਾਮਚੇ ਦੇ ਰੂਪ ਵਿਚ ਹਿਸਾਬ ਰਖਿਆ ਜਾਂਦਾ ਸੀ।

ਜਿਉਂ-ਜਿਉਂ ਦਫ਼ਤਰੀ ਕੰਮ ਵਧਦਾ ਗਿਆ ਤਿਉਂ-ਤਿਉਂ ਇਹ ਦਫ਼ਤਰ ਵੀ ਵਧਦੇ ਗਏ। ਮਹਾਰਾਜਾ ਰਣਜੀਤ ਸਿੰਘ ਦੇ ਪਰਲੋਕ ਸਾਧਾਰਨ ਸਮੇਂ ਇਨ੍ਹਾਂ ਦੀ ਗਿਣਤੀ 5 ਤੋਂ 12 ਤੀਕ ਪਹੁੰਚ ਗਈ ਸੀ। ਇਨ੍ਹਾਂ ਸਾਰਿਆਂ ਦੀ ਦੇਖ ਰੇਖ ਮਹਾਰਾਜਾ ਰਣਜੀਤ ਸਿੰਘ ਆਪ ਕਰਦੇ ਸਨ।[1]

## ਫ਼ੌਜੀ ਪ੍ਰਬੰਧ

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਦ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਸੰਮਿਲਤ ਕਰ ਲਿਆ ਤਾਂ ਸਭ ਤੋਂ ਪਹਿਲਾ ਜ਼ਰੂਰੀ ਕੰਮ ਜੋ ਆਪ ਨੇ ਆਪਣੇ ਹੱਥ ਵਿਚ ਲਿਆ ਉਹ ਖਾਲਸਾ ਫ਼ੌਜ ਨੂੰ ਯੂਰਪੀ ਤਰੀਕੇ ਅਨੁਸਾਰ ਕਵਾਇਦ ਸਿਖਾਉਣਾ ਸੀ। ਮਲੂਮ ਹੁੰਦਾ ਹੈ ਕਿ ਮਹਾਰਾਜਾ ਇਸ ਗੱਲ ਨੂੰ ਉਸੇ ਸਮੇ ਹੀ ਪੂਰੀ ਤਰ੍ਹਾਂ ਸਮਝ ਗਏ ਸਨ ਕਿ ਫ਼ਤਹਿ ਕੀਤੇ ਹੋਏ ਦੇਸ਼ ਦੀ ਰੱਖਿਆ ਲਈ ਸ਼ਕਤੀਮਾਨ ਫ਼ੌਜ ਦੀ ਲੋੜ ਹੈ, ਕਿਉਂਕਿ ਪੂਰਬ ਵੱਲ ਅੰਗਰੇਜ਼ੀ ਤਾਕਤ ਦਿਨੋ ਦਿਨ ਤੇਜ਼ੀ ਨਾਲ ਵੱਧ ਰਹੀ ਸੀ ਅਤੇ ਪੱਛਮ ਵੱਲ ਅਫ਼ਗਾਨੀ ਤਾਕਤ ਸਦਾ ਪੰਜਾਬ ਨੂੰ ਵੰਗਾਰਦੀ ਰਹਿੰਦੀ ਸੀ। ਇਨ੍ਹਾਂ ਦੋਹਾਂ ਬਲਵਾਨ ਤਾਕਤਾਂ ਦੇ ਵਿਚਾਲੇ ਹੁੰਦੇ ਹੋਏ ਪੰਜਾਬ ਦੀ ਰੱਖਿਆ ਲਈ ਇਕ ਬਲਵਾਨ ਤੇ ਕਵਾਇਦਦਾਨ ਫ਼ੌਜ ਦੇ ਬਹੁਤ ਛੇਤੀ ਤਿਆਰ ਕਰਨ ਦੀ ਲੋੜ ਨੂੰ ਅਤਿ ਜ਼ਰੂਰੀ ਅਨੁਭਵ ਕੀਤਾ ਗਿਆ।

ਇਸ ਦੂਰ ਦੀ ਸੋਚ ਅਨੁਸਾਰ ਸ਼ੇਰੇ-ਪੰਜਾਬ ਨੇ ਸੰਮਤ 1860 ਬਿਕ੍ਰਮੀ ਮੁਤਾਬਿਕ ਸੰਨ 1803 ਵਿਚ ਪਹਿਲੀ 'ਸ਼ੇਰ ਦਿਲ ਰਜਮਣ' (ਰਜਮੈਂਟ) ਨੂੰ ਕਵਾਇਦ ਸਿਖਾਣੀ ਆਰੰਭ ਕੀਤੀ। ਪਹਿਲੇ ਪਹਿਲ ਕਵਾਇਦ ਸਿਖਾਉਣ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਕਿ ਕੁਝ ਪੂਰਬੀਏ, ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਦੀ ਫ਼ੌਜ ਵਿਚ ਨੌਕਰੀ ਕਰ ਕੇ ਕਵਾਇਦ ਸਿਖੀ ਸੀ, ਉੱਥੋਂ ਨਾਮ ਕਟਾ ਕੇ ਇੱਥੇ ਆਏ ਤੇ ਉਨ੍ਹਾਂ ਨੇ ਖ਼ਾਲਸਾ ਫ਼ੌਜ ਨੂੰ ਕਵਾਇਦ ਸਿਖਾਉਣੀ ਸ਼ੁਰੂ ਕੀਤੀ।[2] ਇਸ ਦੇ ਪਿੱਛੋਂ ਮਹਾਰਾਜਾ ਸਾਹਿਬ ਨੇ ਆਪਣੀ ਫ਼ੌਜ ਵਿਚੋਂ ਕੁਝ ਕੁ ਚੋਣਵੇਂ ਜਵਾਨ ਕੰਪਨੀ ਦੇ ਇਲਾਕੇ ਵਿਚ ਭਿਜਵਾ ਦਿੱਤੇ। ਉਹ ਅੰਗਰੇਜ਼ੀ ਫ਼ੌਜ ਵਿਚ

---

1. ਸ਼ਹਾਮਤ ਅਲੀ, *ਸਿਖਸ ਐਂਡ ਅਫਗਾਨਜ਼*, ਸਫਾ 15
2. *ਪੰਜਾਬ ਗਵਰਨਮੈਂਟ ਰੀਕਾਰਡਜ਼*, ਜਿਲਦ 1, ਸਫ਼ਾ 281

ਭਰਤੀ ਹੋ ਗਏ ਤੇ ਜਦ ਪੂਰੀ ਤਰ੍ਹਾਂ ਕਵਾਇਦ ਸਿੱਖ ਗਏ ਤਾਂ ਉੱਥੋਂ ਆਪਣੇ ਨਾਮ ਕਟਵਾ ਕੇ ਲਾਹੌਰ ਆ ਗਏ ਅਤੇ ਮਹਾਰਾਜਾ ਸਾਹਿਬ ਦੀਆਂ ਫ਼ੌਜਾਂ ਨੂੰ ਕਵਾਇਦ ਸਿਖਾਂਦੇ ਰਹੇ।

ਇਸ ਤਰ੍ਹਾਂ ਅੰਗਰੇਜ਼ੀ ਫ਼ੌਜਾਂ ਵਿਚੋਂ ਕਵਾਇਦ ਸਿੱਖ ਕੇ ਆਏ ਜਵਾਨਾਂ ਵਿਚੋਂ ਇਕ ਜਸਵੰਤ ਸਿੰਘ ਨਾਮੀ ਨਾਇਕ ਇਸ ਕੰਮ ਵਿਚ ਬੜਾ ਪ੍ਰਸਿੱਧ ਸੀ।[1] ਇਸੇ ਤਰ੍ਹਾਂ ਕਪਤਾਨ ਵੇਡ ਪਲੀਟੀਕਲ ਏਜੰਟ ਲੁਧਿਆਣਾ ਨੇ ਇਕ ਸਰਕਾਰੀ ਖਤ ਵਿਚ ਲਿਖਿਆ ਹੈ : "ਮਹਾਰਾਜਾ ਰਣਜੀਤ ਸਿੰਘ ਨੇ ਮੇਰਾ ਧਿਆਨ ਆਪਣੀ ਫ਼ੌਜ ਦੇ ਉਸ ਅਫ਼ਸਰ ਵੱਲ ਦਿਵਾਇਆ ਜਿਸ ਦਾ ਨਾਂ ਧੌਕਲ ਸਿੰਘ ਸੀ। ਮਹਾਰਾਜਾ ਨੇ ਕਿਹਾ ਕਿ ਇਹ ਮੇਰੀ ਫ਼ੌਜ ਵਿਚ ਪੁਰਾਣਾ ਅਫ਼ਸਰ ਹੈ। ਇਸ ਨੇ ਮੇਰੀ ਫ਼ੌਜ ਨੂੰ ਸਭ ਤੋਂ ਪਹਿਲਾਂ ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਈ ਸੀ। ਇਸ ਦਾ ਪੁੱਤਰ ਵੀ ਇਕ ਰਜਮੈਂਟ ਵਿਚ ਕਰਨੈਲ ਹੈ।"[2] ਇਉਂ ਮਹਾਰਾਜਾ ਸਾਹਿਬ ਦੀ ਅਣਥਕ ਕੋਸ਼ਿਸ਼ ਤੇ ਅਟੁਟ ਯਤਨ ਨਾਲ ਥੋੜ੍ਹੇ ਸਮੇਂ ਵਿਚ ਕਈ ਪਲਟਨਾ ਕਵਾਇਦ ਸਿੱਖ ਗਈਆਂ।

## ਇਕ ਇਤਿਹਾਸਕ ਭੁੱਲ

ਖ਼ਾਲਸਾ ਫ਼ੌਜ ਦੇ ਕਵਾਇਦ ਸਿੱਖਣ ਦੇ ਸੰਨ ਸਾਲ ਬਾਬਤ ਵੱਡੇ-ਵੱਡੇ ਪ੍ਰਸਿੱਧ ਦੇਸੀ ਤੇ ਬਦੇਸ਼ੀ ਇਤਿਹਾਸਕਾਰਾਂ ਨੇ ਭੁੱਲਾਂ ਕੀਤੀਆਂ ਹਨ। ਇਨ੍ਹਾਂ ਵਿਚੋਂ ਕਈ ਲਿਖਦੇ ਹਨ ਕਿ ਮਿਸਟਰ ਮੈਟਕਾਫ ਜਦ ਸੰਨ 1809 ਵਿਚ ਪਹਿਲੇ ਅਹਿਦਨਾਮੇ ਲਈ ਅੰਮ੍ਰਿਤਸਰ ਆਇਆ ਤਾਂ ਇਸ ਦੇ ਨਾਲ ਕੁਝ ਕਵਾਇਦਦਾਨ ਫ਼ੌਜ ਰਾਖੀ ਲਈ ਆਈ ਸੀ, ਜਿਸ ਦਾ ਮੁਹੱਰਮ ਦੇ ਤਾਜ਼ੀਏ ਪਰ ਅਕਾਲੀਆਂ ਨਾਲ ਝਲਵਾ ਹੋ ਗਿਆ। ਇਸ ਸਮੇ ਅੰਗਰੇਜ਼ੀ ਫ਼ੌਜ ਦੀ ਕਵਾਇਦਦਾਨੀ ਦਾ ਮਹਾਰਾਜੇ ਦੇ ਮਨ ਪਰ ਐਸਾ ਸਿੱਕਾ ਬੈਠਾ ਕਿ ਉਹ ਉਸੇ ਦਿਨ ਤੋਂ ਹੀ ਆਪਣੀਆਂ ਫ਼ੌਜਾਂ ਨੂੰ ਕਵਾਇਦਦਾਨ ਕਰਨ ਦੀ ਧੁਨ ਵਿਚ ਲੱਗ ਗਿਆ।

ਕੋਈ ਲਿਖਦਾ ਹੈ ਕਿ ਜਸਵੰਤ ਰਾਇ ਹੁਲਕਰ ਰਾਜਾ ਇੰਦੌਰ ਜਦ ਅੰਗਰੇਜ਼ਾਂ ਤੋਂ ਨੱਸ ਕੇ ਸੰਨ 1805 ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਆਇਆ ਤਾਂ ਇਸ ਨੇ ਮਹਾਰਾਜਾ ਸਾਹਿਬ ਨੂੰ ਸਲਾਹ ਦਿੱਤੀ ਕਿ ਫ਼ੌਜ ਨੂੰ ਕਵਾਇਦ ਸਿਖਾਓ। ਕੋਈ ਕਹਿੰਦਾ ਹੈ ਕਿ ਲਾਰਡ ਲੇਕ ਦੀ ਫ਼ੌਜ ਨੂੰ ਵੇਖ ਕੇ ਸ਼ੇਰੇ-ਪੰਜਾਬ ਦੇ ਮਨ ਵਿਚ ਕਵਾਇਦ ਦਾ ਖਿਆਲ ਉਪਜਿਆ। ਕੋਈ ਲਿਖਦਾ ਹੈ ਕਿ ਜਦ ਮਹਾਰਾਜਾ ਸਾਹਿਬ ਕੋਲ ਇਟਾਲੀਅਨ ਤੇ ਫਰੈਂਚ ਅਫ਼ਸਰ ਵੈਨਤੂਰਾ ਤੇ ਇਲਾਰਡ ਸੰਨ 1822 ਵਿਚ ਨੌਕਰ ਹੋਏ ਤਾਂ ਇਨ੍ਹਾਂ ਖ਼ਾਲਸਾ ਫ਼ੌਜ ਨੂੰ ਕਵਾਇਦ ਸਿਖਾਈ, ਆਦਿ।

ਉਪਰੋਕਤ ਲਿਖਤਾਂ ਨੂੰ ਜੇ ਖੋਜ ਦੇ ਚਾਨਣੇ ਵਿਚ ਪੜਤਾਲਿਆ ਜਾਏ ਤਾਂ ਇਹ ਆਪਣੇ

---

1. ਮੂਰਕ੍ਰਾਫਟ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ ਮੈਨੂੰ ਮਹਾਰਾਜੇ ਨੇ ਦੱਸਿਆ ਸੀ ਕਿ ਮੇਰੀਆਂ ਫ਼ੌਜਾਂ ਨੂੰ ਪਹਿਲੇ-ਪਹਿਲ ਇਕ ਨਾਇਕ ਨੇ ਕਵਾਇਦ ਦੱਸੀ ਜੋ ਕੰਪਨੀ ਦੀ ਫ਼ੌਜ 'ਚੋਂ ਕਵਾਇਦ ਸਿੱਖ ਕੇ ਆਇਆ ਸੀ। *ਸਫ਼ਰਨਾਮਾ ਮੂਰ ਕ੍ਰਾਫਟ*, ਜਿਲਦ 1, ਸਫ਼ਾ 98
2. ਕਪਤਾਨ ਵੇਡ ਦਾ ਖਤ ਚਾਰਲਸ ਮੈਟਕਾਫ, ਰੈਜ਼ੀਡੈਂਟ ਦਿੱਲੀ ਦੇ ਨਾਂ, ਤਰੀਕ 1 ਅਗਸਤ 1827, ਪੰਜਾਬ ਰੀਕਾਰਡਜ਼।

WWW.SIKHBOOKCLUB.COM 

ਆਪ ਮਨੋਕਲਪਤ ਸਿੱਧ ਹੋ ਜਾਂਦੀਆਂ ਹਨ।

1. ਸੱਯਦ ਮੁਹੰਮਦ ਲਤੀਫ ਹਿਸਟਰੀ ਔਫ ਦੀ ਪੰਜਾਬ ਦੇ ਸਫਾ 359-60 ਤੇ ਲਿਖਦਾ ਹੈ ਕਿ ਸੰਨ 1803 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅਹਿਮਦ ਖ਼ਾਨ ਸਿਆਲ ਵਾਲੀਏ ਝੰਗ ਤੇ ਜਦ ਚੜ੍ਹਾਈ ਕੀਤੀ ਤਾਂ ਉਸ ਸਮੇਂ ਮਹਾਰਾਜੇ ਨੇ ਆਪਣੀ ਨਵੀਂ ਕਵਾਇਦ ਸਿੱਖੀ ਬਟਾਲੀਅਨ ਮੈਦਾਨੇ-ਜੰਗ ਵਿਚ ਭੇਜੀ।
2. ਕੈਟਾਲਾਗ ਆਫ ਖ਼ਾਲਸਾ ਦਰਬਾਰ ਰੀਕਾਰਡਜ਼, ਜਿਲਦ 1, ਵਿਚ ਸਫਾ 2 ਤੇ ਲਿਖਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਫ਼ੌਜੀ ਦਫ਼ਤਰ ਦੇ ਕਾਗਜ਼ਾਂ ਵਿਚ ਕੁਝ ਐਸੇ ਕਾਗਜ਼ 'ਬਰਾਵਰਦ ਤਕਸੀਮੇ ਤਲਬ' (payrolls) ਮਿਲਦੇ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਸੰਮਤ 1864 ਮੁਤਾਬਿਕ ਸੰਨ 1807 ਤੋਂ ਪਹਿਲਾਂ ਮਹਾਰਾਜਾ ਸਾਹਿਬ ਦੀਆਂ ਤਿੰਨ ਕਵਾਇਦਦਾਨ ਬਟਾਲੀਅਨਾਂ ਮੌਜੂਦ ਸਨ।
3. ਰੈਜੀਡੈਂਟ ਦਿੱਲੀ ਦਾ ਖ਼ਤ ਜੋ ਉਸ ਨੇ 9 ਸਤੰਬਰ 1807 ਨੂੰ ਗਵਰਨਰ ਜੈਨਰਲ ਨੂੰ ਲਿਖਿਆ, ਉਸ ਵਿਚ ਉਹ ਲਿਖਦਾ ਹੈ ਕਿ, "ਰਣਜੀਤ ਸਿੰਘ ਦੀ ਫ਼ੌਜ ਦੀ ਗਿਣਤੀ ਇਸ ਸਮੇਂ 25000 ਸਵਾਰ ਅਤੇ 7000 ਪੈਦਲ ਹੈ ਜਿਨ੍ਹਾਂ ਵਿਚੋਂ 12000 ਕਵਾਇਦਦਾਨ ਹਨ।"
4. ਮਿਸਟਰ ਮੈਟਕਾਫ 12 ਸਤੰਬਰ 1808 ਨੂੰ ਕਸੂਰ ਵਿਚ ਮਹਾਰਾਜਾ ਸਾਹਿਬ ਨੂੰ ਮਿਲਿਆ ਸੀ ਅਤੇ ਫੇਰ ਛੇਤੀ ਹੀ ਅੰਮ੍ਰਿਤਸਰ ਆ ਗਿਆ। ਇੱਥੋਂ 17 ਨਵੰਬਰ ਨੂੰ ਜੋ ਚਿੱਠੀ ਉਸ ਨੇ ਗਵਰਨਰ ਜੈਨਰਲ ਨੂੰ ਲਿਖੀ ਉਸ ਵਿਚ ਉਹ ਲਿਖਦਾ ਹੈ ਕਿ "ਮੈਂ ਮਹਾਰਾਜਾ ਰਣਜੀਤ ਸਿੰਘ ਦੀਆਂ ਪੰਜ ਕਵਾਇਦਦਾਨ ਬਟਾਲੀਅਨਾਂ ਵੇਖੀਆਂ ਹਨ।"[1]
5. ਕਰਨਲ ਅਖਤਰਲੋਨੀ ਸੰਨ 1812 ਦੇ ਆਰੰਭ ਵਿਚ ਸਾਹਜ਼ਾਦਾ ਖੜਕ ਸਿੰਘ ਦੇ ਵਿਆਹ ਪਰ ਲਾਹੌਰ ਆਇਆ। ਇਸ ਨੇ ਇਸ ਸਮੇਂ ਮਹਾਰਾਜਾ ਸਾਹਿਬ ਦੀਆਂ ਬਹੁਤ ਸਾਰੀਆਂ ਪਲਟਨਾਂ ਨੂੰ ਕਵਾਇਦ ਕਰਦਿਆਂ ਵੇਖਿਆ, ਜਿਸ ਦਾ ਸਵਿਸਥਾਰ ਸਮਾਚਾਰ ਆਪਣੀ ਰਿਪੋਰਟ ਵਿਚ ਜੋ ਉਸ ਨੇ ਲੁਧਿਆਣੇ ਤੋਂ ਗਵਰਨਰ ਜੈਨਰਲ ਦੇ ਚੀਫ ਸੈਕਰੇਟਰੀ ਨੂੰ ਭੇਜੀ, ਲਿਖਿਆ ਸੀ।[2]

ਉੱਪਰ ਲਿਖੇ ਇਤਿਹਾਸਕ ਸਬੂਤਾਂ ਨੂੰ ਵਿਚਾਰਿਆਂ ਇਹ ਗੱਲ ਸਾਫ ਸਿੱਧ ਹੋ ਜਾਂਦੀ ਹੈ ਕਿ ਜਸਵੰਤ ਰਾਏ ਤੇ ਲਾਰਡ ਲੇਕ ਦੇ ਪੰਜਾਬ ਵਿਚ ਆਉਣ ਤੋਂ ਦੋ ਸਾਲ ਪਹਿਲਾਂ, ਮਿਸਟਰ ਮੈਟਕਾਫ ਦੀ ਫ਼ੌਜ ਤੇ ਅਕਾਲੀਆਂ ਦੀ ਝਪਟ ਤੋਂ ਛੀ ਸਾਲ ਅਗਾਊਂ ਅਤੇ ਜੈਨਰਲ ਵੰਤੂਰਾ ਤੇ ਇਲਾਰਡ ਦੇ ਨੌਕਰ ਹੋਣ ਦੇ ਸਮੇਂ ਤੋਂ 19 ਸਾਲ ਅਗੇਤਰਾ ਮਹਾਰਾਜਾ ਰਣਜੀਤ ਸਿੰਘ ਆਪਣੀ

1. ਸਰ ਜਾਹਨ ਕੇ., *ਲਾਈਵਜ਼ ਔਫ ਇੰਡੀਅਨ ਆਫੀਸਰਜ਼*, ਜਿਲਦ 1, ਸਫਾ 392
2. *ਜਰਨਲ ਆਫ ਇੰਡੀਅਨ ਹਿਸਟਰੀ*, ਸਫਾ 210

ਚੌਖੀ ਫ਼ੌਜ ਨੂੰ ਕਵਾਇਦ ਸਿਖਾ ਚੁੱਕਾ ਸੀ।[1]

ਮਹਾਰਾਜਾ ਸਾਹਿਬ ਨੇ ਜਦ ਫ਼ੌਜ ਨੂੰ ਕਵਾਇਦ ਸਿਖਾਣੀ ਆਰੰਭ ਕਰਵਾਈ ਤਾਂ ਪਹਿਲੇ ਪਹਿਲ ਸੁਤੰਤਰ ਖ਼ਾਲਸੇ ਕਵਾਇਦ ਸਿਖਣ ਦੇ ਬੰਧਨਾਂ ਵਿਚ ਪੈਣਾ ਨਹੀਂ ਸੀ ਚਾਹੁੰਦੇ। ਸ਼ੇਰ ਦਿਲ ਸਿੰਘ ਮਰਦੇ ਮੈਦਾਨ ਹੋ ਕੇ ਸਿਰੀ ਸਾਹਿਬ ਨਾਲ ਵੈਰੀ ਤੇ ਟੁੱਟ ਕੇ ਜਾ ਪੈਣਾ ਤੇ ਹੱਥੋ-ਹੱਥ ਸ਼ਕਤ-ਪ੍ਰੀਖਿਆ ਕਰਨੀ ਆਪਣਾ ਮਨ-ਭਾਂਵਦਾ ਜੰਗੀ ਗੁਣ ਸਮਝਦੇ ਸਨ। ਹੁਕਮ ਨਾਲ ਸੱਜਾ ਪੈਰ ਚੁੱਕਣਾ ਤੇ ਖੱਬਾ ਰਖਣਾ, ਪੂਰਬ ਵੱਲ ਮੂੰਹ ਕਰਨਾ ਤੇ ਪੱਛਮ ਵੱਲ ਭਵਾਟੀ ਲੈ ਕੇ ਪਰਤ ਜਾਣਾ ਆਦਿ ਕਵਾਇਦ ਦੇ ਕਰਤੱਬਾਂ ਨੂੰ ਆਰੰਭ ਵਿਚ ਸਿੰਘ 'ਵੇਸਵਾ ਦਾ ਨਾਚ' ਕਹਿ ਕੇ ਘ੍ਰਿਣਾ ਕਰਦੇ ਹੁੰਦੇ ਸਨ। ਚੁਨਾਂਚਿ ਕਵਾਇਦ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਮਿਲ ਕੇ ਮਹਾਰਾਜਾ ਸਾਹਿਬ ਨੂੰ ਇਕ ਬੇਨਤੀ ਪੱਤਰ ਦਿੱਤਾ ਜਿਸ ਵਿਚ ਕਵਾਇਦ ਨੂੰ ਉਨ੍ਹਾਂ ਨੇ ਵੇਸਵਾ ਦਾ ਨਾਚ ਕਰ ਕੇ ਲਿਖਿਆ ਅਤੇ ਇਸ ਤੋਂ ਛੁਟਕਾਰੇ ਲਈ ਬੇਨਤੀ ਕੀਤੀ।

ਸ਼ੇਰੇ-ਪੰਜਾਬ ਜਿਸ ਨੂੰ ਕਰਤਾ ਵੱਲੋਂ ਡਾਢਾ ਅਡੋਲ ਮਨ ਮਿਲਿਆ ਹੋਇਆ ਸੀ, ਉਹ ਕਦ ਇਸ ਤਰ੍ਹਾਂ ਦੀਆਂ ਰੁਕਾਵਟਾਂ ਤੋਂ ਘਬਰਾਉਣ ਵਾਲੇ ਸਨ। ਉਨ੍ਹਾਂ ਨੇ ਝਟ ਆਪਣੇ ਚਤਰ ਸੁਭਾਵ ਅਨੁਸਾਰ ਇਸ ਸਮੇਂ ਇਕ ਅਜਿਹੀ ਸੋਚ ਸੋਚੀ ਜਿਸ ਨਾਲ ਸਾਰੀਆਂ ਔਕੜਾਂ ਦੂਰ ਹੋ ਗਈਆਂ। ਉਹ ਇਸ ਤਰ੍ਹਾਂ ਸੀ ਕਿ ਮਹਾਰਾਜਾ ਸਾਹਿਬ ਨਿਤ ਸਵੇਰੇ ਸੂਰਜ ਉਦੇ ਹੋਣ ਨਾਲ ਪਰੇਡ ਦੇ ਮੈਦਾਨ ਵਿਚ ਪਹੁੰਚ ਜਾਂਦੇ ਅਤੇ ਹਰ ਇਕ ਜਵਾਨ ਦੇ ਕੰਮ ਨੂੰ ਆਪ ਵੇਖਦੇ। ਜਿਹੜੇ ਜਵਾਨ ਸਫ਼ਾਈ ਨਾਲ ਕਵਾਇਦ ਦਾ ਕੰਮ ਕਰਦੇ, ਸ਼ੇਰੇ-ਪੰਜਾਬ ਉਨ੍ਹਾਂ ਦਾ ਹੌਸਲਾ ਵਧਾਉਣ ਲਈ ਆਪਣੇ ਹੱਥੀਂ ਸਾਰੀ ਫ਼ੌਜ ਦੇ ਸਾਹਮਣੇ ਉਨ੍ਹਾਂ ਨੂੰ ਵੱਡੇ-ਵੱਡੇ ਇਨਾਮ ਬਖ਼ਸ਼ਦੇ ਅਤੇ ਉਨ੍ਹਾਂ ਦੇ ਅਫ਼ਸਰਾਂ ਨੂੰ ਕੜਿਆਂ ਦੀਆਂ ਜੋੜੀਆਂ ਅਤੇ ਕੈਂਠੇ ਦਿੰਦੇ।[2]

'ਫ਼ੌਜੇ ਆਈਨ' ਦੀ ਤਿਆਰੀ ਦੇ ਰਾਹ ਵਿਚ ਇਕ ਹੋਰ ਵੀ ਖੜੀ ਰੁਕਾਵਟ ਸੀ। ਉਹ ਇਹ ਸੀ ਕਿ ਖ਼ਾਲਸੇ ਵਿਚ ਮਿਸਲਾਂ ਦੇ ਸਮੇਂ ਤੋਂ ਲੈ ਕੇ ਸਦਾ ਹੀ ਪੈਦਲ ਫ਼ੌਜ ਨਾਲੋਂ ਸਵਾਰਾਂ ਵਿਚ ਭਰਤੀ ਹੋਣਾ ਵਧੇਰੀ ਪਤ ਦਾ ਕਾਰਨ ਸਮਝਿਆ ਜਾਂਦਾ ਸੀ, ਜਿਸ ਕਰਕੇ ਵੱਡੇ-ਵੱਡੇ ਸਰਦਾਰ ਘਰਾਣਿਆਂ ਦੇ ਨੌਜਵਾਨ ਪੈਦਲ ਰਜਮੈਂਟਾਂ ਵਿਚ ਭਰਤੀ ਹੋਣ ਵਿਚ ਆਪਣਾ ਅਪਮਾਨ ਸਮਝਦੇ ਸਨ। ਸ਼ੇਰੇ-ਪੰਜਾਬ ਮੈਦਾਨੇ-ਜੰਗ ਦੇ ਇਸ ਭੇਦ ਨੂੰ ਪੂਰੀ ਤਰ੍ਹਾਂ ਸਮਝਦੇ ਸਨ ਕਿ ਭਾਵੇਂ ਧਾਵਾ ਕਰਨ ਵਿਚ ਘੋੜ-ਚੜ੍ਹਿਆਂ ਦੀ ਫ਼ੌਜ ਬੜੀ ਲੋੜਵੰਦੀ ਸੀ ਪਰ ਵੈਰੀ

---

1. ਚਿੱਠੀ ਨੰਬਰ 119, ਤਾਰੀਖ਼ 27 ਫ਼ਰਵਰੀ 1812, ਵੱਲੋਂ ਲੈਫ਼ਟੀਨੈਂਟ ਕਰਨਲ ਡੀ. ਅਖ਼ਤਰਲੋਨੀ, ਸੇਵਾ ਵਿਚ ਐਨ. ਬੀ. ਐਡਮੋਨਸਟੋਨ (N. B. Edmonsion) ਚੀਫ਼ ਸੈਕ੍ਰੇਟਰੀ ਗਵਰਨਮੈਂਟ ਹਿੰਦ।
2. ਕਈ ਮਿਸਾਲਾਂ ਵਿਚੋਂ ਅਸੀਂ ਇੱਥੇ ਮੁਨਸ਼ੀ ਮੋਹਨ ਲਾਲ ਦੇ ਰੋਜ਼ਨਾਮਚੇ ਵਿਚੋਂ ਇਕ ਲਿਖਤ ਪੇਸ਼ ਕਰਦੇ ਹਾਂ ਜੋ ਉਸ ਨੇ ਦਫ਼ਤਰ 2 ਦੇ ਪੰਨਾ 298 ਤੇ ਇਸ ਤਰ੍ਹਾਂ ਲਿਖੀ ਹੈ .
"ਮਹਾਰਾਜਾ ਰਣਜੀਤ ਸਿੰਘ ਇਕ ਸਵੇਰ ਨੂੰ ਅਨਾਰਕਲੀ ਦੀ ਛਾਵਣੀ ਦੇ ਨਵੇਂ ਰੰਗਰੂਟਾਂ ਦੀ ਕਵਾਇਦ ਵੇਖ ਕੇ ਬੜੇ ਖ਼ੁਸ਼ ਹੋਏ ਤੇ ਪੰਜ ਸੌ ਰੁਪਿਆ ਰੰਗਰੂਟਾਂ ਨੂੰ ਇਨਾਮ ਦਿੱਤਾ ਅਤੇ ਦੋ ਹਜ਼ਾਰ ਰੁਪਿਆ ਤੇ ਇਕ ਜੜਾਊ ਸੋਨੇ ਦੀ ਜੋੜੀ ਉਨ੍ਹਾਂ ਦੇ ਅਫ਼ਸਰਾਂ ਨੂੰ ਬਖ਼ਸ਼ੀ।"

WWW.SIKHBOOKCLUB.COM 

ਨਾਲ ਡਟ ਕੇ ਲੜਾਈ ਵਿਚ ਜੋ ਕੰਮ ਪੈਦਲ ਰਜਮੈਂਟ ਦੇ ਸਕਦੀ ਸੀ ਉਹ ਰਸਾਲਾ ਨਹੀ ਸੀ ਦੇ ਸਕਦਾ, ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਪੈਦਲ ਪਲਟਨਾਂ ਨੂੰ ਹੀ ਕਵਾਇਦ ਸਿਖਾਣੀ ਆਰੰਭ ਕਰਵਾਈ।

ਸ਼ੇਰੇ-ਪੰਜਾਬ ਸ਼ੁਰੂ ਤੋਂ ਆਪਣੇ ਸਰਦਾਰਾਂ ਨੂੰ ਪ੍ਰੇਰਦੇ ਰਹਿੰਦੇ ਸਨ ਕਿ ਉਹ ਆਪਣੇ ਬੱਚਿਆਂ ਨੂੰ ਪੈਦਲ ਫ਼ੌਜ ਵਿਚ ਭਰਤੀ ਕਰਵਾਉਣ। ਇਸ ਤਰ੍ਹਾਂ ਮਹਾਰਾਜਾ ਸਾਹਿਬ ਨੇ ਸਹਿਜੇ-ਸਹਿਜੇ ਸਾਰੀਆਂ ਰੁਕਾਵਟਾਂ ਤੇ ਕਾਬੂ ਪਾ ਲਿਆ। ਇਸ ਤੋਂ ਛੁਟ ਮਹਾਰਾਜਾ ਸਾਹਿਬ ਨੇ ਖ਼ਾਲਸਾ ਕਵਾਇਦਦਾਨ ਰਜਮੈਂਟਾਂ ਲਈ ਤਲਬ ਦੀ ਥਾਂ ਜਵਾਨਾਂ ਨੂੰ ਆਪੋ-ਆਪਣਿਆਂ ਪਿੰਡਾਂ ਵਿਚ ਜ਼ਮੀਨ, ਜਗੀਰ ਤੇ ਮਾਫੀ ਦੇਣ ਦਾ ਤਰੀਕਾ ਜਾਰੀ ਕੀਤਾ, ਜਿਸ ਨੂੰ ਖ਼ਾਲਸੇ ਰੋਕ ਤਲਬ ਦੇ ਟਾਕਰੇ ਪਰ ਵਧੇਰਾ ਪਸੰਦ ਕਰਦੇ ਸਨ। ਇਸ ਤਰੀਕੇ ਨਾਲ ਮਹਾਰਾਜਾ ਸਾਹਿਬ ਦਾ ਤੇ ਇਨ੍ਹਾਂ ਫ਼ੌਜੀਆਂ ਦਾ ਨੌਕਰ ਅਤੇ ਮਾਲਕ ਦਾ ਸੰਬੰਧ ਵਿਚੋਂ ਨਿਕਲ ਗਿਆ ਅਤੇ ਹਰ ਇਕ ਸੈਨਿਕ ਆਪਣੇ ਆਪ ਨੂੰ ਖਾਲਸਾ ਸਲਤਨਤ ਦਾ ਸਾਂਝੀਵਾਲ ਸਮਝਣ ਲਗ ਪਿਆ। ਅੱਗੇ ਲਈ ਇਹ ਢੰਗ ਬੜਾ ਸਫ਼ਲ ਸਿੱਧ ਹੋਇਆ। ਪੂਰਬੀਆਂ ਅਤੇ ਨਜੀਬਾਂ ਨੂੰ ਮਾਹਵਾਰੀ ਰੋਕ ਤਲਬਾ ਮਿਲਦੀਆਂ ਸਨ।

## ਰਜਮੈਂਟਾਂ ਦੀ ਵੰਡ

ਹਰ ਇਕ ਰਜਮੈਂਟ ਵਿਚ ਅੱਠ ਕੰਪਨੀਆਂ ਰਖੀਆਂ ਗਈਆਂ ਅਤੇ ਹਰ ਇਕ ਕੰਪਨੀ ਵਿਚ ਇਕ ਸੌ ਜਵਾਨ। ਸਾਰੀ ਪਲਟਨ ਦੇ ਵੱਡੇ ਅਫ਼ਸਰ ਦਾ ਨਾਮ ਕੁਮੇਦਾਨ (ਕਰਨੈਲ) ਨੀਯਤ ਹੋਇਆ। ਕੁਮੇਦਾਨ ਦੀ ਮਦਦ ਲਈ ਇਕ ਸਹਾਇਕ ਕੁਮੇਦਾਨ (ਮੇਜਰ) ਅਤੇ ਇਕ ਬਖ਼ਸ਼ੀ (ਐਜੂਟੰਟ) ਨੀਯਤ ਕੀਤੇ ਗਏ। ਹਰ ਇਕ ਕੰਪਨੀ ਨੂੰ ਇਕ ਸੂਬੇਦਾਰ ਅਤੇ ਦੋ ਜਮਾਦਾਰਾਂ ਦੇ ਤਹਿਤ ਵਿਚ ਕੀਤਾ, ਅੱਗੋਂ ਇਕ ਕੰਪਨੀ ਨੂੰ ਚਾਰ ਬਰਾਬਰ ਦੇ ਭਾਗਾਂ ਵਿਚ ਵੰਡ ਕੇ ਹਰ ਇਕ ਭਾਗ (ਸੈਕਸ਼ਨ) ਨੂੰ ਇਕ ਨਿਕੇ ਅਫ਼ਸਰ ਦੇ ਹਵਾਲੇ ਕੀਤਾ ਜਿਸ ਦਾ ਨਾਂ ਹਵਾਲਦਾਰ ਰਖਿਆ ਜੋ ਪਿੱਛੋਂ ਵਿਗੜ ਕੇ ਹਵਾਲਦਾਰ ਪ੍ਰਚਲਿਤ ਹੋਇਆ। ਪੂਰੀ ਪਲਟਨ ਵਿਚ ਇਕ ਗ੍ਰੰਥੀ ਨੀਯਤ ਕੀਤਾ ਗਿਆ ਜੋ ਚੰਗਾ ਗੁਰਬਾਣੀ ਦੇ ਅਰਥ ਪਰਮਾਰਥ ਦਾ ਜਾਣੂ ਹੁੰਦਾ ਸੀ। ਇਸ ਲਈ ਮਹਾਰਾਜਾ ਦਾ ਹੁਕਮ ਸੀ ਕਿ ਉਹ ਛਾਵਣੀ ਅਤੇ ਮੈਦਾਨੇ-ਜੰਗ ਵਿਚ ਸਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਪਲਟਨ ਦੇ ਨਾਲ ਰਿਹਾ ਕਰੇ ਅਤੇ ਜਿੱਥੇ ਸ਼ਾਹੀ ਨਿਸ਼ਾਨ (ਝੰਡਾ) ਹੁੰਦਾ ਹੋਵੇ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਇਆ ਕਰੇ। ਇਸੇ ਤਰ੍ਹਾਂ ਪਲਟਨ ਵਿਚ ਇਕ ਹਕੀਮ ਨੀਯਤ ਕੀਤਾ ਜਿਸ ਦਾ ਕੰਮ ਸਾਰੀ ਰਜਮੈਂਟ ਦੀ ਅਰੋਗਤਾ ਤੇ ਸਫਾਈ ਦਾ ਪ੍ਰਬੰਧ ਵੇਖਣਾ ਸੀ। ਲੋੜ ਅਨੁਸਾਰ ਰੋਗੀ ਸਿਪਾਹੀਆਂ ਨੂੰ ਦੇਸੀ ਦਵਾਈਆਂ ਮੁਫ਼ਤ ਮਿਲਦੀਆਂ ਸਨ ਜਿਨ੍ਹਾਂ ਦੀ ਉਸ ਸਮੇਂ ਬਹੁਤ ਘੱਟ ਲੋੜ ਪੈਂਦੀ ਸੀ।

ਪਲਟਨ ਦੇ ਉੱਪਰ ਲਿਖੇ ਅਫ਼ਸਰਾਂ ਦੇ ਕੰਮ ਨੂੰ ਹਲਕਾ ਕਰਨ ਲਈ ਇਕ ਮੁਨਸ਼ੀ ਅਤੇ ਇਕ ਮੁਤਸੱਦੀ ਮੁਕੱਰਰ ਕੀਤਾ ਹੋਇਆ ਸੀ। ਮੁਨਸ਼ੀ ਦਾ ਕੰਮ ਸਿਪਾਹੀਆਂ ਦੀ ਹਾਜ਼ਰੀ ਅਤੇ ਗੈਰ-ਹਾਜ਼ਰੀ ਦੀ ਰਿਪੋਰਟ ਕੁਮੇਦਾਨ ਨੂੰ ਰੋਜ਼ਾਨਾ ਪਹੁੰਚਾਉਣਾ ਅਤੇ ਉਨ੍ਹਾਂ ਦੀ ਸਜ਼ਾ ਦਾ ਰਜਿਸਟਰ ਲਿਖਣਾ ਸੀ ਅਤੇ ਮੁਤਸੱਦੀ ਸਾਰੀ ਰਜਮੈਂਟ ਦਾ ਕੁਲ ਹਿਸਾਬ ਰਖਣ ਲਈ

ਜ਼ਿੰਮੇਵਾਰ ਸੀ। ਰਜਮੈਂਟ ਦੇ ਉੱਪਰ ਲਿਖੇ ਅਹੁਦੇਦਾਰਾਂ ਤੋਂ ਛੁਟ ਹਰ ਇਕ ਰਜਮੈਂਟ ਲਈ ਇਕ ਸਹਾਇਕ ਅਮਲਾ ਨੀਯਤ ਕੀਤਾ ਹੋਇਆ ਸੀ, ਜਿਸ ਵਿਚ 16 ਲਾਂਗਰੀ, 16 ਮਹਿਰੇ (ਮਾਸ਼ਕੀ) ਪਾਣੀ ਲਈ, 4 ਘੜਿਆਲੀ, 4 ਝੰਡਾ ਬਰਦਾਰ, 8 ਮਿਸਤਰੀ (ਲੁਹਾਰ, ਤਰਖਾਨ ਤੇ ਰਾਜ), 8 ਬੇਲਦਾਰ, 8 ਖਲਾਸੀ, 18 ਸਾਰਵਾਨ ਤੇ 1 ਹਰਕਾਰਾ ਸ਼ਾਮਿਲ ਸਨ। ਹਰ ਇਕ ਪਲਟਨ ਨੂੰ 150 ਤੰਬੂ ਦਿੱਤੇ ਜਾਂਦੇ ਸਨ, ਜਿਨ੍ਹਾਂ ਵਿਚੋਂ ਇਕ ਕੁਮੇਦਾਨ ਨੂੰ, ਇਕ ਬਖ਼ਸ਼ੀ ਨੂੰ, ਇਕ ਨਿਕੇ ਕੁਮੇਦਾਨ ਨੂੰ, ਇਕ ਇਕ ਹਰ ਸੂਬੇਦਾਰ ਨੂੰ, ਇਕ ਤੰਬੂ ਦੋ ਜਮਾਦਾਰਾਂ ਨੂੰ, 2 ਤੰਬੂ ਗੋਲੀ ਬਾਰੂਦ (ਮੈਗਜ਼ੀਨ) ਲਈ, 2 ਮਿਸਤਰੀਖਾਨੇ ਲਈ, ਇਕ ਵੱਡਾ ਡੇਰਾ ਸ੍ਰੀ ਗੁਰੂ ਗ੍ਰੰਥ ਸਾਹਿਬ (ਗੁਰਦੁਆਰੇ) ਲਈ, ਇਕ ਪੇਸ਼ਗਾਰਦ (ਕੋਟ ਗਾਰਡ) ਲਈ, 10 ਲੰਗਰ ਆਦਿ ਲਈ ਅਤੇ ਬਾਕੀ 115 ਕੁਲ ਸਿਪਾਹੀਆਂ ਲਈ ਹੁੰਦੇ ਸਨ। ਇਨ੍ਹਾਂ ਤੰਬੂਆਂ ਨੂੰ ਤੇ ਬਿਸਤਰਿਆਂ ਨੂੰ ਉਠਾਉਣ ਲਈ 50 ਊਠ ਹਰ ਰਜਮੈਂਟ ਨਾਲ ਮੁਕੱਰਰ ਸਨ।

### ਫ਼ੌਜ ਦੀ ਵਰਦੀ

ਹਰ ਇਕ ਪਲਟਨ ਦੀ ਪੁਸ਼ਾਕ ਵੱਖੋ-ਵੱਖ ਰੰਗਾਂ ਦੀ ਹੁੰਦੀ ਸੀ। ਮਹਾਰਾਜੇ ਦਾ ਮਨ ਭਾਉਂਦਾ ਰੰਗ ਪਲਟਨਾਂ ਲਈ ਇਹ ਸੀ—ਅਸਮਾਨੀ ਰੰਗ ਦੀ ਪੱਗ, ਲਾਲ ਕੁੜਤੀ (ਜੈਕਟ) ਅਤੇ ਗੂੜ੍ਹੇ ਨੀਲੇ ਰੰਗ ਦੀ ਪਤਲੂਨ, ਜਿਸ ਤੇ ਕਾਲੇ ਰੰਗ ਦੇ ਚਮੜੇ ਪਿਠ ਵੱਲੋਂ ਮੋਢਿਆਂ ਦੇ ਉੱਤੋਂ ਦੀ ਹੁੰਦੇ ਹੋਏ ਸਾਹਮਣੇ ਪਾਸੇ ਕਮਰਬੰਦ ਨਾਲ ਆ ਜੁੜਦੇ ਸਨ। ਹਰ ਪੈਦਲ ਸਿਪਾਹੀ ਕੋਲ ਇਕ ਬੰਦੂਕ, ਸੰਗੀਨ ਅਤੇ ਸ਼ਮਸ਼ੀਰ ਹੁੰਦੀ ਸੀ। ਇਨ੍ਹਾਂ ਤੋਂ ਛੁਟ ਹਰ ਇਕ ਸਿਪਾਹੀ ਕੋਲ 50 ਸਿੱਕੇ ਦੀਆਂ ਗੋਲੀਆਂ ਕੇਸੀਆਂ ਵਿਚ ਅਤੇ ਇਨ੍ਹਾਂ ਲਈ ਲੋੜੀਂਦਾ ਬਾਰੂਦ ਤਾਮੇ ਦੀ ਕੁਪੀ ਵਿਚ ਜੋ ਪੇਟੀ ਨਾਲ ਲਟਕਦੀ ਸੀ ਮੌਜੂਦ ਰਹਿੰਦਾ ਸੀ। ਇਹ ਸਾਰੇ ਹਥਿਆਰ ਲਾਹੌਰ ਦੇ ਕਾਰਖਾਨਿਆਂ ਵਿਚ ਤਿਆਰ ਕੀਤੇ ਜਾਂਦੇ ਸਨ।[1] ਆਸਬਰਨ ਸੰਨ 1838 ਵਿਚ ਮਹਾਰਾਜਾ ਸਾਹਿਬ ਦੀਆਂ ਪਲਟਨਾਂ ਬਾਰੇ ਲਿਖਦਾ ਹੈ ਕਿ, "ਇਹ ਜਵਾਨ ਬੜੇ ਉੱਚੇ ਕਦ ਵਾਲੇ ਹਨ, ਇਨ੍ਹਾਂ ਦੇ ਫੁਰਤੀਲੇ ਸਰੀਰ, ਨਿਕਲੀਆਂ ਹੋਈਆਂ ਚੌੜੀਆਂ ਛਾਤੀਆਂ, ਲੰਬੇ ਤਾਕਤਵਰ ਅੰਗ ਬੜੇ ਰੋਹਬਦਾਰ ਦਿਸਦੇ ਹਨ, ਕੂਚ ਸਮੇਂ ਇਹ ਬੜੀਆਂ ਲੰਮੀਆਂ ਮੰਜ਼ਲਾਂ ਬਿਨਾਂ ਥਕੇਵੇਂ ਦੇ ਤਹਿ ਕਰ ਲੈਂਦੇ ਹਨ, ਇਹ ਲੰਮੀਆਂ ਮੰਜ਼ਲਾਂ ਕੇਵਲ ਲੋੜ ਸਮੇਂ ਹੀ ਨਹੀਂ ਤਹਿ ਕਰਦੇ ਸਗੋਂ ਖੁਸ਼ੀ ਨਾਲ ਲਗਾਤਾਰ ਕਈ-ਕਈ ਦਿਨ ਕੂਚ ਕਰਦੇ ਰਹਿੰਦੇ ਹਨ। ਇਹ ਬਾਕੀ ਹਿੰਦੁਸਤਾਨੀ ਜਵਾਨਾਂ ਨਾਲੋਂ ਬਹੁਤ ਹੀ ਸ਼ਕਤੀਵਰ ਹੁੰਦੇ ਹਨ ਅਤੇ ਕਰੜੀਆਂ ਕਠਿਨਾਈਆਂ ਨੂੰ ਸਹਿਣ ਦੀ ਸਮਰਥਾ ਰਖਦੇ ਹਨ, ਇਹ ਹਰ ਵਕਤ ਖੁਸ਼ ਰਹਿਣੇ ਲੋਕ ਹਨ ਅਤੇ ਬੜੇ ਸਾਫ ਦਿਲ ਹੁੰਦੇ ਹਨ।"

ਬੈਰਨ ਹਿਊਗਲ (Baron Hugel) ਖ਼ਾਲਸਾ ਫ਼ੌਜ ਦੇ ਕਮਾਲ ਦੇਖ ਕੇ ਰਾਏ ਕਾਇਮ ਕਰਦਾ ਹੈ ਕਿ ਇਹ ਫ਼ੌਜਾਂ ਯੂਰਪੀਅਨ ਫ਼ੌਜਾਂ ਤੋਂ ਵੀ ਆਪਣੇ ਫ਼ੌਜੀ ਗੁਣਾਂ ਵਿਚ ਵਧੀਆਂ ਹੋਈਆਂ ਹਨ। ਇਹ ਇਨ੍ਹਾਂ ਬਾਬਤ ਆਪਣੇ 22 ਜਨਵਰੀ 1836 ਦੇ ਪੱਤਰ ਵਿਚ ਲਿਖਦਾ ਹੈ ਕਿ,

---

1. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫਾ 59

"ਜਦ ਦਾ ਮੈਂ ਲਾਹੌਰ ਆਇਆ ਹਾਂ ਸ੍ਰੀ ਹਜ਼ੂਰ ਮਹਾਰਾਜਾ ਰਣਜੀਤ ਸਿੰਘ ਨੇ ਮੈਨੂੰ ਕਈ ਵਾਰੀ ਆਪਣੀਆਂ ਖ਼ਾਲਸਾ ਫ਼ੌਜਾਂ ਦੀ ਕਵਾਇਦ ਤੇ ਚਾਂਦਮਾਰੀ ਆਦਿ ਦੇ ਕਮਾਲ ਦੱਸਣ ਦੀ ਇੱਜ਼ਤ ਬਖ਼ਸ਼ੀ ਹੈ। ਮੈਂ ਖ਼ਾਲਸਾ ਫ਼ੌਜਾਂ ਦੇ ਪੁਰ-ਰੋਹਬ ਚੇਹਰੇ ਤੇ ਫੁਰਤੀ ਨਾਲ ਬੰਦੂਕਾਂ ਚਲਾਉਣ ਤੇ ਚਾਂਦਮਾਰੀ ਆਦਿ ਦੇ ਉੱਚੇ ਕਮਾਲ ਨੂੰ ਵੇਖ ਕੇ ਉੱਕਾ ਹੈਰਾਨ ਰਹਿ ਗਿਆ ਹਾਂ। ਮੈਂ ਇਸ ਗੱਲ ਦਾ ਫ਼ੈਸਲਾ ਕਰਨ ਵਿਚ ਪੂਰੀ ਨਿਰਪਖਤਾ ਨਾਲ ਕਹਿੰਦਾ ਹਾਂ ਕਿ ਇਹ ਫ਼ੌਜ ਯੂਰਪ ਦੇ ਇੰਨੇ ਸਮੇਂ ਦੀ ਭਰਤੀ ਕੀਤੀ ਹੋਈ ਫ਼ੌਜ ਤੋਂ ਬਹੁਤ ਉੱਨਤ ਹੈ। ਇਨ੍ਹਾਂ ਦੇ ਫ਼ੌਜੀ ਹੁਨਰ ਵੇਖ ਕੇ ਮੈਂ ਨਿਰਸੰਦੇਹ ਕਹਿ ਸਕਦਾ ਹਾਂ ਕਿ ਇਹ ਫ਼ੌਜ ਜ਼ਰੂਰ ਪੰਜਾਬ ਦੇ ਮੈਦਾਨਾਂ ਵਿਚ ਬਾਹਰ ਤੋਂ ਆਈ ਹੋਈ ਵੈਰੀ ਦੀ ਫ਼ੌਜ ਤੇ ਫ਼ਤਹਿ ਪਾਏਗੀ। ਕਲ ਮਹਾਰਾਜਾ ਸਾਹਿਬ ਮੈਨੂੰ ਤੋਪਖ਼ਾਨੇ ਤੇ ਰਸਾਲਿਆਂ ਦੀ ਚਾਂਦਮਾਰੀ ਵਿਖਾਉਣ ਲਈ ਨਾਲ ਲੈ ਗਏ ਸਨ, ਇਨ੍ਹਾਂ ਨੇ ਬੜੇ ਕਮਾਲ ਨਾਲ ਨਿਸ਼ਾਨੇ ਫੁੰਡੇ। ਆਸਟਰੀਆ ਦੀਆਂ ਫ਼ੌਜਾਂ ਠੀਕ ਨਿਸ਼ਾਨਾ ਲਾਣ ਲਈ ਜਗਤ ਪ੍ਰਸਿੱਧ ਹਨ, ਪਰ ਇਹ ਖ਼ਾਲਸਾ ਫ਼ੌਜ ਉਨ੍ਹਾਂ ਤੋਂ ਵੀ ਇਸ ਕਰਤੱਵ ਵਿਚ ਵਧੀ ਹੋਈ ਹੈ। ਜਿੰਨੀਆਂ ਗੋਲੀਆਂ ਤੇ ਗੋਲੇ ਇਨ੍ਹਾਂ ਚਲਾਏ ਉਹ ਸਭ ਦੇ ਸਭ ਨਿਸ਼ਾਨੇ ਪਰ ਬੈਠੇ, ਇਨ੍ਹਾਂ ਵਿਚੋਂ ਇਕ ਵੀ ਨਹੀਂ ਖੁੰਝਿਆ।"

ਕਰਨੈਲ ਸਟਾਈਨਬਾਖ (Col. Steinback) ਲਿਖਦਾ ਹੈ ਕਿ, "ਮਹਾਰਾਜਾ ਸਾਹਿਬ ਦੀਆਂ ਖ਼ਾਲਸਾ ਫ਼ੌਜਾਂ ਦੀ ਵਰਦੀ ਬੜੀ ਸੁਥਰੀ ਤੇ ਬਹੁ-ਮੁਲੀ ਬਨਾਤ ਦੀ ਹੁੰਦੀ ਸੀ, ਜਿਸ ਦਾ ਰੰਗ ਅਕਸਰ ਅਸਮਾਨੀ ਤੇ ਹਰਾ ਹੁੰਦਾ ਸੀ। ਸਵਾਰਾਂ ਦੇ ਸਾਫ਼ੇ ਕਸ਼ਮੀਰੀ ਸ਼ਾਲਾਂ ਦੇ ਹੁੰਦੇ ਸਨ।" ਡਾਕਟਰ ਹੋਨਿੰਗਬਰਗਰ (Dr. Honigberger) ਨੇ ਆਪਣੀ ਕਿਤਾਬ ਦੇ ਸਫ਼ਾ 96 ਤੇ ਮਹਾਰਾਜੇ ਦੀ ਪੈਦਲ ਫ਼ੌਜ ਦੀਆਂ ਤੇ ਸਫ਼ਾ 120 ਤੇ ਸਵਾਰਾਂ ਦੀਆਂ ਤਸਵੀਰਾਂ ਦਿੱਤੀਆਂ ਹਨ, ਜੋ ਉਸ ਨੇ ਮਹਾਰਾਜੇ ਦੇ ਰਾਜ ਸਮੇਂ ਚਿਤਰੀਆਂ ਸਨ। ਉਨ੍ਹਾਂ ਦੀ ਵਰਦੀ ਠੀਕ ਉਸੇ ਤਰ੍ਹਾਂ ਦੀ ਦਸੀ ਹੈ, ਜਿਸ ਤਰ੍ਹਾਂ ਮਗਰੋਂ ਬਰਤਾਨਵੀ ਗੋਰਾ ਪਲਟਨਾਂ ਤੇ ਵਾਈਸਰਾਏ ਦੇ ਅੰਗਰਖਸ਼ਕ ਰਸਾਲੇ ਦੀ ਸੀ। ਪਤਲੂਨ ਤੇ ਜੈਕਟ ਦੀ ਕਟਾਈ ਮੌਜੂਦਾ ਤਰੀਕੇ ਅਨੁਸਾਰ ਸੀ।[1] ਹਰ ਇਕ ਪੈਦਲ ਸਿਪਾਹੀ ਕੋਲ ਬੰਦੂਕ ਤੇ ਸੰਗੀਨ ਤੋਂ ਛੁਟ ਇਕ-ਇਕ ਤਲਵਾਰ ਹੁੰਦੀ ਸੀ। ਬਾਰ ਨੇ ਇਨ੍ਹਾਂ ਫ਼ੌਜਾਂ ਦੀ ਕਵਾਇਦ ਆਪ ਵੇਖ ਕੇ ਇਹ ਲਿਖਿਆ ਹੈ, "ਕੂਚ" ਜਾਂ "ਥਮਣ" ਦੇ ਵਕਤ ਖ਼ਾਲਸਾ ਫ਼ੌਜਾਂ ਐਸੀ ਸੁਚੱਜਤਾ ਨਾਲ ਕਦਮ ਰਖਦੀਆਂ ਹਨ ਕਿ ਕੰਪਨੀ (ਈਸਟ ਇੰਡੀਆ ਕੰਪਨੀ) ਦੀ ਫ਼ੌਜ ਵੀ ਇਨ੍ਹਾਂ ਤੋਂ ਵੱਧ ਨਹੀਂ। ਇਨ੍ਹਾਂ ਦੀ ਵਰਦੀ ਵੀ ਅੰਗਰੇਜ਼ੀ ਤਰਜ਼ ਦੀ ਹੈ। ਹਰੇ ਰੰਗ ਦੇ ਕੋਟ, ਜਿਨ੍ਹਾਂ ਤੇ ਪੀਲੇ ਰੰਗ ਦੇ ਕਫ਼ ਆਦਿ ਲਗੇ ਹੋਏ ਹਨ, ਅਤੇ ਇਸ ਦੇ ਉਤੇ ਦੋ ਪੇਟੀਆਂ, ਇਕ ਵਿਚ ਸੰਗੀਨ ਲਗੀ ਹੋਈ ਹੈ, ਦੂਜੀ ਵਿਚ ਥੈਲਾ ਹੈ। ਕਮਰ ਕਸੇ ਲਈ ਕਮਰਬੰਦ ਹੈ, ਜੋ ਕਾਲੇ ਰੰਗ ਦਾ ਹੈ ਤੇ ਜਿਸ ਵਿਚ ਇਕ ਤਲਵਾਰ ਲਟਕਦੀ ਹੁੰਦੀ ਹੈ, ਇਸ ਦੇ ਨਾਲ ਪਿਛਲੇ ਪਾਸੇ ਬੰਦੂਕ ਨੂੰ ਇਸ ਤਰ੍ਹਾਂ ਲਗਾਇਆ ਗਿਆ ਹੈ ਜਿਸ ਤੋਂ ਇਹ ਮਾਲੂਮ

1. ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਫ਼ੌਜੀ ਵਰਦੀ ਤੇ ਹੋਰ ਹਥਿਆਰ ਅਸਾਂ ਲਾਹੌਰ ਦੇ ਕਿਲੇ ਵਿਚ ਡਿੱਠੇ ਹਨ, ਜੋ ਹੁਣ ਤੀਕ ਉੱਥੇ ਮੌਜੂਦ ਹਨ, ਤੇ ਉਨ੍ਹਾਂ ਦੇ ਵੇਖਣ ਤੋਂ ਹੋਨਿੰਗਬਰਗਰ ਦੀ ਲਿਖਤ ਦੀ ਪ੍ਰੋੜ੍ਹਤਾ ਹੁੰਦੀ ਹੈ।

ਹੁੰਦਾ ਹੈ ਕਿ ਇਹ ਪਿਨ ਨਾਲ ਬੰਨ੍ਹੀ ਹੋਈ ਹੈ। ਪਤਲੂਨ ਨੀਲੇ ਰੰਗ ਦੀ ਬਨਾਤ ਦੀ ਸੀ, ਜਿਨ੍ਹਾਂ ਵਿਚ ਲਾਲ ਧਾਰੀ ਵੀ ਸੀ, ਪੱਗਾਂ ਕਿਰਮਚੀ ਰੰਗ ਦੇ ਰੇਸ਼ਮ ਦੀਆਂ ਸਨ, ਜਿਨ੍ਹਾਂ ਪਰ ਦਬਦਬੇ ਲਈ ਚਮਕਦਾਰ ਜਿਗ੍ਹਾ ਜਾਂ ਚੱਕਰ ਸਜਿਆ ਹੋਇਆ ਹੁੰਦਾ ਸੀ।"

ਇਸੇ ਤਰ੍ਹਾਂ ਆਸਬਰਨ ਲਿਖਦਾ ਹੈ ਕਿ, "ਖ਼ਾਲਸਾ ਫ਼ੌਜ ਲੰਮੇ ਕੂਚ ਕਰਨ ਵਿਚ ਸਾਡੀ ਫ਼ੌਜ ਤੋਂ ਵਧੀਆ ਹੈ। ਉਹ ਸੌਖੇ ਹੀ ਇਕ ਥਾਂ ਤੋਂ ਦੂਜੀ ਥਾਂ ਤਕ ਕੂਚ ਕਰ ਸਕਦੀ ਹੈ। ਕੂਚ ਦੇ ਸਮੇਂ ਇਨ੍ਹਾਂ ਨੂੰ ਗੱਡੀਆਂ ਜਾਂ ਭਾਰ ਬਰਦਾਰੀ ਦੀ ਲੰਮੀ ਮੁਥਾਜੀ ਨਹੀਂ ਕਰਨੀ ਪੈਂਦੀ, ਠੇਕੇਦਾਰ ਜੋ ਹਰ ਇਕ ਰਜਮੈਂਟ ਦੇ ਨਾਲ ਰਹਿੰਦਾ ਹੈ ਉਹ ਇਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ, ਜਿੰਨੇ ਵਕਤ ਵਿਚ 30000 ਖ਼ਾਲਸਾ ਫ਼ੌਜ ਬੜੀ ਸੌਖ ਨਾਲ ਤੇ ਥੋੜ੍ਹੇ ਖਰਚ ਵਿਚ ਕੂਚ ਕਰ ਸਕਦੀ ਹੈ, ਇੰਨੇ ਸਮੇਂ ਤੇ ਖਰਚ ਵਿਚ ਅੰਗਰੇਜ਼ੀ ਫ਼ੌਜ ਮਸਾਂ 3000 ਕੂਚ ਕਰਦੀ ਹੈ।"

ਇਹ ਖ਼ਾਲਸਾ ਫ਼ੌਜ ਦਾ ਨਮੂਨਾ ਹੈ ਜੋ ਮਹਾਰਾਜਾ ਨੇ ਆਪਣੀ ਯੋਗਤਾ ਤੇ ਮਿਹਨਤ ਨਾਲ ਤਿਆਰ ਕੀਤੀ ਸੀ।

## ਰਸਾਲੇ

ਪੈਦਲ ਪ. ਟਨਾ ਨੇ ਜਦ ਕਵਾਇਦ ਦਾ ਕੰਮ ਕੁਝ ਸਿੱਖ ਲਿਆ ਤਾਂ ਮਹਾਰਾਜਾ ਸਾਹਿਬ ਨੇ ਰਸਾਲਿਆਂ (ਘੋੜ-ਚੜ੍ਹਿਆਂ) ਦੇ ਸੁਧਾਰ ਵੱਲ ਆਪਣਾ ਧਿਆਨ ਦਿੱਤਾ। ਪਹਿਲੇ-ਪਹਿਲੇ ਇਹ ਖਿਆਲ ਸੀ ਕਿ ਕਿਉਂਕਿ ਫ਼ੌਜ ਵਿਚ ਖ਼ਾਲਸੇ ਪੈਦਲਾਂ ਨਾਲੋਂ ਰਸਾਲਿਆਂ ਨੂੰ ਵਧੇਰਾ ਚਾਹੁੰਦੇ ਹਨ, ਇਸ ਲਈ ਰਸਾਲਿਆਂ ਦੇ ਸੁਧਾਰ ਵਿਚ ਕੋਈ ਰੁਕਾਵਟ ਸਾਹਮਣੇ ਨਹੀਂ ਆਵੇਗੀ, ਪਰ ਮਹਾਰਾਜਾ ਸਾਹਿਬ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦ ਉਨ੍ਹਾਂ ਨੂੰ ਮਲੂਮ ਹੋਇਆ ਕਿ ਰਸਾਲਿਆਂ ਨੂੰ ਭੀ ਕਵਾਇਦ ਸਿਖਾਉਣ ਦੇ ਰਾਹ ਵਿਚ ਉਨੀਆਂ ਹੀ ਔਕੜਾਂ ਦਾ ਟਾਕਰਾ ਕਰਨਾ ਪਏਗਾ ਜਿੰਨੀਆਂ ਪੈਦਲਾਂ ਦੇ ਸਬੰਧ ਵਿਚ ਸਾਹਮਣੇ ਆਈਆਂ ਸਨ ਪਰ ਸ਼ੇਰੇ-ਪੰਜਾਬ ਦੇ ਅਡੋਲ ਮਨ ਨੇ ਬਹੁਤ ਛੇਤੀ ਹੀ ਇਨ੍ਹਾਂ ਸਾਰੀਆਂ ਰੁਕਾਵਟਾਂ ਉੱਪਰ ਸਫ਼ਲਤਾ ਪ੍ਰਾਪਤ ਕਰ ਲਈ।

ਸ਼ੇਰੇ-ਪੰਜਾਬ ਦੇ ਰਸਾਲਿਆਂ ਨੇ ਸਮਾਂ ਪਾ ਕੇ ਉਹ ਨਾਮਵਰੀ ਪ੍ਰਾਪਤ ਕੀਤੀ ਕਿ ਉਹ ਸੰਸਾਰ ਤੇ ਅਦੁੱਤੀ ਰਸਾਲੇ ਮੰਨੇ ਜਾਣ ਲਗੇ। ਸੰਨ 1838 ਵਿਚ ਲਾਰਡ ਆਕਲੈਂਡ ਨੇ ਮਹਾਰਾਜਾ ਦੇ ਰਸਾਲਿਆਂ ਦਾ ਕੰਮ ਡਿੱਠਾ ਜਿਨ੍ਹਾਂ ਬਾਬਤ ਉਨ੍ਹਾਂ ਦੀ ਇਹ ਰਾਏ ਸੀ ਕਿ .

"ਸੰਸਾਰਾ ਭਰ ਦੀਆਂ ਫ਼ੌਜਾਂ ਤੋਂ ਇਹ ਫ਼ੌਜਾਂ ਹਰ ਫ਼ੌਜੀ ਹੁਨਰ ਵਿਚ ਵਧੀਆ ਹੋਈਆਂ ਹਨ।"

ਇਸੇ ਤਰ੍ਹਾਂ ਮਿਸਟਰ ਬਾਰ ਨੇ ਆਪਣੀ ਡਾਇਰੀ ਦੇ ਸਫ਼ਾ 214 ਤੇ ਮਹਾਰਾਜਾ ਸਾਹਿਬ ਦੇ ਰਸਾਲਾ ਰਜਮੈਂਟਾਂ ਦੇ ਹਥਿਆਰਾਂ ਅਤੇ ਵਰਦੀ ਬਾਬਤ ਇਸ ਤਰ੍ਹਾਂ ਲਿਖਿਆ ਹੈ :

"ਸਵਾਰਾਂ ਦੀਆਂ ਜੈਕਟਾਂ ਲਾਲ ਰੰਗ ਦੀਆਂ ਹਨ, ਜਿਨ੍ਹਾਂ ਦੇ ਕਫ਼ ਅਤੇ ਸਾਹਮਣੇ ਦੀ

---

1 ਲਾਰਡ ਆਕਲੈਂਡ ਦੀਆਂ ਪ੍ਰਾਈਵੇਟ ਚਿੱਠੀਆਂ।

ਦਰੇਸ਼ੀ ਸੁਫੈਦ ਹੈ, ਪਤਲੂਨਾਂ ਦਾ ਰੰਗ ਗੂੜ੍ਹਾ ਨੀਲਾ ਹੈ, ਜਿਸ ਵਿਚ ਲਾਲ ਸੁਰਖ ਰੰਗ ਦੀ ਪੱਟੀ ਪਈ ਹੋਈ ਹੈ। ਪੱਗਾਂ ਰੇਸ਼ਮੀ ਸੁਰਖ ਰੰਗ ਦੀਆਂ ਹਨ, ਜਿਨ੍ਹਾਂ ਨੂੰ ਬੜੇ ਦਰਸ਼ਨੀ ਤਰੀਕੇ ਨਾਲ ਸਿਰਾਂ ਤੇ ਸਜਾਇਆ ਜਾਂਦਾ ਹੈ। ਉਨ੍ਹਾਂ ਉੱਪਰ ਚੱਕਰ ਅਤੇ ਖ਼ਾਲਸਾ ਨਿਸ਼ਾਨ ਇਨ੍ਹਾਂ ਦੀ ਸੋਭਾ ਨੂੰ ਦੂਣਾ ਕਰ ਦਿੰਦੇ ਹਨ। ਘੋੜਿਆਂ ਦੀਆਂ ਕਾਠੀਆਂ ਦਾ ਚਮੜਾ ਸੰਧੂਰੀ ਰੰਗ ਦੀ ਬਨਾਤ ਨਾਲ ਮੜ੍ਹਿਆ ਹੁੰਦਾ ਹੈ; ਜਿਸ ਦੇ ਅਖ਼ੀਰ ਤੇ ਫੀਤਾ ਤੇ ਝਾਲਰ ਲਟਕਦੀ ਹੈ। ਵਾਗਾਂ ਤੇ ਹੋਰ ਸਾਜ਼ ਸਮਿਆਨ ਨਾਲ ਪਿੱਤਲ ਦੇ ਚਮਕੀਲੇ ਧੁਕਧਕਸੂਏ ਲਗੇ ਹੋਏ ਹਨ। ਅਫ਼ਸਰਾਂ ਦੀ ਸਾਰੀ ਵਰਦੀ ਨਿਰੋਲ ਰੇਸ਼ਮੀ ਹੈ। ਸਵਾਰ ਲੰਮਾ ਨੇਜ਼ਾ, ਤਲਵਾਰ ਅਤੇ ਬੰਦੂਕ ਲੋੜ ਅਨੁਸਾਰ ਮੈਦਾਨੇ-ਜੰਗ ਵਿਚ ਵਰਤਦੇ ਹਨ।"

## ਤੋਪਖਾਨਾ

ਇਤਿਹਾਸਕ ਖੋਜ ਤੋਂ ਪਤਾ ਲਗਦਾ ਹੈ ਕਿ ਅਠਾਰ੍ਹਵੀਂ ਸਦੀ ਦੇ ਛੇਕੜ ਤਕ ਖ਼ਾਲਸਾ ਜੰਗਾਂ ਵਿਚ ਤੋਪਾਂ ਨੂੰ ਵਧੇਰਾ ਲੋੜੀਂਦਾ ਹਥਿਆਰ ਨਹੀ ਸੀ ਸਮਝਦਾ। ਇਸ ਸਮੇਂ ਤਕ ਇਹ ਆਮ ਖਿਆਲ ਸੀ ਕਿ ਸ਼ੇਰਵਾਈ ਹੱਲਾ ਕਰ ਕੇ ਵੈਰੀ ਤੋਂ ਤੋਪਾਂ ਖੋਹ ਲੈਣੀਆਂ ਕੋਈ ਕਠਨ ਕੰਮ ਨਹੀਂ ਸੀ। ਖਾਲਸੇ ਦੇ ਮਨ-ਭਾਂਵਦੇ ਹਥਿਆਰ ਤੀਰ ਕਮਾਨ, ਰੰਗੀ ਪੋਰੀ ਦਾ ਨੇਜ਼ਾ ਤੇ ਲਿਸ਼ਕਵੀਂ ਤਲਵਾਰ ਹੁੰਦੇ ਸਨ। ਮਿਸਲਾਂ ਦੇ ਛੇਕੜਲੇ ਦਿਨਾਂ ਵਿਚ ਖਾਲਸਾ ਬੰਦੂਕਾਂ ਵੀ ਵਰਤਦਾ ਰਿਹਾ ਪਰ ਤੋਪਾਂ ਦਾ ਜ਼ਿਕਰ ਬਹੁਤ ਘੱਟ ਆਉਂਦਾ ਹੈ।

ਸਭ ਤੋਂ ਪਹਿਲਾਂ ਅਸੀ ਸੰਨ 1701 ਵਿਚ ਪੜ੍ਹਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਲੜਾਈ ਵਿਚ ਬਾਦਸ਼ਾਹੀ ਫ਼ੌਜ ਦੇ ਟਾਕਰੇ ਤੇ ਤੋਪਾਂ ਵਰਤੀਆਂ।[1] ਇਸ ਦੇ ਪਿੱਛੋਂ ਮੁੜ ਸੰਨ 1710 ਤੇ 1715 ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਲਕੜੀ ਦੀਆ ਤੋਪਾ ਤੋਂ ਮੈਦਾਨੇ-ਜੰਗ ਵਿਚ ਕੰਮ ਲਿਆ।[2] ਲਕੜੀ ਦੀਆਂ ਤੋਪਾਂ ਬਣਾਉਣ ਦਾ ਢੰਗ ਬੜਾ ਅਜੀਬ ਲਿਖਿਆ ਹੈ: ਇਮਲੀ ਦੇ ਦਰਖ਼ਤ ਦਾ ਤਨਾ ਸਵਾ ਗਜ਼ ਲੰਮਾ ਵੱਢ ਕੇ ਇਸ ਨੂੰ ਵਿਚੋਂ ਖੋਖਲਾ ਕਰ ਲੈਂਦੇ ਸਨ, ਇਸ ਨੂੰ ਪਕਿਆਂ ਕਰਨ ਲਈ ਲੋਹੇ ਦੀ ਪੱਟੀ ਦੇ ਬੰਦ ਨਾਲੋ ਨਾਲ ਇਸ ਖੋਖਲੀ ਲਕੜੀ ਦੀ ਨਾਲੀ ਉੱਪਰ ਕਸ ਦਿੰਦੇ ਸਨ, ਇਸ ਲਕੜੀ ਦਾ ਇਕ ਸਿਰਾ ਜੋ ਬੰਦ ਹੁੰਦਾ ਸੀ ਉਸ ਵਿਚ ਇਕ ਬਾਰੀਕ ਸੁਰਾਖ ਪਲੀਤੇ ਲਈ ਪਾਇਆ ਜਾਂਦਾ ਸੀ, ਫੇਰ ਲੋੜ ਅਨੁਸਾਰ ਇਸ ਨਾਲੀ ਵਿਚ ਬਾਰੂਦ ਭਰ ਕੇ ਲੋਹੇ ਜਾਂ ਪੱਥਰ ਦਾ ਗੋਲਾ ਇਸ ਵਿਚ ਚਲਾਉਂਦੇ ਸਨ।[3]

---

1. ਇਨ੍ਹਾਂ ਤੋਪਾਂ ਵਿਚੋਂ ਦੋ ਲਾਹੌਰ ਦੇ ਅਜੈਬ-ਘਰ ਵਿਚ ਪਈਆਂ ਸਨ। ਇਹ ਅਨੰਦਪੁਰ ਦੇ ਕਿਲੇ ਦੇ ਲਾਗਿਉਂ ਖੁਦਾਈ ਕਰਦਿਆਂ ਮਹਿਕਮਾ ਆਸਾਰੇ ਕਦੀਮਾ (ਆਰਕੀਆਲੋਜੀ) ਵਾਲਿਆਂ ਨੂੰ ਮਿਲੀਆਂ, ਜੋ ਲਾਹੌਰ ਦੇ ਅਜੈਬ-ਘਰ ਵਿਚ ਰਖੀਆਂ ਗਈਆਂ। ਦੇਸ਼ ਦੀ ਵੰਡ ਸਮੇਂ ਇਹ ਲਾਹੌਰ ਤੋਂ ਪੂਰਬੀ ਪੰਜਾਬ ਵਿਚ ਲੈ ਆਂਦੀਆਂ ਗਈਆਂ।
2. ਰੋਜ਼ਨਾਮਚਾ ਕਾਮਵਰ ਖਾਨ ਗੁਲਾਮ ਮਟੱਯੁਦੀਨ ਖਾਨ, ਸਫ਼ਾ 37; ਇਰਵਨ, *ਦੀ ਆਰਮੀ ਔਫ਼ ਇੰਡੀਅਨ ਮੁਗਲਜ਼*, ਸਫ਼ਾ 128
3. ਇਰਵਨ, *ਦੀ ਆਰਮੀ ਔਫ਼ ਇੰਡੀਅਨ ਮੁਗਲਜ਼*, ਸਫ਼ਾ 128

ਇਸ ਦੇ ਪਿੱਛੋਂ ਖ਼ਾਲਸੇ ਨੇ ਕਈ ਜੰਗਾਂ ਵਿਚ ਭਾਰੀਆਂ ਕੁਰਬਾਨੀਆਂ ਨਾਲ ਵੈਰੀਆਂ ਤੋਂ ਤੋਪਾਂ ਖੋਹੀਆਂ ਪਰ ਆਪਣੇ ਵੱਲੋਂ ਬਹੁਤ ਹੀ ਘੱਟ ਉਨ੍ਹਾਂ ਨੂੰ ਜੁਧਾਂ ਵਿਚ ਵਰਤਿਆ।

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜੀਵਨ ਦੇ ਆਰੰਭ ਵਿਚ ਤੋਪਾਂ ਦੀ ਲੋੜ ਨੂੰ ਬਹੁਤ ਹੀ ਜਰੂਰੀ ਸਮਝਿਆ। ਉਨ੍ਹਾਂ ਦੇ ਦਿਲ ਵਿਚ ਤੋਪਾਂ ਦੀ ਬੜੀ ਕਦਰ ਸੀ, ਉਹ ਆਉਣ ਵਾਲੇ ਸਮੇਂ ਲਈ ਤੋਪਾਂ ਨੂੰ ਹੀ ਕਾਮਯਾਬੀ ਦਾ ਮੁੱਖ ਹਥਿਆਰ ਸਮਝਦੇ ਸਨ।[1]

ਜਦੋਂ ਪੈਦਲ ਪਲਟਨਾਂ ਤੇ ਰਸਾਲੇ ਤਿਆਰ ਹੋ ਗਏ ਤਾਂ ਸ਼ੇਰੇ-ਪੰਜਾਬ ਨੇ ਆਪਣਾ ਸਾਰਾ ਧਿਆਨ ਤੋਪਖਾਨਿਆਂ ਦੀ ਤਿਆਰੀ ਵੱਲ ਲਾ ਦਿੱਤਾ। ਖ਼ਾਲਸਾ ਦਰਬਾਰ ਦੀਆਂ ਲਿਖਤਾਂ ਨੂੰ ਵਾਚਿਆਂ ਮਾਲੂਮ ਹੁੰਦਾ ਹੈ ਕਿ ਪਹਿਲੇ ਪਹਿਲ ਸਿੰਘ ਬਹੁਤ ਘੱਟ ਤੋਪਖਾਨਿਆਂ ਵਿਚ ਭਰਤੀ ਹੋਏ। ਇਸ ਨੂੰ ਵਧੇਰਾ ਹਿੰਦੁਸਤਾਨੀ ਮੁਸਲਮਾਨ ਹੀ ਚਲਾਉਂਦੇ ਸਨ। ਸੰਨ 1814 ਦੇ ਪਿੱਛੋਂ ਅਸੀਂ ਸਿੰਘਾਂ ਨੂੰ ਫ਼ੌਜ ਦੇ ਇਸ ਭਾਗ ਵਿਚ ਵੇਖਦੇ ਹਾਂ, ਪਰ ਵੱਡੀ ਹੈਰਾਨਗੀ ਦੀ ਗੱਲ ਇਹ ਹੈ ਕਿ ਤੋਪਖਾਨੇ ਦੇ ਕੰਮ ਨੂੰ ਖਾਲਸੇ ਨੇ ਆਪਣੇ ਹੱਥ ਵਿਚ ਲੈਂਦਿਆਂ ਹੀ ਇਸ ਵਿਚ ਉਹ ਕਮਾਲ ਪ੍ਰਾਪਤ ਕੀਤਾ ਕਿ ਸੰਸਾਰ ਉੱਪਰ ਮਹਾਰਾਜੇ ਦੇ ਤੋਪਖਾਨਿਆਂ ਦੀ ਧਾਕ ਬੈਠ ਗਈ।[2]

ਪਹਿਲਾਂ ਹਰ ਇਕ ਪਲਟਨ ਨਾਲ ਦੋ-ਦੋ ਤੋਪਾਂ ਸਣੇ ਸਮਿਆਨ ਦੇ ਹੁੰਦੀਆਂ ਸਨ, ਪਰ ਥੋੜ੍ਹੇ ਸਾਲਾਂ ਦੇ ਪਿੱਛੋਂ ਤੋਪਖਾਨਾ ਫ਼ੌਜ ਦੇ ਵੱਖ ਡੇਰੇ ਤਿਆਰ ਕੀਤੇ ਗਏ ਜੋ ਚਹੁੰ ਭਾਗਾਂ ਵਿਚ ਵੰਡੇ ਹੋਏ ਸਨ :

1. ਤੋਪਖਾਨਾ ਅਸਪੀ ਜਿਸ ਨੂੰ ਘੋੜੇ ਖਿੱਚਦੇ ਸਨ।
2. ਤੋਪਖਾਨਾ ਗਾਵੀ ਜਿਸ ਨੂੰ ਬੈਲ ਖਿੱਚਦੇ ਸਨ।
3. ਤੋਪਖਾਨਾ ਸ਼ੁਤਰੀ, ਹਲਕੀਆਂ ਤੋਪਾਂ ਜੋ ਊਠਾਂ ਤੇ ਲੱਦੀਆਂ ਜਾਂਦੀਆਂ ਸਨ।[2]
4. ਤੋਪਖਾਨਾ ਫੀਲਬਾਤਨੀ, ਭਾਰੀ ਤੋਪਾਂ ਜੋ ਹਾਥੀਆਂ ਤੇ ਲੱਦੀਆਂ ਜਾਂਦੀਆਂ ਸਨ ਜਾਂ ਜਿਨ੍ਹਾਂ ਨੂੰ ਹਾਥੀ ਖਿੱਚਦੇ ਸਨ।

ਇਕ ਤੋਪ ਅੱਗੇ ਦੋ ਹਾਥੀ ਅਗਾੜ-ਪਿਛਾੜ ਜੋੜੇ ਜਾਂਦੇ ਸਨ, ਅਤੇ ਪਹਾੜੀ ਬਿਖੜੇ ਰਸਤਿਆਂ ਉੱਪਰ ਚੜ੍ਹਨ ਲਈ ਇਕ ਤੀਜਾ ਹਾਥੀ ਆਪਣਾ ਸਿਰ ਤੋਪ ਦੇ ਪਿੱਛੇ ਡਾਹ ਕੇ ਧਕਦਾ ਸੀ। ਕਦੀ-ਕਦੀ ਤੋਪਾਂ ਹਾਥੀਆਂ ਦੀ ਪਿੱਠ ਤੇ ਵੀ ਲੱਦੀਆਂ ਜਾਂਦੀਆਂ ਸਨ। ਪਹਾੜੀ ਇਲਾਕਿਆਂ ਅਤੇ ਕਠਨ ਘਾਟੀਆਂ ਵਿਚ ਹਾਥੀਆਂ ਦਾ ਤੋਪਖਾਨਾ ਬੜਾ ਲਾਭਦਾਇਕ ਸਿਧ ਹੁੰਦਾ ਸੀ। ਪਰ ਇਹ ਗੱਲ ਬੜੀ ਹੈਰਾਨ ਕਰ ਦੇਣ ਵਾਲੀ ਹੈ ਕਿ ਮਹਾਰਾਜਾ ਦੇ ਹਾਥੀਆਂ ਦੇ ਤੋਪਖਾਨੇ ਦਾ ਬਹੁਤ ਘੱਟ ਜਿਕਰ ਲੇਖਕਾਂ ਨੇ ਲਿਖਿਆ ਹੈ। ਹਾਲਾਂ ਕਿ ਸ਼ੇਰੇ-ਪੰਜਾਬ ਦੇ ਸਮੇਂ ਤੋਂ ਲੈ ਕੇ ਖ਼ਾਲਸਾ ਰਾਜ ਦੇ ਛੇਕੜਲੇ ਦਿਨਾਂ ਤਕ ਹਾਥੀਆਂ ਦੇ ਤੋਪਖਾਨਿਆਂ ਦੀ ਰਾਹੀਂ ਭਾਰੀਆਂ ਸਫ਼ਲਤਾਈਆਂ ਪ੍ਰਾਪਤ ਕੀਤੀਆਂ ਗਈਆਂ ਪਰ ਇਨ੍ਹਾਂ ਦਾ ਹਾਲ ਬਹੁਤ ਘੱਟ ਲਿਖਤ ਵਿਚ ਮਿਲਦਾ ਹੈ। ਸਭ ਤੋਂ ਪਹਿਲੀ ਲਿਖਤ ਜੋ ਹਾਥੀਆਂ ਦੇ ਤੋਪਖਾਨੇ ਸੰਬੰਧੀ ਮਿਲਦੀ ਹੈ, ਉਹ ਇਹ ਹੈ ਕਿ ਸੰਨ 1819 ਵਿਚ ਮਹਾਰਾਜਾ ਸਾਹਿਬ ਨੇ ਜਦ ਕਸ਼ਮੀਰ ਪਰ ਚੜ੍ਹਾਈ ਕੀਤੀ

1. ਸਰ ਜਾਹਨ ਕੇ, *ਲਾਈਵਿਜ਼ ਔਫ ਸਰ ਚਾਰਲਸ ਮੈਟਕਾਫ*, ਜਿਲਦ 1, ਸਫਾ 276
2. ਇਨ੍ਹਾਂ ਤੋਪਾਂ ਵਿਚੋਂ ਕੁਝ ਕੁ ਲਾਹੌਰ ਦੇ ਕਿਲੇ ਵਿਚ ਇਸ ਸਮੇਂ ਤਕ ਮੌਜੂਦ ਹਨ।

ਤਾਂ ਇਸ ਸਮੇਂ ਪਹਾੜਾਂ ਦੀਆਂ ਚੋਟੀਆਂ ਉੱਪਰ ਹਾਥੀਆਂ ਪਰ ਤੋਪਾਂ ਪਹੁੰਚਾਈਆਂ ਗਈਆਂ। ਕਿਲਾ ਅਜ਼ੀਮਗੜ੍ਹ ਇਕ ਉੱਚੀ ਪਹਾੜੀ ਦੀ ਚੋਟੀ ਉੱਤੇ ਸੀ, ਜਿਸ ਦੇ ਫ਼ਤਹਿ ਕਰਨ ਲਈ ਹਾਥੀਆਂ ਰਾਹੀ ਤੋਪਾਂ ਪਹੁੰਚਾਈਆਂ ਗਈਆ ਤੇ ਇਨ੍ਹਾ ਦੀ ਮੱਦਦ ਨਾਲ ਕਿਲਾ ਫ਼ਤਹਿ ਕੀਤਾ ਗਿਆ।

ਇਸੇ ਤਰ੍ਹਾਂ ਸੰਨ 1821 ਵਿਚ ਰਾਜਾ ਚੰਬਾ ਦੇ ਇਲਾਕੇ ਪਰ ਚੜ੍ਹਾਈ ਕੀਤੀ ਗਈ ਤਾਂ ਕਿਲਾ ਤਾਰਾਗੜ੍ਹ ਤੇ ਰਹਲੂ ਨੂੰ ਸਰ ਕਰਨ ਲਈ ਫੀਲਖ਼ਾਤਰੀ ਤੋਂ ਹੀ ਕੰਮ ਲਿਆ ਗਿਆ ਸੀ। ਫਿਰ ਸਰ ਹੈਨਰੀ ਲਾਰੰਸ ਦੇ ਸਮੇਂ ਸੰਨ 1846 ਵਿਚ ਜਦ ਕਾਂਗੜੇ ਦੇ ਕਿਲੇ ਨੂੰ ਮੁੜ ਸਰ ਕਰਨ ਦੀ ਲੋੜ ਪਈ ਤਾਂ ਹਾਥੀਆਂ ਦਾ ਤੋਪਖਾਨਾ ਹੀ ਭੇਜਿਆ ਗਿਆ ਸੀ।[1]

ਸੰਨ 1847 ਵਿਚ ਜਦ ਜੇਮਜ਼ ਐਬਟ ਹਜ਼ਾਰੇ ਤੇ ਕਸ਼ਮੀਰ ਦੀ ਹਦਬੰਦੀ ਲਈ ਨੀਯਤ ਹੋਇਆ ਤਾ ਇਸ ਨੂੰ ਢੌਂਡ ਕੌਮ ਦੀ ਸੋਟਸ਼ ਨੂੰ ਦਬਾਉਣ ਲਈ ਲਾਹੌਰ ਦਰਬਾਰ ਵੱਲੋਂ ਸਰਦਾਰ ਝੰਡਾ ਸਿੰਘ ਦੀ ਤਹਿਤ ਵਿਚ 2300 ਜਵਾਨ ਪੈਦਲ ਤੇ ਅੱਠ ਵੱਡੀਆਂ ਤੋਪਾਂ ਭੇਜੀਆ ਗਈਆਂ। ਇਸ ਸਮੇਂ ਇਹ ਅੱਠੇ ਤੋਪਾਂ ਹਾਥੀਆਂ ਤੇ ਲੱਦੀਆ ਹੋਈਆਂ ਸਨ, ਰਸਤਾ ਪਹਾੜੀ ਤੇ ਬਿਖੜਾ ਹੋਣ ਕਰਕੇ ਇਨ੍ਹਾਂ ਵਿਚੋ ਦੋ ਹਾਥੀ ਪਹਾੜ ਦੀ ਖੱਡ ਵਿਚ ਡਿਗ ਪਏ।[2] ਉੱਪਰ ਲਿਖੇ ਵਾਕਿਆਤ ਤੋਂ ਸਿੱਧ ਹੋ ਜਾਦਾ ਹੈ ਕਿ ਖ਼ਾਲਸਾ ਰਾਜ ਸਮੇਂ ਫੀਲਖ਼ਾਤਰੀ ਨੇ ਮੈਦਾਨੇ-ਜੰਗ ਵਿਚ ਬੜੀ ਭਾਰੀ ਕਾਮਯਾਬੀ ਪ੍ਰਾਪਤ ਕੀਤੀ ਸੀ।

## ਤੋਪਖਾਨਿਆਂ ਦਾ ਪ੍ਰਬੰਧ

ਤੋਪਖਾਨੇ ਦੇ ਅਹੁਦੇਦਾਰ ਲਗਭਗ ਪੈਦਲ ਰਜਮੈਂਟਾ ਦੀ ਤਰ੍ਹਾਂ ਸਨ। ਇਕ ਤੋਪਖਾਨੇ ਵਿਚ ਦਸ-ਦਸ ਤੋਪਾ ਹੁੰਦੀਆਂ ਸਨ। ਦਸ ਤੋਪਾਂ ਲਈ 250 ਜਵਾਨ ਇਕ ਕਮਾਂਡਰ ਦੀ ਤਹਿਤ ਵਿਚ ਹੁੰਦੇ ਸਨ, ਜਿਸ ਦੀ ਸਹਾਇਤਾ ਲਈ ਇਕ ਮੇਜਰ ਤੇ ਅਜੀਟਨ ਹੁੰਦਾ ਸੀ। ਹਰ ਇਕ ਤੋਪ ਲਈ ਅਠ ਗੋਲੰਦਾਜ, ਇਕ ਜਮਾਂਦਾਰ ਦੇ ਹੁਕਮ ਵਿਚ ਕੰਮ ਕਰਦੇ ਹੁੰਦੇ ਸਨ। ਗਰੰਥੀ, ਬੇਲਦਾਰ, ਮਿਸਤਰੀ, ਘੜਿਆਲੀਂ, ਝੰਡਾ ਬਰਦਾਰ ਤੇ ਖਲਾਸੀ ਹਰ ਤੋਪਖਾਨੇ ਨਾਲ ਜ਼ਰੂਰੀ ਸਨ।

ਮਹਾਰਾਜਾ ਸਾਹਿਬ ਦੇ ਤੋਪਖਾਨੇ ਉਨ੍ਹਾਂ ਦੀ ਨਿਤ ਦੀ ਘਾਲ ਦੇ ਕਾਰਨ ਉਸ ਕਮਾਲ ਪਰ ਪਹੁੰਚੇ ਕਿ ਉਸ ਸਮੇਂ ਇਹ ਆਮ ਖਿਆਲ ਸੀ ਕਿ ਸ਼ੇਰੇ-ਪੰਜਾਬ ਦੇ ਤੋਪਖਾਨੇ ਹਿੰਦ ਵਿਚ ਸਭ ਤੋਂ ਪਹਿਲੇ ਦਰਜੇ ਤੇ ਹਨ। ਕੁਝ ਕੁ ਵਾਕਫ਼ਕਾਰ ਅੰਗਰੇਜ਼ਾਂ ਨੇ ਮਹਾਰਾਜੇ ਦੇ ਤੋਪਖਾਨਿਆ ਬਾਬਤ ਇਸ ਤਰ੍ਹਾਂ ਦੀ ਰਾਇ ਲਿਖੀ ਹੈ। ਆਸਬਰਨ, ਜੋ ਲਾਰਡ ਆਕਲੈਂਡ, ਗਵਰਨਰ ਜੈਨਰਲ ਹਿੰਦ ਦਾ ਮਿਲਟਰੀ ਸੈਕਰੇਟਰੀ ਸੀ ਤੇ ਫ਼ੌਜੀ ਕੰਮਾਂ ਦਾ ਬੜਾ ਮਾਹਿਰ ਸਮਝਿਆ ਜਾਦਾ ਸੀ ਇਹ ਆਪਣੀ 3 ਜੂਨ 1838 ਦੀ ਡਾਇਰੀ ਵਿਚ ਲਿਖਦਾ ਹੈ ਕਿ "ਮੈਂ ਅੱਜ ਮਹਾਰਾਜਾ ਸਾਹਿਬ ਨਾਲ ਉਨ੍ਹਾਂ ਦੇ ਤੋਪਖਾਨਿਆਂ ਦੀ ਚਾਂਦਮਾਰੀ ਵੇਖਣ ਲਈ ਗਿਆ,

---

1. ਬਾਸਵਥ ਸਮਿਥ, *ਲਾਈਫ ਆਫ ਲਾਰਡ ਲਾਰੰਸ*, ਸਫੇ 175-176
2. *ਹਿਸਟਰੀ ਆਫ ਦੀ ਹਜ਼ਾਰਾ ਡਿਸਟ੍ਰਿਕਟ*, ਸਫਾ 141

ਉੱਥੇ ਅਸੀ 12 ਅਸਪੀ ਤੋਪਾਂ ਵੇਖੀਆਂ ਜੋ ਡਾਢੇ ਵਧੀਆ ਸਾਜ਼ੋ ਸਮਾਨ ਨਾਲ ਸਜੀਆਂ ਹੋਈਆਂ ਸਨ। ਮਹਾਰਾਜਾ ਦੀਆਂ ਇਨ੍ਹਾਂ ਤੋਂ ਭੀ ਵਧੀਆ ਤੋਪਾਂ ਲਾਹੌਰ ਵਿਚ ਹਨ। ਅੱਠ ਅਤੇ ਬਾਰਾਂ ਸੌ ਗਜ਼ ਤੋਂ ਇਨ੍ਹਾਂ ਦੀ ਚਾਂਦਮਾਰੀ ਬੜੀ ਵਧੀਆ ਸੀ। ਬਹੁਤ ਸਾਰੇ ਗੋਲੇ ਠੀਕ ਨਿਸ਼ਾਨੇ ਉੱਪਰ ਜਾ ਕੇ ਪਾਟੇ ਸਨ।" ਫਿਰ ਉਹ 22 ਜੂਨ ਨੂੰ ਲਿਖਦਾ ਹੈ, "ਅੱਜ ਮੈਂ 53 ਅਸਪੀ ਤੋਪਾਂ ਕਵਾਇਦ ਦੇ ਮੈਦਾਨ ਵਿਚ ਵੇਖੀਆਂ ਜੋ ਮਹਾਰਾਜਾ ਸਾਹਿਬ ਦੇ ਆਪਣੇ ਕਾਰਖਾਨਿਆਂ ਵਿਚ ਤਿਆਰ ਕੀਤੀਆਂ ਗਈਆਂ ਹਨ। ਮੇਰੀ ਰਾਏ ਵਿਚ ਇਸ ਸਮੇਂ ਦੇਸੀ ਤਾਕਤਾਂ ਕੋਲ ਐਸਾ ਸ਼ਕਤੀਵਰ ਤੋਪਖਾਨਾ ਕਿਤੇ ਵੀ ਨਹੀਂ।"

24 ਜੂਨ ਨੂੰ ਮੁੜ ਇਸ ਨੂੰ ਮਹਾਰਾਜੇ ਦੇ ਤੋਪਖਾਨੇ ਦੇ ਕਮਾਲ ਵੇਖਣ ਦਾ ਸਮਾਂ ਮਿਲਿਆ। ਇਸ ਦਿਨ ਇਹ ਲਿਖਦਾ ਹੈ, "ਮੈਂ ਅੱਜ 13 ਤੋਪਾਂ ਦੀ ਕਵਾਇਦ ਵੇਖੀ, ਇਨ੍ਹਾਂ ਦੀ ਚਾਂਦਮਾਰੀ ਦਾ ਟਾਕਰਾ ਸੰਸਾਰ ਦਾ ਕੋਈ ਤੋਪਖਾਨਾ ਨਹੀਂ ਕਰ ਸਕਦਾ। ਪਹਿਲੇ ਫਾਇਰ ਨਾਲ ਹੀ ਚਾਂਦ ਟੁਕੜੇ-ਟੁਕੜੇ ਹੋ ਗਿਆ। ਮੈਂ ਇਨ੍ਹਾਂ ਦੇ ਕਮਾਲਾਤ ਵੇਖ ਕੇ ਹੈਰਾਨ ਹੋ ਗਿਆ ਹਾਂ, ਇਸ ਤੋਂ ਵੱਧ ਹੈਰਾਨੀ ਇਸ ਗੱਲ ਦੀ ਹੈ ਕਿ ਸਭ ਕੁਝ ਬਹੁਤ ਥੋੜ੍ਹੇ ਸਮੇਂ ਵਿਚ ਤਿਆਰ ਕੀਤਾ ਗਿਆ ਹੈ। ਮੈਂ ਆਪ ਨਿਸ਼ਾਨੇ ਪਾਸ ਪੁੱਜਾ ਤਾਂ ਵੇਖਿਆ ਕਿ ਚਾਂਦਮਾਰੀ ਦਾ ਪਰਦਾ ਟੁਕੜੇ-ਟੁਕੜੇ ਹੋਇਆ ਪਿਆ ਸੀ।"

ਲੈਫਟੀਨੈਂਟ ਬਾਰ ਤੇ ਬੈਰਨ ਹਿਊਗਲ ਦੀਆਂ ਰਾਵਾਂ ਲਿਖੀਏ ਤਾਂ ਲਿਖਤ ਦੇ ਬਹੁਤ ਵੱਧ ਜਾਣ ਦਾ ਡਰ ਹੈ। ਮੁੱਕਦੀ ਗੱਲ ਇਹ ਹੈ ਕਿ ਜਿਨ੍ਹਾਂ ਨੇ ਮਹਾਰਾਜਾ ਦੇ ਤੋਪਖਾਨੇ ਦੇ ਕਮਾਲ ਡਿੱਠੇ—ਚਾਹੇ ਉਹ ਅੰਗਰੇਜ਼ ਸਨ ਜਾਂ ਅਮਰੀਕਨ—ਉਨ੍ਹਾਂ ਸਭਨਾ ਦੀ ਸੰਮਤੀ ਇਹ ਸੀ ਕਿ ਮਹਾਰਾਜੇ ਦਾ ਤੋਪਖਾਨਾ ਉਸ ਸਮੇਂ ਅਦੁੱਤੀ ਸੀ।

ਤੋਪਖਾਨੇ ਦੇ ਜਵਾਨਾਂ ਦੀ ਵਰਦੀ ਬਾਰੇ ਮਿਸਟਰ ਬਾਰ ਲਿਖਦਾ ਹੈ, "ਇਨ੍ਹਾਂ ਦੀ ਵਰਦੀ ਸਾਡੇ (ਅੰਗਰੇਜ਼ੀ) ਤੋਪਖਾਨਿਆਂ ਦੇ ਜਵਾਨਾਂ ਵਰਗੀ ਹੈ, ਫਰਕ ਕੇਵਲ ਇੰਨਾ ਹੈ ਕਿ ਸਿਰ ਦੇ ਟੋਪੀਆਂ ਦੀ ਥਾਂ ਖ਼ਾਲਸੇ ਦੀਆਂ ਰਤੀਆਂ ਰੇਸ਼ਮੀ ਤੇ ਚਮਕੀਲੀਆਂ ਪੱਗਾਂ ਹਨ। ਸਫੇਦ ਪਤਲੂਨਾਂ ਦੇ ਉੱਪਰ ਗੋਡਿਆਂ ਤਕ ਲੰਮੇ ਬੂਟ, ਲਾਲ ਕੁੜਤੀਆਂ ਜਿਨ੍ਹਾਂ ਦੇ ਉੱਪਰ ਕਾਲੇ ਚਮੜੇ ਦੇ ਕਮਰਬੰਦ, ਜਿਨ੍ਹਾਂ ਤੇ ਚਮਕੀਲੇ ਪਿੱਤਲ ਦੀਆਂ ਕੜੀਆਂ ਤੇ ਕੰਡੇ ਲਗੇ ਹੋਏ ਹਨ, ਤਲਵਾਰਾਂ ਦੇ ਮਿਆਨ ਭੀ ਇਸੇ ਹੀ ਰੰਗ ਦੇ ਹਨ।"

ਪਾਠਕ ਇਹ ਪੜ੍ਹਕੇ ਵਧੇਰੇ ਹੈਰਾਨ ਹੋਣਗੇ ਕਿ ਐਸੇ ਅਦੁੱਤੀ ਤੋਪਖਾਨਿਆਂ ਦੀਆਂ ਸਾਰੀਆਂ ਤੋਪਾਂ ਮਹਾਰਾਜਾ ਰਣਜੀਤ ਸਿੰਘ ਦੇ ਆਪਣਿਆਂ ਕਾਰਖਾਨਿਆਂ ਵਿਚ ਢਾਲੀਆਂ ਗਈਆਂ ਸਨ, ਇਨ੍ਹਾਂ ਵਿਚੋਂ ਕੁਝ ਕੁ ਕਾਰਖਾਨਿਆਂ ਦਾ ਵੇਰਵਾ, ਤੋਪਾਂ ਦੇ ਨਾਂ ਅਤੇ ਤੋਪਸਾਜ਼ ਕਾਰੀਗਰਾਂ ਦੇ ਨਾਂ ਪਾਠਕ ਪਿੱਛੇ ਪੜ੍ਹ ਆਏ ਹਨ।

ਮਹਾਰਾਜਾ ਰਣਜੀਤ ਸਿੰਘ ਨੇ ਫ਼ੌਜ ਬਾਰੇ ਇਕ ਪੁਸਤਕ ਫ਼ਾਰਸੀ ਵਿਚ ਤਿਆਰ ਕਰਵਾਈ ਸੀ ਜਿਸ ਵਿਚ ਫ਼ੌਜ ਦੀ ਵਰਦੀ, ਹਥਿਆਰ ਅਤੇ ਕਵਾਇਦ ਸਿਖਾਣ ਲਈ, ਕਵਾਇਦ ਦੇ ਅਰੰਭ ਕਰਨ ਤੋਂ ਇਸ ਦੇ ਸੰਪੂਰਨ ਕਰਨ ਤਕ ਸਾਰੇ ਢੰਗ ਅਤੇ ਹਰਕਤਾਂ ਰੰਗਦਾਰ ਮੂਰਤਾਂ ਵਿਚ ਦਰਸਾਈਆਂ ਗਈਆਂ ਹਨ। ਇਸ ਪੁਸਤਕ ਵਿਚ ਖ਼ਾਲਸਾ ਫ਼ੌਜ ਬਾਰੇ ਬੜੇ ਵਿਸਥਾਰ

ਨਾਲ ਸਮਾਚਾਰ ਮਿਲਦੇ ਹਨ। ਇਸ ਦਾ ਨਾਂ 'ਤਰਜਮਾ ਕਵਾਇਦੇ ਸਿੱਖ' ਹੈ। ਇਹ ਪੁਸਤਕ ਹੁਣ ਗੌਰਮਿੰਟ ਰੀਕਾਰਡ ਆਫਿਸ ਸ਼ਿਮਲਾ ਵਿਚ ਮੌਜੂਦ ਹੈ। ਅਸੀਂ ਇਸ ਬਹੁਮੁੱਲੀ ਪੁਸਤਕ ਤੋਂ ਸਹਾਇਤਾ ਲਈ ਹੈ।

## ਖ਼ਾਲਸਾ ਰਾਜ ਦੇ ਖਿਤਾਬ

ਖ਼ਾਲਸਾ ਰਾਜ ਸਮੇਂ ਰਾਜ ਦੀ ਉੱਨਤੀ ਅਤੇ ਵਾਧੇ ਲਈ ਸੇਵਾ ਕਰਨ ਵਾਲਿਆਂ ਨੂੰ ਕੀਤੀ ਹੋਈ ਕੁਰਬਾਨੀ ਤੇ ਘਾਲ ਅਨੁਸਾਰ ਪਦ (ਖਿਤਾਬ) ਮਿਲਦੇ ਹੁੰਦੇ ਸਨ। ਇਹ ਪਦ ਪੰਜ ਭਾਗਾਂ ਵਿਚ ਵੰਡੇ ਹੋਏ ਸਨ।

ਧਾਰਮਕ ਸੇਵਾ ਕਰਨ ਵਾਲਿਆਂ ਲਈ : ਭਾਈ ਸਾਹਿਬ
ਕ੍ਰਿਪਾ ਨਿਧਾਨ
ਤਰਨ ਤਾਰਨ ਦੋ ਜਹਾਨ

ਇਨ੍ਹਾਂ ਪਦਾਂ ਵਿਚੋਂ ਭਾਈ ਗੁਰਮੁਖ ਸਿੰਘ ਨੂੰ 'ਭਾਈ ਸਾਹਿਬ' ਦਾ ਪਦ ਮਿਲਿਆ ਹੋਇਆ ਸੀ। ਇਸੇ ਤਰ੍ਹਾਂ ਭਾਈ ਰਾਮ ਸਿੰਘ ਨੂੰ 'ਕ੍ਰਿਪਾ ਨਿਧਾਨ', ਭਾਈ ਗੋਬਿੰਦ ਰਾਮ ਨੂੰ 'ਭਾਈ ਸਾਹਿਬ' ਤੇ 'ਕ੍ਰਿਪਾ ਨਿਧਾਨ' ਦੀ ਪਦਵੀ ਮਿਲੀ ਹੋਈ ਸੀ।

ਖ਼ਾਲਸਾ ਰਾਜ ਸਮੇਂ ਜੰਗੀ ਖਿਤਾਬ ਬਹੁਤ ਜ਼ਿਆਦਾ ਸਨ। ਇਨ੍ਹਾਂ ਪਦਾਂ ਨਾਲ ਜਗੀਰਾਂ, ਖਲਤਾਂ, ਨਕਦ ਇਨਾਮ ਅਤੇ ਹੋਰ ਕਈ ਤਰ੍ਹਾਂ ਦੀਆਂ ਬਖਸ਼ਿਸ਼ਾਂ ਵੀ ਦਿੱਤੀਆਂ ਜਾਂਦੀਆਂ ਸਨ। ਖਿਤਾਬਾਂ ਦੇ ਰਚਣ ਵਿਚ ਪੰਜਾਬੀ, ਫ਼ਾਰਸੀ, ਅਰਬੀ ਅਤੇ ਸੰਸਕ੍ਰਿਤ ਤੋਂ ਚੋਣਵੇਂ ਤੇ ਢੁੱਕਵੇਂ ਸ਼ਬਦ ਲੈ ਲਏ ਜਾਂਦੇ ਸਨ, ਜਿਹਾ ਕਿ :

ਉਜਲ ਦੀਦਾਰ
ਨਿਰਮਲ ਬੁਧ
ਸਰਦਾਰ ਖ਼ਾਵਿਕਾਰ
ਹਿਜ਼ਬਰੇ ਜੰਗ
ਕੈਸਰਲ ਇਕਤਦਾਰ
ਹਸ਼ਾਮਲ ਦੌਲਾ
ਸਰਦਾਰ ਨਾਮਦਾਰ
ਆਲੀਤਬਾਰ
ਸ਼ਜਾਉਲ ਦੌਲਾ
ਸਮਸ਼ੇਰੇ ਜੰਗ ਬਹਾਦਰ
ਜਫਰਜੰਗ ਬਹਾਦਰ
ਫਤੇਹ ਓ ਨੁਸਰਤ ਨਸੀਬ

ਉਪਰੋਕਤ ਖਿਤਾਬ ਮੈਦਾਨੇ-ਜੰਗਾਂ ਵਿਚ ਨਿਰਭੈਤਾ ਤੇ ਬੀਰਤਾ ਦੱਸਣ ਦੇ ਬਦਲੇ ਬਖ਼ਸ਼ੇ ਜਾਂਦੇ ਸਨ। ਜਿਹਾ ਕਿ ਸਰਦਾਰ ਅਤਰ ਸਿੰਘ ਸਿੰਧਾਂਵਾਲੀਏ ਨੂੰ ਸੰਨ 1837 ਵਿਚ ਸਰਦਾਰ ਹਰੀ ਸਿੰਘ ਨਲੂਏ ਦੇ ਚਲਾਣੇ ਦੇ ਬਾਅਦ ਜਮਰੌਦ ਦੇ ਸੰਗਰਾਮ ਵਿਚ ਬੀਰਤਾ ਦੱਸਣ ਅਤੇ

ਫ਼ੌਜੀ ਪ੍ਰਬੰਧ ਨੂੰ ਠੀਕ-ਠਾਕ ਰਖਣ ਦੀ ਸੇਵਾ ਬਦਲੇ ਇਹ ਖਿਤਾਬ ਦਿੱਤਾ ਗਿਆ ਜਿਸ ਨਾਲ ਦੋ ਲੱਖ ਰੁਪਏ ਸਲਾਨਾ ਆਮਦਨ ਦੀ ਜਾਗੀਰ ਵੀ ਸੀ : ਉਜਲ ਦੀਦਾਰ, ਨਿਰਮਲ ਬੁਧ, ਸਰਦਾਰ ਬਾ ਵਿਕਾਰ, ਕੇਸਰੁਲ ਇਕਤਦਾਰ, ਸਰਦਾਰੇ ਨਾਮਦਾਰ, ਆਲੀਤਬਾਰ, ਸ਼ੁਜਾਉਲਦੌਲਾ, ਸਰਦਾਰ ਅਤਰ ਸਿੰਘ ਸ਼ਮਸ਼ੇਰ ਜੰਗ ਬਹਾਦਰ।[1]

ਇਸੇ ਤਰ੍ਹਾਂ ਸਰਦਾਰ ਲੈਹਣਾ ਸਿੰਘ ਨੂੰ ਸ਼ੰਕਰਗੜ੍ਹ ਤੇ ਮਿਹਨੀ ਦੇ ਕਿਲਿਆਂ ਨੂੰ ਆਪਣੇ ਵੈਰੀ ਤੋਂ ਬਚਾਉਣ ਤੇ ਉਸ ਪਰ ਫ਼ਤਹਿ ਪਾਉਣ ਦੇ ਬਦਲੇ ਉਜਲ ਦੀਦਾਰ, ਨਿਰਮਲ ਬੁੱਧ, ਸਰਦਾਰ ਬਾ ਵਿਕਾਰ, ਸਰਦਾਰ ਲੈਹਣਾ ਸਿੰਘ ਸਿੰਧਾਵਾਲੀਆ ਬਹਾਦਰ ਦਾ ਖਿਤਾਬ ਸਣੇ ਜਗੀਰ ਦੇ ਮਿਲਿਆ। ਸਰਦਾਰ ਲੈਹਣਾ ਸਿੰਘ ਮੀਜੀਠਏ ਨੂੰ ਮੁਲਤਾਨ ਦੀ ਲੜਾਈ ਵਿਚ ਨਿਰਭੈਤਾ ਦੱਸਣ ਅਤੇ ਉਸ ਦੀ ਭਾਰੀ ਜੰਗੀ ਸੇਵਾ, ਜੋ ਉਸ ਨੇ ਖ਼ਾਲਸਾ ਫ਼ੌਜ ਲਈ ਤੋਪਾਂ ਢਾਲਣ, ਪਾਟਵੇਂ ਗੋਲੇ ਤਿਆਰ ਕਰਨ ਅਤੇ ਹੋਰ ਕਈ ਫੌਜੀ ਲੋੜਾਂ ਦੇ ਪੂਰਨ ਕਰਨ ਦੀਆਂ ਕਾਢਾਂ ਕੱਢੀਆਂ ਉਨ੍ਹਾਂ ਬਦਲੇ 'ਕੈਸਰਉਲ ਇਕਤਦਾਰ' ਆਦਿ ਕਈ ਖਿਤਾਬਾਂ ਦਾ ਮਾਣ ਪ੍ਰਾਪਤ ਹੋਇਆ।[2]

ਇਕ ਹੋਰ ਆਦਮੀ ਨੇ ਖ਼ਾਲਸਾ ਰਾਜ ਦੀ ਬੜੀ ਸਚਾਈ ਨਾਲ ਜੰਗੀ ਸੇਵਾ ਕੀਤੀ ਜਿਸ ਦੇ ਬਦਲੇ ਇਸ ਨੂੰ ਉੱਚ ਪਦਾ ਦਾ ਮਾਣ ਪ੍ਰਾਪਤ ਹੋਇਆ ਸੀ। ਇਹ ਪਿੰਡ ਗੋਦਲਾ ਵਾਲਾ ਜ਼ਿਲ੍ਹਾ ਗੁਜਰਾਂਵਾਲੇ ਦਾ ਵਸਨੀਕ ਸੀ। ਇਹ ਸਾਧਾਰਨ ਗੋਲਾ ਅੰਦਾਜ਼ ਤੋਂ ਮਹਾਰਾਜਾ ਰਣਜੀਤ ਸਿੰਘ ਦੀ ਨਿਗਰਾਨੀ ਵਿਚ ਉੱਨਤੀ ਕਰਕੇ ਤੋਪਖਾਨੇ ਦਾ ਅਫ਼ਸਰ ਬਣ ਗਿਆ। ਇਸ ਦੀ ਜੰਗੀ ਸੇਵਾ ਦੇ ਬਦਲੇ ਇਸ ਨੂੰ ਖ਼ਾਲਸੇ ਵੱਲੋਂ ਜਫ਼ਰ ਜੰਗ ਬਹਾਦਰ, ਫ਼ਤਹਿ ਓ ਨੁਸਰਤ ਨਸੀਬ ਦਾ ਉੱਚਾ ਖ਼ਿਤਾਬ ਸਣੇ ਜਾਗੀਰ ਦੇ ਪ੍ਰਾਪਤ ਸੀ।[3]

## ਹੋਰ ਖ਼ਿਤਾਬ

ਰਾਜਾ
ਦੀਵਾਨ
ਨਵਾਬ

ਇਹ ਖਿਤਾਬ ਕੇਵਲ ਮੁਲਕੀ ਪ੍ਰਬੰਧ ਚੰਗਾ ਚਲਾਉਣ ਉੱਤੇ ਮਿਲਦੇ ਸਨ ਜਿਨ੍ਹਾਂ ਨਾਲ ਚੋਖੀ ਜਾਗੀਰ ਵੀ ਹੁੰਦੀ ਸੀ। ਇਹ ਖ਼ਿਤਾਬ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ, ਹੀਰਾ ਸਿੰਘ ਅਤੇ ਦੀਨਾ ਨਾਥ ਨੂੰ ਪ੍ਰਾਪਤ ਸਨ। ਨਵਾਬ ਦਾ ਪਦ ਸਰਫ਼ਰਾਜ਼ ਖ਼ਾਨ ਰਈਸ ਮੁਲਤਾਨ ਨੂੰ ਮਿਲਿਆ ਹੋਇਆ ਸੀ। ਦੀਵਾਨ ਦਾ ਖਿਤਾਬ ਦੀਵਾਨ ਮੋਹਕਮ ਚੰਦ, ਦੀਵਾਨ ਦੇਵੀ ਦਾਸ, ਦੀਵਾਨ ਭਵਾਨੀਦਾਸ ਅਤੇ ਦੀਵਾਨ ਸਾਵਣ ਮੱਲ ਆਦਿ ਨੂੰ ਪ੍ਰਾਪਤ ਸੀ।

---

1. ਲੈਪਲ ਗ੍ਰਿਫਨ, *ਚੀਫਸ ਐਂਡ ਫੈਮੇਲੀਜ਼ ਆਫ ਨੋਟ ਇਨ ਪੰਜਾਬ, ਤਜ਼ਕਾਰਾ ਰਊਸਾਏ ਪੰਜਾਬ,* ਜਿਲਦ 1, ਸਫਾ 662
2. ਲੈਪਲ ਗ੍ਰਿਫਨ, *ਪੰਜਾਬ ਚੀਫਸ*।
3. ਪ੍ਰਿੰਸੀਪਲ ਸੀਤਾ ਰਾਮ, *ਫ਼ਤਹਿ ਨਾਮਾ ਗੁਰੂ ਖ਼ਾਲਸਾ ਜੀ ਕਾ,* ਪੰਨਾ 231

WWW.SIKHBOOKCLUB.COM 

ਉੱਪਰ ਲਿਖੇ ਖਿਤਾਬਾਂ ਤੋਂ ਛੁੱਟ ਸੰਨ 1837 ਵਿਚ ਕੰਵਰ ਨੌਨਿਹਾਲ ਸਿੰਘ ਦੇ ਵਿਵਾਹ ਸਮੇਂ ਇਕ ਨਵਾਂ ਬਹੁਮੁੱਲਾ ਤਗਮਾ ਚਾਲੂ ਕੀਤਾ ਗਿਆ ਜਿਸ ਦਾ ਨਾਂ 'ਕੌਕਿਬੇ ਇਕਬਾਲੇ ਪੰਜਾਬ' (ਪੰਜਾਬ ਦੀ ਉੱਨਤੀ ਦਾ ਸਤਾਰਾ) ਸੀ। ਇਹ ਤਗਮਾ ਤਾਰੇ ਦੇ ਰੂਪ ਦਾ ਸੀ। ਇਸ ਤੋਂ ਪੰਜ ਵੱਡੀਆਂ ਤੇ ਪੰਜ ਨਿੱਕੀਆ ਲਾਟਾਂ ਨਿਕਲਦੀਆਂ ਸਨ। ਇਨ੍ਹਾਂ ਦਾ ਕਤਰ ਕੋਈ ਢਾਈ ਇੰਚ ਦੇ ਲਗਭਗ ਸੀ। ਇਸ ਤਗਮੇ ਦੇ ਤਿੰਨ ਰੂਪ ਸਨ।

ਪਹਿਲੇ ਦਰਜੇ ਦਾ ਤਗਮਾ ਸੋਨੇ ਦਾ ਹੁੰਦਾ ਸੀ ਤੇ ਇਸ ਵਿਚ ਇਕ ਬਹੁਮੁੱਲਾ ਹੀਰਾ ਜੜਿਆ ਹੋਇਆ ਹੁੰਦਾ ਸੀ। ਇਸ ਦੇ ਇਕ ਪਾਸੇ ਮਹਾਰਾਜਾ ਰਣਜੀਤ ਸਿੰਘ ਦੀ ਛਾਤੀ ਤੀਕ ਮੂਰਤੀ ਲਗੀ ਹੋਈ ਹੁੰਦੀ ਸੀ ਅਤੇ ਦੂਜੇ ਪਾਸੇ ਮਹਾਰਾਜਾ ਸਾਹਿਬ ਦਾ ਨਾਂ ਉਕਰਿਆ ਹੁੰਦਾ ਸੀ। ਇਹ ਤਗਮਾ ਗਲ ਵਿਚ ਪਹਿਨਣ ਲਈ ਇਸ ਦੇ ਨਾਲ ਰਤੇ ਤੇ ਪੀਲੇ ਰੰਗ ਦੇ ਪਟ ਦਾ ਫੀਤਾ ਹੁੰਦਾ ਸੀ।

ਇਹ ਤਗਮਾ ਮਹਾਰਾਜਾ ਦੇ ਸ਼ਾਹੀ ਘਰਾਣੇ ਦੇ ਆਦਮੀਆਂ ਨੂੰ ਬਖਸ਼ਿਆ ਜਾਂਦਾ ਸੀ। ਹਾਂ, ਕੁਝ ਉਨ੍ਹਾਂ ਲੋਕਾਂ ਦੇ ਨਾਂ ਵੀ ਲਿਖਤ ਵਿਚ ਮਿਲਦੇ ਹਨ ਜਿਨ੍ਹਾਂ ਨੇ ਕੋਈ ਅਸਾਧਾਰਨ ਤੌਰ ਤੇ ਰਾਜ ਦੀ ਸੇਵਾ ਕੀਤੀ ਹੁੰਦੀ ਸੀ।

ਇਹ ਤਗਮਾ ਇਕੱਲਾ ਨਹੀਂ ਸੀ ਬਖਸ਼ਿਆ ਜਾਂਦਾ। ਇਸ ਦੇ ਨਾਲ ਨਿਯਤ ਕੀਤੀ ਗਈ ਖਿਲੱਤ, ਰਾਜਾ ਜਾਂ ਦੀਵਾਨ ਦਾ ਖਿਤਾਬ ਅਤੇ ਇਕ ਸੁਨਹਿਰੀ ਸਨਦ ਮਿਲਦੀ ਸੀ ਜਿਸ ਵਿਚ ਉਸ ਦੀ ਸੇਵਾ ਦਾ ਜ਼ਿਕਰ ਹੁੰਦਾ ਸੀ। ਇਕ ਤਲਵਾਰ, ਇਕ ਢਾਲ, ਇਕ ਸੋਨੇ ਦੇ ਕੜਿਆਂ ਦੀ ਜੋੜੀ ਵੀ ਮਿਲਦੀ ਸੀ। ਇਸ ਤਗਮੇ ਦੇ ਤਿਆਰ ਹੋ ਜਾਣ ਦੇ ਬਾਅਦ ਸਭ ਤੋਂ ਪਹਿਲਾਂ ਇਹ ਸਤਾਰਾ ਸਹਿਜ਼ਾਦਾ ਖੜਕ ਸਿੰਘ, ਕੰਵਰ ਸ਼ੇਰ ਸਿੰਘ ਤੇ ਕੰਵਰ ਨੌਨਿਹਾਲ ਸਿੰਘ ਨੂੰ ਬਖਸ਼ਿਆ ਗਿਆ।[1] ਇਸ ਦੇ ਪਿੱਛੋਂ ਇਕ ਹੋਰ ਲਿਖਤ ਵਿਚ ਕੁਝ ਹੋਰ ਨਾਂ ਮਿਲਦੇ ਹਨ। ਜਿਨ੍ਹਾਂ ਨੂੰ 'ਕੌਕਿਬੇ ਇਕਬਾਲੇ ਪੰਜਾਬ' ਤਗਮਾ ਬਖਸ਼ਿਆ ਗਿਆ ਉਨ੍ਹਾਂ ਦੇ ਨਾਂ ਇਹ ਹਨ :

ਸਰਦਾਰ ਅਤਰ ਸਿੰਘ ਸਿੰਧਾਂਵਾਲੀਆ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਲਹਿਣਾ ਸਿੰਘ ਮਜੀਠੀਆ, ਦੀਵਾਨ ਸਾਵਣ ਮੱਲ, ਦੀਵਾਨ ਦੀਨਾ ਨਾਥ, ਫ਼ਕੀਰ ਅਜੀਜ਼ਉੱਦੀਨ ਡੋਗਰੇ ਭਾਈ ਅਤੇ ਕੁਝ ਵਿਦੇਸ਼ੀ ਜਰਨੈਲ। ਪੰਜਾਬ ਰੀਕਾਰਡ ਦੇ ਕਾਗਜ਼ਾਂ ਤੋਂ ਪਤਾ ਲਗਦਾ ਹੈ ਕਿ ਇਸ ਦਾ ਜਿਹੜਾ ਫੋਟੋ ਪੰਜਾਬ ਹਿਸਟਾਰੀਕਲ ਰੀਕਾਰਡਜ਼ ਦੇ ਦਫ਼ਤਰ ਪਟਿਆਲੇ ਵਿਚ ਹੈ ਇਹ ਮਿਸਟਰ ਗੈਰਟ ਤੇ ਲਾਲਾ ਸੀਤਾ ਰਾਮ ਦੇ ਯਤਨਾਂ ਨਾਲ ਵਲਾਇਤ ਤੋਂ ਕੈਪਟਨ ਵੇਡ ਦੇ ਘਰਾਣੇ ਤੋਂ ਮਿਲਿਆ।

## ਮਹਾਰਾਜਾ ਰਣਜੀਤ ਸਿੰਘ ਦੀ ਆਪਣੇ ਗੁਆਂਢੀਆਂ ਬਾਰੇ ਨੀਤੀ

ਸ਼ੇਰੇ-ਪੰਜਾਬ ਨੇ ਜਦ ਆਪਣੇ ਪਿਆਰੇ ਦੇਸ਼ ਪੰਜਾਬ ਨੂੰ ਬਦੇਸ਼ੀ ਗੁਲਾਮੀ ਤੋਂ ਸੁਤੰਤਰ ਕਰਨ ਦਾ ਦ੍ਰਿੜ੍ਹ ਇਰਾਦਾ ਕੀਤਾ ਤਾਂ ਆਰੰਭ ਵਿਚ ਉਸ ਨੇ ਦੋ ਢੰਗ ਵਰਤੋਂ ਵਿਚ ਲਿਆਂਦੇ। ਇਕ, ਕਿਸੇ ਜੱਥੇਬੰਦੀ ਨੂੰ ਆਪਣਾ ਸਹਾਇਕ ਬਣਾਉਣ ਲਈ ਉਸ ਨਾਲ ਸਾਕ

1. ਸੋਹਣ ਲਾਲ, ਉਮਦਾਤੁਲ ਤਵਾਰੀਖ਼, ਦਫ਼ਤਰ ਤੀਜਾ, ਸਫ਼ੇ 490-491

ਸੰਬੰਧ ਜੋੜੇ ਅਤੇ ਦੂਜਾ, ਕੁਝ ਨਾਲ ਮਿੱਤਰਤਾ ਦਾ ਪਿਆਰ ਪਾ ਕੇ ਆਪਣੇ ਮਨੋਰਥ ਨੂੰ ਸਫਲਤਾ ਤੱਕ ਪਹੁੰਚਾਇਆ। ਜਿੱਥੇ ਇਨ੍ਹਾਂ ਢੰਗਾਂ ਨਾਲ ਕੰਮ ਨਾ ਨਿਕਲ ਸਕਿਆ, ਉੱਥੇ ਦੂਜਾ ਤਰੀਕਾ, ਫ਼ੌਜੀ ਤਾਕਤ ਵਰਤ ਕੇ ਉਸ ਨੂੰ ਆਪਣੇ ਅਧੀਨ ਕਰ ਲਿਆ ਅਤੇ ਅੱਗੇ ਜਾ ਕੇ ਆਪਣੇ ਵੱਲੋਂ ਕਿਸੇ ਉੱਚੀ ਜ਼ਿੰਮੇਵਾਰੀ ਦਾ ਅਹੁਦਾ ਦੇ ਕੇ ਉਸ ਨੂੰ ਸਦਾ ਲਈ ਅੰਗ ਪਾਲ ਬਣਾ ਲਿਆ।

ਸ਼ੇਰੇ-ਪੰਜਾਬ ਦਾ ਪਹਿਲਾ ਵਿਵਾਹ ਪ੍ਰਸਿੱਧ ਘਨਈਆ ਮਿਸਲ ਦੀ ਸਰਦਾਰਨੀ ਸਦਾ ਕੌਰ ਦੀ ਸਪੁੱਤਰੀ ਬੀਬੀ ਮਹਿਤਾਬ ਕੌਰ ਨਾਲ ਸੰਨ 1796 ਵਿਚ ਹੋਇਆ। ਦੂਜਾ ਵਿਆਹ ਸੰਨ 1798 ਵਿਚ ਨਕਈ ਮਿਸਲ ਦੇ ਮਿਸਲਦਾਰ ਸਰਦਾਰ ਗਿਆਨ ਸਿੰਘ ਦੀ ਭੈਣ ਬੀਬੀ ਰਾਜ ਕੌਰ ਨਾਲ ਹੋਇਆ।

ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਫ਼ਤਹਿ ਸਿੰਘ ਜੀ ਆਹਲੂਵਾਲੀਏ ਨਾਲ ਪੱਗ ਵਟਾਂਦਰਾ ਕਰ ਕੇ ਮਿੱਤਰਤਾ ਗੰਢ ਲਈ। ਇੰਞ ਇਨ੍ਹਾਂ ਚੌਹਾਂ ਸ਼ਕਤੀਆਂ (ਸ਼ੁਕਰਚੱਕੀਆ, ਕਨ੍ਹਈਆ, ਨਕਈ ਅਤੇ ਆਹਲੂਵਾਲੀਆ) ਦੇ ਮੇਲ ਨਾਲ ਰਣਜੀਤ ਸਿੰਘ ਚੋਖਾ ਬਲਵਾਨ ਹੋ ਗਿਆ।

ਸ਼ਾਹ ਜ਼ਮਾਨ ਦੇ ਪੰਜਾਬ ਦੇ ਛੇਕੜਲੇ ਹਮਲੇ ਤੋਂ ਥੋੜ੍ਹੇ ਦਿਨਾਂ ਦੇ ਉਪਰੰਤ ਹੀ ਆਪ ਨੇ ਆਪਣੇ ਰਿਸ਼ਤੇਦਾਰਾਂ ਆਦਿ ਦੀ ਸਹਾਇਤਾ ਨਾਲ 15 ਹਾੜ ਸੰਮਤ 1856 (27 ਜੂਨ ਸੰਨ 1799) ਨੂੰ ਲਾਹੌਰ ਪਰ ਜਿਹੜਾ ਦੋ ਹਜ਼ਾਰ ਸਾਲ ਤੋਂ ਵਧੇਰੇ ਸਮੇਂ ਤੋਂ ਪੰਜਾਬ ਦੀ ਰਾਜਧਾਨੀ ਚਲਿਆ ਆਉਂਦਾ ਸੀ,[1] ਕਬਜ਼ਾ ਕਰ ਲਿਆ।[2] ਸੰਨ 1801 ਮੁਤਾਬਿਕ ਸੰਮਤ 1858 ਨੂੰ ਵਿਸਾਖੀ ਦੇ ਦਿਨ ਆਪ ਨੂੰ ਪਰਜਾ ਵੱਲੋਂ ਮਹਾਰਾਜਾ ਦਾ ਪਦ ਮਿਲਿਆ ਅਤੇ ਸਿੱਕਾ ਜਾਰੀ ਕਰਨ ਲਈ ਟਕਸਾਲ ਚਾਲੂ ਕੀਤੀ। ਅਗਲੇ ਸਾਲ ਸੰਨ 1802 ਵਿਚ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਮੇਲ ਲਿਆ। ਥੋੜ੍ਹੇ ਸਮੇਂ ਦੇ ਅੰਦਰ-ਅੰਦਰ ਮਹਾਰਾਜਾ ਨੇ ਅਕਾਲਗੜ੍ਹ, ਵਜ਼ੀਰਾਬਾਦ, ਡਸਕਾ, ਸਿਆਲਕੋਟ, ਪਸਰੂਰ ਤੇ ਚਿਨੋਟ ਤੋਂ ਛੁੱਟ ਜੰਮੂ, ਨੂਰਪੁਰ ਅਤੇ ਕਾਂਗੜੇ ਦੇ ਪਹਾੜੀ ਇਲਾਕੇ ਖ਼ਾਲਸਾ ਰਾਜ ਵਿਚ ਮਿਲਾ ਲਏ।

ਇਸ ਸਮੇਂ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੀ ਨੀਤੀ ਵਿਰੁੱਧ ਨਿਪੋਲੀਅਨ ਬੋਨਾਪਾਰਟ ਚੜ੍ਹਾਈ ਕਰਨ ਲਈ ਬੜੀਆ-ਬੜੀਆਂ ਵਿਉਂਤਾਂ ਵਿਚਾਰ ਰਿਹਾ ਸੀ ਜਿਸ ਤੋਂ ਬਚਾਅ ਲਈ ਅੰਗਰੇਜ਼ ਇਸ ਯਤਨ ਵਿਚ ਸਨ ਕਿ ਨਿਪੋਲੀਅਨ ਦੀ ਚੜ੍ਹਾਈ ਤੋਂ ਪਹਿਲਾਂ ਹੀ ਉਹ ਈਰਾਨ, ਅਫਗਾਨਿਸਤਾਨ ਅਤੇ ਪੰਜਾਬ ਦੀਆ ਹਕੂਮਤਾਂ ਨੂੰ ਆਪਣੇ ਨਾਲ ਗੰਢ ਲੈਣ। ਇਸ ਵਿਚਾਰ ਅਧੀਨ ਮਿਸਟਰ ਚਾਰਲਸ ਮੇਟਕਾਫ ਨੂੰ ਸ਼ੇਰੇ-ਪੰਜਾਬ ਨਾਲ ਸੰਧੀ ਕਰਨ ਲਈ ਪੰਜਾਬ ਭੇਜਿਆ ਗਿਆ। ਇਹ ਅਗਸਤ ਦੇ ਦੂਜੇ ਸਤਵਾਰੇ ਵਿਚ ਕਰਨਾਲ ਪਹੁੰਚ ਗਿਆ।

ਇਸ ਸਮੇਂ ਸ਼ੇਰੇ-ਪੰਜਾਬ ਨੇ ਬੜੀ ਦੂਰ-ਦ੍ਰਿਸ਼ਟੀ ਤੋਂ ਕੰਮ ਲਿਆ। ਮਹਾਰਾਜਾ ਚਾਹੁੰਦਾ ਸੀ ਕਿ ਅੰਗਰੇਜ਼ੀ ਹਕੂਮਤ ਨਾਲ ਅਹਿਦਨਾਮਾ ਕਰਨ ਤੋਂ ਪਹਿਲਾ ਜਿੰਨਾ ਵੱਧ ਸਤਲੁਜ ਤੋਂ ਪਾਰ ਦਾ ਇਲਾਕਾ ਆਪਣੇ ਅਧਿਕਾਰ ਵਿਚ ਲਿਆ ਸਕਦਾ ਸੀ ਲਿਆਵੇ। ਇਸ ਦ੍ਰਿਸ਼ਟੀਕੋਣ

---

1. ਗ੍ਰਿਫਨ, *ਰਣਜੀਤ ਸਿੰਘ*, ਸਫਾ 161
2. ਦੀਵਾਨ ਅਮਰਨਾਥ, *ਜ਼ਫਰਨਾਮਾ ਰਣਜੀਤ ਸਿੰਘ*, ਸਫਾ 8, ਰੋਜ਼ਨਾਮਚਾ ਮੌਲਵੀ ਅਹਿਮਦ ਬਖ਼ਸ਼ ਚਿਸ਼ਤੀ, *ਜਰਨਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ*, ਜਿਲਦ 6, ਸਫਾ 85

WWW.SIKHBOOKCLUB.COM 

ਤੋਂ ਉਸ ਨੇ ਇਕ ਮੁਹਿੰਮ ਸਤਲੁਜ ਤੋਂ ਪਾਰ ਦੇ ਇਲਾਕੇ ਵੱਲ ਤੋਰ ਦਿੱਤੀ ਜਿਸ ਨਾਲ ਖਾਈ, ਫਰੀਦਕੋਟ ਅਤੇ ਮਲੇਰਕੋਟਲੇ ਨੂੰ ਆਪਣੇ ਤਹਿਤ ਵਿਚ ਲੈ ਆਂਦਾ ਅਤੇ ਛੇਤੀ ਹੀ ਅੰਬਾਲੇ ਵੱਲ ਕੂਚ ਕਰ ਕੇ ਆਪਣੀ ਫ਼ੌਜ ਬਿਠਾ ਦਿੱਤੀ।

ਮੈਟਕਾਫ 11 ਸਤੰਬਰ 1808 ਨੂੰ ਕਸੂਰ ਦੇ ਕੈਂਪ ਵਿਚ ਮਹਾਰਾਜਾ ਨੂੰ ਆ ਮਿਲਿਆ ਅਤੇ ਗਵਰਨਮੈਂਟ ਅੰਗਰੇਜ਼ੀ ਦੀ ਵਿਚਾਰ ਮਹਾਰਾਜਾ ਦੇ ਅੱਗੇ ਪੇਸ਼ ਕੀਤੀ ਜਿਸ ਵਿਚ ਲਿਖਿਆ ਸੀ ਕਿ ਅੰਗਰੇਜ਼ੀ ਸਰਕਾਰ ਮਹਾਰਾਜਾ ਨਾਲ ਮਿੱਤਰਤਾ ਦਾ ਅਹਿਦਨਾਮਾ ਕਰਨ ਦੀ ਇਛਾਵਾਨ ਹੈ ਅਤੇ ਚਾਹੁੰਦੀ ਹੈ ਕਿ ਦੋਵੇਂ ਤਾਕਤਾਂ ਆਪਣੀ ਸੰਮਿਲਤ ਫ਼ੌਜੀ ਸ਼ਕਤੀ ਨਾਲ ਫ਼ਰਾਂਸ ਦੇ ਧਾਵੇ ਦਾ ਟਾਕਰਾ ਕਰਨ ਅਤੇ ਆਪਸ ਵਿਚ ਮਿੱਤਰਤਾ ਦੇ ਸੰਬੰਧ ਕਾਇਮ ਰੱਖਣ।

ਮਹਾਰਾਜਾ ਨੇ ਲਾਰਡ ਮਿੰਟੋ ਦੇ ਵਿਚਾਰ ਨੂੰ ਸੁਣ ਕੇ ਪ੍ਰਸੰਨਤਾ ਪ੍ਰਗਟ ਕੀਤੀ। ਇਸ ਸਮੇਂ ਸ਼ੇਰੇ-ਪੰਜਾਬ ਨੇ ਬੜੀ ਕਮਾਲ ਦੀ ਸਿਆਣਪ, ਤੇ ਨਿਰਭੈਤਾ ਦੀ ਨੀਤੀ ਧਾਰਨ ਕੀਤੀ। ਮਹਾਰਾਜਾ ਨੇ ਚੰਗੀ ਤਰ੍ਹਾਂ ਜਾਣ ਲਿਆ ਸੀ ਕਿ ਨਿਪੋਲੀਅਨ ਅੰਗਰੇਜ਼ਾਂ ਦਾ ਵੈਰੀ ਹੈ ਨਾ ਕਿ ਖ਼ਾਲਸੇ ਦਾ। ਇਸ ਲਈ ਇਸ ਮੌਕੇ ਤੇ ਅੰਗਰੇਜ਼ਾਂ ਤੋਂ ਜਿੰਨਾ ਲਾਭ ਪ੍ਰਾਪਤ ਹੋ ਸਕੇ ਕਰਨਾ ਚਾਹੀਦਾ ਹੈ। ਮਹਾਰਾਜਾ ਨੇ ਮੈਟਕਾਫ ਦੇ ਅਹਿਦਨਾਮੇ ਦੇ ਖਰੜੇ ਨੂੰ ਵਿਚਾਰਨ ਉਪਰੰਤ ਇਕ ਹੋਰ ਮਸੌਦਾ ਉਸ ਦੇ ਅੱਗੇ ਰਖਿਆ ਜਿਸ ਵਿਚ ਇਹ ਮੰਗਾਂ ਕੀਤੀਆਂ ਗਈਆਂ ਸਨ : 1. ਮਹਾਰਾਜਾ ਨੂੰ ਸਰਬਤ ਖ਼ਾਲਸੇ ਦਾ ਮੁਖੀ (ਹੁਕਮਰਾਨ) ਮੰਨਿਆ ਜਾਏ, 2. ਦੋਵਾਂ ਹਕੂਮਤਾਂ ਦੀ ਮਿੱਤਰਤਾ ਨੂੰ ਸਦਾ ਲਈ ਕਾਇਮ ਰੱਖਣ ਲਈ ਦੋਹਾਂ ਦੇ ਮਿੱਤਰ ਆਪਸ ਦੇ ਮਿੱਤਰ ਹੋਣਗੇ ਅਤੇ ਦੋਹਾਂ ਦੇ ਸ਼ਤਰੂ ਆਪਸ ਦੇ ਵੈਰੀ ਮੰਨੇ ਜਾਣਗੇ, 3. ਜੇ ਹਿੰਦ ਪਰ ਕੋਈ ਬਾਹਰਲਾ ਵੈਰੀ ਚੜ੍ਹਾਈ ਕਰੇ ਤਾਂ ਉਸ ਦਾ ਟਾਕਰਾ ਸੰਮਿਲਤ ਸ਼ਕਤੀ ਨਾਲ ਕੀਤਾ ਜਾਏਗਾ। ਕਿਉਂਕਿ ਮਿਸਟਰ ਮੈਟਕਾਫ ਨੂੰ ਆਪਣੀ ਸਰਕਾਰ ਦੇ ਦਿੱਤੇ ਹੋਏ ਅਹਿਦਨਾਮੇ ਦੇ ਖਰੜੇ ਵਿਚ ਵਾਧਾ ਘਾਟਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ, ਇਸ ਲਈ ਉਸ ਨੇ ਮਹਾਰਾਜਾ ਦੀ ਤਜਵੀਜ਼ ਦਾ ਖਰੜਾ ਆਪਣੀ ਸਰਕਾਰ ਨੂੰ ਕਲਕੱਤੇ ਭੇਜ ਦਿੱਤਾ। ਇਸ ਦੇ ਉੱਤਰ ਆਉਣ ਤੱਕ ਮਹਾਰਾਜਾ ਨੇ ਉੱਪਰ ਲਿਖੇ ਸਤਲੁਜ ਪਾਰ ਦੇ ਇਲਾਕੇ ਪਰ ਆਪਣਾ ਅਧਿਕਾਰ ਕਰ ਲਿਆ।

ਕਲਕੱਤੇ ਤੋਂ ਪੁੱਛ-ਗਿੱਛ ਕਰਨ ਵਿਚ ਲਗਭਗ 4 ਮਹੀਨੇ ਬੀਤ ਗਏ। ਇਸ ਸਮੇਂ ਵਿਚ ਵਲਾਇਤ ਤੋਂ ਖ਼ਬਰ ਆਈ ਕਿ ਨਿਪੋਲੀਅਨ ਦੀ ਚੜ੍ਹਾਈ ਦਾ ਹੁਣ ਕੋਈ ਡਰ ਨਹੀਂ ਰਿਹਾ ਜਿਸ ਕਰਕੇ ਅੰਗਰੇਜ਼ੀ ਸਰਕਾਰ ਦੀ ਨੀਤੀ ਕਰੜੀ ਹੋ ਗਈ। ਇਸ ਲਈ ਉਸ ਨੇ ਮਹਾਰਾਜਾ ਦੀਆਂ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ। ਹੁਣ ਮਹਾਰਾਜਾ ਲਈ ਦੋ ਵਿਚਾਰਾਂ ਬਾਕੀ ਰਹਿ ਗਈਆਂ ਸਨ। ਪਹਿਲੀ ਇਹ ਕਿ ਆਪਣੀਆਂ ਸ਼ਰਤਾਂ ਛੱਡ ਦੇਵੇ; ਦੂਜੀ, ਲੜਾਈ ਦੀ ਸ਼ਕਤੀ ਨਾਲ ਆਪਣੀਆਂ ਇੱਛਾਵਾਂ ਮੰਨਵਾਏ।

ਮਹਾਰਾਜਾ ਨੇ ਇਸ ਸਮੇਂ ਬੜੇ ਹੁਨਰ ਤੋਂ ਕੰਮ ਲਿਆ। ਝੱਟ ਆਪਣੀਆਂ ਛਾਉਣੀਆਂ ਵਿਚ ਖ਼ਾਲਸਾ ਫ਼ੌਜ ਨੂੰ ਦਰਿਆ ਸਤਲੁਜ ਦੇ ਨਾਲ-ਨਾਲ ਇਕੱਠੇ ਹੋਣ ਦਾ ਹੁਕਮ ਦੇ ਦਿੱਤਾ, ਅਰਥਾਤ ਲੜਾਈ ਦੀ ਤਿਆਰੀ ਹੋਣ ਲੱਗੀ।

ਉਧਰ ਅੰਗਰੇਜ਼ੀ ਹਕੂਮਤ ਨੂੰ ਜਦ ਮਹਾਰਾਜਾ ਦੀਆਂ ਇਨ੍ਹਾਂ ਤਿਆਰੀਆਂ ਦਾ ਪਤਾ ਲੱਗਿਆ ਤਾਂ ਉਨ੍ਹਾਂ ਵੀ ਕੁਝ ਫ਼ੌਜ ਇਧਰ ਵੱਲ ਭੇਜ ਦਿੱਤੀ। ਪਰ ਅੰਗਰੇਜ਼ ਦਿਲੋਂ ਮਹਾਰਾਜਾ ਨਾਲ ਲੜਾਈ ਦੀ ਉਲਝਣ ਵਿਚ ਨਹੀਂ ਸਨ ਫਸਣਾ ਚਾਹੁੰਦੇ। ਲਾਰਡ ਮਿੰਟੋ ਨੇ ਦੋਹਾਂ ਧਿਰਾਂ ਦੀਆਂ ਸ਼ਰਤਾਂ ਵਿਚ ਕੁਝ ਕਾਂਟ-ਛਾਂਟ ਕਰ ਕੇ ਇਕ ਵਿਚਲਾ ਰਾਹ ਲੱਭ ਲਿਆ। ਅਰਥਾਤ ਮਹਾਰਾਜਾ ਦਾ ਸਤਲੁਜ ਦਰਿਆ ਤੋਂ ਪਾਰਲੇ ਇਲਾਕੇ ਪਰ ਕੀਤੇ ਕਬਜ਼ੇ ਬਾਰੇ ਇਹ ਫ਼ੈਸਲਾ ਹੋਇਆ ਕਿ ਮਹਾਰਾਜਾ ਕੋਲ ਕੇਵਲ ਅੰਗਰੇਜ਼ੀ ਸਫ਼ੀਰ ਦੇ ਪਹੁੰਚਣ ਤੋਂ ਪਹਿਲਾਂ ਫ਼ਤਹਿ ਕੀਤਾ ਇਲਾਕਾ ਰਹੇਗਾ ਅਤੇ ਉਸ ਦੇ ਪੁੱਜਣ ਤੋਂ ਮਗਰੋਂ ਜਿੱਤਿਆ ਸਾਰਾ ਇਲਾਕਾ ਛੱਡਣਾ ਪਏਗਾ।[1] ਇਸ ਸਮਝੌਤੇ ਅਨੁਸਾਰ ਮਲੇਰਕੋਟਲਾ ਤੇ ਅੰਬਾਲੇ ਤੋਂ ਸ਼ੇਰੇ-ਪੰਜਾਬ ਨੇ ਆਪਣੀ ਫ਼ੌਜ ਸਤਲੁਜ ਤੋਂ ਆਪਣੇ ਵਾਲੇ ਪਾਸੇ ਮੰਗਵਾ ਲਈ।

ਲੈਪਲ ਗ੍ਰਿਫ਼ਨ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਐਸੀ ਦਲੇਰੀ ਭਰੀ ਨੀਤੀ ਨੂੰ ਅਪਣਾ ਕੇ ਇਸ ਤੋਂ ਪੂਰਾ-ਪੂਰਾ ਲਾਭ ਪ੍ਰਾਪਤ ਕੀਤਾ। ਭਾਵੇਂ ਉਹ ਦਿਲੋਂ ਜਾਣਦਾ ਸੀ ਕਿ ਮੇਰੇ ਨਵੇਂ-ਨਵੇਂ ਫ਼ਤਹਿ ਕੀਤੇ ਹੋਏ ਇਲਾਕਿਆਂ ਦੇ ਮਾਲਕ ਜਿਨ੍ਹਾਂ ਤੋਂ ਉਸ ਨੇ ਥੋੜ੍ਹਾ ਸਮਾਂ ਹੋਇਆ ਇਲਾਕੇ ਫ਼ਤਹਿ ਕੀਤੇ ਸਨ, ਉਹ ਉਸ ਤੋਂ ਬਾਗ਼ੀ ਹੋ ਕੇ ਅੰਗਰੇਜ਼ਾਂ ਨਾਲ ਮਿਲ ਜਾਣਗੇ ਪਰ ਫਿਰ ਵੀ ਉਸ ਨੇ ਇਹ ਕਮਜ਼ੋਰੀ ਅੰਗਰੇਜ਼ਾਂ ਤੋਂ ਬੜੀ ਸੁਚੱਜਤਾ ਨਾਲ ਲੁਕਾਈ ਰਖੀ ਅਤੇ ਆਪਣੀ ਨਿਰਭੈਤਾ ਦਾ ਅੰਗਰੇਜ਼ਾਂ ਪਰ ਇੰਨਾ ਪ੍ਰਭਾਵ ਪਾਇਆ ਕਿ ਇਕ ਬਹੁਤ ਬੜਾ ਇਲਾਕਾ ਸਤਲੁਜ ਤੋਂ ਪਾਰ ਦਾ ਪ੍ਰਾਪਤ ਕਰ ਲਿਆ।[2]

ਸਤਲੁਜ ਦੇ ਦਰਿਆ ਦੇ ਪਾਰਲੇ ਪਾਸੇ ਬਹੁਤ ਬੜਾ ਇਲਾਕਾ ਖ਼ਾਲਸਾ ਰਾਜ ਦਾ ਸੀ ਜਿਸ ਵਿਚ 45 ਤਅਲਕੇ (ਤਹਿਸੀਲਾਂ)[3] ਸਨ ਜਿਨ੍ਹਾਂ ਦਾ ਖਿਲਾਰ 456 ਛੋਟੇ ਪਿੰਡਾਂ ਵਿਚ ਖਿਲਰਿਆ ਹੋਇਆ ਸੀ। ਵੱਡੇ-ਵੱਡੇ ਪਿੰਡਾਂ ਦੇ ਨਾਂ ਇਹ ਹਨ :

1. ਸਾਹਨੇਵਾਲ
2. ਭਰਤਗੜ੍ਹ, ਬਲੋਲਪੁਰ, ਚਮੇਲਗੜ੍ਹ, ਲਖਾਨਗੜ੍ਹ
3. ਫ਼ਤਹਗੜ੍ਹ, ਗਗਰਾਨਾ
4. ਧਰਮਕੋਟ
5. ਚੌੜ ਚਕ
6. ਬੋਹਕ ਬੁਡੀਆਂ, ਕੋਟ ਕਪੂਰਾ, ਸਰੀ, ਮੁਕਤਸਰ, ਭਗਤਾ ਅਤੇ ਜ਼ੀਨਵਾਰ
7. ਪਤੇ ਕੀ, ਹਿੰਮਤਪੁਰ, ਵਾਂਡੀ
8. ਜੁਗਰਾਓਂ, ਡੇਹਰਾ, ਕੋਟ ਈਸਾਖਾਨ, ਸਦਰਖਾਨ, ਮੂਲੋਵਾਲ, ਬਸੀ, ਨਰੈਣ ਗੜ੍ਹ, ਭੀਰੋਰਾ, ਮੁਹਾਨੀ, ਖਵਾਸਪੁਰਾ।
9. ਬਾਜਰਾ, ਹੋਵਾ, ਸ਼ਹਜਾਤਵਾਲਾ, ਸੋਹੇਰਾ, ਗੋਏਵਾਲ, ਕਾਰੇਸ਼।

---

1. ਲੈਪਲ ਗ੍ਰਿਫ਼ਨ, *ਰਣਜੀਤ ਸਿੰਘ*, ਸਫ਼ਾ 181
2. ਗੈਰਿਟ, *ਦੀ ਪੰਜਾਬ ਏ ਹੰਡਰਡ ਯੀਅਰਜ਼ ਐਗੋ*, ਪੰਨਾ 6
3. ਡਾਕਟਰ ਐਨ. ਕੇ. ਸਿਨਹਾ, *ਰਣਜੀਤ ਸਿੰਘ*, ਸਫ਼ੇ 73-75

WWW.SIKHBOOKCLUB.COM

10. ਮੋਹਲਾਨ
11. ਸਹੋਲੀ
12. ਨੂਰਪੁਰ
13. ਫਿਲੌਰ ਦਾ ਪਾਰਲਾ ਭਾਗ
14. ਸੋਹਾਲਾ ਅਤੇ ਟੋਡਰਪੁਰ
15. ਕੋਟਾਲਾ
16. ਮੋਤੀਵਾਲਾ
17. ਤਲਵੰਡੀਆਂ ਸਦੀਦਾ, ਫਿਲੌ
18. ਬੂਧਰ
19. ਰਸੂਲਪੁਰ
20. ਏਤੀਆਨਾ
21. ਖੇਰਾ
22. ਸੈਲਬਹਾ (ਸਿਆਲਬਾ)
23. ਮਾਛੀਵਾੜਾ
24. ਚਮਕੌਰ
25. ਜੀਰਾ
26. ਕੋਨੀਆ
27. ਮਲੋਵਾਲ
28. ਫਿਰੋਜ਼ਪੁਰ
29. ਮਮਦੋਟ ਅਤੇ ਬਾਮਣੀਵਾਲਾ
30. ਫਤਹਗੜ੍ਹ
31. ਧਾਈ, ਵਜੀਦਪੁਰ, ਮੁਹੀਂਦਕੇ
32. ਮਾੜੀ
33. ਕਾਊਂਕੀ
34. ਅਮਰਾਲਾ
35. ਕੁਲਾਲ ਮਾਜਰਾ
36. ਝੰਡਿਆਨਾ
37. ਕੋਟਗੁਰੂ ਹਰਸਹਾਏ
38. ਰੋਨੀਆ
39. ਸਿੰਘਾਵਾਲਾ
40. ਮੋਤੀਵਾਲਾ
41. ਰਾਜਵਾਨਾ

CLUB.COM

42. ਤੁਗਾਲ
43. ਅਕਲੀਮ
44. ਪੋਵਾਤ
45. ਸਿਰੀ ਅਨੰਦਪੁਰਾ[1]
46. ਮਾਖੋਵਾਲ
47. ਧਵੇਰਾਨਾ

ਉਪਰੋਕਤ ਪਿੰਡਾਂ ਦੇ ਵਧੇਰੇ ਭਾਗ ਖ਼ਾਲਸਾ ਰਾਜ ਵੱਲੋਂ ਇਜਾਰੇ ਜਾਂ ਠੇਕੇ ਪਰ ਦਿੱਤੇ ਜਾਂਦੇ ਸਨ ਜਾਂ ਅਧਿਕਾਰੀਆਂ ਨੂੰ ਜਾਗੀਰਾਂ ਵਿਚ ਦਿੱਤੇ ਜਾਂਦੇ ਸਨ। ਇਜਾਰਿਆਂ ਦੀ ਆਮਦਨ ਤਿੰਨ ਲੱਖ ਰੁਪਿਆ ਸਲਾਨਾ ਹੁੰਦੀ ਸੀ।

ਅੱਗੇ ਨੂੰ ਮਹਾਰਾਜਾ ਨੇ ਇਹ ਪੱਕੀ ਨੀਤੀ ਕਾਇਮ ਕਰ ਲਈ ਕਿ ਅੰਗਰੇਜ਼ਾਂ ਨਾਲ ਪੂਰਬ ਵੱਲ ਅਹਿਦਨਾਮਾ ਹੋ ਗਿਆ, ਹੁਣ ਇਧਰੋਂ ਨਿਸ਼ਚਿੰਤ ਹੋ ਕੇ ਆਪਣੀ ਸਾਰੀ ਫੌਜੀ ਸ਼ਕਤੀ ਇਸਲਾਮੀ ਹਕੂਮਤ ਦੇ ਉਹ ਦੋ ਪ੍ਰਸਿੱਧ ਘੇਰੇ ਜਿਹੜੇ ਪੰਜਾਬ ਵਿਚ ਸਿੱਖ ਇਲਾਕੇ ਦੇ ਚੌਗਿਰਦੇ ਬਣਾ ਰੱਖੇ ਸਨ, ਉਨ੍ਹਾਂ ਨੂੰ ਤੋੜ ਕੇ ਪੰਜਾਬ ਨੂੰ ਮੋਕਲਾ ਕਰਨ ਲਈ ਲਾ ਦੇਣੀ ਚਾਹੀਦੀ ਹੈ।

ਉਹ ਇਸਲਾਮੀ ਹਲਕੇ ਇਹ ਸਨ : ਪਹਿਲਾ ਘੇਰਾ—ਨਵਾਬ ਕੁਤਬਉੱਦੀਨ ਦੀ ਰਿਆਸਤ ਕਸੂਰ, ਪਾਕਪਟਨ (ਜਾਗੀਰਦਾਰ ਸਜਾਦਾ-ਨਸ਼ੀਨ ਮੁਹੰਮਦ ਯਾਰ), ਰਿਆਸਤ ਝੰਗ (ਨਵਾਬ ਅਹਿਮਦ ਖ਼ਾਨ ਸਿਆਲ), ਨਵਾਬ ਅਹਿਮਦ ਯਾਰ ਖ਼ਾਨ ਟਿਵਾਣਾ ਦੀ ਰਿਆਸਤ ਨੂਰਪੁਰ ਮਿਠਾ ਟਿਵਾਣਾ, ਨਵਾਬ ਜਾਫਰ ਖ਼ਾਨ ਬਿਲੋਚ ਦੀ ਰਿਆਸਤ ਖੁਸ਼ਾਬ ਅਤੇ ਨਵਾਬ ਫ਼ਤਹਿਖ਼ਾਨ ਬਿਲੋਚ ਦੀ ਰਿਆਸਤ ਸਾਹੀਵਾਲ। ਉਪਰੋਕਤ ਇਸਲਾਮੀ ਘੇਰੇ ਦੇ ਪਿਛਵਾੜੇ ਪੰਜ ਵੱਡੇ ਰਾਜ ਸਨ ਜੋ ਖ਼ਾਲਸੇ ਦੇ ਇਲਾਕੇ ਦੇ ਆਲੇ-ਦੁਆਲੇ ਬਹੁਤ ਵੱਡਾ ਤੇ ਬੜਾ ਕਰੜਾ ਘੇਰਾ ਪਾਈ ਬੈਠੇ ਸਨ। ਇਹ ਸਨ ਕਸ਼ਮੀਰ, ਪਿਸ਼ਾਵਰ, ਅਟਕ, ਮਨਕੇਰਾ, ਡੇਰਾ ਇਸਮਾਈਲ ਖ਼ਾਨ, ਡੇਰਾ ਗਾਜ਼ੀਖ਼ਾਨ, ਮੁਲਤਾਨ ਅਤੇ ਬਹਾਵਲਪੁਰ। ਪੰਜਾਬ ਦੇ ਪਹਾੜੀ ਇਲਾਕੇ ਵਿਚ ਰਾਜਾ ਸੰਸਾਰ ਚੰਦ ਕਟੋਚੀਆ ਅਤੇ ਜੰਮੂ ਵਿਚ ਡੋਗਰਾ ਰਾਜਪੂਤਾਂ ਦੀਆਂ ਰਿਆਸਤਾਂ ਸਨ।

ਪੂਰਬ ਵੱਲ ਅੰਗਰੇਜ਼ਾਂ ਨਾਲ ਸਤਲੁਜ ਹੱਦ ਮੁਕੱਰਰ ਹੋ ਜਾਣ ਨਾਲ ਮਹਾਰਾਜੇ ਨੇ ਆਪਣੀ ਪੂਰੀ ਸ਼ਕਤੀ ਨਾਲ ਕਾਂਗੜੇ ਵੱਲ ਆਪਣਾ ਧਿਆਨ ਫੇਰਿਆ। ਇਸ ਇਲਾਕੇ ਵਿਚ ਗੋਰਖਿਆਂ ਦੇ ਪ੍ਰਸਿੱਧ ਬਹਾਦਰ ਜਰਨੈਲ ਅਮਰ ਸਿੰਘ ਥਾਪਾ ਨੇ ਕਾਂਗੜੇ ਦੇ ਇਤਿਹਾਸਕ ਕਿਲੇ ਨੂੰ ਬਹੁਤ ਬੜੀ ਗੋਰਖਾ ਫ਼ੌਜ ਨਾਲ ਘੇਰਾ ਪਾਇਆ ਹੋਇਆ ਸੀ। ਅਮਰ ਸਿੰਘ ਨੇ ਪਹਾੜੀ ਇਲਾਕੇ ਦੇ ਫ਼ਤਹਿ ਕਰਨ ਦੇ ਬਾਅਦ ਸਾਰੇ ਪੰਜਾਬ ਪਰ ਕਬਜ਼ਾ ਜਮਾਉਣ ਦੀ ਵਿਉਂਤ ਸੋਚ ਰੱਖੀ ਸੀ। ਸੰਸਾਰ ਚੰਦ ਨੇ ਜਦ ਆਪਣੇ ਬਚਾਉ ਦੀ ਕੋਈ ਸੂਰਤ ਨਾ ਵੇਖੀ ਤਾਂ ਮਹਾਰਾਜਾ

1. ਚਮਕੌਰ, ਅਨੰਦਪੁਰ ਅਤੇ ਮਾਖੋਵਾਲ ਸੰਨ 1827-28 ਦੇ ਫ਼ੈਸਲੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੂੰ ਮਿਲੇ ਸਨ। ਇਨ੍ਹਾਂ ਥਾਵਾਂ ਬਾਰੇ ਲਗਭਗ ਦੋ ਸਾਲ ਚਿੱਠੀ ਪੱਤਰ ਚਲਦਾ ਰਿਹਾ, ਛੇਕੜ ਮਹਾਰਾਜੇ ਦਾ ਹੱਕ ਇਨ੍ਹਾਂ ਬਾਰੇ ਮੰਨਿਆ ਗਿਆ। ਵੇਖੋ *ਪੰਜਾਬ ਐਜ਼ ਏ ਸਾਵਰਨ ਸਟੇਟ*, ਕ੍ਰਿਤ ਪ੍ਰੋ. ਗੁਲਸ਼ਨ ਲਾਲ ਚੋਪੜਾ, ਪੰਨਾ 70

ਤੋਂ ਸਹਾਇਤਾ ਪ੍ਰਾਪਤ ਕਰਨ ਲਈ ਆਪਣੇ ਭਾਈ ਨੂੰ ਮਹਾਰਾਜਾ ਵੱਲ ਭੇਜਿਆ ਅਤੇ ਕਿਲਾ ਕਾਂਗੜਾ ਸ਼ੇਰੇ-ਪੰਜਾਬ ਦੀ ਭੇਟਾ ਕਰ ਦੇਣਾ ਪ੍ਰਵਾਨ ਕਰ ਲਿਆ। ਇਸ ਪਰ ਖ਼ਾਲਸਾ ਫ਼ੌਜ ਨੇ ਬੜੀ ਤੇਜ਼ੀ ਨਾਲ ਕਾਂਗੜੇ ਵੱਲ ਕੂਚ ਕਰ ਦਿੱਤਾ। ਇਨ੍ਹਾਂ ਮੁਹਿੰਮਾਂ ਦੇ ਭੇਜਣ ਵਿਚ ਮਹਾਰਾਜਾ ਨੇ ਦੋ ਲਾਭ ਦ੍ਰਿਸ਼ਟੀਗੋਚਰ ਰੱਖੇ ਸਨ। ਇਕ ਇਹ ਕਿ ਗੋਰਖਿਆਂ ਦੇ ਪੰਜਾਬ ਦੇ ਪਹਾੜੀ ਇਲਾਕੇ ਵਿਚ ਪੈਰ ਜਮਾਣ ਤੋਂ ਪਹਿਲਾਂ ਹੀ ਉਨ੍ਹਾਂ ਦਾ ਇਧਰੋਂ ਸਫਾਇਆ ਕਰ ਦਿੱਤਾ ਜਾਵੇ। ਦੂਜਾ, ਕਾਂਗੜੇ ਦੇ ਇਤਿਹਾਸਕ ਕਿਲੇ ਨੂੰ ਮਹਾਰਾਜਾ ਦੇ ਕਬਜ਼ੇ ਵਿਚ ਆਉਣ ਨਾਲ ਬਾਕੀ ਦੀਆਂ ਸਾਰੀਆਂ ਪਹਾੜੀ ਰਿਆਸਤਾਂ ਸੌਖੇ ਹੀ ਖ਼ਾਲਸੇ ਦੇ ਅਧਿਕਾਰ ਵਿਚ ਆ ਜਾਣਗੀਆਂ। ਸੋ ਇਸ ਚੜ੍ਹਾਈ ਨਾਲ ਦੋਵੇਂ ਮੰਤਵ ਸਫ਼ਲ ਹੋ ਗਏ। ਅਮਰ ਸਿੰਘ ਥਾਪਾ ਤੇ ਗੋਰਖਾ ਫ਼ੌਜ ਦੇ ਸਾਰੇ ਮਨਸੂਬੇ ਮਿੱਟੀ ਵਿਚ ਮਿਲ ਗਏ ਅਤੇ ਫ਼ਤਹਿ ਮਹਾਰਾਜਾ ਸਾਹਿਬ ਦੀ ਹੋਈ। ਇਸ ਮਹਾਨ ਫ਼ਤਹਿ ਦੇ ਬਾਅਦ ਕਾਂਗੜੇ ਵਿਚ ਮਹਾਰਾਜਾ ਸਾਹਿਬ ਨੇ ਇਕ ਵੱਡਾ ਦਰਬਾਰ ਰਚਾਇਆ ਜਿਸ ਵਿਚ ਸਾਰੇ ਪਹਾੜੀ ਰਾਜੇ ਹਾਜ਼ਰ ਹੋਏ ਅਤੇ ਉਨ੍ਹਾਂ ਖ਼ਾਲਸੇ ਦੀ ਅਧੀਨਗੀ ਪ੍ਰਵਾਨ ਕਰ ਕੇ ਮਹਾਰਾਜਾ ਦੀ ਹਜ਼ੂਰੀ ਵਿਚ ਨਜ਼ਰਾਂ ਪੇਸ਼ ਕੀਤੀਆਂ। ਇਸ ਮੁਹਿੰਮ ਵਿਚ ਖ਼ਾਲਸੇ ਦੇ ਤਹਿਤ ਵਿਚ ਆਉਣ ਵਾਲੀਆਂ ਰਿਆਸਤਾਂ ਦੇ ਨਾਂ ਇਹ ਸਨ : ਕੁਲੂ, ਸਕੇਤ, ਮੰਡੀ, ਨੂਰਪੁਰ, ਸ਼ਾਹਪੁਰ, ਜਸਰੋਟਾ, ਕੋਟਲਾ ਅਤੇ ਕੋਟੋਚੀਆਂ ਦਾ ਸਾਰਾ ਇਲਾਕਾ। ਇਹ ਫ਼ਤਹਿ ਸੰਨ 1809 ਦੀ ਹੈ।

ਇਸ ਦੇ ਥੋੜ੍ਹੇ ਸਮੇਂ ਬਾਅਦ ਮਹਾਰਾਜਾ ਨੇ ਖ਼ਾਲਸਾ ਫ਼ੌਜ ਸਰਦਾਰ ਹੁਕਮਾ ਸਿੰਘ ਚਿਮਨੀ ਦੀ ਸਰਦਾਰੀ ਹੇਠ ਜੰਮੂ ਦੇ ਇਲਾਕੇ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਲਈ ਭੇਜੀ ਜਿਸ ਨੂੰ ਸੰਪੂਰਨ ਸਫ਼ਲਤਾ ਹੋਈ।

## ਮੁਸਲਮਾਨ ਰਿਆਸਤਾਂ ਬਾਰੇ ਪਾਲਸੀ

ਪੂਰਬ ਵਿਚ ਅੰਗਰੇਜ਼ਾਂ ਅਤੇ ਪਹਾੜੀ ਰਾਜਪੂਤ ਰਿਆਸਤਾਂ ਤੋਂ ਨਿਸ਼ਚਿੰਤ ਹੋ ਕੇ ਮਹਾਰਾਜਾ ਨੇ ਆਪਣੀ ਸਰਬਤ ਸ਼ਕਤੀ ਨਾਲ ਪੰਜਾਬ ਦੀਆਂ ਉਨ੍ਹਾਂ ਛੋਟੀਆਂ ਇਸਲਾਮੀ ਰਿਆਸਤਾਂ ਦੇ ਘੇਰੇ ਨੂੰ ਤੋੜਨਾ ਆਰੰਭ ਦਿੱਤਾ ਜਿਨ੍ਹਾਂ ਨੇ ਖ਼ਾਲਸਾ ਰਾਜ ਨੂੰ ਚੁਵੱਲਿਓਂ ਘੇਰਾ ਪਾ ਰਖਿਆ ਸੀ। ਸ਼ੇਰੇ-ਪੰਜਾਬ ਦੀ ਦੂਰਦ੍ਰਿਸ਼ਟੀ ਅਤੇ ਸੂਝ-ਬੂਝ ਦਾ ਸੁਤੇ ਸਿਧ ਹੀ ਸਿੱਕਾ ਮਨਾਂ ਪਰ ਉਕਰ ਪੈਂਦਾ ਹੈ ਜਦ ਅਸੀਂ ਮਹਾਰਾਜਾ ਦੀ ਅਤਿ ਸਿਆਣਪ-ਭਰੀ ਇਸ ਨੀਤੀ ਨੂੰ ਵਿਚਾਰਦੇ ਹਾਂ। ਮਹਾਰਾਜਾ ਨੇ ਇਕੋ ਵੇਰ, ਛੋਟੀਆਂ ਰਿਆਸਤਾਂ ਤੇ ਵੱਡੀਆਂ ਸੂਬੇਦਾਰੀਆਂ, ਅਰਥਾਤ ਇਸਲਾਮ ਦੇ ਦੋਹਾਂ ਘੇਰਿਆਂ ਵਿਚੋਂ ਸੁਤੰਤਰ ਹੋ ਕੇ ਨਿਕਲਣ ਲਈ ਧਾਵਾ ਨਹੀਂ ਸੀ ਬੋਲਿਆ, ਸਗੋਂ ਇਕ ਚਤਰ ਫ਼ੌਜਦਾਰ ਵਾਂਗ ਪਹਿਲਾਂ ਨਿੱਕੀਆਂ ਹਕੂਮਤਾਂ ਨੂੰ ਫ਼ਤਹਿ ਕਰਨਾ ਆਰੰਭ ਕੀਤਾ। ਫ਼ਤਹਿ ਖ਼ਾਨ ਬਿਲੋਚ ਹਾਕਮ ਸਾਹੀਵਾਲ ਨੂੰ, ਜੋ ਉਸ ਸਮੇ ਬੜਾ ਬਲਵਾਨ ਹੁਕਮਰਾਨ ਸੀ, ਆਪਣੇ 10 ਪੱਕੇ ਕਿਲਿਆਂ ਦਾ ਬਹੁਤ ਘੁਮੰਡ ਸੀ। ਸੰਨ 1810 ਵਿਚ ਪਹਿਲਾਂ ਇਸ ਦੇ ਘੁਮੰਡ ਨੂੰ ਤੋੜਨ ਲਈ ਮਹਾਰਾਜਾ ਨੇ ਚੜ੍ਹਾਈ ਕੀਤੀ। ਇਸ ਲੜਾਈ ਵਿਚ ਉਸ ਨੂੰ ਖ਼ਾਲਸੇ ਅੱਗੇ ਹਥਿਆਰ ਰੱਖਣ ਸਿਵਾ ਕੋਈ ਚਾਰਾ ਨਾ ਦਿਸਿਆ। ਇਸ ਫ਼ਤਹਿ ਨਾਲ 250 ਪਿੰਡਾਂ ਅਤੇ ਬਲੋਚਾਂ ਨਵਾਬਾਂ ਦੇ ਸਾਰੇ ਇਲਾਕਿਆਂ ਪਰ ਖ਼ਾਲਸੇ ਦਾ ਕਬਜ਼ਾ ਹੋ ਗਿਆ। ਇਸ ਦੇ ਨਾਲ

ਹੀ ਜਾਫਰ ਖ਼ਾਨ ਦਾ ਇਲਾਕਾ ਭੇਰਾ ਅਤੇ ਖੁਸ਼ਾਬ ਵੀ ਫ਼ਤਹਿ ਕਰ ਕੇ ਖ਼ਾਲਸਾ ਰਾਜ ਵਿਚ ਮਿਲਾ ਲਏ ਗਏ।

ਫੇਰ ਕੁਝ ਸਮਾਂ ਮਹਾਰਾਜਾ ਤਿਆਰੀਆਂ ਵਿਚ ਲੱਗਾ ਰਿਹਾ। ਉਪਰੰਤ, ਝੰਗ ਦੇ ਸਿਆਲ ਨਵਾਬ ਦੀ ਵਾਰੀ ਆਈ। ਉਸ ਨੇ ਹਾਰ ਖਾ ਕੇ ਚਾਰ ਲੱਖ ਰੁਪਿਆ ਸਾਲਾਨਾ ਦੇਣਾ ਮੰਨਿਆ। ਇਸ ਦੇ ਬਾਅਦ ਸ਼ਾਹਪੁਰ ਦੇ ਇਲਾਕੇ ਟਿਵਾਣਾ ਦੇ ਮਾਲਕ ਅਹਿਮਦਯਾਰ ਦੀ ਰਿਆਸਤ ਵੀ ਖ਼ਾਲਸਾ ਰਾਜ ਦਾ ਇਕ ਭਾਗ ਬਣ ਗਈ ਪਰ ਇਨ੍ਹਾਂ ਨੂੰ ਆਪਣੇ ਦੇਸ਼ ਦੇ ਬਚਾਉਣ ਲਈ ਬੜੀ ਬੀਰਤਾ ਨਾਲ ਲੜਦੇ ਵੇਖ ਕੇ ਮਹਾਰਾਜਾ ਪਰ ਇੰਨਾ ਅਸਰ ਪਿਆ ਕਿ ਨਾ ਕੇਵਲ ਟਿਵਾਣਿਆਂ ਨੂੰ 10,000 ਰੁਪਏ ਸਾਲ ਦੀ ਜਾਗੀਰ ਹੀ ਬਖ਼ਸ਼ੀ ਸਗੋਂ ਇਨ੍ਹਾਂ ਨੂੰ ਖ਼ਾਲਸਾ ਫ਼ੌਜ ਵਿਚ ਭਰਤੀ ਵੀ ਕਰ ਲਿਆ। ਇਹ ਫ਼ਤਹਿਯਾਬੀਆਂ 1816 ਈ. ਦੀਆਂ ਹਨ। ਇਨ੍ਹਾਂ ਦੀ ਸਫ਼ਲਤਾ ਨਾਲ ਪੰਜਾਬੀ ਮੁਸਲਮਾਨਾਂ ਦਾ ਖ਼ਾਤਮਾ ਹੋ ਗਿਆ ਤੇ ਨਾਲ ਹੀ ਇਸਲਾਮੀ ਰਿਆਸਤਾਂ ਦਾ ਪਹਿਲਾ ਘੇਰਾ ਟੁੱਟ ਕੇ ਸਾਫ਼ ਹੋ ਗਿਆ ਅਤੇ ਦੂਜੇ ਘੇਰੇ ਨੂੰ ਤੋੜਨ ਦਾ ਸਮਾਂ ਆ ਪੁੱਜਾ।

## ਅਫ਼ਗਾਨਾਂ ਤੇ ਪਠਾਣਾਂ ਬਾਰੇ ਨੀਤੀ

ਪੰਜਾਬੀ ਮੁਸਲਮਾਨ ਰਈਸਾਂ ਦੀ ਸ਼ਕਤੀ ਨੂੰ ਮੁਕਾ ਕੇ ਮਹਾਰਾਜਾ ਨੇ ਪਠਾਣਾਂ ਅਤੇ ਅਫ਼ਗਾਨਾਂ ਦੇ ਇਸਲਾਮੀ ਘੇਰੇ ਨੂੰ ਤੋੜ ਕੇ ਪੰਜਾਬ ਨੂੰ ਪੂਰਨ ਸੁਤੰਤਰ ਕਰਨ ਵੱਲ ਆਪਣਾ ਸਾਰਾ ਧਿਆਨ ਲਾ ਦਿੱਤਾ।

ਇਸ ਮਹਾਨ ਕਾਰਜ ਨੂੰ ਸੰਪੂਰਨਤਾ ਤਕ ਪਹੁੰਚਾਉਣ ਲਈ ਮਹਾਰਾਜਾ ਦੀ ਖ਼ਾਲਸਾ ਫ਼ੌਜ ਕੋਈ ਪੰਜ ਸਾਲ ਤਕ ਬੜੀਆਂ ਕਰੜੀਆਂ ਲੜਾਈਆਂ ਲੜਦੀ ਰਹੀ।

ਹਜ਼ਰੋ ਦੀ ਲੜਾਈ ਖ਼ਾਲਸਾ ਅਤੇ ਅਫ਼ਗਾਨਾਂ ਵਿਚ ਸਖ਼ਤ ਪਰੀਖਿਆ ਦਾ ਪਹਿਲਾ ਸੰਗਰਾਮ ਸੀ ਜਿਸ ਵਿਚ ਦੋਵੇਂ ਕੌਮਾਂ, ਖ਼ਾਲਸਾ ਤੇ ਅਫ਼ਗਾਨਾਂ, ਨੇ ਇਕ ਦੂਜੇ ਨੂੰ ਪਛਾੜਨ ਵਿਚ ਕੋਈ ਕਸਰ ਵੀ ਪਿੱਛੇ ਨਾ ਰਹਿਣ ਦਿੱਤੀ। ਦੋ ਦਿਨਾਂ ਦੀ ਲਹੂ ਡੋਲ੍ਹਵੀਂ ਲੜਾਈ ਉਪਰੰਤ ਫ਼ਤਹਿ ਨੇ ਖ਼ਾਲਸੇ ਦੇ ਚਰਨ ਚੁੰਮੇ ਅਤੇ ਸਿਟੇ ਵੱਜੋਂ ਦਰਿਆ ਸਿੰਧ ਤਕ ਖ਼ਾਲਸੇ ਦਾ ਕਬਜ਼ਾ ਹੋ ਗਿਆ ਜਿਸ ਵਿਚ ਅਟਕ ਦਾ ਪ੍ਰਸਿੱਧ ਕਿਲਾ ਵੀ ਵਿਸ਼ੇਸ਼ ਲਿਖਤਯੋਗ ਹੈ। ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਇਸ ਰਣਭੂਮੀ ਵਿਚ ਅਫ਼ਗਾਨਾਂ ਨੇ ਆਪਣੇ ਵੱਲੋਂ ਇਕ ਗਿਠ ਧਰਤੀ ਲਈ ਹਜ਼ਾਰਾਂ ਜਾਨਾਂ ਵਾਰੀਆਂ ਪਰ ਕੁਦਰਤ ਨੂੰ ਇਹ ਪ੍ਰਵਾਨ ਸੀ ਕਿ ਖ਼ਾਲਸਾ ਨਿਸ਼ਾਨ ਪੰਜ ਦਰਿਆਵਾਂ ਦੀ ਧਰਤੀ ਪਰ ਲਹਿਰਾਉਂਦਾ ਰਹੇ, ਸੋ ਅਜਿਹਾ ਹੋ ਕੇ ਰਿਹਾ। ਇਹ ਬਹੁਤ ਬੜਾ ਮੋਰਚਾ ਸੀ ਜੋ ਖ਼ਾਲਸੇ ਤੋੜ ਲਿਆ। ਇਹ ਪਹਿਲੀ ਫ਼ਤਹਿ ਸੀ ਜੋ ਖ਼ਾਲਸੇ ਨੂੰ ਅਫ਼ਗਾਨਾਂ ਪੁਰ ਖੁਲ੍ਹੇ ਮੈਦਾਨੇ-ਜੰਗ ਵਿਚ ਪ੍ਰਾਪਤ ਹੋਈ ਸੀ। ਇਹ ਘਟਨਾ 13 ਜੂਨ 1813 ਦੀ ਹੈ।

ਸੰਨ 1818 ਵਿਚ ਨਵਾਬ ਮੁਜ਼ੱਫਰ ਖ਼ਾਨ ਵਾਲੀਏ ਮੁਲਤਾਨ ਨਾਲ ਖ਼ਾਲਸੇ ਦੀ ਬਲ ਪ੍ਰੀਖਿਆ ਹੋਈ। ਇਹ ਸੰਗਰਾਮ ਲਗਭਗ ਛੇ ਮਹੀਨਿਆਂ ਤਕ ਗਰਮ ਰਿਹਾ। ਛੇਕੜ ਖ਼ਾਲਸੇ ਦੀ ਸਾਗਰ-ਵੱਤ ਅਠਲ ਸ਼ਕਤੀ ਨੂੰ ਠਲ੍ਹ ਨਾ ਪਾ ਸਕਣ ਦੇ ਕਾਰਨ ਮੁਲਤਾਨ ਦੀ ਬੜੀ ਲੰਮੀ ਚੌੜੀ ਸਾਰੀ ਦੀ ਸਾਰੀ ਰਿਆਸਤ ਖ਼ਾਲਸਾ ਰਾਜ ਵਿਚ ਰਲਾ ਲਈ ਗਈ।

ਇਸੇ ਤਰ੍ਹਾਂ ਅਗਲੇ ਸਾਲ ਕਸ਼ਮੀਰ ਅਫ਼ਗਾਨਾਂ ਤੋਂ ਜਿੱਤ ਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਗਿਆ।

ਭਾਵੇਂ ਇਸ ਸਮੇਂ ਤਕ ਇਸਲਾਮੀ ਰਿਆਸਤਾਂ ਦਾ ਵੱਡਾ ਭਾਗ ਜਿੱਤ ਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਸੀ ਪਰ ਅਜੇ ਦੋ ਤਿੰਨ ਬੜੇ ਕਰੜੇ ਇਲਾਕਿਆਂ ਨੂੰ ਫ਼ਤਹਿ ਕਰਨਾ ਰਹਿੰਦਾ ਸੀ। ਇਨ੍ਹਾਂ ਵਿਚੋਂ ਇਕ ਤਾਂ ਮਨਕੇਰਾ ਦੇ ਨਵਾਬ ਹਾਫਿਜ਼ ਅਹਿਮਦ ਖ਼ਾਨ ਦੇ ਕਬਜ਼ੇ ਵਿਚ ਸੀ ਜਿਹੜਾ ਦਰਿਆ ਸਿੰਧ ਦੇ ਦੋਹਾਂ ਪਾਸਿਆਂ ਵੱਲ ਦੂਰ-ਦੂਰ ਤਕ ਖਿਲਰਿਆ ਹੋਇਆ ਸੀ। ਇੱਥੇ ਦੋ ਦਿਨ ਹਨੇਰ ਦੀ ਸਿਰੀ ਸਾਹਿਬ ਖੜਕੀ ਪਰ ਛੇਕੜ, ਹਾਫ਼ਿਜ਼ ਸਾਹਿਬ ਨੇ ਮੈਦਾਨੇ-ਜੰਗ ਖ਼ਾਲਸੇ ਦੀ ਭੇਂਟ ਕਰ ਦਿੱਤਾ।

ਹੁਣ ਇਸ ਦੇ ਬਾਅਦ ਛੇਕੜਲੀ ਪਰ ਅਤਿਅੰਤ ਕਠਿਨ ਕੜੀ, ਇਸਲਾਮੀ ਘੇਰੇ ਦੀ ਜੰਜ਼ੀਰ ਦੀ ਆਖ਼ਰੀ ਕੜੀ, ਪਿਸ਼ਾਵਰ ਸੀ ਜਿਸ ਦੀ ਪਿੱਠ ਪਰ ਸਾਰੇ ਅਫ਼ਗਾਨਿਸਤਾਨ ਅਤੇ ਨਿਡਰ ਯੂਸਫ਼ਜ਼ਈ ਪਠਾਣਾਂ ਦੀ ਪੂਰੀ ਸ਼ਕਤੀ ਸੀ।

ਇਹ ਲੜਾਈ ਸੰਨ 1823 ਵਿਚ ਦਰਿਆ ਅਟਕ ਤੋਂ ਪਾਰ ਦਰਿਆ ਲੁੰਡੇ ਦੇ ਕੰਢੇ ਨੁਸ਼ਹਿਰੇ ਦੇ ਮੈਦਾਨ ਵਿਚ ਲੜੀ ਗਈ। ਇਹ ਇਕ ਤਰ੍ਹਾਂ ਅਫ਼ਗਾਨਾਂ, ਪਠਾਣਾਂ ਅਤੇ ਖ਼ਾਲਸੇ ਦੀ ਜ਼ੋਰ ਅਜ਼ਮਾਈ ਦੀ ਅੰਤਿਮ ਪਰੀਖਿਆ ਸੀ। ਇਸ ਰਣਤੱਤੇ ਵਿਚ ਬਹਾਦਰ ਯੂਸਫ਼ਜ਼ਈ ਪਠਾਣਾਂ ਤੇ ਬਾਰਕਜ਼ਈ ਅਫ਼ਗਾਨਾਂ ਨੇ ਆਪਣੇ ਪਿਆਰੇ ਦੇਸ਼ ਦੀ ਚੱਪਾ-ਚੱਪਾ ਧਰਤੀ ਨੂੰ ਖ਼ਾਲਸੇ ਦੇ ਹੱਥ ਪੈਣ ਤੋਂ ਬਚਾਉਣ ਲਈ ਆਪਣਾ ਲਹੂ ਪਾਣੀ ਦੀ ਤਰ੍ਹਾਂ ਡੋਲ੍ਹਿਆ ਪਰ ਇਹ ਦੋਵੇਂ ਬਹਾਦਰ ਲੜਾਕੂ ਆਪਣੀ ਸੰਮਿਲਤ ਸ਼ਕਤੀ ਨਾਲ ਵੀ ਖ਼ਾਲਸੇ ਨੂੰ ਠਲ੍ਹ ਨਾ ਪਾ ਸਕੇ ਅਤੇ ਖ਼ਾਲਸੇ ਨੂੰ ਮਹਾਨ ਇਤਿਹਾਸਕ ਫ਼ਤਹਿ ਪ੍ਰਾਪਤ ਹੋਈ ਅਤੇ ਹੁਣ ਪਿਸ਼ਾਵਰ, ਹਸ਼ਤਨਗਰ, ਯੂਸਫ਼ਜ਼ਈਆਂ ਦਾ ਸਾਰੇ ਦਾ ਸਾਰਾ ਇਲਾਕਾ ਖ਼ਾਲਸੇ ਅਧੀਨ ਆ ਗਿਆ।

ਇਹ ਸੀ ਦੂਜਾ ਇਸਲਾਮੀ ਮਹਾਨ ਸ਼ਕਤੀ ਦਾ ਅਟੁੱਟ ਘੇਰਾ ਜਿਸ ਨੂੰ ਤੋੜ ਕੇ ਸ਼ੇਰੇ-ਪੰਜਾਬ ਨੇ ਸਾਰਾ ਪੰਜਾਬ ਪੰਜਾਬੀ ਮੁਸਲਮਾਨਾਂ, ਅਫ਼ਗਾਨਾਂ ਅਤੇ ਪਠਾਣਾਂ ਤੋਂ ਜਿੱਤ ਕੇ ਅੱਠ ਸੌ ਸਾਲਾਂ ਦੀ ਇਸਲਾਮੀ ਹਕੂਮਤ ਤੋਂ ਸਾਫ਼ ਕਰ ਦਿੱਤਾ।

## ਇਲਾਕਾ ਸਿੰਧ ਵੱਲ ਮਹਾਰਾਜ ਦੀ ਨੀਤੀ

ਇਲਾਕਾ ਅਟਕ, ਮੁਲਤਾਨ, ਕਸ਼ਮੀਰ ਅਤੇ ਪਿਸ਼ਾਵਰ ਦੇ ਫ਼ਤਹਿ ਹੋ ਜਾਣ ਦੇ ਨਾਲ-ਨਾਲ ਮਹਾਰਾਜਾ ਰਣਜੀਤ ਸਿੰਘ ਨੂੰ ਉਸ ਸਮੇਂ ਦੇ ਪ੍ਰਚਲਿਤ ਨਿਯਮਾਂ ਅਨੁਸਾਰ, ਅਹਿਮਦਸ਼ਾਹ ਅਬਦਾਲੀ ਦੇ ਜਾਨਸ਼ੀਨ ਹੋਣ ਦੀ ਸੂਰਤ ਵਿਚ ਮੁਲਕ ਸਿੰਧ ਤੋਂ ਖ਼ਾਜਗੁਜ਼ਾਰੀ ਆਦਿ ਦੀ ਵਸੂਲੀ ਦਾ ਪੂਰਾ ਹੱਕ ਪ੍ਰਾਪਤ ਹੋ ਗਿਆ।[1] ਇਹ ਠੀਕ ਉਸ ਨਿਯਮ ਅਨੁਸਾਰ ਸੀ ਜੋ

1. ਇਸ ਨਿਯਮ ਅਨੁਸਾਰ ਸੰਨ 1808 ਵਿਚ ਸਤਲੁਜ ਪਾਰ ਦੀਆਂ ਸਿੱਖ ਰਿਆਸਤਾਂ ਨੂੰ ਆਪਣੀ ਰੱਖਿਆ ਵਿਚ ਇਹ ਦੱਸ ਕੇ ਲੈ ਲਿਆ ਸੀ ਕਿ ਅੰਗਰੇਜ਼ ਮਰਹੱਟਾ ਸ਼ਕਤੀ ਨੂੰ ਜਿੱਤ ਚੁੱਕੇ ਹਨ, ਇਸ ਲਈ ਇਨ੍ਹਾਂ ਦਾ ਹੱਕ ਹੈ ਕਿ ਉਹ ਸਤਲੁਜ ਪਾਰ ਦੇ ਹੁਕਮਰਾਨਾਂ ਨੂੰ ਆਪਣੀ ਰੱਖਿਆ ਵਿਚ ਲੈ ਲੈਣ। ਵੇਖੋ ਚਾਰਲਸ ਮੇਟਕਾਫ਼ ਦੀ ਕਾਰਸਪਾਂਡੈਂਸ, ਤਰੀਕ 12 ਦਸੰਬਰ ਗੌਰਮਿੰਟ ਰੀਕਾਰਡਜ਼ : ਖ਼ਤ ਗਵਰਨਰ ਜੈਨਰਲ ਦੇ ਨਾਂ।

ਅੰਗਰੇਜ਼ੀ ਹਕੂਮਤ ਨੇ ਪਹਿਲਾਂ ਆਪ ਸੰਨ 1808 ਵਿਚ ਸਤਲੁਜ ਪਾਰ ਦੀਆਂ ਰਿਆਸਤਾਂ ਬਾਰੇ ਵਰਤਿਆ ਸੀ। ਇਸ ਨੀਤੀ ਨੂੰ ਸਿਰੇ ਚਾੜ੍ਹਨ ਲਈ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਦਾਜਨ ਕਢੀਆ ਦੇ ਇਲਾਕਿਆਂ ਨੂੰ ਖ਼ਾਲਸਾ ਰਾਜ ਵਿਚ ਮਿਲਾ ਲਿਆ, ਫਿਰ ਸੰਨ 1830 ਵਿਚ ਰਿਆਸਤ ਬਹਾਵਲਪੁਰ ਦਾ ਜਿਹੜਾ ਇਲਾਕਾ ਦਰਿਆ ਸਿੰਧ ਦੇ ਸੱਜੇ ਪਾਸੇ ਸੀ, ਉਸ ਤੇ ਆਪਣਾ ਕਬਜਾ ਕਰ ਲਿਆ। ਸਿੰਧ ਬਾਰੇ ਮਹਾਰਾਜਾ ਰਣਜੀਤ ਸਿੰਘ ਨਾ ਕੇਵਲ ਉਸ ਉਪਰ ਕਬਜ਼ਾ ਕਰਨ ਦਾ ਅਧਿਕਾਰ ਹੀ ਰਖਦਾ ਸੀ ਸਗੋਂ ਅਤਿ ਦੂਰ ਦੀ ਸੋਚ ਨੂੰ ਮੁੱਖ ਰੱਖ ਕੇ ਮਹਾਰਾਜਾ ਚਾਹੁੰਦਾ ਸੀ ਕਿ ਸਿੰਧ ਦੇ ਇਲਾਕੇ ਪਰ ਕਬਜਾ ਕਰ ਕੇ ਖ਼ਾਲਸਾ ਰਾਜ ਦੀਆਂ ਹਦਾਂ ਨੂੰ ਸਮੁੰਦਰ ਤਕ ਅਗਾਂਹ ਵੱਲ ਵਧਾਇਆ ਜਾਵੇ ਤਾਂ ਜੋ ਇਸ ਤਰ੍ਹਾਂ ਪੰਜਾਬ ਦੇ ਵਿਉਪਾਰ ਦਾ ਸਿਲਸਲਾ ਸਮੁੰਦਰ ਪਾਰ ਦੇ ਦੇਸ਼ਾਂ ਨਾਲ ਕਾਇਮ ਹੋ ਸਕੇ ਅਤੇ ਉਸ ਦੇ ਨਾਲ ਹੀ ਰਾਜਸੀ ਸੰਬੰਧ ਉਨ੍ਹਾਂ ਦੇਸ਼ਾਂ ਦੀਆਂ ਹਕੂਮਤਾਂ ਨਾਲ ਗੰਢੇ ਜਾ ਸਕਣ।[2]

ਅੰਗਰੇਜ਼ ਰਾਜਸੀ ਪਤਾਂ ਦੇ ਬੜੇ ਸਿਆਣੇ ਖਿਡਾਰੀ ਸਨ। ਉਹ ਫੌਰਨ ਮਹਾਰਾਜਾ ਸਾਹਿਬ ਦੀ ਇਸ ਪਾਲਸੀ ਨੂੰ ਸਮਝ ਗਏ ਅਤੇ ਉਨ੍ਹਾ ਮਹਾਰਾਜਾ ਦੀ ਇਸ ਜਿੱਤ ਨੂੰ ਨੇਪਰੇ ਚਾੜ੍ਹਨ ਤੋਂ ਪਹਿਲਾਂ ਹੀ ਇਸ ਦੇ ਰਾਹ ਵਿਚ ਰੋਕਾਂ ਪਾਉਣੀਆਂ ਆਰੰਭ ਦਿੱਤੀਆਂ।

ਇਹ ਸਮਾਂ ਲਾਰਡ ਵਿਲੀਅਮ ਬੈਂਟਿੰਗ ਦਾ ਸੀ। ਇਸ ਗਵਰਨਰ ਜਨਰਲ ਨੇ ਅੰਗਰੇਜ਼ੀ ਨੀਤੀ ਵਿਚ ਬੜੀ ਕਲਾਮਈ ਢੰਗ ਨਾਲ ਬਦਲੀ ਕਰ ਕੇ ਪਾਲਸੀ ਨੂੰ ਵਿਉਪਾਰਕ ਕਪੜੇ ਪਵਾ ਕੇ ਪਹਿਲਾ ਕੰਮ ਇਹ ਕੀਤਾ ਕਿ ਇਲਾਕਾ ਸਿੰਧ ਜਿਸ ਨੂੰ ਰਣਜੀਤ ਸਿੰਘ ਨੇ ਖ਼ਾਲਸਾ ਰਾਜ ਵਿਚ ਮਿਲਾਉਣ ਦੀ ਨੀਤੀ ਕਈ ਸਾਲਾਂ ਤੋਂ ਅਪਣਾਈ ਹੋਈ ਸੀ ਉਸ ਦੇ ਰਾਹੀਂ ਇੰਗਲੈਂਡ ਦੇ ਬਾਦਸ਼ਾਹ ਵਿਲੀਅਮ ਚੌਥੇ ਵੱਲੋਂ ਮਹਾਰਾਜਾ ਸਾਹਿਬ ਲਈ ਭੇਜੀਆਂ ਸੁਗਾਤਾਂ ਲੈਫਟੀਨੈਂਟ ਬਰਨਜ਼ ਦੀ ਅਗਵਾਈ ਵਿਚ ਭੇਜੀਆਂ। ਪ੍ਰਗਟ ਰੂਪ ਵਿਚ ਤਾਂ ਅੰਗਰੇਜ਼ਾਂ ਨੇ ਇਹ ਕਿਹਾ ਕਿ ਉਹ ਪੰਜਾਬ ਤੇ ਹਿੰਦ ਦੇ ਵਿਉਪਾਰ ਦੇ ਵਾਧੇ ਲਈ ਨਵੇਂ ਰਾਹ ਦੀ ਭਾਲ ਕਰਨ ਲਗੇ ਹਾਂ ਪਰ ਅੰਦਰੋਂ ਇਹ ਆਪਣਾ ਰਾਜਸੀ ਪ੍ਰਭਾਵ ਸਿੰਧ ਦੇ ਅਮੀਰਾਂ ਪਰ ਜਮਾਉਣ ਦਾ ਯਤਨ ਸੀ। ਬਰਨਜ਼ ਦੇ ਸਫਰ ਆਰੰਭ ਕਰਨ ਤੋਂ ਪਹਿਲਾਂ ਇਸ ਨੂੰ ਗਵਰਨਰ ਜਨਰਲ ਦੇ ਚੀਫ਼ ਸੈਕਟਰੀ ਵੱਲੋਂ ਇਕ ਗੁਪਤ ਚਿੱਠੀ ਭੇਜੀ ਗਈ ਜਿਸ ਵਿਚ ਇਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਉਹ ਸਿੰਧ ਬਾਰੇ ਰਾਜਸੀ ਤੇ ਭੂਗੋਲਿਕ ਵਾਕਫੀ, ਦਰਿਆ ਦੀ ਡੂੰਘਾਈ ਚੌੜਾਈ ਅਤੇ ਇਸ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੇ। ਵਿਸ਼ੇਸ਼ ਕਰਕੇ ਇਹ ਕਿ ਕੀ ਇਸ ਵਿਚ ਸਟੀਮਰ ਚਲ ਸਕੇਗਾ ਅਤੇ ਕੀ ਇਸ ਦੇ ਕੰਢੇ ਦੇ ਨੇੜੇ-ਤੇੜੇ ਈਧਨ ਮਿਲ ਸਕੇਗਾ। ਇਸ ਦੇਸ਼ ਦੇ ਅਮੀਰਾਂ ਅਤੇ ਦਰਿਆ ਦੇ ਦੋ ਪਾਸੀਂ ਵਸੋਂ ਬਾਰੇ ਵੀ ਪੂਰੀ-ਪੂਰੀ ਵਾਕਫੀ ਪ੍ਰਾਪਤ ਕਰਨ ਲਈ ਹਿਦਾਇਤ ਕੀਤੀ ਗਈ। ਇਸ ਤਰ੍ਹਾ ਸਰਕਾਰੀ ਲਾਭ ਬਾਰੇ ਲੋੜੀਂਦੀ ਜਾਣ-ਪਛਾਣ ਇਕੱਠੀ ਕਰਨ ਬਾਰੇ ਵੀ ਤਾਕੀਦ ਕੀਤੀ ਗਈ।

---

1. *ਪੰਜਾਬ ਐਜ਼ ਏ ਸਾਵਰਨ ਸਟੇਟ, ਸਫੇ 70-71, ਸਣੇ ਫੁਟ ਨੋਟ।*
2. ਵੇਖੋ ਵੇਡ ਦਾ ਪਤ ਤਰੀਕ 11 ਸਤੰਬਰ, 1823, ਗੌਰਮਿੰਟ ਪੰਜਾਬ ਰੀਕਾਰਡਜ਼।

ਮਹਾਰਾਜਾ ਰਣਜੀਤ ਸਿੰਘ ਅਤੇ ਲਾਰਡ ਵਿਲੀਅਮ ਬੈਂਟਿੰਗ ਵਿਚ ਜਦ ਅਕਤੂਬਰ 1831 ਨੂੰ ਰੋਪੜ ਵਿਚ ਮਿਲਣੀ ਹੋਈ ਤਾਂ ਮਹਾਰਾਜੇ ਨੇ ਉਸ ਵੇਲੇ ਗਵਰਨਰ ਜੈਨਰਲ ਤੋਂ ਉਨ੍ਹਾਂ ਦੀ ਸਿੰਧ ਬਾਰੇ ਨੀਤੀ ਸੰਬੰਧੀ ਪੁੱਛਿਆ ਪਰ ਬੈਂਟਿੰਗ ਉਸ ਦਾ ਉੱਤਰ ਦੇਣ ਵਿਚ ਟਾਲਮ ਟੋਲਾ ਕਰਦਾ ਰਿਹਾ।

ਪਰ ਥੋੜ੍ਹੇ ਸਮੇ ਦੇ ਅੰਦਰ ਹੀ ਕਰਨਲ ਪੋਤਿੰਜਰ ਨੇ ਖੈਰਪੁਰ ਤੇ ਹੈਦਰਾਬਾਦ ਨਾਲ ਅਹਿਦਨਾਮੇ ਕਰ ਲਏ ਜਿਸ ਦੇ ਬਾਅਦ ਮਹਾਰਾਜਾ ਨੇ ਸਿੰਧ ਨੂੰ ਸਮੁੰਦਰ ਤਕ ਖ਼ਾਲਸਾ ਰਾਜ ਵਿਚ ਮਿਲਾਉਣ ਦੀ ਨੀਤੀ ਬਦਲ ਦਿੱਤੀ।

## ਅਫ਼ਗਾਨਿਸਤਾਨ ਬਾਰੇ ਮਹਾਰਾਜਾ ਦੀ ਨੀਤੀ

ਸ਼ੇਰੇ-ਪੰਜਾਬ ਬੜੀ ਚੰਗੀ ਤਰ੍ਹਾਂ ਜਾਣਦਾ ਸੀ ਕਿ ਪੰਜਾਬ ਰਾਜ ਤਦ ਹੀ ਪੂਰੀ ਤਰ੍ਹਾਂ ਸੁਰੱਖਿਅਤ ਹੋ ਸਕਦਾ ਹੈ ਜਦ ਪਿਸ਼ਾਵਰ ਤੇ ਅਫ਼ਗਾਨਾਂ ਦਾ ਉਹ ਭਾਗ ਜਿਹੜਾ ਦੱਰ੍ਹਾ ਖ਼ੈਬਰ ਤਕ ਖਿਲਰਿਆ ਹੋਇਆ ਹੈ, ਖ਼ਾਲਸਾ ਰਾਜ ਦਾ ਇਕ ਭਾਗ ਬਣ ਜਾਵੇਗਾ। ਸੋ ਇਸ ਨੀਤੀ ਨੂੰ ਮੁੱਖ ਰਖ ਕੇ ਸੰਨ 1834 ਦੇ ਆਰੰਭ ਵਿਚ ਹੀ ਸ਼ੇਰੇ-ਪੰਜਾਬ ਨੇ ਸਾਰੀਆਂ ਜੰਗੀ ਤਿਆਰੀਆਂ ਸੰਪੂਰਨ ਕਰ ਕੇ ਪਹਿਲਾਂ ਪਿਸ਼ਾਵਰ ਪਰ ਚੜ੍ਹਾਈ ਕਰ ਦਿੱਤੀ ਤੇ ਇਸ ਨੂੰ ਫ਼ਤਹਿ ਕਰ ਕੇ ਖ਼ਾਲਸਾ ਰਾਜ ਵਿਚ ਸੰਮਿਲਤ ਕਰ ਲਿਆ। ਫਿਰ ਥੋੜ੍ਹੇ ਸਮੇ ਦੇ ਅੰਦਰ ਹੀ ਖ਼ਾਲਸਾ ਰਾਜ ਦੀਆਂ ਹੱਦਾਂ ਵਧਾ ਕੇ ਰਾਜ ਦੀ ਪੱਕੀ ਹੱਦਬੰਦੀ ਦੱਰਾ ਖ਼ੈਬਰ ਤਕ ਕਾਇਮ ਕਰ ਦਿੱਤੀ ਅਤੇ ਜਮਰੌਦ, ਬਾੜਾ, ਮਿਚਨੀ ਅਤੇ ਸ਼ੰਕਰਗੜ੍ਹ ਵਿਚ ਬੜੇ ਪੱਕੇ ਤੇ ਸ਼ਕਤੀਮਾਨ ਕਿਲੇ ਉਸਾਰ ਕੇ ਪੰਜਾਬ ਦੇ ਰਾਜ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਕਰ ਦਿੱਤਾ।

## ਖ਼ਾਲਸਾ ਰਾਜ ਦੀ ਸ਼ਾਨ

ਹੁਣ ਖ਼ਾਲਸਾ ਰਾਜ ਆਸਚਰਜ ਦੀ ਚੋਟੀ ਪਰ ਪਹੁੰਚ ਚੁੱਕਾ ਸੀ, ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਅਤੇ ਪ੍ਰਸਿੱਧਤਾ ਦਾ ਸੂਰਜ ਦੁਪਹਿਰ ਵਕਤ ਆਪਣਾ ਪੂਰਾ ਜੋਬਨ ਵਿਖਾ ਰਿਹਾ ਸੀ। ਉਹ ਦੇਸ਼ ਦੇ ਇਸਲਾਮੀ ਸੂਬੇ ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਨੂੰ ਫ਼ਤਹਿ ਕਰ ਕੇ ਖ਼ਾਲਸਾ ਰਾਜ ਨਾਲ ਮਿਲਾ ਚੁੱਕਾ ਸੀ। ਉਹ ਪੰਜਾਬ ਦੇ ਪਹਾੜੀ ਇਲਾਕਿਆਂ ਤੇ ਪੱਧਰ ਰਿਆਸਤਾਂ ਦਾ ਪੂਰੀ ਤਰ੍ਹਾਂ ਮਾਲਕ ਮੰਨਿਆ ਜਾਂਦਾ ਸੀ। ਉਹ ਲੱਦਾਖ਼ ਅਤੇ ਸਿੰਧ ਨੂੰ ਝਬਦੇ ਹੀ ਆਪਣੇ ਤਾਬੇ ਕਰਨ ਲਈ ਸੋਚਾਂ ਸੋਚ ਰਿਹਾ ਸੀ, ਦੂਰ-ਦੂਰ ਦੇਸ਼ਾਂ ਦੇ ਮਾਲਕ ਤੇ ਰਾਜੇ ਉਸ ਦੀ ਮਿੱਤ੍ਰਤਾ ਦੇ ਚਾਹਵਾਨ ਸਨ। ਸੰਨ 1826 ਵਿਚ ਦਰਵੇਸ਼ ਮੁਹੰਮਦ ਨਜ਼ਾਮ ਹੈਦਰਾਬਾਦ ਦਾ ਵਕੀਲ ਲਾਹੌਰ ਦਰਬਾਰ ਵਿਚ ਹਾਜ਼ਰ ਹੋਇਆ ਤੇ ਨਜ਼ਾਮ ਵੱਲੋਂ ਮਹਾਰਾਜਾ ਲਈ ਚਾਰ ਬਹੁਮੁਲੇ ਘੋੜੇ, ਇਕ ਅਦੁੱਤੀ ਚਾਦਨੀ,[1] ਇਕ ਜਵਾਹਰਾਤ ਜੜੀ ਸ਼ਮਸ਼ੇਰ, ਇਕ ਤੋਪ ਤੇ ਕਈ ਬੰਦੂਕਾਂ ਮਹਾਰਾਜੇ ਲਈ ਲਿਆਂਦੀਆਂ। ਇਨ੍ਹਾਂ ਤੋਂ ਛੁਟ ਕਈ ਬਹੁਮੁੱਲੀਆਂ ਵਸਤਾਂ ਸਾਹਿਬਜ਼ਾਦਾ ਖੜਕ ਸਿੰਘ ਲਈ ਵੱਖ ਸਨ।

---

1. ਇਹ ਉਹੋ ਹੀ ਚਾਂਦਨੀ ਸੀ ਜਿਹੜੀ ਸ਼ੇਰੇ ਪੰਜਾਬ ਨੂੰ ਅਤਿ ਪਿਆਰੀ ਲਗੀ ਤੇ ਉਸ ਨੇ ਉਸੀ ਵਕਤ ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਲਈ ਭਿਜਵਾ ਦਿੱਤੀ। ਇਹ ਅਜੇ ਤਕ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਵਿਚ ਮੌਜੂਦ ਹੈ।

ਇਸੇ ਸਾਲ ਸੈਫ ਖਾ ਸ਼ਾਹਜ਼ਾਦਾ ਕਾਮਰਾਨ ਵਾਲੀਏ ਹਿਰਾਤ ਦਾ ਏਲਚੀ ਸੌਗਾਤਾਂ ਤੇ ਨਜ਼ਰਾਨੇ ਲੈ ਕੇ ਹਾਜ਼ਰ ਹੋਇਆ।

ਸੰਨ 1829 ਵਿਚ ਬਿਲੋਚਿਸਤਾਨ ਤੋਂ ਵਕੀਲ ਆਏ ਤੇ ਬਹੁਤ ਸਾਰੇ ਬਹੁਮੁੱਲੇ ਘੋੜੇ ਤੇ ਜੰਗੀ ਸਾਮਾਨ ਆਦਿ ਭੇਟਾ ਵੱਜੋਂ ਨਾਲ ਲਿਆਏ ਤੇ ਮਹਾਰਾਜੇ ਦੀ ਖ਼ੁਸ਼ੀ ਪ੍ਰਾਪਤ ਕੀਤੀ। ਇਸੇ ਤਰ੍ਹਾਂ ਹੋਰ ਦੂਰ-ਦੂਰ ਦੇ ਇਲਾਕਿਆਂ ਦੇ ਹੁਕਮਰਾਨ ਮਹਾਰਾਜਾ ਸਾਹਿਬ ਦੀ ਮਿੱਤਰਤਾ ਦੇ ਸੰਬੰਧਾਂ ਨੂੰ ਪੱਕਿਆਂ ਰੱਖਣ ਦੇ ਯਤਨ ਕਰ ਰਹੇ ਸਨ।

## ਰੂਸ ਦਾ ਖ਼ਤ

ਇਨ੍ਹਾਂ ਦਿਨਾਂ ਵਿਚ (ਸੰਨ 1824) ਨੂੰ ਮਿਸਟਰ ਮੂਰਕਰਾਫਟ ਕੰਪਨੀ ਦਾ ਪ੍ਰਸਿੱਧ ਯਾਤਰੂ ਜਦ ਲੱਦਾਖ ਵਿਚ ਸੀ ਤਾਂ ਇਸ ਨੂੰ ਕਿਸੇ ਲਾਵਾਰਸ ਯਾਤਰੂ ਦੇ ਕੁਝ ਕਾਗਜ਼ ਮਿਲੇ ਜੋ ਲੱਦਾਖ ਤੋਂ ਕੋਈ ਦਸ ਮੰਜ਼ਲਾਂ ਦੀ ਦੂਰੀ ਪਰ ਮਰ ਚੁੱਕੇ ਯਾਤਰੂ ਦੇ ਸਨ। ਇਹ ਰੂਸੀ ਲਿੱਪੀ ਵਿਚ ਲਿਖੇ ਸਨ। ਇਕ ਖ਼ੱਤ ਸ਼ਾਹਜ਼ਾਦਾ ਨੈਸਲਰੋਡ (Nesselrode the Russian Minister for Foreign Affairs) ਦਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਸੀ। ਇਸ ਵਿਚ ਖ਼ੜੇ ਸਤਿਕਾਰ ਅਤੇ ਪਿਆਰ ਭਰੇ ਭਾਵ ਦੇ ਸ਼ਬਦਾਂ ਵਿਚ ਮਹਾਰਾਜਾ ਨੂੰ ਸੰਬੋਧਨ ਕਰ ਕੇ ਲਿਖਿਆ ਸੀ ਕਿ ਰੂਸੀ ਹਕੂਮਤ ਵੱਲੋਂ ਆਪ ਦੇ ਦਰਬਾਰ ਲਈ ਆਪਣਾ ਸਫੀਰ ਨੀਯਤ ਕਰਕੇ ਭੇਜਦੇ ਹਾਂ। ਇਸ ਦਾ ਨਾਉਂ ਆਗਾ ਮਹਿਦੀ ਹੈ। ਇਹ ਸਾਡਾ ਖ਼ਤ ਉਸ ਦੀ ਆਪਣੀ ਹਜ਼ੂਰੀ ਵਿਚ ਜਾਣ ਪਛਾਣ ਬਾਰੇ ਹੈ।" ਅੱਗੇ ਖ਼ਾਲਸਾ ਦਰਬਾਰ ਨਾਲ ਆਪਣੇ ਸੰਬੰਧ ਕਾਇਮ ਕਰਨ ਬਾਰੇ ਵਿਸਥਾਰ ਸੀ। ਨਾਲ ਹੀ ਇਸ ਗੱਲ ਦਾ ਭਰੋਸਾ ਦਿਵਾਇਆ ਗਿਆ ਸੀ ਕਿ "ਜਦ ਆਪ ਵੱਲੋਂ ਪੰਜਾਬੋਂ ਕੋਈ ਵਪਾਰੀ ਸਾਡੀ ਹਕੂਮਤ ਵਿਚ ਆਉਣਾ ਚਾਹੇ ਤਾਂ ਉਸ ਦੀ ਪੂਰੀ-ਪੂਰੀ ਰੱਖਿਆ ਕੀਤੀ ਜਾਵੇਗੀ ਅਤੇ ਉਸ ਨੂੰ ਸਾਰੀਆਂ ਸਹੂਲਤਾ ਦਿੱਤੀਆਂ ਜਾਣਗੀਆਂ।"

ਮਾਲੂਮ ਹੁੰਦਾ ਹੈ ਕਿ ਸ਼ਹਿਨਸ਼ਾਹ ਰੂਸ ਨੇ ਆਪਣਾ ਏਜੰਟ ਖ਼ਾਲਸਾ ਦਰਬਾਰ ਵਿਚ ਰਖਣ ਦਾ ਫ਼ੈਸਲਾ ਕੀਤਾ ਸੀ ਜਿਸ ਲਈ ਆਗਾ ਮਹਿਦੀ ਚੁਣਿਆ ਗਿਆ ਸੀ। ਇਸ ਸਫੀਰ ਨੇ ਲਾਹੌਰ ਪਹੁੰਚਣ ਲਈ ਤਿੱਬਤ ਦਾ ਰਾਹ ਲਿਆ ਜਿਹੜਾ ਬਹੁਤ ਖ਼ਤਰਨਾਕ ਗਿਣਿਆ ਜਾਂਦਾ ਸੀ। ਇਹ ਸਫੀਰ ਲੇਹ ਤੋਂ 6 ਮੰਜ਼ਲਾਂ ਪਰੇ ਬਰਫ ਦੇ ਤੂਫਾਨ ਵਿਚ ਦਬ ਕੇ ਸਣੇ ਸਾਥੀਆਂ ਤੇ ਘੋੜਿਆਂ ਦੇ ਮਰ ਗਿਆ। ਬਰਫ ਦੇ ਪਿਘਲਣ ਉੱਤੇ ਉਸ ਦਾ ਸਾਮਾਨ ਮਿਲਿਆ ਤਾਂ ਉਸ ਵਿਚੋਂ ਜ਼ਾਰ ਰੂਸ ਦਾ ਇਹ ਖ਼ਤ ਕਿਸੇ ਨੂੰ ਮਿਲਿਆ। ਖ਼ਤ ਚੂੰਕਿ ਰੂਸੀ ਅੱਖਰਾਂ ਵਿਚ ਲਿਖਿਆ ਹੋਇਆ ਸੀ, ਇਸ ਲਈ ਇਹ ਪੱਤਰ ਮੂਰਕਰਾਫਟ ਅੰਗਰੇਜ਼ ਯਾਤਰੂ ਨੂੰ ਜੋ ਇਨ੍ਹਾਂ ਦਿਨਾਂ ਵਿਚ ਈਸਟ ਇੰਡੀਆ ਕੰਪਨੀ ਵੱਲੋਂ ਇਸ ਮੁਲਕ ਦੀ ਭਾਲ ਲਈ ਲੱਦਾਖ ਪੁੱਜਾ ਹੋਇਆ ਸੀ, ਨੂੰ ਮਿਲ ਗਿਆ। ਇਹ ਆਪ ਤਾਂ ਰੂਸੀ ਨਹੀਂ ਸੀ ਜਾਣਦਾ, ਸੋ ਇਸ ਨੇ ਇਹ ਖ਼ਤ ਹਕੂਮਤ ਅੰਗਰੇਜ਼ੀ ਨੂੰ ਕਲਕੱਤੇ ਭੇਜ ਦਿੱਤਾ। ਹਕੂਮਤ ਨੇ ਜਦ ਇਸ ਖ਼ਤ ਦਾ ਉਲੱਥਾ ਅੰਗਰੇਜ਼ੀ ਵਿਚ ਕਰਵਾਇਆ ਤਾਂ ਮਿਸਟਰ ਐਮ ਕਸੋਮਾ ਡੈਕੋਰੋਸ (M. Ksoma Dekoros) ਨੇ ਇਸ ਬਾਰੇ ਇੰਨਾ ਹੀ ਪ੍ਰਗਟ ਕੀਤਾ ਕਿ ਇਹ ਖ਼ਤ ਮਹਾਰਾਜਾ ਰਣਜੀਤ ਸਿੰਘ ਦੇ ਨਾਮ

ਜ਼ਾਰ ਰੂਸ ਦੇ ਫ਼ਾਰਨ ਮਨਿਸਟਰ ਵੱਲੋਂ ਲਿਖਿਆ ਹੋਇਆ ਸੀ।

ਇਸ ਖਤ ਦਾ ਵਰਨਣ ਮੂਰਕਰਾਫਟ ਨੇ ਆਪਣੇ ਸਫਰਨਾਮੇ ਵਿਚ ਇਸ ਪ੍ਰਕਾਰ ਕੀਤਾ ਹੈ :

Travels in the Himalayan Provinces of Hindustan and the Punjab, in Ladakh and Kashmir, in Peshawar, Kabul and Kunduz by Mr. William Moorcraft from 1819 to 1825, Vol. I.

---

Soon after we were domesticated at Le, and our intercourse with the Khalun had become more unreserved, the Minister communicated to me a letter from the Emperor of Russia to the Ruler of Ladakh, which had been brought to the latter by a person named Aga Mehdi, about six years before, professedly charged with the duty of opening a commercial intercourse with Ladakh; he had been the bearer of a similar letter to Ranjit Singh, as he was instructed to extend his negotiations to the Punjab. This person, I learnt, was now on his return to these countries and was shortly expected to arrive at Le.

Although I had reason to expect a shrewd and able competitor in Aga Mehdi's yet I was anxious to see him, from the interest that was naturally excited by the rencontre of two European agents, from such opposite directions, in the mountains of Tibet, and from the hope that I might be able better to ascertain his real designs, as well as those of the ambitious power under whose patronage and authority he was employed, and whose views which were no doubt political as much as commercial, he was to promote; Our meeting, however, was prevented by his death, which occurred in the mountains of Karakeram, of a sudden and violent disorder.

In the middle of April, a person who represented himself as the partner of Aga Mehdi, Mohammed Zahur arrived at Le, with a small Kafilah, laden, as was pretended, with the effects of his principal, but which there was good reason to believe was public property. The Chief article imported proved to be dyeing drugs, as cochineal, indigo, wood & c., both crude and prepared, intended to be employed in Kashmir in dyeing shawl goods, according to specimen of colour on flannel, furnished by a British artist at St. Petersburg. There were no labels nor instructions. Aga Mehdi, it appeared, had spent a twelve month with an English Dyer in Russia, in order to learn the use of these materials; but as Mohammed Zahur was ignorant of their nature and application he was obliged to have recourse to me for advice. I was thus enabled to learn many interesting particulars relating to the Aga and his mission.

Aga Mehdi was the son of a Jew originally from Persia, who had settled in Kashmir. Left an orphan at an early age he was for a time supported by his father's friends, and when old enough to shift for himself, he was first a menial servant, and then a sort of pedlar. He then traded on a large scale as a shawl merchant, and in that character he established himself in Russia. Brought up as a Shiah Mohammedan, he became a convert to Christianity according to the ritual of the Greek Church; and this circumstance; combined with his merchantile reputation, attracted the notice and patronage of some of the magnates of St. Petersburg, by whom he was introduced to the sovereign. His knowledge of the people and languages of Turkistan, Kashmir, and the Punjab as well as his intelligence and enterprise, recommended him as a fit agent to be employed to extend the influence of Russia to the confines of British India, as well as to acquire information regarding the geographical and Political circumstances of the intervening countries. His first attempt seems to have given satisfaction, as he was honoured. I was informed, with a gold chain and a medal from the Emperor and was soon encouraged to repeat his visit. On this as on the former occasion, he brought letters from the Emperor of Russia to the rulers of Punjab and Ladakh. Most of his papers were destroyed or lost upon his death, but a copy of the letter to Ranjit Singh was brought to me. The original had been opened at Yarkand by Aga Mehdi himself, for the purpose of having a Persian Translation made, and both the original and Translation had been seen by many persons. I felt no scruple, therefore, about possessing myself of the document. The letter is signed by Count Nesselrode, and written by order of the Emperor Alexander. The bearer is styled Aga Mebdi Rafael, merchant and antic councillor, and is recommended to Ranjit Singh as a respectable trader, for whom free access to the Sikh territories for commercial purposes is solicited, assurance being given that equal facilities will be afforded to merchants from the Punjab. The motives of the Emperor, it is added, in opening this friendly correspondence with the Raja, are his exceeding benevolence towards the innumerable nations over which he rules, and the deep interest he takes in the people of remote countries, and especially in the subjects of Ranjit Singh. The letter to the Raja of Ladakh which was subsequently communicated to me by the Khalun, differed from this only in the address.

Besides the drugs, Mohammed Zahur had with him a quantity of rubies and emeralds the latter of which although not perfect, were of considerable size and value I understand from a Turani merchant that the Aga on his former visit had brought emeralds with him, for which there was no demand; and his repeating this investment was therefore apparently

ill-advised. The size and setting of some of them also made them much too costly for the markets of Tibet and Lahore, and it seemed probable that they were designed for presents rather than for sale. There were other articles of the similar character and some Russian telescopes, English cutlery, phosphorus boxes and other trifles, were not likely to be employed as merchandise. Aga mehdi had also a considerable sum. I was informed, in gold ducats, sixteen hundreds of which were paid at Le to a merchant of Yarkand, in acquittal of an ancient claim upon the Aga. Mohammed Zahur had also in his possession above eleven thousand Rupees.

Baron Meyendorf in his Voyaged 'oren bourga' Boukhara inserts a Persian paper on the commercial road from Semi-Palaytynsk to Kashmir, with a translation and notes by Professor Senkowsly. In the latter (P. 340) reference is repeatedly made to a memo in by Mehdi Raphail, Juif Natif de Kaboul, who died a year before in Tibet, and who is the same, therefore, with Mr. Moorcrafts's Aga Mehdi. His account of political events in Afghanistan shows him to have been a man of more observation Asiatic traders usually are. This is not the only authority for details of this route possessed by the Russians for the Baron Cities (P. 122) La Relation d'un voyage and indes, by Raphael Daniberg, a Georgian gentleman; printed at St. Petersburg in 1815. He travelled from kashmir to Semi-Palatynsk by way of Keshgar–ED.

The inferences to be drawn from the means with which Aga Mehdi was thus provided were confirmed by the tenor of the information procured by Mir Izzet Ullah at Yarkand. It was there asserted that the Aga had assured the Mohammedans of Kashgar of Support from Russia in any attempt to shake off the Yoke of the Chinese, and had even invited the heir of the principality to St. Petersburg with a promise that he should be sent back with an army to recover the dominions of his ancestors. It was also generally reported that Aga Mehdi was to endeavour to prevail upon the Raja of Ladakh and Ranjit Singh to send envoys to Russian Capital, the expense of whose journeys he was authorised to defray. How for these assertions were well founded it is difficult to say; but their circulation indicated an extending disposition amongst the Mohammedans of Turkistan to anticipate the effectual interposition of Russia in their political as well as commercial condition. In respect of the latter a kind of commercial treaty had not long since been entered into between that power and the rulers of Kokan by which it had been agreed that the latter should give a safe convoy to the Russian–Chinese caravans through his dominions from the Russian Frontier to Kashgar, on receiving a rate of duty equal to that levied by Russia from the caravans from China to Turkistan.

From Shamei on the Irtish, Aga Mehdi has been excorted to Turfan Yangi, on the border of Chinese Turkistan, by a Troop of Cavalry, and had, nevertheless, been more than once in some danger from the attacks of the Kirghiz, provoked, it was probable, by depredations committed by his followers on the flocks and the horses of the steppe. At Turfan he dismissed his escort, dividing amongst them, it was said, a number of horses carried off on their progress through the deserts, retaining only sufficient for the prosecution of his journey. At Yarkand he deserted his newly adopted creed, and became a Musselman of the Suni Persuasion.

After a short delay at Le, Mohammed Zahur disposed off all the articles in his possession and sending two confidential servants to Kashmir to lay out the money in Shawls, repaired himself to Boukhara, there to wait for his People and goods. Whether it was his purpose to return to Russia, where his father was settled as a dealer in shawls, was somewhat doubtful. Under an impression that the articles in his possession were public property, I endeavoured strenuously to dissuade him from the sale of them and strongly recommended to him to proceed to the court of Ranjit Singh with the Emperor's letter : My counsels were, however, disregarded for reasons best known to himself but which it was not difficult to conjecture.

The death of Aga Mehdi was productive of some inconveniences to my movements. In reply to a letter from Mir Izzet Ullah, Kissak Shah, the principal Judge at Yarkand, whilst he gave him a personal invitation, referred to the Russian envoy for a communication regarding my visit to that place. His death, and the absence of any written information rendered me uncertain what measures to adopt, until a Turani merchant offered to act as my agent, and negotiate my passage by way of Yarkand.

## ਸ਼ਹਿਨਸ਼ਾਹ ਅੰਗਰੇਜ਼ੀ ਦਾ ਸ਼ੇਰੇ-ਪੰਜਾਬ ਨੂੰ ਸੁਗਾਤਾਂ ਭੇਟਾ ਕਰਨਾ

ਸੰਨ 1830 ਮੁਤਾਬਕ ਸੰਮਤ 1887 ਬਿ: ਵਿਚ ਸ਼ਹਿਨਸ਼ਾਹ ਇੰਗਲਿਸ਼ਤਾਨ ਵਿਲੀਅਮ ਚੌਥੇ ਨੇ ਮਹਾਰਾਜਾ ਰਣਜੀਤ ਸਿੰਘ ਲਈ ਵਲੈਤ ਤੋਂ ਬਹੁਮੁੱਲੇ ਤੋਹਫ਼ੇ ਤੇ ਇਕ ਮਿਤ੍ਰਤਾ ਦਾ ਪ੍ਰੇਮ-ਪੱਤਰ ਆਪਣੇ ਏਲਚੀ ਦੇ ਹੱਥੀਂ ਭੇਜਿਆ। ਸੁਗਾਤਾਂ ਵਿਚ ਅਦੁੱਤੀ ਵਲੈਤੀ ਨਸਲ ਦੀਆਂ 4 ਘੋੜੀਆਂ, ਇਕ ਘੋੜਾ ਅਤੇ ਇਕ ਚੌਪਾਇਆ ਅਤੇ ਚਾਂਦੀ ਦੀ ਗੱਡੀ ਸੀ।[1] ਜੋ ਉਸ ਸਮੇਂ ਅਮੋਲਕ ਸਮਝੀ ਜਾਂਦੀ ਸੀ। ਜਦ ਸੰਨ 1830 ਵਿਚ ਇਨ੍ਹਾਂ ਸੁਗਾਤਾਂ ਦਾ ਜਹਾਜ਼ ਬੰਬਈ ਪਹੁੰਚਿਆ ਤਾਂ ਲੈਫ਼ਟੀਨੈਂਟ ਅਲੈਗਜ਼ੈਂਡਰ ਬਰਨਜ਼, ਜੋ ਉਸ ਸਮੇਂ ਇਲਾਕਾ ਕੱਛ ਦੇ ਪੁਲੀਟੀਕਲ ਵਿਭਾਗ ਵਿਚ ਸੀ, ਮੇਜਰ ਜੈਨਰਲ ਸਰ ਜਾਨ ਮੈਲਕਮ ਗਵਰਨਰ ਬੰਬਈ ਦੇ

1 ਪ੍ਰਿੰਸਪ ਦਾ ਖ਼ਤ, ਰੈਜ਼ੀਡੈਂਟ ਦਿਲੀ ਦੇ ਨਾਂ, ਮਿਤੀ 4 ਜਨਵਰੀ 1331, ਖ਼ੁਕ 114, ਪੰਜਾਬ ਰੀਕਾਰਡਜ਼।

WWW.SIKHBOOKCLUB.COM 

ਹੁਕਮ ਨਾਲ ਇਸ ਸਮਾਨ ਨੂੰ ਦਰਿਆ ਸਿੰਧ ਦੇ ਰਸਤੇ ਬੇੜੀਆਂ ਰਾਹੀਂ ਲਾਹੌਰ ਦਰਬਾਰ ਪਹੁੰਚਾਉਣ ਲਈ ਚੁਣਿਆ ਗਿਆ। ਦਰਿਆਈ ਰਸਤੇ ਲਈ ਤਿਆਰੀਆਂ ਕਰਕੇ 21 ਜਨਵਰੀ 1831 ਦੀ ਸਵੇਰ ਨੂੰ ਪੰਜ ਦੇਸੀ ਬੇੜੀਆਂ ਵਿਚ ਮਾਂਡਵੀ ਇਲਾਕਾ ਕੱਛ ਤੋਂ ਇਹ ਵਕੀਲ ਲਾਹੌਰ ਵੱਲ ਤੁਰ ਪਿਆ। ਸਿੰਧ ਦੇ ਮੀਰਾਂ ਨੂੰ ਜਦ ਇਨ੍ਹਾਂ ਦੇ ਇਲਾਕੇ ਵਿਚੋਂ ਇਨ੍ਹਾਂ ਬੇੜੀਆਂ ਦੇ ਲੰਘਣ ਦੀ ਖਬਰ ਪਹੁੰਚੀ ਤਾਂ ਪਹਿਲੇ ਪਹਿਲ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਆਪਣੇ ਇਲਾਕੇ ਵਿਚੋਂ ਲੰਘਣ ਤੋਂ ਰੋਕਿਆ। ਪਰ ਮਹਾਰਾਜਾ ਨੇ ਉਸੀ ਵਕਤ ਮੁਲਤਾਨ ਦੀਆਂ ਫ਼ੌਜਾਂ ਨੂੰ ਸਿੰਧ ਵੱਲ ਵਧਾਇਆ ਤੇ ਹੁਕਮ ਦਿੱਤਾ ਕਿ ਜੋ ਕੋਈ ਅੰਗਰੇਜ਼ੀ ਸਫੀਰ ਨੂੰ ਰੋਕੇਗਾ, ਉਸ ਦੀ ਚੰਗੀ ਤਰ੍ਹਾਂ ਹੋਸ਼ ਠਿਕਾਣੇ ਲਿਆਂਦੀ ਜਾਏਗੀ। ਛੇਕੜ ਅਮੀਰਾਂ ਨੇ ਰਾਹ ਦੇਣਾ ਮੰਨ ਲਿਆ, ਇਸ ਤਰ੍ਹਾਂ ਰਸਤੇ ਵਿਚ ਦਰਿਆ ਦੀਆਂ ਕਈ ਖੇਚਲਾਂ ਝਾਗਦਾ ਹੋਇਆ ਇਹ ਟੋਲਾ 27 ਮਈ ਦੀ ਰਾਤ ਨੂੰ ਇਲਾਕਾ ਬਹਾਵਲਪੁਰ ਵਿਚ ਪਹੁੰਚ ਗਿਆ। ਇਥੇ ਦੇ ਨਵਾਬ ਨੇ ਇਨ੍ਹਾਂ ਦਾ ਬੜੇ ਮਾਨ ਨਾਲ ਸੁਆਗਤ ਕੀਤਾ ਤੇ ਕਈ ਦਿਨਾਂ ਤਕ ਮਿਸਟਰ ਬਰਨਜ਼ ਨੂੰ ਇਥੇ ਠਹਿਰਾਇਆ।

ਇੱਥੋਂ ਤੁਰਦਿਆਂ ਹੀ ਖ਼ਾਲਸਾ ਰਾਜ ਦਾ ਬੰਨਾ ਅਰੰਭ ਹੁੰਦਾ ਸੀ ਅਤੇ ਇਸ ਵਿਚ ਕਦਮ ਰਖਦਿਆਂ ਹੀ ਅੱਗੋਂ ਮਹਾਰਾਜਾ ਸਾਹਿਬ ਵੱਲੋਂ ਸਰਦਾਰ ਲਹਿਣਾ ਸਿੰਘ ਜੀ ਮਜੀਠੀਆ ਜੋ ਇਨ੍ਹਾਂ ਦੇ ਸੁਆਗਤ ਲਈ ਖ਼ਾਲਸਾ ਰਾਜ ਦੇ ਬੰਨੇ ਪਰ ਇਨ੍ਹਾਂ ਨੂੰ ਮਿਲਣ ਲਈ ਆਇਆ ਸੀ, ਸਫੀਰ ਨੂੰ ਬੜੇ ਪਿਆਰ ਨਾਲ ਮਿਲਿਆ ਤੇ ਉਸ ਨੂੰ ਸੁਖ ਨਾਲ ਪਹੁੰਚਣ ਦੀ ਵਧਾਈ ਦਿੱਤੀ। ਰਾਜ ਦਰਬਾਰ ਦੀ ਮਰਯਾਦਾ ਅਨੁਸਾਰ 1400 ਰੁਪਏ ਸਫੀਰ ਦੀ ਜ਼ਿਆਫ਼ਤ ਲਈ ਉਸ ਦੇ ਅੱਗੇ ਧਰੇ।

ਇੱਥੋਂ ਤੁਰਕੇ ਸਫੀਰ ਦਾ ਡੇਰਾ 15 ਦੀ ਰਾਤ ਨੂੰ ਛਾਂਗੇ ਮਾਂਗੇ ਪਹੁੰਚਿਆ ਜੋ ਲਾਹੌਰ ਤੋਂ 52 ਮੀਲ ਹੈ। ਇੱਥੇ ਇਨ੍ਹਾਂ ਨੂੰ ਮਹਾਰਾਜਾ ਸਾਹਿਬ ਵੱਲੋਂ ਕਈ ਪਤਵੰਤੇ ਸਰਦਾਰ ਆ ਕੇ ਮਿਲੇ ਜਿਨ੍ਹਾਂ ਦਾ ਮੁਖੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਸੀ। ਸਰਦਾਰ ਸਾਹਿਬ ਨੇ ਮਹਾਰਾਜਾ ਸਾਹਿਬ ਵੱਲੋਂ ਸ਼ਹਿਨਸ਼ਾਹ ਇੰਗਲਿਸਤਾਨ ਦੇ ਸੁਖ ਅਨੰਦ ਬਾਰੇ ਪੁੱਛਿਆ। ਹੋਰ ਕਈ ਗੱਲਾਂ ਰਸਤੇ ਦੇ ਸਫ਼ਰ ਬਾਰੇ ਪੁਛੀਆਂ, ਜਿਨ੍ਹਾਂ ਦਾ ਯੋਗ ਉੱਤਰ ਮਿਸਟਰ ਬਰਨਜ਼ ਦਿੰਦਾ ਰਿਹਾ। ਹੁਣ ਇੱਥੋਂ ਸਾਰਾ ਟੋਲਾ ਪੰਜਾਬ ਤੋਂ ਵਿਦਾ ਹੋਣ ਤਕ ਸਰਦਾਰ ਸ਼ਾਮ ਸਿੰਘ ਜੀ ਅਟਾਰੀਵਾਲੇ ਦੀ ਸੌਂਪਣੀ ਵਿਚ ਹੀ ਰਿਹਾ। ਭਾਵੇਂ ਇਨ੍ਹਾਂ ਦੀ ਸਹਾਇਤਾ ਲਈ ਸਰਦਾਰ ਲਹਿਣਾ ਸਿੰਘ ਜੀ ਨਾਲ ਸਨ, ਪਰ ਮੁਖੀ ਪ੍ਰਬੰਧਕ ਸਰਦਾਰ ਸ਼ਾਮ ਸਿੰਘ ਹੀ ਸੀ। ਮਿਸਟਰ ਬਰਨਜ਼ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ ਸਰਦਾਰ ਸ਼ਾਮ ਸਿੰਘ ਜਦ ਮੈਨੂੰ ਛਾਂਗੇ ਮਾਂਗੇ ਮਿਲਿਆ, ਉਸ ਦੇ ਨਾਲ ਇਕ ਬਲਵਾਨ ਦਲ ਸਵਾਰਾਂ ਦਾ ਸੀ, ਜਿਨ੍ਹਾਂ ਨੇ ਬਸੰਤੀ ਰੰਗ ਦੀ ਵਰਦੀ ਪਹਿਨੀ ਹੋਈ ਸੀ ਤੇ ਇਹ ਦਸਤਾ ਸਣੇ ਸਰਦਾਰ ਸ਼ਾਮ ਸਿੰਘ ਜੀ ਦੇ ਇਲਾਕਾ ਯੂਸਫਜ਼ਈ ਵਿਚੋਂ ਸਯਦ ਅਹਿਮਦ ਸ਼ਾਹ ਬਰੇਲਵੀ ਦੀ ਸ਼ੋਰਸ਼ ਨੂੰ ਮੁਕਾ ਕੇ ਆਇਆ ਸੀ। ਇਸ ਸਮੇਂ ਸਰਦਾਰ ਜੀ ਨੇ ਇਕ ਖਤ ਮਹਾਰਾਜਾ ਸਾਹਿਬ ਵੱਲੋਂ ਸਫ਼ੀਰ ਨੂੰ ਦਿੱਤਾ ਜਿਸ ਤੋਂ ਭਰੋਸਾ ਤੇ ਪਿਆਰ ਪ੍ਰਗਟ ਹੁੰਦਾ ਸੀ। ਅਗਲੇ ਦਿਨ 16 ਤਰੀਕ ਨੂੰ ਸਰਦਾਰ ਜੀ ਨੇ 700 ਰੁਪਏ ਬਰਨਜ਼ ਦੇ ਪੇਸ਼ ਕੀਤੇ ਤੇ

ਆਖਿਆ ਕਿ ਇਹ ਆਪ ਦਾ ਰੋਜ਼ਾਨਾ ਸਫਰ ਖਰਚ ਹੈ ਤੇ ਜਿਸ ਦਿਨ ਤੋਂ ਆਪ ਨੇ ਪੰਜਾਬ ਦੀ ਹੱਦ ਵਿਚ ਕਦਮ ਰਖਿਆ ਹੈ ਤੇ ਅੱਗੇ ਨੂੰ ਰਹੇਗਾ, ਆਪ ਨੂੰ ਰੋਜ਼ਾਨਾ ਇਹ ਰਕਮ ਛੇਕੜਲੇ ਦਿਨ ਤਕ ਮਿਲਦੀ ਰਹੇਗੀ। ਇੱਥੋਂ ਤੁਰ ਕੇ 18 ਤਰੀਕ ਨੂੰ ਇਹ ਜੱਥਾ ਸਰਦਾਰ ਜੀ ਦੀ ਸੌਂਪਣੀ ਵਿਚ ਲਾਹੌਰ ਪਹੁੰਚਾ ਜਿਥੇ ਇਕ ਬੜੇ ਬਾਗ਼ ਵਿਚ ਜਿਥੇ ਜੈਨਰਲ ਅਲਾਰਡ ਰਹਿੰਦਾ ਸੀ ਇਨ੍ਹਾਂ ਨੂੰ ਨਿਵਾਸ ਦਿੱਤਾ ਗਿਆ।

ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਲਈ 20 ਤਰੀਕ ਦੀ ਸਵੇਰ ਨੀਯਤ ਹੋਈ। ਉਸ ਦਿਨ ਨੌਂ ਵਜੇ ਸਵੇਰ ਦੇ ਸਰਦਾਰ ਸ਼ਾਮ ਸਿੰਘ ਅੰਗਰੇਜ਼ੀ ਸਫੀਰ ਨੂੰ ਹਾਥੀ ਦੀ ਸਵਾਰੀ ਪਰ ਸ਼ਹਿਰ ਦੇ ਵਿਚੋਂ ਜੋ ਬੜੀ ਸਜ ਧਜ ਨਾਲ ਸਜਾਇਆ ਗਿਆ ਸੀ, ਕਿਲ੍ਹੇ ਵਿਚ ਲੈ ਆਇਆ। ਸ਼ੀਸ਼ ਮਹੱਲ ਵਿਚ ਪਹੁੰਚ ਕੇ ਅੰਗਰੇਜ਼ੀ ਪਰਾਹੁਣਾ ਬੜੇ ਅਦਬ ਨਾਲ ਮਹਾਰਾਜਾ ਸਾਹਿਬ ਦੇ ਪੇਸ਼ ਹੋਇਆ। ਅੱਗੋਂ ਮਹਾਰਾਜਾ ਸਾਹਿਬ ਭੀ ਸਣੇ ਸ਼ਾਹਜ਼ਾਦੇ ਖੜਕ ਸਿੰਘ ਤੇ ਸ਼ੇਰ ਸਿੰਘ ਦੇ ਬੜੇ ਪਿਆਰ ਤੇ ਕ੍ਰਿਪਾਲਤਾ ਨਾਲ ਮਿਲੇ। ਫੇਰ ਸਰਦਾਰ ਸ਼ਾਮ ਸਿੰਘ ਨੇ ਹੋਰ ਸਾਰੇ ਦਰਬਾਰੀਆ ਨੂੰ ਇਸ ਨਾਲ ਮਿਲਾਇਆ। ਇਸ ਦੇ ਉਪਰੰਤ ਸਫੀਰ ਨੇ ਸ਼ਹਿਨਸ਼ਾਹ ਦੇ ਭੇਜੇ ਹੋਏ ਤੋਹਫੇ ਮਹਾਰਾਜਾ ਸਾਹਿਬ ਦੇ ਪੇਸ਼ ਕੀਤੇ। ਮਹਾਰਾਜਾ ਸਾਹਿਬ ਇਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਖ਼ਾਸ ਕਰ ਕੇ ਸ਼ਹਿਨਸ਼ਾਹ ਦਾ ਮਿੱਤਰਤਾ ਦਾ ਪੱਤਰ, ਜੋ ਮਹਾਰਾਜਾ ਸਾਹਿਬ ਲਈ ਸੀ, ਉਸ ਤੇ ਪਿਆਰ ਭਰੋਸਾ ਚੋ-ਚੋ ਪੈਂਦਾ ਸੀ। ਖਤ ਦੇ ਖੋਲ੍ਹਦਿਆਂ ਹੀ ਕਿਲ੍ਹੇ ਦੀਆਂ ਫ਼ਸੀਲਾਂ ਤੋਂ ਤੋਪਾਂ ਦੀਆ ਸ਼ਲਕਾ ਚਲਾਈਆ ਗਈਆਂ। ਇਸ ਤੋਂ ਦੋ ਭਾਵ ਸਨ—ਇਕ ਤਾਂ ਇਹ ਕਿ ਮਹਾਰਾਜਾ ਸਾਹਿਬ ਦੀ ਪਰਜਾ ਜੋ ਸਦਾ ਆਪ ਦੇ ਦੁਖ-ਸੁਖ ਵਿਚ ਸ੍ਰੀ ਹਜ਼ੂਰ ਜੀ ਨਾਲ ਮਿਲੀ ਰਹਿੰਦੀ ਸੀ, ਸਲਾਮੀ ਤੋ ਸਮਝ ਜਾਏ ਕਿ ਮਹਾਰਾਜਾ ਸਾਹਿਬ ਦੇ ਪ੍ਰਾਹੁਣੇ ਸੁਖ ਨਾਲ ਲਾਹੌਰ ਪਹੁੰਚ ਗਏ ਹਨ। ਦੂਜਾ ਸ਼ਹਿਨਸ਼ਾਹ ਇੰਗਲਿਸਤਾਨ ਦਾ ਸਨਮਾਨ ਕਰਨ ਵਿਚ ਮਹਾਰਾਜਾ ਸਾਹਿਬ ਦੀ ਖ਼ੁਸ਼ੀ ਸੀ। ਇਸ ਦੇ ਪਿਛੋ ਖਤ ਦਾ ਫ਼ਾਰਸੀ ਉਲਥਾ ਫ਼ਕੀਰ ਅਜ਼ੀਜ਼ਉਦੀਨ ਨੇ ਬੜੀ ਉੱਚੀ ਆਵਾਜ਼ ਨਾਲ ਪੜ੍ਹ ਕੇ ਸੁਣਾਇਆ। ਉਸ ਦਿਨ ਦਾ ਦਰਬਾਰ ਖਤਮ ਹੋਇਆ। ਅਗਲੇ ਦਿਨ ਖ਼ਾਲਸਾ ਫ਼ੌਜਾਂ ਦੀ ਭਾਰੀ ਪਰੇਡ ਹੋਈ ਜਿਸ ਨੂੰ ਵੇਖ ਕੇ ਸਫੀਰ ਬਹੁਤ ਖ਼ੁਸ਼ ਹੋਇਆ। ਇਨ੍ਹਾਂ ਫ਼ੌਜਾਂ ਨੂੰ ਨਵੇਂ ਢੰਗ ਦੀ ਕਵੈਦਦਾਨੀ ਵਿਚ ਸਭ ਤਰ੍ਹਾਂ ਨਿਪੁੰਨ ਵੇਖ ਕੇ ਸਫੀਰ ਨੇ ਬੜੀ ਸ਼ਲਾਘਾ ਕੀਤੀ। ਮਿਸਟਰ ਬਰਨਜ਼ 16 ਅਗਸਤ ਤਕ ਲਾਹੌਰ ਰਿਹਾ। ਸਫੀਰ ਦੀ ਵਿਦਾਇਗੀ ਤੋ ਪਹਿਲੇ ਲਾਹੌਰ ਵਿਚ ਦੂਜੀ ਵਾਰੀ ਫਿਰ ਇਕ ਦਰਬਾਰ ਹੋਇਆ, ਜਿਸ ਵਿਚ ਮਹਾਰਾਜਾ ਸਾਹਿਬ ਨੇ ਆਪਣੇ ਵੱਲੋਂ ਇਕ ਜੜਾਊ ਕਮਾਨ ਸਣੇ ਬਹੁਤ ਸਾਰੇ ਤੀਰਾਂ ਦੇ, ਇਕ ਬਹੁਮੁਲਾ ਘੋੜਾ ਬੜੇ ਕੀਮਤੀ ਸਾਮਾਨ ਨਾਲ ਸਜਿਆ ਹੋਇਆ ਜਿਸ ਪਰ ਇਕ ਵਧੀਆ ਸ਼ਾਲ ਪਾਈ ਹੋਈ ਸੀ, ਮਿਸਟਰ ਬਰਨਜ਼ ਨੂੰ ਆਪਣੇ ਲਈ ਦਿੱਤਾ। ਇਸੇ ਤਰ੍ਹਾਂ ਦਾ ਤੋਹਫਾ ਮਿਸਟਰ ਲੀ ਨੂੰ ਭੀ ਜੋ ਬਰਨਜ਼ ਦਾ ਸਾਥੀ ਸੀ, ਦਿੱਤਾ ਗਿਆ। ਇਨ੍ਹਾਂ ਤੋਂ ਛੁਟ ਭਾਰੀਆਂ ਖਿਲਤਾਂ ਭੀ ਬਖ਼ਸ਼ੀਆਂ ਗਈਆਂ।[1] ਸਫੀਰ ਦੇ ਕਹਿਣ ਪਰ ਮਹਾਰਾਜਾ ਸਾਹਿਬ ਨੇ ਆਪਣੇ ਜਵਾਹਰਾਤ ਉਸ ਨੂੰ ਦੱਸੇ ਜਿਨ੍ਹਾਂ ਨੂੰ ਵੇਖ ਕੇ ਉਹ ਹੈਰਾਨ ਰਹਿ ਗਿਆ, ਖ਼ਾਸ ਕਰ ਜਗਤ ਪ੍ਰਸਿੱਧ ਹੀਰਾ

1. ਸਫ਼ਰਨਾਮਾ ਬਰਨਜ਼, ਜਿਲਦ 1, ਪੰਨਾ 141

WWW.SIKHBOOKCLUB.COM

'ਕੋਹ-ਨੂਰ' ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ। ਇਹ ਸਾਰੇ ਸੰਸਾਰ ਵਿਚ ਅਦੁੱਤੀ ਮੰਨਿਆ ਜਾਂਦਾ ਸੀ। ਇਸ ਦੀ ਬਾਬਤ ਮਿਸਟਰ ਬਰਨਜ਼ ਲਿਖਦਾ ਹੈ ਕਿ ਇਸ ਦਾ ਆਕਾਰ ਮੁਰਗੀ ਦੇ ਅੰਡੇ ਦੇ ਬਰਾਬਰ ਸੀ। ਚਮਕ ਐਸੀ ਸੀ ਕਿ ਇਸ ਤੇ ਅੱਖ ਨਹੀਂ ਸੀ ਠਹਿਰਦੀ। ਇਸ ਦਾ ਵਜ਼ਨ ਸਾਡੇ ਤਿੰਨ ਰੁਪਏ ਦੇ ਤੁਲ ਸੀ। ਇਹ ਮਹਾਰਾਜਾ ਸਾਹਿਬ ਨੇ ਬਾਜ਼ੂ-ਬੰਦ ਵਿਚ ਸਜਾਇਆ ਹੋਇਆ ਸੀ। ਇਸ ਦੇ ਨਾਲ-ਨਾਲ ਦੋ ਹੋਰ ਕੀਮਤੀ ਹੀਰੇ ਸਨ ਜੋ ਚਿੜੀ ਦੇ ਆਂਡੇ ਦੇ ਬਰਾਬਰ ਸਨ। ਇਨ੍ਹਾਂ ਨਗਾਂ ਵਿਚ ਇਕ ਲਾਲ ਵੀ ਸੀ ਜਿਸ ਦਾ ਵਜ਼ਨ ਚੌਦਾਂ ਤੋਲੇ ਸੀ। ਇਸ ਉੱਤੇ ਕਈ ਹੋਰ ਬੀਤੇ ਬਾਦਸ਼ਾਹਾਂ ਦੇ ਨਾਮ ਉਕਰੇ ਹੋਏ ਸਨ, ਜਿਨ੍ਹਾਂ ਵਿਚੋਂ ਔਰੰਗਜ਼ੇਬ ਤੇ ਅਹਿਮਦ ਸ਼ਾਹ ਅਬਦਾਲੀ ਦੇ ਨਾਮ ਸਾਫ਼ ਪੜ੍ਹੇ ਜਾਂਦੇ ਸਨ। ਇਕ ਹੋਰ ਪੁਖਰਾਜ ਸੀ ਜੋ ਸਤਾਰਾਂ ਤੋਲੇ ਵਜ਼ਨ ਦਾ ਸੀ। ਇਨ੍ਹਾਂ ਤੋਂ ਛੁਟ ਹੋਰ ਸੈਂਕੜੇ ਕੀਮਤੀ ਹੀਰੇ ਪੰਨੇ ਮਹਾਰਾਜਾ ਦੇ ਖਜ਼ਾਨੇ ਵਿਚ ਸਨ। ਅਗਲੇ ਦਿਨ ਸ਼ੇਰੇ-ਪੰਜਾਬ ਨੇ ਦੋ ਹਜ਼ਾਰ ਰੁਪਿਆ ਮਿਸਟਰ ਬਰਨਜ਼ ਦੇ ਛੋਟੇ ਦਰਜੇ ਦੇ ਨੌਕਰਾਂ ਚਾਕਰਾਂ ਵਿਚ ਵੰਡਣ ਲਈ ਭੇਜਿਆ। ਇਸ ਤੋਂ ਛੁਟ ਇਕ ਖਤ ਸ਼ਹਿਨਸ਼ਾਹ ਇੰਗਲਿਸਤਾਨ ਦੀ ਸੇਵਾ ਵਿਚ ਪੇਸ਼ ਕਰਨ ਲਈ ਮਿਸਟਰ ਬਰਨਜ਼ ਨੂੰ ਦਿੱਤਾ।

16 ਅਗਸਤ ਦੀ ਸਵੇਰ ਨੂੰ ਇਹ ਸਫ਼ੀਰ ਸਣੇ ਆਪਣੇ ਜੱਥੇ ਦੇ ਲਾਹੌਰ ਤੋਂ ਸ਼ਿਮਲੇ ਵੱਲ ਤੁਰਿਆ, ਤਾਂ ਜੋ ਗਵਰਨਰ-ਜਨਰਲ ਨੂੰ ਮਹਾਰਾਜਾ ਦੀ ਮਿਲਣੀ ਦੇ ਸਮਾਚਾਰ ਜਾ ਕੇ ਸੁਣਾਏ। ਰਸਤੇ ਵਿਚ ਜਾਂਦੇ ਹੋਏ ਸਫ਼ੀਰ ਨੇ ਸ੍ਰੀ ਅੰਮ੍ਰਿਤਸਰ ਜੀ ਦੇ ਵੀ ਦਰਸ਼ਨ ਕੀਤੇ। 250/- ਰੁਪਏ ਦਰਬਾਰ ਸਾਹਿਬ ਜਾ ਕੇ ਭੇਟਾ ਚੜ੍ਹਾਏ। ਇਸ ਬਾਬਤ ਮਿਸਟਰ ਬਰਨਜ਼ ਲਿਖਦਾ ਹੈ ਕਿ ਮੈਂ ਇੱਥੇ ਅਰਦਾਸਾ ਸੁਧਵਾਇਆ ਕਿ ਅੰਗਰੇਜ਼ੀ ਰਾਜ ਤੇ ਖ਼ਾਲਸਾ ਕੌਮ ਦੀ ਦੋਸਤੀ ਅਟੱਲ ਰਹੇ। ਇਹ ਅਰਦਾਸਾ 'ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ' ਦੇ ਜੈਕਾਰਿਆਂ ਨਾਲ ਸੋਧਿਆ ਗਿਆ। ਫੇਰ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਨੂੰ ਗਿਆ, ਪਰ ਬਰਨਜ਼ ਲਿਖਦਾ ਹੈ ਕਿ ਮੈਨੂੰ ਅੰਦਰ ਜਾਣ ਦੀ ਆਗਿਆ ਨਾ ਦਿੱਤੀ ਗਈ।

ਇਸ ਤਰ੍ਹਾਂ ਮੰਜ਼ਲੋ-ਮੰਜ਼ਲ ਇਹ ਸਫ਼ੀਰ ਫਲੌਰ ਪਹੁੰਚ ਗਿਆ ਤੇ ਇੱਥੋਂ ਛੇਕੜਲੀ ਵਿਦਾਇਗੀ ਲੈਕੇ ਅੱਗੇ ਨੂੰ ਕੂਚ ਕੀਤਾ।

## ਸ਼ਹਿਨਸ਼ਾਹ ਇੰਗਲਿਸਤਾਨ ਵੱਲੋਂ ਮਹਾਰਾਜਾ ਲਈ ਸੋਗਾਤਾਂ

20 ਜੁਲਾਈ ਨੂੰ ਸਵੇਰ ਦੇ 9 ਵਜੇ ਬਰਨਜ਼ ਸਣੇ ਸ਼ਾਹੀ ਸੋਗਾਤਾਂ ਦੇ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ। ਇਹ ਇਕ ਜਲੂਸ ਦੀ ਸ਼ਕਲ ਵਿਚ ਸਨ। ਸਭ ਤੋਂ ਅੱਗੇ ਸ਼ਹਿਨਸ਼ਾਹ ਦੀ ਭੇਜੀ ਹੋਈ ਚੌਹ ਘੋੜਿਆਂ ਦੀ ਗੱਡੀ ਸੀ। ਇਸ ਦੇ ਪਿੱਛੇ ਵਧੀਆ ਕਦਾਵਰ 4 ਘੋੜੀਆਂ ਸਨ ਅਤੇ ਇਕ ਘੋੜਾ ਸੀ ਜਿਸ ਨੂੰ ਵੇਖਣ ਲਈ ਹਜ਼ਾਰਾਂ ਲੋਕ ਆਏ ਸਨ। ਮਹਾਰਾਜਾ ਦੇ ਮੁੱਖੀ ਸਰਦਾਰ ਤੇ ਬਰਨਜ਼ ਹਾਥੀਆਂ ਤੇ ਚਾਂਦੀ ਦਿਆਂ ਹੌਦਿਆਂ ਵਿਚ ਸਵਾਰ ਸਨ। ਇਹ ਸ਼ਹਿਰ ਵਿਚੋਂ ਹੋ ਕੇ ਕਿਲੇ ਦੇ ਸ਼ਾਹੀ ਮਹਿਲ ਪਾਸ ਪੁੱਜੇ। ਅੱਗੇ ਬੜਾ ਸ਼ਾਹੀ ਦਰਬਾਰ ਲੱਗਾ ਹੋਇਆ ਸੀ। ਬਰਨਜ਼ ਲਿਖਦਾ ਹੈ ਕਿ ਮੈਂ ਦਰਬਾਰ ਦੇ ਦਰਵਾਜ਼ੇ ਪਰ ਆਪਣੇ ਹਾਥੀ ਤੋਂ ਉਤਰਿਆ ਤਾਂ ਕਿਸੇ ਨੇ ਆ ਕੇ ਮੈਨੂੰ ਜੱਫੀ ਪਾ ਲਈ। ਜਦ ਮੈਂ ਫਿਰ ਕੇ ਡਿੱਠਾ ਤਾਂ ਇਹ ਸ਼ੇਰੇ-ਪੰਜਾਬ ਵੱਡੇ ਮਹਾਰਾਜਾ ਸਨ। ਮੈਂ ਉਸ ਦੇ ਜੋਤਮਈ ਚਿਹਰੇ ਨੂੰ ਤੱਕ ਨਾ

WWW.SIKHBOOKCLUB.COM 

ਸਕਿਆ। ਇਸ ਤੋਂ ਮਗਰੋ ਸ਼ਹਿਜ਼ਾਦਾ ਤੇ ਹੋਰ ਦਰਬਾਰੀ ਵਾਰੋ ਵਾਰੀ ਮੈਨੂੰ ਮਿਲੇ। ਫਿਰ ਮੈਂ ਸਹਿਨਸ਼ਾਹ ਦਾ ਖਤ ਜੋ ਬਹੁਮੁੱਲੇ ਕਪੜੇ ਦੀ ਥੈਲੀ ਵਿਚ ਪਿਆ ਸੀ। ਮਹਾਰਾਜਾ ਅੱਗੇ ਰੱਖਿਆ। ਇਸ ਦਾ ਉਲਥਾ ਫ਼ਾਰਸੀ ਵਿਚ ਸੀ ਜੋ ਫ਼ਕੀਰ ਅਜ਼ੀਜ਼ਉੱਦੀਨ ਨੇ ਪੜ੍ਹ ਕੇ ਸਭ ਨੂੰ ਸੁਣਾਇਆ। ਖਤ ਇਸ ਤਰ੍ਹਾਂ ਆਰੰਭ ਹੁੰਦਾ ਸੀ :

*Copy of the letter from His Majesty's Minister of the Affairs of India to Maharaja Ranjeet Singh, delivered to His Highness at Lahore on the 20th of July, 1831.*

To

His Highness Maharaja Ranjeet Singh,
Chief of the Sikh Nation and Lord of Cashmere.

Maharaja,

The King, my most gracious master, has commanded me to express to Your Highness His majesty's acknowledgements of Your Highness's attention in transmitting to His Majesty, by the esteemed and excellent Lord, Earl Amherst, the splendid manufacture of Your Highness's subjects of Cashmere.

The King, knowing that Your Highness is in possession of the most beautiful horses of the celebrated breeds in Asia, has thought that it might be agreeable to Your Highness to possess some horses of the most remarkable breed of Europe; and, in the hope to gratify Your Highness in this matter, has commanded to select for Your Highness some horses of the breed which is peculiar to England.

These horses selected with care, requiring much time, I now send to Your Highness; and as their great weight makes it inexepedient that they should undergo the fatigue of a long march in the hot climate, I have directed that they shall be conveyed to Your Highness by the Indus.

The King has given me his most special commands to intimate to Your Highness the sincere satisfaction with which His Majesty has witnessed the good understanding which has for so many years subsisted, and which may God ever preserve between the British Government and Your Highness.

His Majesty relies with confidence on the continuance of a state of peace so beneficial to the subjects of both powers; and His Majesty earnestly desires that Your Highness may live long in health and honour, extending the blessings of beneficient government to the nations under Your Highness's rule.

By the King's Command
(Signed)

## ਮਹਾਰਾਜੇ ਲਈ ਫ਼ਰਾਂਸ ਦੇ ਸ਼ਹਿਨਸ਼ਾਹ ਦਾ ਖ਼ਤ

ਅਲਾਰਡ ਜਦ ਛੁਟੀ ਲੈ ਕੇ ਗਿਆ ਸੀ ਤਾਂ ਉੱਥੇ ਉਸ ਨੂੰ ਸ਼ਹਿਨਸ਼ਾਹ ਫ਼ਰਾਂਸ ਫਿਲਪ ਨੇ ਆਪਣੇ ਦਰਬਾਰ ਵਿਚ ਬੁਲਵਾ ਕੇ ਉਸ ਦੀ ਬੜੀ ਇੱਜ਼ਤ ਕੀਤੀ ਸੀ। ਉਸ ਨੂੰ ਕਈ ਵਾਰੀ ਪ੍ਰੀਤੀ ਭੋਜਨ ਪਰ ਬੁਲਾਇਆ ਤੇ ਇਕ ਭਰੇ ਦਰਬਾਰ ਵਿਚ ਉਸ ਨੂੰ ਫ਼ਰਾਂਸ ਦਾ ਉੱਚਾ ਖ਼ਿਤਾਬ ਦਿੱਤਾ। ਅਲਾਰਡ ਨੂੰ ਪੰਜਾਬ ਵੱਲ ਵਾਪਸੀ ਸਮੇਂ ਸ਼ਹਿਨਸ਼ਾਹ ਫ਼ਰਾਂਸ ਨੇ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਲਈ ਕਈ ਵਡ-ਮੁਲੀਆਂ ਸੁਗਾਤਾਂ ਤੇ ਨਾਲ ਆਪਣੀ ਇਕ ਤਸਵੀਰ ਵੀ ਭੇਜੀ ਸੀ, ਜਿਸ ਪਰ ਬਹੁ-ਮੁੱਲੇ ਨਗ ਜੜੇ ਹੋਏ ਸਨ। ਇਸੇ ਤਰ੍ਹਾਂ ਇਕ ਜੜ੍ਹਤ ਸੰਦੂਕਚੀ ਜਿਸ ਵਿਚ ਸ਼ਾਹ ਫਿਲਮ ਵੱਲੋਂ ਇਕ ਪਿਆਰ-ਪੂਰਤ ਪਤ੍ਰਕਾਂ ਧਰੀ ਸੀ, ਜਿਸ ਦੇ ਸ਼ਬਦ ਵਿਚੋਂ ਮੁਹੱਬਤ ਤੇ ਸਤਿਕਾਰ ਚੋ-ਚੋ ਪੈਂਦਾ ਸੀ। ਅਲਾਰਡ ਦੇ ਹੱਥੀਂ ਭੇਜੀ ਸੀ। ਇਸ ਵਿਚ ਖ਼ਾਲਸਾ ਕੌਮ ਦੀ ਅਦੁੱਤੀ ਬੀਰਤਾ ਅਤੇ ਖ਼ਾਲਸੇ ਦੇ ਮਾਨਯੋਗ ਮਹਾਰਾਜਾ ਸਾਹਿਬ ਦੀ ਬੜੇ ਖੁਲ੍ਹੇ ਦਿਲ ਨਾਲ ਸ਼ੋਭਾ ਲਿਖੀ ਸੀ।

ਸ਼ੇਰੇ-ਪੰਜਾਬ ਨਾਲ ਮਿੱਤਰਤਾ ਦਾ ਸੰਬੰਧ ਸਦਾ ਕਾਇਮ ਰੱਖਣ ਲਈ ਬੜਾ ਫ਼ਖ਼ਰ ਪ੍ਰਗਟ ਕੀਤਾ ਗਿਆ ਸੀ। ਨਾਲ ਹੀ ਇਸ ਵਿਚ ਇਹ ਵੀ ਲਿਖਿਆ ਸੀ ਕਿ ਜੈਨਰਲ ਅਲਾਰਡ ਨੂੰ ਸਲਤਨਤ ਫ਼ਰਾਂਸ ਵੱਲੋਂ ਆਪ ਦੇ ਸ਼ਾਹੀ ਦਰਬਾਰ ਵਿਚ ਸਫ਼ੀਰ ਸਮਝਿਆ ਜਾਏ।[1]

ਸ਼ਹਿਨਸ਼ਾਹ ਫ਼ਰਾਂਸ ਦੇ ਅਸਲ ਖ਼ਤ ਦਾ ਉਤਾਰਾ ਫ਼ਰਾਂਸੀਸੀ ਵਿਚ ਅਤੇ ਉਸ ਦਾ ਉਲਥਾ ਪੰਜਾਬੀ ਵਿਚ ਹੇਠ ਦਿੰਦੇ ਹਾਂ।[2]

Letter Du Roi Louis Philippe

Au Très Grand, Magnifiquetet Très Puissant

Maharaja Ranjit Singh

Au Très Grand Puissant et Très Magnifique Prince, Notre Très cher et parfait Maharaja Ranjit Singh Bahador, Padichah du Punjab, ami,

Gloire A Dieu.

Du doigt ii pèse monae comme un grain de poussière il fait mouvoir les phalanges celestes, il fait rouler les astres sur eux-mêmes pour remener et fin de toute chose, c' st de lui que part of eclair que nous appelons L' existance, etc ! est en lut que cet que cet' èclair vas, eteindre. Dieu des armèes, il aime, il soutient, il aime les brave leur ceint l'etandard de la victoire. Il marque du sceau de sa puissance ceux qu'il appele á commander

---

1. ਅਲਾਰਡ ਦਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸ਼ਹਿਨਸ਼ਾਹ ਫ਼ਰਾਂਸ ਵੱਲੋਂ ਸਫ਼ੀਰ ਨੀਯਤ ਹੋਣਾ ਅਤੇ ਇਨ੍ਹਾਂ ਦੋਹਾਂ ਤਾਕਤਾਂ ਦੇ ਐਨੇ ਗੂੜ੍ਹੇ ਸੰਬੰਧ ਕਾਇਮ ਹੁੰਦੇ ਦੇਖ ਕੇ ਬ੍ਰਿਟਿਸ਼ ਗਵਰਨਮੈਂਟ ਤੇ ਅਲਾਰਡ ਦੇ ਵਿਚਾਲੇ ਕੁਝ ਨਾਰਾਜ਼ਗੀ ਪੈਦਾ ਹੋ ਗਈ। ਅੰਗਰੇਜ਼ ਨਹੀਂ ਸਨ ਚਾਹੁੰਦੇ ਕਿ ਸ਼ੇਰੇ ਪੰਜਾਬ ਨਾਲ ਯੂਰਪ ਦੀ ਕੋਈ ਹੋਰ ਤਾਕਤ ਵੀ ਆਪਣਾ ਸਿੱਧਾ ਸੰਬੰਧ ਕਾਇਮ ਰੱਖੇ। ਅਲਾਰਡ ਸਿਆਣਾ ਆਦਮੀ ਸੀ। ਉਸ ਨੇ ਇਸ ਮਾਮਲੇ ਨੂੰ ਛੇਤੀ ਹੀ ਸਾਫ਼ ਕਰ ਦਿੱਤਾ।
2. ਇਹ ਅਸਲ ਖ਼ਤ ਇਸ ਵਕਤ ਇੰਡੀਆ ਆਫ਼ਿਸ ਲਾਇਬ੍ਰੇਰੀ ਲੰਡਨ ਵਿਚ ਮੌਜੂਦ ਹੈ।

aux nations, et quand il le faut, met au coeur des peuples l'espait de conciliation, de concorde et de cli'mence. Un fleuve de lumiere et de sagesse, d' affection et de vèritè coule de ses lèvrês, et sa main jette au même moule, teini des mêmes couleur purifie au meme foyer, lesames heureuses et destinte'se a sympathiser malgre' les separent.

Louis Philippe, Empereur des Français au Très-Grand-Très-Magnifique et Très-Puissant

Prince le Maharajah Ranjit Singh Bahador

Padichah du Penjab,

conquereur du Cachemire, du Muoltan, du Kagara

d' Attok, du Pichawer etc., etc.

Guerrier invincible et magnanime,

notre très cher et parfait ami: Salut!

Des longtemps Nous avions avidemment recueilli et notre bienaimè General Allard, le brave des braves, Commadeur de notre ordre imperial de la Legion d' Honneur, vient de nous confirmer tout ce que la mommee se'me do glorieux sur Votre Majeste'.

Des bords sacrès of nait t' Aurore aux bords enflamm es du couchant retentissent et le suece's de vos armes et notre prudence dans le counseil et la prope'rite' toujours croissante des Etats dont vous etes le crèateur : le vaste royaume des einq revie res, sèjour de de'lices et de fèlicitès. La navigation, le dè sir de contempler votre Majeste' sur Son coursier de guerre et d'è tudier les productions merveilleuses de vos contre's aimèes du ciel, y ont portè quelques Franais' Nous avons appris avec une douce et inexprimable satisfaction commmt ils ont eu le bonheur be rencontrer aupreès de Votre Majestè un noble et genè rux asyle une magnifique confiance, comment en retour ils ont pu Lui render des services recompense's par Elle avec une magnificience digne de Son grand coeur. Vous avez surtout couvert de l' e' clat de Votre bienveil-lance notre bien-aime'le General Allard. et son admiration pour Votre service ont trouve' gra'ce devant vous, Nous avons cru ne pouvoir auivre une meilleure inspiration que de donner notre entiere confiance a' celui qui a si bien me'rite' celle de Votre Magestè. l'honneur du trone et dans cette condition, nous lui avons donnè suprès de vous la qualitè de notr agent, afin qu'il soit constamment á vos cotès un gage vivant de notre souvenir et de notre invincible et sincère effection Des terrs et des mers immenses separens I Empire de France et ceui du Penjab, mais les distances ne front rein a' l' amitiè : un mè me noed les eclaire. Le general Allarp vous dira á quelle hauteur uous vous partons dans notre e'spirt et combien vos vertus guerrières et genereuses ravissent notre coeur et enflamment nos

pensèes; combien nons sommes recomnisants pour les bons traitements qu'il a recus de vous, ainsi que les divers officiers francais a votre service et autres voyageurs de notre empire. Nous voulons qu'il vous fasse comprendse toute l'etendue de ces sentiments, et qu'il s' enforce aupres de votre Majestre' de conserver son èclat á la chaine de notre amitiè. En vous le recommendant de noveau, en vous le priant de jeter encore sur lui et sur nos auters subjects le remanteau de votre beinveilance nous faisons des veus pour que l'Eternal rende votre bonheur inaltè rable, qu'il accroisse les fè lcites de votre famille et celles de vos peuples et qu'il pre' encore un nouveau lustre a l'astre directèur de vous drappeaux victorieux.

Ecrit en notre Palais Imperial des Tuileries, le vingtseptieme tieme jour du mois d'octobre de l'an mil huit cent trentre-cinq.

Votre très cher et parfait ami.

Luis-Philippe d' Orlè ans.

V. Broglie,
Ministre et Secretaire de l'Etat de sa
Majestè l' Empereur des Français.

**ਅਨੁਵਾਦ**

ਮਹਾਨ ਸ਼ਕਤੀਮਾਨ ਸਹਾਨਾ ਵਡਿਆਈਆਂ ਨਾਲ ਭੂਸ਼ਤ ਮਹਾਰਾਜਾ ਰਣਜੀਤ ਸਿੰਘ ਬਹਾਦਰ ਪੰਜਾਬ ਦੇ ਬਾਦਸ਼ਾਹ ਅਤੇ ਸਾਡੇ ਅਤਿ ਪਿਆਰੇ ਤੇ ਸੱਚੇ ਮਿਤ੍ਰ ਜੀ।

ਸਰਬ ਸ਼ਕਤੀਮਾਨ, ਅਕਾਲ ਜੀ ਸਹਾਏ

ਉਹ ਅਮੁੱਕ ਸ਼ਕਤੀਆਂ ਦਾ ਮਾਲਕ ਜਿਹੜਾ ਆਪਣੀ ਇੱਕ ਉਂਗਲੀ ਦੇ ਇਸ਼ਾਰੇ ਨਾਲ ਸਾਰੀ ਸ੍ਰਿਸ਼ਟੀ ਦੇ ਭਾਰ ਨੂੰ ਇਕ ਖਾਕ ਦੇ ਜ਼ੱਰੇ ਦੇ ਤੁਲ ਕਰ ਸਕਦਾ ਹੈ, ਉਸੇ ਦੀ ਸ਼ਕਤੀ ਨਾਲ ਹੀ ਅਰਸ਼, ਕੁਰਸ, ਧਰਤ, ਗਗਨ, ਸਤਾਰੇ ਅਤੇ ਗਰਜਵੇਂ ਬੱਦਲਾਂ ਤੋਂ ਬਰਖਾ ਦਾ ਵੱਸਣਾ ਸਾਕਾਰ ਹੁੰਦਾ ਹੈ, ਜਿਸ ਤੋਂ ਤਰ੍ਹਾਂ-ਤਰ੍ਹਾਂ ਦੀ ਬਨਸਪਤੀ ਪ੍ਰਫੁਲਤ ਹੁੰਦੀ ਹੈ ਤੇ ਰੁੱਤਾਂ ਵਿਚ ਬਦਲੀਆਂ ਹੁੰਦੀਆਂ ਹਨ। ਸਾਰੇ ਸੰਸਾਰ ਦੀ ਰਚਨਾ ਅਤੇ ਉਸ ਵਿਚ ਰਚੇ ਜੀਵਾਂ ਵਿਚ ਜੀਵਨ-ਜੋਤ ਦਾ ਆਦਿ ਤੇ ਅੰਤ ਉਸੇ ਕਰਤਾ ਪੁਰਖ ਤੋਂ ਹੈ। ਉਹ ਆਪ ਹੀ ਫ਼ੌਜਾਂ ਦਾ ਮਾਲਕ ਹੈ, ਉਨ੍ਹਾਂ ਨੂੰ ਪਿਆਰਨਹਾਰ ਤੇ ਸਹਾਈ ਹੁੰਦਾ ਹੈ। ਬੀਰਾਂ ਨੂੰ ਸਨਮਾਨ ਤੇ ਤੇਗ ਦੀ ਸ਼ਕਤੀ ਪ੍ਰਦਾਨ ਕਰਦਾ ਹੈ ਅਤੇ ਰਣਤੱਤਿਆਂ ਵਿਚ ਸੂਰਮਿਆਂ ਨੂੰ ਜਿੱਤਾਂ ਬਖ਼ਸ਼ ਕੇ ਉਨ੍ਹਾਂ ਦੇ ਵਿਜਯ-ਨਿਸ਼ਾਨ ਝੁਲਾ ਦਿੰਦਾ ਹੈ।

ਉਹ ਰਚਨਹਾਰ ਕੌਮਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ ਆਪਣੀ ਬਰਕਤ ਤੇ ਸਮਰੱਥਾ ਦੀ ਨਿਸ਼ਾਨੀ (ਮੋਹਰ) ਬਖ਼ਸ਼ ਕੇ ਆਪਣੀ ਮੰਗਲ ਇੱਛਾ ਅਨੁਸਾਰ ਹੁਕਮਰਾਨਾਂ ਤੇ ਪਰਜਾ ਦੇ ਮਨਾਂ ਵਿਚ ਮਿਲਾਪ, ਅਨੁਸਾਰਤਾ ਅਤੇ ਖਿਮਾ ਦੇ ਗੁਣਾਂ ਦੀ ਪ੍ਰੇਰਨਾ ਉਪਜਾਉਂਦਾ ਹੈ। ਇਸੇ ਤਰ੍ਹਾਂ ਉਹਦੇ ਮੂੰਹਾਂ ਤੋਂ ਜਿਹੜੇ ਬੋਲ ਬੁਲਾਉਂਦਾ ਹੈ ਉਹ ਸਿਆਣਪ,

ਪਿਆਰ, ਨੂਰੀ ਸਚਾਈ ਦੀਆਂ ਮਾਨੋਂ ਨਦੀਆਂ ਵਗਾ ਦਿੰਦਾ ਹੈ। ਉਸ ਦਾ ਬਰਕਤ-ਭਰਿਆ ਹੱਥ ਜਿੱਥੇ ਪੈਂਦਾ ਹੈ, ਅਰਥਾਤ ਜੋ ਉਸ ਦੇ ਸਮੀਪ ਆਉਂਦਾ ਹੈ, ਉਹ ਉਸ ਨੂੰ ਵੀ ਆਪਣੇ ਪ੍ਰਭਾਵ ਦੀ ਰੰਗਣ ਵਿਚ ਰੰਗ ਦਿੰਦਾ ਹੈ। ਜਿਸ ਦਾ ਫਲ ਇਹ ਹੁੰਦਾ ਹੈ ਕਿ ਉਸ ਦਾ ਮਨ ਵੀ ਪਾਵਨ ਹੋ ਜਾਂਦਾ ਹੈ। ਇਸ ਤਰ੍ਹਾਂ ਪ੍ਰਫੁਲਤ ਹੋਈ ਨੂਰੀ ਆਤਮਾ ਆਪਣੇ ਮਿੱਤਰਾਂ ਨਾਲ ਪਰਸਪਰ ਪੂਰਨ ਪਿਆਰ ਦਾ ਵਰਤਾਵ ਕਰਦੀ ਹੈ। ਭਾਵੇਂ ਉਹ ਕਿੰਨੇ ਦੂਰ ਪਰੇ ਦੀ ਵਿੱਥ ਪਰ ਕਿਉਂ ਨਾ ਰਹਿੰਦੇ ਹੋਣ।

ਵੱਲੋਂ

ਲੁਈਸ ਫਿਲਪਸ, ਸ਼ਹਿਨਸ਼ਾਹਿ ਫ਼ਰਾਂਸ

ਸੇਵਾ ਵਿਖੇ

ਅਤਿ ਵੱਡੇ, ਅਤਿ ਉੱਚੀ ਸ਼ਾਨ ਵਾਲੇ ਅਤੇ ਅਤਿ ਸ਼ਕਤੀਮਾਨ ਸ਼ਹਿਨਸ਼ਾਹ ਮਹਾਰਾਜਾ ਰਣਜੀਤ ਸਿੰਘ ਬਹਾਦਰ ਪੰਜਾਬ ਦੇ ਬਾਦਸ਼ਾਹ, ਫ਼ਾਤਿਹ ਕਸ਼ਮੀਰ, ਮੁਲਤਾਨ, ਕਾਂਗੜਾ, ਅਟਕ ਅਤੇ ਪਿਸ਼ਾਵਰ ਆਦਿ ਆਦਿ। ਅਜਿੱਤ ਅਤੇ ਆਲੀਸ਼ਾਨ ਯੁੱਧ-ਵੀਰ, ਸਾਡੇ ਅਤਿ ਪਿਆਰੇ ਤੇ ਸੱਚੇ ਮਿੱਤਰ ਜੀ ਆਪ ਨੂੰ ਸਾਡੇ ਵੱਲੋਂ ਸਤਿਕਾਰ ਭਰੀ ਸਲਾਮ ਪ੍ਰਵਾਨ ਹੋਵੇ।

ਹਜ਼ੂਰ ਦੇ ਪੁਰਜੋਸ਼ ਤੇ ਸ਼ਾਨਦਾਰ ਕਾਰਨਾਮਿਆਂ ਦੀ ਪ੍ਰਸਿੱਧਤਾ ਅਸੀਂ ਮੁੱਦਤ ਤੋਂ ਸੁਣ ਰਹੇ ਸਾਂ, ਹੁਣ ਇਨ੍ਹਾਂ ਸਾਰਿਆਂ ਸ਼ੁਭ ਗੁਣਾਂ ਦੀ ਗਵਾਹੀ, ਸਾਡੇ ਪਿਆਰੇ ਤੇ ਬਹਾਦਰ ਜੈਨਰਲ ਅਲਾਰਡ ਨੇ, ਜਿਸ ਨੂੰ ਸਾਡੀ ਸਲਤਨਤ ਵੱਲੋਂ ਇੱਜ਼ਤ ਦੀ ਅਤਿ ਉੱਚੀ ਪਦਵੀ ਪ੍ਰਾਪਤ ਹੈ, ਅੱਖਰ-ਅੱਖਰ ਕੀਤੀ ਹੈ।

ਸੂਰਜ ਦੇ ਪਾਵਨ ਧਰਤੀ ਪਰ ਉਦੇ ਹੋਣ ਤੋਂ ਲੈ ਕੇ ਅਸਤ ਹੋਣ ਵਾਲੇ ਨੁੱਕਰਾਂ ਦੇਸ਼ਾਂ ਤਕ ਹਜ਼ੂਰ ਦੀ ਵਿਜੱਈ ਫ਼ੌਜ ਦੀ ਪ੍ਰਸਿੱਧਤਾ ਖਿੱਲਰੀ ਹੋਈ ਹੈ, ਹਜ਼ੂਰ ਦੀ ਸਿਆਣਪ ਅਤੇ ਬੀਰਤਾ ਦੇ ਜੋਹਰ ਨਾਲ ਸਥਾਪਤ ਕੀਤੀ ਹੋਈ ਪੰਜਾਂ ਦਰਿਆਵਾਂ ਦੀ ਹਰੀ ਭਰੀ ਸਲਤਨਤ ਜਿਸ ਵਿਚ ਪਰਜਾ ਅਤਿ ਸੁਖੀ ਤੇ ਸੁਰੱਖਿਅਤ ਵੱਸਦੀ ਹੈ, ਸਦੀਵੀ ਉੱਨਤੀ ਅਤੇ ਵਾਧਾ ਹੀ ਵਾਧਾ ਪ੍ਰਾਪਤ ਕਰ ਰਹੀ ਹੈ। ਇਸ ਸਾਰੀ ਸਫ਼ਲਤਾ ਦੇ ਬਾਨੀ ਆਪ ਖ਼ੁਦ ਹੋ।

ਹਜ਼ੂਰ ਦੀ ਸਿਆਣਪ ਭਰੀ ਅਗਵਾਈ ਅਤੇ ਲਗਾਤਾਰ ਉੱਨਤੀ ਦੀਆਂ ਸ਼ੁਭ ਇੱਛਾਵਾਂ ਵਿਚ ਸਦਾ ਨਿਰ-ਵਿਘਨ ਰਹਿਣ ਦੇ ਕਾਰਨ ਆਪ ਨੇ ਆਪਣੀ ਪਿਆਰੀ ਸਲਤਨਤ ਨੂੰ ਇਕ ਸਵਰਗੀ ਨਮੂਨਾ ਬਣਾ ਦਿੱਤਾ ਹੈ। ਹਜ਼ੂਰ ਦੀ ਦ੍ਰਿਸ਼ਟੀ ਹੇਠ ਅਤੇ ਨਿੱਤ ਦੇ ਯਤਨਾਂ ਦੇ ਸਦਕਾ ਖ਼ਾਲਸੇ ਦੀ ਸਲਤਨਤ ਨੇ ਹਰ ਪਹਿਲੂ ਤੋਂ ਹੈਰਾਨਗੀ ਵਿਚ ਪਾ ਦੇਣ ਵਾਲੀ ਤਰੱਕੀ ਕੀਤੀ ਹੈ।

ਇਸ ਬਾਦਸ਼ਾਹਤ ਵਿਚ ਕੁਝ ਫ਼ਰਾਂਸੀਸੀਆਂ ਨੂੰ ਆਪ ਨੇ ਆਪਣੀ ਸੇਵਾ ਵਿਚ ਰੱਖਣ ਦਾ ਮਾਣ ਬਖ਼ਸ਼ਿਆ ਹੋਇਆ ਹੈ। ਸਰਕਾਰ ਵੱਲੋਂ ਇਨ੍ਹਾਂ ਫ਼ਰਾਂਸੀਸੀਆਂ ਨਾਲ ਅਤਿ ਉਦਾਰ-ਦਿਲੀ ਤੇ ਬਖ਼ਸ਼ਿਸ਼ਾਂ ਦਾ ਨਿੱਤ ਦਾ ਵਰਤਾਵ ਉਨ੍ਹਾਂ ਨੂੰ ਨਿਹਾਲ ਕਰ ਰਿਹਾ ਹੈ। ਇਹ ਸਾਰੀਆਂ ਮਨਾਂ ਨੂੰ ਅਤਿ ਪ੍ਰਸੰਨ ਕਰਨ ਵਾਲੀਆਂ ਖ਼ਬਰਾਂ ਅਸੀਂ ਸਦਾ ਸੁਣਦੇ ਰਹਿੰਦੇ ਹਾਂ। ਸਰਕਾਰ ਦੀਆਂ ਇਹ ਬਖ਼ਸ਼ਿਸ਼ਾਂ ਉਨ੍ਹਾਂ ਦੀ ਸੇਵਾ ਦੇ ਟਾਕਰੇ ਪਰ ਬਹੁਤ ਵਧ ਚੜ੍ਹ ਕੇ ਹਨ। ਸਭ ਤੋਂ

ਵਧ ਕੇ ਸਾਡੇ ਪਿਆਰੇ ਜੈਨਰਲ ਅਲਾਰਡ ਨਾਲ ਸਰਕਾਰ ਦੇ ਕ੍ਰਿਪਾਲਤਾ ਭਰੇ ਵਰਤਾਵ ਦੇ ਕਾਰਨ ਉਹ ਸਰਕਾਰ ਦੀ ਬਖਸ਼ਿਸ਼ ਥੱਲੇ ਦੱਬਿਆ ਹੋਇਆ ਹੈ ਜਿਸ ਦੇ ਕਾਰਨ ਉਸ ਦਾ ਮਨ ਆਪ ਨੇ ਮੋਹ ਲਿਆ ਹੈ, ਇਸ ਲਈ ਉਹ ਸਦਾ ਆਪ ਦੇ ਸ਼ੁਭ ਗੁਣ ਗਾਉਂਦਾ ਰਹਿੰਦਾ ਹੈ।

ਹੁਣ ਅਸੀ ਸਰਕਾਰ ਵੱਲੋਂ ਇਸ ਦੇ ਮਾਣ ਦੀ ਪ੍ਰਾਪਤੀ ਦੇ ਇੱਛਾਵਾਨ ਹਾਂ ਕਿ ਆਪ ਜੀ ਦੇ ਦਰਬਾਰ ਵਿਚ ਅਸੀਂ ਆਪਣਾ ਇਕ ਮੁਖਤਾਰ (ਸਫੀਰ) ਨੀਯਤ ਕਰੀਏ। ਇਸ ਜ਼ਿੰਮੇਵਾਰੀ ਦੇ ਅਹੁਦੇ ਨਾਲ ਆਪ ਅਤੇ ਸਾਡੇ ਦੋਹਾਂ ਵੱਲੋਂ ਪਿਆਰੇ ਤੇ ਭਰੋਸੇ ਯੋਗ ਜੈਨਰਲ ਅਲਾਰਡ ਤੋਂ ਵੱਧ ਯੋਗ ਕਿਹੜਾ ਹੋਣਾ ਹੈ। ਸੋ ਇਸ ਲਈ ਅਸੀਂ ਉਸ ਨੂੰ ਆਪਣਾ ਸਫੀਰ ਨਿਯਤ ਕਰਦੇ ਹਾਂ, ਇਹ ਸਾਡੇ ਕਦੇ ਨਾ ਟੁੱਟਣ ਵਾਲੇ ਪਿਆਰ ਦਾ ਇਕ ਜੀਵਤ ਸਬੂਤ ਹੈ।

ਸਲਤਨਤ ਪੰਜਾਬ ਤੇ ਫਰਾਂਸ ਦੇ ਵਿਚਾਲੇ ਦੂਰ ਪਰੇ ਦੀ ਦੂਰੀ ਅਤੇ ਸਮੁੰਦਰਾਂ ਦੀ ਵਿੱਥ ਮੌਜੂਦ ਹੈ, ਪਰ ਇਹ ਦੂਰੀ ਸੱਚੇ ਮਿੱਤਰਾਂ ਦੇ ਪਿਆਰ ਪੂਰਤ ਮਨਾਂ ਲਈ ਕੋਈ ਰੋਕ ਨਹੀਂ ਹੋ ਸਕਦੀ। ਦ੍ਰਿਸ਼ਟਾਂਤ ਲਈ ਜਿਸ ਤਰ੍ਹਾਂ ਦੂਰ ਦੁਰਾਡੇ ਦੇਸ਼ਾਂ ਦੀ ਖਿੱਲਰੀ ਹੋਈ ਧਰਤੀ ਨੂੰ ਇੱਕੋ ਸੂਰਜ ਰੋਸ਼ਨੀ ਬਖ਼ਸ਼ਦਾ ਹੈ, ਇਸੇ ਤਰ੍ਹਾਂ ਇਕ ਸੱਚੇ ਪਿਆਰ ਦਾ ਮਿਲਾਪ ਦੂਰ ਦੇ ਦੇਸ਼ਾਂ ਵਿਚ ਵਸ ਰਹੇ ਮਿੱਤਰਾਂ ਦੇ ਸੰਬੰਧ ਜੋੜੀ ਰਖਦਾ ਹੈ।

ਸਾਡੇ ਮਨ ਵਿਚ ਸਰਕਾਰ ਲਈ ਜੋ ਇੱਜ਼ਤ ਅਤੇ ਪਿਆਰ ਹੈ, ਉਹ ਜੈਨਰਲ ਅਲਾਰਡ ਹਜ਼ੂਰ ਨੂੰ ਜ਼ਬਾਨੀ ਦੱਸੇਗਾ।

ਹਜ਼ੂਰ ਦੀ ਵਰਿਆਮਤਾ ਤੇ ਬਖਸ਼ਿਸ਼ਾਂ ਦੀਆਂ ਜੋ ਧੁੰਮਾਂ ਸਾਰੇ ਦੇਸ਼ ਵਿਚ ਧੁੰਮੀਆਂ ਹੋਈਆਂ ਹਨ, ਸਾਡਾ ਮਨ ਵੀ ਉਨ੍ਹਾਂ ਸਮਾਚਾਰਾਂ ਨੂੰ ਸੁਣਨ ਨਾਲ ਪਿਆਰ ਵਿਚ ਛਲਕੇ ਪਾ ਰਿਹਾ ਹੈ।

ਸਰਕਾਰ ਦੇ ਉਸ ਕ੍ਰਿਪਾਲਤਾ ਵਾਲੇ ਵਰਤਾਉ ਲਈ ਜਿਹੜਾ ਆਪ ਜੈਨਰਲ ਅਲਾਰਡ ਤੇ ਹੋਰ ਆਪਣੇ ਫ਼ਰਾਂਸੀਸੀ ਸੇਵਕਾਂ ਨਾਲ ਕਰਦੇ ਰਹਿੰਦੇ ਹੋ, ਇਸ ਤੋਂ ਛੁਟ ਸਾਡੇ ਦੇਸ਼ ਦੇ ਸੈਲਾਨੀਆਂ ਨਾਲ ਹਜ਼ੂਰ ਦੇ ਸ਼ਾਹਾਨਾਂ ਸਲੂਕ ਲਈ ਆਪ ਦੇ ਹਿਤੋ ਚਿਤੋ ਧੰਨਵਾਦੀ ਹਾਂ।

ਸਾਡੀ ਦਿਲੋਂ ਇੱਛਾ ਹੈ ਕਿ ਸਾਡੇ ਮਨ ਦੇ ਡੂੰਘੇ ਪਿਆਰ ਪੂਰਤ ਭਾਵ ਜੈਨਰਲ ਅਲਾਰਡ ਹਜ਼ੂਰ ਦੀ ਸੇਵਾ ਵਿਚ ਹੂ-ਬ-ਹੂ ਜ਼ਬਾਨੀ ਪ੍ਰਗਟ ਕਰ ਦੇਵੇ।

ਸਾਡੇ ਅਤੇ ਸਰਕਾਰ ਦੇ ਵਿਚਾਲੇ ਜਿਹੜਾ ਪਿਆਰ ਅਤੇ ਸਤਿਕਾਰ ਦਾ ਸਿਲਸਿਲਾ ਕਾਇਮ ਹੈ, ਉਸ ਨੂੰ ਕਾਇਮ ਰਖਦਿਆਂ ਹੋਇਆਂ ਹੋਰ ਵਧਾਇਆ ਜਾਵੇ।

ਛੇਕੜ ਪਰ ਅਸੀ ਸਿਫਾਰਸ਼ ਕਰਦੇ ਹਾਂ ਕਿ ਹਜ਼ੂਰ ਆਪਣੀਆਂ ਬਖਸ਼ਿਸ਼ਾਂ ਦੀ ਉਹ ਲੜੀ ਜੈਨਰਲ ਅਲਾਰਡ ਤੇ ਹੋਰਨਾ ਫ਼ਰਾਂਸੀਸੀਆਂ ਨਾਲ ਸਦਾ ਅਟੁੱਟ ਰਖੋਗੇ। ਇਸ ਬਦਲੇ ਅਸੀਂ ਅਕਾਲ ਪੁਰਖ ਦੇ ਦਰ ਪਰ ਅਰਦਾਸ ਕਰਦੇ ਹਾਂ ਕਿ ਉਹ ਦਾਤਾਰ ਸ੍ਰੀ ਹਜ਼ੂਰ ਜੀ ਅਤੇ ਹਜ਼ੂਰ ਦੇ ਸਾਰੇ ਘਰਾਣੇ ਤੇ ਸਾਰੀ ਕੌਮ ਅਤੇ ਪਰਜਾ ਨੂੰ ਸਦੀਵੀ ਖੁਸ਼ੀਆਂ ਬਖਸ਼ੇ।

ਸਮਾਪਤੀ ਪਰ ਅਸਾਡੀ ਅਰਦਾਸ ਹੈ ਕਿ ਉਹ ਸਰਬ ਸ਼ਕਤੀਮਾਨ ਆਪ ਨੂੰ ਆਪਣੀ ਕੌਮ ਦੀ ਅਗਵਾਈ ਲਈ ਨਵੀਂ ਸ਼ਕਤੀ, ਸਿਆਣਪ ਪ੍ਰਦਾਨ ਕਰੇ ਤਾਂ ਕਿ ਹਜ਼ੂਰ ਦੀ ਫ਼ਤਹਿਯਾਬੀਆਂ ਦੇ ਨਿਸ਼ਾਨ ਸਦਾ ਲਈ ਝੂਲਦੇ ਰਹਿਣ।

ਇਹ ਪਿਆਰ-ਪੱਤਰ ਸਾਡੇ ਸ਼ਾਹੀ ਮਹੱਲ ਟਿਊਲੀਰੀਜ਼ ਵਿਚ ਅਕਤੂਬਰ ਦੀ ਸਤਾਈਸਵੀਂ ਤਾਰੀਖ਼ ਸੰਨ ਅਠਾਰਾਂ ਸੌ ਪੈਂਤਰੀ ਨੂੰ ਲਿਖਿਆ ਗਿਆ।[1]

| | |
|---|---|
| (ਦਸਖ਼ਤ) | (ਦਸਖ਼ਤ) |
| ਵੀ. ਬਰੋਗਲੀ | ਆਪ ਦਾ ਅਤਿਅੰਤ ਪਿਆਰਾ |
| ਸ਼ਹਿਨਸ਼ਾਹ ਫ਼ਰਾਂਸ ਦਾ ਵਜ਼ੀਰ ਤੇ ਸਕੱਤਰ | ਤੇ ਸੱਚਾ ਮਿੱਤਰ |
| | ਲੂਈਸ ਫ਼ਿਲਪ ਓਰਲੀਅਨਜ਼ |

ਅਲਾਰਡ ਦੀ ਮੌਤ ਦੀ ਖ਼ਬਰ ਲਾਹੌਰ ਦਰਬਾਰ ਵੱਲੋਂ ਉਸ ਦੀ ਜ਼ਨਾਨੀ ਤੇ ਭਤੀਜਿਆਂ ਨੂੰ ਫ਼ਰਾਂਸ ਭੇਜੀ ਗਈ। ਇਸ ਖ਼ਬਰ ਦੇ ਪਹੁੰਚਣ ਤੇ ਅਲਾਰਡ ਦਾ ਵੱਡਾ ਭਤੀਜਾ ਬਿਜੈਮਨ ਅਲਾਰਡ ਲਾਹੌਰ ਆਇਆ। ਦਰਬਾਰ ਵੱਲੋਂ ਉਸ ਦੀ ਚੰਗੀ ਆਗਤ-ਭਗਤ ਕੀਤੀ ਗਈ।

ਬਿਜੈਮਨ, ਅਲਾਰਡ ਦੀ ਕੋਠੀ ਦਾ ਸਾਮਾਨ ਜਿਹੜਾ ਕੀਮਤੀ ਸੀ ਉਹ ਤਾਂ ਆਪਣੇ ਨਾਲ ਫ਼ਰਾਂਸ ਲੈ ਗਿਆ, ਬਾਕੀ ਰਹਿੰਦਾ ਚੰਗੀ ਕੀਮਤ ਪਰ ਉਹ ਲਾਹੌਰ ਵਿਚ ਵੇਚ ਗਿਆ।

ਦਰਬਾਰ ਵੱਲੋਂ ਜੈਨਰਲ ਅਲਾਰਡ ਦੀ ਤਲਬ ਤੇ ਜਾਗੀਰ ਦੀ ਆਮਦਨੀ ਦਾ ਰੁਪਿਆ ਦੋ ਲੱਖ ਦੇ ਲਗਭਗ ਬਿਜੈਮਨ ਨੂੰ ਦਿੱਤਾ ਗਿਆ। ਇਸ ਤਰ੍ਹਾਂ ਉਹ ਲਾਹੌਰ ਕਈ ਮਹੀਨੇ ਠਹਿਰਨੇ ਦੇ ਉਪਰੰਤ ਫ਼ਰਾਂਸ ਪਰਤ ਗਿਆ।

## ਮਾਲੀਆ

ਖ਼ਾਲਸਾ ਰਾਜ ਦੀ ਆਮਦਨ ਦਾ ਸਭ ਤੋਂ ਵੱਡਾ ਸੋਮਾ, ਜ਼ਮੀਨ ਦੇ ਮਾਲੀਏ ਦੀ ਆਮਦਨੀ ਸੀ। ਇਸੇ ਲਈ ਸ਼ੇਰੇ-ਪੰਜਾਬ ਰਾਜ ਦੇ ਜਮ੍ਹਾਂ-ਖਰਚੇ ਦੇ ਵਿਭਾਗ ਨੂੰ ਬੜੀ ਮਹੱਤਤਾ ਦਿੰਦੇ ਹੁੰਦੇ ਸਨ। ਬਾਕੀ ਦੇ ਸਾਰੇ ਵਿਭਾਗ ਇਸ ਦੇ ਅਧੀਨ ਹੁੰਦੇ ਸਨ।[2]

ਰਾਜ ਦਾ ਸਭ ਤੋਂ ਵੱਧ ਖਰਚ ਫ਼ੌਜ ਅਤੇ ਰਾਜਸੀ (ਪੁਲੀਟੀਕਲ) ਵਿਭਾਗ ਦਾ ਸੀ। ਇਨ੍ਹਾਂ ਦੋਹਾਂ ਦਾ ਨਿਰਭਰ ਜ਼ਮੀਨ ਦੇ ਮਾਲੀਏ ਦੀ ਆਮਦਨੀ ਪਰ ਸੀ। ਪੰਜਾਬ ਦੇ ਪਿੰਡਾਂ ਵਿਚ ਅੱਜ ਦੀ ਤਰ੍ਹਾਂ 80 ਪ੍ਰਤੀਸ਼ਤ ਪੇਂਡੂ ਵਾਹਿੰਦੜ ਜੱਟ ਜ਼ਿਮੀਂਦਾਰ ਸਨ। ਇਨ੍ਹਾਂ ਦੀ ਕਮਾਈ ਤੋਂ ਹੀ ਜ਼ਮੀਨਾਂ ਦਾ ਮਾਲੀਆ ਖਜ਼ਾਨੇ ਵਿਚ ਆਉਂਦਾ ਸੀ ਪਰ ਇਸ ਦੇ ਨਾਲ ਹੀ ਐਸਾ ਯੋਗ ਪ੍ਰਬੰਧ ਕੀਤਾ ਗਿਆ ਸੀ ਕਿ ਜਿੰਨਾ ਮਾਲੀਆ ਜ਼ਿਮੀਂਦਾਰ ਤੋਂ ਪ੍ਰਾਪਤ ਕੀਤਾ ਜਾਂਦਾ ਸੀ ਉਸ ਦਾ ਚੋਖਾ ਭਾਗ ਮੁੜ ਉਨ੍ਹਾਂ ਹੀ ਜ਼ਿਮੀਂਦਾਰਾਂ ਦੇ ਘਰ ਪਰਤ ਕੇ ਪਹੁੰਚ ਜਾਂਦਾ ਸੀ, ਅਰਥਾਤ ਖ਼ਾਲਸਾ ਫ਼ੌਜਾਂ ਦਾ ਵਧੇਰੇ ਭਾਗ ਇਨ੍ਹਾਂ ਪੇਂਡੂ ਜ਼ਿਮੀਂਦਾਰ ਘਰਾਣਿਆਂ ਵਿਚੋਂ ਹੀ ਭਰਤੀ ਕੀਤਾ ਜਾਂਦਾ ਸੀ ਜਿਸ ਦੇ ਕਾਰਨ ਉਹ ਮਾਲੀਏ ਦੇ ਰੂਪ ਵਿਚ ਖਜ਼ਾਨੇ ਵਿਚ ਆਈ ਹੋਈ ਆਮਦਨ ਫ਼ੌਜੀ ਸਿਪਾਹੀਆਂ ਦੀ ਤਲਬ ਦੇ ਰਾਹੀਂ ਮੁੜ ਪਰਤ ਕੇ ਉਨ੍ਹਾਂ ਹੀ ਘਰਾਂ ਵਿਚ ਜਾ ਪਹੁੰਚਦੀ ਸੀ,

---

1. ਇਸ ਖਤ ਦਾ ਉਤਾਰਾ ਪ੍ਰਾਪਤ ਕਰਨ ਲਈ ਗਵਰਨਰ ਜਨਰਲ ਦੇ ਸੈਕਰੇਟਰੀ ਮਿਸਟਰ ਮੈਕਨਾਟਨ ਨੇ ਖ਼ਾਸ ਤੌਰ ਪਰ ਕਪਤਾਨ ਵੇਡ, ਪੁਲੀਟੀਕਲ ਏਜੰਟ ਲੁਧਿਆਣਾ ਨੂੰ ਲਿਖਿਆ ਕਿ ਜਿਸ ਤਰ੍ਹਾਂ ਹੋ ਸਕੇ ਇਸ ਦਾ ਉਤਾਰਾ ਪ੍ਰਾਪਤ ਕੀਤਾ ਜਾਵੇ। *ਲੁਧਿਆਣਾ ਏਜੰਸੀ ਰੀਕਾਰਡਜ਼*, ਜਿਲਦ 6, ਪੰਨਾ 236
2. *ਦੀ ਫ਼ਸਟ ਪੰਜਾਬ ਐਡਮਨਿਸਟਰੇਸ਼ਨ ਰਿਪੋਰਟ*, ਸਫ਼ਾ 8

WWW.SIKHBOOKCLUB.COM 

ਜਿਵੇਂ ਇਕ ਹੱਥ ਨਾਲ ਸਰਕਾਰ ਨੂੰ ਮਾਇਆ ਦੇ ਕੇ ਦੂਜੇ ਨਾਲ ਮੁੜ ਤਨਖ਼ਾਹ ਦੇ ਰੂਪ ਵਿਚ ਉਨ੍ਹਾਂ ਘਰਾਂ ਵਿਚ ਪਹੁੰਚ ਜਾਂਦੀ ਸੀ।[1]

ਇਸ ਤੋਂ ਛੁੱਟ ਜ਼ਮੀਨ ਦਾ ਮਾਲੀਆ ਬੜਾ ਹਲਕਾ ਸੀ ਜਿਸ ਤੋਂ ਪੇਂਡੂ ਜ਼ਿਮੀਂਦਾਰ ਜਨਤਾ ਪੂਰਾ-ਪੂਰਾ ਲਾਭ ਪ੍ਰਾਪਤ ਕਰਦੀ ਸੀ।[2]

## ਖ਼ਾਲਸਾ ਰਾਜ ਵਿਚ ਜ਼ਮੀਨਾਂ ਦਾ ਪ੍ਰਬੰਧ ਤੇ ਸਰਕਾਰੀ ਮਾਲੀਆ

ਖ਼ਾਲਸਾ ਰਾਜ ਦੇ ਰਿਕਾਰਡ ਅਤੇ ਲਾਰਡ ਲਾਰੰਸ ਦੀ ਖ਼ਾਲਸਾ ਰਾਜ ਸਮੇਂ ਬਟਾਈ ਦੇ ਪ੍ਰਬੰਧ ਬਾਰੇ ਪਹਿਲੀ ਰਿਪੋਰਟ ਸਾਲ 1849-50 ਦੀ ਲਿਖਤ ਤੋਂ ਸਿੱਧ ਹੋ ਜਾਂਦਾ ਹੈ ਕਿ ਦਰਿਆ ਅਟਕ ਅਤੇ ਸਤਲੁਜ ਦੇ ਵਿਚਾਲੇ ਦੇ ਇਲਾਕੇ ਦੀ ਜ਼ਮੀਨ ਦੀ ਉਪਜ ਦੇ ਪੰਜ ਭਾਗ ਕੀਤੇ ਜਾਂਦੇ ਸਨ ਜਿਨ੍ਹਾਂ ਵਿਚੋਂ ਦੋ ਸਰਕਾਰ ਲੈਂਦੀ ਸੀ ਅਤੇ ਤਿੰਨ ਭਾਗ ਜ਼ਿਮੀਂਦਾਰ ਨੂੰ ਮਿਲਦੇ ਸਨ।[3]

ਅਟਕ ਤੋਂ ਪਾਰ ਦਾ ਇਲਾਕਾ ਪਿਸ਼ਾਵਰ, ਕੋਹਾਟ, ਡੇਰਾਜਾਤ, ਬੰਨੂੰ ਅਤੇ ਮੁਲਤਾਨ ਦੀ ਬਟਾਈ ਦਾ ਸਰਕਾਰੀ ਹਿੱਸਾ ਚੋਖਾ ਘੱਟ ਸੀ, ਅਰਥਾਤ ਆਮ ਜ਼ਿਮੀਂਦਾਰ ਤੋਂ ਅਠਵਾਂ ਹਿੱਸਾ ਲਿਆ ਜਾਂਦਾ ਸੀ।[4] ਕੁਝ ਪ੍ਰਤੀਸ਼ਤ ਵਧੇਰੀਆਂ ਉਪਜਾਊ ਜ਼ਮੀਨਾਂ ਦੀ ਉਪਜ ਦਾ ਚੌਥਾ ਭਾਗ ਵੀ ਲਿਆ ਜਾਂਦਾ ਸੀ।

ਇਸ ਗੱਲ ਦੇ ਮੰਨਣ ਤੋਂ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਖ਼ਾਲਸੇ ਤੋਂ ਪਹਿਲਾਂ ਪੰਜਾਬ ਪਰ ਜਿੰਨੇ ਹੁਕਮਰਾਨ ਬੀਤ ਚੁੱਕੇ ਸਨ ਉਹ ਜ਼ਿਮੀਂਦਾਰਾਂ ਤੋਂ ਸਰਕਾਰੀ ਹਿੱਸਾ ਬਹੁਤ ਵੱਧ ਵਸੂਲ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਇਹ ਨੀਤੀ ਸੀ ਕਿ ਜੇ ਜ਼ਿਮੀਂਦਾਰ ਤੋਂ ਘੱਟ ਮਾਲੀਆ ਲਿਆ ਜਾਵੇ ਤਾਂ ਉਹ ਵਧੇਰੇ ਖੇਤੀ ਬੀਜਦਾ ਹੈ। ਇਸ ਦੀ ਪਰੋੜ੍ਹਤਾ ਸਰ ਜੇਮਜ਼ ਡ੍ਰਈ, ਅਲੈਗਜ਼ੈਂਡਰ ਬਰਨਜ਼, ਜਾਨ ਲਾਰੰਸ, ਇਬਰਤਨਾਮਾ ਅਤੇ ਜੈਨਰਲ ਰੀਪੋਟ ਦੀਆਂ ਲਿਖਤਾਂ ਤੋਂ ਹੁੰਦੀ ਹੈ।

ਕੁਝ ਸਮੇਂ ਦੀ ਵਰਤੋਂ ਤੋਂ ਬਾਅਦ ਇਸ ਢੰਗ ਵਿਚ ਕਈ ਊਣਤਾਈਆਂ ਦਿੱਸੀਆਂ ਜਿਸ ਦੇ ਸੁਧਾਰ ਵੱਲ ਸ਼ੀਘਰ ਧਿਆਨ ਦਿੱਤਾ ਗਿਆ। ਪੁਰਾਣੇ ਢੰਗ ਨਾਲ ਸਮਾਂ ਬਹੁਤ ਲਗਦਾ ਤੇ ਖੇਚਲ ਵੀ ਵਧੇਰੀ ਹੁੰਦੀ ਸੀ। ਇਸ ਤੋਂ ਛੁਟ ਜ਼ਿਮੀਂਦਾਰਾਂ ਤੇ ਕੁਝ ਵੱਧ ਤੇ ਅਯੋਗ ਭਾਰ ਪੈਂਦਾ ਸੀ। ਸੋ ਲੰਮੀ ਵਿਚਾਰ ਉਪਰੰਤ ਬਟਾਈ ਨੂੰ ਬਦਲ ਕੇ ਕਣਕੂਤ ਦਾ ਤਰੀਕਾ ਜਾਰੀ ਕੀਤਾ ਗਿਆ। ਉਹ ਇਸ ਤਰ੍ਹਾਂ ਸੀ ਕਿ ਜਦ ਫਸਲਾਂ ਪੱਕ ਕੇ ਵਾਢੀ ਦੇ ਯੋਗ ਹੋ ਜਾਂਦੀਆਂ ਤਾਂ ਕਾਨੂੰਨਗੋ ਜ਼ਿਮੀਂਦਾਰਾਂ ਦੀ ਹਾਜ਼ਰੀ ਵਿਚ ਖੇਤ ਦੀ ਪੈਦਾਵਾਰ ਦਾ ਅਨੁਮਾਨ (ਕਣ ਲਾ ਕੇ ਸਰਕਾਰੀ ਵਹੀਆਂ ਵਿਚ ਲਿਖ ਲੈਂਦੇ ਸਨ ਜੋ ਇਸ ਮਤਲਬ ਲਈ ਹਰ ਇਕ ਤਅਲਕੇ ਵਿਚ ਸਰਕਾਰ ਵੱਲੋਂ ਧਰੀਆਂ ਰਹਿੰਦੀਆਂ ਸਨ। ਫੇਰ ਸਰਕਾਰੀ ਲਗਾਨ ਨੀਯਤ ਸਮੇਂ ਤੇ

1. ਡਾਕਟਰ, ਸਿਨਹਾ, *ਰਣਜੀਤ ਸਿੰਘ*, ਸਫਾ 145
2. ਕਨਿੰਘਮ, *ਏ ਹਿਸਟਰੀ ਆਫ ਦੀ ਸਿਖਸ*, ਸਫਾ 168
3. *ਫਸਟ ਜੈਨਰਲ ਰਿਪੋਰਟ ਅਪਾਨ ਦੀ ਐਡਮਨਿਸਟਰੇਸ਼ਨ ਆਫ ਦੀ ਪੰਜਾਬ*, ਸੰਨ 1849-50
4. ਚੋਪੜਾ, *ਪੰਜਾਬ ਐਜ਼ ਏ ਸਾਵਰਨ ਸਟੇਟ*, ਸਫ਼ੇ 130-31; ਜੇਮਜ਼ ਡ੍ਰਈ, *ਦੀ ਪੰਜਾਬ, ਨਾਰਥ ਵੇਸਟਰਨ ਪ੍ਰੋਵਿੰਸ ਐਂਡ ਕਸ਼ਮੀਰ*, ਧਾਰਾ 2

ਰੋਕ ਜਾਂ ਜਿਨਸ ਦੀ ਸ਼ਕਲ ਵਿਚ ਵਸੂਲ ਕੀਤਾ ਜਾਂਦਾ ਸੀ। ਸਰਕਾਰੀ ਹਿੱਸਾ ਪ੍ਰਾਪਤ ਕਰਨ ਲਈ ਕਿਸਾਨ ਨੂੰ ਚੋਖੀ ਮੋਹਲਤ ਦਿੱਤੀ ਜਾਂਦੀ ਸੀ, ਤਾ ਕਿ ਉਹ ਆਪਣੀ ਪੈਦਾਵਾਰ ਚੰਗੀ ਤਰ੍ਹਾਂ ਸਾਂਭ ਕੇ ਵੇਚ ਸਕੇ। ਸਰਕਾਰੀ ਹਿੱਸੇ ਦੀ ਵਸੂਲੀ ਲਈ ਸਮਾਂ ਇਉਂ ਨੀਯਤ ਕੀਤਾ ਜਾਂਦਾ ਸੀ। ਹਾੜੀ (ਰਬੀ) ਦਾ ਮਾਮਲਾ ਹਾੜ ਦੇ ਅਖੀਰ ਤਕ ਅਤੇ ਸਾਉਣੀ (ਖਰੀਫ) ਦਾ ਮਘਰ ਦੀ ਛੇਕੜ ਤੀਕ ਵਸੂਲ ਕੀਤਾ ਜਾਂਦਾ ਸੀ।[1]

ਕਣਕੂਤ ਦੇ ਤਰੀਕੇ ਵਿਚ ਜ਼ਿਮੀਂਦਾਰਾਂ ਲਈ ਇਕ ਵੱਡਾ ਲਾਭ ਇਹ ਸੀ ਕਿ ਕਾਰਦਾਰ ਜਾਂ ਤਅੱਲਕਦਾਰ ਬਿਨਾਂ ਪਿੰਡ ਦੇ ਮੁਖੀਆਂ ਦੀ ਰਾਇ ਦੇ ਕੋਈ ਹਿੱਸਾ ਆਪਣੀ ਮਰਜ਼ੀ ਨਾਲ ਨੀਯਤ ਨਹੀਂ ਸੀ ਕਰ ਸਕਦਾ, ਕਿਉਂਕਿ ਇਸ ਬਾਰੇ ਹਰ ਇਕ ਕਰਮਚਾਰੀ ਲਈ ਇਹ ਜ਼ਰੂਰੀ ਹੁਕਮ ਸੀ ਕਿ ਜਦ ਉਹ ਖੇਤਾਂ ਦਾ ਸਰਕਾਰੀ ਹਿੱਸਾ ਨੀਯਤ ਕਰੇ ਤਾਂ ਪਿੰਡ ਦੇ ਚੌਧਰੀਆਂ, ਪੰਚਾਂ ਤੇ ਸਿਆਣੇ ਮੁਖੀਆਂ ਦੀ ਰਾਏ ਅਨੁਸਾਰ ਕੀਤਾ ਜਾਇਆ ਕਰੇ। ਇਸ ਬਾਰੇ ਖ਼ਾਲਸਾ ਰੀਕਾਰਡ ਵਿਚ ਕਈ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਮਹਾਰਾਜੇ ਨੇ ਆਪਣੇ ਕਰਮਚਾਰੀਆਂ ਨੂੰ ਡਾਢੀ ਪਕਿਆਈ ਨਾਲ ਲਿਖਿਆ ਸੀ।

ਮਹਾਰਾਜੇ ਦੇ ਇਕ ਪੱਕੇ ਹੁਕਮ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਸੀ :

مشورہ چودھریان و پنچان شائستہ کس بندوبست معاملہ باید ساخت

ਭਾਵ—ਚੌਧਰੀਆਂ, ਪੰਚਾਂ ਤੇ ਮੁਖੀਆਂ ਦੀ ਰਾਏ ਨਾਲ ਸਰਕਾਰੀ ਮਾਲੀਆ ਨੀਯਤ ਕੀਤਾ ਕਰੋ।

ਇਕ ਹੋਰ ਫ਼ਰਮਾਨ ਵਿਚ ਲਿਖਿਆ ਸੀ :

آبادی رعایا و افزونی مال سرکار ہر وقت مد نظر دارند

ਭਾਵ—ਪਰਜਾ ਦੀ ਆਬਾਦੀ ਤੇ ਸਰਕਾਰੀ ਮਾਲ ਦੀ ਉੱਨਤੀ ਨੂੰ ਹਰ ਸਮੇਂ ਧਿਆਨ ਗੋਚਰਾ ਰਖਿਆ ਕਰੋ।

ਮਹਾਰਾਜਾ ਸਾਹਿਬ ਦੇ ਸਾਰੇ ਜ਼ਿੰਮੇਵਾਰ ਕਰਮਚਾਰੀਆਂ ਲਈ ਇਹ ਆਮ ਹੁਕਮ ਸੀ ਜੋ ਬਹੁਤਿਆਂ ਫ਼ੁਰਮਾਨਾਂ ਵਿਚ ਲਿਖਿਆ ਮਿਲਦਾ ਹੈ। ਇਸੇ ਤਰ੍ਹਾਂ ਬਹੁਤ ਸਾਰੀਆਂ ਲਿਖਤਾਂ ਹਨ ਜਿਨ੍ਹਾਂ ਤੋਂ ਸਪਸ਼ਟ ਹੈ ਕਿ ਮਹਾਰਾਜਾ ਸਾਹਿਬ ਸਦਾ ਹੀ ਕਿਸਾਨਾਂ ਦੀ ਭਲਾਈ ਤੇ ਉਨ੍ਹਾਂ ਦੇ ਹੌਸਲੇ ਵਧਾਉਣ ਦੇ ਕੰਮ ਨੂੰ ਸਾਰੇ ਰਾਜਸੀ ਕੰਮਾਂ ਤੋਂ ਵੱਧ ਜ਼ਰੂਰੀ ਤੇ ਮੁੱਖ ਸਮਝਦੇ ਸਨ, ਉਨ੍ਹਾਂ ਦਾ ਲਿਖਿਆ ਕੋਈ ਦਸਤੂਰ-ਉਲ-ਅਮਲ ਆਪਣੇ ਕਾਰਦਾਰਾਂ ਦੇ ਨਾਮ ਓਦੋਂ ਤਕ ਸੰਪੂਰਨ ਨਹੀਂ ਸਮਝਿਆ ਜਾਂਦਾ ਸੀ ਜਦ ਤਕ ਹੇਠ ਲਿਖੀ ਜ਼ਰੂਰੀ ਹਦਾਇਤ ਉਸ ਵਿਚ ਨਾ ਲਿਖੀ ਜਾਏ :

1. *ਜਰਨਲ ਔਫ ਦੀ ਪੰਜਾਬ ਹਿਸਟਾਰੀਕਲ ਸੁਸਾਇਟੀ*, ਜਿ: ਨੰ. 1, ਪੰਨਾ 86

WWW.SIKHBOOKCLUB.COM 

آبادی ملک مقدم دارند و بحسن سلوک خود رعایا را راضی و آباد سازند

ਭਾਵ—ਮੁਲਕ ਦੀ ਆਬਾਦੀ ਆਪ ਦਾ ਮੁੱਖ ਫਰਜ਼ ਹੈ, ਆਪਣੇ ਯੋਗ ਵਰਤਾਵ ਨਾਲ ਪਰਜਾ ਨੂੰ ਰਾਜ਼ੀ ਰਖਿਆ ਕਰੋ।

ਸੋ ਪਰਜਾ ਦੀ ਭਲਾਈ ਤੇ ਮੁਲਕ ਦੀ ਆਬਾਦੀ ਉਨ੍ਹਾਂ ਦੇ ਮੁੱਖ ਫਰਜ਼ਾਂ ਵਿਚੋਂ ਸੀ। ਇਹ ਹੁਕਮ ਜਾਗੀਰਦਾਰਾਂ ਤੇ ਅਜਾਰੇਦਾਰਾਂ ਨੂੰ ਵੀ ਲਿਖਿਆ ਜਾਂਦਾ ਸੀ।

ਇਸ ਤੋਂ ਛੁਟ ਹਰ ਇਕ ਕਾਰਦਾਰ ਨੂੰ ਇਹ ਅਧਿਕਾਰ ਦਿੱਤੇ ਗਏ ਸਨ ਕਿ ਲੋੜਵੰਦ ਕਿਸਾਨਾਂ ਨੂੰ, ਜਿਨ੍ਹਾਂ ਦੀ ਆਰਥਕ ਦਸ਼ਾ ਕਮਜ਼ੋਰ ਹੋਵੇ, ਸਰਕਾਰੀ ਖਜ਼ਾਨੇ ਤੋਂ ਬਿਨਾਂ ਵਿਆਜ ਤਕਾਵੀ ਦੇ ਤੌਰ ਪਰ ਰੁਪਿਆ ਦਿੱਤਾ ਜਾਇਆ ਕਰੇ, ਜਿਸ ਤੇ ਉਹ ਢਪੀਆ ਬੀਜ ਅਤੇ ਜ਼ਿਮੀਦਾਰੀ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਪੂਰੀਆ ਕਰ ਲਿਆ ਕਰਨ। ਪੁਰਾਣੀਆਂ ਲਿਖਤਾਂ ਤੋਂ ਮਹਾਰਾਜਾ ਸਾਹਿਬ ਦਾ ਇਕ ਹੋਰ ਬੜਾ ਜ਼ਰੂਰੀ ਹੁਕਮ ਮਿਲਦਾ ਹੈ। ਜੋ ਆਮ ਵਰਤੋਂ ਵਿਚ ਆਉਂਦਾ ਸੀ। ਇਸ ਵਿਚ ਲਿਖਿਆ ਹੈ ਕਿ ਲੈਣਦਾਰ ਕਿਸੇ ਜ਼ਿਮੀਦਾਰ ਦੇ ਬਲਦ, ਹਲ ਪੰਜਾਲੀ ਆਦਿ, ਜ਼ਿਮੀਦਾਰੀ ਦੇ ਸੰਦ ਆਪਣੇ ਲੈਣੇ ਵਿਚ ਨਹੀਂ ਸੀ ਕੁਰਕ ਕਰ ਸਕਦਾ। ਇਸ ਬਾਰੇ ਮਹਾਰਾਜਾ ਸਾਹਿਬ ਦੀ ਅਸਲ ਲਿਖਤ ਇਉਂ ਹੈ

بروئے پروانہ مبلغ ہائے تکری مذکور بموجب آبادی رعایا سوائے نرگاوان و توڑی وغیرہ
از زمینداران مذکور اداے کنانیدہ دہند۔ مدعا کہ نرگاوان و توڑی وغیرہ
کسے شاہوکار از زمینداران گرفتنی نہ ہستند۔

ਮਾਲੀਆ ਨੀਯਤ ਕਰਦੇ ਹੋਇਆਂ ਜੇ ਕਿਸੇ ਇਲਾਕੇ ਦੇ ਕਾਰਦਾਰ ਵੱਲੋਂ ਕਰੜਾਈ ਜਾਂ ਬੇਪਰਵਾਹੀ ਦੀ ਸਕਾਇਤ ਮਹਾਰਾਜਾ ਸਾਹਿਬ ਦੇ ਕੰਨਾਂ ਤਕ ਪਹੁੰਚਾਈ ਜਾਂਦੀ ਤਾਂ ਸਰਕਾਰ ਉਸ ਵਕਤ ਤਕ ਸੁਖ ਦੀ ਨੀਂਦ ਨਹੀਂ ਸਨ ਸੌਂ ਸਕਦੇ ਜਦ ਤੀਕ ਸ਼ਿਕਾਇਤ ਨੂੰ ਦੂਰ ਕਰਕੇ ਪਰਜਾ ਨੂੰ ਨਿਸ਼ਚਿੰਤ ਨਹੀਂ ਸਨ ਕਰ ਲੈਂਦੇ। ਇਸ ਤਰ੍ਹਾ ਦੀਆਂ ਭੁੱਲਾਂ ਦੀ ਆਪ ਤੁਰੰਤ ਪੜਤਾਲ ਕਰਾਉਂਦੇ ਅਤੇ ਜੇ ਕਿਸੇ ਕਾਰਦਾਰ ਦੀ ਅਨਿਆਈ ਸਾਬਤ ਹੁੰਦੀ ਤਾਂ ਛੇਤੀ ਹੀ ਉਸ ਨੂੰ ਉੱਥੋਂ ਬਦਲ ਦਿੰਦੇ ਜਾਂ ਹੋਰ ਯੋਗ ਸਜ਼ਾ ਦਿੰਦੇ ਤਾਕਿ ਹੋਰਨਾ ਕਰਮਚਾਰੀਆਂ ਨੂੰ ਇਸ ਤੋਂ ਸਿਖਿਆ ਮਿਲੇ। ਉਦਾਹਰਨ ਲਈ 1830 ਈ. ਵਿਚ ਰਾਵਲਪਿੰਡੀ ਦੇ ਇਲਾਕੇ ਦਾ ਮਾਲੀਆ ਕੁਝ ਕਰੜਾ ਨੀਯਤ ਹੋਇਆ, ਜਿਸ ਪਰ ਇੱਥੋਂ ਦੇ ਜ਼ਿਮੀਦਾਰਾਂ ਨੇ ਆਪਣੀ ਫਰਿਆਦ ਸ਼ੇਰੇ-ਪੰਜਾਬ ਤਕ ਪਹੁੰਚਾਈ। ਆਪ ਨੇ ਉਸੇ ਦਿਨ ਜੈਨਰਲ ਵੈਨਤੂਰਾ ਨੂੰ ਪੜਤਾਲ ਲਈ ਭੇਜ ਦਿੱਤਾ। ਉਸ ਨੇ ਮੌਕੇ ਤੇ ਪਹੁੰਚ ਕੇ ਪਿੰਡੀ, ਤਖ਼ਤ ਪੜੀ, ਬੰਦਾ, ਕੁਰੀ, ਮੁਗਲ ਅਤੇ ਸੈਦਪੁਰ ਦੇ ਜ਼ਿਮੀਂਦਾਰਾਂ ਦੀ ਸ਼ਕਾਇਤ ਦੀ ਪੜਤਾਲ ਕੀਤੀ ਤੇ ਆਪ ਨੇ ਨਵੇਂ ਲਗਾਨ ਨੂੰ ਵਾਜਬੀ ਸਮਝਿਆ। ਪਰ ਮਾਲੂਮ ਹੁੰਦਾ ਹੈ ਕਿ ਜ਼ਿਮੀਦਾਰ ਵੈਨਤੂਰਾ ਦੇ

ਫ਼ੈਸਲੇ ਨਾਲ ਭੀ ਸੰਤੁਸ਼ਟ ਨਾ ਹੋਏ ਅਤੇ ਉਨ੍ਹਾਂ ਦੀ ਉਸੇ ਤਰ੍ਹਾਂ ਸ਼ਕਾਇਤ ਬਾਕੀ ਰਹੀ। ਇਸ ਤੇ ਮਹਾਰਾਜਾ ਸਾਹਿਬ ਨੇ ਉੱਥੋ ਦੇ ਮੁਖੀਆਂ ਤੇ ਪਿੰਡਾਂ ਦੇ ਚੋਧਰੀਆਂ ਨੂੰ ਆਪਣੇ ਪਾਸ ਲਾਹੌਰ ਬੁਲਵਾਇਆ। ਇੱਥੇ ਪਹੁੰਚਣ ਤੇ ਉਨ੍ਹਾਂ ਦੀ ਬੜੀ ਆਉ ਭਗਤ ਕੀਤੀ ਅਤੇ ਉਨ੍ਹਾਂ ਨੂੰ ਕਈ ਦਿਨਾਂ ਤਕ ਆਪਣੇ ਪਾਸ ਰਖਿਆ। ਫੇਰ ਇਕ ਦਿਨ ਇਨ੍ਹਾਂ ਨੂੰ ਮਿਲਨ ਦਾ ਖੁਲ੍ਹਾ ਸਮਾ ਦਿੱਤਾ ਤੇ ਉਨ੍ਹਾਂ ਦੇ ਦੱਸੇ ਦੁਸ਼ਨਾਂ ਨੂੰ ਠੀਕ ਸਮਝ ਕੇ ਬਹੁਤ ਹੀ ਹਲਕਾ ਮਾਮਲਾ ਨੀਯਤ ਕੀਤਾ, ਨਾਲ ਹੀ ਉਨ੍ਹਾਂ ਨੂੰ ਭਰੋਸਾ ਦਵਾਇਆ ਕਿ ਉਨ੍ਹਾਂ ਪਰ ਜੋ ਕਰੜਾਈ ਹੋਈ ਹੈ ਉਸ ਨੂੰ ਉਸ ਦਾ ਦਿਲੀ ਰੰਜ ਹੈ ਅਤੇ ਯਕੀਨ ਦਵਾਇਆ ਕਿ ਇਹ ਉਸ ਦੇ ਹੁਕਮ ਨਾਲ ਨਹੀ ਹੋਇਆ, ਸਗੋਂ ਕਰਮਚਾਰੀਆਂ ਦੀ ਬੇਸਮਝੀ ਨਾਲ ਹੋਇਆ ਹੈ। ਮਹਾਰਾਜਾ ਸਾਹਿਬ ਨੇ ਉਥੋ ਦੇ ਕਾਰਦਾਰ ਨੂੰ ਉਥੋ ਬਦਲ ਦਿੱਤਾ ਤੇ ਉਸ ਦੀ ਥਾਂ ਦਲ ਸਿੰਘ ਨੂੰ ਨੀਯਤ ਕੀਤਾ ਜੋ ਨੇਕ ਸੁਭਾਵ ਤੇ ਉੱਚੇ ਆਚਰਨ ਦਾ ਉੱਤਮ ਨਮੂਨਾ ਸੀ। ਇਸ ਨੇ ਇੱਥੇ ਆ ਕੇ ਪਰਜਾ ਨਾਲ ਇੰਨਾ ਪਿਆਰ ਦਾ ਵਰਤਾਉ ਕੀਤਾ ਕਿ ਲੋਕ ਅੱਜ ਤਕ ਉਸ ਦੀ ਭਲਾਈ ਦੀਆਂ ਕਹਾਣੀਆ ਸੁਣਾਉਂਦੇ ਹਨ। ਇਸ ਘਟਨਾ ਦਾ ਜ਼ਿਕਰ ਜ਼ਿਲ੍ਹਾ ਰਾਵਲਪਿੰਡੀ ਦੇ 1907 ਦੇ ਸਰਕਾਰੀ ਗਜ਼ਟੀਅਰ ਦੇ ਸਫਾ 203, ਭਾਗ ਏ, ਪਰ ਇਸ ਤਰ੍ਹਾਂ ਲਿਖਿਆ ਹੈ :

In A.D. 1830 Maharaja Ranjit Singh, hearing of the grievous exaction of the officials, and of the unsatisfactory state of affairs, sent General ventura to assess a portion of the district. His assesments affected the Ilaka of Rawal Pindi, Takhtpari, Banda, Kuri, Mughal and Sayadpur. They were fair and even light, but following on a period of much depression and overtaxation it was with difficulty that they were realised. Unfortunately the agents who had to carry out these fiscal measures were rapacious and exacting and gave the lessees no chance.

Warned at last of increasing disaffection Maharaja Ranjit Singh summoned the heads of tribes and villages to Lahore, treated them with hospitality and distinction, fixed comparatively light assessments and sent them back to their homes, assured that what they had suffered was not at his hands, but was the work of his officials. He conferred on them a still greater benefit than even the light assessments, for he sent to realize from them Bhai Dal Singh, a man of known integrity of character and amiable temper, whose name will long be remembered as a just and faithful steward.

"Punjab District Gazetteer, Vol. XXVIII A., of Rawalpindi District, 1907, on page 203, Part A."

ਇਸੇ ਤਰ੍ਹਾਂ ਦੀ ਸ਼ਕਾਇਤ ਦੇ ਸਾਬਤ ਹੋ ਜਾਣ ਪਰ ਇਲਾਕਾ ਭਿੰਬਰ ਦੇ ਕਾਰਦਾਰਾਂ ਨਰੈਣ ਦਾਸ ਤੇ ਹਰਨਾਮ ਦਾਸ ਨੂੰ ਉੱਥੋ ਬਦਲ ਕੇ ਉਨ੍ਹਾਂ ਦੀ ਥਾਂ ਤੇ ਚੋਧਰੀ ਘਨੱਯਾ ਜੋ ਬੜਾ ਹਰਮਨ ਪਿਆਰਾ ਤੇ ਭੋਲੇ ਸੁਭਾਵ ਲਈ ਉਸ ਸਮੇ ਪ੍ਰਸਿੱਧ ਸੀ, ਭਿੰਬਰ ਦਾ ਕਾਰਦਾਰ ਨੀਯਤ ਕੀਤਾ। ਚੋਧਰੀ ਘਨੱਯੇ ਦੇ ਨਾਮ ਪਰ ਜੋ ਫਰਮਾਨ ਮਹਾਰਾਜਾ ਵੱਲੋਂ ਇਸ ਸਮੇ ਜਾਰੀ

ਹੋਇਆ ਉਹ ਅਸੀ ਇੰਨ-ਬਿੰਨ ਅੱਗੇ ਦਿੰਦੇ ਹਾਂ। ਇਸ ਵਿਚ ਪਰਜਾ ਦੀ ਆਬਾਦੀ ਤੇ ਚੰਗੇ ਵਰਤਾਰੇ ਲਈ ਪੂਰਾ-ਪੂਰਾ ਜ਼ੋਰ ਦਿੱਤਾ ਗਿਆ ਹੈ। ਇਹ ਸਾਰੇ ਵਾਕਿਆਤ ਸਿੱਧ ਕਰਦੇ ਹਨ ਕਿ ਖ਼ਾਲਸਾ ਰਾਜ ਵਿਚ ਪਰਜਾ ਦੇ ਸੁਖ ਦਾ ਕਿੰਨਾ ਧਿਆਨ ਰਖਿਆ ਜਾਂਦਾ ਸੀ। ਉਹ ਅਸਲ ਫਰਮਾਨ ਇਹ ਹੈ :

من ابتدائے خریف ۱۸۹۳ بچودھری گھنیا برکارداری تعلقہ بھمبر مامور فرمودہ باید
کہ بریں موجب عمل ساز باشند. معاملہ خریف ۱۸۹۳ تحصیل کردن. تردد ربیع ۱۸۹۵ بقرار
واقعی دارند. آبادی رعایا و خیر خواہی و افزونی مال سرکار مد نظر دارند. چہار طرف بچراہ
رہبار راستی و درستی حسن ابتدائے فصل خریف ۱۸۹۳ الغایت ربیع ۱۸۹۳ در فصل
از کارداران سابق نرائن داس و بیرام داس فہمیدہ سازند. بسست و معاملہ
مذکور بابت خود دارند. آنچہ نیز بیایات مال از زمینداران و از بالائے کوہستان
زمیندار زمینکا تعمیر قرار واقعی و پختگی باید ساخت. کو عقب تعاقب مفصل عرض
رسانند.

ਖ਼ਾਲਸਾ ਰਾਜ ਸਮੇਂ ਮਾਲੀਏ ਬਾਰੇ ਫਰਮਾਨ ਤੇ ਲਿਖਤਾਂ ਵਿਚਾਰੀਏ ਤਾਂ ਸਿੱਧ ਹੋ ਜਾਂਦਾ ਹੈ ਕਿ ਮਾਲੀਆ ਜਾਂ ਬਟਾਈ ਦੇ ਮੁਕੱਰਰ ਕਰਨ ਵਿਚ ਮਹਾਰਾਜਾ ਸਾਹਿਬ ਆਪਣੇ ਜਾਂ ਆਪਣੇ ਕਾਰਦਾਰਾਂ ਦੇ ਅਧਿਕਾਰ ਕਦੇ ਨਹੀ ਸੀ ਵਰਤਦੇ ਸਗੋਂ ਪਿੰਡਾਂ ਦੇ ਚੋਧਰੀਆਂ ਤੇ ਕੌਮਾਂ ਦੇ ਆਗੂਆਂ ਦੀ ਸਲਾਹ ਨਾਲ ਉਨ੍ਹਾਂ ਤੇ ਮਾਲੀਆ ਨੀਯਤ ਕੀਤਾ ਜਾਂਦਾ ਸੀ।[1]

ਕਈ ਲੋਕਾਂ ਦਾ ਖਿਆਲ ਹੈ ਕਿ ਜਿਹੜੇ ਇਲਾਕੇ ਮਹਾਰਾਜਾ ਸਾਹਿਬ ਅਜਾਰੇ (ਠੇਕੇ) ਪਰ ਦਿੰਦੇ ਹੁੰਦੇ ਸਨ, ਅਜਾਰੇਦਾਰ ਵਸੂਲੀ ਸਮੇਂ ਕਿਸਾਨਾਂ ਤੇ ਸਖ਼ਤੀ ਕਰਦੇ ਹੋਣਗੇ ਤੇ ਆਪਣੀ ਮਨਮਾਨੀ ਵਰਤਦੇ ਹੋਣਗੇ। ਜਦ ਅਸੀਂ ਇਸ ਭਾਵ ਨੂੰ ਮੁੱਖ ਰਖਕੇ ਖੋਜ ਕਰਦੇ ਹਾਂ ਤਾਂ ਇਹ ਖਿਆਲ ਵੀ ਨਿਰਮੂਲ ਸਿੱਧ ਹੁੰਦਾ ਹੈ ਕਿਉਂਕਿ ਮਾਲੀਏ ਦੇ ਵਧਾਉਣ ਦਾ ਹੱਕ ਅਜਾਰੇਦਾਰ ਨੂੰ ਮੂਲੋਂ ਹੁੰਦਾ ਹੀ ਨਹੀ ਸੀ ਅਤੇ ਠੇਕੇ ਦੇ ਇਲਾਕਿਆਂ ਵਿਚ ਵੀ ਉਹੀ ਤਰੀਕਾ ਵਰਤਿਆ ਜਾਂਦਾ ਸੀ ਜਿਹੜਾ ਉੱਤੇ ਅਸੀਂ ਲਿਖ ਆਏ ਹਾਂ।

ਇਨ੍ਹਾਂ ਸਾਰੀਆਂ ਬੰਦਸ਼ਾਂ (ਪਾਬੰਦੀਆਂ) ਦਾ ਫ਼ੈਸਲਾ ਨਾ ਕੇਵਲ ਅਜਾਰੇਦਾਰਾਂ ਨਾਲ ਅਜਾਰਾ ਦੇਣ ਤੋਂ ਪਹਿਲਾ ਜ਼ਬਾਨੀ ਕੀਤਾ ਜਾਂਦਾ ਸੀ, ਸਗੋਂ ਪੂਰੀ ਤਰ੍ਹਾਂ ਜ਼ਰੂਰੀ ਪਾਬੰਦੀਆਂ ਪਟੇ-ਨਾਮੇ ਵਿਚ ਵੀ ਲਿਖ ਲਈਆਂ ਜਾਂਦੀਆਂ ਸਨ। ਅਸੀਂ ਇੱਥੇ ਇਕ ਪਟੇ-ਨਾਮੇ ਦਾ ਉਤਾਰਾ ਦਿੰਦੇ ਹਾਂ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਿਖੇ ਜਾਂਦੇ ਸਨ :

1. ਦੇਖੋ ਇਸ ਬਾਰੇ ਮਹਾਰਾਜਾ ਦਾ ਲਿਖਤੀ ਹੁਕਮ। *ਜਰਨਲ ਆਫ਼ ਦੀ ਪੰਜਾਬ ਹਿਸਟਾਰੀਕਲ ਸੁਸਾਇਟੀ*, ਜਿ. 7, ਨੰ. 1, ਸਫਾ 80

منکہ راجہ گلاب سنگھ ملازم قدیم سرکار والا ام. دریں وقت بحضور انور نامہ اقبالنامہ نوشتہ
میدہم و اقرار می نمایم کہ اینچہ تعلقات مفصلہ ذیل بمقابلہ جمعت لک و سہ ہزار روپیہ ضرب
نانکشاہی امرتسری بلا خرچ سرکار والا تفویض فدوی از ابتدائے فصل خریف سمت ۱۸۹۲
فرمودہ فدوی بجان و دل در تقدیم خدمات امورہ بخیر خواہی و دیانت داری مصروف.
حاضر بودہ باشد. وجہ معاملات را بحضور انور فرستادہ دام. تا دام داخل نمودہ بہ یکدام
از پیداوار ملک از جناب والا پوشیدہ نخواہم کرد. و آنچہ کمی بیشی در معاملات ملک معلوم مفصل
خواہد بود. در حضور انور عرض خواہم نمود و رعایا را بحسن و سلوک خود راضی و ملک
را آباد خواہم داشت.

ਜ਼ਮੀਨ ਦੇ ਮਾਲੀਏ ਤੋਂ ਛੁਟ ਹੇਠ ਲਿਖੇ ਹੋਰ ਵਸੀਲੇ ਵੀ ਆਮਦਨੀ ਦੇ ਸਨ :

1. ਸਾਇਰਾਤ ਇਨ੍ਹਾਂ ਵਿਚ ਸ਼ਾਮਿਲ ਸਨ :
   - (ੳ) ਆਮਦਨੀ ਆਬਕਾਰੀ
   - (ਅ) ਆਮਦਨੀ ਚੋਕੀਆਤ
   - (ੲ) ਆਮਦਨੀ ਗੁਜ਼ਰ (ਪੱਤਨ)
   - (ਸ) ਆਮਦਨੀ ਰਾਮਰਸ (ਲੂਣ)
   - (ਹ) ਮਹਾਨ ਮੰਡੀਆਤ
2. ਨਜ਼ਰਾਨਾ :
   - (ੳ) ਮੁਸਤਾਮਰੀ ਬਾਜ ਗੁਜ਼ਾਰ ਰਿਆਸਤਾਂ ਤੋਂ।
   - (ਅ) ਜਾਗੀਰਦਾਰਾਂ ਤੋਂ
   - (ੲ) ਬਹਾਲੀ ਆਦਿ ਤੋਂ
3. ਵਜੂਹਾਤੇ ਮੁਕੱਰਰੀ :
   - (ੳ) ਰਸੂਮੇ ਜ਼ਾਬਤਾਨਾ।

## ਖ਼ਾਲਸਾ ਰਾਜ ਵਿਚ ਜ਼ਿਮੀਂਦਾਰਾਂ ਦੀ ਰੱਖਿਆ

ਖ਼ਾਲਸਾ ਰਾਜ ਸਮੇਂ ਜ਼ਿਮੀਂਦਾਰਾਂ ਦੇ ਲਾਭਾਂ ਦੀ ਰੱਖਿਆ ਵੱਲ ਖ਼ਾਸ ਧਿਆਨ ਦਿੱਤਾ ਜਾਂਦਾ ਸੀ। ਸੰਨ 1836 ਦੀ ਇਕ ਲਿਖਤ ਮਿਲਦੀ ਹੈ ਜਿਸ ਵਿਚ ਇਹ ਦਰਜ ਹੈ : ਅੱਜ ਮਹਾਰਾਜਾ ਰਣਜੀਤ ਸਿੰਘ ਨੇ ਸ਼ਹਿਜ਼ਾਦਾ ਖੜਕ ਸਿੰਘ ਨੂੰ ਮੁਲਤਾਨ ਦੇ ਦੌਰੇ ਪਰ ਜਾਣ ਦਾ

ਹੁਕਮ ਦਿੱਤਾ। ਪਰ ਨਾਲ ਹੀ ਇਸ ਗੱਲ ਦੀ ਪੱਕਿਆਈ ਕੀਤੀ ਗਈ ਹੈ ਕਿ ਉਹ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖੇ ਕਿ ਮੁਲਤਾਨ ਜਾਂਦਿਆਂ ਰਾਹ ਦੇ ਲਾਗੇ-ਚਾਗੇ ਦੀਆਂ ਖੇਤੀਆਂ ਨੂੰ ਨਾਲ ਜਾ ਰਹੇ ਘੋੜ-ਚੜ੍ਹਾਂ ਵੱਲੋਂ ਕੋਈ ਹਾਨੀ ਨਾ ਪਹੁੰਚੇ।[1]

ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਸੰਨ 1835 ਦੀ ਬਸੰਤੀ ਰੁੱਤੇ ਰੋਹਤਾਸ ਦੇ ਦੌਰੇ ਪਰ ਗਏ। ਇਲਾਕੇ ਦੀ ਦੇਖਭਾਲ ਕਰਦਿਆਂ ਇੱਥੇ ਆਪ ਨੂੰ ਕੁਝ ਸਮਾਂ ਠਹਿਰਣਾ ਪਿਆ। ਮਹਾਰਾਜਾ ਦੇ ਨਾਲ ਗਈ ਘੋੜਚੜ੍ਹਾ ਫ਼ੌਜ ਨੇ ਜ਼ਿਮੀਦਾਰਾਂ ਦੀ ਆਗਿਆ ਨਾਲ ਕੁਝ ਹਰੇ ਖੇਤ ਘੋੜਿਆਂ ਨੂੰ ਚੁਗਾਏ। ਇੱਥੋਂ ਕੂਚ ਤੋਂ ਪਹਿਲਾਂ ਉਨ੍ਹਾਂ ਖੇਤਾਂ ਦੀ ਕਟਾਈ ਕੀਤੀ ਗਈ ਅਤੇ ਇਨ੍ਹਾਂ ਦੇ ਮਾਲਕਾਂ ਨੂੰ ਇਸ ਚਾਰੇ ਬਦਲੇ 5000 ਰੁਪਿਆ ਮੁਜਰਾ ਦਿੱਤਾ ਗਿਆ।

ਇਸ ਦੌਰੇ ਤੋਂ ਆਉਂਦਿਆਂ ਗੁਜਰਾਤ ਦੇ ਪਰਗਨੇ ਵਿਚ ਕੁਝ ਖੇਤਾਂ ਵਿਚ ਸਵਾਰਾਂ ਨੇ ਚਾਰਾ ਵਰਤਿਆ ਸੀ। ਉਸ ਦੀ ਮੁਜਰਾਈ ਵਜੋਂ ਮਾਲੀਏ ਦੀ ਵਸੂਲੀ ਵਿਚ 15000 ਕਾਟ ਕੀਤੀ ਗਈ।

ਸ਼ੇਰੇ-ਪੰਜਾਬ ਦਾ ਫ਼ੌਜ ਦੇ ਜ਼ਿੰਮੇਵਾਰ ਅਫ਼ਸਰਾਂ ਨੂੰ ਇਹ ਆਮ ਹੁਕਮ ਸੀ ਕਿ ਅਨਾਜ ਦੀਆਂ ਮੁੰਜਰਾਂ ਨੂੰ ਜਦ ਦਾਣਾ ਪੈ ਜਾਵੇ ਤਾਂ ਘੋੜ-ਚੜ੍ਹਾ ਤੇ ਰਸਾਲਾ ਫ਼ੌਜਾਂ ਘੋੜਿਆਂ ਪਰ ਚੜ੍ਹ ਕੇ ਪਰੇਡ ਲਈ ਛਾਉਣੀਆਂ ਤੋਂ ਬਾਹਰ ਦੌਰਿਆਂ ਪਰ ਨਾ ਜਾਇਆ ਕਰਨ ਤਾਂ ਜੋ ਜ਼ਿਮੀਦਾਰਾਂ ਨੂੰ ਹਾਨੀ ਨਾ ਪਹੁੰਚੇ।

ਕਪਤਾਨ ਵੇਡ, ਪੁਲੀਟੀਕਲ ਏਜੰਟ ਲੁਧਿਆਣਾ, ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਮੇਰੇ ਤੋਂ ਪੁੱਛਿਆ ਕਿ ਅੰਗਰੇਜ਼ੀ ਫ਼ੌਜ ਲਈ ਕੋਈ ਐਸਾ ਕਾਨੂੰਨ ਹੈ ਜਿਸ ਦੀ ਰੂਹ ਨਾਲ ਰਸਾਲਾ ਫ਼ੌਜਾਂ ਨੂੰ ਜ਼ਿਮੀਦਾਰਾਂ ਦੇ ਖੇਤਾਂ ਨੂੰ ਹਾਨੀ ਪਹੁੰਚਾਣ ਤੋਂ ਰੋਕਿਆ ਜਾ ਸਕੇ, ਨਾਲ ਹੀ ਮਹਾਰਾਜਾ ਨੇ ਇਹ ਵੀ ਦੱਸਿਆ ਕਿ ਇਸ ਬਾਰੇ ਉਸ ਨੇ ਬੜੇ ਕਰੜੇ ਫ਼ਰਮਾਨ ਜਾਰੀ ਕੀਤੇ ਹੋਏ ਹਨ ਕਿ ਕੋਈ ਫ਼ੌਜੀ ਕਿਸੇ ਜ਼ਿਮੀਦਾਰ ਦੇ ਖੇਤਾਂ ਨੂੰ ਹਾਨੀ ਨਾ ਪਹੁੰਚਾਏ। ਜੇ ਕੋਈ ਇਸ ਹੁਕਮ ਦੀ ਉਲੰਘਣਾ ਕਰੇਗਾ, ਉਸ ਨੂੰ ਕਰੜੀ ਸਜ਼ਾ ਦਿੱਤੀ ਜਾਵੇਗੀ।[2]

## ਦੂਜੇ ਮਤਾਂ ਵਾਲਿਆਂ ਨਾਲ ਰਵਾਦਾਰੀ ਤੇ ਸਤਿਕਾਰ

### ਖ਼ਾਲਸਾ ਰਾਜ ਵਿਚ ਮੁਸਲਿਮ ਹੱਕਾਂ ਦੀ ਰੱਖਿਆ

ਖ਼ਾਲਸਾ ਰਾਜ ਸਮੇਂ ਮੁਸਲਮ ਪਰਜਾ ਦੇ ਅਧਿਕਾਰਾਂ ਦੀ ਰੱਖਿਆ ਵੱਲ ਉਨਾ ਹੀ ਧਿਆਨ ਹੀ ਦਿੱਤਾ ਜਾਂਦਾ ਸੀ ਜਿੰਨਾ ਕਿ ਸਿੱਖਾਂ ਅਤੇ ਹਿੰਦੂਆਂ ਦੇ ਹੱਕਾਂ ਵੱਲ। ਉਦਾਹਰਨ ਲਈ ਕੁਝ ਦ੍ਰਿਸ਼ਟਾਂਤ ਹੇਠ ਦਿੱਤੇ ਜਾਂਦੇ ਹਨ ਜਿਸ ਤੋਂ ਉਪਰੋਕਤ ਲਿਖਤ ਪੂਰੀ ਤਰ੍ਹਾਂ ਸਿੱਧ ਹੋ ਜਾਂਦੀ ਹੈ। ਇਹ ਇਤਿਹਾਸਕ ਸਬੂਤ ਹੈ ਜਿਸ ਤੋਂ ਕੋਈ ਸਿਰ ਨਹੀਂ ਫੇਰ ਸਕਦਾ ਕਿ ਜਦ ਸ਼ੇਰੇ-ਪੰਜਾਬ ਨੇ ਸੰਨ 1799 ਵਿਚ ਲਾਹੌਰ ਤੇ ਕਬਜ਼ਾ ਕੀਤਾ ਤਾਂ ਨਵਾਬ ਭਿਖਾਰੀ ਖ਼ਾਨ ਦੀ

1. *ਪੁਲੀਟੀਕਲ ਪ੍ਰੋਸੀਡਿੰਗ*, ਜਿਲਦ 57, 31 ਮਈ 1836
2. *ਪੁਲੀਟੀਕਲ ਪ੍ਰੋਸੀਡਿੰਗ*, 7 ਅਗਸਤ 1837, ਸਫ਼ਾ 94

ਸੁਨਹਿਰੀ ਮਸਜਿਦ ਜੋ ਕਸ਼ਮੀਰੀ ਬਜਾਰ ਵਿਚ ਹੈ, ਇਹ ਅਪ੍ਰੈਲ 1765 ਤੋਂ ਭੰਗੀ ਸਰਦਾਰਾਂ ਦੇ ਲਾਹੌਰ ਪਰ ਕਬਜਾ ਕਰਨ ਸਮੇਂ ਤੋਂ ਅਕਾਲੀਆ ਦੇ ਕਬਜ਼ੇ ਵਿਚ ਚਲੀ ਆਉਂਦੀ ਸੀ। ਹੁਣ ਜਦ ਮਹਾਰਾਜਾ ਨੇ ਲਾਹੌਰ ਦੀ ਹਕੂਮਤ ਹੱਥ ਵਿਚ ਲਈ ਤਾਂ ਲਾਹੌਰ ਦੇ ਇਲਾਕੇ ਦੇ ਬਹੁਤ ਸਾਰੇ ਮੁਸਲਮਾਨਾਂ ਦੇ ਮਹਾਰਾਜਾ ਰਣਜੀਤ ਸਿੰਘ ਅੱਗੇ ਬੇਨਤੀ ਕਰਨ ਉੱਤੇ ਆਪਣੀ ਮੁਸਲਮਾਨ ਪਰਜਾ ਨੂੰ ਮਹਾਰਾਜਾ ਨੇ ਇਹ ਮਸੀਤ ਦਿਵਾ ਦਿੱਤੀ।[1]

ਸੰਨ 1821 ਵਿਚ ਸ਼ਾਹ ਬਲਾਵਲ ਦੇ ਮਕਬਰੇ ਦੀ ਇਮਾਰਤ ਨੂੰ ਦਰਿਆ ਰਾਵੀ ਦੀ ਢਾਹ ਲਗੀ ਜਿਸ ਨਾਲ ਇਸ ਦੇ ਰੁੜ੍ਹ ਜਾਣ ਦਾ ਖ਼ਤਰਾ ਸੀ, ਜਿਸ ਨੂੰ ਬਚਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਭਾਰੀ ਖਰਚ ਨਾਲ ਦਰਿਆ ਵਿਚ ਬੰਨ੍ਹ ਪਵਾਇਆ। ਜਦ ਇਸ ਨਾਲ ਕਾਮਯਾਬੀ ਨਾ ਹੋਈ ਤਾਂ ਫ਼ਕੀਰ ਸ਼ਾਹ ਬਲਾਵਲ ਦਾ ਤਾਬੂਤ ਉੱਥੋਂ ਉਠਵਾਕੇ ਜਿੱਥੇ ਹੁਣ ਹੈ ਦਫ਼ਨ ਕਰਵਾ ਦਿੱਤਾ ਤੇ ਇਮਾਰਤ ਆਦਿ ਦਾ ਸਾਰਾ ਖਰਚ ਮਹਾਰਾਜਾ ਨੇ ਆਪਣੇ ਪਾਸੋਂ ਦਿੱਤਾ, ਤਾ ਜੋ ਇਕ ਤਾਰੀਖੀ ਯਾਦਗਾਰ ਦਰਿਆ ਵਿਚ ਰੁੜ੍ਹ ਕੇ ਸਦਾ ਲਈ ਮਿਟ ਨਾ ਜਾਵੇ।[2] 'ਮੌਜੇ ਦਰਿਆ' ਤੇ ਹਜ਼ਰਤ ਦਾਤਾ ਗੰਜ ਦੀਆਂ ਇਮਾਰਤਾਂ ਨੂੰ ਆਪਣੀ ਮੁਸਲਮਾਨ ਪਰਜਾ ਦੀਆਂ ਤਵਾਰੀਖੀ ਇਮਾਰਤਾਂ ਜਾਣ ਕੇ ਇਨ੍ਹਾਂ ਦੀ ਕਈ ਵਾਰੀ ਮੁਰੰਮਤ ਕਰਵਾਈ।[3] ਇਸੇ ਤਰ੍ਹਾਂ ਜਦ ਸੰਨ 1818 ਵਿਚ ਮੁਲਤਾਨ ਫ਼ਤਹਿ ਕਰਕੇ ਖ਼ਾਲਸਾ ਰਾਜ ਨਾਲ ਰਲਾ ਲਿਆ ਤਾਂ ਸੱਯਦ ਬਾਵਲਹਕ ਦੀ ਇਤਿਹਾਸਕ ਖ਼ਾਨਗਾਹ ਦੇ ਮਖਦੂਮਾਂ ਨੂੰ ਮਹਾਰਾਜਾ ਨੇ 3500 (ਪੈਂਤੀ ਸੌ) ਰੁਪਏ ਗੁਜ਼ਾਰੇ ਲਈ ਦੇਣੇ ਪ੍ਰਦਾਨ ਕੀਤੇ।[4]

## ਖ਼ਾਲਸਾ ਰਾਜ ਵਿਚ ਮੁਸਲਮਾਨ ਪਰਜਾ

ਖ਼ਾਲਸਾ ਰਾਜ ਸਰਬਤ ਪਰਜਾ ਨਾਲ ਨਿਰਪੱਖ ਵਰਤਾਉ ਦੀ ਦ੍ਰਿਸ਼ਟੀ ਤੋਂ ਵਿਸ਼ੇਸ਼ ਪ੍ਰਸਿੱਧਤਾ ਰਖਦਾ ਹੈ। ਖ਼ਾਸ ਕਰਕੇ ਮੁਸਲਮਾਨਾ 'ਤੇ ਭਰੋਸਾ ਰੱਖਣਾ। ਉਨ੍ਹਾਂ ਦੇ ਮਜ਼੍ਹਬੀ ਜਜ਼ਬਾਤ ਨੂੰ ਸੁਰੱਖਿਅਤ ਰੱਖਣ ਵਿਚ ਆਜ਼ਾਦੀ ਦੇ ਉੱਨੇ ਹੱਕ ਹਾਸਿਲ ਸਨ ਜਿੰਨੇ ਹੋਰ ਮਜ਼੍ਹਬਾਂ ਨੂੰ ਪ੍ਰਾਪਤ ਸਨ। ਮੁਸਲਮਾਨ ਪਰਜਾ ਵਿਚੋਂ ਅਤਿ ਜ਼ੁਮੇਵਾਰੀ ਦੇ ਅਹੁਦੇ ਜਿਨ੍ਹਾਂ ਨੂੰ ਸੌਂਪੇ ਹੋਏ ਸਨ ਉਨ੍ਹਾਂ ਵਿਚੋਂ ਅਸੀਂ ਕੁਝ ਕੁ ਦੇ ਨਾਂ ਇੱਥੇ ਦਿੰਦੇ ਹਾਂ :

1. ਫ਼ਕੀਰ ਅਜ਼ੀਜ਼ਉੱਦੀਨ ਫਾਰਨ ਮਨਿਸਟਰ ਦੇ ਅਹੁਦੇ ਉੱਤੇ ਸੀ। ਇਹ ਅਹੁਦਾ ਬੜੇ ਭਰੋਸੇ ਦਾ ਅਹੁਦਾ ਹੈ। ਗੁਆਂਢੀ ਹਕੂਮਤਾਂ ਬਾਰੇ ਨੀਤੀ ਦਾ ਚਲਾਉਣਾ ਇਸੇ ਵਜ਼ੀਰ ਦੇ ਹੱਥ ਹੁੰਦਾ ਸੀ। ਇਹ ਕਈ ਵੇਰਾਂ ਕਈ ਰਾਜਸੀ ਗੁੰਝਲਾਂ ਨੂੰ ਸੁਲਝਾਉਣ ਲਈ ਅੰਗਰੇਜ਼ ਗਵਰਨਰ ਜੈਨਰਲ ਆਦਿ ਵਰਗੇ ਵੱਡੇ-ਵੱਡੇ ਕਰਮਚਾਰੀਆਂ ਨੂੰ ਮਿਲਿਆ। ਇਹ ਪਹਿਲੀ ਵੇਰ ਜੂਨ 1831 ਨੂੰ ਕੁਝ ਅਤਿ

---

1. ਮੁਹੰਮਦ ਲਤੀਫ਼, *ਹਿਸਟਰੀ ਆਫ਼ ਲਾਹੌਰ*, ਸਫ਼ਾ 222
2. ਘਨੱਯਾ ਲਾਲ, *ਤਾਰੀਖੇ ਲਾਹੌਰ*, ਸਫ਼ਾ 238
3. ਮੁਹੰਮਦ ਲਤੀਫ਼, *ਹਿਸਟਰੀ ਆਫ਼ ਲਾਹੌਰ*, ਸਫ਼ਾ 222
4. ਲੈਪਲ ਗ੍ਰਿਫ਼ਨ, ਪੰਜਾਬ ਚੀਫ਼ਸ, ਜਿਲਦ 2, ਸਫ਼ਾ 86

WWW.SIKHBOOKCLUB.COM 

ਜ਼ਰੂਰੀ ਮਾਮਲਿਆਂ ਦੇ ਨਿਪਟਾਉਣ ਲਈ ਲਾਰਡ ਬੈਂਟਿੰਗ ਨੂੰ ਸ਼ਿਮਲੇ ਮਿਲਿਆ।[1] ਇਹ ਉਹੀ ਸਮਾਂ ਸੀ ਜਦ ਇਕ ਦਰਬਾਰ ਵਿਚ ਲਾਰਡ ਬੈਂਟਿੰਗ ਨੇ ਫ਼ਕੀਰ ਜੀ ਤੋਂ ਇਹ ਪੁੱਛਿਆ ਸੀ ਕਿ ਸੁਣਦੇ ਹਾਂ ਕਿ ਸ਼ੇਰੇ-ਪੰਜਾਬ ਦੀ ਇਕ ਅੱਖ ਦੀ ਨਿਗਾਹ ਘੱਟ ਹੈ, ਉਹ ਅੱਖ ਸੱਜੀ ਹੈ ਕਿ ਖੱਬੀ। ਇਸ ਅਯੋਗ ਪੁੱਛ ਦਾ ਉੱਤਰ ਸਿਆਣੇ ਫ਼ਕੀਰ ਨੇ ਇੰਨੀ ਯੋਗਤਾ ਨਾਲ ਦਿੱਤਾ ਸੀ ਜਿਸ ਨੂੰ ਸੁਣ ਕੇ ਵੱਡੇ-ਵੱਡੇ ਅੰਗਰੇਜ਼ ਕਰਮਚਾਰੀ ਹੱਕਾ ਬੱਕਾ ਰਹਿ ਗਏ ਸਨ। ਇਸ ਤੋਂ ਫ਼ਕੀਰ ਜੀ ਦੇ ਮਨ ਵਿਚ ਖ਼ਾਲਸਾ ਰਾਜ ਦੇ ਮਹਾਰਾਜਾ ਲਈ ਸ਼ਰਧਾ ਅਤੇ ਸਤਿਕਾਰ ਚੋ-ਚੋ ਪੈਂਦਾ ਸੀ। ਆਪ ਨੇ ਆਖਿਆ ਸੀ ਕਿ ਮੇਰੇ ਮਹਾਰਾਜਾ ਸਾਹਿਬ ਦਾ ਚਿਹਰਾ ਇਤਨਾ ਤੇਜ਼ਮਈ ਹੈ ਜਿਸ ਦੇ ਪ੍ਰਕਾਸ਼ ਦੇ ਸਾਹਮਣੇ ਮੈਂ ਅੱਖਾਂ ਚੁੱਕ ਕੇ ਵੇਖਣ ਦਾ ਹੀਆ ਕਦੇ ਨਹੀਂ ਕਰ ਸਕਿਆ ਜਿਸ ਦੇ ਕਾਰਨ ਮੈਂ ਇਸ ਗੱਲ ਦੇ ਦੱਸਣ ਤੋਂ ਅਸਮਰਥ ਹਾਂ। ਕਿਹਾ ਜਾਂਦਾ ਹੈ ਕਿ ਫ਼ਕੀਰ ਜੀ ਦੇ ਮਹਾਰਾਜਾ ਲਈ ਇਹ ਸਤਿਕਾਰ ਭਰੇ ਖ਼ਿਆਲ ਸੁਣ ਕੇ ਸਾਰੇ ਅਫ਼ਸਰ ਹੈਰਾਨ ਰਹਿ ਗਏ ਸਨ।

2. ਫ਼ਕੀਰ ਜੀ ਦਾ ਨਿੱਕਾ ਭਾਈ ਇਮਾਮਉੱਦੀਨ ਵੱਡੇ ਭਾਈ ਤੋਂ ਵੀ ਵੱਧ ਜ਼ਿੰਮੇਵਾਰੀ ਦੇ ਕੰਮ ਉੱਤੇ ਸੀ। ਇਸ ਨੂੰ ਕਿਲਾ ਗੋਬਿੰਦਗੜ੍ਹ ਦੀ ਰੱਖਿਆ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਕਿਲਾ ਗੋਬਿੰਦਗੜ੍ਹ ਵਿਚ ਖ਼ਾਲਸਾ ਰਾਜ ਦਾ ਸਾਰਾ ਖਜ਼ਾਨਾ ਹੁੰਦਾ ਸੀ ਜਿਸ ਦੀ ਗਿਣਤੀ ਕਈ ਕਰੋੜ ਰੁਪਏ ਸੀ। ਇਸ ਤੋਂ ਛੁਟ ਗੋਲਾ ਬਾਰੂਦ, ਗੋਲੀਆਂ, ਬੰਦੂਕਾਂ ਅਤੇ ਤੋਪਾਂ ਇਸ ਕਿਲੇ ਵਿਚ ਰਖੀਆਂ ਜਾਂਦੀਆਂ ਸਨ। ਇਹ ਕੰਮ ਬੜੇ ਭਰੋਸੇ ਦਾ ਸੀ।

3. ਫ਼ਕੀਰ ਜੀ ਦਾ ਤੀਜਾ ਭਾਈ ਨੂਰਉੱਦੀਨ ਖ਼ਾਲਸਾ ਰਾਜ ਦੀ ਪਰਜਾ ਦੀ ਅਰੋਗਤਾ ਦੇ ਵਿਭਾਗ ਦਾ ਵੱਡਾ ਜ਼ਿੰਮੇਵਾਰ ਅਧਿਕਾਰੀ ਸੀ। ਇਸ ਦੇ ਤਹਿਤ ਕਈ ਹਕੀਮ, ਵੈਦ ਤੇ ਡਾਕਟਰ ਕੰਮ ਕਰਦੇ ਸਨ। ਡਾਕਟਰ ਹੋਨਿੰਗਬਰਗਰ[2] ਜਿਸ ਦੇ ਨਾਲ ਡਾਕਟਰ ਬੈਂਟਾ[3] ਸੀ ਅਤੇ ਜੋ ਬੜੀ ਯੋਗਤਾ ਦਾ ਮਾਲਕ ਸੀ, ਇਸ ਵਿਭਾਗ ਵਿਚ ਕੰਮ ਕਰਦਾ ਸੀ। ਇਨ੍ਹਾਂ ਤੋਂ ਛੁਟ ਇਕ ਅਮਰੀਕਨ ਡਾਕਟਰ ਸੀ ਜਿਹੜਾ ਰੋਗਾਂ ਦੀ ਪਛਾਣ ਦਾ ਵੱਡਾ ਮਾਹਿਰ ਮੰਨਿਆ ਜਾਂਦਾ ਸੀ। ਇਸ ਨੂੰ ਰਸਾਇਣੀ ਢੰਗ ਵੀ ਆਉਂਦੇ ਸਨ। ਇਸ ਦਾ ਦਾਅਵਾ ਸੀ ਕਿ ਉਹ ਆਪਣੇ ਹੁਨਰ ਨਾਲ ਕੁਝ ਰਸਾਇਣੀ ਚੀਜ਼ਾਂ

---

1. ਲੈਪਲ ਗ੍ਰਿਫ਼ਨ, *ਪੰਜਾਬ ਚੀਫ਼ਸ, ਤਜ਼ਕਰਾ ਰਈਸਾਨੇ ਪੰਜਾਬ*, ਸਫ਼ਾ 485
2. ਇਹ ਕੌਮ ਦਾ ਜਰਮਨ ਸੀ। ਇਸ ਦੀ ਤਨਖ਼ਾਹ 3000/- ਰੁਪਏ ਮਾਹਵਾਰ ਸੀ। ਇਹ ਪੰਜਾਬ ਦੀ ਜੜੀਆਂ ਬੂਟੀਆਂ ਦੀ ਪਛਾਣ ਅਤੇ ਇਨ੍ਹਾਂ ਤੋਂ ਆਉਸ਼ਧੀਆਂ ਤਿਆਰ ਕਰਵਾਉਣ ਦੇ ਕਾਰਖਾਨੇ ਦਾ ਜ਼ਿੰਮੇਵਾਰ ਸੀ। ਇਸ ਨੇ ਜੜੀ ਬੂਟੀਆਂ ਦੀ ਖ਼ੋਜ ਉੱਤੇ ਇਕ ਬੜੀ ਗੁਣਕਾਰ ਪੁਸਤਕ ਲਿਖੀ ਸੀ। ਇਸ ਵਿਚ ਇਸ ਨੇ ਜੜੀਆਂ-ਬੂਟੀਆਂ ਦੇ ਦੇਸੀ ਨਾਂ ਅਤੇ ਪੱਤੀਆਂ ਫੁਲਾਂ ਦੇ ਨਮੂਨੇ ਵੀ ਦਿੱਤੇ ਸਨ।
3. ਡਾਕਟਰ ਬੈਂਟ ਨਸਲ ਦਾ ਪਰਦੇਸੀ ਸੀ। ਇਹ 1000/- ਰੁਪਏ ਮਹੀਨਾ ਪਰ ਨੌਕਰ ਹੋਇਆ ਸੀ।

WWW.SIKHBOOKCLUB.COM 

ਮਿਲਾ ਕੇ 'ਚਾਂਦੀ', ਕੈਹਾਂ (ਕਲੀ) ਆਦਿ ਤਿਆਰ ਕਰ ਸਕਦਾ ਹੈ।

ਇਹ ਸਾਰਾ ਵਿਭਾਗ ਹਕੀਮ ਨੂਰਉੱਦੀਨ ਦੀ ਦੇਖ-ਰੇਖ ਵਿਚ ਕੰਮ ਕਰਦਾ ਸੀ ਅਤੇ ਖ਼ਾਲਸਾ ਰਾਜ ਦੇ ਸ਼ਹਿਰਾਂ, ਪਿੰਡਾਂ ਤੇ ਇਲਾਕਿਆਂ ਵਿਚ ਦੌਰੇ ਕਰਦਾ ਰਹਿੰਦਾ ਸੀ ਜਿਨ੍ਹਾਂ ਨੂੰ ਹਕੂਮਤ ਵੱਲੋਂ ਸਭ ਲੋੜੀਂਦੀਆਂ ਸਹੂਲਤਾਂ ਪਹੁੰਚਾਈਆਂ ਜਾਂਦੀਆਂ ਸਨ।

4. ਫ਼ਕੀਰਾਂ ਦੇ ਘਰਾਣੇ ਤੋਂ ਛੁਟ ਹੋਰ ਬਹੁਤ ਸਾਰੇ ਮੁਸਲਮਾਨ ਖ਼ਾਲਸਾ ਰਾਜ ਵਿਚ ਵੱਡੀਆਂ ਜ਼ਿੰਮੇਵਾਰੀਆਂ ਦੇ ਅਹੁਦਿਆਂ ਪਰ ਸਨ, ਜਿਹਾ ਕਿ ਕਾਜ਼ੀ ਨਿਜ਼ਾਮਉੱਦੀਨ ਮੁਸਲਮਾਨਾਂ ਦੇ ਝਗੜੇ ਤੇ ਤਨਾਜ਼ਿਆਂ ਨੂੰ ਸੁਲਝਾਉਣ ਦੇ ਵੱਡੇ ਉੱਚ ਅਹੁਦੇ ਪਰ ਸੀ। ਇਹ ਸੰਨ 1801 ਤੋਂ ਲੈ ਕੇ ਜੀਵਨ ਦੇ ਅੰਤ ਤਕ ਇਕ ਜੱਜ ਦੀ ਹੈਸੀਅਤ ਵਿਚ ਜ਼ਿੰਮੇਵਾਰੀ ਨਿਭਾਉਂਦਾ ਰਿਹਾ।

5. ਮੀਆਂ ਇਮਾਮ ਬਖ਼ਸ਼, ਪੋਲੀਸ ਦੇ ਮੁੱਖ ਅਹੁਦੇ ਪਰ ਸੀ ਅਤੇ ਸਾਰੇ ਖ਼ਾਲਸਾ ਰਾਜ ਦਾ ਪੋਲੀਸ ਵਿਭਾਗ ਇਸ ਦੇ ਅਧੀਨ ਸੀ।

6. ਮੁਫ਼ਤੀ ਮੁਹੰਮਦ ਸ਼ਾਹ, ਲਾਹੌਰ ਦੇ ਪ੍ਰਸਿੱਧ ਮੁਫ਼ਤੀਆਂ ਦੇ ਘਰਾਣੇ ਵਿਚੋਂ ਸੀ ਜੋ ਇਸਲਾਮੀ ਕਾਨੂੰਨ ਦਾ ਮੁੱਖ ਅਧਿਕਾਰੀ ਸੀ। ਉਸ ਦੀ ਰਾਏ ਪ੍ਰਾਪਤ ਕਰਕੇ ਰਹਿਣ, ਬੈ ਅਤੇ ਸਭ ਤਰ੍ਹਾਂ ਦੀਆਂ ਦਸਤਾਵੇਜ਼ਾਂ ਪਰ ਪਹਿਲਾਂ ਮੋਹਰ ਲਗਦੀ ਸੀ, ਤਦ ਇਹ ਲਿਖਤਾਂ ਜਾਇਜ਼ ਸਮਝੀਆਂ ਜਾਂਦੀਆਂ ਸਨ।

7. ਸਭ ਤੋਂ ਵੱਧ ਚਕਿੱਤਰ ਕਰ ਦੇਣ ਵਾਲਾ ਭਰੋਸੇ ਯੋਗ ਅਹੁਦਾ ਖ਼ਾਲਸਾ ਰਾਜ ਸਮੇਂ ਇਕ ਮੁਸਲਮਾਨ ਨੂੰ ਮਿਲਿਆ ਹੋਇਆ ਸੀ। ਇਹ ਸੀ ਤੋਪਖਾਨੇ ਦੇ ਜਰਨੈਲ ਦਾ ਅਹੁਦਾ ਜੋ ਮੀਆਂ ਇਲਾਹੀ ਬਖ਼ਸ਼ ਨੂੰ ਮਿਲਿਆ ਹੋਇਆ ਸੀ। ਤੋਪਾਂ ਦੀ ਜ਼ਿੰਮੇਵਾਰੀ ਕਿਸੇ ਗ਼ੈਰ ਸਿੱਖ ਕਰਮਚਾਰੀ ਦੇ ਹੱਥ ਸੌਂਪਣ ਦੀ ਨਜ਼ੀਰ ਕੇਵਲ ਖ਼ਾਲਸਾ ਰਾਜ ਵਿਚ ਮਿਲਦੀ ਹੈ, ਹੋਰ ਕਿਤੇ ਨਹੀਂ ਦਿਸਦੀ।

8. ਇੱਥੇ ਹੀ ਬਸ ਨਹੀਂ, ਮੀਆਂ ਗੌਸੇ ਖ਼ਾਨ ਵੀ ਤੋਪਖਾਨੇ ਦਾ ਕਮਾਂਡਰ ਸੀ। ਇਹ ਜਦ 1814 ਵਿਚ ਮਰ ਗਿਆ ਤਾਂ ਉਸ ਦਾ ਪੁੱਤਰ ਸੁਲਤਾਨ ਮੁਹੰਮਦ ਖ਼ਾਨ ਤੋਪਖਾਨੇ ਤੇ ਗੋਲਾ ਬਾਰੂਦ ਦੇ ਜ਼ਖ਼ੀਰਿਆਂ ਦਾ ਜ਼ਿੰਮੇਵਾਰ ਸਥਾਪਤ ਕੀਤਾ ਗਿਆ।

9. ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਖ਼ਾਲਸਾ ਰਾਜ ਦੇ ਬਹੁਤ ਬੜੇ ਦਰਬਾਰੀਆਂ ਤੇ ਜਗੀਰਦਾਰਾਂ ਵਿਚੋਂ ਸੀ। ਇਸ ਨੂੰ ਖ਼ਾਲਸਾ ਰਾਜ ਵੱਲੋਂ 3,00,000 ਤਿੰਨ ਲੱਖ ਰੁਪਏ ਸਾਲਾਨਾ ਦੀ ਆਮਦਨੀ ਦੀ ਜਾਗੀਰ ਦਾ ਮਾਣ ਪ੍ਰਾਪਤ ਸੀ। ਕੋਹਾਟ ਦਾ ਪ੍ਰਸਿੱਧ ਉਪਜਾਊ ਇਲਾਕਾ, ਲਗਭਗ ਸਾਰਾ ਪਰਗਣਾ, ਉਸ ਦੀ ਜਾਗੀਰ ਵਿਚ ਸੀ।

10. ਪੀਰ ਮੁਹੰਮਦ ਖ਼ਾਨ ਬਾਰਕਜ਼ਈ ਵੀ ਖ਼ਾਲਸਾ ਰਾਜ ਦੇ ਵੱਡੇ ਦਰਬਾਰੀਆਂ ਤੇ

ਰਈਸਾਂ ਵਿਚੋਂ ਸੀ। ਇਸ ਨੂੰ ਮਹਾਰਾਜੇ ਨੇ ਹਸ਼ਤਨਗਰਾਂ ਦਾ ਹਰਾ ਭਰਾ ਤੇ ਲੰਮਾ ਚੌੜਾ ਇਲਾਕਾ ਜਿਸ ਦੀ ਧਰਤੀ ਨੂੰ ਦਰਿਆ ਸੁਆਤ ਦੀਆਂ ਨਹਿਰਾਂ ਤੋਂ ਪਾਣੀ ਮਿਲਦਾ ਸੀ, ਜਾਗੀਰ ਵੱਜੋਂ ਦਿੱਤਾ ਹੋਇਆ ਸੀ ਜਿਸ ਤੋਂ ਉਸ ਨੂੰ ਇਕ ਲੱਖ ਰੁਪਇਆ ਸਾਲਾਨਾ ਆਮਦਨੀ ਹੁੰਦੀ ਸੀ।

11. ਸ਼ੇਖ ਗੁਲਾਮ ਮਹੀਉੱਦੀਨ ਹੁਸ਼ਿਆਰਪੁਰ ਦਾ ਵਸਨੀਕ ਤੇ ਇਮਾਮਉੱਦੀਨ ਦਾ ਪੁੱਤਰ ਸੀ ਜਿਹੜਾ ਪਹਿਲਾਂ ਜਲੰਧਰ ਦਾ ਨਾਜ਼ਮ ਰਿਹਾ ਤੇ ਫੇਰ ਕਸ਼ਮੀਰ ਦੀ ਭਾਰੀ ਜ਼ਿੰਮੇਵਾਰੀ ਦੇ ਅਹੁਦੇ ਪਰ ਚੋਖਾ ਸਮਾਂ ਰਿਹਾ। ਇਸ ਨੂੰ 20,000 ਰੁਪਏ ਸਾਲਾਨਾ ਜਾਗੀਰ ਤੇ ਤਲਬ ਮਿਲਦੀ ਸੀ।

12. ਇਮਾਮਉੱਦੀਨ ਦੇ ਪਿਤਾ ਨੂੰ ਵੀ ਬੜੀ ਉੱਚੀ ਪਦਵੀ ਪ੍ਰਾਪਤ ਸੀ। ਪਹਿਲਾ ਇਹ ਜਲੰਧਰ ਦਾ ਨਾਜ਼ਮ ਸੀ, ਫਿਰ ਇਹ ਵੱਡੀ ਜ਼ਿੰਮੇਵਾਰੀ ਦੇ ਅਹੁਦੇ ਪਰ ਰਿਹਾ।

13. ਮਮਦੋਟ ਦੇ ਖ਼ਾਨ ਨੂੰ ਇਕ ਲੱਖ ਦੀ ਜਾਗੀਰ ਬਖ਼ਸ਼ੀ ਹੋਈ ਸੀ। ਉਹ ਖ਼ਾਲਸਾ ਰਾਜ ਵਿਚ ਇਤਨਾ ਖ਼ੁਸ਼ ਸੀ ਕਿ ਖ਼ਾਲਸਾ ਰਾਜ ਨੂੰ ਆਪਣਾ ਰਾਜ ਸਮਝ ਕੇ ਸੰਨ 1813 ਦੀ ਹਜ਼ਰੋ ਦੀ ਲੜਾਈ ਵਿਚ ਜੋ ਕਿ ਮੁਸਲਮਾਨਾਂ ਦੇ ਵਿਰੁੱਧ ਅਫ਼ਗਾਨਾਂ ਨੂੰ ਸਦਾ ਲਈ ਪੰਜਾਬ ਵਿਚੋਂ ਕੱਢਣ ਲਈ ਲੜੀ ਗਈ, ਖ਼ਾਲਸੇ ਵੱਲੋਂ ਆਪਣੇ ਮੁਸਲਮਾਨ ਭਾਈਆਂ ਨਾਲ ਲੜਦਾ ਹੋਇਆ ਮਾਰਿਆ ਗਿਆ।

14. ਅਰਬਾਬ ਨਵਾਬ ਮੁਹੰਮਦ ਖ਼ਾਨ ਰਈਸ ਆਜ਼ਮ ਤਹਿਕਾਲ (ਪਿਸ਼ਾਵਰ) ਨੂੰ ਖ਼ਾਲਸਾ ਰਾਜ ਵਿਚ ਇਤਨਾ ਸਨਮਾਨ ਵਾਲਾ ਦਰਜਾ ਪ੍ਰਾਪਤ ਸੀ ਕਿ ਇਸ ਨੂੰ ਨਵਾਬੀ ਦਾ ਖਿਤਾਬ ਅਤੇ 60,000 ਰੁਪਏ ਦੀ ਜਾਗੀਰ ਮਿਲੀ ਹੋਈ ਸੀ। ਸੰਨ 1837 ਦੀ ਜਗਤ ਪ੍ਰਸਿੱਧ ਲੜਾਈ ਵਿਚ ਜੋ ਜਮਰੌਦ ਦੇ ਮਕਾਮ ਪਰ ਖ਼ਾਲਸਾ ਤੇ ਅਫ਼ਗਾਨਾਂ ਵਿਚ ਲੜੀ ਗਈ ਸੀ, ਇਸ ਵਿਚ ਇਹ ਅਰਬਾਬ ਸਿੱਖਾਂ ਵੱਲੋਂ ਅਫ਼ਗਾਨਾਂ ਦੇ ਵਿਰੁੱਧ ਪਿਸ਼ਾਵਰ ਨੂੰ ਬਚਾਉਂਦੇ ਹੋਏ, ਖ਼ਾਲਸਾ ਰਾਜ ਵਿਚ ਪੂਰੀ ਤਰ੍ਹਾਂ ਰਹਿਣ ਦੇ ਜਤਨ ਵਿਚ ਲੜਦਾ ਹੋਇਆ, ਅਤੇ ਸਰਦਾਰ ਹਰੀ ਸਿੰਘ ਨਲੂਏ ਦੇ ਮੋਢੇ ਨਾਲ ਮੋਢਾ ਜੋੜ ਕੇ ਰਨ-ਤੱਤੇ ਵਿਚ ਖ਼ਾਲਸਾ ਰਾਜ ਪਰ ਆਪਾ ਵਾਰ ਗਿਆ ਸੀ।[2]

15. ਬਹਾਦਰ ਯੂਸਫਜ਼ਈ ਖ਼ਾਨ ਮੁਹੰਮਦ ਇਸਮਾਈਲ ਖ਼ਾਨ ਤੂਰਲਾਂਦੀ ਦੇ ਮੈਦਾਨੇ-ਜੰਗ ਵਿਚ ਆਪਣੇ ਯੂਸਫਜ਼ਈ ਭਾਈਆਂ ਦੇ ਵਿਰੁੱਧ ਖ਼ਾਲਸੇ ਵੱਲੋਂ

---

1. ਇਸ ਦਾ ਪੁਰਾਤਨ ਨਾਂ ਅਸ਼ਟ ਨਗਰ, ਅਠ ਗਿਰਾਂ, ਸੀ, ਜੋ ਬੋਲ ਚਾਲ ਵਿਚ ਥੋੜ੍ਹੀ ਬਦਲੀ ਆ ਜਾਣ ਦੇ ਕਾਰਨ ਹਸ਼ਤਨਗਰ ਹੋ ਗਿਆ। ਹੇਠ ਲਿਖੇ ਅੱਠ ਗਿਰਾਂ ਨੂੰ ਹਸ਼ਤ ਨਗਰ ਕਹਿੰਦੇ ਹਨ : 1. ਪੜਾਂਗ 2. ਚਾਰਸਦਾ 3. ਰਜੜ 4. ਉਤਮਾਨਜ਼ਈ 5. ਤੁਰੰਗਜ਼ਈ 6. ਉਮਰਜ਼ਈ 7. ਤਰਨਾਬੇ 8. ਸ਼ੇਰਗ਼ਾਉ।
2. ਕਰਨਲ ਮੈਸੀ, *ਚੀਫਸ ਐਂਡ ਫੈਮਲੀਜ਼ ਆਫ ਨੋਟ*, ਸਫਾ 465

WWW.SIKHBOOKCLUB.COM 

ਲੜਦਾ ਹੋਇਆ ਖ਼ਾਲਸਾ ਰਾਜ ਦੀ ਪੱਕਿਆਈ ਦੇ ਯਤਨ ਵਿਚ ਆਪਣੀ ਜਾਨ ਕੁਰਬਾਨ ਕਰ ਗਿਆ।[1]

16. ਨਵਾਬਜ਼ਾਦਾ ਸਰਫ਼ਰਾਜ਼ਖ਼ਾਨ ਨਵਾਬ ਮੁਜ਼ੱਫਰ ਖ਼ਾਨ ਵਾਲੀਏ ਮੁਲਤਾਨ ਦਾ ਸਪੁੱਤਰ ਸੀ। ਇਹ ਸੰਨ 1818 ਦੀ ਖ਼ਾਲਸੇ ਦੀ ਪ੍ਰਸਿੱਧ ਇਤਿਹਾਸਕ ਫ਼ਤਹਿ ਸਮੇਂ ਫਟੜ ਦਸ਼ਾ ਵਿਚ ਖ਼ਾਲਸੇ ਦੇ ਹੱਥ ਜੰਗੀ ਕੈਦੀ ਦੀ ਹੈਸੀਅਤ ਵਿਚ ਲਾਹੌਰ ਪਹੁੰਚਾਇਆ ਗਿਆ। ਖ਼ਾਲਸੇ ਵੱਲੋਂ ਉਸ ਨਾਲ ਇੰਨਾ ਨਿਰਪੱਖਤਾ ਦਾ ਵਰਤਾਉ ਖੁਲ੍ਹਦਿਲੀ ਨਾਲ ਹੋਇਆ ਕਿ ਥੋੜ੍ਹੇ ਸਮੇਂ ਵਿਚ ਹੀ ਉਸ ਨੂੰ ਆਪਣੇ ਪਿਤਾ ਅਤੇ ਭਰਾਵਾਂ ਦਾ ਖ਼ਾਲਸੇ ਦੇ ਹੱਥੋਂ ਕਤਲ ਹੋਣ ਦਾ ਦੁਖ ਮੂਲੋਂ ਭੁਲ ਗਿਆ। ਮਹਾਰਾਜਾ ਨੇ ਸਰਫ਼ਰਾਜ਼ ਖ਼ਾਨ ਨੂੰ ਸ਼ਰਕਪੁਰ ਵਿਚ ਇਕ ਝੜੀ ਜਾਗੀਰ ਤੋਂ ਛੁਟ 14720 ਰੁਪਏ ਰੋਕ ਪੈਨਸ਼ਨ ਲਾ ਦਿੱਤੀ ਅਤੇ ਉਹ ਕਈ ਸੰਗਰਾਮਾਂ ਵਿਚ ਆਪਣੇ ਇਸਲਾਮੀ ਭਾਈਆਂ ਦੇ ਵਿਰੁੱਧ ਖ਼ਾਲਸੇ ਵੱਲੋਂ ਲੜਦਾ ਰਿਹਾ। ਛੇਕੜ ਸੰਨ 1851 ਵਿਚ ਚੜ੍ਹਾਈ ਕਰ ਗਿਆ।

17. ਮਿਰਜ਼ਾ ਬੈਗਨ ਬੇਗ ਸ਼ੀਆ ਮੁਸਲਮਾਨ ਸੀ ਜਦ ਕਿ ਪੰਜਾਬ ਦੇ ਮੁਸਲਮਾਨ ਵਧੇਰੀ ਗਿਣਤੀ ਵਿਚ ਸੁਨੀ ਸਨ। ਇਨ੍ਹਾਂ ਸ਼ੀਆਂ ਦਾ ਤਾਜ਼ੀਆ ਕੱਢਣਾ ਇਮਾਮ ਬਖ਼ਸ਼ ਦੀ ਰਾਹੀਂ ਬੰਦ ਕਰਵਾ ਦਿੱਤੀ ਸੀ। ਸੰਨ 1825 ਨੂੰ ਜਦ ਮਿਰਜ਼ਾ ਬੈਗਨ ਬੇਗ ਨੇ ਕੁਝ ਹੋਰਨਾਂ ਸ਼ੀਆਂ ਨਾਲ ਮਿਲ ਕੇ ਮਹਾਰਾਜਾ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਲਾਹੌਰ ਵਿਚ ਤਾਜ਼ੀਆਂ ਦੀ ਖੁਲ੍ਹ ਲਈ ਬੇਨਤੀ ਕੀਤੀ ਤਾਂ ਮਹਾਰਾਜਾ ਸਾਹਿਬ ਨੇ ਇਸ ਅਸੂਲ ਅਨੁਸਾਰ ਕਿ ਖ਼ਾਲਸਾ ਰਾਜ ਸਭ ਦਾ ਸਾਂਝਾ ਹੈ ਅਤੇ ਇਸ ਵਿਚ ਹਰ ਇਕ ਨੂੰ ਆਪੋ ਆਪਣੇ ਢੰਗ ਨਾਲ ਆਪਣੀਆਂ ਮਜ਼੍ਹਬੀ ਰਸਮਾਂ ਦੀ ਪੂਰੀ-ਪੂਰੀ ਖੁਲ੍ਹ ਹੈ, ਸੁਨੀ ਮੁਸਲਮਾਨਾਂ ਦੇ ਕੁਝ ਪਖੀਆਂ ਨੂੰ ਬੁਲਾ ਕੇ ਉਨ੍ਹਾਂ ਨੂੰ ਦੱਸਿਆ ਕਿ ਖ਼ਾਲਸਾ ਰਾਜ ਵਿਚ ਸਭ ਨੂੰ ਮਜ਼੍ਹਬੀ ਹੱਕਾਂ ਦੇ ਪੂਰੇ ਸ਼ਾਂਤਮਈ ਢੰਗ ਨਾਲ ਵਰਤੋਂ ਦੇ ਹੱਕ ਪ੍ਰਾਪਤ ਹਨ, ਇਸ ਲਈ ਤੁਸੀਂ ਆਪਣੇ ਸ਼ੀਆਂ ਮੁਸਲਮਾਨ ਭਾਈਆਂ ਨਾਲ ਮਿਲ ਕੇ ਤਾਜ਼ੀਆ ਕੱਢਣ ਵਿਚ ਮਿਲ ਵਰਤੋਂ ਕਰੋ। ਸੋ ਉਨ੍ਹਾਂ ਪ੍ਰਵਾਨ ਕਰ ਲਿਆ ਤੇ ਰਾਜਧਾਨੀ ਵਿਚ ਵੱਡੇ ਲੰਮੇ ਸਮੇਂ ਪਿੱਛੋਂ ਤਾਜ਼ੀਆ ਨਿਕਲਿਆ।

18. ਖ਼ਾਲਸਾ ਰਾਜ ਵਿਚ ਇਕ ਹੋਰ ਅਫ਼ਸਰ ਨੇ ਵੱਡੀ ਪ੍ਰਸਿੱਧਤਾ ਪ੍ਰਾਪਤ ਕੀਤੀ ਸੀ ਜਿਸ ਦਾ ਨਾਮ ਮੁਜ਼ਾਹਿਰ ਅਲੀ ਸੀ। ਇਸ ਦੀ ਤਹਿਤ ਵਿਚ 15 ਤੋਪਾਂ ਸਨ।

19. ਬਸਾਵਨ ਨਜੀਬਾਂ ਦੀ ਉਸ ਪਲਟਨ ਦਾ ਕਮਾਂਡਰ ਸੀ ਜਿਸ ਨੇ ਸੰਨ 1838 ਵਿਚ ਖ਼ਾਲਸਾ ਰਾਜ ਵੱਲੋਂ ਕਾਬਲ ਉੱਤੇ ਚੜ੍ਹਾਈ ਕੀਤੀ ਸੀ। ਉਸ ਨੇ

---

1. ਲੈਪਲ ਗ੍ਰਿਫ਼ਨ, *ਤਜ਼ਕਰਾ ਰਈਸਾਨੇ ਪੰਜਾਬ*, ਜਿਲਦ 1, ਸਫ਼ਾ 567

WWW.SIKHBOOKCLUB.COM 

ਅਫ਼ਗਾਨਾਂ ਵਿਰੁੱਧ ਸੰਗਰਾਮਾਂ ਵਿਚ ਬੜਾ ਨਾਮ ਪੈਦਾ ਕੀਤਾ ਸੀ। ਇਸ ਸੇਵਾ ਦੇ ਇਨਾਮ ਵੱਜੋਂ ਉਸ ਨੂੰ ਇਕ ਬਹੁਮੁੱਲੀ ਸ਼ਮਸ਼ੀਰ ਤੇ ਖਿਲਅਤ ਅੰਗਰੇਜ਼ੀ ਹਕੂਮਤ ਵੱਲੋਂ ਬਖ਼ਸ਼ੀ ਗਈ ਸੀ।

20. ਮੁਹੰਮਦ ਨਕੀਖ਼ਾਨ ਪਿਸ਼ਾਵਰ ਦਾ ਵਸਨੀਕ ਸੀ। ਇਹ ਲਾਹੌਰ ਖਜ਼ਾਨੇ ਵਿਚ ਚੰਗੀ ਜ਼ਿੰਮੇਵਾਰੀ ਦੇ ਅਹੁਦੇ ਉੱਤੇ ਸੀ। ਇਸ ਨੇ ਆਪਣੀ ਨੌਕਰੀ ਦੇ ਸਮੇਂ ਖ਼ਾਲਸਾ ਰਾਜ ਬਾਰੇ ਦੋ ਪੁਸਤਕਾਂ ਲਿਖੀਆਂ। ਇਕ ਦਾ ਨਾਮ 'ਸ਼ੇਰ ਸਿੰਘ ਨਾਮਾ' ਹੈ ਅਤੇ ਦੂਜੀ ਦਾ ਨਾਮ ਖ਼ਾਲਸਾ ਤਵਾਰੀਖ। ਇਨ੍ਹਾਂ ਦੋਹਾਂ ਪੁਸਤਕਾਂ ਵਿਚ ਖ਼ਾਲਸਾ ਰਾਜ ਦੇ ਜੋ ਹਾਲ ਮਿਲਦੇ ਹਨ ਉਹ ਕਿਤੇ ਹੋਰ ਥਾਂ ਮਿਲਣੇ ਅਸੰਭਵ ਹਨ। ਇਹ ਆਪਣੇ ਆਪ ਨੂੰ ਵੱਡਭਾਗਾ ਸਮਝਦਾ ਹੈ ਅਤੇ ਲਿਖਦਾ ਹੈ ਕਿ ਖ਼ਾਲਸਾ ਰਾਜ ਵਿਚ ਆ ਕੇ ਮੇਰੀਆਂ ਪੀੜ੍ਹੀਆਂ ਦੇ ਧੋਣ ਧੋਤੇ ਗਏ।

21. ਖੁਦਾ ਬਖ਼ਸ਼ ਖ਼ਾਨ ਚੱਠਾ ਨੇ ਖ਼ਾਲਸਾ ਰਾਜ ਦੇ ਵਾਧੇ ਲਈ ਸੰਨ 1813 ਨੂੰ ਹਜਰੋ ਦੇ ਮੈਦਾਨ ਵਿਚ ਆਪਣੇ ਇਸਲਾਮੀ ਭਾਈਆਂ ਦੇ ਵਿਰੁੱਧ ਖ਼ਾਲਸੇ ਵੱਲੋਂ ਲੜਦੇ ਹੋਏ ਕਈ ਡੂੰਘੇ ਫਟ ਖਾ ਕੇ ਛੇ ਅਫ਼ਗਾਨ ਸਰਦਾਰਾਂ ਦਾ ਸਿਰ ਕੱਟ ਕੇ ਲੈ ਆਂਦਾ ਤੇ ਮਹਾਰਾਜਾ ਤੋਂ ਵੱਡੀ ਇੱਜ਼ਤ ਪਾਈ (ਵੇਖੋ ਖ਼ਾਲਸਾ *ਰਾਜ ਦੇ ਉਸਰਈਏ*, ਭਾਗ ਦੋ, ਸਫ਼ੇ 67 ਤੋਂ 72 ਤੀਕ)।

22. ਮਿਰਜ਼ਾ ਗੁਲਾਮ ਮੁਰਤਜ਼ਾ ਕਾਦੀਆਂ (ਬਟਾਲੇ) ਦਾ ਵਸਨੀਕ ਸੀ। ਇਹ ਸੰਨ 1804 ਦੇ ਲਗਭਗ ਖ਼ਾਲਸਾ ਫ਼ੌਜ ਵਿਚ ਭਰਤੀ ਹੋਇਆ। ਇਹ ਬੜਾ ਸੁੰਦਰ ਤੇ ਬਹਾਦਰ ਜਵਾਨ ਸੀ। ਖ਼ਾਲਸਾ ਫ਼ੌਜ ਵਿਚ ਉੱਨਤੀ ਦਾ ਮੈਦਾਨ ਅਜਿਹੇ ਬਹਾਦਰਾਂ ਲਈ ਖੁਲ੍ਹਾ ਸੀ। ਇਸ ਨੇ ਕਈ ਜੰਗਾਂ ਵਿਚ ਆਪਣੀ ਨਿਰਭੈਤਾ ਦਾ ਸਬੂਤ ਦਿੱਤਾ ਤੇ ਕੁਮੇਦਾਨ (ਕਰਨੈਲ) ਦੇ ਅਹੁਦੇ ਉੱਤੇ ਪਹੁੰਚ ਗਿਆ। ਕੰਵਰ ਨੌਨਿਹਾਲ ਸਿੰਘ ਤੇ ਕੁਮੇਦਾਨ ਸ਼ੇਰ ਸਿੰਘ ਦੇ ਸਮੇਂ ਇਹ ਨਾਮੀ ਅਫ਼ਸਰਾਂ ਵਿਚ ਗਿਣਿਆ ਜਾਂਦਾ ਸੀ। ਸੰਨ 1841 ਦੀ ਮੰਡੀ ਦੇ ਸੰਗਰਾਮ ਵਿਚ ਇਸ ਨੇ ਚੋਖੀ ਪ੍ਰਸਿੱਧਤਾ ਪਾਈ। ਹਜ਼ਾਰੇ ਦੇ ਖਰੂਦੀਆਂ ਦੀ ਸੁਧਾਈ ਵਿਚ ਇਸ ਨੇ ਵੱਡੀ ਯੋਗਤਾ ਤੋਂ ਕੰਮ ਲਿਆ। ਛੇਕੜ 700 ਰੁਪਏ ਪੈਨਸ਼ਨ ਤੇ ਨਾਲ ਕੁਝ ਪਿੰਡ ਜਾਗੀਰ ਵੱਜੋਂ ਮਿਲੇ। ਇਸ ਘਰਾਣੇ ਦੇ ਹੋਰ ਵੀ ਕਈ ਜਵਾਨ ਖ਼ਾਲਸਾ ਫ਼ੌਜ ਵਿਚ ਚੰਗੇ ਅਹੁਦਿਆਂ ਪਰ ਸਨ।

23. ਕਪਤਾਨ ਵੇਡ ਇਕ ਹੋਰ ਮੁਸਲਮਾਨ ਅਫ਼ਸਰ ਦਾ ਜ਼ਿਕਰ ਆਪਣੀ ਰਿਪੋਰਟ ਵਿਚ ਕਰਦਾ ਹੈ। ਇਸ ਦਾ ਨਾਂ ਰੋਸ਼ਨ ਬੇਗ ਲਿਖਿਆ ਹੈ। ਓਹ ਲਿਖਦਾ ਹੈ ਕਿ ਪਹਿਲਾਂ ਰੋਸ਼ਨ ਬੇਗ ਹਲਕਰ ਦੀ ਸੈਨਾ ਵਿਚ ਨੌਕਰ ਸੀ। ਮਿਹਦੀਪੁਰ ਦੀ ਲੜਾਈ ਵਿਚ ਜਦ ਹੁਲਕਰ ਨੂੰ ਹਾਰ ਹੋਈ ਤਾਂ ਉਹ ਉੱਥੇ ਨੌਕਰੀ ਛੱਡਕੇ ਮਹਾਰਾਜਾ ਪਾਸ ਆ ਕੇ ਨੌਕਰ ਹੋ ਗਿਆ। ਇੱਥੇ ਉਹ ਦੋ ਰਜਮੈਂਟਾਂ ਦਾ

ਕਮਾਂਡਰ ਬਣਿਆ।[1]

24. ਮੁਸਲਮਾਨ ਪਤਵੰਤਿਆਂ ਵਿਚ ਮਲਕ ਕਾਦਰ ਬਖ਼ਸ਼ ਖ਼ਾਨ ਟਿਵਾਣਾ ਸ਼ੇਰੇ-ਪੰਜਾਬ ਦੀ ਕ੍ਰਿਪਾ ਦ੍ਰਿਸ਼ਟੀ ਦਾ ਵਿਸ਼ੇਸ਼ ਪਾਤਰ ਸੀ। ਮਹਾਰਾਜਾ ਸਾਹਿਬ ਬਾਂਕੇ ਤੇ ਸੁੰਦਰ ਜਵਾਨਾਂ ਦੇ ਸ਼ਾਹਸਵਾਰੀ ਦੇ ਗੁਣਾਂ ਨੂੰ ਬੜਾ ਪਿਆਰਦੇ ਸਨ। ਇਹ ਦੋਵੇਂ ਗੁਣ ਇਨ੍ਹਾਂ ਵਿਚ ਮੌਜੂਦ ਸਨ। ਸੰਨ 1812 ਦੇ ਉਪਰੰਤ ਟਿਵਾਣੇ ਖ਼ਾਲਸਾ ਰਾਜ ਦੇ ਤਹਿਤ ਵਿਚ ਆ ਗਏ ਸਨ। ਉਸੇ ਦਿਨ ਤੋਂ ਮਹਾਰਾਜਾ ਉਨ੍ਹਾਂ ਦੀ ਬੜੀ ਇੱਜ਼ਤ ਕਰਦੇ ਸਨ। ਇਨ੍ਹਾਂ ਨੂੰ ਖ਼ਾਲਸਾ ਰਾਜ ਦੀ ਸੇਵਾ ਦਾ ਇਕ ਵੱਡਾ ਸੁਨਹਿਰੀ ਮੌਕਾ ਮਿਲਿਆ ਜਿਸ ਨੂੰ ਇਨ੍ਹਾਂ ਤਨ ਮਨ ਨਾਲ ਨਿਭਾਇਆ। ਇਸ ਉਪਰੰਤ ਮਹਾਰਾਜਾ ਦੇ ਮਨ ਵਿਚ ਇਨ੍ਹਾਂ ਲਈ ਨਿਵੇਕਲੀ ਥਾਂ ਬਣ ਗਈ। ਇਹ ਸੰਨ 1821 ਦੀ ਗੱਲ ਹੈ ਕਿ ਸ਼ੇਰੇ-ਪੰਜਾਬ ਨੇ ਹਾਫ਼ਿਜ਼ ਅਹਿਮਦ ਖ਼ਾਨ ਨਵਾਬ ਮਨਕੇਰੇ ਦੀ ਰਿਆਸਤ ਪਰ ਚੜ੍ਹਾਈ ਕੀਤੀ। ਇਸ ਇਲਾਕੇ ਦੇ ਫ਼ਤਹਿ ਕਰਨ ਲਈ ਮਹਾਰਾਜਾ ਸਾਹਿਬ ਨੇ ਆਪਣੀਆਂ ਅੱਖਾਂ ਸਾਹਮਣੇ ਵੱਡੇ ਪੱਕੇ ਪ੍ਰਬੰਧ ਸੋਚੇ ਸਨ। ਇਸ ਸਮੇਂ ਟਿਵਾਣਿਆਂ ਨੇ ਖ਼ਾਲਸਾ ਰਾਜ ਦੀ ਤਨੋ-ਮਨੋ ਸੇਵਾ ਕੀਤੀ। ਮਹਾਰਾਜਾ ਸਾਹਿਬ ਇਨ੍ਹਾਂ ਉੱਤੇ ਬੜੇ ਪ੍ਰਸੰਨ ਹੋਏ ਅਤੇ ਉਹ ਰਸਾਲਾ ਜਿਹੜਾ ਹਾਫ਼ਿਜ਼ ਅਹਿਮਦ ਖ਼ਾਨ ਦੇ ਵਿਰੁੱਧ ਤੇ ਸਿੰਘਾਂ ਦੇ ਹੱਕ ਵਿਚ ਲੜਿਆ ਸੀ ਉਸ ਨੂੰ ਆਪਣੇ ਨਾਲ ਲਾਹੌਰ ਲੈ ਆਏ। ਇਸ ਰਸਾਲੇ ਦੀ ਕੁਮੇਦਾਨੀ ਮਲਕ ਕਾਦਰ ਬਖ਼ਸ਼ ਨੂੰ ਦਿੱਤੀ ਅਤੇ ਇਸ ਨੂੰ ਚੋਖੀ ਜਾਗੀਰ ਬਖ਼ਸ਼ੀ।

ਸੰਨ 1830 ਵਿਚ ਕਾਦਰ ਬਖ਼ਸ਼ ਦਾ ਭਤੀਜਾ, ਖ਼ੁਦਾਬਾਰ ਖ਼ਾਨ ਦਾ ਪੁੱਤਰ, ਫ਼ਤਹਿ ਖ਼ਾਨ ਆਪਣੇ ਚਾਚਾ ਨਾਲ ਮਿਲ ਕੇ ਖ਼ਾਲਸਾ ਰਾਜ ਦੀ ਸੇਵਾ ਕਰਦੇ ਸਨ। ਖ਼ੁਦਾਬਾਰ ਖ਼ਾਨ ਮਹਾਰਾਜਾ ਦਾ ਚਾਬਕ ਸਵਾਰ (ਘੋੜਿਆਂ ਨੂੰ ਸਿਖਲਾਵਣ ਵਾਲਾ) ਤੇ ਮੀਰ ਸ਼ਿਕਾਰੀ ਸੀ। ਫ਼ਤਹਿ ਖ਼ਾਨ ਪਹਿਲਾਂ ਸ. ਹਰੀ ਸਿੰਘ ਨਲੂਏ ਦੀ ਤਹਿਤ ਵਿਚ ਸੇਵਾ ਕਰਦਾ ਸੀ। ਸਰਦਾਰ ਹਰੀ ਸਿੰਘ ਨੇ ਫ਼ਤਹਿ ਖ਼ਾਨ ਨੂੰ ਬੜੀਆਂ ਭਾਰੀਆਂ ਜਾਗੀਰਾਂ ਬਖ਼ਸ਼ੀਆਂ। ਇਸ ਨੇ ਮਹਾਰਾਜਾ ਨੌਨਿਹਾਲ ਸਿੰਘ ਤੇ ਸ਼ੇਰ ਸਿੰਘ ਦੇ ਸਮੇਂ ਬੜੀ ਪ੍ਰਸਿੱਧਤਾ ਪ੍ਰਾਪਤ ਕੀਤੀ।

## ਖ਼ਾਲਸਾ ਰਾਜ ਵਿਚ ਹਿੰਦੂਆਂ ਦੇ ਅਧਿਕਾਰ

ਖ਼ਾਲਸਾ ਰਾਜ ਵਿਚ ਹਿੰਦੂ ਭਾਈਆਂ ਨੂੰ ਵੀ ਉਹ ਸਾਰੇ ਹੱਕ ਪ੍ਰਾਪਤ ਸਨ ਜਿਹੜੇ ਕਿਸੇ ਨੂੰ ਆਪਣੇ ਕੌਮੀ ਰਾਜ ਵਿਚ ਮਿਲੇ ਹੋਏ ਹੁੰਦੇ ਹਨ। ਉਨ੍ਹਾਂ ਨੂੰ ਵੱਡੀਆਂ ਤੋਂ ਵੱਡੀਆਂ ਜ਼ਿੰਮੇਵਾਰੀਆਂ, ਅਹੁਦਿਆਂ ਤੇ ਵੱਡੀਆਂ ਤੋਂ ਵੱਡੀਆਂ ਤਲਬਾਂ ਤੇ ਜਾਗੀਰਾਂ ਮਿਲੀਆਂ

1. ਕਪਤਾਨ ਵੇਡ ਦੀ ਰਿਪੋਰਟ ਜੋ ਉਸ ਨੇ ਅੰਮ੍ਰਿਤਸਰ ਤੋਂ ਗਵਰਨਰ ਜੈਨਰਲ ਦੇ ਸਕੱਤਰ ਨੂੰ ਸ਼ਿਮਲੇ 22 ਮਾਰਚ 1831 ਨੂੰ ਭੇਜੀ (ਪ੍ਰਤਾਪ ਸੰਡੇ ਐਡੀਸ਼ਨ, ਮਿਤੀ 25.5.53)।
2. ਇਹ ਮਲਕ ਉਮਰ ਹਯਾਤ ਖ਼ਾਨ ਦੇ ਵੱਡਿਆਂ ਵਿਚੋਂ ਸਨ।

WWW.SIKHBOOKCLUB.COM 

ਹੋਈਆਂ ਸਨ। ਵਜ਼ੀਰੀ, ਗਵਰਨਰੀ, ਜਰਨੈਲੀ, ਤੋਸ਼ਾਖਾਨੇ ਦੀ ਅਫ਼ਸਰੀ, ਖਜ਼ਾਨੇ ਦਾ ਤਹਿਵੀਲਦਾਰੀ ਆਦਿ ਅਹੁਦੇ ਪ੍ਰਾਪਤ ਸਨ। ਇਸ ਤੋਂ ਛੁਟ ਇਸਲਾਮੀ ਹਕੂਮਤ ਸਮੇਂ ਹਿੰਦੂਆਂ ਪਰ ਕਈ ਤਰ੍ਹਾਂ ਦੇ ਅਯੋਗ ਕਰ ਲਗੇ ਹੋਏ ਸਨ, ਜਿਹਾ ਕੇ ਜਜ਼ੀਆ, ਤੀਰਥ ਯਾਤਰਾ ਤੇ ਮੰਦਰ ਉਸਾਰੀ ਦੇ ਕਰ ਆਦਿ। ਇਹ ਸਭ ਖ਼ਾਲਸਾ ਰਾਜ ਸਮੇ ਹਟਾ ਦਿੱਤੇ ਗਏ।

ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਪਰ ਜਜ਼ੀਆ ਲਾਇਆ ਸੀ ਜੋ ਹਰ ਇਕ ਬਾਲਗ ਹਿੰਦੂ ਤੋਂ ਇਕ ਦੀਨਾਰ[1] ਦੇ ਹਿਸਾਬ ਨਾਲ ਸਾਲਾਨਾ ਲਿਆ ਜਾਂਦਾ ਸੀ।

ਜਜ਼ੀਆ ਜਿੱਥੇ ਮਾਇਕ ਤੌਰ ਪਰ ਹਿੰਦੂਆਂ ਲਈ ਬੜਾ ਹਾਨੀਕਾਰਕ ਸੀ, ਉੱਥੇ ਇਸ ਟੈਕਸ ਦੇ ਤਾਰਨ ਦਾ ਢੰਗ ਵੀ ਬੜਾ ਸ਼ਰਮਨਾਕ ਸੀ। ਹਰ ਇਕ ਗ਼ੈਰ ਮੁਸਲਮ ਨੂੰ ਹਾਕਮ ਦੀ ਹਜ਼ੂਰੀ ਵਿਚ ਆਪ ਹਾਜ਼ਰ ਹੋ ਕੇ ਸਮੇਂ ਸਿਰ ਆਪਣੇ ਹੱਥ ਨਾਲ ਜਜ਼ੀਆ ਦਾਖ਼ਲ ਕਰਨਾ ਪੈਂਦਾ ਸੀ। ਇਸ ਦੇ ਸਮੇਂ ਸਿਰ ਨਾ ਤਾਰਨ ਉੱਤੇ ਬੜੀਆਂ ਭਿਆਨਕ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ।

ਖ਼ਾਲਸਾ ਰਾਜ ਵਿਚ ਜਿਉਂ-ਜਿਉਂ ਇਸਲਾਮੀ ਸੂਬੇ ਫ਼ਤਹਿ ਕਰਕੇ ਮਿਲਾਏ ਜਾਂਦੇ ਸਨ, ਤਿਉਂ-ਤਿਉਂ ਇਹ ਅਯੋਗ ਕਰ ਹਿੰਦੂਆਂ ਦੇ ਸਿਰੋਂ ਮਾਫ਼ ਕੀਤੇ ਜਾਂਦੇ ਸਨ।

ਸਰਦਾਰ ਹਰੀ ਸਿੰਘ ਨਲੂਏ ਨੇ ਜਦ ਸੰਨ 1834 ਵਿਚ ਪਿਸ਼ਾਵਰ ਨੂੰ ਫ਼ਤਹਿ ਕਰਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਤਾਂ ਆਪ ਨੇ ਸਭ ਤੋਂ ਪਹਿਲਾਂ ਹਿੰਦੂ ਭਾਈਆਂ ਦਾ ਜਜ਼ੀਆ ਮਾਫ਼ ਕੀਤਾ।

## ਖ਼ਾਲਸਾ ਰਾਜ ਵਿਚ ਹਿੰਦੂਆਂ ਦਾ ਮਰਤਬਾ

1. ਰਾਜਾ ਧਿਆਨ ਸਿੰਘ ਡੋਗਰੇ ਨੂੰ ਖ਼ਾਲਸਾ ਰਾਜ ਵੱਲੋਂ ਰਾਜਾ ਦਾ ਖ਼ਿਤਾਬ ਪ੍ਰਾਪਤ ਸੀ। ਇਹ ਵੱਡੇ ਵਜ਼ੀਰ ਦੇ ਅਹੁਦੇ ਪਰ ਸੀ। ਇਸ ਦੀ ਜਾਗੀਰ ਦੋ ਲੱਖ ਦੀ ਸੀ।
2. ਇਸ ਦੇ ਵੱਡੇ ਭਾਈ ਗੁਲਾਬ ਸਿੰਘ ਨੂੰ ਵੀ ਖ਼ਾਲਸਾ ਰਾਜ ਵੱਲੋਂ ਰਾਜਾ ਦਾ ਪਦ ਮਿਲਿਆ ਹੋਇਆ ਸੀ। ਇਸ ਪਾਸ ਵੀ ਕਈ ਜ਼ੁੰਮੇਵਾਰੀਆਂ ਤੇ ਅਹੁਦੇ ਸਨ।
3. ਧਿਆਨ ਸਿੰਘ ਦੇ ਤੀਜੇ ਭਾਈ ਸੁਚੇਤ ਸਿੰਘ ਨੂੰ ਵੀ ਰਾਜਾ ਦਾ ਖ਼ਿਤਾਬ ਪ੍ਰਾਪਤ ਸੀ ਅਤੇ ਉਹ ਵੱਡੇ ਜਾਗੀਰਦਾਰਾਂ ਵਿਚ ਗਿਣਿਆ ਜਾਂਦਾ ਸੀ।
4. ਧਿਆਨ ਸਿੰਘ ਦੇ ਪੁੱਤਰ ਹੀਰਾ ਸਿੰਘ ਨੂੰ ਵੀ ਰਾਜਾ ਦੀ ਪਦਵੀ ਪ੍ਰਾਪਤ ਸੀ। ਇਹ ਸਤੰਬਰ 1843 ਤੋਂ ਦਸੰਬਰ 1844 ਤਕ ਖ਼ਾਲਸਾ ਰਾਜ ਦਾ ਵੱਡਾ ਵਜ਼ੀਰ ਰਿਹਾ।
5. ਮਿਸਰ ਦੀਵਾਨ ਚੰਦ—ਇਹ ਫ਼ੌਜ ਵਿਚ ਜਰਨੈਲੀ ਦੇ ਅਹੁਦੇ ਉੱਤੇ ਸੀ ਤੇ ਇਸ ਨੂੰ ਵੱਡੀ ਜਾਗੀਰ ਮਿਲੀ ਹੋਈ ਸੀ।

---

1. ਦੀਨਾਰ ਇਕ ਸੋਨੇ ਦੇ ਸਿੱਕੇ ਦਾ ਨਾਂ ਹੈ ਜਿਸ ਦਾ ਤੋਲ ਚਾਰ ਮਾਸੇ ਦੇ ਬਰਾਬਰ ਹੁੰਦਾ ਸੀ।
2. ਮੌਲਵੀ ਮੀਰਾਂ ਬਖ਼ਸ਼, *ਤਵਾਰੀਖ਼ੇ ਸੂਬਾ ਸਰਹਦੀ*, ਸਫ਼ਾ 149

6. ਦੀਵਾਨ ਮੋਹਕਮ ਚੰਦ ਖਾਲਸਾ ਫ਼ੌਜ ਵਿਚ ਜਰਨੈਲੀ ਦੇ ਅਹੁਦੇ ਪਰ ਸੀ। ਇਹ ਖ਼ਾਲਸਾ ਰਾਜ ਨੂੰ ਆਪਣਾ ਰਾਜ ਜਾਣਦਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਸੰਨ 1812 ਵਿਚ ਸਰ ਡੇਵਡ ਅਖਤਰਲੋਨੀ ਅੰਗਰੇਜ਼ੀ ਪੁਲੀਟੀਕਲ ਏਜੰਟ ਨੂੰ ਲਾਹੌਰ ਦਾ ਕਿਲਾ ਵਖਾਣਾ ਚਾਹਿਆ ਪਰ ਜਦ ਦੀਵਾਨ ਮੋਹਕਮ ਚੰਦ ਨੂੰ ਪਤਾ ਲੱਗਾ ਕਿ ਮਹਾਰਾਜਾ ਅੰਗਰੇਜ਼ ਕਰਮਚਾਰੀ ਨੂੰ ਕਿਲੇ ਵਿਚ ਲਿਜਾ ਰਿਹਾ ਹੈ ਤਾ ਉਹ ਭਜ ਕੇ ਕਿਲੇ ਦੇ ਦਰਵਾਜ਼ੇ ਪਰ ਪਹੁੰਚ ਗਿਆ ਅਤੇ ਆਪਣੀ ਤਲਵਾਰ ਸੂਤ ਕੇ ਸ਼ੇਰੇ-ਪੰਜਾਬ ਦੇ ਮੂਹਰੇ ਪੇਸ਼ ਕਰਦਿਆਂ ਕਿਹਾ ਕਿ ਅੰਗਰੇਜ਼ ਨੂੰ ਕਿਲਾ ਦੱਸਣ ਤੋਂ ਪਹਿਲਾਂ ਮੇਰਾ ਸਿਰ ਇਸ ਤਲਵਾਰ ਨਾਲ ਕਟ ਸੁਟੋ ਕਿਉਂਕਿ ਮੈਂ ਪ੍ਰਣ ਕੀਤਾ ਹੋਇਆ ਹੈ ਕਿ ਮੈਂ ਆਪਣੇ ਜੀਊਂਦੇ ਜੀ ਲਾਹੌਰ ਦੇ ਕਿਲੇ ਵਿਚ ਕਿਸੇ ਅੰਗਰੇਜ਼ ਦੇ ਪੈਰ ਨਹੀਂ ਪਾਉਣ ਦੇਵਾਂਗਾ। ਦੀਵਾਨ ਮੋਹਕਮ ਚੰਦ ਦੇ ਇਸ ਅਟੱਲ ਜੋਸ਼ ਨੂੰ ਵੇਖ ਕੇ ਮਹਾਰਾਜਾ ਅਤੇ ਅਖਤਰਲੋਨੀ ਦੋਵੇਂ ਬਿਨਾਂ ਕਿਲੇ ਵਿਚ ਦਾਖ਼ਲ ਹੋਣ ਦੇ ਪਿੱਛੇ ਪਰਤ ਗਏ।

ਇਸ ਘਟਨਾ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮੋਹਕਮ ਚੰਦ, ਮਹਾਰਾਜਾ ਰਣਜੀਤ ਸਿੰਘ ਤੋਂ ਵੀ ਵੱਧ ਖ਼ਾਲਸਾ ਰਾਜ ਨੂੰ ਆਪਣਾ ਰਾਜ ਸਮਝ ਕੇ ਗ਼ੈਰਾਂ ਦੀ ਮਾੜੀ ਦ੍ਰਿਸ਼ਟੀ ਤੋਂ ਬਚਾਈ ਰੱਖਣ ਦਾ ਚਾਹਵਾਨ ਸੀ।

7. ਦੀਵਾਨ ਮੋਤੀ ਰਾਮ ਕਸ਼ਮੀਰ ਦਾ ਗਵਰਨਰ ਸੀ। ਇਹ ਚੋਖੇ ਸਮੇਂ ਤਕ ਇਸ ਮਾਨਯੋਗ ਅਹੁਦੇ ਪਰ ਗਵਰਨਰੀ ਦੇ ਫ਼ਰਜ਼ ਪੂਰੇ ਕਰਦਾ ਰਿਹਾ।

8. ਨੌਜਵਾਨ ਦੀਵਾਨ ਰਾਮ ਦਿਆਲ ਅਜੇ ਯੁਵਾ ਅਵਸਥਾ ਵਿਚ ਹੀ ਸੀ ਕਿ ਇਸ ਨੂੰ ਖ਼ਾਲਸਾ ਫ਼ੌਜ ਵਿਚ ਕਰਨੈਲੀ ਦਾ ਉੱਚਾ ਅਹੁਦਾ ਦਿੱਤਾ ਗਿਆ। ਇਹ ਹਜ਼ਾਰੇ ਦੇ ਪਹਾੜਾ ਵਿਚ ਲੜਾਈ ਕਰਦਾ ਹੋਇਆ ਸੰਨ 1820 ਨੂੰ ਖ਼ਾਲਸਾ ਰਾਜ ਤੋਂ ਵਾਰਨੇ ਹੋ ਗਿਆ।

9. ਦੀਵਾਨ ਸਾਵਣ ਮਲ ਅਕਾਲਗੜ੍ਹੀਆ ਖ਼ਾਲਸਾ ਰਾਜ ਵਿਚ ਬੜੇ ਉੱਚੇ ਅਹੁਦੇ ਪਰ ਸੀ। ਇਹ ਸੂਬਾ ਮੁਲਤਾਨ ਦਾ ਗਵਰਨਰ ਸੀ। ਇਹ ਬੜਾ ਨਿਆਏਸ਼ੀਲ ਤੇ ਸਫ਼ਲ ਪ੍ਰਬੰਧਕ ਹੁਕਮਰਾਨ ਸੀ। ਸਾਵਣ ਮਲ ਨੇ ਮਹਾਰਾਜਾ ਦੇ ਹੁਕਮ ਨਾਲ ਮੁਲਤਾਨ ਦੇ ਇਲਾਕੇ ਦੀ ਉਪਜ ਵਧਾਉਣ ਲਈ ਕਈ ਨਹਿਰਾ ਜਾਰੀ ਕੀਤੀਆਂ ਜਿਨ੍ਹਾਂ ਦੇ ਕਾਰਨ ਇੱਥੇ ਦੀ ਪੈਦਾਵਾਰ ਕਈ ਗੁਣਾਂ ਵੱਧ ਗਈ। ਇਸ ਨਾਲ ਜਿੱਥੇ ਹਕੂਮਤ ਦੇ ਖਜ਼ਾਨੇ ਨੂੰ ਬੜਾ ਲਾਭ ਪੁੱਜਾ, ਉੱਥੇ ਨਾਲ ਹੀ ਪਰਜਾ ਮਾਲਾ ਮਾਲ ਹੋ ਗਈ। ਮਹਾਰਾਜਾ ਦੀ ਕ੍ਰਿਪਾ ਦ੍ਰਿਸ਼ਟੀ ਦੇ ਕਾਰਨ ਇਹ ਸਾਧਾਰਨ ਘਰਾਣਾ ਬੜਾ ਧਨਵਾਨ ਤੇ ਪਤਵੰਤਾ ਬਣ ਗਿਆ। ਸਾਵਣ ਮਲ ਦੇ ਪੁੱਤਰ ਵੀ ਵੱਡੇ ਅਹੁਦਿਆਂ ਪਰ ਸਨ। ਮੂਲ ਰਾਜ ਸ਼ੁਜਾਅਬਾਦ ਦਾ ਅਤੇ ਕ੍ਰਿਪਾ ਨਰੈਣ ਲਈਏ ਦਾ ਕਾਰਦਾਰ ਸੀ। ਇਸ ਘਰਾਣੇ ਦੀਆ ਸਾਰੀਆਂ ਜਾਗੀਰਾ ਇਕ ਲੱਖ ਰੁਪਏ ਤੋਂ ਉੱਪਰ ਸਨ। ਦੀਵਾਨ ਸਾਵਣ ਮੱਲ ਨੇ ਖ਼ਾਲਸਾ ਰਾਜ ਦੀ ਨਿਰਪੱਖਤਾ ਦੇ ਅਸੂਲ ਨੂੰ

ਕਾਇਮ ਰੱਖਣ ਲਈ ਆਪਣੇ ਵੱਡੇ ਪੁੱਤਰ ਰਾਮ ਦਾਸ ਨੂੰ ਕੈਦ ਦੀ ਸਜ਼ਾ ਦਿੱਤੀ। ਸ਼ੇਰੇ-ਪੰਜਾਬ ਨੇ ਇਸ ਦੀ ਨਿਰਪੱਖਤਾ ਦੀ ਅਤਿ ਸ਼ਲਾਘਾ ਕੀਤੀ।

10. ਸਾਵਣ ਮਲ ਦੀ ਮੌਤ ਦੇ ਬਾਅਦ ਦੀਵਾਨ ਮੂਲ ਰਾਜ ਮੁਲਤਾਨ ਦਾ ਗਵਰਨਰ ਬਣਿਆ। ਇਹ ਸੰਨ 1849 ਤਕ ਇਸ ਪਦਵੀ ਤੇ ਲੱਗਾ ਰਿਹਾ।
11. ਮਿਸਰ ਬੇਲੀ ਰਾਮ ਕਈ ਸਾਲ ਤਕ ਖ਼ਾਲਸਾ ਦਰਬਾਰ ਦੇ ਤੋਸ਼ਾਖਾਨੇ ਦਾ ਮੁੱਖ ਅਧਿਕਾਰੀ ਰਿਹਾ। ਕਰੋੜਾਂ ਰੁਪਏ ਦਾ ਸਾਮਾਨ ਇਸ ਦੀ ਸੌਂਪਣੀ ਵਿਚ ਸੀ।
12. ਦੀਵਾਨ ਅਜੁਦਿਆ ਪ੍ਰਸ਼ਾਦ ਜਿਥੇ ਮੁਲਕੀ ਪ੍ਰਬੰਧ ਵਿਚ ਬੜਾ ਮਾਹਿਰ ਸੀ, ਉਥੇ ਨਾਲ ਹੀ ਫ਼ੌਜੀ ਸੇਵਾ ਵਿਚ ਵੀ ਖ਼ਾਸ ਹਿੱਸਾ ਲੈਂਦਾ ਸੀ। ਸੰਨ 1834 ਵਿਚ ਜਦ ਜੈਨਰਲ ਅਲਾਰਡ ਡੇਢ ਸਾਲ ਦੀ ਛੁੱਟੀ ਪਰ ਆਪਣੇ ਦੇਸ ਫ਼ਰਾਂਸ ਗਿਆ ਤਾਂ ਫ਼ੌਜੇ ਖ਼ਾਸ ਦੀ ਜੋ ਅਲਾਰਡ ਦੇ ਤਹਿਤ ਸੀ, ਕਮਾਨ ਦੀਵਾਨ ਅਜੁਦਿਆ ਪ੍ਰਸ਼ਾਦ ਨੂੰ ਸੌਂਪੀ ਗਈ ਜਿਸ ਨੂੰ ਉਸ ਨੇ ਅਲਾਰਡ ਦੇ ਮੁੜਨ ਤਕ ਬੜੀ ਯੋਗਤਾ ਨਾਲ ਨਿਭਾਇਆ।
13. ਰਾਜਾ ਦੀਨਾ ਨਾਥ ਖ਼ਾਲਸਾ ਰਾਜ ਵਿਚ ਬੜੇ ਭਰੋਸੇਯੋਗ ਅਹੁਦੇ ਪਰ ਸੇਵਾ ਕਰਦਾ ਰਿਹਾ। ਜਿਥੇ ਉਹ ਉੱਚ ਕੋਟੀ ਦਾ ਦੂਰ ਦ੍ਰਿਸ਼ਟਾ ਸੀ, ਉਥੇ ਉਹ ਬੜੇ ਹੌਸਲੇ ਤੇ ਨਿਰਭੈ ਮਨ ਦਾ ਮਾਲਕ ਸੀ। ਇਹ ਖ਼ਾਲਸਾ ਰਾਜ ਦਾ ਸੱਚਾ ਸ਼ੁਭਚਿੰਤਕ ਸੀ। ਜਦੋਂ ਅੰਗਰੇਜ਼ਾ ਨੇ ਮਹਾਰਾਜਾ ਦਲੀਪ ਸਿੰਘ ਨੂੰ ਹਟਾ ਕੇ ਪੰਜਾਬ ਪਰ ਆਪਣਾ ਕਬਜ਼ਾ ਜਮਾਉਣਾ ਚਾਹਿਆ ਤਾਂ ਇਸ ਨੇ ਬੜੇ ਹੌਸਲੇ ਨਾਲ ਲਾਰਡ ਡਲਹੌਜ਼ੀ ਨੂੰ ਆਖਿਆ ਸੀ, "ਇਸ ਦਾ ਪਿਤਾ ਅੰਗਰੇਜ਼ਾਂ ਦਾ ਸੱਚਾ ਮਿੱਤਰ ਸੀ। ਇਸ ਨਾਲ ਉਹੋ ਜਿਹਾ ਵਰਤਾਉ ਕੀਤਾ ਜਾਵੇ ਜਿਹੋ ਜਿਹਾ ਹਿੰਦ ਦੇ ਹੋਰਨਾਂ ਰਾਜਵਾੜਿਆਂ ਨਾਲ ਕੀਤਾ ਗਿਆ ਹੈ।"
14. ਦੀਵਾਨ ਰਤਨ ਚੰਦ ਦਾੜ੍ਹੀਵਾਲਾ—ਇਹ ਖ਼ਾਲਸਾ ਰਾਜ ਵਿਚ ਕਾਰਖਾਨਿਆਂ ਦਾ ਉੱਚਾ ਅਫ਼ਸਰ ਸੀ। ਇਹ ਪੋਸਟ ਮਾਸਟਰ ਜੈਨਰਲ ਦੇ ਤੁਲ ਸੀ। ਇਸ ਨੂੰ 2610 ਰੁਪਏ ਰੋਕ ਮਹੀਨਾ ਮਿਲਦੇ ਸਨ ਅਤੇ ਦੀਨਾ ਨਗਰ, ਖਾਨੇ ਵਾਲ, ਯਾਲੀਆ ਨਗਰ, ਟਿਵਾਨੀ ਹਜ਼ਾਰਾਂ ਅਤੇ ਪਿਸ਼ਾਵਰ ਵਿਚ 13,600 ਦੀ ਜਾਗੀਰ ਮਿਲੀ ਹੋਈ ਸੀ।
15. ਦੇਵੀ ਦਾਸ—ਇਹ ਖ਼ਾਲਸਾ ਰਾਜ ਦੇ ਖਜ਼ਾਨੇ ਦੇ ਆਮਦਨ ਖਰਚ ਦੇ ਲੇਖੇ ਜੋਖੇ ਦਾ ਨਿਗਰਾਨ ਸੀ। ਇਸ ਨੇ ਖਜ਼ਾਨੇ ਦੇ ਨਿਯਮਾਂ ਨੂੰ ਬੜੀ ਯੋਗਤਾ ਨਾਲ ਚਲਾਇਆ। ਇਹ ਸੰਨ 1808 ਤੋਂ 1830 ਤਕ ਮਰਨ ਤਕ ਇਸ ਅਹੁਦੇ ਤੇ ਰਿਹਾ।
16. ਦੀਵਾਨ ਭਵਾਨੀ ਦਾਸ—ਦੇਵੀ ਦਾਸ ਦਾ ਨਿੱਕਾ ਭਾਈ ਸੀ। ਇਹ ਖ਼ਾਲਸਾ ਰਾਜ ਦੇ ਮਾਲ ਦੇ ਪ੍ਰਬੰਧ ਨੂੰ ਚਲਾਉਣ ਵਾਲਾ ਸੀ। ਇਸ ਨੂੰ ਵੱਡੀ ਜਾਗੀਰ ਮਿਲੀ ਹੋਈ ਸੀ।

17. ਰਾਏ ਕਿਸ਼ਨ ਚੰਦ ਭੰਡਾਰੀ ਬਟਾਲਵੀ—ਇਸ ਦਾ ਅਹੁਦਾ ਬੜੀ ਜ਼ਿੰਮੇਵਾਰੀ ਦਾ ਸੀ। ਇਹ ਖ਼ਾਲਸਾ ਰਾਜ ਦਾ ਲੁਧਿਆਣੇ ਵਿਚ ਵਕੀਲ ਸੀ। ਇਸ ਦੇ ਰਾਹੀਂ ਅੰਗਰੇਜ਼ੀ ਸਰਕਾਰ ਨਾਲ ਖ਼ਾਲਸਾ ਰਾਜ ਵੱਲੋਂ ਚਿੱਠੀ ਪੱਤਰ ਹੁੰਦਾ ਸੀ ਅਤੇ ਅੰਗਰੇਜ਼ੀ ਸਰਕਾਰ ਦੇ ਕਰਮਚਾਰੀਆਂ ਦੇ ਉੱਤਰ ਖ਼ਾਲਸਾ ਸਰਕਾਰ ਨੂੰ ਭੇਜਦਾ ਹੁੰਦਾ ਸੀ। ਇਸ ਨੂੰ 15,000 ਰੁਪਏ ਦੀ ਜਾਗੀਰ ਮਿਲੀ ਹੋਈ ਸੀ। ਇਸ ਚਿੱਠੀ ਪੱਤਰ ਦੇ ਕੰਮ ਤੋਂ ਛੁਟ ਇਸ ਦਾ ਇਹ ਵੀ ਜ਼ਰੂਰੀ ਫਰਜ਼ ਹੁੰਦਾ ਸੀ ਕਿ ਅੰਗਰੇਜ਼ ਕਰਮਚਾਰੀਆਂ ਦੀ ਚਾਲ ਢਾਲ ਅਤੇ ਅੰਗਰੇਜ਼ ਹਕੂਮਤ ਦੀਆਂ ਗੁਪਤ ਚਾਲਾਂ ਦੀ ਵੀ ਸੂਝ ਬੂਝ ਤੋਂ ਜਾਣੂ ਰਹੇ। ਜੇ ਕੋਈ ਖ਼ਾਸ ਘਟਨਾ ਸਾਹਮਣੇ ਆਏ ਤਾਂ ਉਸ ਦੀ ਸ਼ੀਘਰ ਹੀ ਖਾਲਸਾ ਸਰਕਾਰ ਨੂੰ ਖਬਰ ਦੇਵੇ।

ਲਾਲਾ ਕਿਸ਼ਨ ਚੰਦ ਦਾ ਲਿਖਤੀ ਇਕ ਖਤ ਸਾਨੂੰ ਮਿਲਿਆ ਹੈ ਜਿਸ ਦੇ ਪੜ੍ਹਨ ਤੋਂ ਸੁਤੇ ਸਿਧ ਹੀ ਪਤਾ ਲੱਗ ਜਾਂਦਾ ਹੈ ਕਿ ਇਸ ਨੂੰ ਅੰਗਰੇਜ਼ੀ ਹਕੂਮਤ ਦੇ ਅੰਦਰ ਦੇ ਰਾਜ਼ਾਂ ਦਾ ਕਿੰਨਾ ਪਤਾ ਹੁੰਦਾ ਸੀ।

19. ਦੀਵਾਨ ਸ਼ਿਵ ਦਿਆਲ ਦੁਗਲ ਸਣੇ ਆਪਣੇ ਦੋਹਾਂ ਪੁੱਤਰਾਂ ਸ਼ੰਕਰ ਲਾਲ ਤੇ ਰਤਨ ਚੰਦ ਦੇ ਪਹਿਲਾਂ ਪਹਿਲ ਸ਼ਹਿਜ਼ਾਦਾ ਖੜਗ ਸਿੰਘ ਦੀ ਜਾਗੀਰ ਦਾ ਪ੍ਰਬੰਧਕ ਨੀਯਤ ਕੀਤਾ ਗਿਆ। ਦੀਵਾਨ ਧਨੱਜਾ ਲਾਲ ਖ਼ਾਲਸੇ ਦੀਆਂ ਲੂਣ ਦੀਆਂ ਖਾਣਾਂ ਦਾ ਪ੍ਰਬੰਧਕ ਸੀ। ਇਸ ਦੇ ਵੱਡੇ ਪੁੱਤਰ ਰਤਨ ਚੰਦ ਨੇ ਇਤਨੀ ਉੱਨਤੀ ਕੀਤੀ ਕਿ ਮਹਾਰਾਜਾ ਸਾਹਿਬ ਦੀ ਨਿੱਕੀ ਮੋਹਰ ਜਿਹੜੀ ਕਿਸੇ ਨੂੰ ਨਕਦ ਰੁਪਿਆ ਇਨਾਮ ਮਿਲਣ ਪਰ ਫਰਮਾਨ ਤੇ ਲਾਈ ਜਾਂਦੀ ਸੀ, ਇਸ ਦੀ ਸੌਂਪਣੀ ਵਿਚ ਸੀ। ਇਨ੍ਹਾਂ ਨੂੰ 10302 ਰੁਪਏ ਦੀ ਜਾਗੀਰ ਪ੍ਰਾਪਤ ਸੀ।

20. ਮਿਸਰ ਦੀਵਾਨ ਚੰਦ ਦਾ ਜਨਮ ਪਿੰਡ ਗੋਂਦਲਾਂਵਾਲ ਪਰਗਨਾ ਗੁਜਰਾਂ ਵਾਲੇ ਵਿਚ ਇਕ ਗਰੀਬ ਬ੍ਰਾਹਮਣ ਦੇ ਘਰ ਹੋਇਆ। ਨਿੱਕੀ ਉਮਰੇ ਇਸ ਨੂੰ ਕੋਈ ਵਿਦਿਆ ਨਾ ਮਿਲੀ ਅਤੇ ਖ਼ਾਲਸਾ ਤੋਪਖਾਨੇ ਦੇ ਸਾਧਾਰਨ ਗੋਲ ਅੰਦਾਜ਼ਾਂ ਵਿਚ ਭਰਤੀ ਹੋ ਗਿਆ ਅਤੇ ਆਪਣੀ ਰੱਬ ਵੱਲੋਂ ਬਖ਼ਸ਼ੀ ਯੋਗਤਾ ਅਤੇ ਬੀਰ ਅਫ਼ਸਰਾਂ ਦੀ ਸੰਗਤ ਦੇ ਕਾਰਨ ਇਸ ਨੇ ਵੱਡਾ ਨਾਮਣਾ ਪਾਇਆ। ਮੁਲਤਾਨ, ਕਸ਼ਮੀਰ ਅਤੇ ਮਨਕੇਰੇ ਦੀਆਂ ਲੜਾਈਆਂ ਵਿਚ ਇਸ ਨੇ ਖ਼ਾਲਸਾ ਰਾਜ ਵਿਚ ਵੱਡੀ ਸੇਵਾ ਕੀਤੀ। ਕਦਰਦਾਨ ਮਹਾਰਾਜਾ ਨੇ ਇਸ ਨੂੰ ਵੱਡੇ ਪਦ ਅਤੇ ਜਾਗੀਰਾਂ ਦੀ ਬਖਸ਼ਿਸ਼ ਕੀਤੀ ਜਿਹਾ ਕਿ 'ਜ਼ਫਰ ਜੰਗ ਬਹਾਦਰ, ਫ਼ਤਹਿ-ਓ-ਨੁਸਰਤ ਨਸੀਬ' ਦਾ ਖਿਤਾਬ ਦਿੱਤਾ। ਇਹ ਸੰਨ 1825 ਵਿਚ ਕੁਲੰਜ ਦੇ ਰੋਗ ਨਾਲ ਮਰ ਗਿਆ।

## ਖ਼ਾਲਸਾ ਰਾਜ ਵਿਚ ਈਸਾਈਆਂ ਦੀ ਰੱਖਿਆ

ਜੈਨਰਲ ਵੈਨਤੂਰਾ ਦਾ ਜਨਮ ਸੰਨ 1792 ਨੂੰ ਇਟਲੀ ਦੇ ਇਕ ਕੈਥਲਿਕ ਘਰਾਣੇ

ਵਿਚ ਹੋਇਆ। ਇਹ 1810 ਵਿਚ ਇਟਲੀ ਦੀ ਫ਼ੌਜ ਵਿਚ ਲਫਟੈਨ ਭਰਤੀ ਹੋਇਆ। ਸੰਨ 1812 ਵਿਚ ਨਿਪੋਲੀਅਨ ਦੀ ਰੂਸ ਪਰ ਚੜ੍ਹਾਈ ਸਮੇਂ ਬੜੀ ਬੀਰਤਾ ਨਾਲ ਲੜਿਆ। ਸੰਨ 1815 ਦੀ ਵਾਟਰਲੂ ਦੀ ਜਗਤ ਪ੍ਰਸਿੱਧ ਲੜਾਈ ਵਿਚ ਜਿਸ ਵਿਚ ਨਿਪੋਲੀਅਨ ਬੋਨਾਪਾਰਟ ਦੀ ਸ਼ਕਤੀ ਦਾ ਅੰਤ ਹੋ ਗਿਆ ਸੀ, ਵੈਨਤੂਰਾ ਮੌਜੂਦ ਸੀ। ਮਿਸਟਰ ਪ੍ਰਿੰਸਪ ਦੀ ਲਿਖਤ ਅਨੁਸਾਰ ਉਸ ਸਮੇਂ ਉਹ ਕਰਨੈਲੀ ਦੇ ਅਹੁਦੇ ਪਰ ਸੀ।

ਵੈਨਤੂਰਾ ਉਪਜੀਵਕਾ ਦੀ ਭਾਲ ਵਿਚ 10 ਮਾਰਚ 1822 ਨੂੰ ਕਾਬਲ ਦੇ ਰਾਹ ਲਾਹੌਰ ਪੁੱਜਾ।

ਖ਼ਾਲਸਾ ਫ਼ੌਜ ਵਿਚ ਨੌਕਰੀ ਲਈ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਬਿਨੈ-ਪੱਤਰ ਦਿੱਤਾ ਜੋ ਇਸ ਪ੍ਰਕਾਰ ਸੀ :

ਹਿਜ਼ ਮੈਜਿਸਟੀ ਦੀ ਕਿੰਗ
ਸ੍ਰੀ ਹਜ਼ੂਰ ਜੀ,

ਸ੍ਰੀ ਹਜ਼ੂਰ ਜੀ ਦੀ ਰਾਜਧਾਨੀ (ਲਾਹੌਰ) ਵਿਚ ਪਹੁੰਚਣ ਦੇ ਦਿਵਸ ਤੋਂ ਅੱਜ ਤੱਕ ਜਿਨ੍ਹਾਂ ਜਿਨ੍ਹਾ ਬਖ਼ਸ਼ਸ਼ਾ ਦੀ ਬਰਖਾ ਸਰਕਾਰ ਵੱਲੋਂ ਇਨ੍ਹਾਂ ਦਾਸਾਂ ਪਰ ਵਰ੍ਹਾਈ ਗਈ ਹੈ, ਇਸ ਦਾ ਗਿਣ ਕੇ ਦਸਣਾ ਸਾਡੀ ਸਮਰੱਥਾ ਤੋਂ ਬਾਹਰ ਹੈ। ਇਹ ਸ੍ਰੀ ਹਜ਼ੂਰ ਜੀ ਦੀ ਦਰਿਆ-ਦਿਲੀ ਤੇ ਉਦਾਰਚਿਤੀ ਦਾ ਪ੍ਰਤਖ ਸਬੂਤ ਹੈ। ਸ੍ਰੀ ਹਜ਼ੂਰ ਜੀ ਦੀ ਰਾਜਧਾਨੀ ਵਿਚ ਆ ਕੇ ਇਨ੍ਹਾਂ ਦਾਸਾਂ ਨੇ ਜੋ ਕੁਝ ਆਪਣੀਆਂ ਅੱਖਾਂ ਨਾਲ ਡਿੱਠਾ ਹੈ, ਇਹ ਉਸ ਤੋਂ ਕਿਤੇ ਬਹੁਤ ਵੱਧ ਚੜ੍ਹ ਕੇ ਹੈ, ਜਿਸ ਦੀ ਧੁੰਮ ਸਾਡੇ ਦੇਸ ਯੂਰਪ ਵਿਚ ਧੁੰਮੀ ਹੋਈ ਹੈ। ਸ੍ਰੀ ਹਜ਼ੂਰ ਜੀ ਦਾ ਸ਼ਾਹਾਨਾ ਤੇਜ ਪ੍ਰਤਾਪ ਸਰਕਾਰ ਦੀ ਬਾਦਸ਼ਾਹਿਤ ਦੇ ਰੁਤਬੇ ਦੇ ਅਨੁਕੂਲ ਹੈ। ਗ਼ਰੀਬ-ਨਿਵਾਜ਼ ਜੀ, ਜਦ ਇਨ੍ਹਾਂ ਦਾਸਾਂ ਨੂੰ ਪਹਿਲੀ ਵਾਰ ਸ੍ਰੀ ਹਜ਼ੂਰ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋਣ ਦਾ ਮਾਨ ਪ੍ਰਾਪਤ ਹੋਇਆ ਸੀ ਤਾਂ ਓਦੋਂ ਇਨ੍ਹਾਂ ਦਾਸਾਂ ਨੇ ਇੱਥੇ ਆਉਣ ਦਾ ਮਨੋਰਥ ਸ੍ਰੀ ਹਜ਼ੂਰ ਦੀ ਸੇਵਾ ਵਿਚ ਪ੍ਰਗਟ ਕਰ ਦਿੱਤਾ ਸੀ।

ਉਸ ਸਮੇਂ ਕ੍ਰਿਪਾਲੂ ਸਰਕਾਰ ਵੱਲੋਂ ਜਿਹੜਾ ਭਰੋਸਾ ਦਵਾਇਆ ਗਿਆ ਸੀ, ਉਹ ਇਨ੍ਹਾਂ ਦਾਸਾਂ ਲਈ ਬੜਾ ਉਤਸ਼ਾਹ ਉਭਾਰੂ ਸੀ। ਪਰ ਇਨ੍ਹਾਂ ਸੇਵਕਾਂ ਦੇ ਭਵਿੱਖ ਦਾ ਫ਼ੈਸਲਾ ਅਜੇ ਸਰਕਾਰ ਨੇ ਕਰਨਾ ਹੈ।

ਕੁਝ ਦਿਨ ਹੋਏ ਇਸ ਗੱਲ ਵੱਲ ਸਰਕਾਰ ਦਾ ਧਿਆਨ ਇਕ ਬਿਨੈ-ਪੱਤਰ ਦਵਾਰਾ ਦਿਵਾਇਆ ਗਿਆ ਸੀ, ਤਾਂ ਕਿ ਪਤਾ ਲੱਗ ਜਾਵੇ ਕਿ ਕੀ ਇਨ੍ਹਾਂ ਦਾਸਾਂ ਦਾ ਇੱਥੇ ਆਵਣਾ ਸ੍ਰੀ ਹਜ਼ੂਰ ਜੀ ਦੀ ਬਾਦਸ਼ਾਹਿਤ ਲਈ ਕਿਸੇ ਤਰ੍ਹਾਂ ਲਾਭਦਾਇਕ ਸਮਝਿਆ ਜਾਂਦਾ ਹੈ ਅਤੇ ਕੀ ਇਹ ਦਾਸ ਆਪਣੇ ਉਸ ਫੌਜੀ ਹੁਨਰ ਕਾਰਨ ਜਿਹੜਾ ਉਨ੍ਹਾਂ ਸ਼ਹਿਨਸ਼ਾਹ ਨਿਪੋਲੀਅਨ ਬੋਨਾਪਾਰਟ ਵਾਲੀਏ ਫ਼ਰਾਂਸ ਦੀ ਤਹਿਤ ਵਿਚ ਰਹਿ ਕੇ ਪ੍ਰਾਪਤ ਕੀਤਾ ਹੈ, ਸ੍ਰੀ ਹਜ਼ੂਰ ਦੀਆਂ ਫ਼ੌਜਾਂ ਦੀ ਸੇਵਾ ਕਰਨ ਦੇ ਯੋਗ ਸਮਝੇ ਜਾਂਦੇ ਹਾਂ। ਇਸ ਬਾਰੇ ਇਨ੍ਹਾਂ ਦਾਸਾਂ ਨੂੰ ਸਰਕਾਰ ਵੱਲੋਂ ਅਜੇ ਕੋਈ ਫ਼ਰਮਾਨ ਨਹੀਂ ਮਿਲਿਆ।

ਹੁਣ ਫ਼ਕੀਰ ਨੂਰ ਦੀਨ ਜੀ ਦੀ ਸਲਾਹ ਨਾਲ ਆਪਣੀ ਦੇਸ ਭਾਸ਼ਾ ਵਿਚ ਮੁੜ

ਚਿਤਾਵਨੀ ਪੱਤਰ ਸਰਕਾਰ ਦੀ ਹਜ਼ੂਰੀ ਵਿਚ ਪੇਸ਼ ਕਰਨ ਦੀ ਹਿੰਮਤ ਕਰਦੇ ਹਾਂ ਕਿਉਂਕਿ ਇਨ੍ਹਾਂ ਦਾਸਾਂ ਨੂੰ ਇਹ ਵੀ ਪਤਾ ਲਗਾ ਹੈ ਕਿ ਸਰਕਾਰ ਦੇ ਦਰਬਾਰੀਆਂ ਵਿਚੋਂ ਇਕ ਦਰਬਾਰੀ ਫ਼ਰਾਂਸੀਸੀ ਭਾਸ਼ਾ ਜਾਣਦਾ ਹੈ।

ਹਜ਼ੂਰ ਜੀ ਹੁਣ ਇਨ੍ਹਾਂ ਦਾਸਾਂ ਪਰ ਦਿਆ ਕਰ ਕੇ ਸ਼ਾਹੀ ਫ਼ਰਮਾਨ ਜਾਰੀ ਕਰ ਦੇਣ ਦੀ ਕ੍ਰਿਪਾਲਤਾ ਕਰਨ ਤਾਂ ਕਿ ਇਨ੍ਹਾਂ ਸੇਵਕਾਂ ਦੀ ਚਿੰਤਾ ਨਵਿਰਤ ਹੋ ਜਾਏ, ਇਹ ਦਾਸ ਉਸ ਹੁਕਮ ਦੀ ਪਾਲਨਾ ਫ਼ਰਜ਼ ਸਮਝ ਕੇ ਕਰਨਗੇ ਅਤੇ ਸਰਕਾਰ ਦੇ ਰਾਜ ਭਾਗ ਦੀ ਅਟੱਲਤਾ ਲਈ ਰੱਬੀ ਦਰਗਾਹ ਵਿਚ ਅਰਦਾਸ ਕਰਨਗੇ।

ਹਿਜ਼ ਮੈਜਿਸਟੀ ਦੇ ਦਰ ਦੇ ਸੇਵਕ
ਸੀ. ਵੈਨਤੂਰਾ, ਸੀ. ਅਲਾਰਡ

ਲਾਹੌਰ 1 ਅਪ੍ਰੈਲ, 1822

ਸ਼ੇਰੇ-ਪੰਜਾਬ ਨੂੰ ਇਨ੍ਹਾਂ ਦੇ ਇਸ ਬਿਨੈ ਪੱਤਰ ਦੇ ਵਿਚਾਰਨ ਦੇ ਉਪਰੰਤ ਅਤੇ ਹੋਰ ਕਈ ਤਰ੍ਹਾਂ ਦੀ ਖੋਜ ਪੜਤਾਲ ਕਰਨ ਪਰ ਜਦ ਇਹ ਪੂਰਨ ਭਰੋਸਾ ਹੋ ਗਿਆ ਕਿ ਇਹ ਦੋਵੇਂ ਯਾਤਰੂ ਅੰਗਰੇਜ਼ ਨਹੀਂ ਸਗੋਂ ਫ਼ਰਾਂਸੀਸੀ ਹਨ, ਤਾਂ ਫਿਰ ਇਨ੍ਹਾਂ ਦੇ ਸਾਹਮਣੇ ਇਕ ਪ੍ਰਨ-ਪੱਤਰ ਰੱਖਿਆ ਗਿਆ। ਇਸ ਪੱਤਰ ਤੇ ਦਸਖ਼ਤ ਹੋਣ ਮਗਰੋਂ ਦੋਨਾਂ ਨੂੰ ਉੱਚ ਪਦਵੀਆਂ ਬਖਸ਼ੀਆਂ ਗਈਆਂ।

## ਵੈਨਤੂਰਾ ਦਾ ਵਿਆਹ

ਸੰਨ 1825 ਵਿਚ ਵੈਨਤੂਰਾ ਨੇ ਮਹਾਰਾਜਾ ਸਾਹਿਬ ਦੀ ਆਗਿਆ ਅਨੁਸਾਰ ਇਕ ਆਰਮੀਨੀਆ ਦੀ ਈਸਾਈ ਔਰਤ ਨਾਲ ਵਿਆਹ ਕਰਵਾ ਲਿਆ। ਵਿਆਹ ਲਾਹੌਰ ਵਿਚ ਕੈਥੋਲਿਕ ਮਰਯਾਦਾ ਅਨੁਸਾਰ ਹੋਇਆ। ਇਸ ਵਿਚ ਮਹਾਰਾਜਾ ਸਾਹਿਬ ਸਣੇ ਕਈ ਦਰਬਾਰੀ ਸ਼ਾਮਲ ਹੋਏ। ਇਹ ਵਿਆਹ ਪੜ੍ਹਾਉਣ ਲਈ ਆਗਰੇ ਤੋਂ ਕੈਥਲਿਕ ਪਾਦਰੀ ਮੰਗਵਾਇਆ ਗਿਆ। ਮਹਾਰਾਜਾ ਸਾਹਿਬ ਤੇ ਸਰਦਾਰਾਂ ਵੱਲੋਂ 40,000 ਰੁਪਏ ਵੈਨਤੂਰਾ ਨੂੰ ਤੰਬੋਲ ਵਜੋਂ ਮਿਲੇ।[1]

ਇਕ ਸਾਲ ਬਾਅਦ ਵੈਨਤੂਰਾ ਦੇ ਘਰ ਲੜਕੀ ਜਨਮੀ ਜਿਸ ਦਾ ਨਾਂ ਵਿਕਟੋਰੀਆ ਰਖਿਆ ਗਿਆ। ਇਹ ਕੰਨਿਆ ਅਜੇ ਛੋਟੀ ਸੀ ਕਿ ਸ਼ੇਰੇ-ਪੰਜਾਬ ਨੇ ਇਸ ਦੇ ਨਾਂ ਪਰ ਤਲਵੰਡੀ ਰਾਜਪੂਤਾਂ ਦੇ ਲਾਗੇ ਦੇ ਪਿੰਡ ਜਾਗੀਰ ਲਵਾ ਦਿੱਤੇ ਜਿਸ ਤੋਂ 7000 ਰੁਪਏ ਸਾਲਾਨਾ ਆਮਦਨ ਹੁੰਦੀ ਸੀ।[2]

## ਅਲਾਰਡ

ਅਲਾਰਡ ਦਾ ਜਨਮ 8 ਮਾਰਚ 1785 ਵਿਚ ਫ਼ਰਾਂਸ ਵਿਚ ਹੋਇਆ ਸੀ। ਉਹ ਵੱਡਾ ਹੋ ਕੇ ਸੰਨ 1803 ਵਿਚ ਫ਼ਰਾਂਸ ਦੀ ਪ੍ਰਸਿੱਧ ਰਜਮੈਂਟ 23 ਡਰੈਗੂਨ ਵਿਚ ਭਰਤੀ ਹੋਇਆ। ਵਾਟਰ ਲੂ ਦੀ ਲੜਾਈ ਦੇ ਬਾਅਦ ਫ਼ਰਾਂਸ ਵਿਚੋਂ ਨੌਕਰੀ ਛੱਡ ਕੇ ਰੁਜ਼ਗਾਰ ਦੀ ਭਾਲ ਵਿਚ

1. *ਲਾਈਫ਼ ਆਫ਼ ਅਵੀਤਬੇਲਾ*, ਸਫ਼ਾ 574
2. ਡਾਕਟਰ ਚੋਪੜਾ, *ਪੰਜਾਬ ਐਜ਼ ਏ ਸਾਵਰਨ ਸਟੇਟ*, ਸਫ਼ਾ 182

WWW.SIKHBOOKCLUB.COM 

ਬਦੇਸ਼ ਵੱਲ ਨਿਕਲ ਪਿਆ। ਸੰਜੋਗ ਨਾਲ ਇਨ੍ਹਾਂ ਦਿਨਾਂ ਵਿਚ ਹੀ ਇਸ ਨੂੰ ਵੈਨਤੂਰਾ ਮਿਲ ਗਿਆ। ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਖੁਲ੍ਹਦਿਲੀ ਤੇ ਨਿਆਂਸ਼ੀਲਤਾ ਦਾ ਡੰਕਾ ਦੂਰ-ਦੂਰ ਦੇਸਾਂ ਵਿਚ ਵੱਜ ਰਿਹਾ ਸੀ। ਇਨ੍ਹਾਂ ਦੋਹਾਂ ਪੰਜਾਬ ਤੋਂ ਪਰਤੇ ਕਈ ਜਾਤਰੂਆਂ ਤੋਂ ਪੰਜਾਬ ਦੇ ਹਾਲ ਸੁਣ ਕੇ ਪੰਜਾਬ ਪਹੁੰਚਣ ਦਾ ਨਿਸ਼ਚਾ ਕਰ ਲਿਆ। ਇਸ ਦੇ ਅੱਗੇ ਮਹਾਰਾਜਾ ਸਾਹਿਬ ਤੋਂ ਨੌਕਰੀ ਪ੍ਰਾਪਤ ਕਰਨ ਦੇ ਸਮਾਚਾਰ ਵੈਨਤੂਰਾ ਤੇ ਅਲਾਰਡ ਦੇ ਇਕੋ ਜਿਹੇ ਹਨ, ਇਸ ਲਈ ਉਨ੍ਹਾਂ ਨੂੰ ਮੁੜ ਦੁਹਰਾਉਣ ਦੀ ਲੋੜ ਨਹੀਂ।

ਅਲਾਰਡ ਖ਼ਾਲਸਾ ਫ਼ੌਜ ਵਿਚ ਰਸਾਲੇ ਵਿਚ ਭਰਤੀ ਕੀਤਾ ਗਿਆ। ਜਾਕੋਮਾ, ਪ੍ਰਸਿੱਧ ਫ਼ਰਾਂਸੀਸੀ ਸੈਲਾਨੀ, ਸੰਨ 1831 ਵਿਚ ਲਾਹੌਰ ਆਇਆ। ਇਸ ਨੇ ਆਪਣੀ ਇਕ ਚਿੱਠੀ ਜਿਹੜੀ ਉਸ ਨੇ ਲਾਹੌਰ ਤੋਂ ਲਿਖੀ ਸੀ, ਵਿਚ ਲਿਖਿਆ ਹੈ : "ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਦੋਹਾਂ (ਵੈਨਤੂਰਾ ਤੇ ਅਲਾਰਡ) ਨੂੰ ਬੜੀ ਇੱਜ਼ਤ ਨਾਲ ਰਖਦਾ ਹੈ ਅਤੇ ਇਨ੍ਹਾਂ ਨੂੰ ਮਾਇਆ ਨਾਲ ਨਿਹਾਲ ਕਰ ਰਿਹਾ ਹੈ।"[1]

ਕੁਝ ਸਮੇ ਦੇ ਬਾਅਦ ਇਸ ਨੇ ਰਿਆਸਤ ਚੰਬੇ ਦੀ ਇਕ ਪਹਾੜਨ ਨਾਲ ਵਿਆਹ ਕਰਾ ਲਿਆ ਜਿਸ ਤੋਂ ਇਕ ਲੜਕੀ ਜੰਮ ਕੇ ਮਰ ਗਈ ਜਿਸ ਦਾ ਜੈਨਰਲ ਅਲਾਰਡ ਨੂੰ ਬੜਾ ਦੁੱਖ ਹੋਇਆ। ਉਸ ਨੇ ਇਸ ਲੜਕੀ ਦੀ ਕਬਰ ਆਪਣੀ ਕੋਠੀ ਦੀ ਵਲਗਣ ਵਿਚ ਬਣਵਾਈ ਜਿਸ ਦੇ ਕਾਰਨ ਅੱਜ ਤਕ ਇਸ ਬਾਗ਼ ਦਾ ਨਾਂ 'ਕੁੜੀ ਬਾਗ਼' ਪ੍ਰਸਿੱਧ ਹੈ।

## ਛੁੱਟੀ ਜਾਣਾ

ਅਲਾਰਡ ਨੂੰ ਜਦ 12 ਸਾਲ ਖ਼ਾਲਸਾ ਰਾਜ ਦੀ ਨੌਕਰੀ ਕਰਦੇ ਬੀਤ ਗਏ, ਇਸ ਨੇ ਆਪਣੇ ਦੇਸ਼ ਨੂੰ ਵੇਖਣ ਲਈ ਮਹਾਰਾਜ ਤੋਂ ਦੋ ਸਾਲ ਦੀ ਛੁੱਟੀ ਮੰਗੀ ਤੇ ਜੂਨ, 1838 ਨੂੰ ਫ਼ਰਾਂਸ ਤੁਰ ਗਿਆ।

ਛੁੱਟੀ ਤੋਂ ਪਰਤਣ ਸਮੇਂ ਇਹ ਫ਼ੌਜ ਲਈ ਕਈ ਲੋੜੀਂਦੀਆਂ ਵਸਤਾਂ ਲੈ ਆਇਆ। ਇਸ ਤੋਂ ਛੁਟ ਸ਼ਹਿਨਸ਼ਾਹ ਫ਼ਰਾਂਸ ਵੱਲੋਂ ਸ਼ੇਰੇ-ਪੰਜਾਬ ਦੇ ਨਾਂ ਇਕ ਬੜਾ ਪਿਆਰ ਤੇ ਸਤਿਕਾਰ ਭਰਿਆ ਪੱਤਰ ਲੈ ਆਇਆ ਜਿਸ ਦਾ ਵੇਰਵਾ ਪਹਿਲਾਂ ਯੋਗ ਥਾਂ ਪਰ ਦਿੱਤਾ ਗਿਆ ਹੈ। ਇਸ ਨੇ ਵਾਪਸ ਪੁੱਜਣ ਪਰ ਇਕ ਫ਼ਾਰਸੀ ਕਵਿਤਾ ਸ਼ੇਰੇ-ਪੰਜਾਬ ਦੀ ਹਜ਼ੂਰੀ ਵਿਚ ਭੇਟਾ ਕੀਤੀ ਜਿਸ ਤੋਂ ਖ਼ਾਲਸਾ ਰਾਜ ਦਾ ਪਿਆਰ ਤੇ ਸਤਿਕਾਰ ਚੋ-ਚੋ ਪੈਂਦਾ ਹੈ। ਅਸੀਂ ਨਮੂਨੇ ਲਈ ਉਹ ਹੇਠ ਦਿੰਦੇ ਹਾਂ[2] :

الٰہی بادشا ہم زندہ بادا — فلک در خدمت او بستہ بادا
بہ کاہش رسم اعزاز ایام — دلم جان گردن از کاوش تمام
بود لاہور گرسیم مرام — بود کاوشت در غضب ایام

---

1. ਜੈਕੋਮਿਟਜ਼ ਲੈਟਰਜ਼, *ਫ਼ਰਾਮਾ ਇੰਡੀਆ*, ਜਿਲਦ 2, ਸਫ਼ਾ 64
2. ਸੱਯਦ ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, ਸਫ਼ਾ 475

## ਪੰਜਾਬੀ ਅਨੁਵਾਦ

1. ਐ ਰਬ ਮੇਰਾ ਬਾਦਸ਼ਾਹ ਸਦਾ ਜਿਊਂਦਾ ਰਹੇ।
2. ਆਸਮਾਨ ਉਸ ਦੀ ਸੇਵਾ ਵਿਚ ਸੇਵਕ ਵਾਂਗ ਲਗਿਆ ਰਹੇ।
3. ਮੈਂ ਉਸ ਦੇ ਦਰਬਾਰ ਵਿਚ ਇੱਜ਼ਤ ਪ੍ਰਾਪਤ ਕਰਦਾ ਰਹਾਂ।
4. ਜੇ ਮੈਂ ਉਸ ਦੇ ਹੁਕਮ ਤੋਂ ਗਰਦਨ ਫੇਰਾਂ ਤਾਂ ਮੇਰੀ ਮੌਤ ਹੋ ਜਾਵੇ।
5. ਜੇ ਮੈਂ ਮਰ ਜਾਵਾਂ ਤਾਂ ਮੇਰਾ ਮਜ਼ਾਰ ਲਾਹੌਰ ਵਿਚ ਹੋਵੇ।
6. ਤੇ ਮੇਰਾ ਤਾਬੂਤ ਅਨਾਰ (ਅਨਾਰਕਲੀ ਦੇ ਰੁੱਖੇ) ਅੰਦਰ ਹੋਵੇ।

ਅਲਾਰਡ ਨੇ ਇਕ ਹੋਰ ਛੋਟੀ ਕਵਿਤਾ ਵਿਚ ਕਿਹਾ ਸੀ ਕਿ :

1. ਜਦ ਮੇਰਾ ਅੰਤ ਸਮਾਂ ਆਏ ਤਾਂ ਮੇਰੀ ਕਬਰ ਲਾਹੌਰ ਵਿਚ ਬਣੇ।
2. ਮੇਰਾ ਬਬਾਨ ਅਨਾਰਕਲੀ ਦੇ ਬਾਜ਼ਾਰ ਵਿਚੋਂ ਲੰਘੇ।

ਇਸ ਰਚਨਾ ਦੇ ਸੁਣਨ ਪਰ ਸ਼ੇਰੇ-ਪੰਜਾਬ ਇੰਨੇ ਪ੍ਰਸੰਨ ਹੋਏ ਕਿ ਉਸੇ ਵਕਤ ਸਰਕਾਰ ਨੇ ਅਲਾਰਡ ਨੂੰ ਇਕ ਬਹੁਮੁੱਲੇ ਖਿਲਅਤ ਤੋਂ ਵੱਖ ਤੀਹ ਹਜ਼ਾਰ ਰੁਪਿਆ ਇਨਾਮ ਬਖਸ਼ਿਆ। ਇਸ ਦੇ ਨਾਲ ਹੀ ਇੱਕ ਲੱਖ ਰੁਪਿਆ, 18 ਮਹੀਨਿਆਂ ਦੀ ਛੁੱਟੀ ਦੇ ਸਮੇਂ ਦੀ ਪੂਰੀ ਤਲਬ ਵਜੋਂ ਵੀ ਦੇ ਦਿੱਤਾ।

ਕੁਦਰਤ ਦਾ ਅਸਚਰਜ ਖੇਲ ਇਹ ਦੇਖੋ ਕਿ ਅਲਾਰਡ ਨੇ ਆਪਣੀ ਮੌਤ ਅਤੇ ਬਬਾਣ ਦੇ ਅਨਾਰਕਲੀ ਬਾਜ਼ਾਰ ਵਿਚੋਂ ਲੰਘਣ ਦੀ ਜਿਹੜੀ ਮੰਗ ਰੱਬ ਤੋਂ ਉਪਰੋਕਤ ਕਵਿਤਾ ਵਿਚ ਮੰਗੀ ਸੀ, ਉਹ 4 ਸਾਲਾਂ ਦੇ ਬਾਅਦ ਅੱਖਰ-ਅੱਖਰ ਪੂਰੀ ਹੋਈ। ਅਰਥਾਤ ਅਲਾਰਡ ਨੇ ਜੋ ਮੰਗ ਮੰਗੀ ਸੀ ਕਿ ਮੇਰੀ ਕਬਰ ਲਾਹੌਰ ਵਿਚ ਬਣੇ ਅਤੇ ਮੇਰਾ ਬਬਾਣ ਅਨਾਰਕਲੀ ਦੇ ਬਾਜ਼ਾਰ ਵਿਚੋਂ ਲੰਘੇ, ਸੋ ਸਮਾਂ ਪਾ ਕੇ ਇਸੇ ਤਰ੍ਹਾਂ ਹੋਇਆ।

## ਅਲਾਰਡ ਦੀ ਮੌਤ

ਅਲਾਰਡ 22 ਜਨਵਰੀ 1839 ਦੀ ਰਾਤ ਨੂੰ ਪਿਸ਼ਾਵਰ ਵਿਚ ਦਿਲ ਦੀ ਪੀੜਾ ਨਾਲ ਚੜ੍ਹਾਈ ਕਰ ਗਿਆ। ਉਸ ਦੀ ਮ੍ਰਿਤਕ ਦੇਹ ਉਸ ਦੀ ਅੰਤਲੀ ਵਸੀਅਤ ਅਨੁਸਾਰ ਲਾਹੌਰ ਲੈ ਆਂਦੀ ਗਈ ਅਤੇ ਉਸ ਦਾ ਬਬਾਣ ਸ਼ਹਾਨਾ ਫ਼ੌਜੀ ਧੂਮ ਧਾਮ ਨਾਲ ਅਨਾਰਕਲੀ ਬਾਜ਼ਾਰ ਵਿਚੋਂ ਲੰਘ ਕੇ ਉਸ ਦੀ ਕੋਠੀ 'ਕੁੜੀ ਬਾਗ' ਵਿਚ ਪਹੁੰਚਾਇਆ ਗਿਆ। ਉਸੇ ਬਾਗ ਵਿਚ ਆਪਣੀ ਪਿਆਰੀ ਕੁੜੀ 'ਮੇਰੀ ਚਾਰਲਟ' ਦੀ ਕਬਰ ਦੇ ਨਾਲ ਹੀ ਉਸ ਨੂੰ ਦੱਬਿਆ ਗਿਆ।[1] ਮਗਰੋਂ ਇਸ ਪਰ ਪੱਕੀ ਕਬਰ ਬਣਵਾਈ ਗਈ।[2]

---

1. ਮਿਸਟਰ ਵਿਲੀਅਮ ਬਾਰ ਇਨ੍ਹਾਂ ਦਿਨਾਂ ਵਿਚ ਲਾਹੌਰ ਆਇਆ ਹੋਇਆ ਸੀ। ਅਲਾਰਡ ਦੇ ਬਬਾਣ ਨੂੰ ਉਹਨੇ ਅਨਾਰਕਲੀ ਬਾਜ਼ਾਰ ਵਿਚੋਂ ਲੰਘਦਾ ਆਪਣੀ ਅੱਖੀਂ ਡਿੱਠਾ। ਉਹ ਆਪਣੇ ਸਫਰਨਾਮੇ ਵਿਚ ਇਸ ਬਾਰੇ ਲਿਖਦਾ ਹੈ ਕਿ 'ਫ਼ੌਜੀ ਪਲਟਨਾਂ' ਅਲਾਰਡ ਦੇ ਬਬਾਣ ਦੇ ਸਤਿਕਾਰ ਲਈ ਦੋਵੱਲੀ ਅਨਾਰਕਲੀ ਬਾਜ਼ਾਰ ਵਿਚ ਖੜੀਆਂ ਕੀਤੀਆਂ ਗਈਆਂ ਸਨ। ਖ਼ਾਲਸਾ ਤੋਪਖ਼ਾਨਾ ਸਲਾਮੀ ਲਈ ਗਰਜਵੀਂ ਆਵਾਜ਼ ਵਿਚ ਅੱਗ ਉਗਲ ਰਿਹਾ ਸੀ। (ਬਾਰ, *ਜਰਨਲ ਆਫ ਏ ਮਾਰਚ ਫਰਾਮ ਦਿੱਲੀ ਟੂ ਪਿਸ਼ਾਵਰ*, ਸਫ਼ੇ 72-73)
2. ਅਲਾਰਡ ਦੀ ਕਬਰ ਇਸ ਵਕਤ ਤਕ ਲਾਹੌਰ ਦੇ 'ਕੁੜੀ ਬਾਗ' ਵਿਚ ਮੌਜੂਦ ਹੈ।

## ਅਵੀਤਬੇਲਾ

ਅਵੀਤਬੇਲਾ ਇਟਲੀ ਦਾ ਵਸਨੀਕ ਸੀ। ਕੁਝ ਸਮਾਂ ਇਟਲੀ ਫ਼ੌਜ ਦੇ ਤੋਪਖਾਨੇ ਵਿਚ ਰਿਹਾ। ਇਸ ਦੇ ਬਾਅਦ ਉਹ ਈਰਾਨ ਪੁੱਜਾ। ਇੱਥੇ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਪਾਸ ਨੌਕਰ ਹੋ ਚੁੱਕੇ ਵੈਨਤੂਰਾ ਅਤੇ ਅਲਾਰਡ ਬਾਰੇ ਖ਼ਬਰਾਂ ਮਿਲੀਆਂ ਕਿ ਮਹਾਰਾਜਾ ਉਨ੍ਹਾਂ ਨੂੰ ਬੜੀ ਇੱਜ਼ਤ ਨਾਲ ਰਖਦਾ ਹੈ। ਇੱਥੇ ਉਸ ਨੇ ਇਕ ਖ਼ਤ ਵੈਨਤੂਰਾ ਨੂੰ ਜੋ ਉਸ ਦਾ ਪਹਿਲਾਂ ਤੋਂ ਜਾਣੂ ਸੀ।[1] ਮਹਾਰਾਜਾ ਪਾਸ ਨੌਕਰੀ ਕਰਨ ਲਈ ਲਿਖਿਆ। ਵੈਨਤੂਰਾ ਨੇ ਖ਼ਤ ਮਹਾਰਾਜਾ ਦੇ ਪੇਸ਼ ਕੀਤਾ ਤਾਂ ਮਹਾਰਾਜਾ ਨੇ ਉੱਤਰ ਦਿੱਤਾ ਕਿ ਬਿਨਾ ਕਿਸੇ ਦੇ ਗੁਣ ਤੇ ਯੋਗਤਾ ਵੇਖਣ ਦੇ ਕਿਵੇਂ ਕੋਈ ਨੌਕਰੀ ਦੇ ਸਕਦਾ ਹੈ। ਜੇ ਉਹ ਆਪਣੀ ਜ਼ਿੰਮੇਵਾਰੀ ਪਰ ਇੱਥੇ ਆ ਜਾਵੇ ਤਾਂ ਉਸ ਦੀ ਯੋਗਤਾ ਅਨੁਸਾਰ ਉਸ ਨੂੰ ਕੰਮ ਦਿੱਤਾ ਜਾਵੇਗਾ।

ਅਵੀਤਬੇਲਾ ਇਸ ਖ਼ਤ ਦੇ ਵੇਖਦੇ ਹੀ ਈਰਾਨ ਤੋਂ ਲਾਹੌਰ ਲਈ ਕੂਚ ਕਰ ਆਇਆ ਅਤੇ ਫਰਵਰੀ 1827 ਨੂੰ ਲਾਹੌਰ ਪਹੁੰਚਿਆ। ਪੁਛ-ਪੜਤਾਲ ਤੋਂ ਬਾਅਦ ਇਸ ਨੂੰ ਨੌਕਰੀ ਦਿੱਤੀ ਗਈ। ਕੁਝ ਸਮਾਂ ਮਗਰੋਂ ਉਸ ਨੂੰ ਵਜ਼ੀਰਾਬਾਦ ਦੇ ਪਰਗਨੇ ਦਾ ਨਾਜ਼ਮ ਨੀਯਤ ਕੀਤਾ ਗਿਆ।

ਸੰਨ 1837 ਵਿਚ ਜਦ ਬਹਾਦਰ ਸਰਦਾਰ ਹਰੀ ਸਿੰਘ ਨਲੂਆ ਖਾਲਸਾ ਰਾਜ ਤੋਂ ਆਪਾ ਵਾਰ ਗਿਆ ਤਾਂ ਪਿਸ਼ਾਵਰ ਦੇ ਪਠਾਣੀ ਇਲਾਕੇ ਦੇ ਮੁਲਕੀ ਪ੍ਰਬੰਧ ਨੂੰ ਠੀਕ ਰਖਣ ਲਈ ਮਹਾਰਾਜਾ ਨੇ ਅਵੀਤਬੇਲੇ ਨੂੰ ਪਿਸ਼ਾਵਰ ਸੂਬਾ ਸਰਹੱਦ ਦਾ ਗਵਰਨਰ ਸਥਾਪਤ ਕੀਤਾ। ਇੱਥੇ ਇਸ ਨੇ ਪਠਾਣਾਂ ਦੇ ਕਰੜੇ ਸੁਭਾਵ ਅਨੁਸਾਰ ਬੜੀ ਕਰੜਾਈ ਤੋਂ ਕੰਮ ਲਿਆ। ਪਰ ਮਹਾਰਾਜਾ ਸਾਹਿਬ ਨੇ ਪਰਜਾ ਪਰ ਲੋੜ ਤੋਂ ਵਧੇਰੀ ਸਖ਼ਤੀ ਦਾ ਵਰਤਾਵ ਪਸੰਦ ਨਾ ਕੀਤਾ ਅਤੇ ਇਸ ਨੂੰ ਹਕੂਮਤ ਵਿਚ ਸਹਾਇਤਾ ਦੇਣ ਲਈ ਇਕ ਸਲਾਹਕਾਰ ਪੰਚਾਇਤ ਨੀਯਤ ਕਰ ਦਿੱਤੀ ਜਿਨ੍ਹਾਂ ਦੀ ਸਲਾਹ ਤੋਂ ਬਿਨਾਂ ਅਵੀਤਬੇਲਾ ਕਿਸੇ ਨੂੰ ਮੌਤ ਦੀ ਸਜ਼ਾ ਨਹੀਂ ਸੀ ਦੇ ਸਕਦਾ। ਪਿਸ਼ਾਵਰ ਵਿਚ ਇਸ ਦਾ ਨਿਵਾਸ ਮਕਾਨ ਗੋਰਖਟੜੀ ਨਾਮੀ ਇਮਾਰਤ ਵਿਚ ਰਿਹਾ। ਇਸ ਇਮਾਰਤ ਦੇ ਦਰਵਾਜ਼ੇ ਪਰ ਅਜੇ ਤਕ ਇਕ ਸਿਲਾਲੇਖ ਉਕਰਿਆ ਹੋਇਆ ਮਿਲਦਾ ਹੈ ਜਿਸ ਦੀ ਲਿਖਤ ਅੰਗਰੇਜ਼ੀ ਵਿਚ ਇਉਂ ਹੈ :

> "Residence of General Avitabile,Governor, of Peshawar 1838-1842."
>
> (ਅਵੀਤਬੇਲਾ ਗਵਰਨਰ ਪਿਸ਼ਾਵਰ ਦੇ ਰਹਿਣ ਦੀ ਥਾਂ, 1838-1842)

ਪਿਸ਼ਾਵਰ ਵਿਚ ਇਹ ਸ਼ਾਹੀ ਠਾਠ ਨਾਲ ਰਹਿੰਦਾ ਸੀ। ਇਸ ਦੀ ਤਲਬ 4000 ਰੁਪਏ ਸੀ।

## ਕੋਰਟ

ਇਹ ਫ਼ਰਾਂਸੀਸੀ ਸੀ। ਇਸ ਦਾ ਜਨਮ 1793 ਵਿਚ ਹੋਇਆ। ਇਹ ਈਰਾਨ ਤੋਂ

---

1. *ਜਰਨਲ ਆਫ ਦੀ ਪੰਜਾਬ ਹਿਸਟਰੀਕਲ ਸੁਸਾਇਟੀ*, ਜਿਲਦ 6, ਪੰਨਾ 150

ਅਵੀਤਬੇਲੇ ਨਾਲ ਮਿਲ ਕੇ ਪੰਜਾਬ ਪੁੱਜਾ ਸੀ। ਇਹ ਚੰਗਾ ਵਿਦਵਾਨ ਸੀ ਤੇ ਇਸ ਨੂੰ ਤੋਪਖਾਨਾ ਫ਼ੌਜ ਵਿਚ ਭਰਤੀ ਕੀਤਾ ਗਿਆ। ਹੌਲੀ-ਹੌਲੀ ਤਰੱਕੀ ਦੇ ਕੇ ਉਸ ਨੂੰ ਜਰਨੈਲੀ ਦੇ ਅਹੁਦੇ ਪਰ ਪਹੁੰਚਾਇਆ ਗਿਆ। ਇਸ ਦੀ ਤਲਬ 3500 ਰੁਪਏ ਸੀ। ਇਸ ਨੇ ਨੌਕਰੀ ਸਮੇਂ ਇਕ ਕਸ਼ਮੀਰਨ ਮੁਸਲਿਮ ਲੜਕੀ ਨਾਲ ਵਿਆਹ ਕਰ ਲਿਆ।

## ਹੋਰ ਬਿਦੇਸ਼ੀ ਅਫ਼ਸਰ

ਖ਼ਾਲਸਾ ਰਾਜ ਦੇ ਤੋਪਾਂ ਦੇ ਕਾਰਖਾਨਿਆਂ ਵਿਚ ਕੁਝ ਤੋਪਾਂ ਉਸ ਦੀ ਦੇਖਭਾਲ ਵਿਚ ਢਲੀਆਂ ਜਿਨ੍ਹਾਂ ਪਰ ਉਸ ਦਾ ਨਾਂ ਉਕਰਿਆ ਹੋਇਆ ਹੈ।

ਓਮਸ (Oms)-ਮੁਸਾ ਸਾਹਿਬ : ਖ਼ਾਲਸਾ ਦਰਬਾਰ ਦੀਆਂ ਲਿਖਤਾਂ ਵਿਚ ਓਮਸ ਦਾ ਨਾਂ ਮੁਸਾ ਸਾਹਿਬ ਲਿਖਿਆ ਮਿਲਦਾ ਹੈ। ਇਹ ਵੀ ਫ਼ਰਾਂਸੀਸੀ ਸੀ। ਇਹ ਫ਼ਰਾਸ ਦੀ ਫ਼ੌਜ ਵਿਚ ਕਪਤਾਨ ਦੇ ਅਹੁਦੇ ਪਰ ਸੀ। ਇਹ ਨਵੰਬਰ 1826 ਨੂੰ ਲਾਹੌਰ ਪੁੱਜਾ। ਇਸ ਦੀ ਕੌਮੀਅਤ ਅਤੇ ਪਿਛਲੀ ਨੌਕਰੀ ਦੇ ਚਿੱਠੀ ਪੱਤਰ ਪੜਤਾਲੇ ਗਏ। ਜਦ ਤਸੱਲੀ ਹੋ ਗਈ ਤਾਂ ਉਸ ਨੂੰ ਰਸਾਲਾ ਫ਼ੌਜ ਵਿਚ 1200 ਰੁਪਏ ਤਲਬ ਤੇ ਨੌਕਰ ਰੱਖ ਲਿਆ ਗਿਆ। ਇਹ ਬੜਾ ਮਿਹਨਤੀ ਸੀ। ਇਹ ਅਕਤੂਬਰ, 1828 ਨੂੰ ਲਾਹੌਰ ਵਿਚ ਮਰ ਗਿਆ।

ਗਾਰਡਨਰ—ਗੋਰਦਾਨਾ ਸਾਹਿਬ : ਗਾਰਡਨਰ ਦਾ ਨਾਂ ਖ਼ਾਲਸਾ ਫ਼ੌਜ ਵਿਚ ਗੋਰਦਾਨਾ ਦੇ ਨਾਂ ਨਾਲ ਪ੍ਰਸਿੱਧ ਸੀ। ਇਹ ਅਮਰੀਕਨ ਕੌਮੀਅਤ ਦਾ ਸੀ। ਇਸ ਦਾ ਜੀਵਨ ਅਸਚਰਜ ਘਟਨਾਵਾਂ ਦਾ ਸਮੂਹ ਹੈ। ਖ਼ਾਲਸਾ ਰਾਜ ਵਿਚ ਪਹੁੰਚਣ ਤੋਂ ਪਹਿਲਾਂ ਇਹ ਡਾਕੇ ਮਾਰਦਾ ਹੁੰਦਾ ਸੀ। ਮੁਸਲਿਮ ਭੇਸ ਵਿਚ ਸ਼ਾਦੀਆਂ ਕੀਤੀਆਂ, ਬੱਚੇ ਜਣੇ ਤੇ ਬੱਚੇ ਕਤਲ ਹੋਏ, ਆਦਿ। ਖ਼ਾਲਸਾ ਫ਼ੌਜ ਵਿਚ ਕਰਨੈਲ ਦੇ ਅਹੁਦੇ ਪਰ ਰਿਹਾ। ਖ਼ਾਲਸਾ ਰਾਜ ਦੀਆਂ ਕਈ ਭਿਆਨਕ ਘਟਨਾਵਾਂ ਇਸ ਦੀਆਂ ਅੱਖੀਂ ਡਿੱਠੀਆਂ ਜਾਂ ਹੱਥੀਂ ਕੀਤੀਆਂ ਹੋਈਆਂ ਸਨ, ਅਰਥਾਤ ਚੇਤ ਸਿੰਘ ਦਾ ਕਤਲ, ਕੰਵਰ ਨੌਨਿਹਾਲ ਸਿੰਘ ਦੀ ਹੱਤਿਆ, ਮਹਾਰਾਜਾ ਸ਼ੇਰ ਸਿੰਘ ਦੀ ਮੌਤ ਆਦਿ। ਇਹ ਸੰਨ 1831 ਵਿਚ ਪੰਜਾਬ ਪੁੱਜਾ ਤੇ ਰਾਜ ਦੇ ਛੇਕੜਲੇ ਸਮੇਂ ਤਕ ਇੱਥੇ ਰਿਹਾ।

ਡਾਕਟਰ ਹਾਰਲਨ ਦਾ ਜਨਮ ਅਮਰੀਕਾ ਵਿਚ ਹੋਇਆ। ਇਹ ਸੰਨ 1829 ਵਿਚ ਪੰਜਾਬ ਆਇਆ ਅਤੇ ਮਹਾਰਾਜ ਸਾਹਿਬ ਨੇ ਇਸ ਨੂੰ ਨੌਕਰੀ ਵਿਚ ਲੈ ਲਿਆ। ਪਹਿਲਾਂ ਇਸ ਨੂੰ ਪਹਾੜੀ ਇਲਾਕਾ ਜਸਰੋਟਾ ਆਦਿ ਦਾ ਮੁਲਕੀ ਪ੍ਰਬੰਧ ਦਾ ਕੰਮ ਸੌਂਪਿਆ ਗਿਆ। ਫਿਰ ਕੁਝ ਚਿਰ ਲਈ ਗੁਜਰਾਤ ਦਾ ਪ੍ਰਬੰਧਕ ਰਿਹਾ। ਪਰ ਇਸ ਦੇ ਵਰਤਾਉ ਤੋਂ ਪਰਜਾ ਖ਼ੁਸ਼ ਨਹੀਂ ਸੀ, ਇਸ ਲਈ ਮਹਾਰਾਜਾ ਸਾਹਿਬ ਨੇ ਇਸ ਨੂੰ ਚੰਗੀ ਤਾੜਨਾ ਦੇ ਕੇ ਸਮਝਾਇਆ ਕਿ ਪਰਜਾ ਨਾਲ ਪਿਆਰ ਭਰਿਆ ਵਰਤਾਉ ਹਰ ਕਾਰਿੰਦੇ ਦਾ ਫਰਜ ਹੈ।

ਇਹ ਕਈ ਹੁਨਰਾਂ ਤੋਂ ਜਾਣੂ ਹੋਣ ਦਾ ਦਾਵਾ ਕੀਤਾ ਕਰਦਾ ਸੀ ਪਰ ਪਰਖਿਆਂ ਇਹ ਦਾਵੇ ਵਧੇਰੇ ਝੂਠ ਸਿੱਧ ਹੁੰਦੇ ਰਹੇ।

ਡਾਕਟਰ ਹੋਨਿੰਗਬਰਗਰ ਇਹ ਹੰਗੇਰੀ ਕੌਮੀਅਤ ਦਾ ਸੀ। ਇਹ ਸੰਨ 1829 ਵਿਚ ਪੰਜਾਬ ਆਇਆ ਅਤੇ ਇਸ ਨੂੰ ਅਰੋਗਤਾ ਦੇ ਵਿਭਾਗ ਵਿਚ ਨੌਕਰ ਲਾਇਆ ਗਿਆ। ਇਹ ਆਪਣੇ ਡਾਕਟਰੀ ਦੇ ਹੁਨਰ ਦਾ ਚੰਗਾ ਮਾਹਿਰ ਸੀ। ਇਹ ਕਈ ਬੀਮਾਰੀਆਂ ਦਾ

ਇਲਾਜ ਬੜੀ ਸਫ਼ਲਤਾ ਨਾਲ ਕਰਿਆ ਕਰਦਾ ਸੀ।

ਹਕੀਮੀ ਤੋਂ ਛੁਟ ਇਹ ਪੰਜਾਬ ਤੇ ਕਸ਼ਮੀਰ ਦੀਆਂ ਜੜੀਆਂ ਬੂਟੀਆਂ ਦਾ ਬੜਾ ਖੋਜੀ ਸੀ। ਇਸ ਨੇ ਕਈ ਨਵੀਆਂ ਬੂਟੀਆਂ ਤੇ ਉਨ੍ਹਾਂ ਦੀ ਵਰਤੋਂ ਦਾ ਢੰਗ ਲਭਿਆ ਸੀ।

ਇਸ ਨੇ ਇਸ ਭਾਵ ਉੱਤੇ ਇਕ ਵੱਡੀ ਖੋਜ ਭਰੀ ਪੁਸਤਕ ਲਿਖੀ ਹੈ ਜਿਸ ਵਿਚ ਕੁਝ ਇਤਿਹਾਸਕ ਘਟਨਾਵਾਂ ਤੋਂ ਇਲਾਵਾ ਇੱਥੋਂ ਦਿਆਂ ਬਿਰਖਾਂ, ਬੂਟੀਆਂ, ਸਪਾਂ, ਮਿਰਗਾਂ ਆਦਿ ਦੇ ਸਮਾਚਾਰ ਵਿਸਥਾਰ ਨਾਲ ਲਿਖੇ ਹਨ। ਇਸ ਪੁਸਤਕ ਦਾ ਨਾਂ *'ਥਰਟੀ ਫਾਈਵ ਯੀਅਰਜ਼ ਇਨ ਦੀ ਈਸਟ'* ਹੈ। ਇਹ ਖ਼ਾਲਸਾ ਰਾਜ ਦੇ ਬਾਰੂਦ-ਖਾਨੇ ਦਾ ਵੀ ਨਿਗਰਾਨ ਸੀ। ਇਹ ਦੋ ਵਾਰੀ ਪੰਜਾਬ ਆਇਆ ਅਤੇ ਚੋਖਾ ਸਮਾਂ ਇੱਥੇ ਰਿਹਾ।

ਕਰਨਲ ਸਟਾਈਨਬਾਖ—ਇਹ ਜਰਮਨ ਨਸਲ ਦਾ ਅਫ਼ਸਰ ਸੀ। ਇਹ ਸੰਨ 1836 ਵਿਚ ਪੰਜਾਬ ਆਇਆ ਅਤੇ ਇਸ ਨੇ ਆਪਣਾ ਫ਼ੌਜੀ ਹੁਨਰ ਮਹਾਰਾਜਾ ਰਣਜੀਤ ਸਿੰਘ ਨੂੰ ਦੱਸਿਆ। ਮਹਾਰਾਜਾ ਨੇ ਪਹਿਲਾਂ ਇਸ ਨੂੰ ਕਸ਼ਮੀਰ ਵਿਚ ਇਕ ਪ੍ਰਬੰਧਕ ਪਦਵੀ ਦਿੱਤੀ। ਇਸ ਦੀ ਤਲਬ ਸ਼ੁਰੂ ਵਿਚ 600 ਰੁਪਏ ਸੀ। ਫਿਰ ਤਰੱਕੀ ਕਰਕੇ 800 ਤਕ ਵੱਧ ਗਈ।

ਸਟਾਈਨਬਾਖ ਜਰਮਨ ਤੋਂ ਛੁਟ ਇੰਗਲਿਸ਼ ਵਿਚ ਵੀ ਚੰਗੀ ਤਰ੍ਹਾਂ ਲਿਖ ਪੜ੍ਹ ਸਕਦਾ ਸੀ। ਇਸ ਨੇ ਖ਼ਾਲਸਾ ਰਾਜ ਬਾਰੇ ਇਕ ਪੁਸਤਕ ਲਿਖੀ ਹੈ ਜਿਸ ਦਾ ਨਾਂ *'ਦੀ ਪੰਜਾਬ'* ਹੈ। ਇਸ ਵਿਚ ਕੁਝ ਘਟਨਾਵਾਂ ਅੱਖੀਂ ਡਿੱਠੀਆਂ ਲਿਖੀਆਂ ਹਨ।

ਡਾਕਟਰ ਬੈਂਟ—ਇਹ ਫ਼ਰਾਂਸੀਸੀ ਕੌਮੀਅਤ ਦਾ ਡਾਕਟਰ ਸੀ। ਇਹ ਅਪ੍ਰੈਲ 1838 ਵਿਚ ਪੰਜਾਬ ਆਇਆ। ਮਹਾਰਾਜਾ ਸਾਹਿਬ ਡਾਕਟਰਾਂ ਦੀ ਵੱਡੀ ਇੱਜ਼ਤ ਕਰਦੇ ਹੁੰਦੇ ਸਨ। ਛੇਤੀ ਹੀ ਨੌਕਰੀ ਦੇ ਦਿੱਤੀ ਅਤੇ 800 ਰੁਪਏ ਮਹੀਨਾ ਪਰ ਫ਼ੌਜੀ ਅਤੇ ਮਲਕੀ ਅਰੋਗਤਾ ਦਾ ਕੰਮ ਇਸ ਨੂੰ ਸੌਂਪਿਆ। ਡਾਕਟਰ ਬੈਂਟ ਦੇ ਰਹਿਣ ਲਈ ਇਕ ਸ਼ਾਹੀ ਬਾਰਾਂਦਰੀ ਤੇ ਬਾਗ਼ ਦਿੱਤਾ। ਮਿਸਟਰ ਬਾਰ ਲਿਖਦਾ ਹੈ ਕਿ ਬੈਂਟ ਦੀ ਰਿਹਾਇਸ਼ ਠੀਕ ਹੀ ਸ਼ਾਹੀ ਸੀ ਜਿਸ ਵਿਚ ਸ਼ੀਸ਼ੇ ਦਾ ਕੰਮ ਬੜੇ ਕਮਾਲ ਨਾਲ ਹੋਇਆ ਸੀ। ਉਸ ਦਾ ਬਾਗ਼ ਲਾਹੌਰ ਦੇ ਚੋਣਵੇਂ ਬਾਗ਼ਾਂ ਵਿਚੋਂ ਸੀ। ਮਹਾਰਾਜਾ ਸਾਹਿਬ ਬੈਂਟ ਨੂੰ ਬੜੀ ਇੱਜ਼ਤ ਦੀ ਨਿਗਾਹ ਨਾਲ ਵੇਖਦੇ ਸਨ ਜਿਸ ਦੇ ਕਾਰਨ ਇਸ ਨੂੰ ਵੱਡੇ-ਵੱਡੇ ਸਰਦਾਰਾਂ ਤੋਂ ਖ਼ਬਰੀ ਆਮਦਨੀ ਹੁੰਦੀ ਸੀ।

ਮਹਾਰਾਜਾ ਸਾਹਿਬ ਉਸ ਦੇ ਕੰਮ ਤੋਂ ਇਤਨੇ ਪ੍ਰਸੰਨ ਹੋਏ ਕਿ ਇਕ ਬਹੁਮੁੱਲਾ ਦਵਾਈਆਂ ਨਾਲ ਭਰਪੂਰ ਬਕਸਾ ਉਸ ਨੂੰ ਭਰੇ ਦਰਬਾਰ ਵਿਚ ਬਖ਼ਸ਼ਿਆ। ਇਹ ਕੀਮਤੀ ਸੋਗਾਤ ਗਵਰਨਰ ਜੈਨਰਲ ਵਿਲੀਅਮ ਬੈਂਟਿੰਗ ਵੱਲੋਂ ਮਹਾਰਾਜਾ ਪਾਸ ਭੇਟਾ ਆਈ ਸੀ।

ਉਪਰੋਕਤ ਅਫ਼ਸਰਾਂ ਤੋਂ ਛੁਟ ਹੋਰ ਕਈ ਈਸਾਈ ਖ਼ਾਲਸਾ ਰਾਜ ਵਿਚ ਨੌਕਰ ਸਨ। ਉਨ੍ਹਾਂ ਸਾਰਿਆਂ ਦੇ ਯੋਗ ਹੱਕ ਤੇ ਆਰਾਮ ਦਾ ਪੂਰਾ-ਪੂਰਾ ਧਿਆਨ ਰਖਿਆ ਜਾਂਦਾ ਸੀ ਜਿਸ ਦੇ ਕਾਰਨ ਉਨ੍ਹਾਂ ਆਪਣੇ ਮਰਨ ਜੀਊਣ ਦਾ ਵਸੇਬਾ ਖ਼ਾਲਸਾ ਰਾਜ ਨੂੰ ਬਣਾ ਰਖਿਆ ਸੀ। ਇਨ੍ਹਾਂ ਨੂੰ 300 ਰੁਪਏ ਤੋਂ ਲੈ ਕੇ 4000 ਰੁਪਏ ਮਹੀਨਾ ਤਕ ਦੀਆਂ ਤਲਬਾਂ ਮਿਲਦੀਆਂ ਸਨ। ਰਹਿਣ ਲਈ ਸ਼ਾਹੀ ਮਕਾਨ ਤੇ ਅਦੁੱਤੀ ਬਾਗ਼ ਇਨ੍ਹਾਂ ਨੂੰ ਮਿਲੇ ਹੋਏ ਸਨ। ਲਾਹੌਰ ਵਿਚ ਸ਼ਾਮ ਦੇ ਸਮੇਂ ਅਜੀਬ ਚਹਿਲ ਪਹਿਲ ਹੁੰਦੀ ਸੀ ਜਿੱਥੇ ਹਰ ਮੁਲਕ ਦੇ ਵਸਨੀਕ ਤੁਰਦੇ-ਫਿਰਦੇ ਦਿਸਦੇ ਸਨ।

## ਖ਼ਾਲਸਾ ਰਾਜ ਦਾ ਇੱਕ ਵਿਸ਼ੇਸ਼ ਵਾਧਾ

ਖ਼ਾਲਸਾ ਰਾਜ ਦੇ ਆਰੰਭ ਤੋਂ ਛੇਕੜਲੇ ਸਮੇਂ ਤਕ ਇਕ ਅਜਿਹਾ ਨਿਯਮ ਚਲਾ ਆਉਂਦਾ ਰਿਹਾ ਜੋ ਹੋਰ ਥਾਂ ਕਿਤੇ ਨਹੀਂ ਲੱਭਦਾ। ਉਹ ਇਹ ਹੈ ਕਿ ਸ਼ੇਰੇ-ਪੰਜਾਬ ਜਿਹੜਾ ਇਲਾਕਾ ਫ਼ਤਹਿ ਕਰ ਕੇ ਖ਼ਾਲਸਾ ਰਾਜ ਵਿਚ ਮਿਲਾਉਂਦਾ ਸੀ, ਉਸ ਦੇ ਪਹਿਲੇ ਮਾਲਕਾਂ ਨੂੰ ਰਜਵੀਆਂ ਜਾਗੀਰਾਂ ਬਖ਼ਸ਼ ਦਿੰਦਾ ਸੀ ਜਿਸ ਨਾਲ ਉਹ ਆਪਣੇ ਪਰਿਵਾਰ ਸਮੇਤ ਬੜੇ ਪਤਵੰਤੇ ਅਮੀਰਾ ਵਾਂਗ ਜੀਵਨ ਗੁਜ਼ਾਰ ਸਕਦੇ ਸਨ। ਮਹਾਰਾਜਾ ਰਣਜੀਤ ਸਿੰਘ ਦਾ ਨਿਯਮ ਨਾ ਕੇਵਲ ਸਿੱਖਾਂ ਲਈ ਪ੍ਰਚੱਲਤ ਸੀ ਸਗੋਂ ਇਸ ਤੋਂ ਮੁਸਲਮਾਨ ਅਤੇ ਹਿੰਦੂ ਭਾਈ ਵੀ ਪੂਰਾ ਲਾਭ ਪ੍ਰਾਪਤ ਕਰਦੇ ਹੁੰਦੇ ਸਨ। ਹੇਠ ਅਸੀਂ ਕੁਝ ਉਦਾਹਰਣਾਂ ਦਿੰਦੇ ਹਾਂ ਜਿਨ੍ਹਾਂ ਤੋਂ ਖ਼ਾਲਸਾ ਰਾਜ ਦੀ ਇਹ ਵਡਿਆਈ ਸਪਸ਼ਟ ਹੋ ਜਾਂਦੀ ਹੈ .

### 1. ਲਾਹੌਰ ਦੀ ਫ਼ਤਹਿ

15 ਹਾੜ ਸੰਮਤ 1856 (27 ਜੂਨ 1799)[1] ਨੂੰ ਲਾਹੌਰ ਪੁਰ ਚੜ੍ਹਾਈ ਕਰ ਕੇ ਇਸ ਨੂੰ ਫ਼ਤਹਿ ਕੀਤਾ ਗਿਆ ਤਾਂ ਇਸ ਦੇ ਪਹਿਲੇ ਹੁਕਮਰਾਨ ਸਰਦਾਰ ਚੇਤ ਸਿੰਘ ਨੂੰ ਉਸ ਦੀ ਮੰਗ ਤੋਂ ਵੱਧ 60,000 ਰੁਪਏ ਦੀ ਸਾਲਾਨਾ ਜਾਗੀਰ ਬਖ਼ਸ਼ੀ ਗਈ।[2]

### 2. ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ

26 ਦਸੰਬਰ 1802 ਦੀ ਸਵੇਰ ਨੂੰ ਜਦ ਮਹਾਰਾਜਾ ਰਣਜੀਤ ਸਿੰਘ ਨੇ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਦਾ ਉੱਦਮ ਕੀਤਾ ਤਾਂ ਉਸ ਸਮੇਂ ਅੰਮ੍ਰਿਤਸਰ ਭੰਗੀ ਸਰਦਾਰਾਂ ਦੇ ਅਧਿਕਾਰ ਵਿਚ ਸੀ। ਮਹਾਰਾਜਾ ਸਾਹਿਬ, ਸਰਦਾਰਨੀ ਸਦਾ ਕੌਰ ਅਤੇ ਰਾਜਾ ਫ਼ਤਹਿ ਸਿੰਘ ਜੀ ਆਹਲੂਵਾਲੀਏ ਦੀ ਸਿਆਣਪ ਤੇ ਦੂਰ-ਦ੍ਰਿਸ਼ਟੀ ਦੇ ਕਾਰਨ ਬਿਨਾਂ ਕਿਸੇ ਖ਼ੂਨ ਖ਼ਰਾਬੇ ਦੇ ਸ੍ਰੀ ਅੰਮ੍ਰਿਤਸਰ ਦਾ ਪ੍ਰਬੰਧ ਸ਼ੇਰੇ-ਪੰਜਾਬ ਦੇ ਹੱਥ ਆ ਗਿਆ।

ਅਤੇ ਮਹਾਰਾਜਾ ਸਾਹਿਬ ਨੇ ਸਰਦਾਰਨੀ ਸੁੱਖਾਂ ਜੀ ਅਤੇ ਸਰਦਾਰ ਗੁਰਦਿਆਲ ਸਿੰਘ ਜੀ ਭੰਗੀ ਨੂੰ ਦਿਲ ਖੋਲ੍ਹ ਕੇ ਜਾਗੀਰ ਬਖ਼ਸ਼ੀ। ਅਰਥਾਤ ਚਾਰ ਹਰੇ ਭਰੇ ਪਿੰਡ ਉਨ੍ਹਾਂ ਦੇ ਪਤਵੰਤੇ ਜੀਵਨ ਨਿਰਬਾਹ ਲਈ ਬਖ਼ਸ਼ੇ।[3] ਇਹ ਜਾਗੀਰ ਉਨ੍ਹਾਂ ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰ ਲਈ।

### 3. ਕਸੂਰ ਦੇ ਮੁਸਲਿਮ ਨਵਾਬ ਨੂੰ ਜਾਗੀਰ

ਕਸੂਰ ਬੜਾ ਇਤਿਹਾਸਕ ਸ਼ਹਿਰ ਹੈ। ਹਿੰਦ ਦੇ ਇਤਿਹਾਸ ਵਿਚ ਇਸ ਨੂੰ ਕੁਸ਼ ਦਾ ਵਸਾਇਆ ਮੰਨਿਆ ਜਾਂਦਾ ਹੈ। ਮੁਸਲਿਮ ਲਿਖਤਾਂ ਵਿਚ ਅਕਬਰ ਬਾਦਸ਼ਾਹ ਦੇ ਸਮੇਂ ਇੱਥੇ 3500 ਹਸਨਜ਼ਈ ਪਠਾਣਾਂ ਦੇ ਵਸਾਏ ਜਾਣ ਦਾ ਸਮਾਚਾਰ ਮਿਲਦਾ ਹੈ। ਇਹ ਮੁਗ਼ਲੀਆ

---

1. ਅਮਰਨਾਥ, *ਜ਼ਫ਼ਰਨਾਮਾ ਰਣਜੀਤ ਸਿੰਘ*, ਸਫ਼ਾ 8
2. ਪ੍ਰਿੰਸਪ, *ਓਰਿਜਨ ਆਫ਼ ਦੀ ਸਿੱਖ ਪਾਵਰ ਇਨ ਦੀ ਪੰਜਾਬ*, ਸਫ਼ਾ 42;
   ਸਯੱਦ ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, ਸਫ਼ਾ 351
   ਲੈਪਲ ਗ੍ਰਿਫ਼ਨ, *ਰਾਈਸਾਨੇ ਪੰਜਾਬ*, ਸਫ਼ਾ 401
3. ਸਰਦਾਰ ਮੁਹੰਮਦ ਲਤੀਫ਼, *ਹਿਸਟਰੀ ਆਫ਼ ਦੀ ਪੰਜਾਬ*, ਪੰਨਾ 175;
   ਘਨੱਈਆ ਲਾਲ, *ਤਾਰੀਖ਼ ਪੰਜਾਬ*, ਪੰਨਾ 166

ਘਰਾਣੇ ਦੇ ਸਦਾ ਵਫ਼ਾਦਾਰ ਰਹੇ ਹਨ ਅਤੇ ਹਕੂਮਤ ਵੱਲੋਂ ਸਦਾ ਇਨ੍ਹਾਂ ਦਾ ਹੌਸਲਾ ਵਧਾਇਆ ਜਾਂਦਾ ਰਿਹਾ ਹੈ।

ਲਾਹੌਰ ਜਦ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਵਿਚ ਆ ਗਿਆ ਤਾਂ ਇੱਥੋ ਦੇ ਨਵਾਬ ਕਤਬੁਦੀਨ ਖ਼ਾਨ ਨੇ ਕਈ ਵੇਰ ਇਸ ਨਵੇਂ ਉਗਮੇ ਬ੍ਰਿਛ ਨੂੰ ਫੁਲਣ-ਫਲਣ ਤੋਂ ਪਹਿਲਾਂ ਹੀ ਮਿਧ ਦੇਣ ਲਈ ਯਤਨ ਕੀਤੇ ਪਰ ਉਹ ਸਦਾ ਹੀ ਅਸਫਲ ਰਿਹਾ।

ਜਦ ਸੰਨ 1807 ਦੇ ਆਰੰਭ ਵਿਚ ਕਸੂਰੀਆਂ ਦੀ ਵਿਦਰੋਹੀ ਕੋਸ਼ਿਸ਼ਾਂ ਦੀਆਂ ਰਿਪੋਰਟਾਂ ਪੁੱਜੀਆਂ ਤਾਂ ਨੌਜਵਾਨ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਦੇ ਇਸ ਤੌਖਲੇ ਨੂੰ ਸਦਾ ਲਈ ਮੁਕਾ ਦੇਣ ਦਾ ਪ੍ਰਬੰਧ ਕਰਨਾ ਆਰੰਭ ਦਿੱਤਾ।

ਜਦ ਸਾਰੀਆਂ ਜ਼ਰੂਰੀ ਤਿਆਰੀਆਂ ਹੋ ਗਈਆਂ ਤਾਂ ਸਰਕਾਰ ਨੇ ਫ਼ਰਵਰੀ 1807 ਨੂੰ ਖ਼ਾਲਸਾ ਫ਼ੌਜਾਂ ਨੂੰ ਕਸੂਰ ਦੇ ਫ਼ਤਹਿ ਕਰਨ ਦਾ ਹੁਕਮ ਦਿੱਤਾ। ਦੋ ਦਿਨਾ ਵਿਚ ਖ਼ਾਲਸਾ ਫ਼ੌਜ ਕਸੂਰ ਦੇ ਲਾਗੇ ਪਹੁੰਚ ਗਈ ਅਤੇ 10 ਫਰਵਰੀ ਨੂੰ ਕਸੂਰ ਤੇ ਧਾਵਾ ਬੋਲ ਦਿੱਤਾ। ਅੱਗੋ ਨਵਾਬ ਵੀ ਬੜੀ ਬਹਾਦਰੀ ਨਾਲ ਹਮਲਾਆਵਰ ਫ਼ੌਜਾਂ ਦਾ ਟਾਕਰਾ ਕਰਦਾ ਰਿਹਾ ਅਤੇ ਬੜੀ ਬੀਰਤਾ ਨਾਲ ਲੜਿਆ। ਪਰ ਖ਼ਾਲਸਾ ਰਾਜ ਦੇ ਅਠਲ੍ਹ ਹਮਲਿਆਂ ਨੂੰ ਠਲ੍ਹ ਨਾ ਪਾ ਸਕਿਆ। ਛੇਕੜ ਭਾਜ ਖਾ ਕੇ ਕੈਦੀ ਦੇ ਰੂਪ ਵਿਚ ਹਾਜ਼ਰ ਕੀਤਾ ਗਿਆ। ਨਵਾਬ ਕਸੂਰ ਦੇ ਕਸੂਰ ਇੰਨੇ ਵੱਧ ਸਨ ਕਿ ਸਭ ਕਿਸੇ ਦਾ ਇਹ ਖਿਆਲ ਸੀ ਕਿ ਇਸ ਅਪਰਾਧੀ ਨੂੰ ਮਹਾਰਾਜਾ ਤੋਪ ਅੱਗੇ ਉਡਾ ਦੇਵੇਗਾ। ਇਸ ਨੂੰ ਆਪਣੀਆਂ ਅਯੋਗ ਕਰਤੂਤਾਂ ਦੇ ਬਦਲੇ ਇਸੇ ਤਰ੍ਹਾਂ ਦੀ ਸਜ਼ਾ ਦੀ ਆਸ ਸੀ ਤੇ ਇਸ ਨੂੰ ਮੌਤ ਅੱਖਾਂ ਦੇ ਸਾਹਮਣੇ ਵਿਖਾਈ ਦੇ ਰਹੀ ਸੀ ਪਰ ਮਹਾਰਾਜਾ ਦੇ ਮੁੱਖ ਤੋਂ ਦੰਡ ਦੇਣ ਦੀ ਥਾਂ ਇਕ ਅਨੋਖਾ ਹੁਕਮ ਸੁਣ ਕੇ ਹੈਰਾਨ ਰਹਿ ਗਏ। ਹੁਕਮ ਇਹ ਸੀ ਕਿ ਇਸ ਦੀਆਂ ਬੇੜੀਆਂ ਕਟ ਦੇਵੋ ਅਤੇ ਇਸ ਨੂੰ ਸਤਲੁਜ ਨਦੀ ਦੇ ਪਾਰ ਮਮਦੋਟ ਦਾ ਲੰਮਾ ਚੌੜਾ ਇਲਾਕਾ ਜਿਸ ਵਿਚ 22 ਪਿੰਡ ਸਨ ਤੇ ਜਿਨ੍ਹਾਂ ਤੋਂ 52000 ਰੁਪਏ ਦੀ ਆਮਦਨੀ ਹੁੰਦੀ ਸੀ, ਬਖ਼ਸ਼ ਦਿੱਤਾ।[1] ਨਹਿਰ ਦੇ ਇਸ ਇਲਾਕੇ ਵਿਚ ਆ ਜਾਣ ਨਾਲ ਪਿੱਛੋਂ ਇਸ ਦੀ ਆਮਦਨੀ ਵੱਧ ਕੇ 1,30,000 ਰੁਪਏ ਹੋ ਗਈ।[2]

### 4. ਨਵਾਬ ਮੁਲਤਾਨ

ਬਹਾਦਰ ਨਵਾਬ ਮੁਜ਼ੱਫ਼ਰ ਖ਼ਾਨ ਮੁਲਤਾਨ ਦਾ ਨਾ ਜਿੰਨਾ ਆਪਣੀ ਨਿਰਭੈਤਾ ਲਈ ਉਜਾਗਰ ਹੈ ਇੰਨਾ ਹੀ ਉਹ ਆਪਣੇ ਲਿਖੇ ਹੋਏ ਅਹਿਦਨਾਮਿਆਂ ਨੂੰ ਤੋੜਨ ਲਈ ਪ੍ਰਸਿੱਧ ਹੈ। ਸੰਨ 1802 ਤੋਂ 1818 ਤਕ ਸੱਤ ਵਾਰੀ ਖ਼ਾਲਸਾ ਫ਼ੌਜ ਨੇ ਮੁਲਤਾਨ ਪਰ ਚੜ੍ਹਾਈ ਕੀਤੀ ਤੇ ਸੱਤੇ ਵਾਰ ਉਸ ਨੂੰ ਹਾਰੀ ਹੋਈ ਅਤੇ ਸੱਤੇ ਵਾਰ ਨਵਾਬ ਨੇ ਨਵੇਂ-ਨਵੇਂ ਅਹਿਦਨਾਮੇ ਲਿਖ ਕੇ ਦਿੱਤੇ ਪਰ ਸੱਤੇ ਵਾਰ ਇਸ ਨੇ ਇਨ੍ਹਾਂ ਨੂੰ ਤੋੜਿਆ।

ਇਨ੍ਹਾਂ 16 ਸਾਲਾਂ ਦੇ ਲੰਮੇ ਸਮੇਂ ਵਿਚ ਇਕ ਨਜ਼ੀਰ ਵੀ ਅਜਿਹੀ ਨਹੀਂ ਮਿਲਦੀ ਜਦ ਨਵਾਬ ਮੁਜ਼ੱਫ਼ਰ ਖ਼ਾਨ ਨੇ ਆਪਣੇ ਲਿਖੇ ਅਹਿਦਨਾਮੇ ਅਨੁਸਾਰ ਸਾਲਾਨਾ ਬਾਜਗੁਜ਼ਾਰੀ

---

1. ਇਹ ਜਾਗੀਰ ਅੱਜ ਤਕ ਇਸ ਘਰਾਣੇ ਪਾਸ ਮੌਜੂਦ ਹੈ।
2. ਕਰਨਲ ਮੈਸੀ, *ਉਹੀ*, ਸਫ਼ਾ 271

ਲਾਹੌਰ ਦੇ ਖਜ਼ਾਨੇ ਵਿਚ ਅਮਨ ਚੈਨ ਨਾਲ ਆਪਣੇ ਆਪ ਪਹੁੰਚਾਈ ਹੋਵੇ।

ਸੰਨ 1818 ਦੇ ਆਰੰਭ ਹੁੰਦਿਆਂ ਹੀ ਮਹਾਰਾਜਾ ਸਾਹਿਬ ਦੇ ਹੁਕਮ ਨਾਲ ਇੱਕ ਭਾਰੀ ਫ਼ੌਜੀ ਦਰਬਾਰ ਲਾਹੌਰ ਵਿਚ ਕੀਤਾ ਗਿਆ। ਇਸ ਸਮੇਂ ਮੁਲਤਾਨ ਦਾ ਮਾਮਲਾ ਵਿਚਾਰ ਲਈ ਦਰਬਾਰੀਆਂ ਸਾਹਮਣੇ ਰੱਖਿਆ ਗਿਆ। ਬਹੁਤ ਲੰਮੀ ਵਿਚਾਰ ਦੇ ਬਾਅਦ ਨਵਾਬ ਮੁਜ਼ੱਫ਼ਰ ਖ਼ਾਨ ਦੇ ਕਈ ਸਾਲਾਂ ਦੇ ਰਵੱਈਏ ਨੂੰ ਮੁੱਖ ਰਖਦੇ ਹੋਏ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਨਿੱਤ-ਨਿੱਤ ਦੀਆ ਮੁਹਿੰਮਾ ਭੇਜਣ ਨਾਲ ਲੱਖਾਂ ਰੁਪਿਆਂ ਦਾ ਖਰਚ ਅਤੇ ਅਨੇਕਾਂ ਜਾਨਾਂ ਦਾ ਅਕਾਰਥ ਨੁਕਸਾਨ ਹੁੰਦਾ ਹੈ। ਇਸ ਲਈ ਹੁਣ ਇਕੋ ਰਾਹ ਬਾਕੀ ਰਹਿ ਗਿਆ ਹੈ ਕਿ ਇਕੋ ਵਾਰੀ ਚੜ੍ਹਾਈ ਕਰਕੇ ਸੂਬਾ ਮੁਲਤਾਨ ਨੂੰ ਖਾਲਸਾ ਰਾਜ ਨਾਲ ਸੰਮਿਲਤ ਕਰ ਲਿਆ ਜਾਵੇ।

ਉਪਰੋਕਤ ਫੈਸਲੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਨੇ ਲੋੜ ਅਨੁਸਾਰ ਸਾਰੀਆ ਤਿਆਰੀਆਂ ਛੇਤੀ ਹੀ ਕਰ ਲਈਆਂ ਅਤੇ 30 ਜਨਵਰੀ, 1818 ਦੀ ਸਵੇਰ ਨੂੰ 25000 ਫ਼ੌਜ ਸਹਿਜ਼ਾਦਾ ਖੜਕ ਸਿੰਘ ਦੀ ਸੌਂਪਣੀ ਵਿਚ ਤੋਰੀ ਗਈ ਜਿਸ ਦੇ ਸਹਾਇਕ ਸਰਦਾਰ ਫਤਹਿ ਸਿੰਘ ਆਹਲੂਵਾਲੀਆ, ਦੀਵਾਨ ਚੰਦ ਮਿਸਰ, ਸਰਦਾਰ ਧੰਨਾ ਸਿੰਘ ਮਲਵਈ, ਸਰਦਾਰ ਸ਼ਾਮ ਸਿੰਘ ਅਟਾਰੀ, ਸਰਦਾਰ ਹਰੀ ਸਿੰਘ ਨਲੂਆ ਆਦਿ ਥਾਪੇ ਗਏ।

ਉਧਰ ਨਵਾਬ ਮੁਜ਼ੱਫ਼ਰ ਖ਼ਾਨ ਨੂੰ ਜਦ ਖ਼ਾਲਸਾ ਫ਼ੌਜ ਦੀ ਮੁਲਤਾਨ ਪਰ ਚੜ੍ਹਾਈ ਦਾ ਪਤਾ ਲੱਗਾ ਤਾਂ ਉਸ ਨੇ ਵੀ ਖ਼ਾਲਸੇ ਦੇ ਟਾਕਰੇ ਲਈ ਪੂਰੀ ਪੂਰੀ ਤਿਆਰੀ ਕਰ ਲਈ। ਦੋਵਾਂ ਧਿਰਾਂ ਵੱਲੋਂ ਤੋਪਾਂ ਦੀ ਘਨਘੋਰ ਨਾਲ ਕੰਨ ਪਈ ਕੋਈ ਗੱਲ ਨਹੀ ਸੀ ਸੁਣਾਈ ਦਿੰਦੀ। ਨਵਾਬ ਨੇ ਆਪਣੇ ਅੱਠ ਪੁੱਤਰਾ ਤੇ ਫ਼ੌਜ ਸਮੇਤ ਡਟ ਕੇ ਖਾਲਸੇ ਦਾ ਟਾਕਰਾ ਕੀਤਾ। ਇਹ ਲੜਾਈ ਕੋਈ ਤਿੰਨ ਮਹੀਨੇ ਤਕ ਲੜੀ ਜਾਂਦੀ ਰਹੀ। ਛੇਕੜ 18 ਜੇਠ (30 ਮਈ, 1818) ਦੀ ਸ਼ਾਮ ਨੂੰ ਕਿਲੇ ਦੀ ਕੰਧ ਵਿਚ ਪਾੜ ਪੈ ਗਿਆ ਅਤੇ ਖ਼ਾਲਸਾ ਬਾਬਾ ਫੂਲਾ ਸਿੰਘ ਦੀ ਅਗਵਾਈ ਵਿਚ ਉੱਥੇ ਜਾ ਪੁੱਜਾ। ਇੱਥੇ ਕਰੜਾ ਟਾਕਰਾ ਹੋਇਆ ਜਿਸ ਵਿਚ ਨਵਾਬ ਸਣੇ ਪੰਜ ਪੁੱਤਰਾਂ ਦੇ ਮਾਰਿਆ ਗਿਆ। ਉਸ ਦਾ ਪੁੱਤਰ ਸਰਫਰਾਜ਼ ਖ਼ਾਨ ਜਾਂਦੇ-ਜਾਂਦੇ ਫੜਿਆ ਗਿਆ। ਇਸ ਨੂੰ ਜਦ ਮਹਾਰਾਜਾ ਸਾਹਿਬ ਦੇ ਸਾਹਮਣੇ ਲਾਹੌਰ ਵਿਚ ਹਾਜ਼ਰ ਕੀਤਾ ਗਿਆ ਤਾਂ ਸਰਕਾਰ ਨੇ ਆਪਣੇ ਖੁਲ੍ਹ-ਦਿਲੇ ਸੁਭਾਅ ਅਨੁਸਾਰ ਸਰਫਰਾਜ਼ ਖ਼ਾਨ ਨੂੰ ਸ਼ਰਕਪੁਰ ਵਿਚ ਇਕ ਬਹੁਤ ਬੜੀ ਜਾਗੀਰ ਬਖ਼ਸ਼ੀ (ਇਸ ਤੋਂ ਛੁਟ 14720 ਰੁਪਏ ਪੈਨਸ਼ਨ ਲਾ ਦਿੱਤੀ)।[1]

## ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ

ਪੰਜਾਬ ਵਿਚ ਜਦ ਖ਼ਾਲਸਾ ਪੂਰੀ ਤਰ੍ਹਾਂ ਪੱਕਿਆਂ ਪੈਰਾਂ ਪਰ ਹੋ ਗਿਆ ਅਤੇ ਮੁਲਤਾਨ, ਕਸ਼ਮੀਰ ਆਦਿ ਵੱਡੇ-ਵੱਡੇ ਇਸਲਾਮੀ ਸੂਬੇ ਖ਼ਾਲਸਾ ਰਾਜ ਵਿਚ ਮਿਲਾ ਲਏ ਗਏ ਤਾਂ ਇਨ੍ਹਾਂ ਨੂੰ ਸਦਾ ਲਈ ਇਸਲਾਮੀ ਧਾਵਿਆ ਤੋਂ ਬਚਾਈ ਰੱਖਣ ਲਈ ਖ਼ਾਲਸਾ ਰਾਜ ਦੀ ਸਰਹੱਦ ਨੂੰ ਪਿਸ਼ਾਵਰ ਤੋਂ ਅੱਗੇ ਦੱਰਾ ਖੈਬਰ ਤਕ ਪਹੁੰਚਾਉਣਾ ਸ਼ੇਰੇ-ਪੰਜਾਬ ਨੇ ਅਤਿਅੰਤ ਜ਼ਰੂਰੀ ਸਮਝਿਆ।

ਇਸ ਵਿਚਾਰ ਨੂੰ ਅਮਲੀ-ਜਾਮਾ ਦੇਣ ਲਈ ਸੰਨ 1834 ਦੇ ਆਰੰਭ ਤੋਂ ਹੀ ਮਹਾਰਾਜਾ

---

1. ਲੈਪਲ ਗ੍ਰਿਫ਼ਨ, *ਪੰਜਾਬ ਚੀਫ਼ਸ*, ਸਫ਼ਾ 567

ਸਾਹਿਬ ਨੇ ਪਿਸ਼ਾਵਰ ਪਰ ਚੜ੍ਹਾਈ ਲਈ ਸਾਰੀਆਂ ਤਿਆਰੀਆਂ ਕਰਨ ਲਈ ਆਪਣਾ ਪੂਰਾ-ਪੂਰਾ ਧਿਆਨ ਲਾ ਦਿੱਤਾ।

ਇਸ ਭਾਰੀ ਮੁਹਿੰਮ ਲਈ ਜਦ ਸਾਰੀਆਂ ਤਿਆਰੀਆਂ ਪੂਰੀ ਤਰ੍ਹਾਂ ਸੰਪੂਰਨ ਹੋ ਗਈਆਂ ਤਾਂ 4 ਅਪ੍ਰੈਲ ਨੂੰ ਲਾਹੌਰ ਤੋਂ ਖ਼ਾਲਸਾ ਫ਼ੌਜ ਨੇ ਕੰਵਰ ਨੌਨਿਹਾਲ ਸਿੰਘ ਦੀ ਸਰਦਾਰੀ ਵਿਚ ਅਤੇ 20 ਅਪ੍ਰੈਲ ਨੂੰ ਹਰੀਪੁਰ, ਹਜ਼ਾਰੇ ਵੱਲੋਂ ਸਰਦਾਰ ਹਰੀ ਸਿੰਘ ਨਲੂਏ ਨੇ ਅਟਕ ਵੱਲ ਕੂਚ ਕਰ ਦਿੱਤਾ।

ਇਹ ਫ਼ੌਜ 28 ਤਰੀਕ ਨੂੰ ਬੇੜੀਆਂ ਦੇ ਪੁਲ ਦੀ ਰਾਹੀਂ ਦਰਿਆ ਅਟਕ ਤੋਂ ਪਾਰ ਹੋ ਗਈ। ਹੁਣ ਇਹ ਫ਼ੌਜ ਆਪਣੇ ਬਹਾਦੁਰ ਅਫ਼ਸਰਾਂ ਦੀ ਅਗਵਾਈ ਵਿਚ ਮੰਜ਼ਲੋ-ਮੰਜ਼ਲ ਪਿਸ਼ਾਵਰ ਵੱਲ ਵਧਦੀ ਗਈ।

ਉਧਰ ਜਦ ਪਿਸ਼ਾਵਰ ਦੇ ਹੁਕਮਰਾਨ ਬਾਰਕਜ਼ਈ ਸਰਦਾਰਾਂ, ਸੁਲਤਾਨ ਮੁਹੰਮਦ ਖ਼ਾਨ ਤੇ ਯਾਰ ਮੁਹੰਮਦ ਖ਼ਾਨ, ਨੂੰ ਖ਼ਾਲਸਾ ਫ਼ੌਜ ਦੇ ਇਧਰ ਕੂਚ ਕਰਨ ਦੀਆਂ ਖ਼ਬਰਾਂ ਪੁਜੀਆਂ ਤਾਂ ਉਨ੍ਹਾਂ ਨੇ ਆਪਣੀ ਰਾਜਧਾਨੀ ਪਿਸ਼ਾਵਰ ਨੂੰ ਖ਼ਾਲਸੇ ਦੀ ਮਾਰ ਤੋਂ ਬਚਾਉਣ ਲਈ ਆਪਣੇ ਵਿੱਤ ਤੋਂ ਵੱਧ ਕੇ ਰੱਖਿਆ ਦੀਆਂ ਤੁਰੰਤ ਤਿਆਰੀਆਂ ਕਰ ਲਈਆਂ।

ਜਦ ਖ਼ਾਲਸਾ ਫ਼ੌਜ ਦਾ ਕੈਂਪ ਨੁਸ਼ਹਿਰੇ ਪੁੱਜਾ ਤਾ ਸਰਦਾਰ ਹਰੀ ਸਿੰਘ ਨੂੰ ਪਤਾ ਲੱਗਿਆ ਕਿ ਅਫ਼ਗਾਨੀ ਫ਼ੌਜ ਨੇ ਜਿਹੜੀ ਹਾਜੀ ਖ਼ਾਨ ਅਤੇ ਖ਼ਾਨ ਮੁਹੰਮਦ ਖ਼ਾਨ ਦੇ ਤਹਿਤ ਵਿਚ ਸੀ, ਚਮਕਨੀ ਦੇ ਲਾਗੇ ਖ਼ਾਲਸਾ ਫ਼ੌਜ ਨੂੰ ਠਲ ਪਾਉਣ ਲਈ ਮੋਰਚੇ ਧੰਦਕਾਂ ਤਿਆਰ ਕਰ ਲਈਆ ਹਨ।

ਖ਼ਾਲਸਾ ਫ਼ੌਜ 6 ਮਈ ਦੀ ਸਵੇਰ ਨੂੰ ਚਮਕਨੀ ਦੇ ਲਾਗੇ ਪੁੱਜੀ ਤਾਂ ਅੱਗੋਂ ਅਫ਼ਗਾਨਾਂ ਨੇ ਆਪਣੀਆਂ ਤੋਪਾਂ ਦੀ ਅੰਧਾ ਧੁੰਧ ਅੱਗ ਵਰ੍ਹਾਉਣੀ ਆਰੰਭ ਦਿੱਤੀ। ਖ਼ਾਲਸਾ ਫ਼ੌਜ ਵੀ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਸ ਨੇ ਤੋਪਾਂ ਦੇ ਟਾਕਰੇ ਲਈ ਆਪਣੀਆਂ ਭਾਰੀਆਂ ਤੋਪਾਂ ਡਾਹ ਦਿੱਤੀਆਂ ਅਤੇ ਘੋੜ ਚੜ੍ਹਾਂ ਦੇ ਮੂਹਰੇ ਆਪਣੇ ਸਿੱਖਤ ਰਸਾਲੇ ਅਗਾਂਹ ਵਧਾਏ। ਇੱਥੇ ਦੁਪਹਿਰ ਤਕ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਅਫ਼ਗਾਨਾਂ ਦੇ ਦੇਸ਼ ਪਿਆਰ ਦੀ ਲਗਨ ਖ਼ਾਲਸੇ ਦੇ ਅਗਾਧ ਜੋਸ਼ ਦੇ ਸਾਹਮਣੇ ਠਹਿਰ ਨਾ ਸਕੀ ਤੇ ਉਹ ਬੁਰੀ ਤਰ੍ਹਾਂ ਮਾਰ ਖਾ ਕੇ ਪਿਛਾਂਹ ਭਜ ਗਏ। ਇੱਥੇ ਹੱਥੋਂ-ਹੱਥ ਲੜਾਈ ਵਿਚ ਅਫ਼ਗਾਨੀ ਫ਼ੌਜ ਦੇ ਆਗੂਆਂ ਨੂੰ ਚੋਖੇ ਫੱਟ ਲੱਗੇ ਜਿਸ ਦੇ ਕਾਰਨ ਉਹ ਵਧੇਰੇ ਟਾਕਰੇ ਦਾ ਕਸ਼ਟ ਨਾ ਸਹਾਰ ਸਕੇ ਅਤੇ ਮੈਦਾਨੇ-ਜੰਗ ਖ਼ਾਲਸੇ ਹੱਥ ਸੌਂਪ ਕੇ ਜਿਧਰੋਂ ਆਏ ਸਨ ਉੱਧਰ ਨੂੰ ਭੱਜ ਗਏ।

ਇਸੇ ਦਿਨ ਖ਼ਾਲਸੇ ਨੇ ਇਸ ਇਤਿਹਾਸਕ ਸ਼ਹਿਰ ਨੂੰ ਜਿਹੜਾ ਅੱਠ ਸੋ ਸਾਲਾਂ ਤੋਂ ਪੰਜਾਬ ਤੋਂ ਵਿਛੋੜਿਆ ਗਿਆ ਸੀ, ਪੰਜਾਬ ਨਾਲ ਮੁੜ ਜੋੜ ਦਿੱਤਾ। ਇਹ ਘਟਨਾ 6 ਮਈ 1834 ਦੀ ਹੈ।

ਜਦ ਪਿਸ਼ਾਵਰ ਅਤੇ ਨਾਲ ਲਗਵੇਂ ਸਾਰੇ ਸੂਬੇ ਉੱਤੇ ਖ਼ਾਲਸੇ ਦਾ ਪੱਕਾ ਅਧਿਕਾਰ ਹੋ ਗਿਆ ਤਾਂ ਸਰਦਾਰ ਸੁਲਤਾਨ ਮੁਹੰਮਦ ਖ਼ਾਨ ਤੇ ਉਸ ਦੇ ਭਾਈ ਯਾਰ ਮੁਹੰਮਦ ਖ਼ਾਨ ਨੂੰ ਚੰਗੀ ਤਰ੍ਹਾਂ ਪ੍ਰਤੀਤ ਹੋ ਗਿਆ ਕਿ ਹੁਣ ਮੁੜ ਪਿਸ਼ਾਵਰ ਦੀ ਹਕੂਮਤ ਉਨ੍ਹਾਂ ਦੇ ਹੱਥ

ਆਉਣੀ ਅਸੰਭਵ ਹੈ। ਇਸ ਲਈ ਉਨ੍ਹਾਂ ਖ਼ਾਲਸੇ ਦੇ ਜ਼ਿੰਮੇਵਾਰ ਸਰਦਾਰਾਂ ਨਾਲ ਚਿੱਠੀ ਪੱਤਰ ਕਰਕੇ ਵਿਚੋਲਿਆਂ ਦੇ ਰਾਹੀਂ ਖ਼ਾਲਸੇ ਦੀ ਸ਼ਰਨ ਪ੍ਰਵਾਨ ਕਰ ਲਈ। ਉਪਰੰਤ, ਮਹਾਰਾਜਾ ਨੇ ਬੜੀ ਖੁਲ੍ਹ ਦਿਲੀ ਨਾਲ ਸੁਲਤਾਨ ਮੁਹੰਮਦ ਖ਼ਾਨ ਨੂੰ ਤਿੰਨ ਲੱਖ ਰੁਪਏ (3,00,000) ਸਾਲਾਨਾ ਜਾਗੀਰ ਕੋਹਾਟ ਦੇ ਪਰਗਨੇ ਵਿਚ ਬਖ਼ਸ਼ੀ ਅਤੇ ਦੂਜੇ ਭਾਈ ਪੀਰ ਮੁਹੰਮਦ ਖ਼ਾਨ ਨੂੰ ਇਕ ਲੱਖ ਰੁਪਏ ਦੀ ਜਾਗੀਰ ਹਸ਼ਤ ਨਗਰ ਦੇ ਇਲਾਕੇ ਵਿਚ ਦਿੱਤੀ।[1]

ਉੱਪਰ ਲਿਖੇ ਸਾਰੇ ਵਾਕਿਆਤ ਦੀ ਪ੍ਰੋੜ੍ਹਤਾ ਇਕ ਵੱਡੇ ਜ਼ਿੰਮੇਵਾਰ ਅੰਗਰੇਜ਼ ਅਫ਼ਸਰ, ਹੈਨਰੀ ਲਾਰੰਸ ਦੀ ਕਲਮ ਤੋਂ ਹੁੰਦੀ ਹੈ। ਉਹ ਲਿਖਦਾ ਹੈ :

"ਦਿੱਲੀ ਤੇ ਕਾਬਲ ਦੇ ਬਾਜ਼ਾਰਾਂ ਵਿਚ ਆਪ ਕਈ ਸ਼ਾਹੀ ਘਰਾਣੇ ਦਿਆਂ ਲੋਕਾਂ ਨੂੰ ਦਰ-ਦਰ ਮੰਗਦੇ ਫਿਰਦੇ ਵੇਖੋਗੇ, ਪਰ ਪੰਜਾਬ ਵਿਚ ਕੋਈ ਅਜਿਹਾ ਘਰਾਣਾ ਨਹੀਂ ਜਿਸ ਦਾ ਇਲਾਕਾ ਮਹਾਰਾਜਾ ਰਣਜੀਤ ਸਿੰਘ ਨੇ ਫ਼ਤਹਿ ਕਰਕੇ ਆਪਣੇ ਰਾਜ ਨਾਲ ਮਿਲਾ ਲਿਆ ਹੋਵੇ ਅਤੇ ਉਸ ਨੂੰ ਚੋਖੀ ਜਾਗੀਰ ਜਾਂ ਪੈਨਸ਼ਨ ਗੁਜ਼ਾਰੇ ਲਈ ਨਾ ਦਿੱਤੀ ਹੋਵੇ। ਮਹਾਰਾਜਾ ਦਾ ਇਹ ਨਿਯਮ ਕੇਵਲ ਸਿੱਖਾਂ ਲਈ ਹੀ ਨਹੀਂ ਸੀ ਸਗੋਂ ਮੁਸਲਮਾਨਾਂ ਆਦਿ ਅਨਮਤ ਦੇ ਲੋਕਾਂ ਨਾਲ ਵੀ ਉਹ ਉਸੇ ਤਰ੍ਹਾਂ ਦਰਿਆਦਿਲੀ ਨਾਲ ਵਰਤਦਾ ਹੈ। ਉਦਾਹਰਨ ਲਈ ਨਵਾਬ ਕੁਤਬਉੱਦੀਨ ਕਸੂਰੀਆ, ਨਵਾਬ ਮੁਜ਼ੱਫ਼ਰ ਖ਼ਾਨ ਮੁਲਤਾਨੀ ਅਤੇ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਆਦਿ ਦੇ ਘਰਾਣਿਆਂ ਨੂੰ ਬਹੁਤ ਵੱਡੀਆਂ-ਵੱਡੀਆਂ ਜਾਗੀਰਾਂ ਉਸ ਨੇ ਬਖ਼ਸ਼ੀਆਂ ਹੋਈਆਂ ਹਨ।"[2]

## ਪੰਜਾਬੀਆਂ ਦਾ ਸਾਂਝਾ ਰਾਜ

ਖ਼ਾਲਸਾ ਰਾਜ ਨੂੰ ਹਰ ਇਕ ਪੰਜਾਬੀ ਆਪਣਾ ਰਾਜ ਸਮਝਦਾ ਸੀ ਕਿਉਂਕਿ ਰਾਜ ਪ੍ਰਬੰਧ ਵਿਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਤੇ ਇਸਾਈਆਂ ਨੂੰ ਆਪੋ-ਆਪਣੇ ਪੂਰਨ ਰਾਜਸੀ ਹੱਕ ਪ੍ਰਾਪਤ ਸਨ। ਖ਼ਾਲਸਾ ਰਾਜ ਪ੍ਰਬੰਧ ਨੂੰ ਗਹੁ ਨਾਲ ਵੇਖਿਆ ਚੰਗੀ ਤਰ੍ਹਾਂ ਸਪਸ਼ਟ ਹੋ ਜਾਂਦਾ ਹੈ ਕਿ ਸਾਰੇ ਹਿੰਦ ਵਿਚ ਅੱਜ ਤਕ ਕਿਸੇ ਵੀ ਪੰਚਾਇਤੀ ਹਕੂਮਤ ਜਾਂ ਕਿਸੇ ਸੰਸਥਾ ਨੇ ਰਾਜ ਪ੍ਰਬੰਧ ਵਿਚ ਹਿੰਦੂ, ਮੁਸਲਮਾਨ, ਈਸਾਈ ਦੇ ਵਿਤਕਰੇ ਨੂੰ ਇੰਨੀ ਹੱਦ ਤੀਕ ਮਿਟਾ ਕੇ ਨਹੀਂ ਦੱਸਿਆ ਸੀ ਜਿੰਨਾ ਕਿ ਖ਼ਾਲਸਾ ਰਾਜ ਵਿਚ ਅੱਜ ਤੋਂ ਸਵਾ ਸੌ ਸਾਲ ਪਹਿਲਾਂ ਕੀਤਾ ਗਿਆ ਸੀ।

ਫ਼ੌਜਾਂ ਦੇ ਜਰਨੈਲ, ਜਾਂ ਸੂਬਿਆਂ ਦੇ ਗਵਰਨਰ, ਜਾਂ ਵਜ਼ੀਰ ਤੇ ਸਲਾਹਕਾਰ ਨਿਯੁਕਤ ਕਰਨ ਲਗਿਆਂ ਮਹਾਰਾਜਾ ਸਾਹਿਬ ਕਦੇ ਫ਼ਿਰਕਾਬੰਦੀ ਜਾਂ ਮਜ਼੍ਹਬ ਵੱਲ ਨਹੀਂ ਵੇਖਦੇ ਸਨ, ਸਗੋਂ ਕੇਵਲ ਯੋਗਤਾ ਨੂੰ ਦ੍ਰਿਸ਼ਟੀ ਗੋਚਰ ਰਖ ਕੇ ਵੱਡੀ ਤੋਂ ਵੱਡੀ ਜ਼ਿੰਮੇਵਾਰੀ ਦੇ ਅਹੁਦੇ ਸੌਂਪਦੇ ਹੁੰਦੇ ਸਨ। ਇਸ ਖੁਲ੍ਹ ਦਿਲੀ ਤੇ ਵਰਤਾਉ ਦਾ ਨਤੀਜਾ ਇਹ ਹੋਇਆ ਕਿ ਸਾਰੀਆਂ ਕੌਮਾਂ ਤੇ ਮੱਤਾਂ ਦੇ ਲੋਕ, ਖ਼ਾਲਸਾ ਰਾਜ ਨੂੰ ਹਿਤੋਂ ਚਿੱਤੋਂ ਆਪਣਾ ਸਾਂਝਾ ਰਾਜ ਸਮਝਦੇ ਸਨ।

---

1. ਮੌਲਵੀ ਅਹਿਮਦ ਬਖ਼ਸ਼, *ਤਵਾਰੀਖ਼ੇ ਸੂਬਾ ਸਰਹਦੀ*
2. ਹੈਨਰੀ ਲਾਰੰਸ, *ਐਡਵੈਂਚਰਸ ਬਾਈ ਐਨ ਆਫ਼ੀਸਰ*

ਸ਼ੇਰੇ-ਪੰਜਾਬ ਇਕ ਵੇਰ ਸੰਨ 1826 ਵਿਚ ਅਤੇ ਦੂਜੀ ਵੇਰ ਸੰਨ 1839 ਵਿਚ ਬੀਮਾਰ ਪੈ ਗਏ ਤਾਂ ਆਪਣੀ ਅਰੋਗਤਾ ਲਈ ਜਿਵੇਂ ਸਿੱਖਾਂ ਵੱਲੋਂ ਥਾਓਂ ਥਾਂਈ ਪੰਜਾਬ ਦੇ ਹਰ ਸ਼ਹਿਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਤੇ ਪੁੰਨਦਾਨ ਕੀਤੇ ਗਏ, ਇਸੇ ਤਰ੍ਹਾਂ ਮੁਸਲਮਾਨਾਂ ਨੇ ਹਾਰਦਿਕ ਪਿਆਰ ਨਾਲ ਮਸੀਤਾਂ ਵਿਚ ਕੁਰਾਨ ਸ਼ਰੀਫ ਦੇ ਖਤਮ ਕਰਵਾਏ, ਅਤੇ ਹਿੰਦੂਆਂ ਨੇ ਮੰਦਰਾਂ ਤੇ ਤੀਰਥਾਂ ਉੱਤੇ ਯਗ, ਹਵਨ ਤੇ ਲੰਗਰ ਕੀਤੇ ਤੇ ਹਜ਼ਾਰਾਂ ਰੁਪਏ ਦਾਨ ਕੀਤੇ।

ਵਿਕਟਰ ਯਾਕੋਮਾ (Victor Jacquemont) ਜਦ ਲਾਹੌਰ ਆਇਆ ਤਾਂ ਉਸ ਨੇ ਚੰਗੀ ਤਰ੍ਹਾਂ ਖੋਜ ਪੜਤਾਲ ਦੇ ਬਾਅਦ ਆਪਣੇ ਸਫਰਨਾਮੇ ਵਿਚ ਲਿਖਿਆ :

"ਖ਼ਾਲਸਾ ਰਾਜ ਵਿਚ ਮੁਸਲਮਾਨਾਂ ਨੂੰ ਆਪਣੇ ਪੰਜਾਬੀ ਰਸਮਾਂ ਦੀ ਪੂਰੀ ਖੁਲ੍ਹ ਸੀ, ਕਈ ਮਸੀਤਾਂ, ਜਿਨ੍ਹਾਂ ਪਰ ਮਿਸਲਾਂ ਦੇ ਸਮੇਂ ਤੋਂ ਸਿੱਖਾਂ ਦਾ ਕਬਜ਼ਾ ਚਲਾ ਆਉਂਦਾ ਸੀ, ਮਹਾਰਾਜਾ ਨੇ ਮੁੜ ਆਪਣੀ ਮੁਸਲਮ ਪਰਜਾ ਨੂੰ ਦਿਵਾ ਦਿੱਤੀਆਂ ਸਨ।"[1] ਅੱਗੇ ਜਾ ਕੇ ਮੁੜ ਖ਼ਾਲਸਾ ਰਾਜ ਵਿਚ ਸਾਂਝੀਵਾਲਤਾ ਬਾਰੇ ਉਹ ਲਿਖਦਾ ਹੈ : "ਉਸ ਦੀ ਫ਼ੌਜ ਅਤੇ ਮੁਲਕੀ ਪ੍ਰਬੰਧ ਦੇ ਚਲਾਉਣ ਲਈ ਉੱਚੇ ਤੋਂ ਉੱਚੇ ਅਹੁਦਿਆਂ ਪਰ ਸਿੱਖਾਂ, ਹਿੰਦੂਆਂ, ਮੁਸਲਮਾਨਾਂ ਤੋਂ ਛੁਟ ਈਸਾਈ, ਇਟਾਲੀਅਨ, ਫਰੈਂਚ, ਅਮਰੀਕਨ, ਇੰਗਲਿਸ਼, ਰੂਸੀ, ਐਂਗਲੋ ਇੰਡੀਅਨ, ਸਪੈਨਿਸ਼, ਗਰੀਕ, ਜਰਮਨ ਤੇ ਆਸਟਰੇਲੀਅਨ ਅਫ਼ਸਰ ਮੌਜੂਦ ਹਨ। ਖ਼ਾਲਸਾ ਰਾਜ ਵਿਚ ਇਕ ਹੋਰ ਵਾਧਾ ਇਹ ਸੀ ਕਿ ਇਕ ਕੌਮ ਦੇ ਬੰਦੇ ਦੂਜੀ ਕੌਮ ਦੇ ਦਿਨ-ਦਿਹਾਰ ਸਾਂਝੇ ਤੌਰ ਤੇ ਭਾਈਆਂ ਵਾਂਗ ਮਿਲ ਜੁਲ ਕੇ ਮਨਾਉਂਦੇ ਹਨ।"[2]

ਆਪਸ ਦੇ ਸਾਂਝੇ ਪਿਆਰ ਭਰੇ ਨਿਰਬਾਹ ਦੇ ਕਾਰਨ ਖ਼ਾਲਸਾ ਰਾਜ ਵਿਚ ਜਾਨ ਤੇ ਮਾਲ ਦੋਵੇਂ ਪੂਰੀ ਤਰ੍ਹਾਂ ਸੁਰੱਖਿਅਤ ਸਨ।[3]

ਇਕ ਹੋਰ ਪ੍ਰਸਿੱਧ ਇਤਿਹਾਸਕਾਰ ਲਿਖਦਾ ਹੈ ਕਿ 'ਆਮ ਜਨਤਾ' ਐਨੀ ਖ਼ੁਸ਼ਹਾਲ ਸੀ ਕਿ ਖਾਲਸਾ ਰਾਜ ਨੂੰ ਛੱਡ ਕੇ ਕੋਈ ਵੀ ਵਪਾਰੀ ਅੰਗਰੇਜ਼ੀ ਰਾਜ ਵਿਚ ਜਾਣਾ ਪਸੰਦ ਨਹੀਂ ਸੀ ਕਰਦਾ। ਇਸ ਬਾਰੇ ਮਿਸਟਰ ਸਿਨਹਾ ਇਉਂ ਲਿਖਦਾ ਹੈ :

Life and property were secure, towns like Lahore and Amritsar had certainly increased in wealth: manufactures and trade were more thriving and the people were not all over anxious to migrate to Britishs Territories.

## ਖਾਣ ਦੀਆਂ ਜਿਨਸਾਂ ਸਸਤੀਆਂ ਸਨ

ਖ਼ਾਲਸਾ ਰਾਜ ਵਿਚ ਪਰਜਾ ਦੀ ਖ਼ੁਸ਼ਹਾਲੀ ਤੇ ਅਰੋਗਤਾ ਦਾ ਵੱਡਾ ਕਾਰਨ ਇਹ ਵੀ ਸੀ ਕਿ ਰੋਜ਼ਾਨਾ ਜੀਵਨ ਦੇ ਵਰਤੋਂ ਦੀ ਸਮੱਗਰੀ ਜਿਹਾ ਕਿ ਦੁੱਧ, ਘਿਉ ਤੇ ਕਣਕ ਆਦਿ ਦੇ ਭਾਅ ਬੜੇ ਹੀ ਸਸਤੇ ਸਨ, ਜਿਸ ਕਰਕੇ ਘੱਟ ਤੋਂ ਘੱਟ ਕਮਾਈ ਵਾਲੇ ਬੰਦੇ ਵੀ ਆਪਣੇ

---

1. ਗੈਰਿਟ, *ਦੀ ਪੰਜਾਬ ਦੋ ਹੰਡਰਡ ਯੀਅਰਜ਼ ਐਗੋ*, ਸਫ਼ਾ 57
2. ਮੋਹਨ ਲਾਲ, ਟ੍ਰੈਵਲਜ਼, ਸਫ਼ਾ 15
3. ਟੂਰ ਟੂ ਲਾਹੌਰ, *ਦੀ ਏਸ਼ਿਆਟਿਕ ਐਨੂਅਲ ਰਜਿਸਟਰ*, ਜਿਲਦ 11, ਸੰਨ 1809

ਪਰਿਵਾਰਾਂ ਦਾ ਨਿਰਬਾਹ ਸੌਖਾ ਕਰ ਸਕਦੇ ਸਨ।

ਦੁੱਧ, ਘਿਉ ਅਤੇ ਅਨਾਜ ਦੇ ਸਸਤੇ ਭਾਅ ਹੋਣ ਦੀ ਵਜ੍ਹਾ ਪਸ਼ੂ ਧਨ ਦੀ ਬਹੁਤਾਤ ਸੀ। ਖ਼ਾਲਸਾ ਰਾਜ ਵਿਚ ਵੱਡੀਆਂ-ਵੱਡੀਆਂ ਚਰਾਗਾਹਾਂ ਸਨ। ਮੁਗ਼ਲੀਆ ਹਕੂਮਤ ਦੇ ਸਮੇਂ ਤੋਂ ਇਨ੍ਹਾਂ ਤੇ ਟੈਕਸ ਉਗਰਾਹਿਆ ਜਾਂਦਾ ਰਿਹਾ ਸੀ। ਖ਼ਾਲਸਾ ਰਾਜ ਦੇ ਕਾਇਮ ਹੋਣ ਦੇ ਥੋੜ੍ਹੇ ਸਮੇਂ ਬਾਅਦ ਇਹ ਮਾਫ ਕੀਤਾ ਗਿਆ। ਦੂਜਾ ਦੁੱਧ ਤੇ ਖੇਤੀਬਾੜੀ ਦੀ ਉਪਜ ਵਿਚ ਕੰਮ ਦੇਣ ਵਾਲੇ ਪਸ਼ੂਆਂ ਦੇ ਮਾਰਨ ਦੀ ਬੰਦਸ਼ ਸੀ, ਜਿਸ ਦੇ ਕਾਰਨ ਉਪਰੋਕਤ ਵਸਤਾਂ ਦਿਨੋ-ਦਿਨ ਵਾਧੇ ਪਰ ਸਨ।

## ਕੁਝ ਪਸ਼ੂਆਂ ਦੇ ਨਿਰਖ

| | |
|---|---|
| ਦੁਧਲ ਮਹੀਂ (ਮੱਝ) | 40 ਰੁਪਏ ਤੋਂ 100 ਰੁਪਏ |
| ਗਊ | 20 ਤੋਂ 40 ਰੁਪਏ |
| ਬਲਦ ਚੰਗੀ ਕੱਦ ਦਾ | 30 ਰੁਪਏ ਤੋਂ 70 ਰੁਪਏ |
| ਸੰਢਾ | 25 ਰੁਪਏ ਤੋਂ 50 ਰੁਪਏ |
| ਘੋੜਾ | 40 ਰੁਪਏ ਤੋਂ 80 ਰੁਪਏ |
| ਖੋਤਾ, ਖੋਤੀ | 6 ਰੁਪਏ ਤੋਂ 10 ਰੁਪਏ |
| ਘੋੜੀ | 50 ਰੁਪਏ ਤੋਂ 100 ਰੁਪਏ |
| ਖੱਚਰ | 30 ਰੁਪਏ ਤੋਂ 50 ਰੁਪਏ |
| ਉਠ | 40 ਰੁਪਏ ਤੋਂ 70 ਰੁਪਏ |
| ਹਾਥੀ | 500 ਰੁਪਏ ਤੋਂ 1,000 ਰੁਪਏ |
| ਸ਼ਿਕਾਰੀ ਕੁੱਤਾ | 10 ਰੁਪਏ ਤੋਂ 25 ਰੁਪਏ |
| ਮੁਰਗੀ ਪਰ | 8 ਆਨੇ ਤੋਂ 1 ਰੁਪਿਆ |
| ਬੱਕਰਾ | 12 ਤੋਂ 1 ਰੁਪਿਆ |
| ਬੱਕਰੀ | 12 ਆਨੇ ਤੋਂ 2 ਰੁਪਏ |
| ਦੁੰਬਾ | 1 ਰੁਪਏ ਤੋਂ ਪੌਣੇ 2 ਰੁਪਏ |
| ਭੇਡੂ | 1 ਰੁਪਏ ਤੋਂ 2 ਰੁਪਏ |
| ਛਤਰਾ | ਸਵਾ ਰੁਪਏ ਤੋਂ 2 ਰੁਪਏ |

ਖ਼ਾਲਸਾ ਰਾਜ ਦੇ ਛੇਕੜਲੇ ਸਾਲਾਂ ਵਿਚ ਖੇਤੀ ਦੀ ਉਪਜ ਦੇ ਭਾਅ, ਫ਼ੀ ਰੁਪਏ ਦੇ ਹਿਸਾਬ, ਵੱਖੋ-ਵੱਖ ਇਲਾਕਿਆਂ ਦੇ ਨਿਰਖ ਹੇਠ ਦਿੱਤੇ ਚਿੱਤਰ ਵਿਚ ਦਰਸਾਏ ਗਏ ਹਨ :

---

1. *ਫਸਟ ਜਨਰਲ ਰਿਪੋਰਟ ਅਪਾਨ ਦੀ ਐਡਮਨਿਸਟਰੇਸ਼ਨ ਆਫ਼ ਦੀ ਪੰਜਾਬ*, ਅਪੈਂਡਿਕਸ 'ਏ', ਸਫ਼ਾ 179

WWW.SIKHBOOKCLUB.COM 

| *ਹਾੜ੍ਹੀ ਦੀ ਉਪਜ ਇਕ ਰੁਪਏ ਦੇ ਹਿਸਾਬ* | *ਕਣਕ* | | | *ਜੌਂ* | | | *ਛੋਲੇ* | | |
|---|---|---|---|---|---|---|---|---|---|
| | *ਮਣ* | *ਸੇਰ* | *ਛਟਾਂਕ* | *ਮਣ* | *ਸੇਰ* | *ਛਟਾਂਕ* | *ਮਣ* | *ਸੇਰ* | *ਛਟਾਂਕ* |
| ਲਾਹੌਰ ਦਾ ਭਾਅ | 0 | 38 | 1 | 1 | 19 | 0 | 0 | 34 | 5 |
| ਜਿਹਲਮ ਦਾ ਭਾਅ | 1 | 10 | 7½ | 1 | 27 | 14 | 0 | 14 | 0 |
| ਮੁਲਤਾਨ ਦਾ ਭਾਅ | 1 | 8 | 8 | 1 | 13 | 4 | 1 | 8 | 1 |
| ਲਹੀਜਾ ਦਾ ਭਾਅ | 1 | 11 | 1 | 1 | 11 | 1 | 1 | 13 | 11 |
| ਪਿਸ਼ਾਵਰ ਦਾ ਭਾਅ | 0 | 39 | 3½ | 1 | 22 | 8 | 0 | 38 | 7½ |
| ਅੰਮ੍ਰਿਤਸਰ ਦਾ ਭਾਅ | 0 | 38 | 10 | 1 | 30 | 4 | 0 | 38 | 15 |
| *ਸਾਉਣੀ ਦੀ ਉਪਜ* | *ਜਵਾਰ* | | | *ਗੁੜ* | | | *ਰੂੰਟੀ* | | |
| ਲਾਹੌਰ ਦਾ ਭਾਅ | 0 | 39 | 12 | 0 | 14 | 2 | 1 | 14 | 2 |
| ਜਿਹਲਮ ਦਾ ਭਾਅ | 1 | 21 | 10 | 0 | 11 | 0 | 0 | 13 | 0 |
| ਮੁਲਤਾਨ ਦਾ ਭਾਅ | 1 | 14 | 0 | 0 | 12 | 6 | 1 | 4 | 0 |
| ਲਹੀਜਾ ਦਾ ਭਾਅ | 1 | 8 | 0 | 0 | 12 | 5 | 1 | 4 | 12½ |
| ਅੰਮ੍ਰਿਤਸਰ ਦਾ ਭਾਅ | 0 | 30 | 10 | 0 | 15 | 0 | 0 | 14 | 6 |
| ਪਿਸ਼ਾਵਰ ਦਾ ਭਾਅ | 1 | 3 | 8 | 0 | 14 | 1 | 1 | 3 | 8 |

## ਪੰਜਾਬ ਦੇ ਮਨੁੱਖ

ਪੰਜਾਬ ਦੀ ਧਰਤੀ ਤੇ ਪਉਣ ਪਾਣੀ ਬੜੇ ਜਨ-ਉਪਜਾਊ ਪ੍ਰਸਿੱਧ ਹਨ। ਇੱਥੋਂ ਦੇ ਮਨੁੱਖਾਂ, ਵਿਸ਼ੇਸ਼ ਕਰਕੇ ਸਿੱਖਾਂ ਦੇ ਮਨਮੋਹਣੇ ਸਰੂਪ, ਇਨ੍ਹਾਂ ਦੇ ਦੋ-ਗਜ਼ ਉੱਚੇ ਕਦ-ਕਾਠ, ਇਨ੍ਹਾਂ ਦੇ ਸ਼ਕਤੀਮਾਨ ਡੌਲੇ ਆਮ ਹਿੰਦੀਆਂ ਨਾਲੋਂ ਕੁਝ ਵੱਧ ਲੰਮੇਰੀਆਂ ਬਾਹਾਂ ਨੂੰ ਵੇਖਿਆਂ ਮਨਾਂ ਪੁਰ ਸੁਤੇ ਸਿੱਧ ਦਬਦਬਾ ਛਾ ਜਾਂਦਾ ਹੈ। ਇਨ੍ਹਾਂ ਦੇ ਚਮਕੀਲੇ ਨੈਣ, ਭਰਵੇਂ ਚਿਹਰੇ ਨੂੰ ਵੇਖਿਆਂ, ਸਾਜਨਹਾਰ ਦੀ ਕੁਦਰਤ ਦਾ ਸਿੱਕਾ ਮਨਾਂ ਪਰ ਛਪ ਜਾਂਦਾ ਹੈ। ਇਨ੍ਹਾਂ ਦੀਆਂ ਚੌੜੀਆਂ ਛਾਤੀਆਂ, ਪੀਡੀਆਂ ਤੇ ਲੰਮੀਆਂ ਲੱਤਾਂ ਦੂਰ ਦੁਰੇਡੇ ਦੀਆਂ ਮੰਜ਼ਲਾਂ ਤਹਿ ਕਰਨ ਵਿਚ ਵੱਡੀ ਸਹਾਇਤਾ ਕਰਦੀਆਂ ਹਨ। ਸਭ ਤੋਂ ਵੱਧ ਕੇ ਇਨ੍ਹਾਂ ਦੀ ਗੜ੍ਹਗੱਜਵੀਂ ਆਵਾਜ਼ ਨੂੰ ਸੁਣ ਕੇ ਬੜੇ-ਬੜੇ ਬਹਾਦਰ ਵਿਦੇਸ਼ੀ ਵੀ ਸਹਿਮ ਜਾਂਦੇ ਸਨ।

ਪੰਜਾਬੀਆਂ ਦੀ ਇਸ ਸਡੌਲ ਤੇ ਸ਼ਕਤੀਮਾਨ ਸ਼ਕਲ ਸੂਰਤ ਵਿਚ ਜਿਥੇ ਦੇਸ਼ ਦੇ ਪਉਣ ਪਾਣੀ ਦਾ ਹੱਥ ਹੈ, ਉੱਥੇ ਨਾਲ ਭੋਜਨ ਜਾਂ ਖੁਰਾਕ ਦੀ ਵੱਡੀ ਸਹਾਇਤਾ ਕਰਦੀ ਹੈ।

ਇਹ ਦੁੱਧ ਦਹੀਂ ਦੀ ਵਧੇਰੀ ਵਰਤੋਂ ਕਰਦੇ ਹਨ।[1] ਲੱਸੀ ਇਨ੍ਹਾਂ ਦੀ ਜੀਵਨ-ਬੂਟੀ ਹੈ ਤੇ ਤਾਜ਼ਾ ਮੱਖਣ ਇਨ੍ਹਾਂ ਦਾ ਮਨ-ਭਾਉਂਦਾ ਖਾਜਾ ਹੈ। ਇਨ੍ਹਾਂ ਵਿਚੋਂ ਕਈ ਦੋ-ਦੋ ਤੇ ਚਾਰ-ਚਾਰ

1. ਕਰਨਲ ਸਟਾਈਨਬਾਖ, *ਦੀ ਪੰਜਾਬ*, ਸਫ਼ਾ 76

WWW.SIKHBOOKCLUB.COM 

ਸੇਰ ਦੁੱਧ ਹਜ਼ਮ ਕਰ ਜਾਂਦੇ ਹਨ। ਸਰਦਾਰ ਜੱਸਾ ਸਿੰਘ ਆਹਲੂਵਾਲੀਏ ਬਾਰੇ ਇਤਿਹਾਸਕਾਰਾਂ ਲਿਖਿਆ ਹੈ ਕਿ ਇਹ ਇਕ ਸੇਰ ਪੱਕਾ ਤਾਜ਼ਾ ਮੱਖਣ ਰੋਜ਼ਾਨਾ ਖਾਇਆ ਕਰਦਾ ਸੀ। ਦੁੱਧ ਤੇ ਦਹੀਂ ਦੇ ਦੂਜੇ ਦਰਜੇ ਪਰ ਇਨ੍ਹਾਂ ਲਈ ਮਹਾਂ ਪਰਸ਼ਾਦ ਤੇ ਕੜਾਹ ਪਰਸ਼ਾਦ ਦਾ ਮਨ-ਭਾਉਂਦਾ ਭੋਜਨ ਹੈ। ਸਬਜ਼ੀਆਂ ਭਾਜੀਆਂ ਅਤੇ ਫਲ ਵੀ ਰਜ ਕੇ ਖਾਂਦੇ ਹਨ। ਸਰਸੋਂ ਦਾ ਸਾਗ, ਛੋਲੀਏ ਦਾ ਸਾਗ, ਬਾਥੂ ਤੇ ਪਾਲਕ ਦੇ ਸਾਗ ਚੋਖੀ ਮਾਤਰਾ ਵਿਚ ਛਕਦੇ ਹਨ। ਕਣਕ ਦੀ ਰੋਟੀ, ਮਕੱਈ ਅਤੇ ਬਾਜਰੇ ਦਾ ਆਟਾ ਸੌਖਾ ਹੀ ਖਾ ਪਚਾ ਲੈਂਦੇ ਹਨ। ਚਾਵਲ ਭਾਵੇਂ ਵਰਤ ਲੈਂਦੇ ਹਨ ਪਰ ਇਨ੍ਹਾਂ ਨੂੰ ਬਹੁਤਾ ਪਸੰਦ ਨਹੀਂ ਸੀ। ਖੰਡ ਨਾਲੋਂ ਗੁੜ ਸ਼ਕਰ ਨੂੰ ਵਧੇਰਾ ਚਾਹੁੰਦੇ ਹਨ। ਦੁੱਧ ਦੀ ਖੀਰ ਨਾਲੋਂ ਗੰਨੇ ਦੇ ਰਸ ਦੀ ਖੀਰ ਨੂੰ ਵੱਧ ਪ੍ਰਸੰਨਤਾ ਨਾਲ ਖਾਂਦੇ ਹਨ।

ਪੰਜਾਬੀਆਂ ਦੇ ਦੰਦ ਬੜੇ ਪੱਕੇ ਤੇ ਅਰੋਗ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਇਹ ਦੰਦਾਂ ਨੂੰ ਫਲਾਹ ਤੇ ਕਿੱਕਰ ਦੀ ਦਾਤਣ ਨਾਲ ਰੋਜ਼ਾਨਾ ਚੋਖਾ ਸਮਾਂ ਲਾਕੇ ਸਾਫ ਕਰਦੇ ਹਨ। ਜਦ ਇਹ ਚਿੱਟੇ ਦੰਦਾਂ ਨਾਲ ਗੰਨੇ ਛਿਲ ਕੇ ਚੂਸਦੇ ਹਨ ਤਾਂ 10, 10 ਤੇ 12, 12 ਗੰਨੇ ਚੂਸ ਜਾਂਦੇ ਸਨ। ਦਾਲਾਂ ਦੀ ਵਰਤੋਂ ਬਹੁਤ ਹੀ ਘੱਟ ਕਰਦੇ ਹਨ। ਕਦੇ-ਕਦੇ ਖੁਲ੍ਹੇ ਛੰਨੇ ਵਿਚ ਤਾਜ਼ਾ ਘਿਓ ਪਾ ਕੇ ਵਿਚ ਲੱਪੀ ਭਰ ਕੇ ਚਿੱਟੀ ਸ਼ਕਰ ਪਾਉਂਦੇ ਹਨ ਅਤੇ ਇਸ ਵਿਚ ਰੋਟੀਆਂ ਭੰਨ ਕੇ ਚੂਰੀ ਬਣਾ ਕੇ ਖਾਂਦੇ ਹਨ।

ਡਾਕਟਰ ਮਰੇ ਨੇ ਆਪਣੇ ਲਾਹੌਰ ਤੋਂ ਲਿਖੇ ਖਤ ਕਪਤਾਨ ਵੇਡ ਪੁਲੀਟੀਕਲ ਏਜੰਟ ਲੁਧਿਆਣਾ ਦੇ ਨਾਂ ਮਿਤੀ 26 ਦਸੰਬਰ, 1826 ਵਿਚ ਇਉਂ ਲਿਖਿਆ ਹੈ :

"ਅੱਜ ਲੇਖੇ ਪਹਿਰ ਦੀ ਮੁਲਾਕਾਤ ਵਿਚ ਮੈਨੂੰ ਦੱਸਿਆ ਗਿਆ ਕਿ ਪੰਜਾਬ ਤੋਂ ਬਾਹਰ ਦੇ ਫ਼ੌਜੀ ਜਵਾਨ ਪੰਜਾਬੀ ਫ਼ੌਜੀਆਂ ਦੇ ਟਾਕਰੇ ਪਰ ਕਮਜ਼ੋਰ ਹੁੰਦੇ ਹਨ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀਆਂ ਦਾ ਭੋਜਨ ਸ਼ਕਤੀ ਦੇਣ ਵਾਲਾ ਹੁੰਦਾ ਹੈ ਜਿਹਾ ਕਿ ਦੁੱਧ, ਮੱਖਣ, ਘਿਓ ਦੀ ਵਧੇਰੀ ਵਰਤੋਂ।"

ਇਸੇ ਖਤ ਵਿਚ ਮਰੇ ਅੱਗੇ ਜਾ ਕੇ ਲਿਖਦਾ ਹੈ ਕਿ ਠੀਕ ਖ਼ਾਲਸਾ ਫ਼ੌਜ ਦੇ ਪੰਜਾਬੀ ਜਵਾਨ ਬੜੇ ਸ਼ਕਤੀਵਾਨ, ਉੱਚੇ ਕਦ ਵਾਲੇ ਅਤੇ ਬਲਵਾਨ ਜੁਸੇ ਵਾਲੇ ਹਨ।

ਮਹਾਰਾਜਾ ਨੇ ਡਾਕਟਰ ਮਰੇ ਨੂੰ ਦੱਸਿਆ ਕਿ ਉਸ ਦੀ ਪੈਦਲ ਫ਼ੌਜ ਜਿਹੜੀ ਅਟਕ ਵੱਲ ਕੂਚ ਕਰ ਰਹੀ ਹੈ, ਉਹ 20 ਕੋਹ ਰੋਜ਼ਾਨਾ ਸਫ਼ਰ ਕਰਦੀ ਹੈ। ਹਰ ਇਕ ਸਿਪਾਹੀ ਨੇ ਆਪਣੇ ਜੰਗੀ ਹਥਿਆਰਾਂ ਤੋਂ ਛੁਟ ਗਰਮ ਕੋਟ ਅਤੇ ਕੰਬਲ ਅਤੇ ਦੋ ਜਾਂ ਤਿੰਨ ਦਿਨਾਂ ਦਾ ਖਾਣ ਪੀਣ ਦਾ ਸਮਾਨ ਵੀ ਪਿੱਠ ਕੰਡ ਪਰ ਚੁੱਕਿਆ ਹੁੰਦਾ ਹੈ। ਡਾਕਟਰ ਮਰੇ ਨੇ ਇਕ ਹੋਰ ਖਤ ਕਪਤਾਨ ਵੇਡ ਦੇ ਨਾਂ 24 ਫਰਵਰੀ 1827 ਨੂੰ ਲਿਖਿਆ ਜਿਸ ਵਿਚ ਇਉਂ ਜਾਣਕਾਰੀ ਦਿੱਤੀ ਗਈ ਹੈ :

"ਅੱਜ ਮਹਾਰਾਜਾ ਇਕ ਫੁੱਲਾਂ ਨਾਲ ਭਰਪੂਰ ਬਾਗ਼ ਵਿਚ ਆਰਾਮ ਕੁਰਸੀ ਪਰ ਬੈਠਾ ਹੋਇਆ ਸੀ। ਉਸ ਦੇ ਆਲੇ-ਦੁਆਲੇ ਪਹੂਲਰ ਸਨ। ਉਸ ਨੇ ਮੇਰਾ ਧਿਆਨ ਕਈ ਵਾਰ ਭਾਂਤ-ਭਾਂਤ ਦੇ ਫੁਲਾਂ ਵੱਲ ਦਿਵਾਇਆ ਅਤੇ ਮੇਰੇ ਤੋਂ ਪੁੱਛਿਆ ਕਿ ਕੀ ਵਲਾਇਤ ਵਿਚ ਇਹੋ ਜਿਹੇ ਸੁੰਦਰ ਫੁਲ ਹੁੰਦੇ ਹਨ।"

"ਖੁਰਾਕ ਤੋਂ ਛੁਟ ਇਨ੍ਹਾਂ ਦੇ ਸਡੌਲ ਸ਼ਕਤੀਮਈ ਸਰੀਰ ਦਾ ਇਕ ਹੋਰ ਵੱਡਾ ਕਾਰਨ ਇਹ ਹੈ ਕਿ ਇਨ੍ਹਾਂ ਦੀਆਂ ਵਿਆਹ ਸ਼ਾਦੀਆਂ ਵਡੇਰੀ ਉਮਰ ਵਿਚ ਹੁੰਦੀਆਂ ਸਨ। ਇਹ ਬਾਲਪਨ ਦੀਆ ਸ਼ਾਦੀਆ ਦੇ ਵਿਰੁੱਧ ਹਨ। ਘੱਟੋ-ਘੱਟ ਇਹ 20 ਤੇ 30 ਸਾਲ ਦੀ ਉਮਰ ਦੇ ਵਿਚਾਲੇ ਸ਼ਾਦੀਆਂ ਕਰਨਾ ਪਸੰਦ ਕਰਦੇ ਹਨ, ਇਸ ਲਈ ਇਨ੍ਹਾਂ ਦੀ ਸੰਤਾਨ ਅਰੋਗੀ ਤੇ ਮਜ਼ਬੂਤ ਹੁੰਦੀ ਹੈ।"

"ਜ਼ਿਮੀਂਦਾਰੀ ਦਾ ਕੰਮ ਬੜਾ ਕਠਿਨ ਹੁੰਦਾ ਹੈ ਪਰ ਇਹ ਹਾੜ ਦੀਆਂ ਧੁਪਾਂ ਅਤੇ ਪੋਹ ਮਾਘ ਦੀਆਂ ਕਕਰੀਲੀਆਂ ਸਰਦੀਆਂ ਦਾ ਇਨ੍ਹਾਂ ਦੇ ਸ਼ਕਤੀਮਾਨ ਸਰੀਰ ਪਰ ਕੋਈ ਅਸਰ ਨਹੀਂ ਪੈਂਦਾ। ਇਹ ਵਿਹਲੇ ਸਮੇਂ ਮੁੰਗਲੀ, ਮੁਦਗਰ ਚੁੱਕਣ ਦੀ ਵਰਜਿਸ਼ ਕਰਦੇ ਹਨ। ਇਹ ਜੋਰਦਾਰ ਖੇਡਾਂ ਨੂੰ ਦਿਲੋਂ ਚਾਹੁੰਦੇ ਹਨ, ਜਿਹਾ ਕਿ ਘੋਲ ਘੁਲਣੇ, ਕਬੱਡੀ ਖੇਡਣੀ, ਵੀਣੀ ਫੜਨੀ, ਤਲੀ—ਇਹ ਖੇਡ ਵੀ ਕਬੱਡੀ ਦੀ ਤਰ੍ਹਾਂ ਖੇਡੀ ਜਾਂਦੀ ਹੈ—ਦੌੜਾਂ ਅਤੇ ਲੰਮੀਆ ਛਲਾਗਾਂ ਮਾਰਨੀਆਂ ਆਦਿ। ਇਨ੍ਹਾਂ ਤੋਂ ਛੁਟ ਇਨ੍ਹਾਂ ਦੇ ਨਾਚ, ਖੇਡਾਂ ਗਿੱਧਾ, ਸੰਮੀ ਝੂਮਰ ਅਤੇ ਭੰਗੜਾ ਆਦਿ ਵੀ ਬੜੀ ਸ਼ਕਤੀ ਵਰਤ ਕੇ ਖੇਡਣੇ ਪੈਂਦੇ ਹਨ।"

ਫਰੈਂਕਲਿਨ, ਪ੍ਰਸਿੱਧ ਇਤਿਹਾਸਕਾਰ, ਆਪਣੀ ਲਿਖਤ ਪੁਸਤਕ, '*ਹਿਸਟਰੀ ਆਫ ਦੀ ਰੇਨ ਆਫ ਸ਼ਾਹ ਆਲਮ*', ਵਿਚ ਲਿਖਦਾ ਹੈ ਕਿ, ਪੰਜਾਬੀ ਸਿੱਖਾਂ ਦੇ ਕਦ ਕਾਠ ਬਹੁਤ ਉੱਚੇ ਹੁੰਦੇ ਹਨ। ਇਨ੍ਹਾਂ ਦੇ ਸਰੀਰ ਬੜੇ ਬਲਵਾਨ ਹੁੰਦੇ ਹਨ। ਇਨ੍ਹਾਂ ਦੇ ਚਿਹਰੇ ਤੇ ਅੱਖਾਂ ਤੋਂ ਦਬਦਬਾ ਰੋਂਦਾ ਹੈ।[1]

ਕੈਪਟਨ ਵੇਡ ਪੁਲੀਟੀਕਲ ਏਜੰਟ ਲੁਧਿਆਣਾ ਨੇ ਆਪਣੇ ਇਕ ਸਰਕਾਰੀ ਖਤ ਵਿਚ ਚਾਰਲਸ ਮੇਟਕਾਫ ਨੂੰ ਲਿਖਿਆ ਕਿ ਮੈਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਦੀਆਂ ਜੰਗੀ ਕਮਾਲਾਂ ਦਾ ਜਿਕਰ ਕਰਦਿਆਂ ਕਿਹਾ ਕਿ ਸਿੱਖਾਂ ਦਾ ਪੰਜ ਸਾਲਾਂ ਦਾ ਬੱਚਾ ਘੋੜੇ ਪਰ ਸਵਾਰੀ ਕਰ ਸਕਦਾ ਹੈ ਅਤੇ ਕਮਾਣ ਦਾ ਚਿਲਾ ਚਾੜ੍ਹ ਸਕਦਾ ਹੈ।[2]

## ਸਿੱਖਾਂ ਬਾਰੇ ਬਰਨਜ਼ ਦੀ ਰਾਏ

14 ਜੁਲਾਈ 1831 ਦੇ ਰੋਜ਼ਨਾਮਚੇ ਵਿਚ ਬਰਨਜ਼ ਲਿਖਦਾ ਹੈ ਕਿ, "ਹੁਣ ਅਸੀਂ ਸਿੱਖਾਂ ਦੀ ਸੰਘਣੀ ਵਸੋਂ ਦੇ ਇਲਾਕੇ ਵਿਚ ਪਹੁੰਚ ਗਏ ਹਾਂ। ਜਿਧਰ ਵੇਖਦੇ ਹਾਂ ਸਿੱਖ ਹੀ ਸਿੱਖ ਨਜ਼ਰ ਆਉਂਦੇ ਹਨ। ਇਹ ਲੋਕ ਭਾਵੇਂ ਫੌਜੀ ਹਨ ਜਾਂ ਜ਼ਿਮੀਂਦਾਰ, ਸਾਰੇ ਬੜੇ ਮਿਲਾਪੜੇ ਸੁਭਾਉ ਦੇ ਅਤੇ ਤਿਆਰ ਬਰ ਤਿਆਰ ਦਿਸਦੇ ਹਨ। ਇਹ ਅਟਕ ਪਾਰ ਦੇ ਯੂਸਫਜ਼ਈ ਵਰਗੀ ਜਗਤ ਪ੍ਰਸਿੱਧ ਬਹਾਦਰ ਕੌਮ ਪਰ ਕਈ ਮੈਦਾਨੇ-ਜੰਗ ਵਿਚ ਫ਼ਤਹਿਯਾਬੀਆਂ ਪਾ ਚੁੱਕੇ ਹਨ।"[3] ਇੱਥੇ ਅਗਲੇ ਦਿਨ 15 ਜੁਲਾਈ ਨੂੰ ਬਰਨਜ਼ ਛਾਂਗੋ ਮਾਂਗੋ ਪੁੱਜਾ। ਇੱਥੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਉਸ ਨੂੰ ਮਹਾਰਾਜਾ ਵੱਲੋਂ ਆ

1. ਫਰੈਂਕਲਿਨ, *ਹਿਸਟਰੀ ਆਫ ਦੀ ਰੇਨ ਆਫ ਸ਼ਾਹ ਆਲਮ*, ਸਫੇ 77-78
2. *ਪੰਜਾਬ ਐਜ਼ ਏ ਸਾਵਰਨ ਸਟੇਟ*, ਸਫੇ 283-329, (ਹੋਰ ਵੇਖੋ ਪ੍ਰਤਾਪ, ਤਾਰੀਕ 15 ਮਈ, 1953 ਸੰਡੇ ਐਡੀਸ਼ਨ, ਸਫਾ 2)
3. ਬਰਨਜ਼, *ਟੈਵਲਜ਼ ਇਨਟੂ ਬੁਖਾਰਾ*, ਜਿਲਦ 1, ਸਫੇ 23-24

ਮਿਲਿਆ। ਸਰਦਾਰ ਜੀ ਨੇ ਆਪਣੇ ਰਿਸਾਲੇ ਵਿਚ ਇਕ ਨੌਜਵਾਨ ਸਿੱਖ ਦੱਸਿਆ ਜਿਸ ਬਾਰੇ ਦੱਸਿਆ ਗਿਆ ਕਿ ਇਸ ਦਾ ਪਿਤਾ ਮੈਦਾਨੇ-ਜੰਗ ਵਿਚ ਰਾਜ ਦੀ ਸੇਵਾ ਕਰਦਾ ਹੋਇਆ ਆਪਾ ਵਾਰ ਗਿਆ ਸੀ। ਮਹਾਰਾਜਾ ਸਾਹਿਬ ਨੇ ਉਸ ਦੇ ਪੁੱਤਰ ਨੂੰ ਪਿਤਾ ਦੀ ਇੱਜ਼ਤ ਵਾਲਾ ਅਹੁਦਾ ਬਖ਼ਸ਼ ਦਿੱਤਾ ਹੈ। ਬਰਨਜ਼ ਲਿਖਦਾ ਹੈ ਕਿ ਮਹਾਰਾਜਾ ਬਹਾਦਰੀ ਦੀ ਕਦਰ ਕਰਦਾ ਸੀ ਜਿਸ ਦੇ ਕਾਰਨ ਸਾਰੀ ਕੌਮ ਸੂਰਮਿਆਂ ਦੀ ਕੌਮ ਬਣ ਗਈ ਹੈ।

## ਖ਼ਾਲਸੇ ਦੀ ਸ਼ਕਤੀ ਦਾ ਵੈਰੀਆਂ ਦੇ ਮੂੰਹੋਂ ਇਕਰਾਰ

ਭਾਵੇਂ ਅਮੀਰ ਦੋਸਤ ਮੁਹੰਮਦ ਖ਼ਾਨ ਸ਼ਾਹ ਕਾਬਲ ਨੇ ਖ਼ਾਲਸੇ ਦੇ ਹੱਥੋਂ ਉੱਪਰ ਥੱਲੇ ਕਈ ਵੇਰਾਂ ਹਾਰਾਂ ਖਾਧੀਆਂ ਸਨ ਅਤੇ ਉਸ ਨੂੰ ਪਿਸ਼ਾਵਰ ਵਰਗੇ ਸੋਨਾ ਉਗਲਣ ਵਾਲੇ ਇਲਾਕੇ ਤੋਂ ਹੱਥ ਧੋਣਾ ਪਿਆ ਸੀ ਜਿਸ ਦੇ ਕਾਰਨ ਉਸ ਦਾ ਮਨ ਖ਼ਾਲਸੇ ਦੇ ਵਿਰੁੱਧ ਘਿਰਣਾ ਭਰਪੂਰ ਸੀ, ਪਰ ਫਿਰ ਵੀ ਖ਼ਾਲਸੇ ਦੀ ਬੀਰਤਾ ਤੇ ਸ਼ਕਤੀ ਤੋਂ ਇਨਕਾਰ ਨਹੀਂ ਕਰ ਸਕਦਾ ਸੀ। ਇਸ ਨੇ ਅਲੈਗਜ਼ੈਂਡਰ ਬਰਨਜ਼ ਕੋਲ ਕਈ ਵੇਰ ਮੰਨਿਆ ਕਿ ਖ਼ਾਲਸਾ ਫ਼ੌਜ ਦੀ ਸ਼ਕਤੀ ਮੇਰੇ ਨਾਲੋਂ ਦਸ ਗੁਣਾਂ ਵੱਧ ਹੈ ਅਤੇ ਉਸ ਦਾ ਟਾਕਰਾ ਕਰਨਾ ਮੇਰੇ ਲਈ ਅਸੰਭਵ ਹੈ। ਇਸ ਨੇ ਬਰਨਜ਼ ਨੂੰ ਇਹ ਵੀ ਕਿਹਾ ਕਿ ਮੇਰੇ ਪੁੱਤਰ ਤੇ ਹੋਰ ਅਫ਼ਗਾਨ ਬੜੀਆਂ ਡੀਂਗਾਂ ਮਾਰਦੇ ਹਨ ਤੇ ਖ਼ਾਲਸੇ ਦੇ ਟਾਕਰੇ ਪਰ ਆਪਣੇ ਆਪ ਨੂੰ ਬਹਾਦਰ ਦੱਸਦੇ ਹਨ ਪਰ ਮੈਨੂੰ ਇਸ ਗੱਲ ਦੇ ਮੰਨਣ ਤੋਂ ਇਨਕਾਰ ਨਹੀਂ ਕਿ ਖ਼ਾਲਸਾ ਦੀ ਬੀਰਤਾ ਤੇ ਸ਼ਕਤੀ ਦੇ ਸਾਹਮਣੇ ਉਹ ਉਸ ਦੇ ਦਸਵੇਂ ਹਿੱਸੇ ਯੋਗ ਵੀ ਨਹੀਂ ਹਨ।

## ਖ਼ਾਲਸਾ ਰਾਜ ਵਿਚ ਸੂਰਮਿਆਂ ਦੀ ਕਦਰ

ਬਰਨਜ਼ ਲਿਖਦਾ ਹੈ ਕਿ, "ਇਕ ਵਾਰ ਪਹਿਲਾਂ ਸਿੱਖਾਂ ਦੀ ਨਿਰਭੈਤਾ ਦਾ ਨਮੂਨਾ ਵੇਖਿਆ ਸੀ ਜਦ ਇਕ ਬੜੇ ਭਾਰੀ ਜੰਗਲੀ ਸੂਰ ਨੂੰ ਇਕੱਲੇ ਇਕ ਸਿੱਖ ਨੇ ਤਲਵਾਰ ਨਾਲ ਪੈਦਲ ਦੌੜ ਕੇ ਮਾਰਿਆ ਪਰ ਹੁਣ ਇਸ ਦੂਜੇ ਦ੍ਰਿਸ਼ ਨੇ ਤਾਂ ਮੈਨੂੰ ਹੈਰਾਨਗੀ ਵਿਚ ਪਾ ਦਿੱਤਾ ਹੈ। ਅਸੀਂ ਜਦ ਲਾਹੌਰ ਵੱਲ ਬੇੜੀਆਂ ਵਿਚ ਦਰਿਆ ਰਾਵੀ ਦੇ ਰਾਹ ਜਾ ਰਹੇ ਸੀ ਤਾਂ ਮਹਾਰਾਜਾ ਸਾਹਿਬ ਦੇ ਸਾਡੀ ਰੱਖਿਆ ਲਈ ਭੇਜੇ ਹੋਏ ਕੁਝ ਸਵਾਰ ਦਰਿਆ ਦੇ ਕਿਨਾਰੇ-ਕਿਨਾਰੇ ਜਾ ਰਹੇ ਸਨ। 13 ਜੁਲਾਈ ਨੂੰ ਕਿਸੇ ਖ਼ਬਰ ਦਿੱਤੀ ਕਿ ਕੋਟਕਮਾਲੀਆ ਜੰਗਲ ਵਿਚ ਇਕ ਬੜੇ ਕੱਦ-ਕਾਠ ਵਾਲਾ ਸ਼ੇਰ ਹੈ ਜਿਸ ਨੇ ਕਈ ਪਸ਼ੂਆਂ ਦਾ ਨੁਕਸਾਨ ਕੀਤਾ ਹੈ ਅਤੇ ਕਈ ਮਨੁੱਖਾਂ ਨੂੰ ਜ਼ਖਮੀ ਕੀਤਾ ਹੈ। ਇਹ ਸੁਣ ਕੇ ਝੱਟ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਜੋ ਮਹਾਰਾਜਾ ਸਾਹਿਬ ਵੱਲੋਂ ਮੁਲਤਾਨ ਤੋਂ ਸਾਡੇ ਨਾਲ ਸੀ, ਆਪਣੇ ਜਵਾਨਾਂ ਵਿਚੋਂ ਇਕ ਨੂੰ ਹੁਕਮ ਦਿੱਤਾ ਕਿ ਜਾ ਕੇ ਉਸ ਸ਼ੇਰ ਨੂੰ ਮਾਰ ਦੇਵੇ। ਇਹ ਸੁਣ ਕੇ ਉਹ ਸਿੱਖ ਉਸ ਥਾਂ ਵੱਲ ਤੁਰ ਪਿਆ ਜਿਹੜੀ ਪਿੰਡ ਦੇ ਲੋਕਾਂ ਦੱਸੀ ਸੀ। ਸਰਦਾਰ ਨੇ ਸਾਨੂੰ ਵੀ ਕਿਹਾ ਕਿ ਚਲੋ ਸ਼ੇਰ ਦਾ ਸ਼ਿਕਾਰ ਵੇਖੀਏ। ਅਸੀਂ ਵੀ ਨਾਲ ਗਏ। ਅਜੇ ਥੋੜ੍ਹੀ ਦੂਰ ਗਏ ਸਾਂ ਕਿ ਘਾਹ ਵਿਚ ਲੁਕਿਆ ਹੋਇਆ ਸ਼ੇਰ ਇਸ ਪੈਦਲ ਸਿੱਖ ਪਰ ਕੁਦ ਪਿਆ ਅਤੇ ਉਸ ਨੇ ਸਿੱਖ ਦੇ ਖੱਬੇ ਮੋਢੇ ਪਰ ਕਰੜਾ ਦੰਦ ਲਾਇਆ। ਸਿੰਘ ਨੇ ਝਟ

---

1 ਬਰਨਜ਼, ਟ੍ਰੈਵਲਜ਼ ਇਨਟੂ ਬੁਖਾਰਾ, ਜਿਲਦ 1, ਸਫ਼ਾ 120

WWW.SIKHBOOKCLUB.COM 

ਆਪਣੀ ਤਲਵਾਰ ਬਿਨਾਂ ਕਿਸੇ ਘਬਰਾਹਟ ਦੇ ਉਸ ਉਤੇ ਅਜਿਹੀ ਨਿਰਭੈਤਾ ਨਾਲ ਚਲਾਈ ਕਿ ਉਸ ਨੇ ਉਸ ਨੂੰ ਉਥੇ ਹੀ ਆਪਣੇ ਪੈਰਾਂ ਵਿਚ ਸੁੱਟ ਲਿਆ। ਇਸ ਦੇ ਮਾਰਨ ਬਾਅਦ ਜਦ ਸ਼ੇਰ ਦੀ ਲੰਬਾਈ ਦਾ ਨਾਪ ਕੀਤਾ ਗਿਆ ਤਾਂ ਉਹ 10 ਫੁਟ ਲੰਬਾ ਸੀ।"

"ਮੈਂ ਫੱਟੜ ਜਵਾਨ ਦਾ ਲਹੂ ਵਗਦਾ ਵੇਖ ਕੇ ਹਮਦਰਦੀ ਵਿਚ ਉਸ ਦੀ ਪੁਛ-ਗਿਛ ਕੀਤੀ ਤਾਂ ਉਸ ਨੇ ਆਪਣਾ ਨਾਮ ਲਹਿਣਾ ਸਿੰਘ ਦੱਸਿਆ। ਹਰ ਇਕ ਸਿੱਖ ਨੂੰ ਇਹ ਪੂਰਨ ਨਿਸ਼ਚਾ ਹੈ ਕਿ ਉਸ ਨੂੰ ਇਸ ਤਰ੍ਹਾਂ ਦੀ ਸੂਰਮਤਾ ਦੱਸਣ ਲਈ ਮਹਾਰਾਜਾ ਸਾਹਿਬ ਵੱਲੋਂ ਹੌਸਲਾ ਵਧਾਉਣ ਲਈ ਇਨਾਮ ਅਤੇ ਸ਼ਾਬਾਸ਼ ਦਾ ਥਾਪੜਾ ਮਿਲੇਗਾ। ਇਸ ਲਈ ਉਹ ਭੈ ਨੂੰ ਭੈ ਨਹੀ ਸਮਝਦੇ। ਸਰਦਾਰ ਨੇ ਦੱਸਿਆ ਕਿ ਇਸ ਸਿੱਖ ਨੂੰ ਇਕ ਘੋੜਾ 100 ਰੁਪਏ ਸਾਲਾਨਾ ਤਰੱਕੀ ਸਾਲ ਵਿਚ ਮਿਲ ਚੁੱਕੀ ਹੈ। ਇਹ ਸਭ ਮਹਾਰਾਜਾ ਸਾਹਿਬ ਬਹਾਦਰੀ ਦੀ ਕਦਰ ਵੱਜੋਂ ਕਰਦੇ ਹਨ ਜੋ ਬਹਾਦਰੀ ਕਰਨ ਲਈ ਹਿੰਮਤ ਵਧਾਉਂਦਾ ਹੈ।"

## ਖ਼ਾਲਸਾ ਰਾਜ ਸਮੇਂ ਵਿਦਿਆ ਦਾ ਪ੍ਰਬੰਧ

ਖ਼ਾਲਸਾ ਰਾਜ ਸਮੇਂ ਜਿਹੋ ਜਿਹੀ ਵਿਦਿਆ ਦੀ ਲੋੜ ਸੀ ਉਹੋ ਜਿਹੀ ਵਿਦਿਆ ਦਾ ਖਿਲਾਰ ਚੋਖਾ ਖਿਲਰਿਆ ਹੋਇਆ ਸੀ। ਜੇ ਕੋਈ ਸੱਜਣ ਕੇਵਲ ਅੰਗਰੇਜ਼ੀ ਨੂੰ ਹੀ ਵਿਦਿਆ ਸਮਝ ਲਏ ਅਤੇ ਇਹ ਅਨੁਮਾਨ ਲਾਏ ਕਿ ਉਸ ਸਮੇਂ ਅੰਗਰੇਜ਼ੀ ਪੜ੍ਹਾਈ ਦੇ ਇੰਨੇ ਸਕੂਲ ਕਾਲਜ ਨਹੀਂ ਸਨ, ਇਸ ਲਈ ਉਦੋਂ ਵਿਦਿਆ ਦਾ ਪ੍ਰਬੰਧ ਹੈ ਹੀ ਨਹੀਂ ਸੀ ਤਾਂ ਉਹ ਭਾਈ ਵੱਡੀ ਭੁਲ ਕਰ ਜਾਵੇਗਾ। ਅੰਗਰੇਜ਼ੀ ਦੀ ਤਾਂ ਅਸਲੋਂ ਉਦੋਂ ਲੋੜ ਹੀ ਕੋਈ ਨਹੀਂ ਸੀ।

ਪੰਜਾਬ ਵਿਚ ਅੰਗਰੇਜ਼ੀ ਪੜ੍ਹਾਈ, ਸੰਨ 1849 ਦੇ ਬਾਅਦ ਅਰੰਭ ਹੋਈ। ਜਦ ਪੰਜਾਬ ਦਾ ਰਾਜ ਅੰਗਰੇਜ਼ਾਂ ਦੇ ਅਧਿਕਾਰ ਵਿਚ ਆਇਆ ਤਾਂ ਉਨ੍ਹਾਂ ਨੂੰ ਦਫ਼ਤਰੀ ਕੰਮ ਅੰਗਰੇਜ਼ੀ ਵਿਚ ਚਲਾਉਣ ਲਈ ਅਰਥਾਤ ਆਪਣੀ ਲੋੜ ਪੂਰੀ ਕਰਨ ਲਈ ਅੰਗਰੇਜ਼ੀ ਪੜ੍ਹਾਈ ਦੇ ਸਕੂਲ ਖੋਲ੍ਹਣੇ ਪਏ ਅਤੇ ਇਸ ਤਰ੍ਹਾਂ ਸਹਿਜੇ-ਸਹਿਜੇ ਫ਼ਾਰਸੀ ਆਦਿ ਹੋਰ ਸਾਰੀਆਂ ਪੜ੍ਹਾਈਆਂ ਦੀ ਥਾਂ ਅੰਗਰੇਜ਼ੀ ਨੇ ਮਲ ਲਈ। ਖ਼ਾਲਸਾ ਰਾਜ ਸਮੇਂ ਸਾਰੀ ਵਿਦਿਆ ਦੇਸ਼ ਦੀ ਭਾਖਾ ਵਿਚ ਦਿੱਤੀ ਜਾਂਦੀ ਸੀ। ਸੋ ਉਸ ਦੀ ਪਰਾਪਤੀ ਦਾ ਲੋੜ ਅਨੁਸਾਰ ਪੂਰਾ ਪ੍ਰਬੰਧ ਸੀ। ਖ਼ਾਲਸਾ ਰਾਜ ਸਮੇਂ ਦਫ਼ਤਰੀ ਕੰਮ ਫ਼ਾਰਸੀ, ਗੁਰਮੁਖੀ ਅਤੇ ਠਾਕਰੀ ਵਿਚ ਹੁੰਦਾ ਸੀ। ਇਸ ਦੇ ਪੂਰਾ ਕਰਨ ਲਈ ਜਿਹੋ ਜਿਹੀ ਵਿਦਿਆ ਦੀ ਲੋੜ ਸੀ ਉਸ ਦੀ ਪ੍ਰਾਪਤੀ ਲਈ ਲੋੜ ਤੋਂ ਵੱਧ ਮਕਤਬ, ਮਦਰਸੇ, ਦਰਗਾਹਾਂ, ਗੁਰਦੁਆਰੇ, ਮੰਦਰ ਅਤੇ ਮਸੀਤਾਂ ਸਨ ਜੋ ਧਾਰਮਕ ਰਸੁਮਾਤ ਦੇ ਨਾਲ-ਨਾਲ ਸਕੂਲਾਂ ਦੇ ਤੌਰ ਤੇ ਵਿਦਿਆ ਦੀ ਪੜ੍ਹਾਈ ਦਾ ਕੰਮ ਦਿੰਦੇ ਸਨ। ਇਨ੍ਹਾਂ ਵਿਚ ਫ਼ਾਰਸੀ, ਗੁਰਮੁਖੀ, ਠਾਕਰੀ, ਮਹਾਜਨੀ ਪੜ੍ਹਾਈ ਜਾਂਦੀ ਸੀ। ਖ਼ਾਲਸਾ ਰਾਜ ਸਮੇਂ ਵਿਦਿਆ ਦੇ ਪ੍ਰਬੰਧ ਬਾਰੇ ਰੋਸ਼ਨੀ ਪਾਉਣ ਲਈ ਚੰਗੇ ਭਾਗਾਂ ਨਾਲ ਸਾਨੂੰ ਡਾਕਟਰ ਲੈਟੀਨਰ (Latiner) ਦੀ ਲਿਖਤ ਪੁਸਤਕ ਮਿਲ ਗਈ ਹੈ ਜਿਸ ਵਿਚ ਉਸ ਨੇ ਖ਼ਾਲਸਾ ਰਾਜ ਸਮੇਂ ਵਿਦਿਆ ਦੇ ਪ੍ਰਬੰਧ ਬਾਰੇ ਸਵਿਸਥਾਰ ਵੇਰਵਾ ਦਿੱਤਾ ਹੈ ਜਿਸ ਦਾ ਸਾਰ ਇੰਜ ਹੈ : "ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਚਾਰ ਹਜ਼ਾਰ ਦੇ ਲਗਭਗ ਵਿਦਿਆ ਪ੍ਰਾਪਤੀ ਦੇ ਟਿਕਾਣੇ (ਸਕੂਲ) ਸਨ ਜਿਨ੍ਹਾਂ ਵਿਚ ਬਹੁਤ ਬੜੀ ਗਿਣਤੀ ਵਿਚ ਹਰ

ਮਤ ਦੇ ਵਿਦਿਆਰਥੀ ਤੇ ਵਿਦਿਆਰਥਨਾਂ ਫ਼ਾਰਸੀ, ਅਰਬੀ, ਗੁਰਮੁਖੀ, ਸੰਸਕ੍ਰਿਤ ਅਤੇ ਮਹਾਜਨੀ ਵਿਚ ਆਪਣੀ ਇਛਿਆ ਤੇ ਲੋੜ ਅਨੁਸਾਰ ਵਿਦਿਆ ਪ੍ਰਾਪਤ ਕਰਦੇ ਸਨ। ਇਹ ਸਕੂਲ ਗੁਰਦੁਆਰਿਆਂ, ਮਸੀਤਾਂ, ਮੰਦਰਾਂ ਤੇ ਖਾਸ-ਖਾਸ ਵਿਦਵਾਨਾਂ ਦੇ ਡੇਰਿਆਂ ਵਿਚ ਚਲਦੇ ਸਨ। ਇਨ੍ਹਾਂ ਮਕਤਬਾਂ, ਪਾਠਸ਼ਾਲਾਂ, ਮਦਰਸਿਆਂ ਦੇ ਦਰਸਗਾਹਾਂ ਵਿਚ ਪੜ੍ਹਾਈ ਦੀ ਸੇਵਾ ਕਰਨ ਵਾਲਿਆਂ ਦੀ ਮਹਾਰਾਜਾ ਬੜੀ ਇੱਜ਼ਤ ਕਰਦੇ ਸਨ। ਇਨ੍ਹਾਂ ਦੀ ਮਾਇਕੀ ਸਹਾਇਤਾ ਲਈ ਸਰਕਾਰ ਨੇ ਵੱਡੀਆਂ-ਵੱਡੀਆਂ ਜਾਗੀਰਾਂ ਇਨ੍ਹਾਂ ਟਿਕਾਣਿਆਂ ਨਾਲ ਲਾਈਆਂ ਹੋਈਆਂ ਸਨ।"

ਇਸ ਤੋਂ ਅੱਗੇ ਡਾਕਟਰ ਲੈਟੀਨਰ ਨੇ ਆਪਣੀ ਪੁਸਤਕ ਵਿਚ ਇਕ ਨਕਸ਼ਾ ਦਿੱਤਾ ਹੈ ਜਿਸ ਤੋਂ ਸਿੱਧ ਹੁੰਦਾ ਹੈ ਕਿ ਖ਼ਾਲਸਾ ਰਾਜ ਸਮੇਂ 23 ਤਰ੍ਹਾਂ ਦੀ ਵਿਦਿਆ ਵਿਦਿਆਰਥੀਆ ਨੂੰ ਪੜ੍ਹਾਈ ਜਾਂਦੀ ਸੀ।[1]

ਬਾਹਰ ਦੇ ਇਲਾਕਿਆਂ ਵਿਚ ਖਿਲਰੀਆਂ ਹੋਈਆਂ ਇਸੇ ਸਿਲਸਲੇ ਦੀਆਂ ਕਈ ਦਰਸਗਾਹਾਂ ਤੋਂ ਛੁਟ ਲਾਹੌਰ ਵਿਚ ਉੱਚੇ ਪਾਏ ਦੀ ਫ਼ਾਰਸੀ ਵਿਦਿਆ ਦੀ ਪ੍ਰਾਪਤੀ ਲਈ ਮੀਆਂ ਵੱਡੇ ਦੇ ਨਾਮੀ ਮਦਰਸੇ ਵਿਚ ਖ਼ਾਸ ਪ੍ਰਬੰਧ ਸੀ, ਜਿੱਥੋਂ ਬਹੁਤ ਬੜੀ ਗਿਣਤੀ ਵਿਚ ਉੱਚੀ ਵਿਦਿਆ ਪਾ ਕੇ ਵਿਦਿਆਰਥੀ ਨਿਕਲਦੇ ਹੁੰਦੇ ਸਨ। ਇਸ ਮਕਤਬ ਦੀ ਮਾਇਕੀ ਲੋੜਾਂ ਪੂਰੀਆਂ ਕਰਨ ਲਈਂ ਇਸ ਰਾਜ ਵੱਲੋਂ ਬਹੁਤ ਬੜੀ ਜਾਗੀਰ ਲਾਈ ਹੋਈ ਸੀ।[2]

ਜਿਹਾ ਕਿ ਅਸੀਂ ਉੱਪਰ ਲਿਖ ਆਏ ਹਾਂ ਕਿ ਅੰਗਰੇਜ਼ੀ ਵਿਦਿਆ ਦੀ ਖ਼ਾਲਸਾ ਰਾਜ ਸਮੇਂ ਬਹੁਤ ਘੱਟ ਲੋੜ ਸੀ ਪਰ ਉਸ ਦੇ ਪੂਰਾ ਕਰਨ ਲਈ ਵੀ ਬਰਾਬਰ ਯਤਨ ਹੋ ਰਹੇ ਸਨ। ਸੰਨ 1837 ਵਿਚ ਸ਼ੇਰੇ-ਪੰਜਾਬ ਨੇ ਅੰਗਰੇਜ਼ੀ ਪੁਲੀਟੀਕਲ ਵਿਭਾਗ ਲੁਧਿਆਣਾ ਦੇ ਰਾਹੀਂ ਯਤਨ ਕੀਤਾ ਕਿ ਅਮਰੀਕਨ ਸਕੂਲ ਲੁਧਿਆਣੇ ਤੋਂ ਕਿਸੇ ਲਾਇਕ ਅਧਿਆਪਕ ਦੀ ਸੇਵਾ ਪ੍ਰਾਪਤ ਕੀਤੀ ਜਾਵੇ। ਕਪਤਾਨ ਵੇਡ ਨੇ ਜਾਨ ਲਾਰੀ ਨਾਮ ਦੇ ਇਕ ਟੀਚਰ ਨੂੰ ਲਾਹੌਰ ਵਿੱਚ ਅੰਗਰੇਜ਼ੀ ਤੇ ਫ਼ਰਾਂਸੀਸੀ ਸਕੂਲ ਚਲਾਉਣ ਲਈ ਚੋਖੀ ਵੱਡੀ ਤਲਬ ਪਰ ਰਾਜ਼ੀ ਕਰ ਲਿਆ।

ਡਾਕਟਰ ਲਾਰੀ ਲਾਹੌਰ ਪੁੱਜਾ। ਇੱਥੇ ਇਸ ਨੂੰ ਰਹਿਣ ਲਈ ਵਜ਼ੀਰ ਖ਼ਾਨ ਦੇ ਬਾਗ਼ ਵਿਚ ਸੋਹਣਾ ਘਰ ਦਿੱਤਾ ਗਿਆ। ਨਵੇਂ ਮਹਾਂਵਿਦਿਆਲੇ ਦੇ ਬਣਨ ਤਕ ਪਹਿਲਾਂ ਪਹਿਲ ਸਕੂਲ ਨੂੰ ਚਾਲੂ ਕਰਨ ਲਈ ਦੀਵਾਨ ਕਾਬਲੀ ਮੱਲ ਦੀ ਹਵੇਲੀ ਚੁਣੀ ਗਈ। ਲਗਭਗ ਸਾਰਾ ਪ੍ਰਬੰਧ ਸੰਪੂਰਨ ਹੋ ਗਿਆ। ਪੜ੍ਹਾਈ ਦੇ ਕੰਮ ਨੂੰ ਅਰੰਭ ਕਰਨ ਤੋਂ ਪਹਿਲਾਂ ਲਾਰੀ ਸਾਹਿਬ ਨੇ ਮਹਾਰਾਜਾ ਰਣਜੀਤ ਸਿੰਘ ਦੇ ਮੂਹਰੇ ਇਕ ਬੇਨਤੀ-ਪੱਤਰ ਰਖਿਆ ਜਿਸ ਵਿਚ ਲਿਖਿਆ ਸੀ ਕਿ ਉਸ ਨੂੰ ਮਹਾਰਾਜਾ ਦੀਆਂ ਸਾਰੀਆਂ ਸ਼ਰਤਾਂ ਪ੍ਰਵਾਨ ਹਨ ਪਰ ਇਕ ਸ਼ਰਤ ਇਹ ਰੱਖੀ ਕਿ ਉਸ ਨੂੰ ਵਿਦਿਆਰਥੀਆਂ ਨੂੰ ਵਿਦਿਆ ਪੜ੍ਹਾਣ ਦੇ ਨਾਲ ਅੰਜੀਲ ਦੀ ਪੜ੍ਹਾਈ ਦੀ ਵੀ ਖੁਲ੍ਹ ਹੋਣੀ ਚਾਹੀਦੀ ਹੈ। ਮਹਾਰਾਜੇ ਨੇ ਜਦ ਲਾਰੀ ਸਾਹਿਬ ਦੀ ਇਸ ਮੰਗ ਬਾਰੇ ਆਪਣੇ ਦਰਬਾਰੀਆਂ ਤੋਂ ਸਲਾਹ ਪੁੱਛੀ ਤਾਂ ਫ਼ਕੀਰ ਅਜ਼ੀਜ਼ੁੱਦੀਨ, ਦੀਵਾਨ ਅਜੁਦਿਆ

1. ਸ.ਮ., ਲਤੀਫ਼, ਲਾਹੌਰ : *ਇਟਸ ਹਿਸਟਰੀ*, ਸਫ਼ਾ 156
2. ਜਾਨ ਲਾਰੀ, *ਫ਼ਾਰਨ ਮਿਸ਼ਨ ਆਫ਼ ਦੀ ਅਮਰੀਕਨ ਪ੍ਰੈਸਬੀਟੇਰੀਅਨ ਚਰਚ* ਦੇ ਬੋਰਡ ਦਾ ਸੈਕਰੇਟਰੀ ਸੀ।

ਪ੍ਰਸ਼ਾਦ, ਰਾਜਾ ਧਿਆਨ ਸਿੰਘ, ਸਰਦਾਰ ਹਰੀ ਸਿੰਘ, ਸ਼ਾਮ ਸਿੰਘ ਨੇ ਲਾਰੀ ਦੀ ਮੰਗ ਦੇ ਵਿਰੁੱਧ ਰਾਏ ਦਿੱਤੀ। ਦੂਜੇ ਥੰਨੇ ਲਾਰੀ ਬਿਨਾ ਅੰਜੀਲ ਦੇ ਪੜ੍ਹਾਉਣ ਦੇ ਕਿਸੇ ਤਰ੍ਹਾਂ ਵੀ ਪੜ੍ਹਾਉਣਾ ਪ੍ਰਵਾਨ ਨਹੀਂ ਸੀ ਕਰਦਾ।[1] ਇਸ ਤਰ੍ਹਾਂ ਇਹ ਖਣਿਆ ਕੰਮ ਉਸ ਸਮੇਂ ਤਕ ਰੁੱਕ ਗਿਆ ਜਦ ਤਕ ਕੋਈ ਪ੍ਰੋਫੈਸਰ ਅੰਗਰੇਜ਼ੀ ਬਿਨਾ ਮਜ਼ਬੀ ਪ੍ਰਚਾਰ ਦੇ ਪੜ੍ਹਾਉਣ ਲਈ ਨਾ ਮਿਲ ਜਾਏ।[2] ਇਸ ਦੇ ਨਾਲ ਇਕ ਹੋਰ ਵਿਉਂਤ ਵੀ ਸੋਚੀ ਗਈ। ਉਹ ਇਹ ਸੀ ਕਿ ਕਈ ਸਿਆਣੇ ਵਿਦਿਆਰਥੀਆਂ ਨੂੰ ਸਰਕਾਰੀ ਖਰਚ ਪਰ ਅੰਗਰੇਜ਼ੀ ਵਿਦਿਆ ਵਿਚ ਨਿਪੁੰਨਤਾ ਪ੍ਰਾਪਤ ਕਰਨ ਲਈ ਲੁਧਿਆਣੇ ਦੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਈ ਲਈ ਭੇਜਿਆ ਗਿਆ। ਜਿਥੇ ਕਈ ਨੌਜਵਾਨ ਇੰਗਲਿਸ਼ ਵਿਚ ਉੱਚੀ ਵਿਦਿਆ ਪ੍ਰਾਪਤ ਕਰਕੇ ਪਰਤੇ। ਇਨ੍ਹਾਂ ਵਿਚੋ ਸਰਦਾਰ ਬਿਸ਼ਨ ਸਿੰਘ ਤੇ ਦੁਰਗਾ ਪ੍ਰਸ਼ਾਦ ਦਾ ਨਾਮ ਵਿਸ਼ੇਸ਼ ਕਰਕੇ ਵਰਨਣਯੋਗ ਹੈ ਜੋ ਇੰਗਲਿਸ਼ ਵਿਚ ਚੰਗੀ ਤਰ੍ਹਾਂ ਲਿਖ-ਪੜ੍ਹ ਸਕਦੇ ਸਨ।[4]

## ਖ਼ਾਲਸਾ ਰਾਜ ਦੇ ਜਵਾਹਰਾਤ

ਖ਼ਾਲਸਾ ਰਾਜ ਦਾ ਖਜ਼ਾਨਾ ਸੰਸਾਰ ਵਿਚ ਅਦੁੱਤੀ ਹੀਰਿਆਂ, ਲਾਲਾਂ, ਪਨਿਆਂ, ਸਬਜ਼ਿਆਂ, ਨੀਲਮਾਂ ਤੇ ਮੋਤੀਆਂ ਨਾਲ ਭਰਪੂਰ ਸੀ। ਇਨ੍ਹਾਂ ਵਿਚ ਐਸੇ-ਐਸੇ ਬਹੁਮੁੱਲੇ ਨਗ ਮੌਜੂਦ ਸਨ ਜਿਨ੍ਹਾਂ ਦੇ ਮੁੱਲ ਦਾ ਤਖਮੀਨਾ ਲਾਣ ਵਿਚ ਹਿੰਦ ਅਤੇ ਯੋਰਪ ਦੇ ਜਵਾਹਰੀ ਅਸਮਰਥ ਸਨ। ਇਨ੍ਹਾਂ ਵਿਚੋਂ ਕੋਹਨੂਰ, ਦਰਿਆ ਨੂਰ, ਗੁਲਾਬੀ ਪੁਖਰਾਜ ਅਤੇ ਨੀਲਮ ਵਿਸ਼ੇਸ਼ ਕਰਕੇ ਜਗਤ ਪ੍ਰਸਿੱਧ ਸਨ।

ਕੋਹਨੂਰ ਕੀਮਤ, ਵਜ਼ਨ, ਆਬ ਤੇ ਚਮਕ ਦੇ ਪੱਖ ਤੋਂ ਲਾਸਾਨੀ ਸੀ। ਵੱਖ-ਵੱਖ ਪਾਰਖੂ ਇਸ ਦੇ ਮੁੱਲ ਬਾਰੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਅੰਦਾਜ਼ਾ ਲਾਉਂਦੇ ਰਹੇ ਹਨ। ਆਸਬਰਨ ਦੀ ਲਿਖਤ ਅਨੁਸਾਰ ਇਸ ਦਾ ਮੁੱਲ 30,00,000 (ਤੀਹ ਲੱਖ ਪੌਂਡ) ਜਾਂ 4,50,00,000 ਰੁਪਏ ਬਣਦਾ ਹੈ। ਬਰਨਜ਼ ਇਸ ਦਾ ਮੁੱਲ 45,00,000 ਰੁਪਏ ਪਾਉਂਦਾ ਹੈ। ਇਸੇ ਤਰ੍ਹਾਂ ਤ੍ਰੈਵਰਨੀਅਰ ਆਸਬਰਨ ਦੇ ਨੇੜੇ-ਤੇੜੇ ਮੁੱਲ ਪਾਉਂਦਾ ਹੈ।

ਕੋਹਨੂਰ ਬਾਰੇ ਅੱਖੀ ਵੇਖਣ ਵਾਲਿਆਂ ਦੀ ਰਾਏ : ਅੱਜ ਮੈਂ 16 ਅਗਸਤ 1831 ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਇੱਛਾ ਪ੍ਰਗਟ

---

1. *ਹਿਸਟਰੀ ਆਫ ਅਮਰੀਕਨ ਪ੍ਰੈਸਬੀਟੇਰੀਅਨ ਮਿਸ਼ਨ ਇੰਨ ਇੰਡੀਆ*, ਸਫਾ 27
2. ਇਸ ਮਿਲਣੀ ਦਾ ਸਵਿਸਥਾਰ ਜ਼ਿਕਰ ਲਾਰੀ ਨੇ ਆਪਣੀ ਲਿਖਤ ਪੁਸਤਕ *ਟੂ ਯੀਅਰਜ਼ ਇਨ ਅਪਰ ਇੰਡੀਆ*, ਸਫੇ 139-140 ਵਿਚ ਦਿੱਤਾ ਗਿਆ ਹੈ।
3. ਇਹ ਸਕੂਲ ਕਪਤਾਨ ਵੇਡ ਪੁਲੀਟੀਕਲ ਏਜੰਟ ਲੁਧਿਆਣਾ ਨੇ ਸੰਨ 1824 ਵਿਚ ਜਾਰੀ ਕੀਤਾ ਸੀ। ਇਹ ਪੰਜਾਬ ਵਿਚ ਅੰਗਰੇਜ਼ੀ ਵਿਦਿਆ ਦੀ ਪੜ੍ਹਾਈ ਦਾ ਸਭ ਤੋਂ ਪਹਿਲਾ ਸਕੂਲ ਸੀ। ਇਹ ਸਕੂਲ ਸੰਨ 1840 ਤਕ ਵੇਡ ਦੇ ਪ੍ਰਬੰਧ ਵਿਚ ਚਲਦਾ ਰਿਹਾ। ਵੇਡ ਦੇ ਲੁਧਿਆਣੇ ਤੋਂ ਚਲੇ ਜਾਣ ਦੇ ਬਾਅਦ ਇਸ ਦਾ ਪ੍ਰਬੰਧ ਅਮਰੀਕਨ ਮਿਸ਼ਨ ਦੇ ਮਿਸ਼ਨਰੀਆ ਨੇ ਸੰਭਾਲਿਆ ਤੇ ਇਹ ਇਸ ਵਕਤ ਤਕ ਚਲ ਰਿਹਾ ਹੈ।
4. *ਮੈਰਿਟ ਐਡਵੈਂਚਰਜ਼ ਇਨ ਨਾਰਦਰਨ ਇੰਡੀਆ।*

ਕੀਤੀ ਕਿ ਮੈਨੂੰ ਕੋਹਨੂਰ ਵਿਖਾਉਣ ਦੀ ਕ੍ਰਿਪਾ ਕੀਤੀ ਜਾਵੇ। ਮਹਾਰਾਜਾ ਸਾਹਿਬ ਨੇ ਤਹਿਵੀਲਦਾਰ ਨੂੰ ਬੁਲਾ ਕੇ ਹੁਕਮ ਦਿੱਤਾ ਅਤੇ ਇਹ ਜਗਤ ਪ੍ਰਸਿੱਧ ਹੀਰਾ ਲਿਆਂਦਾ ਗਿਆ। ਮੈ ਇਸ ਦੀ ਲਿਸ਼ਕਾਰ ਤੇ ਆਬ ਨੂੰ ਵੇਖ ਕੇ ਹੈਰਾਨ ਰਹਿ ਗਿਆ। ਇਹ ਸਾਰੇ ਸੰਸਾਰ ਦੇ ਹੀਰਿਆਂ ਨਾਲੋ ਵੱਡਾ ਹੈ। ਸੰਸਾਰ ਭਰ 'ਚ ਇਸ ਤੋਂ ਵੱਧ ਮੁੱਲ ਦੀ ਕੋਈ ਚੀਜ ਨਹੀ। ਇਸ ਦੀ ਚਮਕ ਉੱਤੇ ਅੱਖ ਨਹੀਂ ਠਹਿਰਾਈ ਜਾ ਸਕਦੀ। ਇਸ ਦਾ ਆਕਾਰ ਮੁਰਗੀ ਦੇ ਅੰਡੇ ਦੇ ਅੱਧ ਜਿਨਾ ਹੈ। ਇਸ ਦਾ ਤੋਲ ਤਿੰਨ ਨਾਨਕਸ਼ਾਹੀ ਰੁਪਿਆਂ ਦੇ ਬਰਾਬਰ ਹੈ। ਇਸ ਦੇ ਮੁੱਲ ਦਾ ਅੰਦਾਜ਼ਾ 45 ਲੱਖ ਰੁਪਿਆ ਹੈ। ਇਹ ਮਹਾਨ ਹੀਰਾ ਮਹਾਰਾਜਾ ਸਾਹਿਬ ਦੇ ਬਾਜੂਬੰਦ ਵਿਚ ਲਗਿਆ ਹੋਇਆ ਹੈ। ਇਸ ਦੇ ਦੋਹੀਂ ਪਾਸੀ ਦੋ ਹੋਰ ਬਹੁਮੁੱਲੇ ਹੀਰੇ ਲੱਗੇ ਹੋਏ ਹਨ। ਇਨ੍ਹਾਂ ਦੀ ਮੋਟਾਈ ਚਿੜੀ ਦੇ ਅੰਡੇ ਜਿਤਨੀ ਸੀ।"

ਆਸਬਰਨ ਆਪਣੀ ਲਿਖਤ ਪੁਸਤਕ ਵਿਚ ਲਿਖਦਾ ਹੈ ਕਿ, "ਅੱਜ ਮਿਤੀ 13 ਜੁਲਾਈ 1838 ਨੂੰ ਅਸੀ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਹਜ਼ੂਰੀ ਬਾਗ਼ ਵਿਚ ਹਾਜ਼ਰ ਹੋਏ। ਕੁਝ ਸਮਾਂ ਇਧਰ-ਉੱਧਰ ਦੀਆਂ ਗੱਲਾਂ ਦੇ ਬਾਅਦ ਅਸੀ ਸ਼ੇਰੇ-ਪੰਜਾਬ ਦੀ ਸੇਵਾ ਵਿਚ ਬੇਨਤੀ ਕੀਤੀ ਕਿ ਸਾਨੂੰ ਕੋਹਨੂਰ ਦੇ ਵਿਖਾਉਣ ਦਾ ਮਾਣ ਬਖਸ਼ਿਆ ਜਾਵੇ। ਇਸ ਪਰ ਮਹਾਰਾਜਾ ਸਾਹਿਬ ਨੇ ਮਿਸਰ ਬੇਲੀ ਰਾਮ ਨੂੰ ਕੋਹਨੂਰ ਦੇ ਲੈ ਆਉਣ ਦਾ ਹੁਕਮ ਦਿੱਤਾ।"

"ਥੋੜ੍ਹੀ ਦੇਰ ਦੇ ਉਪਰੰਤ ਕੋਹਨੂਰ ਲਿਆਂਦਾ ਗਿਆ। ਅਸੀ ਇਸ ਹੀਰੇ ਦੀ ਮੋਟਾਈ, ਲਿਸ਼ਕ ਤੇ ਸੁਹੱਪਣ ਨੂੰ ਵੇਖ ਕੇ ਅਸਚਰਜ ਹੋ ਕੇ ਰਹਿ ਗਏ।"

"ਸੱਚੀ ਗੱਲ ਤਾਂ ਇਹ ਹੈ ਕਿ ਇਹ ਸਾਰੇ ਸੰਸਾਰ ਵਿਚ ਅਦੁੱਤੀ ਵਸਤੂ ਹੈ। ਇਹ ਡੇਢ ਇੰਚੀ ਲੰਮਾ ਹੈ ਅਤੇ ਇਕ ਇੰਚ ਤੋਂ ਵੱਧ ਚੌੜਾ ਹੈ। ਇਸ ਦਾ ਆਕਾਰ ਅੰਡੇਕਾਰ ਹੈ। ਇਹ ਮਹਾਰਾਜਾ ਦੇ ਬਾਜੂਬੰਦ ਵਿਚ ਦੋ ਹੋਰ ਸੁੰਦਰ ਤੇ ਬਹੁਮੁੱਲੇ ਹੀਰਿਆਂ ਦੇ ਵਿਚਾਲੇ ਸਜਾਇਆ ਹੋਇਆ ਹੈ। ਇਸ ਦਾ ਮੁੱਲ ਤੀਹ ਲੱਖ ਪੌਂਡ (4,50,00,000 ਰੁਪਏ) ਹੈ। ਇਹ ਬੜਾ ਆਬਦਾਰ ਹੈ ਅਤੇ ਬਿਨਾਂ ਕਿਸੇ ਦਾਗ਼ ਦੇ ਇਕੋ ਜਿਹਾ ਸਫੇਦ ਹੈ। ਮਹਾਰਾਜਾ ਸਾਹਿਬ ਨੇ ਮੇਰੇ ਤੋਂ ਪੁੱਛਿਆ ਕਿ ਕੀ ਮੈਂ ਕਦੀ ਇਹੋ ਜਿਹਾ ਹੀਰਾ ਇਸ ਤੋਂ ਪਹਿਲਾਂ ਵੇਖਿਆ ਹੈ ਅਤੇ ਇਸ ਦਾ ਯੂਰਪ ਵਿਚ ਕਿੰਨਾ ਮੁੱਲ ਹੋਵੇਗਾ। ਅਸਾਂ ਯੋਗ ਉੱਤਰ ਦਿੱਤਾ। ਕੋਹਨੂਰ ਤੋਂ ਛੁਟ ਅਸੀ ਇਕ ਮੋਟੇ ਮੋਤੀਆਂ ਦੀ ਮਾਲਾ ਵੇਖੀ ਜਿਸ ਵਿਚ 300 ਮੋਤੀ ਸਨ। ਇਹ ਸੰਗਮਰਮਰ ਦੀ ਤਰ੍ਹਾਂ ਚਿੱਟੇ ਹਨ। ਇਨ੍ਹਾਂ ਦਾ ਆਕਾਰ ਤੇ ਰੰਗ ਇਕੋ ਜਿਹਾ ਸੀ।" ਅੱਗੇ ਜਾ ਕੇ ਇਹ ਲੇਖਕ ਮੁੜ ਲਿਖਦਾ ਹੈ ਕਿ, "ਇਨ੍ਹਾਂ ਤੋਂ ਵੱਖ ਮਹਾਰਾਜੇ ਦੇ ਹੋਰ ਜਵਾਹਰਾਤ ਵੀ ਬਹੁਤ ਸਾਰੇ ਹਨ ਜਿਨ੍ਹਾਂ ਦੇ ਮੁੱਲ ਦਾ ਅੰਦਾਜ਼ਾ 3,00,000 ਪੌਂਡ (45,00,000 ਰੁਪਏ) ਹੈ।"[1]

ਕੋਹਨੂਰ ਬਾਰੇ ਇਕ ਹੋਰ ਇਤਿਹਾਸਕਾਰ ਇਉਂ ਲਿਖਦਾ ਹੈ : "ਇਹ ਹੀਰਾ (ਕੋਹਨੂਰ) ਉਨ੍ਹਾਂ ਪ੍ਰਸਿੱਧ ਹੀਰਿਆਂ ਵਿਚੋ ਹੈ ਜਿਨ੍ਹਾਂ ਦਾ ਮੁੱਲ ਪ੍ਰਸਿੱਧ ਸੈਲਾਨੀ 'ਤੇਵਰਨੀਅਰ' ਨੇ ਆਪਣੇ ਸਫਰਨਾਮੇ ਵਿਚ ਲਿਖਿਆ ਹੈ। ਉਹ ਲਿਖਦਾ ਹੈ ਕਿ 'ਤਖ਼ਤੇ ਤਾਊਸ' ਦਿੱਲੀ

1. ਆਸਬਰਨ, *ਕੋਰਟ ਐਂਡ ਕੈਂਪ ਆਫ ਮਹਾਰਾਜਾ ਰਣਜੀਤ ਸਿੰਘ*, ਸਫੇ 223-224

WWW.SIKHBOOKCLUB.COM 

ਦੀ ਸਜਾਵਟ ਵਧਾਉਣ ਲਈ ਇਹ ਹੀਰਾ ਉਸ ਵਿਚ ਜੜਿਆ ਗਿਆ ਸੀ। ਇਹ ਸੰਸਾਰ ਦੇ ਸਾਰਿਆਂ ਹੀਰਿਆਂ ਨਾਲੋਂ ਸਭ ਤੋਂ ਵੱਡਾ ਹੈ ਜਿਹੜੇ ਮਨੁੱਖ ਦੀਆਂ ਅੱਖਾਂ ਨੇ ਕਦੇ ਵੇਖੇ ਹਨ। ਇਸ ਦੀ ਪਿਛੋਕੜ ਦੱਸਦੀ ਹੈ ਕਿ ਇਹ ਕੁਝ ਸਮਾਂ ਪਾਂਡਵਾਂ ਦੇ ਅਧਿਕਾਰ ਵਿਚ ਸੀ। ਇਹ ਜਦ ਮੁਗ਼ਲ ਬਾਦਸ਼ਾਹ ਦੇ ਕਬਜ਼ੇ ਵਿਚ ਆਇਆ, ਉਸ ਸਮੇਂ ਤੋਂ ਇਸ ਦੇ ਇਤਿਹਾਸ ਉੱਪਰ ਚੋਖਾ ਚਾਨਣਾ ਪੈਂਦਾ ਹੈ। ਇਹ ਦੇ ਆਕਾਰ ਬਾਰੇ ਇਉਂ ਦੱਸਿਆ ਹੈ ਕਿ ਇਸ ਦੀ ਲੰਬਾਈ ਡੇਢ ਇੰਚ, ਚੌੜਾਈ ਇਕ ਇੰਚ ਤੇ ਉਚਾਈ ਅੱਧਾ ਇੰਚ ਹੈ। ਇਸ ਦਾ ਤੋਲ 280 ਕਿਰਾਤ ਹੈ। (ਕਿਰਾਤ ਪੰਜ ਰੱਤੀ ਦਾ ਹੁੰਦਾ ਹੈ)। ਜਦ ਇਹ ਤਰਾਸ਼ਿਆ ਗਿਆ, ਉਦੋਂ ਇਸ ਦਾ ਤੋਲ 92 ਕਿਰਾਤ ਸੀ। ਉਸ ਸਮੇਂ ਇਹ ਮੁਗ਼ਲ ਬਾਦਸ਼ਾਹਾਂ ਦੇ ਕਬਜ਼ੇ ਵਿਚ ਸੀ। ਨਾਦਰ ਸ਼ਾਹ ਨੇ ਦਿੱਲੀ ਦੀ ਲੁੱਟ ਵਿਚ ਇਸ ਨੂੰ ਲੁੱਟ ਲਿਆ। ਇਸ ਦੇ ਬਾਅਦ ਜਦ ਅਹਿਮਦ ਸ਼ਾਹ ਦੁਰਾਨੀ ਨੇ ਨਾਦਰ ਸ਼ਾਹ ਨੂੰ ਸਲੋ ਆਪਣੇ ਸਾਥੀਆਂ ਦੇ ਤੰਬੂ ਵਿਚ ਵੜ ਕੇ ਕਤਲ ਕੀਤਾ ਤਾਂ ਇਹ ਹੀਰਾ ਨਾਦਰ ਸ਼ਾਹ ਦੇ ਤਾਜ ਵਿਚ ਸੀ ਜੋ ਉਸ ਦੇ ਕਬਜ਼ੇ ਵਿਚ ਆ ਗਿਆ। ਇਸ ਤਰ੍ਹਾਂ ਇਹ ਅਹਿਮਦ ਸ਼ਾਹ ਤੋਂ ਉਸ ਦੇ ਪੁੱਤਰ ਤਹਿਮੂਰ ਸ਼ਾਹ ਦੇ ਹੱਥ ਆਇਆ ਅਤੇ ਉਸ ਤੋਂ ਸ਼ਾਹ ਸ਼ੁਜਾਹ ਦੇ ਕਬਜ਼ੇ ਵਿਚ ਆਇਆ। ਸ਼ਾਹ ਸ਼ੁਜਾਹ ਤੋਂ ਇਹ 1 ਜੂਨ 1813 ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਵਿਚ ਆਇਆ।[1]

## ਕੋਹਨੂਰ ਬਾਰੇ ਕਪਤਾਨ ਵੇਡ ਦੀ ਰਾਏ

ਵੇਡ ਲਿਖਦਾ ਹੈ ਕਿ ਮਸ਼ਹੂਰ ਹੀਰਾ (ਕੋਹਨੂਰ) ਦਾ ਰੂਪ ਮੁਰਗੀ ਦੇ ਨਿੱਕੇ ਅੰਡੇ ਦੇ ਬਰਾਬਰ ਹੈ। ਇਹ ਇਕ ਬਾਜੂਬੰਦ ਵਿਚ ਜੜਿਆ ਹੋਇਆ ਹੈ। ਇਸ ਦੇ ਦੋਹੀਂ ਪਾਸੀਂ ਇਕ-ਇਕ ਹੋਰ ਹੀਰਾ ਜੜਿਆ ਹੋਇਆ ਹੈ। ਕੋਹਨੂਰ ਦੀ ਲਿਸ਼ਕਾਰ ਤੇ ਕੱਦ ਨੂੰ ਵੇਖ ਕੇ ਸਾਰੇ ਮੇਰੇ ਸਾਥੀ ਅਚੰਭਤ ਹੋ ਗਏ। ਮਹਾਰਾਜਾ ਦੀ ਨਿਗਾਹ ਵਿਚ ਇਸ ਦੀ ਵੱਡੀ ਕਦਰ ਹੈ। ਮਹਾਰਾਜਾ ਇਸ ਨੂੰ ਕਿਲਾ ਗੋਬਿੰਦਗੜ੍ਹ ਵਿਚ ਰਖਦਾ ਹੈ। ਇਹ ਜਦ ਕਿਲੇ ਤੋਂ ਮੰਗਵਾਇਆ ਗਿਆ ਸੀ ਤਾਂ ਇਸ ਦੀ ਸੁਰੱਖਿਅਤਾ ਲਈ ਬਹੁਤ ਵੱਡੀ ਗਿਣਤੀ ਵਿਚ ਪਹਿਰੇਦਾਰ ਇਸ ਨਾਲ ਆਏ ਸਨ।

ਕੋਹਨੂਰ ਦੇ ਨਾਲ ਮਹਾਰਾਜਾ ਨੇ ਸਾਨੂੰ ਇਕ ਹੋਰ ਪੁਖਰਾਜ ਦੱਸਿਆ ਜਿਸ ਦਾ ਕੱਦ ਬਿਲੀਅਰਡ (Billiard) ਦੇ ਗੇਂਦ ਦੇ ਬਰਾਬਰ ਸੀ।[2]

ਸਤੰਬਰ 1813 ਨੂੰ ਅਫ਼ਗਾਨਿਸਤਾਨ ਦੇ ਦੋ ਬਾਦਸ਼ਾਹ ਸ਼ਾਹ ਜ਼ਮਾਨ ਅਤੇ ਸ਼ਾਹ ਸ਼ੁਜਾਹ ਖ਼ਾਲਸਾ ਰਾਜ ਦੀ ਰੱਖਿਆ ਵਿਚ ਆਏ। ਸ਼ਾਹ ਸ਼ੁਜਾਹ ਨੂੰ ਤਾਂ ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਅਟਕ ਦੇ ਕਿਲੇਦਾਰ ਜਹਾਨਦਾਦ ਖ਼ਾਨ ਨੇ ਕੈਦ ਕਰ ਲਿਆ ਅਤੇ ਆਪਣੇ ਭਾਈ ਅਤਾ ਮੁਹੰਮਦ ਖ਼ਾਨ ਗਵਰਨਰ ਕਸ਼ਮੀਰ ਪਾਸ ਭੇਜ ਦਿੱਤਾ ਜਿੱਥੇ ਇਸ ਨੂੰ ਕਰੜੀ ਕੈਦ ਵਿਚ ਰਖਿਆ ਗਿਆ।

1. ਮੈਕਗਰੈਗਰ, *ਹਿਸਟਰੀ ਆਫ ਦੀ ਸਿਖਸ*, ਜਿਲਦ 1, ਸਫ਼ਾ 169
2. ਕੈਪਟਨ ਵੇਡ ਪੁਲੀਟੀਕਲ ਏਜੰਟ ਲੁਧਿਆਣਾ, 22 ਮਾਰਚ ਦਾ ਖਤ ਸਰ ਚਾਰਲਸ ਮੈਟਕਾਫ ਰੈਜੀਡੈਂਟ ਦਿੱਲੀ ਦੇ ਨਾਂ 1 ਅਗਸਤ, 1827 ਚਿੱਠੀ, ਮਿਤੀ (ਹੋਰ ਵੇਖੋ, ਪ੍ਰਤਾਪ 25 ਮਈ 1953)

ਸ਼ਾਹ ਜ਼ਮਾਨ ਜਦ ਸਣੇ ਬੇਗਮਾਂ ਦੇ ਲਾਹੌਰ ਪੁੱਜਾ ਤਾਂ ਇਨ੍ਹਾਂ ਨੂੰ ਦੀਵਾਨ ਕਾਬਲੀ ਮਲ ਦੀ ਹਵੇਲੀ ਵਿਚ ਉਤਾਰਾ ਦਿੱਤਾ ਗਿਆ ਅਤੇ ਇਨ੍ਹਾਂ ਦੇ ਨਿਰਬਾਹ ਲਈ ਸ਼ਾਹੀ ਸ਼ਾਨ ਨਾਲ ਪ੍ਰਬੰਧ ਕੀਤਾ ਗਿਆ। ਫ਼ਕੀਰ ਅਜ਼ੀਜ਼ਉੱਦੀਨ ਨੂੰ ਇਨ੍ਹਾਂ ਦੀ ਪ੍ਰਾਹੁਣਚਾਰੀ ਲਈ ਨਿੱਯਤ ਕੀਤਾ ਗਿਆ। ਲਾਹੌਰ ਪਹੁੰਚਣ ਦੇ ਕੁਝ ਦਿਨਾਂ ਪਿੱਛੋਂ ਸ਼ਾਹ ਸ਼ੁਜਾਹ ਦੀ ਮੁੱਖ ਬੇਗਮ ਵਫ਼ਾ ਬੇਗਮ ਨੇ ਫ਼ਕੀਰ ਅਜ਼ੀਜ਼ਉਦੀਨ ਦੇ ਰਾਹੀਂ ਇਹ ਮੰਗ ਕੀਤੀ ਕਿ ਜੇ ਮਹਾਰਾਜਾ ਸਾਹਿਬ ਆਪਣੀ ਫ਼ੌਜ ਦੇ ਕੇ ਸ਼ਾਹ ਸ਼ੁਜਾਹ ਨੂੰ ਕਸ਼ਮੀਰ ਦੀ ਕੈਦ ਵਿਚੋਂ ਛੁਡਾ ਲਿਆਉਣ ਤਾਂ ਮੈਂ ਇਸ ਦੇ ਬਦਲੇ ਉਨ੍ਹਾਂ ਨੂੰ ਪ੍ਰਸਿੱਧ ਇਤਿਹਾਸਕ ਹੀਰਾ ਕੋਹਨੂਰ ਭੇਟਾ ਕਰ ਦੇਵਾਂਗੀ।[1]

ਫ਼ਕੀਰ ਸਾਹਿਬ ਨੇ ਦੀਵਾਨ ਮੋਹਕਮ ਚੰਦ ਨੂੰ ਆਪਣੇ ਨਾਲ ਮਿਲਾ ਕੇ ਬੇਗਮ ਦੀ ਮੰਗ ਸ਼ੇਰੇ-ਪੰਜਾਬ ਦੇ ਸਾਹਮਣੇ ਰੱਖੀ। ਮਹਾਰਾਜਾ ਨੇ ਬੇਗਮ ਦੇ ਪਤੀ ਵਿਜੋਗ ਦੇ ਦੁੱਖ ਨੂੰ ਸੁਣ ਕੇ ਸ਼ਾਹ ਦੀ ਬੰਦ ਖਲਾਸੀ ਲਈ ਇਹ ਪ੍ਰਵਾਨ ਕਰ ਲਿਆ।

ਹੁਣ ਲਾਹੌਰ ਵਿਚ ਕਸ਼ਮੀਰ ਉੱਤੇ ਚੜ੍ਹਾਈ ਦੀਆਂ ਤਿਆਰੀਆਂ ਹੋਣ ਲੱਗੀਆਂ। ਥੋੜ੍ਹੇ ਦਿਨਾਂ ਵਿਚ ਹੀ ਸਾਰਾ ਪ੍ਰਬੰਧ ਤਿਆਰ ਹੋ ਗਿਆ। 12 ਹਜ਼ਾਰ ਖ਼ਾਲਸਾ ਫ਼ੌਜ ਨੇ ਦੀਵਾਨ ਮੋਹਕਮ ਚੰਦ ਅਤੇ ਸਰਦਾਰ ਨਿਹਾਲ ਸਿੰਘ ਦੀ ਅਗਵਾਈ ਵਿਚ ਅਕਤੂਬਰ 1812 ਨੂੰ ਪੀਰ ਪੰਜਾਲ ਦੇ ਰਾਹ ਚੜ੍ਹਾਈ ਕਰ ਦਿੱਤੀ।[2] ਉੱਧਰ ਅਤਾ ਮੁਹੰਮਦ ਖ਼ਾਨ ਹਾਕਮ ਕਸ਼ਮੀਰ ਨੇ ਜਦ ਖ਼ਾਲਸਾ ਫ਼ੌਜ ਦਾ ਕਸ਼ਮੀਰ ਵੱਲ ਵਧਦਾ ਆਉਣਾ ਸੁਣਿਆ ਤਾਂ ਉਸ ਨੇ ਤੁਰੰਤ ਕਸ਼ਮੀਰ ਦੀ ਫ਼ੌਜ ਨੂੰ ਤਿਆਰ ਕਰਕੇ ਧਾਵਾ ਕਰਨ ਵਾਲੀ ਫ਼ੌਜ ਨੂੰ ਠੱਲ੍ਹ ਪਾਉਣ ਦਾ ਪ੍ਰਬੰਧ ਕਰ ਲਿਆ। ਰਾਹ ਵਿਚ ਕਈ ਵਾਰੀ ਕਰੜੇ ਟਾਕਰੇ ਹੋਏ ਪਰ ਹਰ ਸੰਗਰਾਮ ਵਿਚ ਖ਼ਾਲਸਾ ਫ਼ੌਜ ਸਫ਼ਲ ਰਹੀ।

ਅਤਾ ਮੁਹੰਮਦ ਖ਼ਾਨ ਨੇ ਜਦ ਵਿਜੱਈ ਫ਼ੌਜ ਦੇ ਟਾਕਰੇ ਦੀ ਸ਼ਕਤੀ ਆਪਣੇ ਵਿਚ ਨਾ ਡਿੱਠੀ ਤਾਂ ਉਹ ਕਸ਼ਮੀਰ ਦੇ ਪ੍ਰਸਿੱਧ ਕਿਲੇ ਸ਼ੇਰਗੜ੍ਹੀ ਵਿਚ ਆਕੀ ਹੋ ਬੈਠਾ। ਖ਼ਾਲਸਾ ਫ਼ੌਜ ਨੇ ਉੱਥੇ ਪਹੁੰਚਦੇ ਹੀ ਕਿਲੇ ਨੂੰ ਘੇਰੇ ਵਿਚ ਰੱਖ ਲਿਆ ਅਤੇ ਅੰਦਰ ਸੈਨਾ ਪਰ ਇਤਨਾ ਦਬਾ ਪਾਇਆ ਕਿ ਥੋੜ੍ਹੇ ਦਿਨਾਂ ਵਿਚ ਅਤਾ ਮੁਹੰਮਦ ਖਾਨ ਨੇ ਅਧੀਨਗੀ ਸਵੀਕਾਰ ਕਰ ਲਈ। ਕਿਲੇ ਪਰ ਖ਼ਾਲਸੇ ਦਾ ਕਬਜ਼ਾ ਹੋ ਜਾਣ ਨਾਲ ਹੀ ਸ਼ਾਹ ਸ਼ੁਜਾਹ ਦੀ ਭਾਲ ਅਰੰਭ ਕਰ ਦਿੱਤੀ ਗਈ। ਉੱਥੇ ਇਕ ਕਾਬਲੀ ਨੌਕਰ ਨੇ ਦੱਸਿਆ ਕਿ ਸ਼ਾਹ ਜ਼ੰਜੀਰਾਂ ਵਿਚ ਜਕੜਿਆ ਹੋਇਆ ਕਿਲੇ ਦੀ ਇਕ ਕਾਲ ਕੋਠੜੀ ਵਿਚ ਡੱਕਿਆ ਹੋਇਆ ਹੈ।

ਸਰਦਾਰ ਨਿਹਾਲ ਸਿੰਘ ਨੇ ਤੁਰੰਤ ਉੱਥੇ ਪਹੁੰਚ ਕੇ ਸ਼ਾਹ ਸ਼ੁਜਾਹ ਨੂੰ ਆਪਣੀ ਰੱਖਿਆ ਵਿਚ ਲੈ ਲਿਆ। ਇੱਥੇ ਇਸ ਨੂੰ ਦੱਸਿਆ ਗਿਆ ਕਿ ਉਸ ਦਾ ਪਰਿਵਾਰ ਤੇ ਭਾਈ ਲਾਹੌਰ ਵਿਚ ਸਭ ਤਰ੍ਹਾਂ ਸੁਰੱਖਿਅਤ ਹਨ। ਹੁਣ ਇਸ ਮੁਹਿੰਮ ਦਾ ਮਨੋਰਥ ਪੂਰਾ ਹੋ ਗਿਆ ਸੀ। ਠੰਢ ਦੀ ਕਰੜਾਈ ਦੇ ਕਾਰਨ ਦੀਵਾਨ ਜੀ ਤੇ ਸਰਦਾਰ ਨਿਹਾਲ ਸਿੰਘ ਨੇ ਖ਼ਾਲਸਾ ਫ਼ੌਜ ਦਾ ਵਧੇਰੇ ਕਸ਼ਮੀਰ ਵਿਚ ਠਹਿਰਣਾ ਯੋਗ ਨਾ ਸਮਝਿਆ ਤੇ ਸ਼ਾਹ ਸ਼ੁਜਾਹ ਨੂੰ ਨਾਲ ਲੈ ਕੇ ਲਾਹੌਰ ਵੱਲ ਕੂਚ ਕਰ ਦਿੱਤਾ। ਇਸ ਵਿਜੱਈ ਫ਼ੌਜ ਦੇ ਲਾਹੌਰ ਪਹੁੰਚਣ ਪਰ ਮਹਾਰਾਜਾ ਨੇ

1. ਨਰਿੰਦਰ ਕ੍ਰਿਸ਼ਨ ਸਿਨਾਹ, ਰਣਜੀਤ ਸਿੰਘ, ਸਫ਼ਾ 67
2. ਦੀਵਾਨ ਅਮਰ ਨਾਥ, ਜ਼ਫ਼ਰਨਾਮਾ ਰਣਜੀਤ ਸਿੰਘ, ਸਫ਼ਾ 73

ਇਸ ਮੁਹਿੰਮ ਦੀ ਸਫਲਤਾ ਲਈ ਇਨ੍ਹਾਂ ਨੂੰ ਵੱਡੀਆਂ ਜਾਗੀਰਾਂ ਬਖ਼ਸ਼ੀਆਂ। ਸ਼ਾਹ ਸੁਜਾਹ ਨੂੰ ਆਪਣੇ ਪਰਿਵਾਰ ਵਿਚ ਵੱਡੀ ਇੱਜ਼ਤ ਨਾਲ ਭੇਜ ਦਿੱਤਾ।

ਕੁਝ ਦਿਨਾਂ ਉਪਰੰਤ ਜਦ ਫ਼ਕੀਰ ਅਜੀਜਉੱਦੀਨ ਤੇ ਦੀਵਾਨ ਮੋਹਕਮ ਚੰਦ ਨੇ ਵਫ਼ਾ ਬੇਗਮ ਦੇ ਕੀਤੇ ਹੋਏ ਇਕਰਾਰ ਅਨੁਸਾਰ ਕੋਹ ਨੂਰ ਦੀ ਮੰਗ ਕੀਤੀ ਤਾਂ ਉਹ ਹੀਰਾ ਦੇਣ ਵਿਚ ਕੁਝ ਟਾਲਮਟੋਲ ਕਰਦਾ ਦਿਸਿਆ।[1] ਛੇਕੜ ਫ਼ਕੀਰ ਜੀ ਦੇ ਬੇਗਮ ਨੂੰ ਸਮਝਾਉਣ ਪਰ ਸ਼ਾਹ ਸੁਜਾਹ ਨੇ ਬੇਗਮ ਦੇ ਕੀਤੇ ਬਚਨ ਨੂੰ ਪੂਰਾ ਕੀਤਾ ਤੇ ਕੋਹਨੂਰ ਹੀਰਾ ਮਹਾਰਾਜਾ ਰਣਜੀਤ ਸਿੰਘ ਦੀ ਭੇਟਾ ਕਰ ਦਿੱਤਾ। ਸ਼ਾਹ ਸੁਜਾਹ ਨੂੰ ਕੈਦ ਤੋਂ ਛੁਡਾਣ ਵਿਚ ਕਈ ਲੱਖ ਰੁਪਿਆ ਕਸ਼ਮੀਰ ਦੀ ਮੁਹਿੰਮ ਪਰ ਮਹਾਰਾਜਾ ਦਾ ਖਰਚ ਹੋਇਆ ਸੀ। ਇਹ ਉਸ ਦਾ ਇਵਜ਼ਾਨਾ ਸੀ।

## ਕੋਹ-ਨੂਰ ਹੀਰੇ ਦਾ ਪਹਿਲਾ ਇਤਿਹਾਸ

ਕੋਹ ਦੇ ਅਰਥ ਪਹਾੜ ਦੇ ਹਨ ਅਤੇ ਨੂਰ ਦੇ ਰੋਸ਼ਨੀ, ਪ੍ਰਕਾਸ਼ ਅਰਥਾਤ ਰੋਸ਼ਨੀ ਦਾ ਪਹਾੜ। ਇਸ ਦੇ ਇਤਿਹਾਸਕ ਪਛਵਾੜੇ ਬਾਰੇ ਖੋਜ ਕੀਤਿਆਂ ਜੋ ਕੁਝ ਮਸਾਲਾ ਮਿਲ ਸਕਿਆ ਹੈ ਉਹ ਇਹ ਹੈ ਕਿ ਸੰਨ 1526 ਵਿਚ ਜਦ ਬਾਬਰ ਨੇ ਹਿੰਦ ਪਰ ਚੜ੍ਹਾਈ ਕਰਕੇ ਪਾਣੀਪਤ ਦੇ ਮੈਦਾਨ ਵਿਚ ਇਬਰਾਹੀਮ ਲੋਧੀ ਪਰ ਫ਼ਤਹਿ ਪਾਈ ਤਾਂ ਆਪ ਨੇ ਛੇਤੀ ਹੀ ਆਪਣੇ ਪੁੱਤਰ ਹਮਾਯੂੰ ਨੂੰ ਫ਼ੌਜ ਦੇ ਕੇ ਆਗਰੇ ਪਰ ਕਬਜ਼ਾ ਕਰਨ ਲਈ ਤੋਰਿਆ ਜੋ ਉਸ ਸਮੇ ਹਿੰਦ ਦੀ ਰਾਜਧਾਨੀ ਸੀ। ਹਮਾਯੂੰ ਨੇ ਆਗਰੇ ਨੂੰ ਜਾਂਦੇ ਹੀ ਘੇਰੇ ਵਿਚ ਰਖ ਲਿਆ। ਪਰ ਹੁਣ ਹਿੰਦ ਵਿਚ ਬਾਬਰ ਬਾਣੀ ਫਿਰ ਗਈ ਸੀ। ਮੁਗ਼ਲ ਸੈਨਾ ਦਾ ਟਾਕਰਾ ਕਿਸ ਨੇ ਕਰਨਾ ਸੀ। ਸੋ ਸੌਖੇ ਹੀ ਹਮਾਯੂੰ ਨੇ ਆਗਰੇ ਉੱਤੇ ਕਬਜ਼ਾ ਕਰ ਲਿਆ। ਇਸ ਸਮੇਂ ਇਕ ਵਿਚਿੱਤਰ ਘਟਨਾ ਵਾਪਰੀ। ਹਮਾਯੂੰ ਜਦ ਆਗਰੇ ਦੇ ਕਿਲੇ ਵਿਚ ਪਰਵੇਸ਼ ਕਰ ਰਿਹਾ ਸੀ ਤਾਂ ਇੱਥੇ ਉਸ ਨੂੰ ਇਕ ਪਤਵੰਤੀ ਬਿਰਧ ਇਸਤਰੀ ਮਿਲੀ ਜਿਸ ਨੇ ਹਮਾਯੂੰ ਨੂੰ ਰੱਖਿਆ ਦਾ ਵਾਸਤਾ ਪਾਇਆ ਅਤੇ ਇਕ ਡੱਬੀ ਉਸ ਦੇ ਹੱਥ ਵਿਚ ਫੜਾਈ ਜਿਸ ਨੂੰ ਖੋਲ੍ਹ ਕੇ ਵੇਖਿਆ ਤਾਂ ਉਸ ਵਿਚ ਕੁਝ ਹੋਰ ਜਵਾਹਰਾਤਾਂ ਨਾਲ ਇਹ ਅਮੋਲਕ ਹੀਰਾ ਵੀ ਮੌਜੂਦ ਸੀ। ਇਸ ਬਾਰੇ ਬਾਬਰ ਆਪਣੀ ਲਿਖਤ ਤੋਜ਼ਕੇ ਬਾਬਰੀ ਵਿਚ ਲਿਖਦਾ ਹੈ ਕਿ ਜਿਹੜੇ ਜਵਾਹਰਾਤ ਸ਼ਹਿਜ਼ਾਦਾ ਹਮਾਯੂੰ ਨੂੰ ਆਗਰੇ ਦੇ ਕਿਲੇ ਵਿਚ ਦਾਖ਼ਲੇ ਦੇ ਸਮੇਂ ਮਿਲੇ ਸਨ, ਉਨ੍ਹਾਂ ਵਿਚ ਇਹ ਮਹਾਨ ਹੀਰਾ ਵੀ ਮੌਜੂਦ ਸੀ ਜਿਸ ਦਾ ਮੁੱਲ ਸੰਸਾਰ ਦੇ ਸਾਰੇ ਹੀਰਿਆਂ ਤੋਂ ਵੱਧ ਹੈ। ਉਸ ਦਾ ਤੋਲ 320 ਰੱਤੀ ਸੀ। ਮੇਰੇ ਆਗਰੇ ਪਹੁੰਚਣ ਪਰ ਸ਼ਾਹਜ਼ਾਦਾ ਹਮਾਯੂੰ ਨੇ ਇਹ ਹੀਰਾ ਮੇਰੇ ਅੱਗੇ ਰੱਖਿਆ। ਮੈਂ ਖ਼ੁਸ਼ ਹੋ ਕੇ ਇਹ ਹੀਰਾ ਸ਼ਹਿਜ਼ਾਦੇ ਨੂੰ ਮੁੜਾਕੇ ਵੀ ਬਖ਼ਸ਼ ਦਿੱਤਾ।

ਪ੍ਰਤੀਤ ਹੁੰਦਾ ਹੈ ਕਿ ਹਮਾਯੂੰ ਨੂੰ ਜਦ 17 ਮਈ 1540 ਨੂੰ ਕਨੌਜ ਦੇ ਸੰਗਰਾਮ ਵਿਚ ਹਾਰ ਹੋਈ ਤਾਂ ਉਹ ਬੁਰੀ ਹਾਲਤ ਵਿਚ ਹਿੰਦ ਤੋਂ ਜਾਨ ਬਚਾ ਕੇ ਈਰਾਨ ਚਲਾ ਗਿਆ। ਉਸ ਸਮੇ ਇਹ ਹੀਰਾ ਉਸ ਦੇ ਕਬਜ਼ੇ ਵਿਚ ਨਾ ਰਿਹਾ, ਜਿਹਾ ਕਿ ਇਤਿਹਾਸ ਦੱਸਦਾ ਹੈ ਕਿ ਕੋਹ ਨੂਰ ਹੀਰਾ ਮੁੜ 10 ਫਰਵਰੀ 1628 ਨੂੰ ਮੀਰ ਜੁਮਲਾ, ਵਜ਼ੀਰ ਅਬਦੁਲ

1. ਦੀਵਾਨ ਅਮਰ ਨਾਥ, ਜ਼ਫਰਨਾਮਾ ਰਣਜੀਤ ਸਿੰਘ, ਸਫ਼ਾ 73

ਕੁਤਬਸ਼ਾਹੀ ਬਾਦਸ਼ਾਹ ਗੋਲਕੰਡਾ, ਨੇ ਸ਼ਾਹ ਜਹਾਨ ਦੀ ਨਜ਼ਰ ਕੀਤਾ। ਸੰਨ 1739 ਵਿਚ ਦਿੱਲੀ ਦੀ ਲੁੱਟ ਸਮੇਂ ਇਹ ਅਮੋਲਕ ਹੀਰਾ ਨਾਦਰ ਸ਼ਾਹ ਦੇ ਕਬਜ਼ੇ ਵਿਚ ਆਇਆ। ਨਾਦਰ ਸ਼ਾਹ ਨੇ ਹੀ ਇਸ ਦਾ ਨਾਂ ਕੋਹ ਨੂਰ ਰੱਖਿਆ। 8 ਜੂਨ, 1747 ਨੂੰ ਕੋਹ ਨੂਰ ਨਾਦਰ ਸ਼ਾਹ ਦੇ ਪੋਤੇ ਸ਼ਾਹ ਰੁਖ ਮਿਰਜ਼ਾ ਤੋਂ ਅਹਿਮਦ ਸ਼ਾਹ ਦੁਰਾਨੀ ਦੇ ਹੱਥ ਲੱਗਾ। ਇਸ ਤੋਂ ਬਾਅਦ 1 ਜੂਨ 1813 ਨੂੰ ਅਹਿਮਦ ਸ਼ਾਹ ਦੇ ਪੋਤੇ ਸ਼ਾਹ ਸ਼ੁਜਾਹ (ਜਿਸ ਦਾ ਸਵਿਸਥਾਰ ਸਮਾਚਾਰ ਪਾਠਕ ਪੜ੍ਹ ਆਏ ਹਨ) ਤੋਂ ਇਸ ਨੂੰ ਸ਼ੇਰੇ-ਪੰਜਾਬ ਨੇ ਪ੍ਰਾਪਤ ਕੀਤਾ। ਫਿਰ ਇਹ ਪੰਜ ਸਿੱਖ ਮਹਾਰਾਜਿਆਂ ਦੇ ਕਬਜ਼ੇ ਵਿਚ ਰਿਹਾ, ਜਿਵੇਂ ਕਿ (1) ਮਹਾਰਾਜਾ ਰਣਜੀਤ ਸਿੰਘ, (2) ਮਹਾਰਾਜਾ ਖੜਕ ਸਿੰਘ, (3) ਮਹਾਰਾਜਾ ਨੌਨਿਹਾਲ ਸਿੰਘ, (4) ਮਹਾਰਾਜਾ ਸ਼ੇਰ ਸਿੰਘ, (5) ਅਤੇ ਇਸ ਤੋਂ ਪਿੱਛੋਂ ਮਹਾਰਾਜਾ ਦਲੀਪ ਸਿੰਘ। ਇਸ ਪਿੱਛੋਂ 7 ਦਸੰਬਰ 1849 ਨੂੰ ਅੰਗਰੇਜ਼ ਗਵਰਨਰ ਜੈਨਰਲ ਨੇ ਨਾਬਾਲਗ ਮਹਾਰਾਜਾ ਦਲੀਪ ਸਿੰਘ ਤੋਂ ਇਹ ਹੀਰਾ ਲੈ ਕੇ ਆਪਣੇ ਕਬਜ਼ੇ ਵਿਚ ਕਰ ਲਿਆ। 6 ਅਪ੍ਰੈਲ 1850 ਨੂੰ ਇਹ ਅਮੋਲਕ ਕੋਹਨੂਰ ਹੀਰਾ ਕਰਨਲ ਮੈਕਸਨ ਦੇ ਰਾਹੀਂ ਇੰਗਲੈਂਡ ਦੀ ਮਹਾਰਾਣੀ ਵਿਕਟੋਰੀਆ ਕੋਲ ਪਹੁੰਚਾ ਦਿੱਤਾ ਗਿਆ। ਕੋਹਨੂਰ ਹੀਰਾ ਹੁਣ ਇੰਗਲਿਸਤਾਨ ਦੇ ਤਾਜ ਵਿਚ ਜੜਿਆ ਹੋਇਆ ਹੈ। ਇਕ ਵੇਰ ਇਸ ਪਿਆਰੇ ਕੋਹਨੂਰ ਨੂੰ ਮਹਾਰਾਜਾ ਦਲੀਪ ਸਿੰਘ ਨੂੰ ਮੁੜ ਵੇਖਣ ਦਾ ਲੰਦਨ ਦੇ ਸ਼ਾਹੀ ਮਹਿਲ ਬਕਿੰਗਮ ਵਿਚ ਮੌਕਾ ਮਿਲਿਆ ਜਿੱਥੇ ਇਸ ਨੂੰ ਹਸਰਤ ਭਰੀ ਨਜ਼ਰ ਨਾਲ ਦਲੀਪ ਸਿੰਘ ਨੇ ਉਲਟ-ਪੁਲਟ ਕੇ ਵੇਖਿਆ ਅਤੇ ਠੰਢਾ ਹੌਕਾ ਭਰ ਕੇ ਇਸ ਨੂੰ ਮੁੜ ਮੇਜ਼ ਤੇ ਰੱਖ ਦਿੱਤਾ।

ਲਾਰਡ ਡਲਹੌਜ਼ੀ ਲਿਖਦਾ ਹੈ ਕਿ ਵਲਾਇਤ ਦੇ ਵਿਚੋਂ ਦੋ ਚਿੱਠੀਆਂ ਮੈਨੂੰ ਪੁੱਜੀਆਂ ਜਿਨ੍ਹਾਂ ਵਿਚ ਮੇਰੇ ਵੱਲੋਂ ਕੋਹ ਨੂਰ ਦੀ ਵਰਤੋਂ ਬਾਰੇ ਨੁਕਤਾਚੀਨੀ ਕੀਤੀ ਗਈ ਸੀ। ਬੋਰਡ ਆਫ ਕੰਟਰੋਲ ਨੇ ਕਿਹਾ ਕਿ ਮੈਂ ਸ਼ਹਿਜ਼ਾਦਾ ਦਲੀਪ ਸਿੰਘ ਦਾ ਜੀਵਨ ਬਰਬਾਦ ਕਰ ਦਿੱਤਾ ਹੈ। ਦੂਜੇ ਦਲੀਪ ਸਿੰਘ ਨੇ ਮੇਰੇ ਹੁਕਮ ਦਾ ਬੁਰਾ ਮਨਾਇਆ ਕਿ ਕੋਹ ਨੂਰ ਹੀਰਾ ਮਲਕਾ ਦੀ ਭੇਟਾ ਕੀਤਾ ਜਾਵੇ। ਲੰਦਨ ਦਾ ਅਖਬਾਰ 'ਡੇਲੀ ਨਿਊਜ਼' ਅਤੇ ਲਾਰਡ ਐਲਿਨਬਰੋ ਗਜ਼ਬਨਾਕ ਗੁੱਸੇ ਵਿਚ ਭੜਕੇ ਹੋਏ ਹਨ ਕਿਉਂਕਿ ਮੈਂ ਹੀਰਾ ਕੰਪਨੀ ਨੂੰ ਸਿੱਧਾ ਕਿਉਂ ਨਹੀਂ ਭੇਜਿਆ ਅਤੇ ਮਹਾਰਾਣੀ ਮਲਕਾ ਨੂੰ ਸਿੱਧਾ ਕਿਉਂ ਭੇਟ ਕੀਤਾ ਹੈ। ਉਹ ਚਾਹੁੰਦੇ ਸਨ ਕਿ ਕੰਪਨੀ ਆਪ ਮਲਕਾ ਨੂੰ ਹੀਰਾ ਭੇਟ ਕਰਦੀ। ਪਰ ਮੈਂ ਸਮਝਦਾ ਹਾਂ ਕਿ ਉਹ ਤਰੀਕਾ ਠੀਕ ਨਹੀਂ ਸੀ। ਕੋਹ ਨੂਰ ਹੀਰੇ ਨੂੰ ਮਹਾਰਾਣੀ ਨੂੰ ਸਿੱਧਾ ਪੇਸ਼ ਕਰਨਾ ਯੋਗ ਤਰੀਕਾ ਹੈ ਅਤੇ ਇਹ ਇੱਜ਼ਤ ਵਾਲਾ ਢੰਗ ਹੈ ਬਜਾਏ ਇਕ ਤਜਾਰਤੀ ਕੰਪਨੀ ਵੱਲੋਂ ਪੇਸ਼ ਕਰਨ ਦੇ। ਮਲਕਾ ਦੀ ਪਰਜਾ ਵੱਲੋਂ ਹੀਰੇ ਦਾ ਪੇਸ਼ ਹੋਣਾ ਵਧੇਰੇ ਪਤਵੰਤਤਾ ਦਾ ਤਰੀਕਾ ਹੈ। ਮੇਰੇ ਇਸ ਤਰੀਕੇ ਤੋਂ ਲਾਰਡ ਐਲਿਨਬਰੋ ਕੌਂਸਲ ਵਿਚ ਉਛਲ-ਉਛਲ ਕੇ ਕਹਿੰਦਾ ਹੈ ਕਿ ਗਵਰਨਰ ਜੈਨਰਲ ਦਾ ਕੀ ਹੱਕ ਹੈ ਕਿ ਉਹ ਕੰਪਨੀ ਦੀ ਬਿਨਾਂ ਮਨਜ਼ੂਰੀ ਤੋਂ ਇਸ ਤਰ੍ਹਾਂ ਕਰੇ। ਇਹ ਕੇਵਲ ਫ਼ੌਜ ਹੀ ਮਾਲੇ ਗਨੀਮਤ ਦੇ ਤੌਰ ਪਰ ਪੇਸ਼ ਕਰ ਸਕਦੀ ਸੀ। ਮੈਂ ਆਖਦਾ ਹਾਂ ਕਿ ਫ਼ੌਜ ਦਾ ਹੱਕ ਮੁਲਤਾਨ ਨੂੰ ਲੁੱਟਣਾ ਸੀ ਨਾ ਕਿ ਲਾਹੌਰ ਨੂੰ। ਫ਼ੌਜ ਨੇ ਮੁਲਤਾਨ ਵਿਚ ਸਭ ਕੁਝ ਜ਼ਬਤ ਕਰ ਲਿਆ ਹੈ। ਉਹ ਲਾਹੌਰ ਵਿਚ ਜ਼ਬਤੀ ਦਾ ਹੱਕ ਨਹੀਂ

WWW.SIKHBOOKCLUB.COM 

ਸੀ ਰੱਖਦੀ। ਲਾਹੌਰ ਦਾ ਸਭ ਕੁਝ ਮਾਲ ਗਨੀਮਤ ਨਹੀਂ ਸੀ। ਲਾਰਡ ਡਲਹੌਜ਼ੀ ਲਿਖਦਾ ਹੈ ਕਿ ਕੋਹ ਨੂਰ ਨੂੰ ਉਸ ਨੇ ਡਿੱਠਾ ਹੈ। ਮੈਂ ਜਦ ਲਾਹੌਰ ਸਾਂ ਤਾਂ ਕੋਹ ਨੂਰ ਦੇ ਵੇਖਣ ਦਾ ਸਮਾਂ ਮਿਲਿਆ ਸੀ। ਇਸ ਦੀ ਵੱਡਿਆਈ ਬਾਰੇ ਜੋ ਕੁਝ ਮੈਂ ਸੁਣਿਆ ਸੀ ਉਸ ਤੋਂ ਵੱਧ ਡਿੱਠਾ। ਇਹ ਨਿਰਸੰਦੇਹ ਅਦੁੱਤੀ ਹੀਰਾ ਹੈ।" (*ਪ੍ਰਾਈਵੇਟ ਲੈਟਰਜ਼ ਆਫ਼ ਲਾਰਡ ਡਲਹੌਜ਼ੀ*, ਸਫਾ 107)

## ਕੋਹ ਨੂਰ ਦੀ ਵਲਾਇਤ ਰਵਾਨਗੀ

ਲਾਰਡ ਡਲਹੌਜ਼ੀ ਨੇ ਜਦ 2 ਦਸੰਬਰ 1849 ਨੂੰ ਕੋਹ ਨੂਰ ਡਿੱਠਾ ਤਾਂ ਉਹ ਹੈਰਾਨ ਰਹਿ ਗਿਆ। ਉਹ ਲਿਖਦਾ ਹੈ ਕਿ ਇਹ ਹੀਰਾ ਮੈਂ ਆਪਣੇ ਕਬਜ਼ੇ ਵਿਚ ਲੈ ਲਿਆ। ਇਹ ਹੀਰਾ ਮੈਂ ਆਪਣੇ ਲੱਕ ਦੀ ਪੇਟੀ ਵਿਚ ਚੰਗੀ ਤਰ੍ਹਾਂ ਪੱਕੇ ਧਾਗੇ ਨਾਲ ਸੀ ਲਿਆ ਅਤੇ ਇਸ ਪੇਟੀ ਨੂੰ ਹਰ ਸਮੇਂ ਸਾਰੇ ਸਫਰ ਵਿਚ ਆਪਣੇ ਸਰੀਰ ਤੋਂ ਦਿਨ ਰਾਤ ਵੱਖ ਨਹੀਂ ਕੀਤਾ। ਇਸ ਪੇਟੀ ਨਾਲ ਇਕ ਹੋਰ ਫੀਤਾ ਟਾਂਕ ਦਿੱਤਾ ਸੀ ਜਿਹੜਾ ਮੇਰੇ ਗਲੇ ਦੇ ਦੁਆਲੇ ਬੱਝਾ ਰਹਿੰਦਾ ਸੀ ਤਾਂ ਜੋ ਮੈਨੂੰ ਪਤਾ ਲਗਦਾ ਰਹੇ ਕਿ ਪੇਟੀ ਮੇਰੇ ਲੱਕ ਨਾਲ ਬੱਧੀ ਹੋਈ ਹੈ। ਮੈਂ ਉਸ ਦਿਨ ਲੱਖ-ਲੱਖ ਸ਼ੁਕਰ ਕੀਤਾ ਜਦ ਮੈਂ ਬੰਬਈ ਪੁੱਜਾ ਅਤੇ ਕੋਹ ਨੂਰ ਹੀਰੇ ਨੂੰ ਬੰਬਈ ਦੇ ਖਜ਼ਾਨੇ ਵਿਚ ਖਾਸ ਸੁਰੱਖਿਅਤ ਢੰਗ ਨਾਲ ਰੱਖਿਆ ਗਿਆ। ਮੈਨੂੰ ਆਪਣੇ ਸਾਰੇ ਜੀਵਨ ਵਿਚ ਇੰਨੀ ਖੁਸ਼ੀ ਕਦੇ ਨਹੀਂ ਹੋਈ ਜਿੰਨੀ ਕੋਹਿਨੂਰ ਨੂੰ ਵੇਖ ਕੇ ਹੋਈ।

ਇੱਥੋਂ 6 ਅਪ੍ਰੈਲ 1850 ਨੂੰ ਕਪਤਾਨ ਰੈਮਜ਼ੇ ਦੀ ਰੱਖਿਆ ਵਿਚ ਜਹਾਜ਼ H.M.H. Medea (ਮੇਡੀਆ) ਪਰ ਵਲਾਇਤ ਭੇਜ ਦਿੱਤਾ (ਸਫਾ 140, *ਪ੍ਰਾਈਵੇਟ ਲੈਟਰਜ਼ ਆਫ਼ ਡਲਹੌਜ਼ੀ*)।

ਡਲਹੌਜ਼ੀ ਨੂੰ ਕਿਸੇ ਨੇ ਦੱਸਿਆ ਕਿ ਇਹ ਕੋਹ ਨੂਰ ਹੀਰਾ ਬੜਾ ਮਨਹੂਸ ਹੈ। ਇਹ ਜਿਸ ਦੇ ਪਾਸ ਜਾਂਦਾ ਹੈ, ਉਹ ਤਬਾਹ ਹੋ ਜਾਂਦਾ ਹੈ। ਡਲਹੌਜ਼ੀ ਲਿਖਦਾ ਹੈ ਕਿ "ਮੇਰੇ ਖਿਆਲ ਵਿਚ ਇਹ ਗੱਲ ਕਰਨ ਵਾਲਾ Joseph Hume (ਯੂਸਫ ਹਿਊਮ) ਤੋਂ ਛੁਟ ਹੋਰ ਕੋਈ ਵਿਅਕਤੀ ਨਹੀਂ ਹੋ ਸਕਦਾ ਤੇ ਮੇਰੀ ਜਾਚੇ ਉਹ ਇਸ ਦੇ ਇਤਿਹਾਸ ਅਤੇ ਪਰੰਪਰਾ ਤੋਂ ਅਨਜਾਣ ਹੈ। ਪਿਛਲੇ ਇਤਿਹਾਸ ਦੀ ਬਿਨਾ ਤੇ ਮੈਂ ਇੰਨਾ ਲਿਖਦਾ ਹਾਂ ਕਿ ਜਦ ਇਹ ਹੀਰਾ ਨਾਦਰ ਸ਼ਾਹ ਦੇ ਕਬਜ਼ੇ ਵਿਚ ਆਇਆ ਤਾਂ ਉਹ ਸਾਰੇ ਸੰਸਾਰ ਪਰ ਪ੍ਰਸਿੱਧਤਾ ਦਾ ਮਾਲਕ ਬਣਿਆ। ਫੇਰ ਜਦ ਇਹ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਆਇਆ ਤਾਂ ਉਹ ਇਕ ਸਾਧਾਰਨ ਜਿਮੀਦਾਰ ਦੇ ਪੁੱਤਰ ਤੋਂ ਉੱਨਤੀ ਕਰਕੇ ਹਿੰਦ ਵਿਚ ਸਫਲ ਬਾਦਸ਼ਾਹ ਗਿਣਿਆ ਗਿਆ ਅਤੇ ਸਦਾ ਅੰਗਰੇਜ਼ਾਂ ਦਾ ਮਿੱਤਰ ਰਿਹਾ। ਇਸ ਹੀਰੇ ਬਾਰੇ ਸ਼ਾਹ ਸੁਜਾਹ ਨੇ ਇਕ ਵੇਰ ਮਹਾਰਾਜਾ ਰਣਜੀਤ ਸਿੰਘ ਤੋਂ ਇਸ ਦਾ ਮੁੱਲ ਪੁੱਛਿਆ ਤਾਂ ਮਹਾਰਾਜਾ ਨੇ ਉੱਤਰ ਦਿੱਤਾ ਕਿ ਇਸ ਦਾ ਮੁੱਲ 'ਸੁਭਾਗਤਾ' ਹੈ। ਜਿਸ ਦੇ ਕਬਜ਼ੇ ਵਿਚ ਇਹ ਹੁੰਦਾ ਹੈ ਉਹ ਆਪਣੇ ਸਾਰੇ ਵੈਰੀਆਂ ਉੱਤੇ ਸਫਲਤਾ ਪ੍ਰਾਪਤ ਕਰਦਾ ਹੈ। ਮੈਂ ਮਲਕਾ ਮਹਾਰਾਣੀ ਨੂੰ ਇਹ ਬਿਆਨ ਕੋਹ ਨੂਰ ਬਾਰੇ ਲਿਖ ਕੇ ਭੇਜ ਰਿਹਾ ਹਾਂ।" (*ਪ੍ਰਾਈਵੇਟ ਲੈਟਰਜ਼ ਆਫ਼ ਡਲਹੌਜ਼ੀ*, ਸਫਾ 139)।

ਪਿੱਛੋਂ ਜਦ ਡਲਹੌਜ਼ੀ ਨੇ ਕੋਹ ਨੂਰ ਦੇ ਕਟਾਏ ਜਾਣ ਦੀ ਤਸਵੀਰ ਵੇਖੀ ਤਾਂ ਉਸ ਨੇ ਦੁਖ ਮੰਨਿਆ ਕਿ ਕੋਹ ਨੂਰ ਨੂੰ ਬੁਰੀ ਤਰ੍ਹਾਂ ਕੱਟਿਆ ਗਿਆ ਹੈ। ਇਸ ਦੀ ਚਮਕ ਵਧੀ ਨਹੀਂ ਸਗੋਂ ਘਟੀ ਹੈ (*ਪ੍ਰਾਈਵੇਟ ਲੈਟਰਜ਼ ਆਫ਼ ਡਲਹੌਜ਼ੀ*, ਸਫਾ 172)।

ਇਕ ਹੋਰ ਅਵਸਰ ਤੇ ਡਲਹੌਜ਼ੀ ਨੇ ਬੜਾ ਦਰਦਨਾਕ ਹਾਲ ਲਿਖਿਆ ਹੈ। ਇਹ ਲਿਖਦਾ ਹੈ ਕਿ, "ਲਾਰਡ ਐਲਿਨਬਰੋ ਨੇ ਇਕ ਡਰਾਫਟ (ਇਕ ਲੰਮਾ ਲੇਖ) ਫ਼ੌਜ ਦੇ ਅਫ਼ਸਰਾਂ ਨੂੰ ਭੇਜਿਆ ਜਿਸ ਵਿਚ ਮੇਰੇ ਪਰ ਬੜੇ ਕਰੜੇ ਹਮਲੇ ਕੀਤੇ ਗਏ ਹਨ, ਨਾ ਕੇਵਲ ਮੇਰੇ ਪਰ ਨੁਕਤਾਚੀਨੀ ਕੀਤੀ ਗਈ ਹੈ ਕਿ ਕੋਹ ਨੂਰ ਮਲਕਾ ਨੂੰ ਬਖ਼ਸ਼ਣ ਦਾ ਮੇਰਾ ਕੋਈ ਹੱਕ ਨਹੀਂ ਸੀ, ਲਾਹੌਰ ਦੇ ਖਜ਼ਾਨੇ ਦੀ ਇਹ ਚੀਜ਼ ਸੀ, ਗਵਰਨਰ ਜਨਰਲ ਦਾ ਇਸ ਨਾਲ ਕੋਈ ਵਾਸਤਾ ਨਹੀਂ ਸੀ। ਇਸ ਤਰ੍ਹਾਂ ਮੇਰੀ ਮਾਤਹਿਤ ਫ਼ੌਜ ਵਿਚ ਮੇਰੀ ਬਾਬਤ ਘਿਰਣਾ ਖਿਲਾਰੀ ਗਈ ਹੈ।" (*ਪ੍ਰਾਈਵੇਟ ਲੈਟਰਜ਼ ਆਫ਼ ਡਲਹੌਜ਼ੀ*, ਸਫ਼ਾ 177)।

ਅੱਗੇ ਜਾ ਕੇ ਡਲਹੌਜ਼ੀ ਲਿਖਦਾ ਹੈ ਕਿ, "ਵਲਾਇਤੀ ਅਖਬਾਰ ਵਿਚ ਜੋ ਛਾਪਿਆ ਜਾ ਰਿਹਾ ਹੈ ਕਿ ਕੋਹ ਨੂਰ ਮਨਹੂਸ ਹੈ, ਉਸ ਨੂੰ ਮੇਰਾ ਉੱਤਰ ਇਹ ਹੈ ਕਿ ਇਹ ਅਕਬਰ, ਜਹਾਂਗੀਰ ਸ਼ਾਹ ਜਹਾਨ, ਔਰੰਗਜ਼ੇਬ ਪਾਸ ਕਈ ਸਦੀਆਂ ਰਿਹਾ, ਉਨ੍ਹਾਂ ਦੀ ਸ਼ਾਨ ਦਿਨੋ ਦਿਨ ਵਧਦੀ ਗਈ। ਨਾਦਰਸ਼ਾਹ, ਅਹਿਮਦ ਸ਼ਾਹ ਪਾਸ ਗਿਆ ਤਾਂ ਉਹ ਪ੍ਰਸਿੱਧ ਜੇਤੂ ਪ੍ਰਸਿੱਧ ਹੋਏ। ਇਹ ਜਦ ਮਹਾਰਾਜਾ ਰਣਜੀਤ ਸਿੰਘ ਪਾਸ ਪੁੱਜਾ ਤਾਂ ਉਹ ਸਾਧਾਰਨ ਆਦਮੀ ਤੋਂ ਸਾਰੇ ਪੰਜਾਬ ਦਾ ਰਾਜਾ ਬਣਿਆ। ਇਸ ਵਾਸਤੇ ਰਣਜੀਤ ਸਿੰਘ ਦੇ ਕਥਨ ਅਨੁਸਾਰ ਜਿਸ ਪਾਸ ਇਹ ਹੀਰਾ ਪੁੱਜਾ ਉਹ ਵੱਡੇ ਭਾਗਾਂ ਵਾਲਾ ਹੋਇਆ। ਇਸ ਨੂੰ ਬੁਰਾ ਦੱਸਣਾ ਮਲਕਾ ਦੇ ਮਨ ਨੂੰ ਠੇਸ ਲਾਉਣ ਵਾਲੇ ਕਿਸੇ ਮਤਲਬੀ ਦਾ ਕੰਮ ਹੈ।" (*ਪ੍ਰਾਈਵੇਟ ਲੈਟਰਜ਼ ਆਫ਼ ਦੀ ਡਲਹੌਜ਼ੀ*, ਸਫਾ 395)।

ਇਸੇ ਤਰ੍ਹਾਂ ਇਕ ਹੋਰ ਹੀਰਾ ਚੋਖੇ ਮੁੱਲ ਦਾ ਸੀ। ਇਸ ਦਾ ਵਜ਼ਨ 14 ਰੁਪਏ ਦੇ ਤੁਲ ਸੀ। ਇਸ ਪਰ ਕਈ ਹੋ ਬੀਤੇ ਬਾਦਸ਼ਾਹਾਂ ਦੇ ਨਾਂ ਬਰੀਕ ਫ਼ਾਰਸੀ ਅੱਖਰਾਂ ਵਿਚ ਉਕਰੇ ਹੋਏ ਸਨ ਜਿਨ੍ਹਾਂ ਵਿਚੋਂ ਔਰੰਗਜ਼ੇਬ ਤੇ ਅਹਿਮਦਸ਼ਾਹ ਦੇ ਨਾਂ ਸਪਸ਼ਟ ਪੜ੍ਹੇ ਜਾਂਦੇ ਸਨ। ਮਹਾਰਾਜਾ ਪਾਸ ਇਕ ਹੋਰ ਹੀਰਾ ਪੁਖਰਾਜ ਸੀ ਜਿਸ ਦਾ ਵਜ਼ਨ 11 ਰੁਪਏ ਦੇ ਬਰਾਬਰ ਸੀ। ਇਸ ਦਾ ਕੱਦ ਬਿਲੀਅਰਡ ਗੇਂਦ ਦੇ ਅੱਧ ਜਿੰਨਾ ਸੀ। ਮਹਾਰਾਜਾ ਸਾਹਿਬ ਨੇ ਇਹ 20,000 ਰੁਪਏ ਪਰ ਖਰੀਦਿਆ ਸੀ (ਬਰਨਜ਼, *ਟ੍ਰੈਵਲਜ਼ ਇਨਟੂ ਬੁਖਾਰਾ*, ਸਫ਼ੇ 144-45, ਜਿਲਦ 2)

ਇਨ੍ਹਾਂ ਉੱਪਰ ਲਿਖੇ ਜਵਾਹਰਾਤਾਂ ਤੋਂ ਛੁਟ ਕਈ ਅਮੋਲਕ ਮੋਤੀਆਂ ਦੀਆਂ ਮਾਲਾਂ ਸਨ ਅਤੇ ਨਿੱਕੇ ਸਾਈਜ਼ ਦੇ ਅਣਗਿਣਤ ਹੀਰੇ, ਪੰਨੇ, ਨੀਲਮ, ਪੁਖਰਾਜ ਆਦਿ ਸਨ ਜਿਹੜੇ ਮਹਾਰਾਜਾ ਦੇ ਸ਼ਸਤ੍ਰਾਂ, ਤਲਵਾਰਾਂ, ਢਾਲਾਂ, ਕਟਾਰਾਂ, ਤਮੰਚਿਆਂ, ਕਮਰਬੰਦਾਂ ਤੇ ਨਾਮੀ ਘੋੜਿਆਂ ਅਤੇ ਹਾਥੀਆਂ ਦੇ ਟਿੱਕਿਆਂ ਵਿਚ ਜੜੇ ਹੋਏ ਸਨ। ਇਹ ਕੁਝ ਐਸਾ ਜ਼ਖੀਰਾ ਸੀ ਜਿਸ ਵਿਚੋਂ ਸਮੇਂ-ਸਮੇਂ ਮਹਾਰਾਜਾ ਸਾਹਿਬ ਆਪਣੇ ਪਤਵੰਤੇ ਪਰਾਹੁਣਿਆਂ ਤੇ ਸ਼ਹਿਜ਼ਾਦਿਆਂ ਨੂੰ ਬਖ਼ਸ਼ਦੇ ਰਹਿੰਦੇ ਸਨ। ਜਿਹਾ ਕਿ ਅਲੈਗਜ਼ੈਂਡਰ ਬਰਨਜ਼ ਨੂੰ ਇਕ ਨਗ ਬਖਸ਼ਿਆ ਜਿਹੜਾ ਸ਼ੇਰ ਸਿੰਘ ਨੂੰ ਸਯੱਦ ਅਹਿਮਦ ਸ਼ਾਹ ਦੀ ਬਗ਼ਾਵਤ ਤੋਂ ਮੁੜਨ ਪਰ ਦਿੱਤਾ ਸੀ।

## ਖ਼ਾਲਸਾ ਰਾਜ ਵਿਚ ਇਤਿਹਾਸਕ ਇਮਾਰਤਾਂ ਦੀ ਰੱਖਿਆ

ਪੰਜਾਬ ਵਿਚ ਖਾਲਸਾ ਰਾਜ ਦੇ ਆਰੰਭ ਹੋਣ ਤੋਂ ਪਹਿਲਾਂ ਇੱਥੇ ਦੀਆਂ ਇਤਿਹਾਸਕ ਇਮਾਰਤਾਂ ਅਤਿ ਭੈੜੀ ਦਸ਼ਾ ਵਿਚ ਸਨ। ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਦੀ ਮੁਰੰਮਤ ਅਤੇ

ਸਫਾਈ ਪਰ ਹਜ਼ਾਰਾਂ ਰੁਪਏ ਸਲਾਨਾ ਖਰਚ ਕਰਦੇ ਹੁੰਦੇ ਸਨ।

ਸ਼ਾਲਾਮਾਰ ਬਾਗ਼ ਬਾਰੇ ਸਯੱਦ ਮੁਹੰਮਦ ਲਤੀਫ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਪਰ ਕਬਜ਼ਾ ਹੋਣ ਤੋਂ ਪਹਿਲਾਂ ਇਸ ਇਤਿਹਾਸਕ ਬਾਗ਼ ਦੀ ਦਸ਼ਾ ਅਤਿ ਭਿਆਨਕ ਸੀ। ਇਸ ਦੀਆਂ ਬਾਰਾਂਦਰੀਆਂ ਤੇ ਹਮਾਮ ਡਿਗ ਕੇ ਮਿਟੀ ਵਿਚ ਦਬੇ ਹੋਏ ਸਨ, ਉਸ ਦੇ ਦਰਵਾਜੇ ਤੇ ਫਰਸ਼ ਆਦਿ ਦਾ ਸੰਗਮਰਮਰ ਅਤੇ ਹੋਰ ਕੀਮਤੀ ਪੱਥਰ ਜਨਤਾ ਪਹਿਲਾਂ ਹੀ ਲੁੱਟ ਕੇ ਲੈ ਗਈ ਸੀ। ਸ਼ੇਰੇ-ਪੰਜਾਬ ਨੇ ਬਹੁਤ ਸਾਰਾ ਧਨ ਖਰਚ ਕੇ ਬਾਗ਼ ਅਤੇ ਹੰਸਲੀ ਦੀ ਮੁਰੰਮਤ ਕਰਵਾਈ ਅਤੇ ਇਸ ਨੂੰ ਸਦਾ ਲਈ ਬਰਬਾਦ ਹੋਣ ਤੋਂ ਬਚਾ ਲਿਆ। ਇਸ ਦੀ ਪ੍ਰੋੜ੍ਹਤਾ ਆਸਬਰਨ ਦੀ ਲਿਖਤ ਅਤੇ ਫਕੀਰ ਅਜ਼ੀਜ਼ਉੱਦੀਨ ਦੇ ਕਥਨ ਤੋਂ ਹੁੰਦੀ ਹੈ। ਆਸਬਰਨ ਲਿਖਦਾ ਹੈ :

"ਅੱਜ ਅਸੀਂ 17 ਜੂਨ 1838 ਨੂੰ ਸ਼ਾਲਾਮਾਰ ਬਾਗ਼ ਵੇਖਣ ਗਏ। ਫਕੀਰ ਅਜ਼ੀਜ਼ਉੱਦੀਨ ਸਾਡੇ ਨਾਲ ਸੀ। ਉਸ ਨੇ ਮੈਨੂੰ ਦੱਸਿਆ ਕਿ ਜਦ ਮਹਾਰਾਜਾ ਨੇ ਲਾਹੌਰ ਪਰ ਕਬਜ਼ਾ ਕੀਤਾ ਤਾਂ ਇਹ ਬਾਗ਼ ਇਕ ਜੰਗਲ ਦੇ ਰੂਪ ਵਿਚ ਸੀ। ਇੱਥੇ ਚੀਤੇ ਤੇ ਬਘਿਆੜ ਬੱਚੇ ਦਿੰਦੇ ਸਨ। ਹੰਸਲੀ ਦੇ ਟੁੱਟ-ਫੁਟ ਜਾਣ ਨਾਲ ਫੁਆਰੇ ਬੰਦ ਪਏ ਸਨ। ਫੁਲਦਾਰ ਤੇ ਫਲਦਾਰ ਬੂਟੇ ਸੁਕ ਗਏ ਸਨ। ਸ਼ੇਰੇ-ਪੰਜਾਬ ਨੇ ਬਹੁਤ ਬੜੀ ਰਕਮ ਖਰਚ ਕੇ ਇਸ ਨੂੰ ਮੁੜ ਇਸ ਮੌਜੂਦਾ ਰੂਪ ਵਿਚ ਸਜਾਇਆ। ਹੰਸਲੀ ਨਵੇਂ ਸਿਰਿਉਂ ਮੁੜ ਬਣਵਾਕੇ ਇਸ ਵਿਚ ਪਾਣੀ ਜਾਰੀ ਕਰਵਾਇਆ।"[1]

ਇਹ ਹੋਰ ਇਤਿਹਾਸਕ ਲਿਖਤ ਦੱਸਦੀ ਹੈ ਕਿ ਇਸ ਬਾਗ਼ (ਸ਼ਾਲਾਮਾਰ) ਦੀ ਹੰਸਲੀ ਨਹਿਰ ਜਿਸ ਦਾ ਪਾਣੀ ਇਸ ਨੂੰ ਹਰਾ ਭਰਾ ਰਖਦਾ ਸੀ ਮੁਗ਼ਲ ਰਾਜ ਦੇ ਨਿਤਾਣੇ ਹੋ ਜਾਣ ਪਰ ਮਿਟੀ ਤੇ ਕੂੜੇ ਨਾਲ ਭਰੀ ਗਈ ਸੀ। ਇਸ ਰਾਹੀਂ ਜੋ ਪਾਣੀ ਇਸ ਇਤਿਹਾਸਕ ਬਾਗ਼ ਨੂੰ ਮਿਲਦਾ ਸੀ ਉਹ ਬੰਦ ਹੋ ਗਿਆ। ਇਹ ਬਾਗ਼ ਪੂਰੇ ਪੰਜੀ ਸਾਲ ਖ਼ਰਖਾ ਦੇ ਆਸਰੇ ਰਿਹਾ। ਇਹੀ ਕਾਰਨ ਸੀ ਕਿ ਜਿੱਥੇ ਬਾਗ਼ ਦੀ ਹਰਿਆਵਲੀ ਲੋਪ ਹੋ ਗਈ ਉੱਥੇ ਨਾਲ ਹੀ ਇਸ ਦੇ ਫੁਆਰੇ ਵੀ ਬੰਦ ਹੋ ਗਏ ਅਤੇ ਫਲਦਾਰ ਦਰਖਤ ਵੀ ਅਫਲ ਹੋ ਗਏ ਸਨ। ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਨੂੰ ਆਪਣੇ ਅਧਿਕਾਰ ਵਿਚ ਲੈਣ ਤੋਂ ਥੋੜ੍ਹੇ ਸਮੇਂ ਦੇ ਬਾਅਦ ਜਦ ਇਸ ਇਤਿਹਾਸਕ ਬਾਗ਼ ਅਤੇ ਹੰਸਲੀ ਨੂੰ ਇਸ ਡਰਾਵਣੀ ਦਸ਼ਾ ਵਿਚ ਡਿੱਠਾ ਤਾਂ ਆਪ ਨੇ ਹਜ਼ਾਰਾਂ ਰੁਪਏ ਖਰਚ ਕਰ ਕੇ ਪਹਿਲਾਂ ਨਹਿਰ ਨੂੰ ਮੁੜ ਨਵੇਂ ਸਿਰਿਓਂ ਠੀਕ ਕਰਵਾਕੇ ਪਾਣੀ ਚਾਲੂ ਕੀਤਾ ਅਤੇ ਫਿਰ ਬਾਗ਼ ਦੀ ਮੁਰੰਮਤ ਕਰਵਾਕੇ ਇਸ ਨੂੰ ਮੌਜੂਦਾ ਮਨ-ਖਿਚਵੀਂ ਸ਼ਕਲ ਵਿਚ ਸਜਾ ਦਿੱਤਾ।

ਖਾਲਸਾ ਰਾਜ ਸਮੇਂ ਕਈ ਬਦੇਸੀ ਜਾਤਰੂ ਲਾਹੌਰ ਆਏ। ਉਨ੍ਹਾਂ ਨੇ ਇਸ ਬਾਗ਼ ਦੀ ਸਫਾਈ ਤੇ ਰਮਣੀਕਤਾ ਨੂੰ ਵੇਖ ਕੇ ਆਪੋ ਆਪਣੇ ਸਫ਼ਰਨਾਮਿਆਂ ਵਿਚ ਇਸ ਬਾਰੇ ਲਿਖਤਾਂ ਲਿਖੀਆਂ। ਉਨ੍ਹਾਂ ਵਿਚੋਂ ਅਸੀਂ ਕੁਝ ਕੁ ਹੇਠਾਂ ਦਿੰਦੇ ਹਾਂ :

ਮਿਸਟਰ ਬਾਰ ਨੇ ਸ਼ਾਲਾਮਾਰ ਬਾਗ਼ ਨੂੰ 22 ਫਰਵਰੀ 1839 ਨੂੰ ਡਿੱਠਾ। ਇਹ ਲਿਖਦਾ

1. ਆਸਬਰਨ, *ਕੋਰਟ ਐਂਡ ਕੈਂਪ ਆਫ ਰਣਜੀਤ ਸਿੰਘ*, ਸਫਾ 141

ਹੈ ਕਿ, "ਇਸ ਬਾਗ ਨੂੰ ਮਹਾਰਾਜਾ ਨੇ ਬੜੀ ਭਾਰੀ ਰਕਮ ਖਰਚ ਕਰਕੇ ਸੁੰਦਰ ਦਸ਼ਾ ਵਿਚ ਰਖਿਆ ਹੋਇਆ ਹੈ। ਇਸ ਦੇ ਸਾਰੇ ਤਖ਼ਤ, ਭਾਗ ਬੜੇ ਸਾਫ-ਸੁਥਰੇ ਹਨ। ਇਸ ਦੀਆਂ ਕਿਆਰੀਆਂ ਰੰਗ ਬਰੰਗੇ ਫੁਲਾਂ ਨਾਲ ਭਰਪੂਰ ਹਨ। ਇਸ ਦੇ 160 ਫੁਆਰੇ ਅਤੇ 200 ਦੀਵਿਆਂ ਦੀ ਪਾਲ, ਪਾਣੀ ਦੇ ਝਰਨਿਆਂ ਹੇਠੋਂ ਅਸਚਰਜ ਮਨਮੋਹਣਾ ਦ੍ਰਿਸ਼ ਅੱਖਾਂ ਸਾਹਮਣੇ ਲੈ ਆਉਂਦੇ ਹਨ। ਬਾਰਾਦਰੀਆਂ ਅਤੇ ਤਖ਼ਤ ਬੜੀ ਚੰਗੀ ਦਸ਼ਾ ਵਿਚ ਹਨ। ਇਸ ਦਾ ਸੁਹੱਪਣ ਤੇ ਸਫਾਈ ਵੇਖ-ਵੇਖ ਮਨ ਤ੍ਰਿਪਤ ਨਹੀਂ ਹੁੰਦਾ। ਇਸ ਲਈ ਇਨ੍ਹਾਂ ਤੋਂ ਵਿਛੜਨੇ ਨੂੰ ਮਨ ਨਹੀਂ ਮੰਨਦਾ। ਪਰ ਸ਼ੇਰੇ-ਪੰਜਾਬ ਦੀ ਆਓ ਆਈ ਦਾ ਸਮਾ ਨੇੜੇ ਆ ਰਿਹਾ ਹੈ ਇਸ ਲਈ ਸਾਨੂੰ ਇੱਥੋਂ ਜਾਣਾ ਪਿਆ।"[1]

ਜਗਤ ਪ੍ਰਸਿੱਧ ਸੈਲਾਨੀ ਤੇ ਲੇਖਕ ਅਲੈਗਜ਼ੈਂਡਰ ਬਰਨਜ਼ ਆਪਣੇ ਰੋਜ਼ਨਾਮਚੇ ਵਿਚ ਇਉਂ ਲਿਖਦਾ ਹੈ :

ਉਸ ਨੇ 22 ਜਨਵਰੀ 1832 ਨੂੰ ਇਤਿਹਾਸਕ ਸ਼ਾਲਾਮਾਰ ਵੇਖਿਆ ਹੈ। ਇਸ ਦੇ ਵੇਖਣ ਦਾ ਜੋ ਪ੍ਰਭਾਵ ਮਨ ਪਰ ਪਿਆ ਉਸ ਬਾਰੇ ਉਸ ਲਿਖਿਆ ਹੈ, "ਇਹ ਬਾਗ਼ ਅਤੇ ਇਸ ਨਾਲ ਲੱਗਵੀਂ ਇਮਾਰਤ ਨੂੰ ਸ਼ੇਰੇ-ਪੰਜਾਬ ਨੇ ਇੰਨੀ ਸਾਫ ਅਤੇ ਚੰਗੀ ਹਾਲਤ ਵਿਚ ਰਖਿਆ ਹੋਇਆ ਹੈ ਕਿ ਇਹ ਜਦ ਪਹਿਲਾ ਪਹਿਲ ਤਿਆਰ ਹੋਇਆ ਸੀ ਉਸੇ ਵਰਗੀ ਦਸ਼ਾ ਵਿਚ ਹੈ।"[2]

ਇਕ ਹੋਰ ਬੜਾ ਨਾਮੀ ਸੈਲਾਨੀ ਜੋ ਖੋਜੀ ਸੁਭਾਅ ਦਾ ਮਾਲਕ ਸੀ, ਖ਼ਾਲਸਾ ਰਾਜ ਸਮੇਂ ਪੰਜਾਬ ਆਇਆ। ਇਸ ਨੇ ਇੱਥੇ ਸਭ ਕੁਝ ਆਪਣੀ ਅੱਖੀਂ ਵੇਖ ਕੇ ਲਿਖਿਆ ਕਿ ਮੁਗ਼ਲੀਆ ਬਾਦਸ਼ਾਹਾਂ ਦੀਆਂ ਪੰਜਾਬ ਵਿਚ ਉਸਰੀਆਂ ਹੋਈਆਂ ਇਮਾਰਤਾਂ ਤੇ ਯਾਦਗਾਰਾਂ, ਜਿਹੜੀਆਂ ਖ਼ਾਲਸਾ ਰਾਜ ਦੇ ਪੰਜਾਬ ਵਿਚ ਸਥਿਰ ਹੋਣ ਤੋਂ ਪਹਿਲਾਂ ਬੜੀ ਭੈੜੀ ਦਿਸ਼ਾ ਵਿਚ ਸਨ, ਮਹਾਰਾਜਾ ਰਣਜੀਤ ਸਿੰਘ ਨੇ ਖਜ਼ਾਨੇ ਵਿਚੋਂ ਬੜੀਆਂ-ਬੜੀਆਂ ਰਕਮਾਂ ਖਰਚ ਕਰਕੇ ਇਨ੍ਹਾਂ ਦੀ ਮੁਰੰਮਤ ਅਤੇ ਸਫਾਈ ਕਰਵਾਈ ਜਿਸ ਦੇ ਕਾਰਨ ਇਹ ਤਬਾਹੀ ਤੋਂ ਬਚ ਗਈਆਂ। ਵਿਸ਼ੇਸ਼ ਕਰਕੇ ਸ਼ਾਲਾਮਾਰ ਬਾਗ਼ ਜਿੱਥੇ ਮੈਂ ਅੱਜ-ਕੱਲ੍ਹ ਰਹਿੰਦਾ ਹਾਂ[3] ਅਤੇ ਜਹਾਂਗੀਰ ਦਾ ਮਕਬਰਾ ਲਿਖਣ-ਯੋਗ ਹਨ।"[4]

---

1. ਬਾਰ, *ਜਰਨਲ ਆਫ ਦੀ ਜਰਨੀ ਫਰਾਮ ਦਿੱਲੀ ਟੂ ਪਿਸ਼ਾਵਰ*, ਸਫੇ 105-110
2. ਬਰਨਜ਼, *ਟ੍ਰੈਵਲਜ਼ ਇਨ ਬੁਖਾਰਾ*, ਜਿਲਦ 2, ਸਫਾ 16
3. ਸ਼ਾਲਾਮਾਰ ਬਾਗ ਦੀ ਉਹ ਇਮਾਰਤ ਅਜੇ ਤਕ ਮੌਜੂਦ ਹੈ ਜਿਸ ਪਰ ਇਹ ਸ਼ਿਲਾਲੇਖ ਉਕਰਿਆ ਹੋਇਆ ਹੈ :
   'In the pavilion built by Ranjit Singh this famous travellor William Moorcraft stayed during his visit to the Court of Maharaja in May 1820 on his way to Turkistan where he died in 1825."
   ਅਨੁਵਾਦ : ਇਸ ਬਾਰਾਂਦਰੀ ਵਿਚ ਜੋ ਰਣਜੀਤ ਸਿੰਘ ਨੇ ਬਣਵਾਈ, ਪ੍ਰਸਿੱਧ ਯਾਤਰੂ ਵਿਲੀਅਮ ਮੂਰ ਕਰਾਫਟ ਮਈ 1820 ਈ. ਨੂੰ ਠਹਿਰਿਆ, ਜਦ ਉਹ ਤੁਰਕਿਸਤਾਨ ਜਾਂਦਾ ਹੋਇਆ ਰਾਹ ਵਿਚ ਮਹਾਰਾਜੇ ਦਾ ਪਰਾਹੁਣਾ ਰਿਹਾ। ਉਹ ਤੁਰਕਿਸਤਾਨ ਵਿਚ 1825 ਨੂੰ ਮਰ ਗਿਆ।
4. ਮੂਰ ਕਰਾਫਟ, *ਟ੍ਰੈਵਲਜ਼ ਇਨ ਦੀ ਹਿਮਾਲਾਇਨ ਪ੍ਰੋਵਿੰਸਜ਼ ਆਫ ਇੰਡੀਆ*, ਜਿਲਦ 1, ਪੰਨਾ 104

## ਹਜ਼ਰਤ ਸ਼ਾਹ ਬਹਿਲੋਲ ਦੀ ਇਤਿਹਾਸਕ ਖਾਨਗਾਹ ਦੀ ਰੱਖਿਆ

ਸੰਨ 1821 ਦੀ ਗਰਮੀਆਂ ਦੀ ਰੁੱਤੇ ਦਰਿਆ ਰਾਵੀ ਨੇ ਆਪਣੀ ਵਹਿਣ ਧਾਰਾ ਬਦਲ ਲਈ ਜਿਸ ਨਾਲ ਸ਼ਾਹ ਬਹਿਲੋਲ ਦੀ ਪ੍ਰਸਿੱਧ ਇਤਿਹਾਸਕ ਖਾਨਗਾਹ ਨੂੰ ਢਾਹ ਲਗ ਗਈ ਅਤੇ ਖਾਨਗਾਹ ਦੇ ਪਾਣੀ ਦੀ ਮਾਰ ਨਾਲ ਰੁੜ੍ਹ ਜਾਣ ਦਾ ਡਰ ਸਾਹਮਣੇ ਦਿਸਿਆ। ਇਸ ਇਮਾਰਤ ਨੂੰ ਬਰਬਾਦ ਹੋਣ ਤੋਂ ਬਚਾਉਣ ਲਈ ਸ਼ੇਰੇ-ਪੰਜਾਬ ਨੇ ਦਰਿਆ ਰਾਵੀ ਦੀ ਧਾਰਾ ਬਦਲ ਦੇਣ ਲਈ ਹਜਾਰ ਰੁਪਏ ਖਰਚ ਕੇ ਰਾਵੀ ਵਿਚ ਪੱਕਾ ਬੰਧ ਲਵਾਇਆ ਜਿਸ ਨਾਲ ਇਹ ਜਿਆਰਤ ਕੁਝ ਸਮੇ ਲਈ ਬਚ ਗਈ। ਚਾਰ ਸਾਲ ਦੇ ਉਪਰੰਤ ਜਦ ਮੁੜ ਦਰਿਆ ਵਿਚ ਬਾੜ੍ਹ ਆਈ ਤਾਂ ਇਹ ਬੰਧ ਪਾਣੀ ਦੇ ਜ਼ੋਰ ਨਾਲ ਰੁੜ੍ਹ ਗਿਆ। ਹੁਣ ਦੁਬਾਰਾ ਬੰਧ ਲਾਉਣ ਬਾਰੇ ਇੰਜਨੀਅਰਿੰਗ ਰਾਏ ਇਸ ਦੇ ਵਿਰੁੱਧ ਸੀ। ਦੂਜੇ ਪਾਸੇ ਮਹਾਰਾਜਾ ਸ਼ਾਹ ਬਹਿਲੋਲ ਦੇ ਤਾਬੂਤ ਤੇ ਕਬਰ ਨੂੰ ਰੁੜ੍ਹਨ ਤੋਂ ਸੁਰੱਖਿਅਤ ਰਖਣਾ ਚਾਹੁੰਦੇ ਸਨ। ਜਦ ਹੋਰ ਕੋਈ ਉਪਾ ਵਰਤਣਾ ਅਸੰਭਵ ਹੋ ਗਿਆ ਤਾਂ ਰਾਜਧਾਨੀ ਦੇ ਮੌਲਵੀਆਂ ਤੇ ਮਲਵਾਣਿਆ ਤੋਂ ਰਾਏ ਪੁੱਛੀ ਗਈ ਤਾਂ ਰਾਜ ਦੇ ਇੰਜਨੀਅਰਾ ਅਤੇ ਉਲਮਾਂ ਦੀ ਸੰਮਤੀ ਨਾਲ ਮਹਾਰਾਜਾ ਸਾਹਿਬ ਨੇ ਬਹਿਲੋਲ ਦਾ ਤਾਬੂਤ ਪਾਣੀ ਦੀ ਮਾਰ ਤੋਂ ਬਚਾ ਕੇ ਮੌਜੂਦਾ ਥਾਂ ਪਰ, ਇਸਲਾਮੀ ਮਰਿਆਦਾ ਅਨੁਸਾਰ, ਹਜ਼ਾਰਾਂ ਮੁਸਲਮਾਨਾਂ ਦੀ ਮੌਜੂਦਗੀ ਵਿਚ ਧੂਮ ਧਾਮ ਨਾਲ ਦਫਨਾਇਆ ਅਤੇ ਪੱਕੀ ਇਮਾਰਤ ਬਣਵਾਈ। ਉਸ ਪਰ ਜੋ ਖਰਚ ਆਇਆ ਉਹ ਸ਼ਾਹੀ ਖਜ਼ਾਨੇ ਵਿਚੋਂ ਕੀਤਾ ਗਿਆ।[1] ਦਾਤਾ ਗੰਜ ਬਖ਼ਸ਼ ਅਤੇ ਮੌਜੇ ਦਰਿਆ ਦੀਆਂ ਖਾਨਗਾਹਾਂ ਨੂੰ ਇਤਿਹਾਸਕ ਇਮਾਰਤਾਂ ਜਾਣ ਕੇ ਇਨ੍ਹਾਂ ਦੀ ਮੁਰੰਮਤ ਆਦਿ ਲਈ ਚੋਖੀ ਮਾਇਆ ਖਰਚੀ ਗਈ ਅਤੇ ਇਨ੍ਹਾਂ ਦੀ ਕਈ ਵੇਰ ਮੁਰੰਮਤ ਕਰਵਾਈ ਗਈ।[2]

ਸੰਨ 1818 ਵਿਚ ਜਦ ਪੂਰੀ ਤਰ੍ਹਾਂ ਸੂਬਾ ਮੁਲਤਾਨ ਫ਼ਤਹਿ ਕਰਕੇ ਖ਼ਾਲਸਾ ਰਾਜ ਵਿਚ ਮਿਲਾ ਲਿਆ ਗਿਆ ਤਾਂ ਕੁਝ ਸਮੇਂ ਦੇ ਬਾਅਦ ਮਹਾਰਾਜਾ ਪਹਿਲੀ ਵਾਰ ਇਸ ਸੂਬੇ ਦੇ ਦੌਰੇ ਪਰ ਆਏ। ਤਦ ਉਨ੍ਹਾਂ ਸੱਯਦ ਬਾਵਲਹਕ ਦੇ ਇਤਿਹਾਸਕ ਰੌਜ਼ੇ ਦੀ ਮੁਰੰਮਤ ਦੀ ਲੋੜ ਅਨੁਭਵ ਕਰਕੇ 3500 ਰੁਪਏ ਦੀ ਪੱਕੀ ਜਾਗੀਰ ਬਖ਼ਸ਼ ਕੇ ਇਸ ਲੋੜ ਨੂੰ ਪੂਰਾ ਕਰ ਦਿੱਤਾ।[3]

## ਹਜ਼ੂਰੀ ਬਾਗ਼ ਦੀ ਬਾਰਾਂਦਰੀ

ਇਕ ਦੋ ਲੇਖਕਾਂ ਨੇ ਇਤਿਹਾਸਕ ਖੋਜ ਦੀ ਖੇਚਲ ਕਰਨ ਤੋਂ ਬਿਨਾਂ ਹੀ ਇਹ ਲਿਖ ਕੇ ਲੋਕਾਂ ਵਿਚ ਭੁਲੇਖਾ ਖਿਲਾਰਨ ਦਾ ਅਯੋਗ ਯਤਨ ਕੀਤਾ ਹੈ ਕਿ ਹਜ਼ੂਰੀ ਬਾਗ਼ ਦੀ ਬਾਰਾਂਦਰੀ ਪਹਿਲਾਂ ਜਹਾਂਗੀਰ ਬਾਦਸ਼ਾਹ ਦੇ ਮਕਬਰੇ ਦੇ ਗੁੰਬਦ ਉੱਪਰ ਬਣੀ ਹੋਈ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਉਥੋਂ ਇਸੇ ਤਰ੍ਹਾਂ ਬਣੀ ਬਣਾਈ ਉਤਰਵਾਕੇ ਹਜ਼ੂਰੀ ਬਾਗ਼ ਵਿਚ ਖੜੀ ਕਰ ਦਿੱਤੀ।

1. ਘਨੱਯਾ ਲਾਲ, *ਤਾਰੀਖ਼ੇ ਲਾਹੌਰ*, ਸਫਾ 238; ਮੁਹੰਮਦ ਲਤੀਫ, *ਲਾਹੌਰ : ਇਟਸ ਹਿਸਟਰੀ*, ਸਫੇ 158-159
2. ਲਤੀਫ, *ਲਾਹੌਰ : ਇਟਸ ਹਿਸਟਰੀ*, ਸਫੇ 182-195
3. ਲੈਪਲ ਗ੍ਰਿਫਨ, *ਪੰਜਾਬ ਚੀਫਸ*, ਜਿਲਦ 2, ਸਫਾ 86

WWW.SIKHBOOKCLUB.COM 

ਜਹਾਂਗੀਰ ਬਾਦਸ਼ਾਹ ਦੇ ਮਕਬਰੇ ਦੀ ਇਮਾਰਤ ਬਾਰੇ ਇਤਿਹਾਸਕ ਖੋਜ ਕੀਤਿਆਂ ਹੇਠ ਲਿਖੀਆਂ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਦੇ ਪੜ੍ਹਿਆਂ ਇਹ ਦੂਸ਼ਨ ਆਪਣੇ ਆਪ ਪੂਰੀ ਤਰ੍ਹਾਂ ਸਾਫ ਹੋ ਜਾਂਦਾ ਹੈ :

1. ਇਸ ਗੱਲ ਬਾਬਤ ਸਭ ਤੋਂ ਪਹਿਲੀ ਲਿਖਤ ਜੋ ਮੌਕੇ ਤੇ ਪੜਚੋਲ ਕਰਕੇ ਲਿਖੀ ਗਈ ਸੀ ਉਹ ਪ੍ਰਸਿੱਧ ਯਾਤਰੂ ਮੂਰ ਕਰਾਫਟ ਦੀ ਹੈ। ਇਸ ਨੇ 15 ਮਈ 1820 ਨੂੰ ਜਹਾਂਗੀਰ ਦਾ ਮਕਬਰਾ ਵੇਖਿਆ। ਇਸ ਬਾਬਤ ਇਸ ਨੇ ਆਪਣੇ ਸਫਰਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੈ : "ਕਿਹਾ ਜਾਂਦਾ ਹੈ ਕਿ ਇਸ ਮਕਬਰੇ ਦੀ ਛੱਤ ਉੱਪਰੋ ਇਕ ਹੋਰ ਗੁੰਬਦ ਨਾਲ ਢਕੀ ਹੋਈ ਸੀ, ਪਰੰਤੂ ਉਸ ਨੂੰ ਔਰੰਗਜ਼ੇਬ ਨੇ ਇਸ ਖਿਆਲ ਨਾਲ ਹਟਵਾ ਦਿੱਤਾ ਕਿ ਉਸ ਦੇ ਦਾਦੇ ਦੀ ਕਬਰ ਸਮੇਂ ਦੇ ਅਸਰ ਨਾਲ ਬਰਬਾਦ ਹੋ ਜਾਏ। ਇਸ ਤਰ੍ਹਾਂ ਉਸ ਨੇ ਜਹਾਂਗੀਰ ਦੇ ਬੇਮਜ਼੍ਹਬਪੁਣੇ ਤੇ ਢਿੱਲੇ ਆਚਰਣ ਬਾਬਤ ਆਪਣੇ ਦਿਲ ਦਾ ਗੁਬ਼ਾਰ ਕੱਢਿਆ।"[1]
2. ਇਸ ਦੇ ਪਿੱਛੋਂ ਅਲੈਗਜ਼ੈਂਡਰ ਬਰਨਜ਼ ਨੇ 14 ਜੁਲਾਈ 1831 ਨੂੰ ਜਹਾਂਗੀਰ ਦਾ ਮਕਬਰਾ ਵੇਖਿਆ। ਇਹ ਲਿਖਦਾ ਹੈ ਕਿ, "ਕਬਰ ਪਹਿਲਾਂ ਇਕ ਗੁੰਬਦ ਨਾਲ ਢਕੀ ਹੋਈ ਸੀ, ਬਹਾਦਰ ਸ਼ਾਹ ਨੇ ਇਸ ਭਾਵ ਨਾਲ ਇਸ ਤੋਂ ਉੱਪਰ ਵਾਲਾ ਗੁੰਬਦ ਗਿਰਵਾ ਦਿੱਤਾ ਸੀ ਤਾਂ ਜੋ ਰਬੀ ਰਹਿਮਤ ਦਾ ਮੀਂਹ ਤੇ ਤ੍ਰੇਲ ਤੁਪਕੇ ਉਸ ਦੇ ਪੜਦਾਦੇ ਜਹਾਂਗੀਰ ਦੀ ਕਬਰ ਤੇ ਪੈਂਦੇ ਰਹਿਣ।"[2]
3. ਇਸੇ ਤਰ੍ਹਾਂ ਜੈਨਰਲ ਕਨਿੰਘਮ ਪ੍ਰਸਿੱਧ ਪੁਰਾਤਨ ਨਿਸ਼ਾਨੀਆਂ ਦੇ ਖੋਜੀ ਨੇ ਲੰਮੀ ਪੜਚੋਲ ਪਿੱਛੋਂ 1838 ਈ. ਵਿਚ ਮਕਬਰੇ ਬਾਬਤ ਮੂਰ ਕਰਾਫਟ ਦੀ ਲਿਖਤ ਨਾਲ ਆਪਣੀ ਰਾਏ ਸਹਿਮਤ ਕੀਤੀ।[3]
4. ਇਕ ਹੋਰ ਯਾਤਰੂ ਜਿਸ ਦਾ ਨਾਮ ਕੈਪਟਨ ਵੋਨ ਆਰਲਿਚ (Captain Von Orlich) ਹੈ, ਜਨਵਰੀ 1843 ਵਿਚ ਲਾਹੌਰ ਆਇਆ। ਉਹ ਜਹਾਂਗੀਰ ਦੇ ਮਕਬਰੇ ਬਾਬਤ ਆਪਣੇ ਸਫਰਨਾਮੇ ਵਿਚ ਲਿਖਦਾ ਹੈ, "ਚਿੱਟੇ ਪੱਥਰ (ਸੰਗਮਰਮਰ) ਦਾ ਬਣਿਆ ਹੋਇਆ ਤਾਬੂਤ (ਕਬਰ) ਇਮਾਰਤ ਦੇ ਵਿਚਾਲੇ ਹੈ, ਇਸ ਦੇ ਉੱਪਰ ਇਕ ਵੱਡਾ ਗੁੰਬਦ ਬਣਿਆ ਹੋਇਆ ਸੀ, ਜਿਸ ਨੂੰ ਬਹਾਦਰ ਸ਼ਾਹ ਨੇ ਪੁਟਵਾ ਦਿੱਤਾ ਤਾਂ ਕਿ ਬਖ਼ਸ਼ਸ਼ ਦਾ ਮੀਂਹ ਉਸ ਦੇ ਬਜ਼ੁਰਗ ਪਰਪਿਤਾਮਾ ਦੀ ਕਬਰ ਤੇ ਵਰ੍ਹਦਾ ਰਹੇ।"[4]

---

1. *ਟ੍ਰੈਵਲਜ਼ ਇਨ ਦੀ ਹਿਮਾਲਾਇਨ ਪ੍ਰੋਵਿੰਸਜ਼ ਆਫ਼ ਹਿੰਦੁਸਤਾਨ*, ਜਿਲਦ 1, ਸਫਾ 109
2. *ਟ੍ਰੈਵਲਜ਼ ਇਨ ਟੂ ਬੁਖਾਰਾ*, ਜਿ: 1, ਸਫਾ 137
3. ਵੇਖੋ *ਬਰਫ਼ ਰਿਪੋਰਟ ਆਫ ਦੀ ਕਿਊਰੇਟਰ ਆਫ ਏਨਸੈਂਟ ਮਾਨੂਮੇਂਟਸ ਇਨ ਇੰਡੀਆ ਫਾਰ ਦੀ ਯੀਅਰ* 1883-84 ਅਪੈਂਡਕਸ, ਜੇ.ਪੀ.ਸੀ. 19
4. *ਟ੍ਰੈਵਲਜ਼ ਇਨ ਇੰਡੀਆ*, ਉਲਥਾਕਾਰ ਐਚ. ਈ. ਲਾਇਡ, ਜਿਲਦ 1, ਸਫਾ 220

5. ਸੰਨ 1867 ਵਿਚ ਮੌਲਵੀ ਨੂਰ ਅਹਿਮਦ ਚਿਸ਼ਤੀ ਨੇ ਇਸ ਮਕਬਰੇ ਬਾਬਤ ਇਉਂ ਲਿਖਿਆ : "ਪਹਿਲਾਂ-ਪਹਿਲ ਇਸ ਮੌਜੂਦਾ ਗੁੰਬਦ ਦੇ ਉੱਪਰ ਅਸਮਾਨ ਦੀ ਛੱਤ ਹੇਠਾਂ ਇਕ ਸੰਗਮਰਮਰ ਦਾ ਤਾਵੀਜ਼ (ਕਬਰ ਦਾ ਨਿਸ਼ਾਨ) ਬਣਿਆ ਹੋਇਆ ਸੀ, ਪਰੰਤੂ ਬਹਾਦਰ ਸ਼ਾਹ ਦੀ ਪਾਤਸ਼ਾਹੀ ਸਮੇ ਇਕ ਮੁਲਾਂ ਦੇ ਫਤਵਾ ਦੇਣ ਅਨੁਸਾਰ ਬਹਾਦਰ ਸ਼ਾਹ ਨੇ ਉਸ ਇਮਾਰਤ ਨੂੰ ਉਪਰੋ ਗਿਰਵਾ ਕੇ ਗੁੰਬਦ ਵਿਚ ਸੁਰਾਖ ਕਰਵਾ ਦਿੱਤਾ ਤਾਂਕਿ ਰੱਬੀ ਬਰਕਤਾਂ ਦੀ ਬਰਖਾ ਕਬਰ ਤੇ ਪੈਂਦੀ ਰਹੇ। ਪਿਛੋ ਜਿਹੇ ਜਦ ਬਹੁਤੀਆਂ ਬਾਰਸ਼ਾਂ ਦੇ ਪੈਣ ਨਾਲ ਹੇਠਲੀ ਇਮਾਰਤ ਨੂੰ ਹਾਨੀ ਪਹੁੰਚਣ ਦਾ ਡਰ ਦਿਸਿਆ ਤਾਂ ਸਰਦਾਰ ਲਹਿਣਾ ਸਿੰਘ ਨੇ ਇਮਾਰਤ ਦੇ ਬਚਾਉ ਲਈ ਲਕੜੀ ਦੇ ਤਖਤੇ ਪੁਵਾਕੇ ਗੁੰਬਦ ਦੇ ਸੁਰਾਖ ਨੂੰ ਬੰਦ ਕਰਵਾ ਦਿੱਤਾ।"[1] ਅੱਗੇ ਜਾ ਕੇ ਇਹੋ ਲੇਖਕ ਲਿਖਦਾ ਹੈ ਕਿ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਧਾਵਿਆਂ ਤੇ ਜੰਗ-ਗਰਦੀ ਦੇ ਸਮੇਂ ਇਸ ਮਕਬਰੇ ਦਾ ਬਹੁਮੁੱਲਾ ਪੱਥਰ ਦੁਰਾਨੀਆਂ ਲੁੱਟ ਲਿਆ।[2]
6. ਸੰਨ 1876 ਵਿਚ ਮਿਸਟਰ ਥਾਰੰਟਨ ਅਤੇ ਮਿਸਟਰ ਜੇ ਐਸ. ਕਿਪਲਿੰਗ ਨੇ ਲਾਹੌਰ ਬਾਬਤ ਇਕ ਪੁਸਤਕ ਲਿਖੀ, ਜਿਸ ਵਿਚ ਜਹਾਂਗੀਰ ਦੇ ਮਕਬਰੇ ਦਾ ਹਾਲ ਲਿਖਦੇ ਹੋਏ ਇਨ੍ਹਾਂ ਲਿਖਿਆ ਕਿ ਪਰੰਪਰਾ ਅਨੁਸਾਰ ਵਿਚਲੇ ਗੁੰਬਦ ਦਾ ਉਪਰਲਾ ਸਾਇਬਾਨ (ਛਤ) ਜੋ ਸੰਗਮਰਮਰ ਦਾ ਸੀ, ਬਹਾਦਰ ਸ਼ਾਹ ਔਰੰਗਜ਼ੇਬ ਦੇ ਪੁੱਤਰ ਨੇ ਉਤਰਵਾ ਲਿਆ ਅਤੇ ਹੇਠਲੀ ਵੱਡੀ ਇਮਾਰਤ ਦੇ ਦਰਵਾਜੇ, ਜਿਨ੍ਹਾਂ ਤੇ ਡਾਢਾ ਬਾਰੀਕ ਚਿੱਤਰਕਾਰੀ ਦਾ ਜਾਲੀਦਾਰ ਕੰਮ ਕੀਤਾ ਹੋਇਆ ਸੀ, ਅਹਿਮਦ ਸ਼ਾਹ ਦੁਰਾਨੀ ਲੁੱਟ ਕੇ ਲੈ ਗਿਆ।
7. ਇਸ ਦੇ ਪਿੱਛੋਂ ਰਾਇ ਬਹਾਦਰ ਲਾਲਾ ਘਨੱਯਾ ਲਾਲ ਨੇ ਤਾਰੀਖੇ ਲਾਹੌਰ ਲਿਖੀ। ਉਹ ਇਸ ਮਕਬਰੇ ਬਾਬਤ ਇਉਂ ਲਿਖਦਾ ਹੈ : "ਖਾਸ ਮਕਬਰਾ ਮਸਕਫ (ਛਤਦਾਰ) ਹੈ। ਪਹਿਲੇ ਇਸ ਕੀ ਛਤ ਸੰਗਮਰਮਰ ਕੀ ਥੀ ਔਰ ਛਤ ਕੇ ਉੱਪਰ ਭੀ ਬਾਲਾਈ ਚਬੂਤਰੇ ਪਰ ਸੰਗਮਰਮਰ ਕੀ ਕਬਰ ਬਣੀ ਹੂਈ ਥੀ। ਚੂੰਕਿ ਛਤ ਪਰ ਬੜੀ ਲੰਮੀ ਸੰਗਮਰਮਰ ਕੀ ਸਿਲੇਂ ਪੜੀ ਹੂਈ ਥੀ, ਵੋਹ ਨਹੀਂ ਮਲੂਮ ਕਿ ਕਿਸ ਵਕਤ ਉਤਰਵਾਈ ਗਈ। ਊਪਰ ਕਾ ਤਾਵੀਜ਼ (ਕਬਰ) ਭੀ ਮਿਸਮਾਰ ਹੋ ਗਿਆ। ਬਾਜ਼ੇ ਕਹਿਤੇ ਹੈਂ ਕਿ ਮੁਹੰਮਦ ਸ਼ਾਹ ਬਾਦਸ਼ਾਹ ਕੇ ਅਹਿਦ ਮੇ ਕਿਸੀ ਮੁਲਾਂ ਨੇ ਫਤਬਾ ਦੀਆ ਕਿ ਜਿਸ ਕਬਰ ਪਰ ਬਾਰਸ਼ ਨਾ ਪੜੇ ਵੋਹ ਰਹਿਮਤੇ ਇਲਾਹੀ ਸੇ ਮਹਿਰੂਮ ਹੈ, ਇਸ ਲੀਏ ਬਾਦਸ਼ਾਹ ਨੇ ਛਤ ਉਤਰਵਾ ਕਰ ਉਸ ਕਬਰ ਕੋ ਬੇ-ਪਰਦਾ ਕਰ ਦੀਆ।"[3]

---

1. ਮੌਲਵੀ ਨੂਰ ਅਹਿਮਦ, *ਤਹਿਕੀਕਾਤੇ ਚਿਸ਼ਤੀਆਂ*, ਸਫਾ 773
2. *ਤਹਿਕੀਕਾਤੇ ਚਿਸ਼ਤੀਆਂ*, ਸਫਾ 773
3. ਘਨੱਯਾ ਲਾਲ, *ਤਾਰੀਖੇ ਲਾਹੌਰ*, ਸਫਾ 324

8. ਲਤੀਫ ਨੇ ਸੰਨ 1892 ਵਿਚ ਆਪਣੀ ਤਾਰੀਖੇ ਲਾਹੌਰ ਲਿਖੀ। ਉਹ ਮੁਹੰਮਦ ਸਾਹਲੇ ਕੰਬੋ ਦੀ ਲਿਖਤ ਪੁਸਤਕ *'ਐਮਾਲੇ ਸਾਹਲੇ'* ਦੇ ਆਧਾਰ ਪਰ ਲਿਖਦਾ ਹੈ ਕਿ "ਜਹਾਂਗੀਰ ਦੇ ਮਕਬਰੇ ਦੇ ਗੁੰਬਦ ਦੇ ਉੱਪਰ ਕੋਈ ਹੋਰ ਇਮਾਰਤ ਕਦੇ ਨਹੀਂ ਬਣੀ, ਇਸੇ ਤਰ੍ਹਾਂ ਖੁਲ੍ਹਾ ਸੁਰਾਖ ਮੁਦਤਾ ਤੋਂ ਚਲਾ ਆਉਂਦਾ ਹੈ।"

ਉੱਪਰ ਲਿਖੇ ਲੇਖਕ ਮੂਰ ਕਰਾਫਟ, ਬਰਨਜ, ਜੈਨਰਲ ਕਨਿੰਘਮ, ਵੋਨ ਆਰਲਿਚ, ਥਾਰੰਟਨ ਆਦਿ ਸਾਰੇ ਲਿਖਦੇ ਹਨ ਕਿ ਜਹਾਂਗੀਰ ਦੇ ਮਕਬਰੇ ਦੇ ਗੁੰਬਦ ਦੀ ਉਪਰਲੀ ਇਮਾਰਤ ਔਰੰਗਜ਼ੇਬ ਜਾਂ ਬਹਾਦਰ ਸਾਹ ਨੇ ਬਰਬਾਦ ਕੀਤੀ ਸੀ। ਮੌਲਵੀ ਨੂਰ ਅਹਿਮਦ ਚਿਸ਼ਤੀ, ਮਿਸਟਰ ਥਾਰੰਟਨ ਤੇ ਕਿਪਲਿੰਗ ਲਿਖਦੇ ਹਨ ਕਿ ਬਹੁਮੁੱਲਾ ਪੱਥਰ ਸੰਗਮਰਮਰ ਤੇ ਵੱਡੀ ਇਮਾਰਤ ਤੇ ਬਾਰੀਕ ਕੰਮ ਵਾਲੇ ਜਾਲੀਦਾਰ ਦਰਵਾਜੇ ਨਾਦਰਸ਼ਾਹ ਤੇ ਅਹਿਮਦਸ਼ਾਹ ਦੁਰਾਨੀ ਲੁੱਟ ਕੇ ਲੈ ਗਏ ਸਨ ਤੇ ਘਨੱਯਾ ਲਾਲ ਉਪਰਲੀ ਛੱਤ ਬਾਰੇ ਕੁਝ ਨਹੀਂ ਜਾਣਦਾ। ਹੁਣ ਉੱਪਰ ਲਿਖੇ ਇੰਨੇ ਲਿਖਤੀ ਸਬੂਤਾਂ ਦੇ ਹੁੰਦਿਆਂ ਕਿਸੇ ਦਾ ਇਹ ਕਹਿਣ ਦਾ ਹੀਆ ਕਰਨਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਜਾਂ ਹਜ਼ੂਰੀ ਬਾਗ਼ ਦੀ ਬਾਰਾਂਦਰੀ ਜਹਾਂਗੀਰ ਦੇ ਮਕਬਰੇ ਤੋਂ ਉਤਾਰ ਕੇ ਲਿਆਂਦੀ, ਆਪਣੇ ਆਪ ਨੂੰ ਇਤਿਹਾਸ ਤੋਂ ਅਨਜਾਣ ਸਿੱਧ ਕਰਨਾ ਹੈ।

## ਇਹ ਗੱਲ ਕਿਥੋਂ ਚਲੀ ?

ਇਹ ਗੱਲ ਹੁਣ ਵਿਚਾਰ ਗੋਚਰੀ ਬਾਕੀ ਰਹਿ ਜਾਂਦੀ ਹੈ ਕਿ ਇਹ ਖਿਆਲ ਪਹਿਲੇ ਕਿਥੋਂ ਉੱਠਿਆ ਕਿ ਸ਼ੇਰੇ-ਪੰਜਾਬ ਦੇ ਹਜ਼ੂਰੀ ਬਾਗ਼ ਦੀ ਬਾਰਾਂਦਰੀ ਜਹਾਂਗੀਰ ਦੇ ਗੁੰਬਦ ਤੋਂ ਉਤਾਰ ਕੇ ਲਿਆਂਦੀ ਗਈ ਸੀ। ਖੋਜ ਕੀਤਿਆਂ ਪਤਾ ਮਿਲਦਾ ਹੈ ਕਿ ਇਹ ਕੇਵਲ ਇਕ ਖਿਆਲ ਸੀ ਜੋ ਸਭ ਤੋਂ ਪਹਿਲਾਂ ਮੇਜਰ ਕੋਲ ਨੇ ਆਪਣੀ ਸਾਲਾਨਾ ਰੀਪੋਰਟ 1880 ਵਿਚ ਇਸ਼ਾਰੇ ਮਾਤਰ ਲਿਖਿਆ ਕਿ, "ਹੋ ਸਕਦਾ ਹੈ ਕਿ ਹਜ਼ੂਰੀ ਬਾਗ਼ ਦੀ ਬਾਰਾਂਦਰੀ ਇਸੇ ਤਰ੍ਹਾਂ ਘਣੀ ਬਣਾਈ ਜਹਾਂਗੀਰ ਦੇ ਮਕਬਰੇ ਦੇ ਗੁਬੰਦ ਉੱਤੋਂ ਉਤਾਰ ਕੇ ਇੱਥੇ ਫਸਾਈ ਗਈ ਹੋਵੇ।"[1] ਇਹ ਕੇਵਲ ਜ਼ਾਤੀ ਕਿਆਸ ਹੀ ਸੀ। ਇਸ ਨਾਲ ਨਾ ਤਾਂ ਕੋਈ ਇਤਿਹਾਸਕ ਸਬੂਤ ਹੈ ਤੇ ਨਾ ਹੀ ਪਰੰਪਰਾ ਦਾ ਹਵਾਲਾ ਹੈ। ਇੱਥੇ ਸਭ ਤੋਂ ਸਵਾਦਲੀ ਗੱਲ ਇਹ ਹੈ ਕਿ ਜਦ ਇਸੇ ਮੇਜਰ ਕੋਲ ਨੇ ਇਸ ਬਾਰੇ ਹੋਰ ਵਧੇਰੀ ਖੋਜ ਕੀਤੀ ਤਾਂ ਉਸ ਨੇ ਉੱਪਰ ਲਿਖਿਆ ਸੰਨ 1880 ਵਾਲਾ ਖਿਆਲ ਬਦਲ ਲਿਆ।[2] ਬੱਸ ਇਸ ਭੁਲੇਖੇ ਦਾ ਮੂਲ ਕੇਵਲ ਇੰਨਾ ਹੀ ਹੈ ਜਿਸ ਦੇ ਆਧਾਰ ਪਰ ਕਿਹਾ ਜਾਂਦਾ ਹੈ ਕਿ ਮਹਾਰਾਜਾ ਨੇ ਇਤਿਹਾਸਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ। ਇਤਿਹਾਸਕ ਪੜਚੋਲ ਤੋਂ ਪਤਾ ਲਗਦਾ ਹੈ ਕਿ ਆਸਫਜਾਹ ਦੇ

---

1. *ਫਸਟ ਰਿਪੋਰਟ ਆਫ ਦੀ ਕਿਊਰੇਟਰ ਆਫ ਏਨਸੈਂਟ ਮਾਨੂਮੈਂਟਸ*, ਅੰਪੈਂਡਕਸ ਐਫ।
2. ਵੇਖੋ ਡਾਕਟਰ ਵੋਗਲ (Vogel) ਦੀ ਚਿੱਠੀ ਨੰਬਰ 110, ਵੱਲੋਂ ਆਰਕਿਆਲੋਜੀ ਸਰਵੇਅਰ, ਜਿਸ ਦਾ ਹਵਾਲਾ ਨੋਟ ਨੰ: 9 ਵਿਚ ਦਿੱਤਾ ਹੈ, *ਜਰਨਲ ਆਫ ਪੰਜਾਬ ਹਿਸਟਰੀ ਸੁਸਾਇਟੀ*, ਜਿਲਦ 1, ਨੰ. 1, ਸਫਾ 17

WWW.SIKHBOOKCLUB.COM 

ਮਕਬਰੇ ਦਾ ਅਤੇ ਕੁਝ ਹੋਰ ਇਮਾਰਤਾਂ ਦਾ ਪੱਥਰ, ਦਰਵਾਜ਼ੇ, ਸਾਏਬਾਨ ਅਤੇ ਗ਼ਲਾਫ਼ ਆਦਿ ਸਾਮਾਨ ਸੰਨ 1738 ਦੇ ਵਿਚਾਲੇ ਜਦ ਕਿ ਪੰਜਾਬ ਵਿਚ ਨਾਦਰ-ਗਰਦੀ ਤੇ ਹਨੇਰ-ਗਰਦੀ ਮਚੀ ਹੋਈ ਸੀ, ਕਿਸੇ ਨੇ ਲੁੱਟ ਲਿਆ। ਇਸ ਸਮੇਂ ਦੀ ਬਦਅਮਨੀ ਦਾ ਅਨੁਮਾਨ ਇਸ ਤੋਂ ਸੌਖਾ ਲਗ ਸਕਦਾ ਹੈ ਕਿ ਕੇਵਲ ਦਸਾਂ ਸਾਲਾਂ ਦੇ ਅੰਦਰ, 1756 ਤੋਂ 1767 ਈ. ਤਕ, ਲਾਹੌਰ ਵਿਚ ਸੱਤ ਵਾਰੀ ਪਰਿਵਰਤਨ ਹੋਇਆ ਅਤੇ ਬਾਰਾਂ ਗਵਰਨਰ ਤੇ ਹੁਕਮਰਾਨ ਇਕ ਦੂਜੇ ਦੇ ਪਿੱਛੋਂ ਬਦਲੇ।[1] ਇਨ੍ਹਾਂ ਵਿਚ ਸ਼ੀਆ, ਸੁੰਨੀ, ਮਰਹੱਟੇ, ਹਿੰਦੂ, ਸਿੱਖ, ਦੁਰਾਨੀ ਤੇ ਪਠਾਣ ਵਾਰੋ ਵਾਰੀ ਆਏ। ਅਜਿਹੀਆਂ ਲੁੱਟਾਂ ਲਈ ਕਿਸੇ ਖ਼ਾਸ ਕੌਮ ਦਾ ਨਾਮ ਲੈਣਾ ਕਠਨ ਹੈ, ਪਰ ਇਸ ਦੇ ਮੰਨਣ ਵਿਚ ਕਿਸੇ ਨੂੰ ਵੀ ਇਨਕਾਰ ਨਹੀਂ ਕਿ ਇਸ ਹਨੇਰ ਗਰਦੀ ਦੇ ਸਮੇਂ ਜਿਸ ਦਾ ਜਿੱਥੇ ਹੱਥ ਪੈਂਦਾ ਸੀ, ਚਾਹੇ ਉਹ ਮੁਸਲਮਾਨ ਹੁੰਦਾ ਜਾਂ ਕਿਸੇ ਹੋਰ ਮੱਤ ਦਾ ਪੈਰੋਕਾਰ, ਉਹ ਆਪਣੀ ਹੀ ਹਿਰਸ ਪੂਰੀ ਕਰਦਾ ਸੀ। ਇਸ ਗੱਲ ਦਾ ਕੁਝ ਵਖੇਵਾਂ ਨਹੀਂ ਸੀ ਕਿ ਲੁੱਟ ਵਿਚ ਇਸਲਾਮੀ ਮਾਲ ਲੁੱਟਿਆ ਜਾ ਰਿਹਾ ਹੈ ਜਾਂ ਕਿਸੇ ਹੋਰ ਦਾ। ਇੱਥੇ ਪਹੁੰਚ ਕੇ ਤਾਂ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ ਜਦ ਇਤਿਹਾਸ ਦੱਸਦਾ ਹੈ ਕਿ ਐਸੀਆਂ ਮਾਲਾਂ ਮਾਰਨ ਤੋਂ ਔਰੰਗਜ਼ੇਬ ਵਰਗਾ ਸ਼ਹਿਨਸ਼ਾਹ ਵੀ ਆਪਣਾ ਹੱਥ ਨਹੀਂ ਸੰਕੋਚ ਸਕਿਆ। ਲਾਹੌਰ ਦੀ ਹਿਸਟਰੀ ਰਚਿਤ ਮੁਹੰਮਦ ਲਤੀਫ਼ ਦੇ ਸਫ਼ਾ 115 ਤੇ 176 ਤੇ ਲਿਖਿਆ ਹੈ ਕਿ ਮੀਆਂ ਮੀਰ ਦੇ ਮਕਬਰੇ ਦਾ ਬਹੁਤ ਸਾਰਾ ਕੀਮਤੀ ਪੱਥਰ ਆਦਿ ਮਸਾਲਾ ਦਾਰਾ ਸ਼ਕੋਹ ਨੇ ਆਪਣੇ ਪੀਰ ਮੀਆਂ ਮੀਰ ਦਾ ਆਲੀਸ਼ਾਨ ਰੋਜ਼ਾ ਬਣਾਉਣ ਲਈ ਇਕੱਤਰ ਕੀਤਾ ਸੀ, ਪਰ ਇਸ ਨੂੰ ਉਸਾਰਨ ਤੋਂ ਪਹਿਲਾਂ ਹੀ ਉਹ ਆਪਣੇ ਭਾਈ ਔਰੰਗਜ਼ੇਬ ਦੇ ਹੁਕਮ ਨਾਲ ਕਤਲ ਕੀਤਾ ਗਿਆ ਤੇ ਔਰੰਗਜ਼ੇਬ ਨੇ ਤਖ਼ਤ ਤੇ ਬੈਠਦੇ ਹੀ ਮੀਆਂ ਮੀਰ ਦੇ ਮਕਬਰੇ ਦੇ ਸਾਮਾਨ ਤੇ ਆਪਣਾ ਕਬਜ਼ਾ ਕਰ ਲਿਆ।

ਇਸ ਤੋਂ ਛੁਟ ਲਾਹੌਰ ਦੀ ਹਿਸਟਰੀ ਦੇ ਸਫ਼ਾ 170 ਪਰ ਇਕ ਹੋਰ ਨਾਮੀ ਮੁਸਲਮਾਨ ਮੁਹੰਮਦ ਸੁਲਤਾਨ ਬਾਰੇ ਲਿਖਿਆ ਹੈ ਕਿ ਇਸ ਨੇ ਬਹੁਤ ਸਾਰੀਆਂ ਇਸਲਾਮੀ ਇਮਾਰਤਾਂ,

---

1. ਇਨ੍ਹਾਂ ਦੇ ਨਾਮ ਇਹ ਹਨ :
   (1) ਸ਼ਹਿਜ਼ਾਦਾ ਤੈਮੂਰ, 1756 ਈ.
   (2) ਜਹਾਨ ਖ਼ਾਨ, 1756 ਈ.
   (3) ਸਰਦਾਰ ਜੱਸਾ ਸਿੰਘ, 1758 ਈ.
   (4) ਮਿਰਜ਼ਾ ਖ਼ਾਨ ਮਰਹੱਟਿਆਂ ਵੱਲੋਂ, 1758 ਈ.
   (5) ਬਾਪੂ ਰਾਉ ਮਰਹੱਟਾ, 1758 ਈ.
   (6) ਹਾਜੀ ਕਰੀਮ ਦਾਦਨ ਖ਼ਾਨ, 1759 ਈ.
   (7) ਸਰਬੁਲੰਦ ਖ਼ਾਨ, 1761 ਈ.
   (8) ਓਬੈਦ ਖ਼ਾਨ, 1761 ਈ.
   (9) ਦੀਵਾਨ ਕਾਬਲੀ ਮਲ, 1762 ਈ.
   (10) ਸ: ਗੁਜਰ ਸਿੰਘ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, 1765 ਈ.
   (11) ਦਾਦਨ ਖ਼ਾਨ, 1766 ਈ.
   (12) ਸਰਦਾਰ ਗੁਜਰ ਸਿੰਘ ਆਦਿ, 1767 ਈ.

ਮਕਬਰੇ ਤੇ ਮਸੀਤਾਂ ਬਰਬਾਦ ਕੀਤੀਆਂ ਜਿਨ੍ਹਾਂ ਵਿਚੋਂ ਪਰੀ ਮਹੱਲ, ਰੰਗ ਮਹੱਲ ਅਤੇ ਸਿਤਾਰਾ ਬੇਗਮ ਦੀ ਇਤਿਹਾਸਕ ਸੋਹਣੀ ਮਸੀਤ ਜੋ ਪੁਰਾਣੇ ਸਮੇਂ ਦੀ ਕਾਰੀਗਰੀ ਦਾ ਉੱਚਾ ਨਮੂਨਾ ਸੀ, ਕੇਵਲ ਇਟਾਂ ਪ੍ਰਾਪਤ ਕਰਨ ਲਈ ਢਾਹ ਦਿੱਤੇ ਗਏ ਸਨ। ਵਿਚਾਰ ਗੋਚਰ ਹੈ ਕਿ ਜਦ ਇੱਟਾਂ ਦੀ ਖ਼ਾਤਰ ਮੁਸਲਮਾਨਾਂ ਦੇ ਹੱਥੋਂ ਮਸੀਤਾਂ, ਖ਼ੁਦਾ ਦੇ ਘਰ, ਤਕ ਨਹੀਂ ਬਚ ਸਕੇ ਤਾਂ ਸੋਚੋ ਕਿ ਐਸੀ ਦਸ਼ਾ ਵਿਚ ਸੰਗਮਰਮਰ ਤੇ ਸੰਗਮੂਸਾ ਨੂੰ ਵੇਖ ਕੇ ਕਿੰਨਾ ਸੰਕੋਚ ਕੀਤਾ ਹੋਣਾ ਹੈ।

ਜੇ ਕਦੇ ਮਹਾਰਾਜਾ ਰਣਜੀਤ ਸਿੰਘ ਇਤਿਹਾਸਕ ਇਮਾਰਤਾਂ ਦੇ ਮਲਬੇ ਤੋਂ ਲਾਭ ਪ੍ਰਾਪਤ ਕਰਨਾ ਚਾਹੁੰਦਾ ਤਾਂ ਅੱਜ ਬਾਦਸ਼ਾਹੀ ਮਸੀਤ, ਵਜ਼ੀਰ ਖ਼ਾਨ ਦੀ ਮਸੀਤ, ਸੁਨਹਿਰੀ ਮਸੀਤ, ਕਿਲੇ ਦੇ ਅੰਦਰ ਵਾਲੀ ਨਿਰੋਲ ਸੰਗਮਰਮਰ ਨਾਲ ਘੜੀ ਹੋਈ ਮੋਤੀ ਮਸੀਤ ਅਤੇ ਹੋਰ ਮੌਜੂਦਾ ਅਣਗਿਣਤ ਇਸਲਾਮੀ ਇਮਾਰਤਾਂ ਦਾ ਪੰਜਾਬ ਵਿਚ ਕਿਤੇ ਨਾਂ-ਨਿਸ਼ਾਨ ਨਾ ਮਿਲਦਾ।

## ਪਿਸ਼ਾਵਰ ਅਤੇ ਅਸ਼ੋਕ

ਮਹਾਰਾਜਾ ਬਿੰਦੂਸਾਰ ਦੇ ਉਪਰੰਤ ਉਸ ਦਾ ਜਗਤ ਪ੍ਰਸਿੱਧ ਸਪੁੱਤਰ ਮਹਾਰਾਜਾ ਅਸ਼ੋਕ ਸੰਨ 273 ਈ. ਪੂ. ਤੋਂ ਪਹਿਲਾਂ ਆਪਣੇ ਪਿਤਾ ਦੇ ਤਖ਼ਤ ਪਰ ਬੈਠਾ। ਭਾਵੇਂ ਅਸ਼ੋਕ ਮਹਾਰਾਜਾ ਬਿੰਦੂਸਾਰ ਦੇ ਹੋਰਨਾਂ ਪੁੱਤਰਾਂ ਨਾਲੋਂ ਉਮਰ ਵਿਚ ਸਭ ਤੋਂ ਛੋਟਾ ਸੀ, ਪਰ ਆਪਣੇ ਦੈਵੀ ਗੁਣਾਂ ਕਰਕੇ ਉਹ ਸਭ ਤੋਂ ਵੱਡਾ ਸੀ, ਜਿਸ ਕਰਕੇ ਬਿੰਦੂਸਾਰ ਨੇ ਆਪਣੇ ਹੋਰਨਾਂ ਪੁੱਤਰਾਂ ਵਿਚੋਂ ਇਸੇ ਨੂੰ ਹੀ ਤਖ਼ਤ ਦੇ ਯੋਗ ਸਮਝ ਕੇ ਆਪਣੀ ਪਾਤਸ਼ਾਹਿਤ ਇਸ ਨੂੰ ਦੇ ਦਿੱਤੀ। ਅਸ਼ੋਕ ਦਾ ਨਾਮ ਜਿਸ ਤਰ੍ਹਾਂ ਉਸ ਸਮੇਂ ਆਪਣੀ ਪਰਜਾ ਵਿਚ ਪਿਆਰਿਆ ਜਾਂਦਾ ਸੀ, ਅੱਜ ਲਗਭਗ 2200 ਸਾਲ ਬੀਤ ਜਾਣ ਦੇ ਬਾਅਦ ਵੀ ਉਸੇ ਤਰ੍ਹਾਂ ਆਮ ਲੋਕਾਂ ਵਿਚ ਸਤਿਕਾਰਿਆ ਜਾਂਦਾ ਹੈ।

ਇਸ ਉਦਾਰਚਿਤ ਤੇ ਧਰਮੀ ਮਹਾਰਾਜੇ ਦੀਆਂ ਬਣਵਾਈਆਂ ਹੋਈਆਂ ਯਾਦਗਾਰਾਂ—ਮੰਦਰ, ਮੀਨਾਰ, ਕੀਰਤੀ-ਸਤੰਭ, ਸ਼ਿਲਾ-ਲੇਖ ਆਦਿ ਸਾਰੇ ਹਿੰਦ ਵਿਚ ਖਿਲਰੀਆਂ ਹੋਈਆਂ ਹਨ, ਪਰ ਇਨ੍ਹਾਂ ਵਿਚੋਂ ਬਹੁਤਾ ਹਿੱਸਾ ਇਸ ਨੇ ਪਿਸ਼ਾਵਰ ਨੂੰ ਦਿੱਤਾ ਸੀ। ਇੱਥੇ ਇਨ੍ਹਾਂ ਯਾਦਗਾਰਾਂ ਨੂੰ ਸ਼ਹਿਰ-ਸ਼ਹਿਰ, ਪਿੰਡ-ਪਿੰਡ ਤੇ ਗਰਾਮ-ਗਰਾਮ ਵਿਚ ਵੇਖਿਆਂ ਅਸ਼ੋਕ ਦਾ ਰਾਜ-ਸਮਾਂ ਇਨਬਿਨ ਅੱਖਾਂ ਅੱਗੇ ਆ ਖਲੋਂਦਾ ਹੈ। ਆਪ ਦੇ 14 ਫ਼ਰਮਾਨ ਸ਼ਿਲਾ-ਲੇਖਾਂ ਦੀ ਸ਼ਕਲ ਵਿਚ ਜਗਤ ਪ੍ਰਸਿੱਧ ਹਨ, ਜਿਨ੍ਹਾਂ ਵਿਚੋਂ ਦੋ ਇਸੇ ਸੂਬੇ ਵਿਚ ਹਨ।[1] ਆਪ ਦੇ ਬਣਵਾਏ ਹੋਏ ਅਣਗਿਣਤ ਮੰਦਰਾਂ ਵਿਚੋਂ ਸਭ ਤੋਂ ਵੱਡੇ ਅਤੇ ਪ੍ਰਸਿੱਧ ਪਿਸ਼ਾਵਰ ਦੇ ਲਾਗੇ ਹਨ। ਇਨ੍ਹਾਂ ਵਿਚੋਂ ਪੁਸ਼ਕਾਲਾਵਤੀ ਨਾਮੀ ਮੰਦਰ ਉਹ ਮੰਦਰ ਸੀ ਜਿਸ ਵਿਚ ਮਹਾਤਮਾ ਬੁਧ ਨੇ ਰਵਾਇਤ ਅਨੁਸਾਰ ਆਪਣੀਆਂ ਪਿਆਰੀਆਂ ਅੱਖਾਂ ਭੇਟ ਚੜ੍ਹਾਈਆਂ ਸਨ। ਇਸ ਲਈ ਇਸ ਮੰਦਰ ਦੀ ਮਹਾਨਤਾ ਤੇ ਪ੍ਰਸਿੱਧਤਾ ਨਾ ਕੇਵਲ ਭਾਰਤ-ਵਰਸ਼ ਤਕ ਹੀ ਸੀ, ਬਲਕਿ ਇਸ ਮੰਦਰ ਦੇ ਪਾਵਨ ਦਰਸ਼ਨਾਂ ਦੀ ਖਿੱਚ ਨਾਲ ਚੀਨ, ਤਿੱਬਤ, ਸਮਰਕੰਦ, ਬੁਖਾਰਾ ਤੇ ਲਦਾਖ ਆਦਿ ਦੇਸ਼ਾਂ ਤੋਂ ਯਾਤਰੂ ਇੱਥੇ ਚਲੇ ਆਉਂਦੇ ਸਨ।

---

1. ਇਕ ਫ਼ਰਮਾਨ ਹੋਤੀ ਮਰਦਾਨ ਦੇ ਲਾਗੇ ਸ਼ਾਹਬਾਜ਼ਗੜ੍ਹੀ ਵਿਚ ਅਤੇ ਦੂਜਾ ਮਾਨਸੇਹਰੇ ਵਿਚ ਅਜ ਤੀਕ ਬੜੀ ਚੰਗੀ ਹਾਲਤ ਵਿਚ ਮੌਜੂਦ ਹਨ।

ਇਹ ਮੰਦਰ ਪਹਿਲੇ-ਪਹਿਲ ਰਾਜਾ ਭਰਤ ਦੇ ਪ੍ਰੋਤਰ 'ਪੁਸ਼ਕਾਰਾ'[1] ਨੇ ਇਸੇ ਥਾਂ ਪਰ ਦਰਿਆ ਸਵਾਤ ਤੇ ਪੂਰਬੀ ਤਟ ਪਰ ਬੜੀ ਰਮਣੀਕ ਜਗ੍ਹਾ ਵੇਖ ਕੇ ਬਣਵਾਇਆ ਸੀ।[2] ਇਹ ਦੇਵ ਅਸਥਾਨ ਮਹਾਤਮਾ ਬੁਧ ਦੇ ਜੀਵਨ ਤੋ ਕੁਝ ਸਮਾਂ ਬਾਅਦ ਬੁੱਧ ਮੰਦਰ ਦੀ ਸ਼ਕਲ ਵਿਚ ਪਲਟ ਗਿਆ ਸੀ। ਇਸ ਵਿਚ ਮਹਾਤਮਾ ਬੁੱਧ ਦੀਆਂ ਅੱਖਾਂ ਦੀ ਯਾਦਗਾਰ ਹੋਣ ਕਾਰਨ ਇਸ ਦੀ ਪਾਵਨਤਾ ਤੇ ਮਾਨਤਾ ਨੂੰ ਚਾਰ ਚੰਦ ਲਗੇ ਹੋਏ ਹਨ। ਮਹਾਰਾਜਾ ਅਸ਼ੋਕ ਨੇ ਆਪਣੇ ਅਤਿ ਪਿਆਰੇ ਮਹਿਬੂਬ ਦੀ ਇਸ ਯਾਦਗਾਰ ਨੂੰ ਸਦਾ ਲਈ ਕਾਇਮ ਰਖਣ ਦੇ ਭਾਵ ਨਾਲ ਇਸ ਮੰਦਰ ਨੂੰ ਕਈ ਲੱਖ ਰੁਪਏ ਦੀ ਲਾਗਤ ਨਾਲ ਮੁੜ ਬਣਵਾਇਆ। ਖ਼ਾਸ ਕਰ ਉਸ ਪਵਿੱਤਰ ਥਾਂ ਪਰ ਜਿਥੇ ਅਸ਼ੋਕ ਦੇ 'ਨਿਰਵਾਨ-ਦਾਤਾ' ਨੇ ਪਰੰਪਰਾ ਅਨੁਸਾਰ ਆਪਣੀਆਂ ਅੱਖਾਂ ਭੇਟਾ ਚਾੜ੍ਹੀਆਂ ਸਨ, ਉਥੇ ਕੀਮਤੀ ਘੜਤ ਪੱਥਰਾਂ ਦਾ ਇਕ ਵੱਡਾ ਉੱਚਾ ਤੇ ਖ਼ੂਬਸੂਰਤ ਸਟੂਪਾ ਮੀਨਾਰ ਬਣਵਾਇਆ ਅਤੇ ਉਸ ਪਰ ਵੇਰਵੇ ਸਹਿਤ ਇਸ ਘਟਨਾ ਦਾ ਹਾਲ ਉਕਰਵਾਇਆ।

ਇਸੇ ਤਰ੍ਹਾਂ ਪਿਸ਼ਾਵਰ ਦੇ ਲਾਗੇ ਇਕ ਹੋਰ ਬੜਾ ਅਦਭੁਤ ਮੰਦਰ ਹੈ ਜਿਹੜਾ 'ਕਸ਼ਮੀਰ ਸ਼ਮਸ'[4] ਦੇ ਨਾਮ ਪਰ ਪ੍ਰਸਿੱਧ ਹੈ। ਇਹ ਮੰਦਰ ਸਾਕਰੀ ਪਹਾੜ, ਜਿਹੜਾ ਸ਼ਾਬੇਜ਼ਈ ਦੇ ਲਾਗੇ ਹੈ, ਦੇ ਕਰੜੇ ਪੱਥਰਾਂ ਨੂੰ ਕੱਟ ਕੇ ਪਹਾੜ ਦੇ ਅੰਦਰ ਅਸ਼ੋਕ ਨੇ ਬਣਵਾਇਆ ਸੀ। ਇਸ ਨੂੰ ਤਿੰਨ ਤਥਕਿਆਂ ਅਰਥਾਤ ਤਿੰਨਾ ਭਾਗਾਂ ਵਿਚ ਵੰਡਿਆ ਹੋਇਆ ਹੈ। ਮੰਦਰ ਦਾ ਪਹਿਲਾ ਹਾਲ ਕਮਰਾ, 322 ਫੁਟ ਲੰਮਾ, 84 ਫੁਟ ਚੌੜਾ ਅਤੇ 100 ਫੁਟ ਉੱਚਾ ਹੈ। ਦੂਜਾ ਹਾਲ 100 ਫੁਟ ਲੰਮਾ, 96 ਫੁਟ ਚੌੜਾ ਅਤੇ 80 ਫੁਟ ਉੱਚਾ ਹੈ। ਤੀਜਾ ਭਾਗ 84 ਫੁਟ ਲੰਮਾ, 82 ਫੁੱਟ ਚੌੜਾ ਅਤੇ 80 ਫੁੱਟ ਉੱਚਾ ਹੈ। ਇਸ ਦੇ ਅੰਦਰ ਤਾਜ਼ੀ ਹਵਾ ਅਤੇ ਰੋਸ਼ਨੀ ਪਹੁੰਚਾਉਣ ਲਈ ਪਹਾੜ ਨੂੰ ਉਪਰੋ ਕੱਟ ਕੇ ਪਾਣੀ ਲਈ ਤਲਾ ਬਣਾਇਆ ਗਿਆ ਹੈ ਜਿਹੜਾ 20 ਫੁੱਟ ਲੰਮਾ, 13 ਫੁੱਟ ਚੌੜਾ ਤੇ 10 ਫੁੱਟ ਗਹਿਰਾ ਹੈ। ਮੰਦਰ ਦੇ ਯਾਤਰੂਆਂ ਦੀ ਰਾਖੀ ਲਈ ਪਹਾੜ ਦੇ ਉੱਪਰ ਇਕ ਕਿਲ੍ਹਾ ਅਤੇ ਪੁਜਾਰੀਆਂ ਦੇ ਵਸੇਬੇ ਲਈ ਇਕ ਪਿੰਡ ਵਸਾਇਆ ਹੋਇਆ ਹੈ। ਮੰਦਰ ਵਿਚ ਵੜਦਿਆ ਪਹਿਲੇ ਹਾਲ ਵਿਚ ਇਕ ਲਕੜੀ ਦਾ ਮ੍ਰਿਤੂ ਦੇਹ ਰਖਣ ਦਾ ਤਾਬੂਤ (coffin) ਛੇ ਫੁੱਟ ਲੰਮਾ ਪੱਥਰਾਂ ਵਿਚ ਪੂਰਿਆ ਹੋਇਆ ਹੈ। ਇਸ ਤੋ ਅਗਲੇ ਛੋਟੇ ਹਾਲ ਵਿਚ ਇਕ ਲਕੜੀ ਦੀ ਖ਼ੂਬਸੂਰਤ 'ਪ੍ਰਤਿਮਾ' ਧਰੀ ਹੋਈ ਸੀ, ਜਿਸ ਪਰ ਬੜੀ ਬਾਰੀਕ ਚਿੱਤਰਕਾਰੀ ਦਾ ਕੰਮ ਕੀਤਾ ਹੋਇਆ ਹੈ। ਇਸ ਦੀ ਚਿੱਤਰਕਾਰੀ ਵਿਚ ਇਕ ਮਹਾਤਮਾ ਦਰਸਾਏ ਗਏ ਸਨ ਜਿਸ ਅੱਗੇ

---

1. ਸ਼ਿਵ ਪੁਰਾਣ ਤੇ ਜੈਨਰਲ ਕਨਿੰਘਮ ਦੀ ਲਿਖਤ ਪੁਸਤਕ *ਏਨਸੈਂਟ ਜਿਉਗਰਾਫੀ ਆਫ ਇੰਡੀਆ*, ਜਿਲਦ 1, ਸਫਾ 49
2. ਪੁਸ਼ਕਾਲਾਵਤੀ ਮੰਦਰ ਚਾਰਸਦਾ ਤੇ ਪ੍ਰਤਾਂਗ ਨਾਮੀ ਨਗਰਾ ਦੇ ਵਿਚਾਲੇ ਸੀ। ਵੇਖੋ ਸਫ਼ਾ 49 ਵੇਖੋ ਕਨਿੰਘਮ, *ਆਰਕੀਆਲੋਜੀਕਲ ਸਰਵੇ*, ਜਿਲਦ 2, ਸਫੇ 87-110, ਤੇ ਪਟਾਲਮੀ ਦਾ ਭੂਗੋਲ।
3. ਮੇਜਰ ਜੇਮਜ਼ ਦੀ ਰਿਪੋਰਟ
4. 'ਸ਼ਮਸ' ਪਸ਼ਤੋ ਵਿਚ ਗੁਫਾ ਨੂੰ ਆਖਦੇ ਹਨ।

ਕੁਝ ਇਸਤਰੀਆਂ ਪੁਸ਼ਪ ਭੇਟਾ ਕਰ ਰਹੀਆਂ ਸਨ।[1]

ਇਸੇ ਤਰ੍ਹਾਂ ਪਿਸ਼ਾਵਰ ਦੇ ਇਲਾਕੇ ਵਿਚ ਮਹਾਰਾਜਾ ਅਸ਼ੋਕ ਦੀਆਂ ਬਣਾਈਆਂ ਹੋਈਆਂ ਯਾਦਗਾਰਾਂ ਜੋ ਹਰ ਪਾਸੇ ਖਿਲਰੀਆਂ ਹੋਈਆਂ ਹਨ ਜੇ ਉਹ ਸਾਰੀਆਂ ਲਿਖੀਏ ਤਾਂ ਇਕ ਵੱਖ ਪੁਸਤਕ ਬਣ ਜਾਂਦੀ ਹੈ, ਇਸ ਲਈ ਅਸੀਂ ਤਖ਼ਤ ਬਾਈ, ਸਰੀਬਲੋਲ, ਜਮਾਲਗੜ੍ਹੀ, ਖਰਕੇ, ਸਾਵਲਢੇਰ, ਕਾਟ ਲੰਗ ਸੰਗਾਊ, ਰਾਣੀਗਟ, ਮੈਨੀ, ਟੋਪੀ ਜੈਦਾ, ਗਹੇਲਾ ਅਤੇ ਹੰਡ ਦੀਆਂ ਯਾਦਗਾਰਾਂ ਦਾ ਜ਼ਿਕਰ ਲਿਖਣਾ ਇੱਥੇ ਛੱਡ ਜਾਂਦੇ ਹਾਂ।[2] ਮੁਕਦੀ ਗੱਲ ਇਹ ਕਿ ਅਸ਼ੋਕ ਦੇ ਸਮੇਂ ਇਸ ਦੇਸ਼ ਵਿਚ ਬੁਧ ਮਤ ਦਾ ਐਸੇ ਮਿਠੇ ਤੇ ਸੁਚੱਜਤਾ ਦੇ ਤਰੀਕੇ ਨਾਲ ਪ੍ਰਚਾਰ ਕੀਤਾ ਗਿਆ ਕਿ ਸਾਰਾ ਗੰਧਾਰ, ਪਿਸ਼ਾਵਰ ਤੋਂ ਕਾਬਲ ਤੇ ਬੁਖਾਰਾ ਤਕ ਸਭ ਲੋਕ ਬੁਧ ਮਤ ਦੇ ਪੈਰੋਕਾਰ ਹੋ ਗਏ।

## ਪਿਸ਼ਾਵਰ ਤੇ ਕਨਿਸ਼ਕ

ਮਹਾਰਾਜਾ ਅਸ਼ੋਕ ਤੋਂ ਤਿੰਨ ਸੌ ਸਾਲ ਉਪਰੰਤ ਪਿਸ਼ਾਵਰ ਦੀ ਉੱਨਤੀ ਦੀ ਗੁਡੀ ਮੁੜ ਆਕਾਸ਼ ਪਰ ਚੜ੍ਹੀ। ਇਹ ਸਮਾਂ ਮਹਾਰਾਜਾ ਕਨਿਸ਼ਕ ਦਾ ਸੀ। ਜਦ ਉਹ ਸੰਨ 120 ਵਿਚ ਤਖ਼ਤ ਪਰ ਬੈਠਾ ਤਾਂ ਉਸ ਨੇ ਪੁਰਸ਼ਪੁਰਾ, ਮੌਜੂਦਾ ਪਿਸ਼ਾਵਰ ਨੂੰ ਆਪਣੀ ਰਾਜਧਾਨੀ ਬਣਾਇਆ। ਇਸ ਰਾਜਾ ਨੇ ਆਪਣੀ ਬੀਰਤਾ ਨਾਲ ਕਸ਼ਮੀਰ, ਚੀਨੀ ਤੁਰਕਿਸਤਾਨ, ਕਾਸ਼ਗਰ, ਯਾਰਕੰਦ ਤੇ ਖੁਤਨ ਨੂੰ ਫਤਹਿ ਕਰਕੇ ਪਿਸ਼ਾਵਰ ਨਾਲ ਮਿਲਾ ਦਿੱਤਾ। ਇਹ ਮਹਾਰਾਜਾ ਅਸ਼ੋਕ ਦੀ ਤਰ੍ਹਾਂ ਬੁੱਧ ਮਤ ਦਾ ਬੜਾ ਭਾਰੀ ਸੰਚਾਰਕ ਸੀ। ਇਸ ਰਾਜਾ ਦੇ ਮਨ ਵਿਚ ਮਹਾਤਮਾ ਬੁੱਧ ਲਈ ਬੜੀ ਡੂੰਘੀ ਸ਼ਰਧਾ ਸੀ, ਇੱਥੋਂ ਤਕ ਕਿ ਉਸ ਨੇ ਬੇਓੜਕ ਧਨ ਖਰਚ ਕੇ ਮਹਾਤਮਾ ਬੁਧ ਦੇ ਫੁਲ (ਅਸਤੀਆਂ) ਨੇਪਾਲ ਤੋਂ ਸੋਨੇ ਦੀ ਪਾਲਕੀ ਵਿਚ ਮੰਗਵਾਏ ਤੇ ਆਪਣੀ ਰਾਜਧਾਨੀ ਪਿਸ਼ਾਵਰ ਦੇ ਪ੍ਰਸਿੱਧ ਮੰਦਰ ਸਾਹ-ਜੀ-ਕੀ-ਢੇ-ਰੀ ਵਿਚ ਸੰਨ 135 ਵਿਚ ਇਕ ਸੋਨੇ ਦੇ ਡੱਬੇ ਵਿਚ ਰੱਖ ਕੇ ਸਥਾਪਨ ਕੀਤੇ।[3] ਹਿਊਨ-ਸਾਂਗ ਮਸ਼ਹੂਰ ਚੀਨੀ ਯਾਤਰੂ ਲਿਖਦਾ ਹੈ ਕਿ

---

1. ਇਹ ਪ੍ਰਤਿਮਾ ਸੰਨ 1889 ਵਿਚ ਮੇਜਰ (ਪਿੱਛੋਂ ਕਰਨਲ) ਹੈਰਲਡ ਡੀਨ, ਜਦ ਉਹ ਮਰਦਾਨ ਵਿਚ ਐਸਿਸਟੈਂਟ ਕਮਿਸ਼ਨਰ ਸੀ, ਇਸ ਮੰਦਰ ਵਿਚੋਂ ਕਢਵਾ ਕੇ ਲੰਡਨ ਲੈ ਗਿਆ। ਇਹ ਪ੍ਰਤਿਮਾ ਅੱਜ-ਕੱਲ੍ਹ ਲੰਡਨ ਦੇ ਅਜਾਇਬ ਘਰ ਵਿਚ ਮੌਜੂਦ ਹੈ।
2. ਇਨ੍ਹਾਂ ਯਾਦਗਾਰਾਂ ਦਾ ਸਵਿਸਥਾਰ ਹਾਲ ਡਾਕਟਰ ਬਿਲੇ ਦੀ 'ਪ੍ਰਸਥਜਈ', ਪੰਜਾਬ ਗਵਰਨਮੈਂਟ ਗਜ਼ਟ 6 ਅਗਸਤ 1874, ਅਤੇ *ਆਰਕੀਆਲੋਜੀਕਲ ਸਰਵੇ*, ਜਿਲਦ 2, ਸਫ਼ੇ 8-23, ਪਰ ਵਿਚ ਮਿਲਦਾ ਹੈ।
3. ਇਹ ਫੂਲ ਮਾਰਚ 1909 ਵਿਚ ਸਤਾਰਾਂ ਸੌ ਚੁਹੱਤਰ ਸਾਲ ਦੇ ਬਾਅਦ ਪਿਸ਼ਾਵਰ ਦੇ ਇਸ ਮੰਦਰ ਵਿਚੋਂ ਮਹਿਕਮਾ ਆਸਾਰੇ ਕਦੀਮਾਂ ਦੇ ਕਰਮਚਾਰੀ ਡਾਕਟਰ ਸਪੂਨਰ ਨੇ ਖੋਦ ਕੇ ਕਢਵਾਏ ਸਨ। ਸੋਨੇ ਦਾ ਡੱਬਾ ਉਸੇ ਤਰ੍ਹਾਂ ਸਹੀ ਸਲਾਮਤ ਸੀ। ਡੱਬੇ ਦੇ ਖੋਹਲਣ ਪਰ ਉਸ ਵਿਚੋਂ ਇਕ ਹੋਰ ਬਿਲੌਰ ਦੀ ਛੇ-ਪਹਿਲੂ ਡੱਬੀਆਂ ਨਿਕਲੀ ਸੀ, ਜਿਸ ਵਿਚੋਂ ਮਹਾਤਮਾ ਬੁਧ ਦੇ ਦੋ ਅਗਲੇ ਦੰਦ ਅਤੇ ਇਕ ਹੱਥ ਦੀ ਉਂਗਲ ਦੇ ਪੋਟੇ ਦੀ ਹੱਡੀ ਅਤੇ ਕੁਝ ਬਿਭੂਤੀ ਨਿਕਲੀ ਸੀ। ਅਫ਼ਸੋਸ ਹੈ ਕਿ ਇਤਿਹਾਸਕ ਵਸਤ ਪਿਸ਼ਾਵਰ ਵਿਚ ਰੱਖਣ ਦੀ ਬਜਾਏ ਬਰਮਾ ਵਿਚ ਮਾਂਡਲੇ ਦੇ ਵੱਡੇ ਪੈਗੋਡਾ ਵਿਚ ਰੱਖਣ ਲਈ ਭੇਜ ਦਿੱਤੀ ਗਈ। ਇਸ ਤਰ੍ਹਾਂ ਪਿਸ਼ਾਵਰ ਨੂੰ ਇਸ ਮਹਾਨ ਯਾਦਗਾਰੀ ਤੋਹਫੇ ਤੋਂ ਵਾਂਝਿਆਂ ਕਰ ਦਿੱਤਾ ਗਿਆ।

ਪਿਸ਼ਾਵਰ ਦੇ ਇਸ ਮੰਦਰ ਦਾ ਮੀਨਾਰ ਸਾਰੇ ਹਿੰਦੁਸਤਾਨ ਦੇ ਮੀਨਾਰਾਂ ਨਾਲੋਂ ਵੱਡਾ ਸੀ। ਇਸ ਤਰ੍ਹਾਂ ਰਾਜਾ ਕਨਿਸ਼ਕ ਨੇ ਆਪਣੇ ਸਮੇਂ ਪਿਸ਼ਾਵਰ ਦੀ ਰੌਣਕ ਨੂੰ ਬਹੁਤ ਹੀ ਵਧਾਇਆ।

ਅਸੀਂ ਪਿੱਛੇ ਦੱਸ ਆਏ ਹਾਂ ਕਿ ਪਿਸ਼ਾਵਰ ਦੇ ਇਲਾਕੇ ਵਿਚ ਬੁਧ ਮਤ ਦੀਆਂ ਯਾਦਗਾਰਾਂ ਤੇ ਇੰਨੇ ਸ਼ਾਨਦਾਰ ਨਾਮੀ ਮੰਦਰਾਂ ਦੀ ਖਿੱਚ ਦੂਰ-ਦੂਰ ਦੇਸ਼ਾਂ ਤੋਂ ਧਰਮੀਆਂ ਤੇ ਵਿਦਵਾਨਾਂ ਨੂੰ ਖਿੱਚ ਕੇ ਇੱਥੇ ਲਿਆਉਂਦੀ ਰਹੀ ਹੈ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾ ਯਾਤਰੂ ਚੀਨ ਦਾ ਬੋਧੀ ਪੰਡਿਤ ਫ਼ਾਹਿਆਨ (Fa-Hien)[1] ਸੀ, ਜਿਹੜਾ ਸੰਨ 405 ਵਿਚ ਕਾਬਲ ਤੇ ਕੁੱਰਮ ਦੇ ਰਸਤੇ ਬੰਨੂ ਤੋਂ ਪਾਰਾਸ਼ਾਵਾਰਾ (ਪਿਸ਼ਾਵਰ) ਪਹੁੰਚਿਆ ਸੀ।[2] ਇੱਥੇ ਇਸ ਨੇ ਆਪਣੀ ਪ੍ਰਸਿੱਧ ਪੁਸਤਕ 'ਫੋ-ਕੋ-ਕੀ' ਅਰਥਾਤ ਬੁਧ ਧਰਮ ਦੇ ਰਾਜਿਆਂ ਦੀ ਵਿਥਿਆ ਲਿਖਣੀ ਅਰੰਭੀ, ਜਿਸ ਵਿਚ ਇਸ ਨੇ ਇੱਥੋਂ ਦੇ ਵੇਰਵੇ ਸਹਿਤ ਹਾਲ ਲਿਖੇ ਹਨ। ਇਹ ਲਿਖਦਾ ਹੈ ਮੈਂ ਪੋਨੂੰ (ਬੰਨੂੰ) ਤੋਂ ਗੰਧਾਰਾ ਦੀ ਰਾਜਧਾਨੀ ਪਾਰਾਸ਼ਾਵਾਰਾ (ਪਿਸ਼ਾਵਰ) ਆਇਆ। ਇੱਥੋਂ ਫਿਰ ਅਸ਼ਟੀ ਨਗਰ (ਮੌਜੂਦਾ ਹਸ਼ਤ ਨਗਰ) ਦੇ ਪ੍ਰਸਿੱਧ ਬੁਧ ਮੰਦਰ ਪੁਸ਼ਕਾਲਾਵਤੀ ਵਿਚ ਪਹੁੰਚਿਆ। ਇਸ ਮੰਦਰ ਵਿਚ 5000 ਪੁਜਾਰੀ ਸੇਵਾ ਤੇ ਪ੍ਰਚਾਰ ਲਈ ਸਨ। ਇਹ ਯਾਤਰੂ ਛੇ ਸਾਲ ਹਿੰਦ ਵਿਚ ਰਹਿ ਕੇ ਮੁੜ ਆਪਣੇ ਦੇਸ਼ ਨੂੰ ਪਰਤ ਗਿਆ। ਇਸ ਦੀ ਲਿਖਤ ਉਪਰੋਕਤ ਨਾਮ ਦੀ ਪੁਸਤਕ ਇਤਿਹਾਸਕ ਨੁਕਤਾ ਨਿਗਾਹ ਤੋਂ ਬਹੁਮੁਲੀ ਚੀਜ ਹੈ। ਇਸ ਦੇ ਕਈ ਉਲਥੇ ਜਰਮਨ, ਫਰੈਂਚ ਤੇ ਇੰਗਲਿਸ਼ ਵਿਚ ਹੋ ਚੁੱਕੇ ਹਨ।

ਫ਼ਾਹਿਆਨ ਦੇ ਇਕ ਸਦੀ ਬਾਅਦ ਇਕ ਹੋਰ ਚੀਨੀ ਯਾਤਰੂ ਸੰਨ 502 ਵਿਚ ਪਿਸ਼ਾਵਰ ਪਹੁੰਚਿਆ। ਇਹ ਲਿਖਦਾ ਹੈ ਕਿ ਇਸ ਸਮੇਂ ਗੰਧਾਰਾ ਦਾ ਰਾਜਾ ਕੋਫੀਨ (ਕਾਬਲ) ਦੇ ਹੁਕਮਰਾਨ ਨਾਲ ਲੜ ਰਿਹਾ ਸੀ। ਇਸ ਦੇ ਇਕ ਸੌ ਸਾਲ ਉਪਰੰਤ ਸੰਨ 630 ਵਿਚ ਇਕ ਹੋਰ ਬੜਾ ਵਿਦਵਾਨ ਅਤੇ ਧਰਮੀ ਯਾਤਰੂ ਇੱਥੇ ਪੁੱਜਾ। ਇਸ ਦਾ ਨਾਮ ਹਿਊਣ-ਸਾਂਗ (Huen Tsang) ਹੈ। ਇਹ ਪਿਸ਼ਾਵਰ ਦਾ ਨਾਮ ਆਪਣੇ ਲਿਖਤੀ ਸਫ਼ਰਨਾਮੇ ਵਿਚ (Pu-Lu-Sha-Pu-Lu) ਪੂ-ਲੂ-ਸ਼ਾ-ਪੂ-ਲੂ ਲਿਖਦਾ ਹੈ ਜਿਸ ਦਾ ਟੀਕਾ ਪ੍ਰਸਿੱਧ ਵਿਦਵਾਨ ਜੈਨਰਲ ਕਨਿੰਘਮ ਨੇ ਪਾਰਾਸ਼ਾਵਰ (ਪਿਸ਼ਾਵਰ) ਕੀਤਾ ਹੈ।[3] ਇਹ ਯਾਤਰੂ ਪਿਸ਼ਾਵਰ ਨੂੰ ਵੇਖ ਕੇ ਲਿਖਦਾ ਹੈ ਕਿ ਇਹ ਸ਼ਹਿਰ ਬੜਾ ਘੁੱਗ ਵਸਦਾ ਹੈ, ਇਹ ਗੰਧਾਰਾ ਦੀ ਰਾਜਧਾਨੀ ਹੈ, ਇਸ ਦੀ ਇਕ ਬਾਹੀ ਦੀ ਲੰਬਾਈ 40 ਲੀ, ਅਰਥਾਤ 6⅔ ਮੀਲ ਹੈ,[4] ਇਤਿਆਦਿ। ਇਸ ਮਹਾਨ ਵਿਦਵਾਨ ਯਾਤਰੂ

---

1. ਚੀਨੀ ਨਾਵਾਂ ਨੂੰ ਕਿਸੇ ਦੂਜੀ ਬੋਲੀ ਵਿਚ ਲਿਖਿਆਂ ਬੜੀਆਂ ਔਕੜਾਂ ਪੇਸ਼ ਆਉਂਦੀਆਂ ਹਨ। ਇਹੀ ਕਾਰਨ ਹੈ ਕਿ ਹਿਊਣ-ਸਾਂਗ ਦੇ ਨਾਮ ਦੇ ਸ਼ਬਦ-ਜੋੜਾਂ ਬਾਰੇ ਮਤਭੇਦ ਦੀ ਤਰ੍ਹਾਂ ਫਾਹਿਆਨ ਦੇ ਸ਼ਬਦ-ਜੋੜਾਂ ਵਿਚ ਵੀ ਵਿਦਵਾਨਾਂ ਵਿਚ ਭਾਰੀ ਵਖੇਵ ਚਲਾ ਆਉਂਦਾ ਹੈ। ਹੇਗ ਇਸ ਨੂੰ ਫਾਹਿਆਨ ਲਿਖਦਾ ਹੈ। ਲੇਡਲੇ ਤੇ ਬੀਲ ਇਸ ਦੇ ਨਾਮ ਦੇ ਸ਼ਬਦ-ਜੋੜ ਫਾਹਿਆਨ ਕਰਦੇ ਹਨ। ਗਾਇਲ ਤੇ ਵਾਟਰਸ ਇਸ ਨੂੰ ਫਹਸੀਨ ਲਿਖਦੇ ਹਨ, ਆਦਿ।
2. ਇਸ ਸਮੇਂ ਕੋਹਾਟ ਅਤੇ ਮੀਰਾਨਸ਼ਾ ਦਾ ਰਸਤਾ ਚਾਲੂ ਨਹੀਂ ਸੀ।
3. ਕਨਿੰਘਮ ਦੀ ਪੁਸਤਕ *ਆਰਕੀਆਲੋਜੀਕਲ ਸਰਵੇ*, ਜਿਲਦ 2, ਸਫ਼ਾ 110
4. *ਏਨਸੈਂਟ ਜਿਓਗਰਾਫ਼ੀ ਆਫ਼ ਇੰਡੀਆ ਬਾਈ ਕਨਿੰਘਮ*, ਸਫ਼ਾ 471

ਦੀ ਪੁਸਤਕ ਦਾ ਨਾਂ *'ਟਾ-ਟਾ-ਨੰਗ-ਹਸ਼ੀ-ਯੁ-ਚੀ'* ਅਰਥਾਤ ਰਾਜਾ ਟਾਂਗ ਸਮੇਂ ਦੇ ਪੱਛਮੀ ਦੇਸ਼ਾਂ ਦੀ ਵਿਥਿਆ ਹੈ। ਇਸ ਪੁਸਤਕ ਦੇ ਚਾਰ ਉਲਥੇ ਜਰਮਨੀ ਭਾਸ਼ਾ ਵਿਚ, ਦੋ ਫਰੈਂਚ ਵਿਚ ਅਤੇ ਤਿੰਨ ਇੰਗਲਿਸ਼ ਵਿਚ ਹੋ ਚੁੱਕੇ ਹਨ। ਇਨ੍ਹਾਂ ਤੋਂ ਛੁਟ ਹਿਊਨ ਸਾਂਗ ਦੇ ਸਵਿਸਥਾਰ ਜੀਵਨ ਬਿਰਤਾਂਤ ਤੇ ਸਫਰਨਾਮੇ ਦਾ ਟੀਕਾ ਫ਼ਰਾਂਸ ਦੇ ਪ੍ਰਸਿੱਧ ਵਿਦਵਾਨਾਂ ਜੁਲੀਅਨ ਤੇ ਬੀਲ ਨੇ ਬੜੀ ਯੋਗਤਾ ਨਾਲ ਕੀਤਾ ਹੈ।

ਉੱਪਰ ਲਿਖੇ ਤਿੰਨਾ ਚੀਨੀ ਯਾਤਰੂਆਂ ਤੋਂ ਛੁੱਟ ਪਿਸ਼ਾਵਰ ਅਤੇ ਗੰਧਾਰਾ ਦੇ ਹਾਲ ਇਕ ਹੋਰ ਬੜੇ ਵਿਦਵਾਨ ਭੂਗੋਲ ਲੇਖਕ ਨੇ ਸਣੇ ਵੇਰਵੇ ਲਿਖੇ ਹਨ। ਉਸ ਦਾ ਨਾਮ ਪਟਾਲਮੀ ਸੀ। ਉਸ ਦੇ ਲਿਖਤ ਪਾਰਸ਼ਾਪੁਰ ਪੁਸ਼ਕਾਲਾਵਤੀ ਮੰਦਰ ਦੇ ਸਮਾਚਾਰ ਇਤਿਹਾਸਿਕ ਨੁਕਤੇ ਤੇ ਬਹੁਮੁਲੀ ਵਾਕਫੀ ਦਾ ਭੰਡਾਰ ਹਨ।

ਸੰਨ 1015 ਵਿਚ ਅਰਬ ਦੇਸ਼ ਤੋਂ ਇਕ ਹੋਰ ਬੜਾ ਫਾਜ਼ਲ ਯਾਤਰੂ ਇੱਥੇ ਆਇਆ ਸੀ। ਇਸ ਦਾ ਨਾਮ ਅਲਬੇਰੂਨੀ ਸੀ।[1] ਇਸ ਸ਼ਖਸ ਵਿਚ ਇਕ ਇਹ ਖਾਸ ਵਾਧਾ ਸੀ ਕਿ ਇਸ ਨੇ ਹਿੰਦ ਦੇ ਸਹੀ ਹਾਲ ਸਮਝਣ ਤੇ ਲਿਖਣ ਲਈ ਸੰਸਕ੍ਰਿਤ ਸਿੱਖੀ ਸੀ। ਇਹ ਜਦ ਪਿਸ਼ਾਵਰ ਦਾ ਜ਼ਿਕਰ ਆਪਣੀ ਪੁਸਤਕ *'ਤਹਿਕੀਕਾਤ ਅਲਹਿੰਦ'* ਵਿਚ ਕਰਦਾ ਹੈ ਤਾਂ ਇਸ ਦਾ ਨਾਮ 'ਪੁਰਸ਼ਾਵਰ' ਕਰਕੇ ਲਿਖਦਾ ਹੈ। ਇਸ ਨੇ ਇੱਥੇ ਦੇ ਲੋਕਾਂ ਦੀ ਰਹਿਣੀ ਬਹਿਣੀ ਆਦਿ ਦੇ ਮਾਜਰੇ ਅਤੇ ਵਿਸਥਾਰ ਨਾਲ ਲਿਖੇ ਹਨ।

ਇਕ ਹੋਰ ਯਾਤਰੂ ਮਸੂਦੀ ਨਾਮੀ 12ਵੀਂ ਸਦੀ ਵਿਚ ਪਿਸ਼ਾਵਰ ਆਇਆ। ਇਸ ਨੇ ਵੀ ਪਿਸ਼ਾਵਰ ਦੇ ਹਾਲ ਲਿਖਦਿਆਂ ਇਸ ਨੂੰ ਪਰਸ਼ਾਵਰ ਲਿਖਿਆ ਹੈ। ਇਸ ਇਲਾਕੇ ਦਾ ਇਕ ਵਸਨੀਕ ਲੇਖਕ, ਜੋ ਪਸ਼ਤੋ ਭਾਸ਼ਾ ਦਾ ਬੜਾ ਕਵੀ ਇਤਿਹਾਸ ਲੇਖਕ ਅਤੇ ਬੜਾ ਖੁਦਾ-ਪਰੱਸਤ ਵਲੀ ਸੀ, ਜਿਸ ਦਾ ਨਾਮ ਅਖੁਨ ਦਰਵੇਸ਼ ਸਾਹਿਬ ਬਨੇਰੀ ਸੀ ਤੇ ਜਿਹੜਾ ਸੋਲਵੀਂ ਸਦੀ ਵਿਚ ਹੋਇਆ ਹੈ, ਪਿਸ਼ਾਵਰ ਨੂੰ ਆਪਣੀਆਂ ਲਿਖਤਾਂ ਵਿਚ 'ਪੁਰਸ਼ੋਰ', ਰੌਲੇ ਨਾਲ ਭਰਪੂਰ ਲਿਖਦਾ ਹੈ।

## ਤਕਸਿਲਾ

ਤਕਸਿਲਾ ਜਾਂ ਟੈਕਸਿਲਾ ਪੁਰਾਣੇ ਗੰਧਾਰਾ ਰਾਜ ਦੀ ਰਾਜਧਾਨੀ ਸੀ। ਇਹ ਰਾਜਧਾਨੀ ਕੋਈ 15-16 ਕੋਹਾਂ ਦੇ ਖਿਲਾਰ ਵਿਚ ਖਿਲਾਰੀ ਹੋਈ ਸੀ। ਪੁਰਾਤਨ ਲੇਖਕਾਂ ਦੀਆਂ ਲਿਖਤਾਂ ਤੋਂ ਪਤਾ ਚਲਦਾ ਹੈ ਕਿ ਇਹ ਨਗਰੀ ਪਹਿਲਾਂ-ਪਹਿਲ ਰਾਜਾ ਤਖਸ, ਭਰਤ ਦੇ ਪੁੱਤਰ ਅਤੇ ਰਾਜਾ ਦਸਰਥ ਦੇ ਪੋਤੇ, ਨੇ ਵਸਾਈ ਸੀ।

ਇਸ ਇਤਿਹਾਸਕ ਸ਼ਹਿਰ ਦੀ ਵਧੇਰੇ ਪ੍ਰਸਿੱਧਤਾ ਉਸ ਸਮੇਂ ਹੋਈ ਜਦ ਰਾਜਾ ਅਸ਼ੋਕ ਅਤੇ ਕਨਿਕਸ਼ ਨੇ ਇੱਥੇ ਵਿਦਿਆ ਕੇਂਦਰ ਸਥਾਪਤ ਕੀਤੇ। ਰਾਵਲਪਿੰਡੀ ਤੋਂ ਪਿਸ਼ਾਵਰ ਜਾਂਦਿਆਂ ਇਹ ਥਾਂ ਰਾਵਲਪਿੰਡੀ ਤੋਂ 18 ਕੋਹਾਂ ਦੀ ਵਾਟ ਪਰ ਹੈ। ਇਸ ਦੇ ਲਾਗੇ ਇਕ

1. ਇਸ ਲੇਖਕ ਦਾ ਪੂਰਾ ਨਾਮ ਅਬੂਰਿਹਾਨ ਮੁਹੰਮਦ ਬਿਨ ਅਹਿਮਦ ਸੀ। ਅਲਬੇਰੂਨੀ ਇਸ ਦਾ ਉਪਨਾਮ ਸੀ।

ਪਿੰਡ ਸਾਹਾਂ ਦੀ ਢੇਰੀ ਹੈ ਜਿਸ ਥਾ ਤੋਂ ਅਧ ਕੋਹ ਦੀ ਦੂਰੀ ਪਰ ਪੂਰਬ-ਉੱਤਰ ਦੀ ਸੇਧ ਉੱਤੇ ਤਕਸਿਲਾ ਸ਼ਹਿਰ ਦੇ ਖੰਡਰ ਦਿਸ ਪੈਂਦੇ ਹਨ। ਇਹ ਖੰਡਰ ਕਈ ਕੋਹਾਂ ਵਿਚ ਖਿਲਰੇ ਹੋਏ ਹਨ। ਇਹ ਸ਼ਹਿਰ ਈਸਾਈ ਸੰਨ ਦੇ ਅਰੰਭ ਹੋਣ ਤੋਂ ਕਈ ਸਾਲ ਪਹਿਲਾਂ ਵਸ ਚੁੱਕਿਆ ਸੀ।

ਇੱਥੇ ਕਈ ਬਾਦਸ਼ਾਹਾਂ ਨੇ ਹਕੂਮਤ ਕੀਤੀ। ਇੱਥੇ ਦੇ ਸ਼ਹਿਰ ਦੀਆਂ ਤਿੰਨ ਵਸਤੀਆਂ ਪ੍ਰਸਿੱਧ ਹਨ। ਇਨ੍ਹਾਂ ਵਿਚੋਂ ਸਭ ਤੋਂ ਪੁਰਾਤਨ ਸ਼ਹਿਰ ਭੇੜ ਹੈ ਜਿਹੜਾ ਸ਼ਾਹ ਦੀ ਢੇਰੀ ਤੋਂ ਤੁਰਿਆਂ ਸਭ ਤੋਂ ਪਹਿਲਾਂ ਦ੍ਰਿਸ਼ਟੀ ਮੂਹਰੇ ਆਉਂਦਾ ਹੈ। ਇਹ ਧਰਤ ਤੋਂ 25 ਗਜ਼ ਦੀ ਉਚਾਈ ਪਰ ਵਸਾਇਆ ਗਿਆ ਸੀ। ਇਸ ਦੀ ਲੰਮਾਈ 1200 ਗਜ਼ ਅਤੇ ਚੁੜਾਈ 750 ਗਜ਼ ਹੈ। ਸਿਕੰਦਰ ਜਦ ਹਿੰਦ ਵਿਚ ਆਇਆ ਤਾਂ ਉਹ ਇਸੇ ਸ਼ਹਿਰ ਵਿਚ ਠਹਿਰਿਆ ਸੀ।

ਉਪਰੋਕਤ ਸ਼ਹਿਰ ਤੋਂ ਅੱਗੇ ਦੂਜੀ ਥਾਂ 'ਸਰਕਬ' ਨਗਰ ਹੈ ਜਿਹੜਾ ਤਾਮਰ ਨਾਲੇ ਦੇ ਪਾਰ ਉੱਤਰ ਵੱਲ ਹੈ। ਇਸ ਸ਼ਹਿਰ ਦੀ ਚਾਰ ਦੀਵਾਰੀ ਹੁਣ ਤਕ ਮੌਜੂਦ ਹੈ। ਇਸ ਦੀ ਲੰਮਾਈ 6 ਹਜ਼ਾਰ ਗਜ਼ ਅਤੇ ਮੋਟਾਈ 8 ਗਜ਼ ਹੈ। ਇਹ ਸ਼ਹਿਰ ਸੰਸਾਰ ਦੇ ਸਥਿਤ ਸ਼ਹਿਰਾਂ ਵਿਚ ਉੱਚਾ ਥਾਂ ਪ੍ਰਾਪਤ ਕਰ ਚੁੱਕਾ ਸੀ।

ਤੀਜਾ ਸ਼ਹਿਰ 'ਸਰਮੁਖ' ਹੈ ਜਿਹੜਾ ਲੁਡੀ ਨਾਲੇ ਦੇ ਪਾਰਵਾਰ ਵਸਦਾ ਸੀ। ਇਤਿਹਾਸਕ ਖੋਜ ਤੋਂ ਸਿੱਧ ਹੁੰਦਾ ਹੈ ਕਿ ਇਸ ਸ਼ਹਿਰ ਨੂੰ ਕੁਸ਼ਨ ਬੰਸੀ ਰਾਜਿਆਂ ਨੇ ਵਸਾਇਆ ਸੀ। ਇਸ ਘਰਾਣੇ ਵਿਚੋਂ ਪਹਿਲਾ ਸ਼ਹਿਨਸ਼ਾਹ ਕਨਿਕਸ਼ ਸੀ ਜੋ ਦੂਜੀ ਈਸਵੀ ਸ਼ਤਾਬਦੀ ਦੇ ਆਸ ਪਾਸ ਤਕਸਿਲਾ ਦਾ ਹੁਕਮਰਾਨ ਬਣਿਆ। ਇਸ ਸ਼ਹਿਰ ਦਾ ਘੇਰਾ ਕੋਈ ਤਿੰਨਾ ਕੋਹਾਂ ਦੇ ਖਿਲਾਰ ਵਿਚ ਖਿਲਰਿਆ ਹੋਇਆ ਸੀ। ਇਸ ਸ਼ਹਿਰ ਦੀਆਂ ਕੰਧਾਂ ਅਜੇ ਵੀ ਕਈ ਥਾਵਾਂ ਤੋਂ ਦਿਸਦੀਆਂ ਹਨ ਜਿਨ੍ਹਾਂ ਦੀ ਮੋਟਾਈ ਛੇ ਗਜ਼ ਹੈ। ਤਕਸਿਲਾ ਦੇ ਇਨ੍ਹਾਂ ਤਿੰਨ ਸ਼ਹਿਰਾਂ ਤੋਂ ਵੱਖ ਕੁਝ ਹੋਰ ਵੀ ਬਸਤੀਆਂ ਹਨ, ਜਿਹਾ ਕਿ "ਧਰਮ ਰਾਜਕ ਬਹਾਰ" "ਕੁਲ ਸੁਵਾਨ ਬਹਾਰ", "ਮਹਕਾ ਮੁਰਾਦ", "ਜੌਲੀਆਨ" ਅਤੇ "ਭੁਲਰ"। ਇੱਥੋਂ ਦਾ ਇਤਿਹਾਸ ਬਹੁਤ ਪੁਰਾਣਾ ਹੈ। ਮਹਾਂਭਾਰਤ ਵਿਚ ਰਾਜਾ ਜਨਮੇਜਾ ਦੇ ਯੁਗ ਦੇ ਕਾਲ ਵਿਚ ਇਸ ਸ਼ਹਿਰ ਦਾ ਜ਼ਿਕਰ ਆਉਂਦਾ ਹੈ। ਮਹਾਰਾਜਾ ਚੰਦਰ ਗੁਪਤ ਦੇ ਪ੍ਰਸਿੱਧ ਮੰਤਰੀ 'ਚਾਣਕ' ਦਾ ਜਨਮ ਇਥੇ ਹੀ ਹੋਇਆ ਸੀ। ਰਾਜਾ ਅੰਭੀ ਨੇ ਇੱਥੇ ਹੀ ਸਿਕੰਦਰ ਨਾਲ ਟਾਕਰਾ ਕੀਤਾ ਸੀ। ਇੱਥੇ ਹੀ ਤਿਆਰੀ ਕਰਨ ਉਪਰੰਤ ਸਿਕੰਦਰ ਮਹਾਨ ਨੇ ਪੋਰਸ ਪਰ ਚੜ੍ਹਾਈ ਕੀਤੀ ਸੀ। ਮਹਾਰਾਜਾ ਚੰਦਰ ਗੁਪਤ ਨੇ ਇੱਥੇ ਹੀ ਸਲੂਕਸ ਨੂੰ ਲੱਕ-ਤੋੜਵੀਂ ਭਾਂਜ ਦੇ ਕੇ ਆਪਣੇ ਦੇਸ਼ ਨੂੰ ਸੁਤੰਤਰ ਕਰਾ ਲਿਆ ਸੀ ਅਤੇ ਅਫ਼ਗਾਨਿਸਤਾਨ ਤਕ ਆਪਣਾ ਰਾਜ ਕਾਇਮ ਕਰ ਦਿੱਤਾ ਸੀ। ਇੱਥੇ ਵਿਦਿਆ ਦੀ ਪ੍ਰਾਪਤੀ ਲਈ ਕਈ ਮਹਾਂ-ਵਿਦਿਆਲੇ ਸਨ। ਇੱਥੇ ਵਿਦਿਆ ਦੀ ਪ੍ਰਾਪਤੀ ਲਈ ਹਿੰਦ ਦੇ ਕੋਨੇ-ਕੋਨੇ ਵਿਚੋਂ ਵਿਦਿਆਰਥੀ ਪਹੁੰਚ ਕੇ ਵੱਖ-ਵੱਖ ਵਿਸ਼ਿਆਂ ਤੇ ਪੜ੍ਹਦੇ ਸਨ। ਮਹਾਰਾਜਾ ਬਿੰਬਸਾਰ ਦਾ ਵੈਦਰਾਜ 'ਜੀਵਨ' ਤਕਸ਼ਿਲਾ ਦੇ ਵਿਦਿਆਲੇ ਵਿਚ ਨੌਂ ਸਾਲ ਪੜ੍ਹ ਕੇ ਜਗਤ ਪ੍ਰਸਿੱਧ ਹੋਇਆ ਸੀ। ਇਸੇ ਤਰ੍ਹਾਂ ਮਹਾਰਾਜਾ ਚੰਦਰ ਗੁਪਤ ਦੇ ਵਜ਼ੀਰ ਚਾਣਕ ਨੇ ਜੋ ਨੀਤੀ ਵਿਦਿਆ ਪ੍ਰਾਪਤ ਕੀਤੀ ਸੀ ਸੋ ਇੱਥੇ ਹੀ ਕੀਤੀ ਸੀ।

## ਕਸ਼ਮੀਰ

ਪੰਜਾਬ ਤੇ ਸਰਹੱਦੀ ਸੂਬੇ ਤੋਂ ਛੁਟ ਖ਼ਾਲਸਾ ਰਾਜ ਵਿਚ ਕਸ਼ਮੀਰ ਦੀਆਂ ਪੁਰਾਤਨ ਇਮਾਰਤਾਂ ਵੀ ਬੜੀ ਮਹੱਤਤਾ ਰਖਦੀਆਂ ਹਨ। ਵਿਸ਼ੇਸ਼ ਕਰਕੇ ਮਾਰਤੰਡ ਦਾ ਮੰਦਰ। ਇਸ ਨੂੰ ਪ੍ਰਸਿੱਧ ਵਿਜੇਈ ਮਹਾਰਾਜਾ ਲਲਿਤਾ ਦਿੱਤਯਾ ਦੇ ਸਮੇਂ ਅਠਵੀਂ ਸਦੀ ਵਿਚ ਉਸਾਰਿਆ ਗਿਆ ਸੀ। ਇਸ ਮੰਦਰ ਤੇ ਲਾਏ ਗਏ ਪੱਥਰ ਬੜੀ ਕੋਮਲ ਕਲਾਕਾਰੀ ਨਾਲ ਘੜੇ ਹੋਏ ਸਨ। ਇਹਨਾਂ ਪਰ ਬੇਲ ਬੂਟੇ, ਫੁਲ ਪੱਤਰ ਦਾ ਕੰਮ ਬੜਾ ਮਨ-ਮੋਹਣਾ ਸੀ। ਇਸ ਦੀ ਵਲਗਨ ਨੂੰ ਅੱਜ ਵੀ ਇਸ ਡਿੱਗੀ ਹਾਲਤ ਵਿਚ ਵੇਖਿਆਂ ਅਨੁਭਵ ਹੋ ਜਾਂਦਾ ਹੈ ਕਿ ਇਹ ਕਿੰਨਾ ਵਿਸ਼ਾਲ ਤੇ ਮਨਮੋਹਣਾ ਸਥਾਨ ਸੀ ਜਿਸ ਵਿਚ ਕਈ ਹਜ਼ਾਰ ਯਾਤਰੂਆਂ ਦੇ ਪੂਜਾ ਪਾਠ ਦਾ ਇਕ ਸਮੇਂ ਮਹਾਰਾਜਾ ਵੱਲੋਂ ਪ੍ਰਬੰਧ ਕੀਤਾ ਗਿਆ ਸੀ। ਯਾਤਰੂਆਂ ਲਈ ਇਸ਼ਨਾਨ ਘਰ, ਭੋਜਨ ਲਈ ਲੰਗਰ ਖਾਨੇ ਤੇ ਨਿਵਾਸ ਸਥਾਨਾਂ ਦੇ ਖੰਡਰਾਂ ਤੋਂ ਖਿਲਰਿਆ ਪਿਆ ਮਲਬਾ ਸਾਫ ਦੱਸਦਾ ਹੈ ਕਿ ਨਿਰਸੰਦੇਹ ਇਹ ਆਪਣਾ ਨਮੂਨਾ ਆਪ ਹੀ ਸੀ। ਬੜੇ ਦੁਖ ਦੀ ਗੱਲ ਹੈ ਕਿ ਬੇਕਿਰਕ ਜਰਵਾਨਿਆਂ ਦੇ ਜ਼ੁਲਮ ਤੋਂ ਇਹ ਸੋਹਣਾ ਮੰਦਰ ਵੀ ਨਾ ਬਚ ਸਕਿਆ। ਇਸ ਦੇ ਪੱਥਰ ਦੂਰ-ਦੂਰ ਤਕ ਧਰਤ ਪਰ ਖਿਲਰੇ ਪਏ ਹਨ ਜਿਨ੍ਹਾਂ ਨੂੰ ਵੇਖਿਆਂ ਭਾਈ ਵੀਰ ਸਿੰਘ ਜੀ ਨੂੰ ਇਨ੍ਹਾਂ ਟੁੱਟੇ ਹੋਏ ਪੱਥਰਾਂ ਵਿਚੋਂ ਦਰਦ-ਭਰੀ ਕੰਬਣੀ ਪ੍ਰਤੀਤ ਹੋਈ। ਦੇਸ਼ ਦੇ ਕੋਮਲ ਹੁਨਰ ਨੂੰ ਇਸ ਤਰ੍ਹਾਂ ਵੀਰਾਨ ਹੋਇਆਂ ਵੇਖ ਕਵੀ ਦਾ ਮਨ ਵਲਵਲੇ ਵਿਚ ਵਹਿ ਤੁਰਿਆ ਤੇ ਪੁਕਾਰ ਉਠਿਆ :

> ਮਾਰ ਪਈ ਜਦ ਮਾਰਤੰਡ ਨੂੰ ਪਥਰ ਰੋ ਕੁਰਲਾਣੇ,
> ਪੱਥਰ ਤੋੜੇ! ਦਿਲ ਪਏ ਟੁੱਟਦੇ ਦਿਲ ਕਾਬਾ ਰਬਾਣੇ।

ਅੱਗੇ :

> ਮਾਰਤੰਡ ਨੂੰ ਮਾਰ ਪਿਆਂ ਹੋਈ ਮੁਦਤ ਕਹਿੰਦੀ ਲੋਈ,
> ਪਰ ਕੰਬਣੀ ਪਥਰਾਂ ਵਿਚ ਹੁਣ ਤਕ ਸਾਨੂੰ ਸੀ ਨਹੀਂ ਹੋਈ।
> ਹਾਇ ਹੁਨਰ ਤੇ ਹਾਏ ਵਿਦਿਆ, ਹਾਇ ਦੇਸ਼ ਦੀ ਤਾਕਤ,
> ਹਾਇ ਹਿੰਦ ਫੁਲਵਾੜੀਆ ਵਾਲੇ, ਹਰ ਸਿਲ ਕਹਿੰਦੀ ਰੋਈ।

(ਮਟਕ ਹੁਲਾਰੇ)

ਕਸ਼ਮੀਰ ਵਿਚ ਮਾਰਤੰਡ ਦੀ ਬਸਤੀ ਤੋਂ ਦੂਜੇ ਦਰਜੇ ਪਰ ਅਵੰਤੀਪੁਰ ਦੇ ਮੰਦਰਾਂ ਦੇ ਖੰਡਰ ਹਨ ਜਿੱਥੇ ਅਮੋਲਕ ਪੁਰਾਤਨ ਇਤਿਹਾਸਕ ਖਜ਼ਾਨਾ ਮਿਲਦਾ ਹੈ। ਇਹ ਮੰਦਰ ਲਗਭਗ ਇਕ ਤਰ੍ਹਾਂ ਦੇ ਸਨ। ਇਹ ਵੀ ਪੱਥਰ-ਦਿਲ ਜ਼ਾਲਮ ਨੇ ਬਰਬਾਦ ਕਰ ਕੇ ਰੱਖ ਦਿੱਤੇ ਹਨ।

ਇਨ੍ਹਾਂ ਤੋਂ ਛੁਟ ਬਾਰਾ ਮੂਲਾ, ਮਟਨ ਜਾਣ ਵਾਲੀ ਸੜਕ ਦੇ ਲਾਗੇ-ਲਾਗੇ ਬੜੀ ਸੁੰਦਰ ਪੁਰਾਤਨ ਵਸੋਂ ਆਉਂਦੀ ਹੈ। ਇੱਥੇ ਦੀਆਂ ਬੰਦ ਮਹਿਰਾਬਾਂ ਤੇ ਘੜਤੂ ਪੱਥਰ ਦੇ ਕਮਾਲ ਵੇਖ ਕੇ ਅਸਚਰਜ ਹੋ ਜਾਈਦਾ ਹੈ। ਇਹ ਪੱਥਰ ਸੰਗਮਰਮਰ ਨਹੀਂ ਪਰ ਹੁਨਰ ਦੇ ਜੌਹਰ ਨਾਲ ਇਹ ਸੰਗਮਰਮਰ ਤੋਂ ਵੀ ਵਧੀਕ ਸਾਫ ਤੇ ਚਮਕੀਲੇ ਬਣ ਗਏ ਹਨ। ਚਣਾਈ ਇੰਨੀ ਕਲਾਮਈ ਹੈ ਕਿ ਇਕ ਪੱਥਰ ਨੂੰ ਦੂਜੀ ਸਿਲ ਨਾਲ ਜੋੜਨ ਦੀ ਦਰਜ ਦਾ ਨਿਸ਼ਾਨ

WWW.SIKHBOOKCLUB.COM 

ਨਜ਼ਰ ਨਹੀਂ ਆਉਂਦਾ ਤੇ ਕਈ ਪੱਥਰ ਮਿਲ ਕੇ ਇਕ ਮਿਕ ਹੋ ਗਏ ਹਨ। ਵਿਸ਼ੇਸ਼ ਕਰ ਕੇ ਡਾਟਾਂ ਵਾਲੇ ਮਹਿਰਾਬ ਦੀ ਕਾਰੀਗਰੀ ਅੱਜ ਵੀ ਮਨਾਂ ਨੂੰ ਮੋਹ ਲੈਂਦੀ ਹੈ। ਉਹ ਸਮਾਂ ਕਿੰਨਾ ਸੁਭਾਗਾ ਹੋਣਾ ਹੈ ਜਦ ਇਸ ਹਰੇ ਭਰੇ ਦੇਸ਼ ਦੇ ਵਸਨੀਕ ਕੁਦਰਤੀ ਤੇ ਸਫ਼ਲ ਜੀਵਨ ਬਿਤਾਉਂਦੇ ਸਨ। ਹੁਣ ਉਹ ਤਾਂ ਨਹੀਂ ਰਹੇ ਪਰ ਉਨ੍ਹਾਂ ਦਾ ਕੋਮਲ ਹੁਨਰ ਸਾਡੇ ਸਮੇਂ ਤਕ ਬਾਕੀ ਹੈ।

ਪੁਰਾਤਨ ਸਮੇਂ ਦੇ ਕਸ਼ਮੀਰ ਵਿਚ ਇਕ ਹੋਰ ਥਾਂ ਨੂੰ ਬੜੀ ਪ੍ਰਸਿੱਧਤਾ ਪ੍ਰਾਪਤ ਹੈ ਅਤੇ ਉਹ ਹੈ 'ਸਿੰਘਪੁਰੇ ਦੇ ਲਾਗੇ ਤਾਰਾ ਦਾ ਇਲਾਕਾ'। ਇੱਥੇ ਵੀ ਦੂਰ ਤਕ ਪੁਰਾਣੇ ਖੰਡਰ, ਘੜ੍ਹਤ ਪੱਥਰ ਤੇ ਮੰਦਰ ਮਿਲਦੇ ਹਨ।

ਸਿੱਟਾ ਇਹ ਹੈ ਕਿ ਬੁਧ ਮੱਤ ਦੇ ਉਪਾਸ਼ਕਾਂ ਤੇ ਕੁਦਰਤ ਦੇ ਕਦਰਦਾਨਾਂ ਨੇ ਕਸ਼ਮੀਰ ਵਿਚ ਜਿੱਥੇ ਵੀ ਕੋਈ ਥਾਂ ਕੁਦਰਤੀ ਭੂਸ਼ਨਾ ਨਾਲ ਭੂਸ਼ਤ ਡਿੱਠੀ, ਉੱਥੇ ਹੀ ਆਪਣੀ ਵਸੋਂ ਲਈ ਵਿਸ਼ੇਸ਼ਤਾ ਅਖਤਿਆਰ ਕਰ ਲਿਆ। ਬੁਧ ਮਤ ਦੇ ਭਿਖਸ਼ੂਆਂ ਨੂੰ ਖਾਣ ਲਈ ਚਾਵਲ ਤੇ ਫਲ ਆਦਿ ਸੌਖੇ ਪ੍ਰਾਪਤ ਹੋ ਜਾਂਦੇ ਸਨ ਅਤੇ ਇਸ ਤੋਂ ਵੱਧ ਇਨ੍ਹਾਂ ਨੂੰ ਕੋਈ ਲੋਭ ਲਾਲਚ ਹੈ ਹੀ ਨਹੀਂ ਸੀ। ਉੱਪਰ ਲਿਖੀਆਂ ਥਾਵਾਂ ਤੋਂ ਛੁਟ ਇਸ ਵਿਚ ਹੋਰ ਵੀ ਅਨੇਕ ਪੁਰਾਤਨ ਨਿਸ਼ਾਨ ਹਨ ਜਿਨ੍ਹਾਂ ਵਿਚ ਕਦੀਮੀ ਇਤਿਹਾਸਕ ਸਭਿਅਤਾ ਲੁਕੀ ਪਈ ਹੈ।

ਅੰਤਕਾ 1

## ਪੰਜਾਬ ਦੇ ਮਾਲੀਏ ਦਾ ਨਕਸ਼ਾ ਸੰਨ 1850, 51, 52

| *ਡਿਵੀਜ਼ਨ* | *ਪਰਗਨਾ* | *ਮਾਲੀਆ 1850-51* | *ਮਾਲੀਆ 1851-52* |
|---|---|---|---|
| ਲਾਹੌਰ | ਲਾਹੌਰ | 380,598-8-0 | 406142-8-0 |
| | ਅੰਮ੍ਰਿਤਸਰ | 86,872-0-0 | 1024729-8-0 |
| | ਦੀਨਾ ਨਗਰ | 899,268-4-0 | 940407-0-0 |
| | ਵਜ਼ੀਰਾਬਾਦ | 108,3387-4-3 | 1140177-0-0 |
| | ਸ਼ੇਖੂਪੁਰਾ | 319,158-2-9 | 383223-12-5-0 |
| | *ਜੋੜ* | 3,551,133-3 | 3894680-4-5 |
| ਜਿਹਲਮ | ਗੁਜਰਾਤ | 593819-8-0 | 598588-8-0 |
| | ਜਿਹਲਮ | 695480-0-0 | 720908-0-0 |
| | ਰਾਵਲਪਿੰਡੀ | 824816-14-2 | 820563-1-6 |
| | ਸ਼ਾਹਪੁਰ | 412310-15-0 | 343816-0-0 |
| | | 2526427-5-2 | 2483875-9-6 |

| | | | |
|---|---|---|---|
| ਲਹੀਆ | ਲਹੀਆ | 484439-6-9 | 543571-6-9 |
| | ਕਾਂਗੋਰ | 495343-5-6 | 484628-3-6 |
| | ਡੇਰਾ ਗਾਜ਼ੀ ਖਾਨ | 455743-7-0 | 472801-0-0 |
| | ਡੇਰਾ ਇਸਮਾਈਲ ਖਾਨ | 489679-12-0 | 506568-4-1 |
| | | 1925205-15-3 | 2007568-0-0 |
| ਮੁਲਤਾਨ | ਮੁਲਤਾਨ | 564301-0-0 | 603589-3-11 |
| | ਝੰਗ | 278776-6-3 | 349621-6-2 |
| | ਪਾਕਪਟਨ | 257566-0-0 | 383124-5-6 |
| | | 1100643-6-3 | 1336334-0-0 |
| | ਪਿਸ਼ਾਵਰ | 893072-8-6 | 719286-0-0 |
| | ਹਜ਼ਾਰਾ | 188541-5-0 | 168152-0-0 |
| | ਜੋੜ ਰੁਪਏ | 10185023-11-2 | 10609898-2-7 |

## ਅੰਤਕਾ 2

## ਕੋਹ ਨੂਰ ਬਾਰੇ ਲੇਖ

ਕੋਹ ਨੂਰ ਦਾ ਇਤਿਹਾਸਕ ਸਫਰ ਕੋਹਲੋਰ (ਗੋਲਕੰਡੇ ਤੋਂ 45 ਮੀਲ ਅੱਗੇ) ਦੀ ਖਾਣ ਤੋਂ ਆਰੰਭ ਹੋ ਕੇ ਅੰਗਰੇਜ਼ੀ ਤਾਜ ਵਿਚ ਜੜਨ ਤਕ ਬੜਾ ਲੰਮਾ ਪਰ ਮਨਮੋਹਣਾ ਹੈ। ਖਾਣ ਦੇ ਬੰਦੀਖਾਨੇ ਤੋਂ ਨਿਕਲ ਕੇ ਟਾਵਰ (ਲੰਡਨ) ਦੇ ਬੰਦੀਖਾਨੇ ਤਕ ਜਿਥੇ ਇਹ ਅੱਜ ਕਲ ਬੰਦੀ ਵਿਚ ਹੈ ਇਸ ਦਾ ਵਿਸਥਾਰਪੂਰਵਕ ਜ਼ਿਕਰ ਪ੍ਰੋਫੈਸਰ ਮੈਸ ਕੇਲਨ (Prof. Maskeleyne) ਨੇ ਇਸ ਬਾਰੇ ਲੰਮੀ ਤੇ ਮਨਖਿਚਵੀਂ ਖੋਜ ਭਰੇ ਆਪਣੇ ਲੇਖ ਵਿਚ ਪ੍ਰਕਾਸ਼ਤ ਕੀਤਾ ਹੈ ਜਿਸ ਵਿਚ ਖਾਣ ਤੇ ਸਮੇਂ ਤੋਂ ਹੁਣ ਤਕ ਦੇ ਕੋਹਨੂਰ ਦੇ ਹਾਲ ਦਿੱਤੇ ਹਨ। ਇਹ ਸਮਾਂ ਲਗਭਗ 5000 ਸਾਲਾਂ ਦਾ ਬਣਦਾ ਹੈ।

ਕੋਹ ਨੂਰ ਦੇ ਸਾਹਿਤਕ ਅਰਥ ਹਨ, ਪ੍ਰਕਾਸ਼ ਦਾ ਪਹਾੜ। ਪਹਿਲਾਂ-ਪਹਿਲਾ ਕੋਹ ਨੂਰ ਦਾ ਤੋਲ 793 ਕਰਾਤ ਸੀ। ਇਸ ਦੀ ਪ੍ਰੋੜਤਾ ਔਰੰਗਜ਼ੇਬ ਦੇ ਸਮੇਂ (1658-1707) ਦੀਆਂ ਲਿਖਤਾਂ ਵਿਚੋਂ ਹੁੰਦੀ ਹੈ। ਇਹ ਹੀਰਾ ਔਰੰਗਜ਼ੇਬ ਦੇ ਸਮੇਂ ਤਕ ਆਪਣੇ ਕੁਦਰਤੀ ਲਕਸ਼ ਤੇ ਤੋਲ ਵਿਚ ਰਿਹਾ। ਹਿੰਦੀ, ਜਵਾਹਰੀ ਅਤੇ ਜਵਾਹਿਰਾਤ ਕੱਟਣ ਵਾਲੇ ਇਸ

ਜ਼ਿੰਮੇਵਾਰੀ ਦੇ ਕੰਮ ਨੂੰ ਹੱਥ ਪਾਉਣਾ ਪਸੰਦ ਨਹੀ ਸੀ ਕਰਦੇ। ਸੰਨ 1648 ਵਿਚ ਸ਼ਾਹ ਜਹਾਨ ਦੇ ਹੁਕਮ ਨਾਲ ਇਸ ਨੂੰ (Hortenso Borgia) ਹਾਰਟੈਨਸੋ ਬੋਰਗੀਆ ਨਾਮੀ[1] ਜਵਾਹਰੀ ਨੇ ਐਸੀ ਬੇਦਰਦੀ ਨਾਲ ਕੱਟਿਆ ਕਿ ਉਸ ਦਾ ਤੋਲ ਘਟਾ ਕੇ 186 ਕਰਾਤ ਕਰ ਦਿੱਤਾ। ਕੋਹ ਨੂਰ ਨੂੰ ਮੁੜ ਸੰਨ 1852 ਵਿਚ ਕੱਟਿਆ ਗਿਆ ਅਤੇ ਇਸ ਸਮੇਂ ਇਸ ਦਾ ਵਜ਼ਨ ਘਟ ਕੇ 106 ਕਰਾਤ ਰਹਿ ਗਿਆ। ਇਸ ਐਹਮਕਾਨਾ ਕੰਮ ਨੇ ਇਸ ਅਦੁੱਤੀ ਹੀਰੇ ਨੂੰ ਬਰਬਾਦ ਕਰ ਦਿੱਤਾ। ਇਸ ਦੀ ਬਰਬਾਦੀ ਦੀ ਤਸਦੀਕ ਸੀ. ਡਬਲਯੂ. ਕਿੰਗ (C. W. King) ਦੇ ਸ਼ਬਦਾਂ ਤੋਂ ਇਉਂ ਹੁੰਦੀ ਹੈ : The recutting of the Koh-e-noor was most ill-advised for it has deprived the stone of all its historical and mineralogical interest.

ਜਿਥੇ ਕੋਹ ਨੂਰ ਤੋਲ ਦੇ ਪੱਖ ਵਿਚ ਅਦੁੱਤੀ ਸੀ, ਉੱਥੇ ਨਾਲ ਹੀ ਆਯੂ ਦੀ ਦ੍ਰਿਸ਼ਟੀਕੋਣ ਤੋਂ ਵੀ ਆਪਣੀ ਨਜ਼ੀਰ ਆਪ ਸੀ। ਇਹ ਗੱਲ ਬਿਨਾ ਝਿਜਕ ਦੇ ਲਿਖੀ ਜਾ ਸਕਦੀ ਹੈ ਕਿ ਇੰਨੀ ਲੰਮੀ ਉਮਰ ਦਾ ਦੂਜਾ ਹੀਰਾ ਸੰਸਾਰ ਭਰ ਵਿਚ ਕੋਈ ਨਹੀ।

ਪਰੰਪਰਾ ਦੱਸਦੀ ਹੈ ਕਿ ਕੋਹ ਨੂਰ ਦਾ ਸਭ ਤੋਂ ਪਹਿਲਾਂ ਲਿਖਤ ਵਿਚ ਜ਼ਿਕਰ ਸੰਨ 57 ਪੂਰਬ ਈਸਵੀ ਵਿਚ ਮਿਲਦਾ ਹੈ, ਜਦ ਦੱਸਿਆ ਜਾਂਦਾ ਹੈ ਕਿ ਇਹ ਮਹਾਰਾਜਾ ਵਿਕਰਮਾਜੀਤ ਦੇ ਉਜੈਨ ਦੇ ਖਜ਼ਾਨੇ ਵਿਚ ਮੌਜੂਦ ਸੀ।

ਫਿਰ ਇਹ 1526 ਈ. ਨੂੰ ਪਾਣੀਪਤ ਦੀ ਲੜਾਈ ਦੇ ਉਪਰੰਤ ਬਾਬਰ ਨੂੰ ਆਗਰੇ ਪਰ ਕਬਜ਼ਾ ਕਰਨ ਸਮੇ ਮਿਲਿਆ। ਤੇਜ਼ਿਕ ਬਾਬਰੀ ਵਿਚ ਬਾਬਰ ਇਸ ਬਾਰੇ ਸਵਿਸਥਾਰ ਨਾਲ ਲਿਖਦਾ ਹੈ ਕਿ ਕਿਵੇਂ ਉਸ ਦੇ ਸਪੁੱਤਰ ਨੇ ਇਹ ਹੀਰਾ ਉਸ ਦੇ ਆਗਰੇ ਪੁੱਜਣ ਉੱਤੇ ਸਾਹਮਣੇ ਪੇਸ਼ ਕੀਤਾ ਅਤੇ ਉਸ ਨੇ ਖ਼ੁਸ਼ ਹੋ ਕੇ ਇਹ ਹਮਾਯੂ ਨੂੰ ਬਖ਼ਸ਼ ਦਿੱਤਾ।

ਸੰਨ 1526 ਦੇ ਬਾਅਦ ਇਸ ਹੀਰੇ ਦੀਆ ਅਦਲੀਆਂ-ਬਦਲੀਆਂ ਬਾਰੇ ਪੂਰੇ ਸਮਾਚਾਰ ਇਤਿਹਾਸਕ ਲਿਖਤਾਂ ਵਿਚ ਆਉਂਦੇ ਰਹੇ।

ਇਹ ਹੀਰਾ ਤਿੰਨ ਸੌ ਸਾਲਾਂ ਤਕ ਮੁਗ਼ਲ ਬਾਦਸ਼ਾਹਾ ਦੇ ਖਜ਼ਾਨੇ ਨੂੰ ਮਾਣ ਬਖ਼ਸ਼ਦਾ ਰਿਹਾ। ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਇਤਨੇ ਲੰਮੇ ਸਮੇਂ ਤਕ ਇਸ ਦਾ ਕੋਈ ਵਿਸ਼ੇਸ਼ ਨਾਂ ਨਹੀਂ ਸੀ ਰੱਖਿਆ ਗਿਆ ਅਤੇ ਬਿਨਾਂ ਨਾ ਦੇ ਹੀ ਪਿਆਰਿਆ ਜਾਂਦਾ ਰਿਹਾ।

ਜਦ ਸੰਨ 1739 ਵਿਚ ਨਾਦਰ ਸ਼ਾਹ ਨੇ ਮੁਹੰਮਦ ਸ਼ਾਹ ਰੰਗੀਲੇ ਨੂੰ ਹਾਰ ਦੇ ਕੇ ਦਿੱਲੀ ਨੂੰ ਲੁੱਟਿਆ ਅਤੇ ਕਿਲੇ ਵਿਚ ਵੜਦਿਆਂ ਜਦ ਮੁਹੰਮਦ ਸ਼ਾਹ ਨੇ ਸੁਆਗਤ ਕੀਤਾ ਤਾਂ ਇਹ ਹੀਰਾ ਮੁਹੰਮਦ ਸ਼ਾਹ ਨੇ ਕਲਗੀ ਵਿਚ ਲਗਾਇਆ ਹੋਇਆ ਸੀ ਤੇ ਪਗ ਤੇ ਸਜਾਇਆ ਹੋਇਆ ਸੀ। ਨਾਦਰ ਸ਼ਾਹ ਨੇ ਇਸ ਦੀ ਚਮਕ ਨੂੰ ਵੇਖ ਕੇ ਸੁਤੇ-ਸਿਧ ਕਿਹਾ ਕਿ ਇਹ ਹੀਰਾ ਤਾਂ ਕੋਹ ਨੂਰ ਹੈ, ਰੋਸ਼ਨੀ ਦਾ ਪਹਾੜ ਹੈ। ਬਸ ਇਸ ਦਿਨ ਤੋਂ ਇਸ ਹੀਰੇ ਦਾ ਨਾਂ ਕੋਹ ਨੂਰ ਪ੍ਰਸਿੱਧ ਹੋਇਆ।

ਸੰਨ 1739 ਵਿਚ ਕੋਹ ਨੂਰ ਆਪਣੇ ਪਿਆਰੇ ਦੇਸ਼ ਤੋਂ ਬਦੇਸ (ਖ਼ੁਰਾਸਾਨ) ਪਹੁੰਚਾ

---

1. ਲਤੀਫ ਦੀ *ਹਿਸਟਰੀ ਆਫ ਦੀ ਪੰਜਾਬ* ਵਿਚ ਇਸੇ ਜਵਾਹਰੀ ਦਾ ਨਾਂ Austende Boardeau ਦਿੱਤਾ ਹੈ ; ਸਫਾ 167

ਦਿੱਤਾ ਗਿਆ। ਸੰਨ 1747 ਨੂੰ ਨਾਦਰ ਸ਼ਾਹ ਦੇ ਕਤਲ ਦੇ ਉਪਰੰਤ ਇਹ ਨਾਦਰ ਦੇ ਪੋਤੇ ਸ਼ਾਹਰੁਖ ਪਾਸ 4 ਸਾਲ ਰਿਹਾ। ਇਸ ਦੇ ਬਾਅਦ ਸੰਨ 1751 ਵਿਚ ਇਹ ਅਹਿਮਦ ਸ਼ਾਹ ਦੁਰਾਨੀ ਦੇ ਹੱਥ ਆਇਆ। ਸੰਨ 1793 ਵਿਚ ਸ਼ਾਹ ਜ਼ਮਾਨ ਦੇ ਕਬਜ਼ੇ ਵਿਚ ਅਤੇ ਸੰਨ 1795 ਵਿਚ ਸ਼ਾਹ ਸ਼ੁਜਾ ਦੇ ਅਧਿਕਾਰ ਵਿਚ ਆਇਆ ਅਤੇ ਸੰਨ 1813 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਕਬਜ਼ੇ ਵਿਚ ਆ ਗਿਆ ਅਤੇ ਸੰਨ 1850 ਵਿਚ ਨਾਬਾਲਗ ਸ਼ਹਿਜ਼ਾਦਾ ਦਲੀਪ ਸਿੰਘ ਤੋਂ ਅੰਗਰੇਜ਼ਾਂ ਨੇ ਲੈ ਕੇ ਮਲਕਾਂ ਨੂੰ ਦੇ ਦਿੱਤਾ। ਇਸ ਤਰ੍ਹਾਂ 80 ਸਾਲਾਂ ਤਕ ਇਹ ਬਿਦੇਸ਼ਾਂ ਵਿਚ ਰਹਿਣ ਦੇ ਉਪਰੰਤ ਚੰਗੇ ਭਾਗਾਂ ਨੂੰ ਸੰਨ 1813 ਵਿਚ ਸ਼ੇਰੇ-ਪੰਜਾਬ ਦੇ ਰਾਹੀਂ ਇਸ ਨੂੰ ਮੁੜ ਆਪਣੇ ਦੇਸ਼ ਵਿਚ ਰਹਿਣ ਦਾ ਮਾਣ ਪ੍ਰਾਪਤ ਹੋਇਆ।

ਕੋਹ ਨੂਰ ਦੀ ਪ੍ਰਾਪਤੀ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾ ਦੁਰਾਨੀ ਤੋਂ ਪੁੱਛਿਆ ਕਿ ਆਪਦੀ ਨਿਗਾਹਾਂ ਵਿਚ ਇਸ ਹੀਰੇ ਦਾ ਮੁੱਲ ਕਿੰਨਾ ਹੈ ਤਾਂ ਸ਼ਾਹ ਸ਼ੁਜਾਹ ਨੇ ਉੱਤਰ ਦਿੱਤਾ ਕਿ ਇਸ ਦਾ ਮੁੱਲ ਵਡਭਾਗਤਾ ਹੈ।

ਜਦੋਂ ਸੰਨ 1850 ਵਿਚ ਅੰਗਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕਰ ਲਿਆ ਤਾਂ ਕੋਹ ਨੂਰ ਹੀਰਾ ਲਾਰਡ ਡਲਹੌਜ਼ੀ ਨੇ ਖ਼ਾਲਸਾ ਖਜ਼ਾਨੇ ਵਿਚੋਂ ਕਢਵਾ ਕੇ ਆਪਣੇ ਅਧਿਕਾਰ ਵਿਚ ਲੈ ਲਿਆ ਅਤੇ ਇਸ ਨੂੰ ਦਿਨ ਰਾਤ ਆਪਣੀ ਵਾਸਕਟ ਦੀ ਜੇਬ ਵਿਚ ਸੀਅ ਕੇ ਰੱਖਦਾ ਰਿਹਾ। ਫੇਰ ਉਸ ਨੇ ਇਸ ਨੂੰ ਮਹਾਰਾਣੀ ਇੰਗਲਿਸਤਾਨ ਦੀ ਭੇਟ ਕਰ ਦਿੱਤਾ ਜੋ ਮਗਰੋਂ ਬਰਤਾਨੀਆ ਦੇ ਤਾਜ ਵਿਚ ਜੜਿਆ ਗਿਆ।

ਇਕ ਹੋਰ ਹੀਰਾ ਜਿਸ ਦਾ ਮੁਗ਼ਲ ਨਾਂ ਸੀ ਅਤੇ ਜੋ ਉਸੇ ਖਾਣ ਵਿਚੋਂ ਮਿਲਿਆ ਸੀ, ਉਸ ਨੂੰ ਮੀਰ ਜੁਮਲਾ ਈਰਾਨੀ, ਗੋਲਕੰਡਾ ਦੇ ਵਜ਼ੀਰ, ਦੇ ਹੱਥ ਉੱਥੇ ਦੇ ਖਜ਼ਾਨੇ ਵਿਚ ਰੱਖਿਆ ਗਿਆ ਸੀ। ਬਰਨਜ਼ ਦੀ ਲਿਖਤ ਅਨੁਸਾਰ ਇਹ ਹੀਰਾ ਮੀਰ ਜੁਮਲਾ ਨੇ ਸ਼ਾਹ ਜਹਾਨ ਨੂੰ ਦਿੱਤਾ।

ਸੰਨ 1650 ਵਿਚ ਸ਼ਹਿਜ਼ਾਦਾ ਔਰੰਗਜ਼ੇਬ ਜੋ ਕਿ ਆਪਣੇ ਪਿਤਾ ਵੱਲੋਂ ਇਸ ਸੂਬੇ ਦਾ ਗਵਰਨਰ ਸੀ, ਇਹ ਹੀਰਾ ਉਸ ਦੀ ਭੇਟ ਕੀਤਾ ਗਿਆ। ਸੰਨ 1665 ਵਿਚ ਜਦ ਫ਼ਰਾਂਸ ਦਾ ਪ੍ਰਸਿੱਧ ਜੌਹਰੀ ਸੈਲਾਨੀ ਟ੍ਰੈਵਰਨੀਅਰ (Travernier) ਹਿੰਦੁਸਤਾਨ ਦੇ ਸਫ਼ਰ ਪਰ ਆਇਆ ਤਾਂ ਇਸ ਨੇ ਮੁਗ਼ਲ ਹੀਰੇ ਨੂੰ ਡਿਠਾ ਅਤੇ ਇਸ ਦਾ ਜ਼ਿਕਰ ਆਪਣੇ ਸਫ਼ਰਨਾਮੇ ਵਿਚ ਲਿਖਿਆ। ਇਹ ਲਿਖਦਾ ਹੈ ਕਿ ਇਹ ਔਰੰਗਜ਼ੇਬ ਦੀ ਆਗਿਆ ਨਾਲ ਮੈਨੂੰ ਦੱਸਿਆ ਗਿਆ। ਇਸ ਦਾ ਤੋਲ 787½ ਕਰਾਤ ਹੈ ਜੋ ਕੋਹ ਨੂਰ ਤੋਂ ਕੁਝ ਕਰਾਤ ਘੱਟ ਸੀ। ਇਸ ਦਾ ਚਿੱਤਰ ਟ੍ਰੈਵਰਨੀਅਰ ਨੇ ਆਪਣੇ ਸਫ਼ਰਨਾਮੇ ਵਿਚ ਦਿੱਤਾ ਹੈ।

ਸੰਨ 1739 ਵਿਚ ਨਾਦਰ ਸ਼ਾਹ ਇਹ ਹੀਰਾ ਵੀ ਲੁੱਟ ਕੇ ਈਰਾਨ ਲੈ ਗਿਆ। ਕਈ ਲੇਖਕਾਂ ਨੇ ਕੋਹ ਨੂਰ ਅਤੇ ਮੁਗ਼ਲ ਦੇ ਸਮਾਚਾਰ ਨੂੰ ਭੁਲ ਦੇ ਕਾਰਨ ਮਿਲਾ ਜੁਲਾ ਦਿੱਤਾ ਹੈ। ਹਕੀਕਤ ਵਿਚ ਕੋਹ ਨੂਰ ਤੇ ਮੁਗ਼ਲ ਦੋ ਵੱਖੋ-ਵੱਖ ਹੀਰੇ ਸਨ।[1]

---

1. ਅਹਿਮਦ ਸ਼ਾਹ ਅਬਦਾਲੀ ਦਾ ਪੋਤਾ।

WWW.SIKHBOOKCLUB.COM

## ਅੰਗਰੇਜ਼ੀ ਅਖ਼ਬਾਰਾਂ ਵਿਚ ਕੋਹ ਨੂਰ ਦੀ ਚਰਚਾ

4 ਮਈ ਨੂੰ ਲੋਕ-ਸਭਾ ਵਿਚ ਖੋਜ ਵਿਭਾਗ ਦੇ ਉਪ-ਮੰਤਰੀ ਸ੍ਰੀ ਮਾਲਵੀਆ ਜੀ ਨੇ ਬਿਆਨ ਦਿੱਤਾ ਸੀ ਕਿ ਭਾਰਤ ਸਰਕਾਰ ਬਰਤਾਨੀਆ ਸਰਕਾਰ ਨਾਲ ਅੰਗਰੇਜ਼ੀ ਰਾਜ ਵੇਲੇ ਭਾਰਤ ਵਿਚੋਂ ਬਾਹਰ ਲੈਜਾਏ ਗਏ ਬਹੁਮੁੱਲੇ ਖਜ਼ਾਨੇ ਤੇ ਦੁਰਲਭ ਚੀਜ਼ਾ ਦੀ ਵਾਪਸੀ ਬਾਰੇ ਇਤਿਹਾਸਕ ਨੁਕਤੇ ਤੋਂ ਗਲਬਾਤ ਕਰ ਰਹੀ ਹੈ। ਇਨ੍ਹਾਂ ਚੀਜ਼ਾਂ ਵਿਚ ਕੋਹ ਨੂਰ ਹੀਰਾ ਵੀ ਸ਼ਾਮਲ ਹੈ।

ਇਸ ਬਿਆਨ ਦੇ ਤੀਸਰੇ ਦਿਨ ਭਾਰਤ ਦੇ ਵਿਦਿਅਕ ਮੰਤਰੀ ਮੌਲਾਨਾ ਆਜ਼ਾਦ ਨੇ ਪ੍ਰੈਸ ਨੂੰ ਬਿਆਨ ਦਿੱਤਾ ਕਿ ਕ੍ਰਿਉਂਕਿ ਕੋਹ ਨੂਰ ਹੀਰਾ ਇਸ ਵੇਲੇ ਬਰਤਾਨੀਆ ਦੇ ਤਾਜ ਵਿਚ ਜੜਿਆ ਹੋਇਆ ਹੈ, ਇਸ ਨੂੰ ਵਾਪਸ ਮੰਗਣ ਬਾਰੇ ਸਰਕਾਰ ਨੇ ਕਦੇ ਵਿਚਾਰ ਹੀ ਨਹੀਂ ਕੀਤੀ।

ਅਖਬਾਰ 'ਡੇਲੀ ਐਕਸਪ੍ਰੈਸ' ਨੇ ਲਿਖਿਆ ਹੈ ਕਿ ਇਹ ਅਨਮੋਲ ਹੀਰਾ ਕਦੇ ਵੀ ਮਿ: ਨਹਿਰੂ ਦੇ ਹਿੰਦੁਸਤਾਨ ਦੀ ਮਲਕੀਅਤ ਨਹੀ ਸੀ। ਪਹਿਲਾ ਇਹ ਮੁਸਲਮਾਨ ਬਾਦਸ਼ਾਹਾਂ ਦੀ ਮਲਕੀਅਤ ਸੀ। ਇਕ ਸਦੀ ਪਹਿਲਾਂ, ਜਦ ਅੰਗਰੇਜ਼ ਨੇ ਪੰਜਾਬ ਫ਼ਤਹਿ ਕੀਤਾ, ਲਾਹੌਰ ਵਿਖੇ ਇਹ ਹੀਰਾ ਅੰਗਰੇਜ਼ਾਂ ਦੇ ਹਵਾਲੇ ਕੀਤਾ ਗਿਆ। ਪਰ ਲਾਹੌਰ ਪਾਕਿਸਤਾਨ ਵਿਚ ਹੈ। ਸੋ ਜੇ ਇਹ ਹੀਰਾ ਮਲਿਕਾ ਦੀ ਮਲਕੀਅਤ ਹੋਣ ਬਾਰੇ ਕੋਈ ਸ਼ਕ ਹੈ ਤਾਂ ਭਾਰਤ ਨਹੀਂ ਪਾਕਿਸਤਾਨ ਮੰਗ ਕਰ ਸਕਦਾ ਹੈ।

### 1. An Extract From London

**Much Ado About 'Koh-i-noor'**

Foolish writers may fume, but there is going to be no row between India and Britain over the Koh-i-noor. If ever India lodges a claim for the diamond, there is little doubt that it will be discussed at the highest level and the matter settled to the satisfaction of everyone. Britain, of course, cannot be expected to be happy at the demand that she should return the Koh-i-noor to India. But she will find it difficult to challenge the legitimacy of India's desire to get back the jewels, art treasures and antiques of historic importance which were removed during the years of her subjection. And statesmanship is bound to recognise that friendship between India and Britain is of greater importance than the largest and most sparkling of diamonds. That is why both The Times and The Manchester Guardian refrained from comment on the New Delhi report that India was contemplating asking for the 106 carat diamond, now part of the British Crown Jewels. But there is not shortage of fools who rush in where the wise fear to tread. For instance, The Daily Express complained that Nehru was asking for something to which he was not entitled. "He will not get away with an important part of the British Crown Jewels," said the journal. A writer in The Daily Herald developed a headache that if India wanted the Koh-i-noor back, Greece may ask for the Elgin Marbles and

Egypt for Cleopatra's Needle. The Daily Mirror opined that the Indian Government did not seem to have any claim for the Diamond, said the journal : "It is a relic from the Great Moghul Tartar Empire. Its various changes of ownership have been associated with slaughter, tortures, trickery and the overthrow of thrones." However, the journal recognised that Indians felt about the diamond as some Scots feel about the coronation Stone and said : "Were the queen to offer the Koh-i-noor to india and were the Indian Government to invite her to wear it as a symbol of india's friendship, the problem would be resolved gracefully on both sides." Perhaps, this would not be a bad solution. Not long ago Britain returned the Buddhist relics to India. She may be persuaded not to resist the Indian demand for the return of the Koh-i-noor if it were made. There are today even bigger and better diamonds. The Koh-i-noor is not worth a quarrel. There are people in this country, however, who would not be unhappy if Pakistan also laid claim to the Koh-i-noor. In fact. The Daily Express had already lodged claim on behalf of Pakistan. The journal says that "if there is any doubt about the Queen's right to retain the diamond, it should be to Pakistan and not to India that the Queen should return it." From a battle of claims only outsiders can benefit.

*The Tribune*, Tuesday, May 19, 1953

## 2. Journey of Koh-i-noor

A few days ago, the British paper Daily Express commenting on K.D. Malviya's recent statement of India's claim to the Koh-i-Noor gave a surprisingly ignorant reply. Calling it a 'false claim' the paper said. "This magnificant jewel never belonged to Nehru's part of India. One, it belonged to the Muslim rulers of India. Later it was handed over to the British when they conquered Lahore but Lahore is in Pakistan. So if there was any doubt at all about the Queen's right to retain the diamond, it would certainly be to Pakistan and not to India that she would return it."

The stand taken by the Daily Express amazes one completely. Who was it in Lahore that gave the Koh-i-noor to the British and under what circumstances? How did it reach the Lahore Treasury? Who owned it in Lahore? What price did this owner pay to obtain the Koh-i-noor? Under what duress did the owner have to part with it to the British? All this The Daily Express ignores most glibly. Yet it is the answers to these questions that explain how the Koh-i-noor first reached Lahore and then finally left on its last journey. Last journey it is because Maulana Azad's statement denying that India wished to claim this fateful stone back, makes it certain that the Koh-i-noor will lie for ever amongst the crown jewels and in the Tower of London.

Although it makes fascinating reading yet the earlier history of the sojourns of the Koh-i-noor is irrelevant to this article. We shall start with the year 1738 when Nadir Shah sacked Delhi and entering the palace of Mohammad Shah, the defeated ruler, he saw the Koh-i-noor in the latter's pagree. "Koh-i-noor", a mountain of light, shouted the uncouth Nadir and promptly appropriated the stone. The Indian Stone was thus christened by a Persian invader. All these centuries it had lain unnamed.

Well, the stone followed its destiny and left india for Khorasan alongwith the rest of nadir's loot. And then came quick changes. Even Nadir fell and Ahmad Shah Durrani, his erstwhile Governor and lord of Treasury, established the Durrani Dynasty.' The stone and the throne descended fast from one Durrani to the next till Shah Shujah, the last Durrani possessor of the diamond, was exiled, Hidden in his (or his Begum's) bosom, the Koh-i-noor re-entered its mother-land in 1813 (after eighty years of wanderings).

Deprived of his throne, hunted by his rivals, Shah Shujah had sought asylum in India. His idea was to seek whatever aid was possible here to regain the kabul Throne. He left his family at Lahore and himself sought refuge with Atta Mohammed of Kashmir.

Meanwhile, at kabul the Wazarat had passed into the Barakzai family. Sardar Fateh Khan, the Wazir, immediately got men ready to cross the oft-crossed north-West Frontier and to bring the outposts of Kashmir and Attock back to Kabul power, as well as to watch the movements of Shah Shujah who was still an active 'pretender' to the throne of Kabul.

And now the story moves fast. When Wazir Fateh Khan reached India, he realised that no invasion of Kashmir was possible without the punjab Ruler's aid. A request was made. The Maharaja's compliance was quick and whole-hearted; for he had his plans of conquest too.

The news of the joint invasion spread through the City of Lahore and reached Wafa Begum, Shah Shujah's wife. She was alarmed for the safety of her husband who was still in Kashmir. She knew the wrath and cruelty of the Barakzais. Perhaps it caused her a conflict but she decided to offer the much-coveted Koh-i-noor to Maharaja Ranjit Singh if her husband was rescued alive from Kashmir. Much delighted, the Maharaja called Dewan Mohkam Chand, who was to conduct operations in Kashmir on his behalf, and revealed to him his bargain with Wafa Begum.

In the confusion that followed the defeat and subsequent flight of Atta Mohammad from Kashmir, Mohkam Chand was able to reach Shah Shujah in the Shergarh Fort and deliver his wife's message to return to her safely. We have Shah Shujah's autobiography for the authenticity of the details given above as well as what is to follow.

Once in his seraglio, Shah Shujah went back on his wife's promise saying she had no right to promise away the diamond. Thereupon the Maharaja tightened guard and ration and after a period the Shah agreed to part with the Koh-i-noor.

Ranjit Singh arrived in person to accept the stone. Struck by its size and weight he asked Shah Shujah. "What do you estimate its value?" "A Luck", said the grieved Shah.

A short ceremony followed this. The Maharaja and Shah exchanged turbans as brothers and allies. An agreement was written out in a saffron–stained paper and swearing by the scriptures, the Maharaja promised to amply compensate the Shah.

It was thus that Ranjit Singh, the Ruler of lahore acquired the Koh-i-noor. It was a part of a legitimate contract made with Wafa bugum. He had risked men and officers in the Kashmir campaign to keep this word and he had gained the stone.

Acquired in 1813, however, the Sikhs lost the diamond in 1849 when the British occupied Lahore. Ranjit Singh of course had died and Dalip Singh, the youngest son of Sher-i-Punjab, had to part with the stone. It was given to the Board of Administration and entrusted to the personal care of lord Dalhousie who later gave it to Queen Victoria. This was the fate of the stone from the vanquished to the victor always from the rulers of Malwa to Ala-ud-Din, from the defeated Rani of Gwalior to Humayun, from Mohammad Shah to Nadir Shah and lastly from Dalip Singh to the Victor of the Punjab, lord Dalhousie.

It was not Lahore, an inanimate object, that gave the Koh-i-noor to the British, but the young, helpless ruler of the Punjab who had to part with it.

SIKHBOOKCLUB.COM